ੴ ਸਤਿਗੁਰ ਪ੍ਰਸਾਦਿ॥

# ਰਾਣੀ ਰਾਜ ਕੌਰ

ਦਾ

ਆਪਣੇ ਪ੍ਰਾਣ ਪ੍ਰਿਯ

# ਰਾਣਾ ਸੂਰਤ ਸਿੰਘ

ਦੇ

## ਵਿਛੜੇ ਵਿਚ ਬਿਰਹਾ ਤੇ ਸਤਿਸੰਗ ਪ੍ਰਾਪਤੀ

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ–110 001


www.sikhbookclub.com

## ਛਪਾਈ ਦਾ ਵੇਰਵਾ

| | | | |
|---|---|---|---|
| ਪਹਿਲੀ | ਵਾਰ | ਅਪ੍ਰੈਲ, | 1905 |
| ਦੂਜੀ | ਵਾਰ | ਫਰਵਰੀ, | 1919 |
| ਤੀਜੀ | ਵਾਰ | ਜਨਵਰੀ, | 1928 |
| ਚਉਥੀ | ਵਾਰ | ਮਈ, | 1937 |
| ਪੰਜਵੀਂ | ਵਾਰ | ਸਤੰਬਰ, | 1951 |
| ਛੇਵੀਂ | ਵਾਰ | ਅਪ੍ਰੈਲ, | 1958 |
| ਸਤਵੀਂ | ਵਾਰ | ਮਾਰਚ, | 1967 |
| ਅੱਠਵੀਂ | ਵਾਰ | ਅਗਸਤ, | 1973 |
| ਨੌਵੀਂ | ਵਾਰ | ਮਈ, | 1980 |
| ਦਸਵੀਂ | ਵਾਰ | ਜੁਲਾਈ, | 1987 |
| ਗਿਆਰਵੀਂ | ਵਾਰ | ਦਸੰਬਰ, | 1992 |
| ਬਾਰ੍ਹਵੀਂ | ਵਾਰ | ਦਸੰਬਰ, | 2003 |
| ਤੇਰ੍ਹਵੀਂ | ਵਾਰ | ਅਗਸਤ, | 2010 |

Rana Surat Singh
Bhai Vir Singh

ISBN : 978-93-80854-45-8
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
13ਵੀਂ ਛਾਪ : ਅਗਸਤ, 2010

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

***Printer***
Focus Impressions
New Delhi-110 003
Email : focusimpressions@gmail.com

ਮੁੱਲ : 200/- ਰੁਪਏ

 www.sikhbookclub.com

## ਛਪਾਈ ਦਾ ਵੇਰਵਾ

| | | | | | |
|---|---|---|---|---|---|
| ਪਹਿਲੀ ਵਾਰ | (ਟ੍ਰੈਕਟਾਂ ਦੇ ਰੂਪ ਵਿਚ) | ਵੈਸਾਖ ਸੰ: ਗੁ: ਨਾ: ਸਾ: | ੪੩੬ | ਅਪ੍ਰੈਲ ੧੯੦੫ | ਈ |
| ਦੂਜੀ ਵਾਰ | (ਪੁਸਤਕ ਦੇ ਆਕਾਰ ਵਿਚ) | ਫਗਣ " | ੪੫੦ | ਫਰਵਰੀ ੧੯੧੯ | " |
| ਤੀਜੀ ਵਾਰ | ( " " ) | ਪੋਹ " | ੪੫੯ | ਜਨਵਰੀ ੧੯੨੮ | " |
| ਚੌਥੀ ਵਾਰ | ( " " ) | ਜੇਠ " | ੪੬੮ | ਮਈ ੧੯੩੭ | " |
| ਪੰਜਵੀਂ ਵਾਰ | ( " " ) | ਭਾਦਰੋਂ " | ੪੮੨ | ਸਤੰਬਰ, ੧੯੫੧ | " |
| ਛੇਵੀਂ ਵਾਰ | ( " " ) | ਚੇਤਰ " | ੪੮੯ | ਅਪੈਲ, ੧੯੫੮ | " |
| ਸਤਵੀਂ ਵਾਰ | ( " " ) | ਚੇਤਰ " | ੪੯੮ | ਮਾਰਚ, ੧੯੬੭ | " |
| ਅਠਵੀ ਵਾਰ | ( " " ) | ਸਾਵਨ " | ੫੦੪ | ਅਗਸਤ, ੧੯੭੩ | " |
| ਨੌਂਵੀ ਵਾਰ | ( " " ) | ਜੇਠ " | ੫੧੧ | ਮਈ, ੧੯੮੦ | " |
| ਦਸਵੀਂ ਵਾਰ | ( " " ) | ਹਾੜ " | ੫੧੮ | ਜੁਲਾਈ, ੧੯੮੭ | " |
| ਯਾਰਵੀਂ ਵਾਰ | ( " " ) | ਮਾਘ " | ੫੨੪ | ਦਸੰਬਰ, ੧੯੯੨ | " |
| ਬ੍ਹਾਰਵੀਂ ਵਾਰ | ( " " ) | ਪੋਹ " | ੫੩੪ | ਦਸੰਬਰ, ੨੦੦੩ | " |

Copy Rights Reserved by Bhai Vir Singh Sahitya Sadan, New Delhi

## ਤਸਵੀਰਾਂ ਦਾ ਵੇਰਵਾ


| | | |
|---|---|---|
| ੧. | ਰਾਣੀ ਰਾਜ ਕੌਰ ਰਾਜਸੀ ਲਿਬਾਸ ਵਿਚ | ਸਿਰੇ ਦੀ ਮੂਰਤ। |
| ੨. | ਰਾਣੀ ਰਾਜ ਕੌਰ ਸਮਾਧ ਵਲ | ੧ ਪੰਨੇ ਦੇ ਸਾਮ੍ਹਣੇ |
| ੩. | ਰਾਣਾ ਸੂਰਤ ਸਿੰਘ ਦੇ ਬੁੱਤ ਦਾ ਅਕਸ | ੭ " " |
| ੪. | ਰਾਣੀ ਰਾਜ ਕੌਰ ਦੀ ਉਡਾਰੀ | ੨੩ " " |
| ੫. | ਪਰੀ ਮਹਲ ਵਲ ਚੜ੍ਹਾਈ | ੫੪ " " |
| ੬. | ਪਰੀ ਮਹਲ ਵਿਚ ਪਰੀ ਨਾਲ ਮੇਲ | ੬੩ " " |
| ੭. | ਮਾਤਾ ਦਾ ਰਾਣੀ ਰਾਜ ਕੌਰ ਨਾਲ ਮਿਲਾਪ | ੧੦੬ " " |
| ੮. | ਰਾਣੀ ਰਾਜ ਕੌਰ ਦਾ ਦਰਬਾਰ | ੧੧੨ " " |
| ੯. | ਰਾਣੀ ਰਾਜ ਕੌਰ ਦਾ ਅਨੰਤ ਵਿਚ ਪ੍ਰਵੇਸ਼ | ੨੩੩ " " |


{ਇਨ੍ਹਾਂ ਸਾਰੇ ਚਿੱਤ੍ਰਾਂ ਦੇ ਕੁੱਲ ਹਕੂਕ ਰਾਖਵੇਂ ਹਨ।}



 www.sikhbookclub.com

# ਉਥਾਨਕਾ

ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ ॥
ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ ॥ (ਚਉਬੋਲੇ)

ਇਸ ਦਿੱਸਦੇ ਵੱਸਦੇ ਸੰਸਾਰ ਵਿਚ ਪ੍ਰੇਮ ਇਕ ਅਜਿਹੀ ਝਰਨਾਟ ਹੈ, ਜੋ ਕਿਸੇ ਅਣਦਿੱਸਦੇ ਨਕਸ਼ੇ ਦੀਆਂ ਖੋਹਾਂ ਪਾਉਂਦੀ ਹੈ। ਇਹ ਕੋਈ ਅਜਿਹੀ ਖਿੱਚ ਹੈ, ਜੋ ਸਾਰੇ ਦਿੱਸਦੇ ਤੋਂ ਉੱਪਰ ਕਿਸੇ ਐਸੀ ਅਲੌਕਿਕਤਾ ਵੱਲ ਲੈ ਜਾਂਦੀ ਹੈ, ਜਿਸਦਾ ਕਿ ਇਹ ਅਕਸ ਜਾਪਦਾ ਹੈ; ਇਹ ਕੋਈ ਐਸੀ ਰਸਾਇਨ, ਕੋਈ ਐਸੀ ਕਾਯਾਂ-ਪਲਟ ਬਿਜਲੀ-ਸ਼ਕਤੀ ਹੈ ਕਿ ਰੂਪ ਤੋਂ ਅਰੂਪ ਤੇ ਅਰੂਪ ਤੋਂ ਰੂਪ ਨਕਸ਼ੇ ਪਲਟਣੇ ਇਸ ਦੇ ਸੁਭਾਵਕ ਚਮਤਕਾਰੇ ਹਨ। ਅਸਲ ਵਿਚ ਸਾਰੇ ਪਸਾਰੇ ਦੀ ਇਹ ਕੁੰਜੀ ਹੈ ਜੋ ਦਿੱਸਦੇ ਦੇ ਮਗਰ ਬੈਠੀ ਵਯਾਪਕ ਤੇ ਸਤਯਸਰੂਪ ਹਸਤੀ ਦਾ ਪਤਾ ਦੇਂਦੀ ਤੇ ਉਸ ਤੱਕ ਲੈ ਜਾਂਦੀ ਹੈ।

'ਅਣਦਿੱਸਦੇ ਵਿਚ ਵਸਦੇ ਵਯਾਪਕ ਸਰੂਪ' ਦਾ ਝਲਕਾ ਇਸ ਦਿੱਸਦੇ ਵਿਚ ਪੈਂਦਾ ਹੈ, ਉਸਦੇ ਪ੍ਰੇਮ ਸਰੂਪ ਦਾ ਅਕਸ ਦਿਲਾਂ ਤੇ ਮੂਰਤੀਮਾਨ ਹੁੰਦਾ ਹੈ ਤੇ ਇਉਂ ਦਿਲਾਂ ਵਿਚ ਪਯਾਰ ਦਾ ਮਾਦਾ ਹੈ । ਇਹੋ ਉਛਾਲੇ ਪਾਉਂਦਾ ਹੈ ਅਪਣੇ ਕਾਰਣ ਸਤਿਸਰੂਪ ਅਕਾਲ ਵੱਲ, ਪਰ ਪ੍ਰੇਮ ਦਾ ਉਛਾਲਾ ਦਿੱਸਦੇ ਸੰਸਾਰ ਵਿਚ ਬੀ ਪਰਸਪਰ ਉਛਾਲੇ ਪਾਉਂਦਾ ਹੈ। ਇਉਂ ਉਹ ਕਈ ਰੂਪ ਲੈਂਦਾ ਹੈ । ਜਿੰਨਾਂ ਉਹ ਬੇਗ਼ਰਜ਼ ਹੁੰਦਾ ਹੈ, ਉੱਨਾਂ ਉਹ ਉੱਚਾ ਹੁੰਦਾ ਹੈ । ਏਸ ਪਯਾਰ ਦਾ ਇਕ ਹੋਰ ਰੰਗ ਹੈ । ਦਿਲ ਪਯਾਰ ਨਾਲ ਉੱਛਲਦੇ ਹਨ, ਪਰ ਦਿਲਾਂ ਦਾ ਮਿਲਨਾ ਦਿਲਾਂ ਦੇ ਮਹਿਰਮ ਤੇ ਮਾਲਕ ਦਾ ਕ੍ਰਿਸ਼ਮਾ ਹੈ । ਦਿਲ ਨਹੀਂ ਜਾਣਦੇ ਕਿਸ ਦਿਲ ਨਾਲ ਮਿਲਣਾ ਹੈ, ਪਰ ਮਹਿਰਮ, ਮਾਲਕ ਦਿਲਾਂ ਦਾ ਜਾਣਦਾ ਹੈ ਕਿ ਕਿਹੜੇ ਦਿਲ ਮੇਲ ਖਾਣਗੇ, ਸੋ ਉਹ ਦਿਲਾਂ ਨੂੰ ਮੇਲਦਾ ਹੈ । ਅੱਖਾਂ ਚਾਰ ਹੁੰਦਿਆਂ ਕਿ ਨਾਮ ਸੁਣਦਿਆਂ, ਬਿਨਾਂ ਕਿਸੇ ਕਾਰਨ ਦੇ ਧੂਹ ਪੈਂਦੀ ਤੇ ਦਾਮਨਿਕ ਰੌ ਵੱਜਦੀ ਹੈ ਕਿ ਸਾਧਾਰਨ ਹਿਤ ਤੋਂ ਵਧਕੇ ਦੋਂਹੁ ਨੂੰ ਪਿਆਰ ਵਿਚ ਪ੍ਰੋ ਜਾਂਦੀ ਹੈ।

ਲੰਘ ਗਈ ਸਦੀ ਵਿਚ ਇਸ ਪਯਾਰ-ਪ੍ਰੇਮ ਦਾ ਇਕ ਅੱਖ-ਚੁੰਧਯਾਊ ਲਿਸ਼ਕਾਰਾ ਇਕ ਰਾਜ ਰਾਣੀ ਦੇ ਜੀਵਨ ਵਿਚ ਚਮਕਾਰਾ ਮਾਰ ਗਿਆ ਹੈ। ਇਸ ਰਾਜ ਰਾਣੀ ਦਾ ਅਪਣੇ ਪ੍ਰਾਣ-ਪ੍ਰਿਯ ਪਤੀ ਨਾਲ ਜੋ ਪਯਾਰ ਸੀ, ਉਸ ਦਾ ਅਗਲੇ ਪੱਤ੍ਰਿਆਂ ਤੇ ਕੁਛ ਹਾਲ ਵਰਣਨ ਕੀਤਾ ਹੈ । ਇਸ ਦੇ ਪ੍ਰਾਣ ਪ੍ਰਿਯ ਰਾਣਾ ਸੂਰਤ ਸਿੰਘ ਨੂੰ ਬੀ ਰਾਣੀ ਨਾਲ ਹਿਤ ਸੀ, ਪਰ ਉਸ ਦੇ ਗਯਾਨਵਾਨ ਅਰ ਗੁਰੂ ਪਰਮੇਸੁਰ ਦੀ ਯਾਦ ਨਾਲ ਪ੍ਰੋਤੇ ਹੋਏ ਹ੍ਰਿਦੇ ਦਾ ਪ੍ਰੇਮ ਸ਼ੀਸ਼ੇ ਵਾਂਙ ਪਾਰਦਰਸ਼ਕ ਅਰ ਪ੍ਰਕਾਸ਼ਵਾਨ ਸੀ; ਵਹਿਣ ਯਾ ਰੋੜ੍ਹ ਵਾਲੀ ਭਾਂਤ ਦਾ ਮੋਹ, ਹੁੱਬ ਕਿ ਪਯਾਰ ਨਹੀਂ ਸੀ । ਸਗੋਂ ਟਿਕਾਉ ਤੇ ਸੁੱਛਤਾ ਭਰਿਆ ਗੁਰਮੁਖਾਂ ਵਾਲਾ ਪ੍ਰੇਮ ਸੀ । ਉਹ ਅਪਣੀ ਪਯਾਰੀ ਨੂੰ ਬੀ ਪਰਮੇਸ਼ੁਰ ਦੇ ਪ੍ਰੇਮ ਨਾਲ ਪ੍ਰੋਣਾ ਚਾਹੁੰਦਾ ਸੀ, ਪਰ ਰਾਣੀ ਦੇ ਉਸ ਨਾਲ ਉਮਡੇ ਹੋਏ ਪਯਾਰ ਵਿਚ ਥਾਂਉਂ ਨਹੀਂ ਸੀ ਮਿਲਦੀ ਕਿ ਜਿਥੋਂ ਉਹ ਉਸ ਵਿਚ ਇਸ ਰੰਗਣ ਦਾ ਟਿੱਪਣ ਕਰ ਸੱਕੇ । ਉਸ ਦਾ ਆਤਮਾ 'ਨਾਮ ਦਾਨ' ਅਰ 'ਜੀਅ ਦਾਨ' ਦੇਣ ਵਾਸਤੇ ਸਦਾ ਉੱਦਿਤ ਰਹਿੰਦਾ ਸੀ, ਪਰ ਰਾਣੀ ਦਾ ਤਿੱਖੇ ਵੇਗ ਵਾਲਾ ਪਯਾਰ ਦਾਤੇ ਦੇ ਦਾਨ ਨਾਲੋਂ ਦਾਤੇ ਵੱਲ ਵਧੀਕ ਰੁਖ਼ ਰੱਖਦਾ ਸੀ ਅਰ ਇਸੇ ਕਰਕੇ ਦਾਤੇ ਦੇ ਸਰੀਰ ਦਾ ਪਿਆਰ ਦਾਤੇ ਦੀ ਉੱਚ ਦਾਤ ਨਾਲੋਂ ਵਧੀਕ ਮਿੱਠਾ ਲਗਦਾ ਸੀ । ਸੱਚ ਤਾਂ ਇਹ ਹੈ ਕਿ ਦਾਤ ਤੋਂ ਬੇਲੋੜ ਭਿਖਾਰੀ ਨੂੰ ਦਾਤੇ ਦੇ ਦੇਹ ਆਤਮਾਂ ਨੂੰ ਵਿੱਤ੍ਰੇਕ ਕਰਨ ਦੀ ਵਿਹਲ ਹੀ ਕਿੱਥੇ ਹੋ ਸਕਦੀ ਸੀ, ਉਸ ਨੂੰ ਤਾਂ ਜੋ ਦਿੱਸਦਾ ਸੀ ਉਹ ਸੰਪੂਰਨ ਦਿੱਸਦਾ ਸੀ । ਇਸ ਦਾ ਇਹ ਭਾਵ ਨਹੀਂ ਕਿ ਉਹ ਪਰਮਾਰਥ ਤੋਂ ਉੱਕੀ ਹੀ ਖੁੰਨੀ ਸੀ; ਉਹ ਸਿੱਖ ਰਾਣੇ ਦੀ ਕੰਨਯਾਂ, ਸਿੱਖ ਮਾਤਾ ਦੀ ਦੁਲਾਰੀ, ਸਿਖ ਸੰਗਤ ਵਿਚ ਪਲੀ,

ਅੰਮ੍ਰਿਤਧਾਰੀ ਸਿੱਖ ਪਤੀ ਦੀ ਨਾਰ, ਸਿੱਖ ਧਰਮ ਦੇ ਸਬ ਗੁਣਾਂ ਨੂੰ ਜਾਣਨ ਵਾਲੀ ਸੀ। ਨਿੱਤਨੇਮ, ਨਾਮ, ਦਾਨ, ਇਸ਼ਨਾਨ ਵਿਚ ਸਿੱਖੀ ਨੂੰ ਨਿਬਾਹੁੰਦੀ ਸੀ; ਸਦਾਚਾਰ ਤੇ ਧਰਮ ਭਾਵ ਦੀ ਪੁਤਲੀ ਸੀ, ਪਰ ਪਤੀ-ਪਜਾਰ ਦੀ ਕਾਂਗ ਵਿੱਚ ਉਹ ਪਤੀ ਵਿਚ ਗੁਰਮੁਖ ਦੀ ਜਾਣੂ ਨਹੀਂ ਸੀ । ਪਜਾਰ ਦੇ ਰੌ ਵਿਚ ਸਭ ਗੁਣਾਂ ਵਾਲੀ ਸੀ, ਪਰ ਗੁਣ ਅਪਣਾ ਵਖਰਾ ਸਾਫ ਪ੍ਰਭਾਵ ਦਿਖਾ ਨਹੀਂ ਸਨ ਸਕਦੇ; ਜਿੱਕੁਰ ਚੰਦ੍ਰਮਾਂ ਦੇ ਪ੍ਰਕਾਸ਼ ਵਿਚ ਤਾਰੇ ਦਿਸਦੇ ਤਾਂ ਰਹਿੰਦੇ ਹਨ ਪਰ ਉਸ ਦੀ ਚਾਂਦਨੀ ਦੀ ਬਹੁੱਲਤਾ ਵਿਚ ਆਪਣੇ ਚਾਨਣੇ ਦਾ ਕੋਈ ਵੱਖਰਾ ਸਰੂਪ ਨਹੀਂ ਦਿਖਾ ਸਕਦੇ, ਅਰਥਾਤ ਏਹ ਗੁਣ ਉਸ ਵਿਚ ਤਿਲਕਵੇਂ ਨਹੀਂ ਸੇ, ਸਗੋਂ ਆਪਣੇ ਟਿਕਾਣੇ ਖੜੇ ਪਜਾਰ ਦੇ ਹਿਲੋਰਿਆਂ ਦੀ ਥੂੱਰਾਟ ਵਿਚ ਨਾਲ ਹੀ ਮਿਲੇ ਰਹਿੰਦੇ ਸੇ ।

ਰਾਣਾ ਸੂਰਤ ਸਿੰਘ ਜੀ ਅੰਤ ਨੂੰ ਕਿਸੇ ਜੁਗਤ ਨਾਲ ਕੁਝ ਕਾਮਯਾਬ ਹੋਏ । ਘਰ ਵਾਲੀ ਨੂੰ ਪਾਰਲੌਕਿਕ ਰਸ ਤੇ ਨਕਸ਼ ਦਾ ਹਾਲ ਕੁਛ ਕੁ ਸੁਝਾਇਆ । ਉਸ ਨੇ ਜਦ ਇਨ੍ਹਾਂ ਗੱਲਾਂ ਦੇ ਕੁਛ ਵੇਰਵੇ ਸੁਣੇ ਤਾਂ ਡਿੱਠਾ ਕਿ ਆਤਮ ਵਸਤੂ ਇਕ ਅਸਚਰਜ ਸੱਤਜਤਾ ਹੈ, ਪਰ ਏਹ ਅਪਣਾ ਕੁਛ ਪੂਰਾ ਪ੍ਰਭਾਵ ਨਾ ਪਾ ਸਕੇ, ਸਗੋਂ ਦਾਤੇ ਦਾ ਸਤਿਕਾਰ, ਦਾਤੇ ਦਾ ਪਜਾਰ, ਦਾਤੇ ਦੀ ਖਿੱਚ ਹੋਰ ਵਧ ਗਈ; ਪਤੀ ਹੋਰ ਵਧੀਕ ਕਦਰ ਯੋਗ ਤੇ ਪਜਾਰਾ ਹੋ ਭਾਸਿਆ । ਰਾਣੇ ਦਾ ਇਹ ਯਤਨ ਕਿ ਨਿਰੇ ਮੇਰੇ ਨਾਲ ਅਤੁੱਟ ਪ੍ਰੇਮ ਦੀ ਥਾਂ ਰਾਣੀ ਨੂੰ ਵਾਹਿਗੁਰੂ ਸਰੂਪ ਵਿਚ ਟਿਕਾਉ ਤੇ ਲੀਨਤਾ ਮਿਲ ਜਾਵੇ, ਕੁਝ ਹੋਰ ਰੰਗ ਵਿਚ ਪਲਟ ਗਿਆ। ਆਸਤਕ ਭਾਵ ਵਿਚ ਅਰ ਵਿਸ਼ਵਾਸ਼ ਵਿਚ ਤਾਂ ਰਾਣੀ ਹੋਰ ਵਧ ਗਈ ਅਰ ਏਹ ਭਾਵ ਆਤਮਾ ਵਿਚ ਹੋਰ ਡੂੰਘੇ ਸਿੰਜਰ ਗਏ, ਪਰ ਨਾਲ ਹੀ ਪਤੀ ਨਾਲ ਖਿੱਚ ਐਨੀਂ ਵਧੀ ਕਿ ਜਿਸ ਦੀ ਨਜ਼ੀਰ ਨਾਸ਼ਮਾਨ ਮਨੁੱਖ ਸ਼੍ਰੇਣੀ ਵਿਚ ਮਿਲਣੀ ਕਠਨ ਹੈ ।ਰਾਣੇ ਦੀ ਕੋਸ਼ਸ਼ ਜ਼ਰੂਰ ਸਿਰੇ ਚੜ੍ਹਦੀ ਅਰ ਉਹ ਆਪਣੀ ਰਾਣੀ ਨੂੰ ਅਪਣੇ ਵਰਗਾ ਆਤਮ ਅਵਸਥਾ ਅਰੂੜ੍ਹ, ਭਗਤ ਬਣਾ ਲੈਂਦਾ, ਪਰ ਕਾਦਰ ਦੀ ਰਜ਼ਾ ਨੇ ਪੰਥ ਵਲੋਂ ਸੱਦਾ ਪਰਮੇਸ਼ੁਰ ਦਾ ਭਿਜਵਾ ਦਿੱਤਾ ਕਿ ਧਰਮ ਜੁੱਧ ਵਿਚ ਆਕੇ ਹਿੱਸਾ ਲਵੇ, ਜੋ ਰਾਣੇ ਜੀ ਦਾ ਪੰਥਕ ਪ੍ਰੇਮੀ ਮਨ, ਖ਼ਲਕ ਵਿਚ ਖ਼ਾਲਕ ਦੇ ਸਦਾ ਹਾਜ਼ਰ ਨਾਜ਼ਰ ਰਹਿਣ ਦਾ ਨਜ਼ਾਰਾ ਕਰਨ ਵਾਲਾ ਹ੍ਰਿਦਾ ਅਰ ਰਜ਼ਾ ਦੀ ਅਵਸਥਾ ਵਿਚ ਸਦਾ ਅਰੂੜ੍ਹ ਚਿੱਤ ਪਰਵਾਨ ਕਰਕੇ ਤੁਰ ਪਿਆ । ਉੱਥੇ ਰਜ਼ਾ ਦੀ ਮੌਜ ਨੇ ਉਸ ਦੇ ਪਰਮ ਪਵਿੱਤ੍ਰ ਸਰੀਰ ਨੂੰ ਪਰਮੇਸੁਰ; ਗੁਰੂ, ਪੰਥ ਅਰ ਦੇਸ਼ ਦੀ ਸੇਵਾ ਵਿਚ ਸਫਲ ਕਰ ਲਿਆ ਅਰ ਇਹ ਬੀਰ ਰਸੀ ਵਾਸ਼ਨਾ ਸੰਪੂਰਨ ਹੋ ਗਈ:-

ਜਬ ਆਯੁ ਕੀ ਔਧ ਨਿਦਾਨ ਬਨੈ ਅਤਿ ਹੀ ਰਣ ਮੈ ਤਬ ਜੂਝ ਮਰੋਂ ॥

ਰਾਣੀ ਵਾਸਤੇ ਇਹ ਖ਼ਬਰ ਕੋਈ ਮਾਮੂਲੀ ਬਾਤ ਨਹੀਂ ਹੋ ਸਕਦੀ ਸੀ; ਉਸ ਦੇ ਪਜਾਰ ਸਰੂਪ ਦਿਲ ਨੇ-ਜੋ ਵਿਛੋੜੇ ਦੇ ਦਿਨਾਂ ਵਿਚ ਸਾਰੀ ਸਾਰੀ ਰਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥੇ ਰੱਖੇ ਇਕ ਚਿੱਤ ਪ੍ਰਾਰਥਨਾ ਵਿਚ ਬਿਤਾਉਂਦੀ ਸੀ, ਕਿ ਮੇਰਾ ਪਤੀ ਜੰਗ ਜਿੱਤਕੇ ਬਿਜੈ ਦਾ ਡੰਕਾ ਵਜਾਉਂਦਾ ਵਾਪਸ ਆਵੇ-ਇਸ ਬਿਜਲੀ ਵਰਗੀ ਸੱਟ ਨੂੰ ਮੂਲ ਨਾ ਸਹਾਰਿਆ ਅਰ ਘੜੀਆਂ ਸਾਸਾਂ ਤੱਕ ਨੌਬਤ ਪਹੁੰਚੀ। ਤਿੰਨ ਦਿਨ ਤਾਂ ਸੱਥਰ ਹੀ ਲੱਥੀ ਪਈ ਰਹੀ, ਪਰ ਕੁਦਰਤ ਬੇਅੰਤ ਹੈ, ਸਰੀਰ ਨਾ ਬਿਨਸਿਆ ਤੇ ਉਹ ਵੱਲ ਹੋ ਗਈ ।

ਪਤੀ ਦੀ ਸ਼ਹਾਦਤ ਨੇ ਰਾਜ ਸਿੰਘਾਸਨ ਬੀ ਸੱਖਣਾ ਕਰ ਦਿੱਤਾ ਸੀ । ਸਿੰਘਾਸਨ ਰਾਜਰਾਣੀ ਦੇ ਪਿਤਾ ਦਾ ਸੀ । ਰਾਣਾ ਸੂਰਤ ਸਿੰਘ ਜੁਆਈ ਸੀ । ਜੁਆਈ ਨੂੰ ਵੱਡੇ ਰਾਣੇ ਨੇ ਰਾਜ ਆਪਣੀ ਹੱਥੀਂ ਦਿੱਤਾ ਸੀ, ਕਿਉਂਕਿ ਪੁੱਤ੍ਰ ਸੀ ਨਹੀ; ਸ਼ਰੀਕਾ ਸਾਰਾ ਨਿਰਵੰਸ਼ ਸੀ ਤੇ ਏਹ ਜੁਆਈ ਅਪਣੇ ਸੱਚੇ ਸਤਿਸੰਗੀ ਦਾ ਸਪੁੱਤ੍ਰ ਸੀ, ਜਿਸ ਨਾਲ ਦਿਲੀ ਸਨੇਹ ਤੇ ਸਤਿਕਾਰ ਭਾਵ ਡੂੰਘਾ ਸੀ । ਜੁਆਈ ਨਾਲ ਸਨੇਹ ਪੁੱਤ੍ਰਾਂ ਤੋਂ ਅਧਿਕ ਸੀ, ਸੋ ਧੀ ਦੇਕੇ ਰਾਜ ਬੀ ਦਿੱਤਾ । ਭਾਵੇਂ ਛੋਟੇ ਛੋਟੇ ਰਾਣੇ ਤੇ ਰਾਜੇ ਆਂਢੀ ਗੁਆਂਢੀ ਸੜਦੇ ਸਨ, ਪਰ ਬਾਬੇ ਬੰਦੇ ਦਾ ਹੋ ਚੁਕਾ ਪਹਾੜੀ ਦੌਰਾ ਤੇ ਹੁਣ ਸਿਖਾਂ ਦੇ ਮੈਦਾਨੀ ਜੰਗਾਂ ਤੇ ਕਾਮਯਾਬੀਆਂ ਨੇ ਸਹਿਮ ਬਿਠਾਇਆ ਹੋਇਆ ਸੀ ਕਿ ਸਿਖਾਂ ਦਾ ਟਾਕਰਾ ਕਠਨ ਹੈ; ਇਸ ਕਰਕੇ ਵੱਡੇ ਰਾਣੇ ਦੇ ਮਗਰੋਂ ਸੂਰਤ ਸਿੰਘ ਦੇ ਰਾਜਪੂਤ

ਨਾ ਹੋਣ ਤੇ ਬੀ ਅਰ ਜੁਆਈ ਹੋਕੇ ਰਾਜ ਪ੍ਰਾਪਤ ਕਰਨ ਪਰ ਬੀ ਕਿਸੇ ਨੇ ਝਗੜਾ ਨਾ ਕੀਤਾ। ਵਧੀਕ ਹੱਕਦਾਰ ਕੋਈ ਹੋਰ ਸੀ ਨਹੀਂ ਜੋ ਸੂਰਤ ਸਿੰਘ ਜੈਸੇ ਸਿਖ ਨੂੰ ਰਾਣਾ ਪਰਵਾਨ ਨਾ ਕਰਦੇ । ਹੁਣ ਰਾਣੇ ਦੇ ਚਲਾਣੇ ਨੇ ਰਾਜ ਗੱਦੀ ਬੀ ਸੁੰਞੀ ਕੀਤੀ; ਸਿਵਾ ਇਸ ਵਿਧਵਾ ਵਿਛੋੜੇ ਮਾਰੀ ਦੇ ਕੋਈ ਹੱਕਦਾਰ ਨਹੀਂ ਸੀ। ਸੋ ਬਿਰਹੋਂ ਕੁੱਠੀ ਨੂੰ ਰਾਜ ਕਾਜ ਦਾ ਜੰਜਾਲ ਬੀ ਗਲੇ ਪਿਆ । ਤਦ ਬੀ ਵਿਛੋੜੇ ਦੇ ਵਹਿਣਾਂ ਨੇ ਕੁਝ ਪ੍ਰਵਾਹ ਨਾ ਕੀਤੀ । ਰਾਣੀ ਨੇ ਪਤੀ ਦੇ ਦਾਹ ਹੋਏ ਸਰੀਰ ਦੀ ਬਿਭੂਤ ਮੰਗਵਾ ਕੇ ਇਕ ਨਿੱਕੀ ਜਿਹੀ ਪਹਾੜੀ ਉੱਤੇ ਛੋਟੀ ਜਿਹੀ ਨਦੀ (ਜਲ ਦੇ ਪ੍ਰਵਾਹ) ਦੇ ਕਿਨਾਰੇ ਸੁੰਦਰ ਚਿੱਟੇ ਪੱਥਰ ਨਾਲ ਸਮਾਧ ਬਣਵਾਈ । ਮਾਤਾ ਆਦਿ ਰੋਕਦੇ ਰਹੇ, ਪਰ ਇਕ ਨਾ ਮੰਨੀ। ਫੇਰ ਆਗਰੇ ਤੋਂ ਚਿਤੇਰੇ ਅਰ ਪੱਥਰ ਘਾੜੇ ਮੰਗਵਾ ਕੇ ਰਾਣੇ ਦੇ ਕੱਦ ਦਾ ਇਕ ਚਿੱਟਾ ਬੁੱਤ ਬਣਵਾਯਾ ਤੇ ਇਕ ਸੁੰਦਰ ਮੰਦਰ ਬਣਾਕੇ ਉੱਥੇ ਖੜਾ ਕੀਤਾ । ਇਸ ਪ੍ਰਕਾਰ ਦੇ ਕਰਤਬ ਅਪਣੇ ਅਟੁੱਟ ਪ੍ਰੇਮ ਦੇ ਅਧੀਨ ਹੋਕੇ ਕਰਦੀ ਅਰ ਕਿਸੇ ਵੇਲੇ ਵਹਿਣ ਵਿਚੋਂ ਨਾ ਨਿਕਲਦੀ । ਰਾਜ ਦਾ ਕੰਮ ਮਾਤਾ ਦੀ ਅਕਲ ਨੂੰ, ਅਹਿਲਕਾਰਾਂ ਦੇ ਧਰਮ ਨੂੰ ਤੇ ਇਸ ਡਰ ਨੂੰ ਕਿ ਸਿਖ ਬਲੀ ਹਨ, ਨਿਭਦਾ ਗਿਆ। ।ਅਨੇਕ ਉਪਾਵ ਸੁਧਾਰ ਦੇ ਹੋਏ, ਪਰ ਨਿਸਫਲ ਗਏ । ਅੰਤ ਰਾਣੀ ਸਤਿਸੰਗ ਨੂੰ ਪ੍ਰਾਪਤ ਹੋਕੇ ਪ੍ਰੇਮ-ਜੋਗ ਨੂੰ ਪਹੁੰਚੀ । ਤਦ ਸੰਪੂਰਨ ਤੇ ਸੂੱਛ ਸਗਜਾਤ ਪ੍ਰੇਮ ਤੋਂ ਜਾਣੂ ਹੋਕੇ ਧਰਮ ਦੇ ਨਿਬਾਹ ਨੂੰ ਪ੍ਰੇਮ ਦਾ ਹਿੱਸਾ ਜਾਣਨ ਲੱਗੀ ਅਰ ਨਾਲ ਹੀ ਪਰਮ ਪਦ ਨੂੰ ਪ੍ਰਾਪਤ ਹੋਈ ਤੇ ਪਤੀ ਦੀ ਇੱਛਾ ਬੀ ਪੂਰਨ ਹੋਈ । ਇਸ ਦਾ ਪਤੀ-ਪਜਾਰ ਉਸ ਪ੍ਰੇਮ ਵਿਚ ਪਹੁੰਚ ਗਿਆ ਜਿਸ ਪ੍ਰੇਮ ਨੂੰ ਵਾਹਿਗੁਰੂ ਦਾ ਸਰੂਪ ਲੱਛਣ ਕਹਿੰਦੇ ਹਨ ।

ਪਤੀ ਦੇ ਚਲਾਣੇ ਮਗਰ ਤੋਂ ਲੈਕੇ ਸਤਿਸੰਗ ਦੀ ਪ੍ਰਾਪਤੀ ਤੱਕ ਦੀਆਂ ਦਰਦਨਾਕ ਘਟਨਾਂ, ਅਰ ਰਾਣੀ ਦੇ ਤੀਬਰ ਵਿਰਲਾਪ ਦੇ ਸਮਾਚਾਰ ਇਸ ਪੁਸਤਕ ਵਿਚ ਦਰਜ ਹਨ ।

ਇਸ ਪੁਸਤਕ ਦੀ ਸਾਰੀ ਰਚਨਾ ਸਿਰਖੰਡੀ ਛੰਦ ਵਿਚ ਹੈ, ਜੋ ਬੀਸ ਮਾਤ੍ਰਾ ਦਾ ਹੈ । ਪ੍ਰਿਥਮ ਵਿਰਾਮ ਯਾਰਾਂ ਮਾਤ੍ਰਾਂ ਪਰ, ਤਾਲ ਅੰਤਮ ਹੈ । ਅੰਤਮ ਵਿਰਾਮ ਨੌਂ ਮਾਤ੍ਰਾਂ ਪਰ, ਦੀਰਘਾਂਤ ਹੈ; ਅੰਤ ਤੋਂ ਪਹਿਲਾਂ ਹ੍ਰੱਸ੍ਵ ਹੈ, ਇਸ ਤੋਂ ਪਹਿਲਾਂ ਬੀ ਦੀਰਘ ਹੈ ਯਾ ਦੋ ਹ੍ਰੱਸ੍ਵ । ਸਿਰਖੰਡੀ ਛੰਦਾਂ ਵਿਚ ਤੁਕਾਂਤ ਮਿਲਾਉਣ ਦੀ ਆਵੱਸ਼ਕਤਾ ਨਹੀਂ ਹੁੰਦੀ । ਤਾਤਪਰਜ ਨੂੰ ਸਫੁਟ ਛੇਵੇ ਕਰਦੇ ਹਨ, ਜਿਨ੍ਹਾਂ ਦਾ ਧਜਾਨ ਨਾ ਕਰਨੇ ਤੇ ਸਾਫ ਅਰਥ ਸਮਝ ਨਹੀਂ ਪੈਂਦੇ । ਸੰਸਕ੍ਰਿਤ ਵਿਚ ਤਾਂ ਛੰਦ ਤੁਕਾਂਤ ਨਾ ਮਿਲਵੇਂ ਹੀ ਅਕਸਰ ਹੁੰਦੇ ਹਨ, ਬ੍ਰਿਜ ਭਾਸ਼ਾ ਵਿਚ ਐਸੇ ਛੰਦ ਘੱਟ ਵਰਤੇ ਜਾਂਦੇ ਹਨ । ਚੰਡੀ ਦੀ ਵਾਰ ਵਿਚ ਸਿਰਖੰਡੀ ੨੧ ਮਾਤ੍ਰਾਂ ਵਾਲੇ ਦੀਆਂ ਪੌੜੀਆਂ ਹਨ । ੨੨, ੨੩, ਤੇ ੩੦ ਮਾਤ੍ਰਾਂ ਦੇ ਵੀ ਸਿਰਖੰਡੀ ਵਰਤੇ ਗਏ ਹਨ । ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ[1] ਬੀ ਕਿਤੇ ਕਿਤੇ ਐਸੇ ਛੰਦ ਵਰਤੇ ਗਏ ਹਨ । ਲਾਤੀਨੀ, ਯੂਨਾਨੀ, ਅੰਗ੍ਰੇਜ਼ੀ ਦੇ ਅਨੇਕ ਪੁਸਤਕ ਬਲੈਂਕਵਰਸ (ਸਿਰਖੰਡੀ ਛੰਦ) ਵਿਚ ਲਿਖੇ ਪਏ ਹਨ।

ਵੈਸਾਖ, }
ਸੰਮਤ ਗੁਰ ਨਾਨਕ ਸਾ: ੪੩੬ } ਕਰਤਾ
ਅਪ੍ਰੈਲ, ੧੯੦੫ ਈ }

-o-

(ਦੂਜੀ ਐਡੀਸ਼ਨ)

ਪਹਿਲੀ ਵਾਰ ਦੀ ਛਪੀ ਮੁੱਕ ਜਾਣ ਤੇ ਹੁਣ ਇਹ ਪੋਥੀ ਦੂਜੀ ਵਾਰ ਛਾਪੀ ਗਈ ਹੈ। ਇਸ ਵਿੱਚ ਜ਼ਰੂਰੀ ਸੁਧਾਈ ਤੇ ਕਈ ਇਕ ਲੋੜੀਂਦੀ ਥਾਈਂ ਕੁਛ ਬਦਲੀਆਂ ਕੀਤੀਆਂ ਗਈਆਂ ਹਨ ਤੇ ਅਵੱਸ਼ਕ ਵਧਾਉ ਘਟਾਉ ਬੀ ਕੀਤੇ ਗਏ ਹਨ।

ਫੱਗਣ, }
ਸੰਮਤ ਗੁਰ ਨਾਨਕ ਸਾ: ੪੫੦ } ਕਰਤਾ
ਫਰਵਰੀ, ੧੯੧੯ ਈ }

[1] ਦੇਖੋ ਮਾਝ ਦੀ ਵਾਰ ਦੀ ਪਉੜੀ ੧੨ ਤੇ ੨੧ ਨਾਲ ਆਏ ਸਲੋਕ ।

{ਤੀਜੀ ਐਡੀਸ਼ਨ}

ਦੂਜੀ ਅਡੀਸ਼ਨ ਅੱਠ ਕੁ ਬਰਸਾਂ ਵਿੱਚ ਮੁਕੀ ਹੈ। ਹੁਣ ਸਵੱਲੀ ਐਡੀਸ਼ਨ ਦੀ ਮੰਗ ਹੋਣ ਕਰਕੇ ਤੀਜੀ ਵੇਰ ਦੀ ਛਪਾਈ ਹੋਕੇ ਇਹ ਪੁਸਤਕ ਤਯਾਰ ਹੋਈ ਹੈ। ਇਸ ਵਿਚ ਵਧਾਉ ਘਟਾਉ ਕੋਈ ਨਹੀਂ ਹੋਏ, ਉਸੇ ਦੂਜੀ ਐਡੀਸ਼ਨ ਦਾ ਇਹ ਉਤਾਰਾ ਹੈ।

ਪੋਹ, }
ਸੰਮਤ ਗੁਰ ਨਾਨਕ ਸਾ: ੪੫੯ } ਕਰਤਾ
ਜਨਵਰੀ, ੧੯੨੯ ਈ }

{ਚੌਥੀ ਐਡੀਸ਼ਨ–ਬਿਨਯ}

ਪਹਿਲੀ ਵਾਰ ਇਹ ਪੁਸਤਕ ਛੋਟੇ ਆਕਾਰ ਵਿਚ ਸੰਮਤ ਗੁਰ ਨਾਨਕ ਸਾਹਿਬ ੪੩੬ (੧੯੦੫ ਈ:) ਵਿਚ ਇਕ ਕਾਲੀ ਤੇ ਇਕ ਲਾਲ ਵੇਲ ਵਾਲੀ ਦੋ ਰੂਪਾਂ ਵਿਚ ਛਪੀ ਸੀ। ਦੂਜੀ ਵੇਰ ਵਡੇ ਆਕਾਰ ਤੇ ਐਂਟੀਕ ਕਾਗ਼ਜ਼ ਤੇ ਤਸਵੀਰਾਂ ਸਣੇ ਫਗਣ ਸੰ: ਗੁ: ਨਾ: ਸਾ: ੪੫੦ (੧੯੧੯ ਈ:) ਵਿਚ ਛਪੀ ਸੀ ਤੇ ਇਸ ਵਿਚ ਕੁਛ ਸੁਧਾਈ ਤੇ ਬਦਲੀਆਂ ਹੋਈਆਂ ਸਨ। ਤੀਜੀ ਵੇਰ ਇਹ ਪੋਹ ਸੰ: ਗੁ: ਨਾ: ਸਾ: ੪੫੯ (ਸੰਨ ੧੯੨੮) ਵਿਚ ਵਧੀਆ ਡਮਈ ਕਾਗ਼ਜ਼ ਤੇ ਤਸਵੀਰਾਂ ਸਮੇਤ ਛਪੀ ਸੀ, ਇਹ ਦੂਜੀ ਦਾ ਹੀ ਉਤਾਰਾ ਸੀ। ਹੁਣ ਫੇਰ ਚੌਥੀ ਵੇਰ ਛਪੀ ਹੈ। ਇਸ ਦੀ ਸੁਧਾਈ ਮੁੜਕੇ ਕੀਤੀ ਗਈ ਹੈ ਤੇ ਅੰਤਲੇ ਹਿੱਸੇ ਵਧੇਰੇ ਸਰਲ ਤੇ ਸਫਾ ਕਰ ਦਿੱਤੇ ਗਏ ਹਨ, ਇਸ ਤਰ੍ਹਾਂ ਕਰਨ ਵਿਚ ਅਕਸਰ ਕਈ ਇਕ ਤਬਦੀਲੀਆਂ, ਵਧਾਉ ਤੇ ਘਟਾਉ ਹੋਏ ਹਨ। ਇਸ ਵਿਚ ਬੀ ਦੂਜੀ ਐਡੀਸ਼ਨ ਤੋਂ ਤੁਰੀ ਰੀਤੀ ਅਨੁਸਾਰ ਤ੍ਰੈ ਰੰਗੀਆਂ ਮੂਰਤਾਂ ਹੈਨ। ਕਾਗ਼ਜ਼ ਬੀ ਐਂਟੀਕ ਤੇ ਫੈਦਰਵੇਟ ਆਦਿ ਵਾਂਙੂ ਵਧੀਆ ਵਰਤੇ ਗਏ ਹਨ।

ਜੇਠ, }
ਸੰਮਤ ਗੁਰ ਨਾਨਕ ਸਾ: ੪੬੮ } ਕਰਤਾ
ਮਈ ੧੯੩੭ ਈ। ੧੯੯੪ ਬਿ }

{ਪੰਜਵੀਂ, ਛੇਵੀਂ ਤੇ ਸਤਵੀਂ ਐਡੀਸ਼ਨ}

ਪੰਜਵੀਂ ਐਡੀਸ਼ਨ--ਸਤੰਬਰ ੧੯੫੧ ਵਿਚ ਤੇ ਛੇਵੀਂ ਐਡੀਸ਼ਨ ਅਪ੍ਰੈਲ ੧੯੫੮ ਵਿਚ ਪ੍ਰਕਾਸ਼ਤ ਹੋਈ ਸੀ। ਸੱਤਵੀਂ ਐਡੀਸ਼ਨ ਛੇਵੀਂ ਦਾ ਹੀ ਉਤਾਰਾ ਮਾਰਚ ੧੯੬੭ ਵਿਚ ਛਾਪੀ ਗਈ ਹੈ।

ਚੇਤਰ, }
ਸੰਮਤ ਗੁਰ ਨਾਨਕ ਸਾ: ੪੯੮ }
ਮਾਰਚ, ੧੯੬੭ ਈ }

{ਅਠਵੀਂ ਤੋਂ ਬ੍ਯਾਰਵੀਂ ਐਡੀਸ਼ਨ–ਬਿਨਯ}

ਅਠਵੀਂ ਤੋਂ ਬ੍ਯਾਰਵੀਂ ਤਕ ਦੀਆਂ ਐਡੀਸ਼ਨਾਂ ਵੀ ਛੇਵੀਂ ਐਡੀਸ਼ਨ ਦਾ ਹੀ ਉਤਾਰਾ ਹਨ। ਕੋਈ ਤਬਦੀਲੀ ਯਾ ਵਧਾਉ ਘਟਾਉ ਨਹੀਂ ਕੀਤਾ ਗਿਹਾ ਹੈ। ਹਾਂ ਇਹ ਹੱਥਲੀ ਬ੍ਯਾਰਵੀਂ ਐਡੀਸ਼ਨ ਕੰਪਯੂਟਰਾਈਜ਼ (Computerize) ਕੀਤੀ ਗਈ ਹੈ ਤੇ ਇਸ ਵਿਚ ੯ ਤਸਵੀਰਾਂ, ਜੋ ਕਿਸੇ ਅਨਜਾਨੇ ਕਾਰਣ ਨਹੀਂ ਛਪੀਆਂ ਸਨ, ਹੁਣ ਛਾਪ ਦਿਤੀਆਂ ਗਈਆਂ ਹਨ। ਇਸ ਐਡੀਸ਼ਨ ਵਿਚ ਕਿਸੇ ਕਾਰਣ ਤ੍ਰੁਟੀਆਂ ਰਹਿ ਗਇਆਂ ਹੋਣ ਤਾਂ ਪਾਠਕ ਜਨ ਕਿਰਪਾ ਕਰਕੇ ਐਸੀਆਂ ਤ੍ਰੁਟੀਆਂ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਧਿਆਂਨ ਵਿਚ ਜਰੂਰ ਲਿਆਉਣ ਜੀ – ਆਪ ਦੇ ਧੰਨਵਾਦੀ ਹੋਵਾਂਗੇ।

ਪੋਹ, }
ਸੰਮਤ ਗੁਰ ਨਾਨਕ ਸਾ: ੫੩੪ } ਸੰਪਾਦਕ
ਦਸੰਬਰ, ੨੦੦੩ ਈ }

ੴ

## ਮੰਗਲਾਚਰਣ

ਜੈ ਹੋ ਜੈ ਹੋ

"ਜੱਤ੍ਰ ਤੱਤ੍ਰ ਬਿਰਾਜ ਹੀ ਅਵਧੂਤ ਰੂਪ ਰਸਾਲ ॥"

... ... ... ...

ਜੱਤ੍ਰ ਤੱਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ ॥"

{ਜਾਪ ਪਾ: ੧੦}



ਨੁਛਾਵਰ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਰਾਣਾ ਸੂਰਤ ਸਿੰਘ

## ੧. ਸਮਾਧ।

ਪੱਧਰ ਇੱਕ ਮਦਾਨ ਪਰਬਤ ਘੇਰਿਆ,
ਛੋਟਾ ਪਰ ਰਮਣੀਕ, ਸੁਥਰਾ, ਸੋਹਿਣਾ,
ਵਿੱਚ ਹਿਮਾਂਚਲ ਧਾਰ, ਜੋਤੋਂ ਵਿੱਥ ਤੇ
ਲਹਿਲਹਿ ਸਬਜ਼ੀ ਨਾਲ ਸਾਰਾ ਕਰ ਰਿਹਾ।
ਭਾਂਤ ਭਾਂਤ ਦੇ ਬ੍ਰਿੱਛ, ਬੂਟੇ ਬੂਟੀਆਂ
ਉੱਗੇ ਥਾਈਂ ਥਾਉਂ ਲਹਿਰੇ ਲੈ ਰਹੇ।
ਨਦੀ ਪਹਾੜੀ ਸਾਫ਼ ਪਾਣੀ ਸੀਤ ਦੀ
ਵਗਦੀ ਪੱਧਰ ਏਸ, ਉੱਤੋਂ ਉਤਰਕੇ।
ਇਸ ਦੇ ਵਿੱਚੋਂ ਲੰਘਿ ਡਿਗਦੀ ਹੇਠ ਨੂੰ।
ਨਰਮ ਨਰਮ ਏ ਸ਼ੋਰ ਕਰਦੀ ਜਾਂਵਦੀ।
ਸੁੰਦਰ ਇੱਕ ਸਮਾਧ ਕੰਢੇ ਏਸ ਦੇ
ਉਸਰੀ ਖੜੀ ਸੁਢਾਲ ਚੂਨੇ ਗੱਚ ਹੈ।
ਗੁੰਬਦ ਫਾੜੀ ਦਾਰ, ਲਾਂਭੇ ਕਲਸੀਆਂ,
ਕਲਸ ਸੁਨਹਿਰੀ ਨਾਲ ਖੜਾ ਵਿਚਾਲੜੇ।
ਚਿੱਟਾ ਮਰਮਰ ਸੰਖ ਅੰਦਰ ਲੱਗਿਆ।
ਅਬਰੀ ਦਾਰ ਸੰਜਾਫ ਲੱਗੀ ਨਾਲ ਹੈ।
ਅੰਡਾਕਾਰ ਸਮਾਧ ਗੁੰਬਦ ਹੇਠ ਹੈ,
ਕਾਰੀਗਰੀ ਅਜੀਬ ਬਣੀ ਜੁ ਨਾਲ ਹੈ।
ਉੱਪਰ ਏਸ ਸਮਾਧ ਫੁੱਲ ਸੁਹਾਵਣੇ
ਪਜਾਰੇ ਹੱਥਾਂ ਨਾਲ ਚੁਣ ਚੁਣ ਹਨ ਧਰੇ।
ਧਰੇ, ਸੁ ਪਏ ਅਡੋਲ ਮਾਨੋਂ ਬੋਲਦੇ:-
'ਟੁੱਟੇ ਦੁਨੀਆਂ ਸੰਗ ਏਥੇ ਆ ਟਿਕੇ।
'ਨਾਂ ਹੁਣ ਧੁੱਪ ਨ ਪੌਣ ਸਾਨੂੰ ਛੇੜਦੀ।
'ਗਏ ਬਖੇੜੇ ਛੱਡ, ਸੁਖੀਏ ਹੋ ਗਏ,
'ਸਭ ਤੋਂ ਹੋਏ ਅੱਡ ਰਹੇ ਬਿਰਾਜ ਹਾਂ।
'ਸੋਭਾ ਕਰੇ ਨ ਕੋਇ, ਨਿੰਦਾ ਕੋ ਨਹੀਂ।
'ਦੇਖ ਨ ਸੜਦਾ ਕੋਇ; ਮੁੱਕੀ ਈਰਖਾ।
'ਹਰਖ ਨ ਸੋਗ, ਵਿਜੋਗ, ਝਗੜੇ ਹੈਂ ਨਹੀਂ
'ਰੰਗ ਗਏ ਰਸ ਨਾਲ, ਇਕਰਸ ਹੋ ਰਹੇ।
'ਕੇਹੀ ਮੌਜ ਬਹਾਰ ਏਸ ਉਜਾੜ ਦੀ!'

ਉੱਪਰ ਵਾਰ ਸਮਾਧ ਅੱਖਰ ਸੋਹਿਣੇ
ਸੰਗ ਸਿਤਾਰੇ ਨਾਲ ਜੜੇ ਉਕੇਰ ਕੇ।
ਜਿਸਦੀ ਏਹ ਸਮਾਧ ਉਸਦਾ ਨਾਮ ਹੈ।
ਜਨਮ ਮਰਨ ਦੀ ਤਿੱਥ ਉਕਰੀ ਨਾਲ ਹੈ।
ਮੂਲ ਮੰਤ੍ਰ ਦਾ ਵਾਕ ਸਿਰ ਤੇ ਅੰਕਿਆ,
ਸੁੰਦਰ ਨਾਲ ਸਲੋਕ ਇਹ ਬੀ ਚਮਕਦੇ:-

'ਮੁਆ ਜੀਵੰਦਾ ਪੇਖੁ ਜੀਵੰਦੇ ਮਰਿ ਜਾਨਿ॥
'ਜਿਨ੍ਾ ਮੁਹਬਤਿ ਇਕ ਸਿਉ ਤੇ ਮਾਣਸ ਪਰਧਾਨ॥'
{ਮਾ: ਡ: ਮ: ੫, ੨੩}

'ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥
'ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ॥'
{ਮਾ: ਡ: ਮ: ੫, ੧੮}

ਤੁਕਾਂ ਅਜਾਇਬ ਏਹ ਚਮਕਣ ਚੰਗੀਆਂ
ਪੜ੍ਹੀਏ ਜੇ ਇਕ ਵਾਰ ਰੋਣ ਨ ਠੱਲੀਏ।

ਪਹਿਲੀ ਪ੍ਰਾਣੀ ਹਾਲ ਮੂੰਹੋਂ ਕਹਿ ਰਹੀ।
ਦੂਜੀ ਕਹੇ ਹਵਾਲ ਪ੍ਰੇਮੀ ਓਸਦਾ
ਜੋ ਉਸ ਦੇ ਹੈ ਪ੍ਰੇਮ ਦਿਲ ਥੀਂ ਵਿੰਨ੍ਹਿਆ।
ਸਮਾਂ ਅਡੋਲ, ਪ੍ਰਭਾਤ ਸ਼ਾਂਤੀ ਵਾਲੜੀ।
ਛਾਇਆ ਨਾਲ ਸੁਹਾਉ ਚੁੱਪ ਇਕਾਂਤ ਦਾ।
ਪੰਛੀ ਗਾਵਣ ਰਾਗ 'ਲਾਪ ਸੁਹਾਵਣੇ।
ਰਹੀ ਉਦਾਸੀ ਛਾਇ ਵਿੱਚ ਇਕਾਂਤ ਦੇ।
ਤੁਰਦੀ ਆਵੇ ਨਾਰਿ ਦੂਰੋਂ ਇੱਕ ਹੈ
–ਗੰਦਲ ਕ੍ਵਾਰੀ ਵਾਂਙ ਪਤਲੀ ਡੀਲ ਦੀ–
ਜੋਬਨ ਦਾ ਚੜ੍ਹਾਉ, ਉਮਰ ਜੁਆਨ ਹੈ।
ਚਿਹਰਾ ਚੰਦੋਂ ਵੱਧ, ਮੁਹਿਰਾ ਮੋਹਿਣਾ,
ਇੱਕੋ ਸਾਰ ਨੁਹਾਰ ਫਬਨਾਂ ਵਾਲੜੀ।
ਪਰ ਚਿਹਰੇ ਦਾ ਰੰਗ ਪੀਲਾ ਭੂਕ ਹੈ।
ਓਹੁ ਗੁਲਾਬੀ ਭਾਹ ਉਮਰੇ ਏਸ ਜੋ
ਚਿਹਰੇ ਤੇ ਚਮਕਾਰ ਦੇਂਦੀ ਸੋਹਿਣਾ
ਨਜ਼ਰ ਨ ਆਵੇ ਮੂਲ ਉੱਡੀ ਹੈ ਕਿਤੇ,
ਜਾਂ ਚਿੰਤਾ ਹਥ ਆਇ ਖਾਧੀ ਹੈ ਗਈ।

ਅੱਖਾਂ ਸੁੰਦਰ ਅੱਤ ਪਰ ਗ਼ਮ ਘੇਰੀਆਂ,
ਰੋ ਰੋ ਹੋਈਆਂ ਸਾਫ਼, ਥੱਲੇ ਲੱਥੀਆਂ।

ਦੇਖੋ, ਠੰਢੇ ਸਾਹ ਭਰਦੀ ਆਉਂਦੀ
ਸ਼ੋਕ ਵਿੱਚ ਗ਼ਲਤਾਨ, ਸੁਰਤ ਨ ਹੋਰ ਹੈ,
ਪਹੁੰਚੀ ਪਾਸ ਸਮਾਧ, ਠਹਿਰੀ ਤ੍ਰਭੁਕਕੇ,
ਵਗਦੇ ਜਲ ਦਾ ਸ਼ੋਰ ਕੰਨੀਂ ਆ ਪਿਆ।
ਪਰਤ ਨਦੀ ਦੀ ਵੱਲ ਦੁਇ ਹਥ ਜੋੜਦੀ;
ਅੰਝੂ ਭਰ ਕੇ ਨੈਣ ਕਰਦੀ ਬੇਨਤੀ:–

'ਹੇ ਵੀਰਾ ਦਰਿਯਾਉ ! ਰੌਲਾ ਪਾ ਨਹੀਂ।
'ਹੌਲੀ ਹੌਲੀ ਦੌੜ, ਖੜਕ ਨ ਹੋ ਜਿਵੇਂ।
'ਤੇਰਾ ਮਤ ਖੜਕਾਰ ਪਹੁੰਚੇ ਅੰਦਰੀਂ,
'ਨੀਂਦਰ ਹੋਇ ਉਚਾਟ ਪਜਾਰੇ ਸੌਂਦੜੀ,
'ਸੁੱਤਾ ਲੰਮੀ ਤਾਣ, ਪਾਸਾ ਨਾ ਲਏ
'ਬਹੁਤ ਥਕੇਵੇਂ ਝੱਲ, ਲੀਤਾ ਚੈਨ ਸੁ;
'ਗੂੜ੍ਹੀ ਛਾਈ ਨੀਂਦ ਤੂੰ ਉਟਕਾਇ ਨਾ।
'ਕਰਨੇ ਦੇਹ ਸੁ ਨੀਂਦ ਨੀਂਦ ਸੁਲੱਖਣੀ।
'ਰੌਲਾ ਵੀਰ ! ਨ ਪਾ, ਸਦਕੇ ਮੈਂ ਗਈ !
'ਰੁਮਕੇ ਰੁਮਕੇ ਜਾਹੁ ਸਹਜੇ ਤਿਲਕਦਾ।'

ਏ ਕਹਿ ਰਿਦਾ ਕੜੱਕ ਟੋਟੇ ਹੋ ਗਿਆ।
ਅੱਥ੍ਰ ਮਾਰ ਉਛਾਲ ਅੱਖੀਂ ਆ ਚੜ੍ਹੇ;
ਵਹੇ ਬੰਨ੍ਹ ਪਰਵਾਹ ਛਹਿਬਰ ਲਾਂਵਦੇ।
ਸਿਰ ਘੁੰਮਜਾ ਤੇ ਘੇਰ ਖਾਕੇ ਡਿੱਗਿਆ,
ਡਿੱਗੀ ਨਾਲ ਚੁਫਾਲ ਦੇਹੀ ਨਾਰ ਦੀ।
ਲੈਂਦੀ ਲੰਮੇ ਸ੍ਵਾਸ ਮਾਰੀ ਸ਼ੋਕ ਦੀ
ਕੁਝ ਚਿਰ ਪਈ ਨਿਢਾਲ ਓਥੇ ਸੀ ਰਹੀ।
ਸੁਰਤੀ ਨੇ ਪਰਤਾਇ ਫੇਰ ਉਠਾਲਿਆ।
ਸੰਭਲ ਕੇ ਹੁਣ ਨਾਰਿ ਝੋਲੀ ਆਪਣੀ
ਪਹੁੰਚੀ ਕੋਲ ਸਮਾਧ, ਝੁਕਦੀ, ਨੀਉਂਦੀ,
ਤਰਲੇ ਲੈਂਦੇ ਵਾਂਙ ਸਿਕ ਸਿਕ ਵੇਖਦੀ।
ਫਿਰ ਦੋਵੇਂ ਕਰ ਜੋੜ ਰੋ ਰੋ ਆਖਦੀ:–

'ਵਾਹ ! ਪਜਾਰੇ ਸਿਰਤਾਜ ਆਪਣੀ ਨਾਰ ਨੂੰ
'ਚਿੰਤਾ ਖੂਹੇ ਪਾਇ, ਕੀਤੋ ਬਾਉਲੀ।
'ਨਦੀਆਂ ਨੂੰ ਹਥ ਜੋੜ ਹਾਵੇ ਕਰ ਰਹੀ;
'ਤੈਨੂੰ ਸੁੱਤਾ ਜਾਣ ਚਹੇ ਜਗਾਣ ਨਾ,
'ਮੂਰਖ ਜਾਣੇ ਨਾਹਿੰ ਤੂੰ ਹੈਂ ਜਾਗਦਾ।
'ਜਾਗ ਰਿਹਾ ਸਚਖੰਡ, ਸੁੱਤਾ ਜਾਪਦਾ।
'ਐਥੇ ਸੁੱਤਾ ਜਾਣ ਕਰੇ ਬਿਅੱਦਬੀ।
'ਬਖਸ਼ੀਂ, ਕੰਤ ਕ੍ਰਿਪਾਲ ! ਭੁੱਲਾਂ ਮੇਰੀਆਂ।
'ਹਾ ਹਾ ! ਕੰਤ ਸੁਜਾਨ ! ਸੁੱਕੇ ਸਾਰੜੇ
'ਕੱਲ੍ਹ ਚੜ੍ਹਾਏ ਸੀਗ ਜਿਹੜੇ ਫੁੱਲ ਮੈਂ
'ਹੱਥ ਨ ਤੁਸਾਂ ਹਿਲਾਇ ਸੁੱਟੇ ਕਰ ਪਰੇ।
'ਵਾ ਸਾਈਂ ਕਿਰਪਾਲ, ਸਿਰ ਦੇ ਮਾਲਕਾ !
'ਸੇਵਾ ਦਾਸੀ ਜੋਗ ਰੱਖੀ ਆਪ ਨੇ।'

ਬੇਹੇ ਫੇਰ ਸਮੇਟ ਸਿਹਰੇ ਸੱਟ ਕੇ
ਦਿੱਤੇ ਨਵੇਂ ਚੜ੍ਹਾਇ ਕੱਢੇ ਝੋਲੀਓਂ।
ਬੀਨ ਬੀਨ ਸਹਲਾਇ ਇੱਕੁਰ ਲਾਂਵਦੀ
ਜਹੁਰੀ ਜੀਕੁਰ ਹੱਟ ਲਾਲਾਂ ਲਾਉਂਦਾ।

ਖੁੱਲੇ ਫੁੱਲਾਂ ਨਾਲ ਹੈ ਫਿਰ ਚਿਤ੍ਰਦੀ
–ਵਾਙ ਚਿਤੇਰੇ ਆਪ– ਸਿਲ ਦੇ ਉੱਪਰੇ।
ਅੱਖਰ ਬਣਦੇ ਜਾਣ ਸੁੰਦਰ ਸੋਹਿਣੇ।
ਨਾਲੇ ਡਿਗਦੇ ਹੰਝੁ ਗੜਿਆਂ ਜੇਡੜੇ,
ਉਡਦੀ ਹੋਸ਼ ਹਵਾਉ ਹੋਈ ਜਾਂਵਦੀ;
ਚੱਕਰ ਘੁੱਗੀ ਵਾਂਙ ਉੱਪਰ ਖਾਂਵਦੀ;
ਮਾਨੋਂ ਇਹ ਕੁਰਬਾਨ ਸਦਕੇ ਹੋ ਰਹੀ।
ਅੱਖਾਂ ਬੱਧੀ ਟੱਕ; ਝਮਕਣ ਭੁੱਲਿਆ;
ਬੁੱਲ੍ਹਾਂ ਪਈ ਬੜੱਕ, ਮੀਟਣ ਵਿਸਰਿਆ;
ਬਦਨ ਅਡੋਲ ਅਹਿੱਲ ਮੂਰਤ ਵਾਂਗਰੇ;
ਪਰ ਕਰਦੇ ਹਨ ਕਾਰ ਹੱਥ ਸੁਹਾਵਣੇ।
ਅੱਖਰ ਫੁੱਲਾਂ ਨਾਲ ਜੋੜ ਬਣਾ ਲਏ।
ਪੜ੍ਹੋ ਤਾਂ ਇਹ ਗੁਰਵਾਕ ਲਿਖਿਆ ਹੈ ਗਿਆ:–

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥
{ਵਾ: ਸਿਰੀ ਰਾ: ਮ: ੨, ੩}

ਲਿਖਕੇ ਸੁੱਧ ਸਲੋਕ ਮੱਥਾ ਟੇਕਦੀ;
ਚੁੰਮਦੀ ਸਿਲ ਨੂੰ ਫੇਰ ਸਦਕੇ ਹੋਂਵਦੀ।
ਫੁੱਟਾ ਕੜ ਨੂੰ ਪਾੜ ਸੋਮਾ ਪ੍ਰੇਮ ਦਾ;
ਬਿਹਬਲ ਹੋਈ ਅੱਤਿ ਲੰਘੀ ਹੋਸ਼ ਤੋਂ।
ਦਿਲ ਟੁੱਟਾ ਤੇ ਆਸ ਟੁੱਟੀ ਨਾਲ ਹੀ
ਲਟਕ ਰਹੀ ਸੀ ਜੋਇ ਟੁੱਟੀ ਵੀਣ ਜਜੋਂ:–

‘ਕਦੀ ਨ ਮਿਲਸੀ ਹਾਇ ! ਸਾਂਈਂ ਪਜਾਰੜਾ ?
‘ਹੋਯਾ ਸਦਾ ਵਿਜੋਗ ਮੇਰੇ ਨਾਲ ਹੈ?
‘ਮੈਂ ਕੱਲੀ ! ਪਤਿ ਹੀਨ ! ਮੈਂ ਪਤਿਹੀਨ ਹਾਂ ?
‘ਸਕਾਂ ਨ ਸੋਚ ਸਹਾਰ ਭਜਾਨਕ ਐਸੜੀ।
‘ਹਾ ਹਾ ਮੇਰੇ ਲੇਖ ! ਇਹ ਕੀ ਵਰਤਿਆ?
‘ਵਰਤਜਾ ਕਹਿਰ ਕਹਾਰ ਹੋਈ ਬੋਟ ਹਾਂ !’

ਐਦਾਂ ਸੋਚਾਂ ਸੋਚ ਸੋਚੀਂ ਡੁੱਬਦੀ,
ਲਈ ਨਿਰਾਸਾ ਨੱਪ, ਟੁੱਟੀ ਆਸ ਤੋਂ।
ਪੁਤਲੀ ਜਿਉਂ ਹੋ ਚੰਦ, ਉੱਕਰ ਹੋ ਗਈ
ਠੰਢੀ, ਚਿੱਟ ਚਿਟਾਕ, ਸੁਰਤੋਂ ਸੱਖਣੀ,
ਬਰਫ਼ ਸ਼ਿਲਾ ਦੇ ਵਾਂਙ, ਲੱਥੀ ਸੱਥਰੇ।
ਇੱਕੁਰ ਪਿਆਂ ਬਿਹੋਸ਼ ਘੜੀਆਂ ਬੀਤੀਆਂ।
ਇਕ ਆਈ ਮੁਟਿਆਰ ਇਸਨੂੰ ਟੋਲਦੀ;
ਦੇਖ ਪਈ ਬੇਹੋਸ਼ ਕੰਬੀ ਤ੍ਰਹੱਕ ਕੇ,
ਕਹਿੰਦੀ: ‘ਹਾ ਹਾ ਹਾਇ ! ਏ ਕੀ ਵਰਤਿਆ ?
‘ਦੇਖਾਂ ਅੱਗੇ ਹੋਇ। ਥਿੜਕੋ ਪੈਰੁ ਨਾਂ।
‘ਹਾ ਹਾ ! ਕੀ ਹੈ ਹਾਲ ਪਜਾਰੀ ਰਾਜ ਦਾ ?
‘ਸੁੱਤੀ, ਮੁਈ ਕਿ ਹੋਸ਼ ਨੱਸੀ ਏਸ ਤੋਂ ?
‘ਹਾਇ ਪਿਆਰੀ ਰਾਜ ! ਪੈਰੀਂ ਆਪਣੇ
‘ਆਪ ਕੁਹਾੜੇ ਮਾਰ ਮਰੀਓਂ ਨਿੱਤ ਹੀ।
‘ਵਹਿਣ ਦਿਨੇ ਤੇ ਰਾਤ ਤੈਨੂੰ ਪੈ ਰਿਹਾ,
‘ਹਟਦਾ ਕਿਸੇ ਨ ਢੰਗ ਰਹੇ ਹਟਾਉਂਦੇ।’
ਇਉਂ ਕਹਿ ਅੱਗੇ ਹੋਇ ਟੂਹ ਟੂਹ ਵੇਖਦੀ,
ਪਿੰਡਾ ਠੰਢਾ ਠਾਰ ਬਰਫ਼ ਸੁ ਵਾਂਗਰੇ
ਧੀਮੇ ਆਵਨ ਸ੍ਵਾਸ ਜਾਪਣ ਮੂਲ ਨਾ,
ਮੱਧਮ ਚਲਦੀ ਨਾੜ, ਹੋਸ਼ ਨ ਹੈ ਰਤੀ।
ਦੌੜੀ– ਦੇਖਣ ਸਾਰ– ਪਾਸੇ ਨੀਰ ਦੇ।
ਲੀੜਾ ਭਿਉਂ ਜਲ ਨਾਲ ਲਜਾਈ ਤੁਰਤ ਹੀ।
ਉਸ ਪਾਣੀ ਦੇ ਨਾਲ ਛੱਟੇ ਮਾਰਦੀ।
ਫਿਰ ਬੁੱਲ੍ਹਾਂ ਨੂੰ ਖੋਲ੍ਹ ਪਜਾਰੀ ਦੇਖਦੀ।
ਦੰਦਨ ਦੇਖ ਹਰਾਨ ਹੋਈ, ਵੇਖਦੀ
ਕੋਈ ਨਜ਼ਰੀਂ ਆਇ ਨੌਕਰ ਮਹਲ ਦਾ।
ਦਿਸਿਆ ਨਾਹੀਂ ਕੋਇ, ਤਦ ਇਹ ਟੋਲਦੀ
ਖੀਸੇ ਅਪਣੇ ਵਿੱਚ ਕੋਈ ਚੀਜ਼ ਹੈ?
ਕੁੰਜੀ ਨਿਕਲੀ ਇੱਕ; ਇਸ ਦੇ ਨਾਲ ਹੀ
–ਦੰਦਾਂ ਦੇ ਵਿਚ ਪਾਇ– ਦੰਦਣ ਖੋਲ੍ਹਦੀ।
ਨਾਲੇ ਛੱਟੇ ਮਾਰ, ਘੁਟਦੀ ਦੱਬਦੀ।
ਕਰਦਜਾਂ ਏ ਕੁਝ ਕਾਰ, ਥੋੜੀ ਦੇਰ ਨੂੰ
ਹੋਸ਼ ਪਰਤ ਗਈ, ਫੇਰ ਅੱਖਾਂ ਖੁਲ੍ਹੀਆਂ।
ਸਿਥਲ ਹੋ ਗਈ ਦੇਹਿ ਏਸ ਦਰੇੜ ਥੀਂ,
ਸਕਦੀ ਉੱਠ ਨ ਬੈਠ, ਬੋਲ ਨ ਹੰਘਦੀ।
ਸਖੀ ਸਿਰ੍ਹਾਣੇ ਬੈਠ, ਗੋਦੀ ਆਪਣੀ
ਸਿਰ ਨੂੰ ਰਖਕੇ ਫੇਰ ਹਥ ਸਿਰ ਫੇਰਦੀ।


www.sikhbookclub.com

ਲੈਂਦੀ ਆਪ ਬਲਾਇ ਵਾਰੀ ਜਾਂਵਦੀ,
ਕਹਿੰਦੀ: ‘ਮੈਂ ਕੁਰਬਾਨ ਸਦਕੇ ਰਾਣੀਏਂ !
‘ਟੁਕ ਟੁਕ ਟੁਕੜੇ ਹੋਇ ਜਾਉਂ ਚੁਖੰਨੀਆਂ।
‘ਪਜ਼ਾਰੀ! ਕਰ ਸੰਤੋਖ; ਧੀਰਜ ਧਾਰ ਲੈ।
‘ਭਾਵੀ ਸਦਾ ਅਮੇਟ, ਮਿਟਦੀ ਨਾ ਕਦੇ।
‘ਟਲਦੀ ਨਹੀਂ, ਟਲਾਇ ਕਰੋ ਬਥੇਰੜਾ;
‘ਤਾਂ ਤੇ ਸਿਰ ਨਿਹੁੜਾਇ ਇਸ ਨੂੰ ਝੱਲੀਏ।
‘ਜੇ ਵਹਿਣਾਂ ਦੀ ਧਾਰ, ਜਾ ਕੇ ਕੁੱਦੀਏ
‘ਪਈਏ ਨਾਹੀਂ ਪਾਰ, ਥਾਹੁ ਨਾ ਲੱਭਦੀ।
‘ਵਹਿਣ ਬੜਾ ਦਰਿਯਾਉ ਘੁੰਮਣ ਘੇਰੀਆਂ
‘ਇਸ ਵਿਚ ਹੈਨ ਅਸੰਖ ਥਾਹੁ ਬਿਥਾਹੀਆਂ।
‘ਕੱਪਰ ਇਸ ਵਿਚ ਢੇਰ, ਛੱਲਾਂ ਡਾਢੀਆਂ,
‘ਮਾਰ ਕਰਨ ਹਰਿਆਨ, ਬੌਰਾ ਕਰਦੀਆਂ।
‘ਜਾਂ ਏ ਲੈਂਦੀਆਂ ਡੋਬ ਥੱਲੇ ਆਪਣੇ।
‘ਸੋ ਪਜਾਰੀ ਕਰ ਹੋਸ਼ ਵਹਿਣ ਤਿਆਗ ਦੇ।
‘ਰਾਜ ਕਾਜ ਸੰਭਾਲ ਤਕੜੀ ਹੋਇਕੇ।

‘ਓੜਕ ਇਕ ਦਿਨ ਆਪ ਮਰਨਾ, ਰਾਣੀਏਂ !
‘ਦੁਨੀਆਂ ਦਿੱਤੀ ਤਜਾਗ ਜਿੱਕੁਰ ਪਜਾਰਿਆਂ
‘ਅਸਾਂ ਭਿ ਕਰਨਾ ਤਜਾਗ, ਰਹਿਣਾ ਹੈ ਨਹੀਂ
‘ਸਦਾ ਕਿਸੇ ਇਸ ਥਾਉਂ, ਫਿਰ ਕਿਉਂ ਰੋਵੀਏ?’

ਸੁਣ ਇਹ ਪਜਾਰੇ ਵਾਕ ਕੰਬੀ ਸੋਹਿਣੀ;
ਲੰਮੇ ਲੀਤੇ ਸ੍ਵਾਸ ਠੰਢੇ ਠਾਰਵੇਂ।
ਫਿਰ ਮੂੰਹੋਂ ਏ ਬੈਨ ਸਹਿਜੇ ਆਖਦੀ:

‘ਪ੍ਰਿਯ ਬਿਨ ਜੀਵਨ ਮੌਤ, ਮੌਤੋਂ ਹੈ ਬੁਰਾ।
‘ਮੌਤ ਕਰੇ ਇਕ ਵਾਰ; ਏ ਨਿਤ ਸੱਲ੍ਹਦਾ।
‘ਮੈਂ ਦੁਖੀਆ ਦੁਖਿਆਰ ਪਾਪਣ ਭਾਰੀਆਂ
‘ਰਹੀ ਜੀਂਵਦੀ ਜੱਗ, ਪੀਯ ਸਿਧਾਰਿਆਂ;
‘ਗਈ ਨਹੀਂ ਮੈਂ ਨਾਲ ਪਜਾਰੇ ਕੰਤ ਦੇ।
‘ਜਦੋਂ ਕੰਤ ਕਿਰਪਾਲ ਦੁਨੀਆਂ ਵਿੱਚ ਸੇ
‘ਤਦੋਂ ਰਹੀ ਅਨਗ੍ਹੌਲ ਵਿੱਚ ਭੁਲੇਖਿਆਂ;
‘ਲੀਤੀ ਰਤੀ ਨ ਸਾਰ ਗੁਝੇ ਭੇਤ ਦੀ।
‘ਸੁੰਦਰ ਪੁਰਖ ਰਸਾਲ ਪਜਾਰਾ ਕੰਤ ਹੈ;
‘ਹੈ ਮੇਰਾ ਸਿਰਤਾਜ, ਇਉਂ ਮੈਂ ਜਾਣਕੇ
‘ਦੇਹੀ ਨਾਲ ਪਿਆਰ ਉਸ ਦੀ ਪਾ ਲਿਆ।
‘ਬੁਲਬੁਲ ਵਾਂਙ ਨਿਹਾਲ ਦੇਹੀ ਪ੍ਰੀਤ ਨੇ
‘ਦੇਹੀ ਦਾ ਹੀ ਰਾਗ ਨਿੱਤ ਅਲਾਪਿਆ।
‘ਲੀਤੀ ਕਦੀ ਨ ਸਾਰ ਅਸਲੀ ਭੇਤ ਦੀ।
‘ਉਹ ਸੀ ਪੂਰਨ ਸੰਤ ਗੁਰਮੁਖ ਹੋਇਆ।
‘ਉਹ ਸੀ ਦਿੱਵ ਸਰੂਪ ਭਗਤੀ ਰੱਤਿਆ।
‘ਉਹ ਸੀ ਪੂਰਨ ਆਪ ਪੂਰਨ ਹੋਇਆ।
‘ਉਸ ਨੂੰ ਸਾਰੀ ਸਾਰ ਅੰਦਰ ਬਾਰ੍ਹ ਦੀ
‘ਮੂਰਤ ਸ਼ੀਸ਼ੇ ਵਾਂਙ ਸਦਾ ਪ੍ਰਕਾਸ਼ਦੀ।
‘ਮੈਂ ਨਾ ਲਖਿਆ, ਹਾਇ ! ਅੰਦਰ ਓਸਦਾ।
‘ਦੇਹੀ ਨਾਲ ਪਿਆਰ –ਪ੍ਰੇਮੀ ਵਾਕੁਰੇ–
‘ਰਹੀ ਨਿਖੁੱਟੀ ਨਿੱਤ ਭੁੱਲੀ ਮਾਣਦੀ।
‘ਹਾ! ਮਾਯਾ ਨੇ ਘੇਰ, ਅਸਲੋਂ ਵਾਂਜਕੇ
‘ਰਖਜਾ ਸਦਾ ਅਚੇਤ ਆਤਮ–ਭੇਦ ਤੋਂ।
‘ਆਤਮ– ਜੀਵਨ ਖੇਡ ਖੁੱਲ੍ਹੀ ਨਾ ਕਦੇ।
‘ਪਰ ਸੀ ਪਤੀ ਸੁਜਾਨ ਬਖ਼ਸ਼ਾਂ ਵਾਲੜਾ,
‘ਮੇਰੇ ਨਾਲ ਸਨੇਹ ਕਰਦਾ ਐਕੁਰਾਂ
‘ਭੇਤ ਖੁਲ੍ਹੇ ਜਿਸ ਨਾਲ, ਸੱਚ ਪ੍ਰਕਾਸ਼ ਹੋ।
‘ਮੈਂ ਨਿਜ ਲਗਨੇ ਲੀਨ ਪਰਤੀ ਅੱਖ ਨਾ,
‘ਗਹਿਲੀ ਬੇਪਰਵਾਹ, ਸੈਨਤ ਨਾ ਲਖੀ।
‘ਤੁਰੀ ਨ ਓਸੇ ਰਾਹ ਜਿਸਤੇ ਕੰਤ ਦੀ
‘ਸੀਗੀ ਸਦਾ ਸਲਾਹ ਤੋਰਨ ਸੰਦੜੀ।
‘ਫਿਰ ਭੀ ਸਦਾ ਕ੍ਰਿਪਾਲ ਸਾਈਂ ਪਜਾਰੜੇ
‘ਅਪਣੇ ਅਸਲ ਸਰੂਪ ਵਾਲਾ ਝਾਕੜਾ
‘ਇਕ ਦਿਨ ਆਪ ਦਿਖਾਲ ਮੈਨੂੰ ਮੋਹਿਆ।
‘ਦੂਣਾ ਹੋਯਾ ਪ੍ਰੇਮ, ਠਲ੍ਹਿਆ ਜਾਇ ਨਾ,
‘ਚੜ੍ਹਿਆ ਜਲ ਦੇ ਵਾਂਙ ਕੜ ਨੂੰ ਪਾੜ ਕੇ;
‘ਰਹਿੰਦੀ ਖੂੰਧੀ ਗਜਾਤ ਖਿੱਚੀ ਏਸ ਨੇ,
‘ਭੰਬਟ ਵਾਂਙ ਹਮੇਸ਼ ਦੁਾਲੇ ਓਸ ਦੇ
‘ਲਗੀ ਘੁਮੇਟੇ ਖਾਣ, ਖੇਡਾਂ ਆਪ ਤੇ।
‘ਉਹ ਸੇ ਬਹੁਤ ਕ੍ਰਿਪਾਲ, ਅੱਖਾਂ ਬੰਦ ਮੈਂ
‘ਖੁਹਲ ਦਿਤੀਆਂ ਆਪ, ਕੱਟੇ ਛੌੜ ਸੇ।

'ਦਿੱਸ ਪਿਆ ਤਦ ਸਾਫ਼ ਅਸਲਾ ਕੰਤ ਦਾ,
'ਉੱਚਾ, ਆਤਮ ਰੂਪ, ਗੁਰਮੁਖ, ਦੇਵਤਾ।
'ਡਿੱਗੀ ਮਸਤੀ ਖਾਇ ਭੌਰੇ ਵਾਂਙ ਮੈਂ।
'ਕਸਤੂਰੇ ਮ੍ਰਿਗ ਵਾਂਙ ਮੱਤੀ ਹੋਇ ਕੇ
'ਢੱਠੀ ਧਰਾ ਚੁਫਾਲ, ਭੁੱਲੀ ਉੱਠਣਾ।
'ਸਿੱਕ ਪੀਆ ਦੀ ਹੋਰ ਦਿਲ ਨੂੰ ਵਾਪਰੀ;
'ਹਰ ਦਮ ਲੋਟਨ ਹੋਇ ਰਹਿੰਦੀ ਲੋਟਦੀ।
'ਇਕ ਪਲ ਡਿੱਠੇ ਬਾਝ ਬੇਕਲ ਹੋਂਵਦੀ।
'ਓਸ ਜਿਹਾ ਨਾ ਕੋਇ ਪਹਿਲੇ ਸੀਗ ਬੀ
'ਸਿਰ ਮੇਰੇ ਦਾ ਤਾਜ ਵਾਲੀ ਜਿੰਦ ਦਾ
'ਸਭ ਤੋਂ ਸਦਾ ਵਧੀਕ ਵਸਦਾ ਹੀਅਰੇ।
'ਪਰ ਹੁਣ ਟੁੱਕ, ਵਧੀਕ ਪਤੀਓਂ ਜਾਪਦਾ:
'ਜਾਪੇ ਹੋਰ ਵਧੀਕ, ਆਰਾਪਾਰ ਨਾ।
'ਮੇਰੀ "ਮੈਂ" ਦੀ ਜਿੰਦ, ਜਿੰਦ ਦੀ ਜਿੰਦ ਓ;
'ਓ ਦਿੱਸੇ ਇਕ ਆਪ, 'ਮੈਂ' ਨਾ ਸੀ ਰਹੀ;
'ਮੈਂ ਹੋਈ ਸਾਂ ਗੁੰਮ ਚਰਨਾਂ ਦੇ ਵਿਖੇ।
'ਹਾਇ ਸ਼ੋਕ ! ਹਾ ਸ਼ੋਕ ਅੱਖ ਝਮੱਕਣੀ
'ਏਸ ਮੌਜ ਵਿਚਕਾਰ ! ਮੈਨੂੰ ਨਾ ਮਿਲੀ।
'ਆਪ ਗਏ ਪਰਲੋਕ ਪਿੱਛੇ ਮੈਂ ਰਹੀ;
'ਆਪ ਸਦਾ ਇਕ ਰੰਗ ਤੁਰਗਜੇ ਜੀਂਵਦੇ;
'ਆਪ ਨ ਮੋਏ ਮੂਲ, ਸਦ ਹੀ ਜੀਂਵਦੇ;
'ਰਹਿੰਦੇ ਸਦਾ ਅਨੰਦ ਜਿੱਥੇ ਹਨ ਗਏ:
'ਐਥੋਂ ਬਹੁਤ ਵਧੀਕ ਖ਼ੁਸ਼ੀਆਂ ਮਾਣਦੇ।
'ਖ਼ੁਸ਼ੀ-ਪਤੀ ਦੇ ਨਾਲ ਮੈਨੂੰ ਹੈ ਖ਼ੁਸ਼ੀ,
'ਮੈਂ ਨਾ ਕਰਦੀ ਰੰਜ ਇਸ ਵਿਚ ਰੀਣ ਬੀ,
'ਬਿਰਹੋਂ ਲਾਗੂ ਆਣ ਮੈਨੂੰ ਘੇਰਿਆ,
'ਕੀਤਾ ਪਕੜ ਕਬਾਬ ਸੀਨਾਂ ਭੁੰਨਿਆਂ;
'ਮੱਛੀ ਜਿੱਕੁਰ ਰੇਤ ਬਿਰੌਂ ਲੁਛਾਂਵਦਾ:
'ਚੜ੍ਹਿਆ ਜ਼ਾਲਮ ਨਿੱਤ ਸਿਰ ਨੂੰ ਹੀ ਰਹੇ।
'ਲੋਚਾਂ ਦਿਨ ਤੇ ਰਾਤ ਪਜਾਰੇ ਮੇਲ ਨੂੰ:
'ਦੇਹੁ ਦਰਸ ਇਕ ਵਾਰ ਦਿਲਦੇ ਵਾਲੀਆ!
'ਮੈਂ ਹਾਂ ਔਗੁਣਹਾਰ, ਤੇਰੇ ਜੋਗ ਨਾ;
'ਤੂੰ ਆਤਮ ਪਰਕਾਸ਼, ਮਿੱਟੀ ਅੰਧ ਮੈਂ।
'ਤੂੰ ਸੈਂ ਟੁਕੜਾ ਨੂਰ ਦੇਹੀ ਜਾਣਿਆਂ,
'ਤੂੰ ਸੈਂ ਪ੍ਰੇਮ ਪ੍ਰਕਾਸ਼, ਸੁਹਣਾ ਜਾਣਕੇ
'-ਪਤੀ ਜਾਣਕੇ-ਨਿੱਤ ਤੈਨੂੰ ਸੇਵਿਆ।
'ਤੂੰ ਸੈਂ ਚਾਨਣ ਸਾਫ਼, ਅੰਨ੍ਹੀ ਮੈਂ ਰਹੀ;
'ਮੇਰੀ ਬੁੱਧਿ ਮਲੀਨ ਅਟਕੀ ਦੇਹ ਤੇ:
'ਹਾਇ ! ਬਖਸ਼ ਤੂੰ ਆਪ "ਤੇਰੀ" ਆਖਦੇ'।

ਇਉਂ ਕਹਿ ਰੋਈ ਫੇਰ, ਹੰਝੂ ਆ ਚੜ੍ਹੇ।
ਨੈਣ ਵਹਿਣ; ਦਰਿਯਾਉ ਮਾਨੋਂ ਕਾਂਗ ਸੀ।
ਸਖੀ ਪੂੰਝਦੀ ਜਾਇ, ਬੱਸ ਨ ਹੋਂਵਦੀ,
ਭਿੱਜ ਗਏ ਰੁਮਾਲ ਸੁੱਕਣ ਨੈਣ ਨਾ,
ਸਾਵਣ ਛਹਿਬਰ ਸੀਗ ਮਾਨੋ ਪੈ ਰਹੀ।
ਰੋਂਦੀ ਰੋਂਦੀ ਫੇਰ, ਆਹ ਇਉਂ ਮਾਰਦੀ:-

ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ ॥
ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ॥
{ਮਾ: ਡ: ਮ: ੫, ੨}

ਇਹ ਕਹਿ ਨਿਕਲੀ ਬਾਰ੍ਹ ਰੁਮਕੇ ਹੋ ਤੁਰੀ,
ਸਖੀ ਰਹੀ ਅਟਕਾਇ, ਅਟਕੀ ਨਾ ਰਹੀ।
ਡਾਢੀ ਬੇ ਪਰਵਾਹ ਵਾਂਙੂ ਪੌਣ ਦੇ
ਸਿੱਧੇ ਜਾਂਦੀ ਰਾਹ ਨਦੀ ਚੜ੍ਹਾਉ ਨੂੰ।
ਕਿਰਦੇ ਨਾਲੇ ਜਾਣ ਹੰਝੂ ਸੋਹਿਣੇ,
ਕਿਣਕੇ ਜਿੱਕੁਰ ਤ੍ਰੇਲ ਟਪਕਣ ਫੁੱਲ ਤੋਂ,
ਜਦੋਂ ਚਲੇਂਦੀ ਪੌਣ ਉਨ੍ਹਾਂ ਹਿਲਾਉਂਦੀ।

## ੨. ਬੁੱਤ

ਬੱਦਲ ਰਹੇ ਬਿਰਾਜ ਪਰਬਤ ਉੱਪਰੇ
ਕਾਲੇ ਰੂਪ ਵਿਸ਼ਾਲ, ਬੈਠੇ ਐਕੁਰਾਂ
ਜਿੱਕੁਰ ਹਾਥੀ ਹੋਣ ਬੈਠੇ ਥਾਉਂ ਥਾਂ।
ਇਨ੍ਹਾਂ ਬੱਦਲਾਂ ਕੇਰ ਕਿੰਗਰੇ ਉੱਚੜੇ
ਨਾਲ ਸੁਨਹਿਰੀ ਝਾਲ ਚਮਕੇ ਲਾਲ ਹੋ।
ਸੋਭਾ ਬਣੀ ਅਪਾਰ ਉੱਚੀ ਚੋਟੀਆਂ।

ਪੂਰਿਓਂ ਲਾਲੀ ਭਾਹ ਚਮਕਾਂ ਮਾਰਦੀ
ਲੁਕੀ ਬੱਦਲਾਂ ਹੇਠ ਬਨ ਬਨ ਪੈ ਰਹੀ।
ਭਾ ਲਾਲੀ ਦੀ ਫੇਰ ਪੂਰਿਓਂ ਪਸਰਦੀ
ਵਧਦੀ ਅੱਗੇ ਆਇ, ਤੇਜ ਵਧਾਂਵਦੀ।

ਕਿਰਨਾਂ ਵਾਲੇ ਬਾਣ ਫਿਰ ਤਾਂ ਆ ਗਏ।
ਫਿਰ ਸੂਰਜ ਜੀ ਆਪ ਉੱਚੇ ਆ ਚੜ੍ਹੇ।
ਸੋਨੇ ਪੰਘਰੇ ਵਾਂਙ ਟਿੱਕੀ ਏਸ ਦੀ
ਅੱਖਾਂ ਟਿਕਣ ਨ ਦੇਇ ਡਲ੍ਹਕਾਂ ਮਾਰਦੀ,
ਤ੍ਰਿੱਖੇ ਟੇਢੇ ਬਾਣ ਮਿੱਠੀ ਨਿੱਘ ਦੇ
ਉਸ ਪੱਧਰ ਵਿਚਕਾਰ ਆ ਆ ਪੈ ਰਹੇ।

ਇਸ ਚਾਨਣ ਵਿਚਕਾਰ ਪਜਾਰੀ ਜਾ ਰਹੀ,
ਤੁਰਦੀ ਵਾਂਙੂ ਹੰਸ ਚੜ੍ਹਦੀ ਵੱਲ ਨੂੰ।
ਆਇਆ ਸੁੰਦਰ ਬਾਗ ਨਦੀ ਕਿਨਾਰੜੇ,
ਗਿਰਦੇ ਦਿੱਤੀ ਵਾੜ ਸਦਾ ਗੁਲਾਬ ਦੀ।
ਜਿਸਦੇ ਬਾਹਰ ਵਾਰ ਝਰਨੇ ਦਾਰ ਸੀ
ਸੁੰਦਰ ਖਿੱਚੀ ਕੰਧ ਅਬਰੀ ਸੰਗ ਦੀ।
ਸਿੰਘਪੌੜ ਸਮ ਦੂਾਰ ਡੇਉਢਿ ਉਸਰਿਆ,
ਕਾਰੀਗਰੀ ਅਪਾਰ ਦੱਸੇ ਸੋਹਿਣੀ।

ਪਹਿਰੇਦਾਰ ਨ ਦੂਤ ਕੋਈ ਸੀ ਖੜਾ,
ਬੂਹਾ ਖੁਲ੍ਹਾ ਸੀਗ, ਅੰਦਰ ਜਾ ਵੜੀ:
ਚੰਬੇ ਕਜਾਰੀ ਵਿੱਚ ਪਹੁੰਚੀ, ਸੋਹਿਣੀ
ਫਿਰਦੀ ਤੋੜੇ ਫੁੱਲ ਝੋਲੀ ਪਾਉਂਦੀ,
ਫੇਰ ਸੇਉਤੀ ਫੁੱਲ ਤੋੜੇ ਸੋਹਿਣੇ।
ਇੱਕੁਰ ਸਾਰੇ ਬਾਗ਼ ਤੁਰਦੀ ਝੂੰਮਦੀ;
ਜਿੱਥੇ ਸੁੰਦਰ ਫੁੱਲ ਖਿੜਿਆ ਦੇਖਦੀ
ਤੋੜ ਸੁ ਝੋਲੀ ਵਿੱਚ ਉਸ ਨੂੰ ਪਾਉਂਦੀ।
ਸਾਰੇ ਚੱਕਰ ਲਾਇ ਮੱਤੀ ਪ੍ਰੇਮ ਦੀ
ਲੋਰ ਆਪਣੇ ਵਿੱਚ ਫਿਰ ਕੇ ਆ ਗਈ।

ਇਕ ਕਿਨਾਰੇ ਹੌਜ਼ ਛੋਟਾ ਸੀ ਜਿਹਾ,
ਜਿਸ ਵਿਚ ਧਾਰਾ ਨੀਰ ਇਕ ਥੋਂ ਆਂਵਦੀ,
ਨਿਕਲ ਦੂਜਿਓਂ ਜਾਇ, ਮਿਲਦੀ ਕੂਲ੍ਹ ਨੂੰ।
ਆਡਾਂ ਕਈ ਬਣਾਇ ਫਿਰ ਇਸ ਹੌਜ਼ ਤੋਂ
ਫੇਰ ਬਗ਼ੀਚੇ ਵਿੱਚ ਪਾਣੀ ਫੇਰਿਆ,
ਜੋ ਸਾਰਾ ਹੀ ਬਾਗ਼ ਫਿਰਦਾ ਸਿੰਜਦਾ।
ਪੱਥਰ ਚਿੱਟੇ ਨਾਲ ਹੌਜ਼ ਬਣਾਇਆ,
ਕਾਲਾ ਮਰਮਰ ਸੰਗ ਜੜਿਆ ਨਾਲ ਸੀ,
ਜਿਸ ਕਾਰਨ ਇਹ ਹੌਜ਼ ਬਨ ਬਨ ਪੈ ਰਿਹਾ,
ਨੀਰ ਬਰਫ਼ ਦਾ ਸਾਫ ਵਾਂਙ ਬਲੌਰ ਦੇ
ਸੋਭਾ ਦੇਇ ਅਪਾਰ ਇਸ ਵਿਚ ਦੌੜਦਾ।

ਕੰਢੇ ਇਸ ਦੇ ਆਣ ਬੈਠੀ ਸੋਹਿਣੀ,
ਝੋਲੀ ਨੂੰ ਉਲਟਾਇ ਪਲਟੇ ਫੁੱਲ ਓ
ਕਰਵਾਯਾ ਇਸ਼ਨਾਨ ਫੁੱਲਾਂ ਸਾਰਿਆਂ।
ਫਿਰ ਡਾਢੇ ਹਿਤ ਨਾਲ ਗੁੰਦ ਬਣਾਂਵਦੀ
ਸਿਹਰੇ, ਮਾਲ, ਤ੍ਰਿਮਾਲ ਲੜੀਆਂ ਵਾਲੀਆਂ।
ਫਿਰ ਏਨ੍ਹਾਂ ਵਲ ਦੇਖ ਮੁੜ ਮੁੜ ਵੇਖਦੀ:
ਵੇਖ ਵੇਖ ਬੇਹਾਲ ਹੋਈ ਜਾਂਵਦੀ।
ਰੋ ਰੋ ਕਹਿੰਦੀ, 'ਹਾਇ, ਏ ਕੀ ਵਰਤਿਆ?
'ਸੀ ਕੀ ! –ਹੋਯਾ ਕੀਹ? 'ਹਾ !–ਕੀ ਹੋ ਗਿਆ?
'ਹੁਣ ਕਿੱਥੋਂ ਉਹ ਆਇ ਸਿਹਰੇ ਖੁਹ ਲਏ
'ਦੇਵੇ ਵਿੱਚ ਰੁੜ੍ਹਾਇ ਵਗਦੇ ਹੌਜ਼ ਦੇ?
'ਮੈਂ ਮਾਰਾਂ ਇਕ ਛਾਲ ਪਕੜਨ ਵਾਸਤੇ;
'ਉਹ ਟੁੱਭੀ ਇਕ ਮਾਰ ਦੇਵੇ ਪਾਣ ਨਾ
'ਗਲ ਸਿਹਰੇ ਤੇ ਮਾਲ, ਕਰ ਅਟਖੇਲੀਆਂ।
'ਫਿਰ ਲੁਕ ਜਾਵੇ ਨੱਸ ਭਿੱਜੇ ਬਸਤਰੀਂ
'ਓਹਲੇ ਬੂਟੇ ਬ੍ਰਿੱਛ, ਮਿਲੇ ਨ ਟੋਲਿਆਂ,
'ਫਿਰ ਆਪੇ ਹੀ ਆਣ ਸਿਹਰੇ ਪਾ ਲਵੇ।

'ਵਾਹ ਪਜਾਰੇ ਜੀ ਜਾਨ ! ਖੇਡੇ ਆਪ ਹੋ
'ਖੇਡ ਅਨੋਖੀ ਏਹ: ਲੱਭੋ ਹੀ ਨਹੀਂ।
'ਲਭਦੀ ਹਾਰੀ ਹਾਇ ! ਨਿਕਲੋ ਤਾਂ ਕਦੀ:
'ਦੇਵੋ ਦਰਸ ਦਿਖਾਇ, ਦਰਸ਼ਨ ਲੋਚਦੀ।
'ਤਰਸ ਕਰੋ ਮੈਂ ਨਾਰ ਕੱਲੀ ਹਾਂ ਰਹੀ:
'ਕੱਲੀ ਛੱਡਣ ਜੋਗ ਨਾਰ ਨ ਹੋਂਵਦੀ।'

ਫਿਰ ਚੜ੍ਹਿਆ ਕਰ ਜ਼ੋਰ ਨੈਣੀ ਨੀਰ ਆ,
ਛੁੱਟੇ ਹੌਂਝੋਂ ਮਾਰ ਨਾਰੇ ਏਸ ਨੂੰ।



ਬੁੱਤ

 www.sikhbookclub.com

ਪਰ ਤੱਤਾ ਉਹ ਨੀਰ ਠੰਢਕ ਲੈਣ ਨੂੰ
ਧਾ ਆਵੇ ਕਰ ਜ਼ੋਰ ਬਹੁਤਾ ਅੱਖੀਓਂ:
ਤੱਤੇ ਹੰਝੂ ਡਿੱਗ ਹੌਜ਼ੇ ਰਲ ਰਹੇ।
ਫਿਰ ਠੰਢੇ ਲੈ ਸ੍ਵਾਸ ਉੱਠੀ ਸੋਹਿਣੀ,
ਚਲੀ ਸੁਗੰਧੀ ਵਾਂਙ ਬਾਗ਼ ਵਿਚਾਲੜੇ
ਏਸ ਬਗ਼ੀਚੇ ਵਿੱਚ ਗਭਲ ਥਾਉਂ ਤੇ,
ਬਣਿਆ ਚੌੜਾ ਸੀਗ ਲਾਲ ਚਬੂਤਰਾ।
ਪਰ ਹੁਣ ਏਥੇ ਹੋਰ ਮੰਦਰ ਹੈ ਖੜਾ,
ਜੋ ਹੈ ਪੱਥਰ ਲਾਲ ਨਾਲ ਬਣਾਇਆ;
ਉੱਪਰ ਗੁੰਬਦ ਗੋਲ ਲਾਂਕੇ ਕਲਸੀਆਂ,
ਸਾਵੇ ਬਨ ਵਿਚਕਾਰ ਫਬਦਾ ਸੋਹਿਣਾ।
ਤੁਰਦੀ ਤੁਰਦੀ ਆਇ ਪੁਤਲੀ ਪ੍ਰੇਮ ਦੀ
ਪਹੁੰਚੀ ਬੂਹੇ ਪਾਸ, ਬੂਹਾ ਖੋਲ੍ਹਿਆ,
ਬਾਰੀਆਂ ਬਾਰਾਂ ਹੋਰ ਹੈ ਸਨ ਖੁਲ੍ਹੀਆਂ,
ਜਿਨ੍ਹਾਂ ਰਸਤਿਓਂ ਪੌਣ ਆ ਜਾ ਸੀ ਰਹੀ।
ਅੰਦਰ ਅੱਧ ਵਿਚਾਲ ਚਿੱਟਾ ਹੈ ਥੜਾ।
ਏਸ ਥੜੇ ਤੇ ਬੁੱਤ ਕੀਤਾ ਹੈ ਖੜਾ,
ਪੂਰੇ ਆਦਮ ਕੱਦ ਮਰਮਰ ਸੰਗ ਦਾ।
ਮੂਰਤ ਸੁੰਦਰ ਏਹ ਘੋੜ ਸਵਾਰ ਦੀ।
ਘੋੜਾ ਜਾਪੇ ਐਉਂ ਸਰਪਟ ਦੌੜਦਾ;
ਗੱਲਾਂ ਨਾਲ ਹਵਾਉ ਕਰਦਾ ਜਾਂਵਦਾ;
ਮਾਨੋ ਆਈ ਝੱਗ ਮੁੜਕੇ ਨ੍ਹਾ ਰਿਹਾ,
ਪਿੱਠੇ ਲੈ ਅਸਵਾਰ ਉਡਦਾ ਜਾਂਵਦਾ।

ਕੈਸਾ ਹੈ ਅਸਵਾਰ ? ਜੋਧਾ ਸਿੰਘ ਹੈ:
ਉਮਰਾ ਪੰਝੀ ਤੀਹ, ਉਮਡੇ ਜੋਬਨਾ।
ਡੀਲ ਸੁਡੌਲ ਅਪਾਰ, ਚਿਹਰੇ ਖਿੱਚਿਆ
ਸੁੰਦਰਤਾ ਨੂੰ ਮੋਹ ਅਪਣੀ ਵੱਲ ਨੂੰ।
ਜਿਸਦੀ ਛਬਿ ਨੂੰ ਦੇਖ ਛਬਿ ਬੀ ਸੌਂ ਗਈ,
ਮਾਨੋ ਸੀ ਅਵਤਾਰ ਇਹ ਸੁਹਣੱਪ ਦਾ।
ਬੈਠਾ ਚੁਸਤ ਜਮਾਇ ਪਟੜੀ ਰਾਨ ਹੈ।
ਬਾਂਕਾ ਹੈ ਸਭ ਡੌਲ ਮੱਥੇ ਤੇਜ ਹੈ।
ਪਰ ਇਕ ਵਾਧਾ ਹੋਰ ਇਸ ਪਰ ਹੋਇਆ:
ਸੁਹਣਾ ਨਾਲੇ ਨੇਕ ਗੁਰਮੁਖ ਸੰਤ ਹੈ,
ਦਾਤਾ ਪੂਰਨ ਨਾਲ ਬੀਰ ਅਪਾਰ ਹੈ,
ਛਬਿ ਦੀ ਹੈ ਜਿਉਂ ਖਾਣ, ਤਿਉਂ ਗੁਣ ਖਾਣ ਹੈ।
ਹੋਕੇ ਗੁਣ ਦੀ ਖਾਣ ਮਾਲਕ ਯਾਦ ਹੈ।
ਰਖਿਆ ਹਿਯੇ ਪਰੋਇ ਸਾਈਂ ਨਾਮ ਨੂੰ।
ਰੋਮ ਰੋਮ ਵਿਚ ਰਾਮ ਤਿਸਦੇ ਰੌਂ ਰਿਹਾ।
ਚਾਰ ਚੁਫੇਰੇ ਰੱਬ ਹਾਜ਼ਰ ਨਾਜ਼ਰਾ,
ਜ਼ਾਹਿਰ ਅੰਦਰ ਬਾਰ੍ਹ ਉਸ ਨੂੰ ਭਾਸਦਾ;

ਵਣਤਿਣ ਪਰਬਤ 'ਵਾਹਿ ਗੁਰ' ਗੁਰ, ਦੇਖਕੇ
ਨਾਮੀ ਨਾਮ ਅਭੇਦ ਆਤਮ ਵੱਸਿਆ।
ਉਸ ਦੇ ਹਿਰਦੇ ਪ੍ਰੇਮ –ਪੂਰਨ ਪ੍ਰੇਮ ਹੈ,
ਉਸਦੇ ਕਾਰਜ ਪ੍ਰੇਮ, ਬਾਣੀ ਪ੍ਰੇਮ ਹੈ,
ਫੁਰਨੇ ਬੀ ਹਨ ਪ੍ਰੇਮ, ਪ੍ਰੇਮ ਸਰੂਪ ਹੈ।
ਜਾਣੇ ਗੁੱਝੇ ਭੇਤ ਸਿੱਖੀ ਵਾਲੜੇ।
ਉਮਰਾ ਛੋਟੀ ਸੀਗ, ਅਕਲਾਂ ਸਾਰੀਆਂ
ਉਸ ਵਿਚ ਪਾਯਾ ਵਾਸ, ਜਿੱਕੁਰ ਤਾਰਿਆਂ।
ਪੁਤਲੀ ਅੱਖ ਵਿਚਾਲ ਪਾਇਆ ਵਾਸ ਹੈ।
ਮੂਰਤ ਪੱਥਰ ਸੀਗ ਏਸ ਸੁਜਾਨ ਦੀ;
ਬਣੀ ਉਤਾਰਾ ਠੀਕ –ਅਸਲੀ ਜਾਪਦੀ:
ਮਾਨੋ ਸਚਮੁਚ ਆਪ ਪੋਯੇ ਜਾਂਵਦਾ।

ਬੂਹੇ ਵੜੀ ਜੁ ਰਾਜ ਹੋਈ ਬਾਉਲੀ;
ਠਿਟਕੀ ਵਿੱਚ ਦਲ੍ਹੀਜ ਟਕ ਲਾ ਦੇਖਦੀ:
ਡਲ੍ਹ ਡਲ੍ਹ ਡਲ੍ਹਕੇ ਨੀਰ ਅਖੀਓਂ ਉੱਛਲੇ।
ਜੋੜੇ ਦੋਵੇਂ ਹਥ ਸਹਿਜੇ ਆਖਦੀ:–
'ਠਹਿਰੀਂ ਟੁਕ ਦਮ, ਮੀਤ ! ਸਦਕੇ ਜਾਨੀਆਂ।
'ਸਰਪਟ ਅੱਸ੍ਵ ਨ ਸੱਟ, ਨਿਰਬਲ ਨਾਰਿ ਹਾਂ,
'ਦੌੜ ਨ ਸੱਕੂੰ ਪਹੁੰਚ, ਦੌੜ ਨ ਜਾਣਦੀ।
'ਠਹਿਰੀਂ, ਇਕ ਪਲਕਾਰ: ਠਹਿਰੀਂ ਠਹਿਰ ਜਾ।
'ਗੁਰੂ ਦੁਹਾਈ ਮੰਨ, ਵਾਗਾਂ ਠੱਲ੍ਹ ਲੈ।
'ਚਰਨ ਪਰਸ ਇਕ ਵਾਰ ਮੈਨੂੰ ਲੈਣ ਦੇ,
'ਪਰਦਖਣਾ ਇਕ ਵਾਰ ਕਰ ਮੈਂ ਲੈਣ ਦੇ,
'ਚੁੰਮਾਂ ਪੈਰ ਰਕੇਬ ਵਾਰਾ ਕਰ ਲਵਾਂ,
'ਸਿਹਰੇ ਮਾਲਾ ਹਾਰ ਜਦ ਮੈਂ ਪਾ ਚੁਕਾਂ,
'ਅੱਡੀ ਲਾਕੇ ਫੇਰ ਅੱਗੇ ਜਾਵਣਾ।

'ਆਈਆਂ ਆਸਾ ਧਾਰ ਮੋੜ ਨ ਸੱਖਣੀ:
'ਆਈਆਂ ਤੇਰੇ ਦ੍ਵਾਰ ਭਾਗੀ ਹੇ ਭਰੇ !'

ਇਉਂ ਕਹਿੰਦੀ ਕਰ ਜੋੜ ਅੰਦਰ ਜਾਂਵਦੀ,
ਕਰ ਪਰਦਖਣਾ ਸੀਸ ਚਰਨਾਂ ਤੇ ਧਰੇ,
ਚੁੰਮੇ ਕਿੰਨੀ ਵਾਰ ਰੱਜ ਨ ਆਂਵਦੀ।
ਫਿਰ ਸਿਹਰੇ ਲੈ ਹੱਥ, ਹੱਥ ਉਚਾਉਂਦੀ:
ਨੀਵੀਂ ਨਿਰਬਲ ਨਾਰ ਹੱਥ ਨ ਅੱਪੜੇ !
ਹੰਝੂ ਕਿਰਦੇ ਫੇਰ, ਰੋ ਰੋ ਆਖਦੀ:-

'ਸੀਸ ਨਿਵਾਉ ਸੁਜਾਨ ! ਸਿਹਰਾ ਪਾ ਲਵਾਂ:
'ਉੱਚੀ ਹੈ ਦਸਤਾਰ, ਹੱਥ ਨ ਅੱਪੜੇ।
'ਮਾਲਾ ਲਓ ਪੁਵਾਇ ਪਿਆਰੇ ਕੰਤ ਜੀ !
'ਮੈਂ ਨਿਰਬਲ ਹਾਂ ਨਾਰ ਉੱਚੇ ਆਪ ਹੋ:
'ਕਿਰਪਾ ਕਰੋ ਕ੍ਰਿਪਾਲ, ਸਿਰ ਨਿਹੁੜਾਇ ਕੇ
'ਦਾਸੀ ਲਓ ਨਿਵਾਜ -ਲੜ ਜੋ ਹੈ ਲਗੀ,
'ਪੂਰਨ ਕਰਿਓ ਆਸ ਸਿਕਦੀ ਨਾਰ ਦੀ।'

ਇਹ ਕਹਿ ਅਡੀਆਂ ਚੱਕ ਹੱਥ ਉਚਾਉਂਦੀ।
ਹੱਥ ਨ ਪਹੁੰਚਨ ਹਾਇ ! ਨਿਵੇਂ ਨ ਸੀਸ ਓ,
ਤਰਸ ਨ ਛਡਦੀ ਸੰਗ, ਹਟਦੀ ਸਿੱਕ ਨਾ,
ਸਗੋਂ ਵਧੇਂਦੀ ਜਾਇ ਕਰਦਿਆਂ ਐਕੁਰਾਂ।
ਫਾਥੀ ਔਕੜ ਅੱਤਿ, ਅਹੁੜੇ ਕੁੱਝ ਨਾਂ,
ਧਰਨਾ ਪੈਰ ਰਕੇਬ ਬੜੀ ਬਿਅੱਦਬੀ;
ਕੀਕਰ ਪੂਰਨ ਹੋਇ ਆਸ ਅਨੋਖੜੀ ?
ਕਰੇ ਉਚੇਰੇ ਹੱਥ ਅਡੀਆਂ ਚੱਕ ਕੇ,
ਤਰਸੇ ਪ੍ਰੇਮਣ ਅੱਤਿ ਸਿਹਰਾ ਪਾਣ ਨੂੰ।
ਆਇਆ ਇੱਕ ਉਬਾਲ ਚੜ੍ਹਿਆ ਸੀਸ ਨੂੰ;
ਯਾਦਾਂ ਸੱਭੇ ਯਾਦ ਵਿੰਨ੍ਹਣ ਆਈਆਂ;
ਟੁੱਟਾ ਰਿਦਾ ਕੜੱਕ ਚੱਕਰ ਆ ਗਿਆ;
ਖਾਇ ਭੁਆਟੀ ਨਾਰ ਡਿੱਗੀ ਧਰਤ ਤੇ
ਮੂਰਤ ਵਰਗੀ ਹੋਇ ਮੂਰਤ ਸਾਮ੍ਹਣੇ,
ਸੱਥਰ ਪਈ ਚੁਫਾਲ, ਪੱਥਰ ਜਾਪਦੀ,
ਬੁੱਤ ਦੇ ਪੈਰੀਂ ਬੁੱਤ ਮਾਨੋਂ ਪੈ ਰਿਹਾ:

ਪਈ ਰਹੀ ਇਸ ਡੌਲ ਕਿਤਨਾ ਕਾਲ ਹੀ।
ਸਖੀ ਰਹੀ ਸੀ ਨਾਲ ਪਿੱਛੇ ਆਂਵਦੀ,
ਫਿਰ ਉਸ ਬਾਗ਼ ਵਿਚਾਲ ਉਹਲੇ ਸੀ ਰਹੀ;
ਫਿਰ ਮਾਲਣ ਦੀ ਟੋਲ ਕਰਦੀ ਸੀ ਫਿਰੀ।
ਉਸ ਨੂੰ ਕਿਤੇ ਨ ਦੇਖ, ਸਾਰੇ ਟੋਲਦੀ
ਆਈ ਅੰਦਰ; ਦੇਖ, ਤ੍ਰਹਕੀ ਅੱਤਿ ਹੀ:
ਦੰਦਾਂ ਹੇਠ ਦਬਾਇ ਬੁੱਲ੍ਹਾਂ ਟੁੱਕਦੀ;
ਫਿਰ ਲੰਮਾ ਲੈ ਸਾਸ 'ਹਾ ਹਾ' ਆਖਦੀ:
'ਇਹ ਜੀਵੇਗੀ ਨਾਹਿੰ ਕੁੱਠੀ ਪਰੇਮ ਦੀ;
'ਖਾਣਾ ਪੀਣਾ ਤਜਾਗ ਹੋਈ ਬਾਉਲੀ;
'ਠੰਢੇ ਲੈਂਦੀ ਸ੍ਵਾਸ ਰੋਂਦੀ, ਕੂਕਦੀ।
'ਰੋਂਦਯਾਂ ਭਿੱਜਣ ਹੱਥ ਭਰਦੇ ਬੁੱਕ ਨੇ,
'ਸੁਕਦੇ ਫੇਰ ਨ ਹੰਝੂ ਪਾਟੇ ਕੜ ਜਿਵੇਂ,
'ਕਿਚਰਕੁ ਜੀਵਣ ਹੋਇ? ਐਕੁਰ ਰੋਂਦਿਆਂ
'ਅੰਤ ਹਾਰ ਕੇ ਜਿੰਦ ਦੇਹੋਂ ਨੱਠਸੀ'
ਫਿਰ ਭਰ ਅੱਖਾਂ ਆਪ ਅੱਗੇ ਹੋਇਕੇ।
ਦੇਖੇ ਦੇਹ ਬਿਹੋਸ਼ ਪੱਥਰ ਹੈ ਪਈ।
ਫਿਰ ਦੌੜੀ ਉਠ ਬਾਰ੍ਹ ਅੱਗੋਂ ਆਉਂਦੀ
ਮਾਲਣ ਮਿਲੀ ਸੁਜਾਨ, ਉਸ ਨੂੰ ਡਾਂਟਦੀ:
'ਕਿਉਂ ਕੱਲਾ ਛਡ ਬਾਗ਼ ਕਿਧਰੇ ਸੈਂ ਗਈ?
'ਕਿਉਂ ਹਾਜ਼ਰ ਨਹਿੰ ਸੀਗ ਰਾਣੀ ਆਇਆਂ?
'ਇਤਨਾ ਕਿੱਥੇ ਕਾਲ ਹਈ ਬਿਤਾਇਆ?
'ਮਾਲੀ, ਰਾਖਾ ਨਾਂਹਿ ਹਾਜ਼ਰ ਹੈ ਕੁਈ !
'ਕਿੱਥੇ ਗ਼ਰਕੇ ਸੀਗ ਸਾਰੇ ਜਾ ਤੁਸੀਂ?
'ਸੱਭੇ ਤੀਰੀ ਲੇਖ ਕੀਤੇ ਜਾਣਗੇ।'

ਮਾਲਣ ਜੋੜੇ ਹੱਥ ਪੱਲਾ ਪਾ ਗਲੇ,
ਕਹਿੰਦੀ: 'ਸਖੀ ਸੁਜਾਨ ! ਸਾਡਾ ਦੋਸ਼ ਨਾਂ;
'ਰਾਣੀ ਜੀ ਨੇ ਆਪ ਹੁਕਮ ਚੜ੍ਹਾਇਆ:
' "ਸੂਰਜ ਚੜ੍ਹਦੇ ਲਾਗ ਸਾਰੇ ਦਾਸ ਜੋ
' "ਬਾਗ਼ੋਂ ਜਾਵੇ ਬਾਰ੍ਹ, ਨੇੜੇ ਨਾ ਰਹੋ।
' "ਹੋ ਜਾਵਾਂ ਜਦ ਬਾਗ਼ ਆਇਆ ਤਦ ਕਰੋ।
' "ਮੈਨੂੰ ਹੈਵੇ ਲੋੜ 'ਕੱਲ ਇਕਾਂਤ ਦੀ"।
'ਏਸ ਹੁਕਮ ਅਨੁਸਾਰ ਦਾਸ ਦੁਰਾਡ ਸੇ;
'ਬਖਸ਼ੋ ਹੋਇ ਕ੍ਰਿਪਾਲ ! ਮੰਗਾਂ ਮੈਂ ਖਿਮਾਂ।'

ਏ ਸੁਣ ਉਤ੍ਰ, ਨਿਰੁੱਤ੍ਰ ਹੋਈ, ਆਖਦੀ:-
'ਨੱਠ, ਮਹਿਲ ਨੂੰ ਜਾਹੁ, ਰਾਣੀ ਮਾਤ ਨੂੰ
'ਕਹੁ:"ਰਾਣੀਜੀ 'ਰਾਜ' ਪਲਾਂ ਕਿ ਹੈ ਘੜੀ
' "ਲੈ ਕੇ ਨਾਲ ਹਕੀਮ, ਮਹਿਰੇ, ਪਾਲਕੀ
' "ਪਹਿਰੇ ਦਾਰਾਂ ਨਾਲ ਛੇਤੀ ਅੱਪੜੋ"।'

ਆਪ ਹੁਕਮੁ ਇਹ ਦੇਇ ਅੰਦਰ ਆ ਗਈ;
ਸੁੱਕੇ ਬਸਤਰ ਨਾਲ ਤਲੀਆਂ ਝੱਸਦੀ;
ਛੱਟੇ ਚਿਹਰੇ ਮਾਰ, ਬਾਹਾਂ ਟੁੰਬਦੀ-
ਕਿਵੇਂ ਹੋਸ਼ ਆ ਜਾਇ ਪਜਾਰੀ ਰਾਜ ਨੂੰ।

ਉੱਧਰ ਮਾਲਣ ਦੌੜ ਮਹਿਲੀਂ ਅੱਪੜੀ,
ਦਿੱਤੀ ਖ਼ਬਰ ਪੁਚਾਇ ਰਾਣੀ ਮਾਤ ਨੂੰ:-
'ਰਾਜ ਕੌਰ ਅਜ ਜਾਇ ਸੁੱਤੀ ਜੰਗਲੀਂ
'ਬੁਤ ਰਾਣੇ ਦੇ ਪਾਸ ਪੱਥਰ ਹੋ ਪਈ,
'ਕੋਈ ਕੋਈ ਸ੍ਵਾਸ ਮੱਧਮ ਆਉਂਦਾ;
'ਸਖੀ ਅੰਤ੍ਰੰਗ ਪਾਸ ਸੇਵਾ ਕਰ ਰਹੀ:
'ਵੈਦ-ਰਾਜ ਨੂੰ ਨਾਲ ਲੈਕੇ ਅੱਪੜੋ'।

ਸੁਣ ਇਹ ਮਾੜੀ ਸੋਇ -ਖ਼ਬਰ ਡਰਾਉਣੀ,
ਰਾਣੀ 'ਚੰਦਰ ਕੌਰ' ਰੋਈ ਬੇਵਸੀ;
ਉਛਲ ਕਲੇਜਾ ਬਾਰੁ ਮੂੰਹ ਨੂੰ ਆਗਿਆ
'ਹਾਇ ਨਿਕਰਮਣ ਹਾਇ! ਤੱਤੀ ਮਾਉਂ ਮੈਂ !
'ਕਿਉਂ ਜੰਮੀ ਧੀ ਏਹ ! ਪੁਤਲੀ ਪ੍ਰੇਮ ਦੀ,
'ਬਿਰਹੋਂ ਪੀੜਾ ਨਾਲ ਜੋ ਹੈ ਮਰ ਮਿਟੀ !
'ਸੁੱਖੇ ਲੱਧੀ, ਹਾਇ ! ਵਹਿਣੀਂ ਜਾ ਪਈ,
'ਥੱਕੀ ਵਾਹਾਂ ਲਾਇ ਪੇਸ਼ ਨ ਜਾਂਵਦੀ !
'ਦੌੜੋ, ਕੁੜੀਓ! ਦੌੜ, ਡੋਲੀ ਲੈ ਲਓ
'ਲਓ ਵੈਦ ਨੂੰ ਨਾਲ ਛੇਤੀ ਚੱਲੀਏ।'

ਹੁਕਮੁ ਹੋਣ ਦੀ ਡੇਰ ਸੀਗੀ ਏਸ ਦੀ,
ਸਭ ਕਿਛੁ ਹੋਯਾ ਤਯਾਰ ਅੱਖ ਝਮੱਕਿਆਂ।
ਪਲੋ ਪਲੀ ਵਿਚ ਆਪ ਡੋਲੀ ਬੈਠ ਕੇ
ਲੈਕੇ ਬਾਂਦੀਆਂ ਨਾਲ ਨਾਲੇ ਵੈਦ ਨੂੰ
ਪਹੁੰਚੀ ਜੰਗਲ ਜਾਇ ਵਿੱਚ ਬਗ਼ੀਚੜੇ;
ਡਿੱਠੀ ਜਾ ਕੇ ਆਪ ਬਚੜੀ ਆਪਣੀ:
ਪੱਥਰ ਵਾਂਗ ਸਥਾਰ ਸੱਥਰ ਲੱਥੜੀ;
ਬੇਵਸ ਮਾਰੀ ਆਹ; ਕਹਿੰਦੀ: 'ਬੱਚੀਏ !
'ਕੀ ਖੇਡੀ ਆ ਖੇਡ ਖੇਡ ਅਪੁੱਠਵੀਂ !
'ਤੂੰ ਰਾਣੀ, ਸਿਰਤਾਜ, ਮਾਲਕ ਦੇਸ਼ ਦੀ;
'ਦੁਨੀਆਂ ਤੇਰੇ ਪੈਰ, ਤਰਸੇ ਪੂਜਣੇ,
'ਸੌਂਪੀ ਅਪਣੀ ਵਾਗ ਵਹਿਣਾਂ ਹੱਥ ਤੂੰ;
'ਪੱਥਰ ਪੈਰੀਂ ਲੱਗ ਪੱਥਰ ਹੋ ਗਈ।
'ਪੱਥਰ ਕੋਲੋਂ ਦਾਤ ਲੱਭੀ ਏ ਹਈ:
'ਪੱਥਰ ਹੋਈਓਂ ਆਪ ਪੱਥਰ ਸੇਂਵਦੀ !
'ਕੌਣ ਕਰੇ ਸੁਰਜੀਤ ਬੱਚੀ ਤੁੱਧ ਨੂੰ !
'ਹਾ ਹਾ ਮੇਰੇ ਭਾਗ ! ਕੁਲ ਦਾ ਦੀਪ ਏ,
'ਛੇਕੜ ਦਾ ਹੈ ਚਿੰਨ੍ਹ; ਬੁਝਿਆ ਚਾਹੁੰਦਾ !
'ਤੇਲ ਉਮਰ ਦਾ ਪਾਇ ਕੋਈ ਰੱਖ ਲੌ !'

ਏ ਕਹਿ ਬਿਹਬਲ ਹੋਇ ਗਲ ਨੂੰ ਲਾ ਲਈ
ਧੀ ਦੀ ਠੰਢੀ ਲੋਥ ਪਈ ਜੁ ਮੂਰਛਾ।
ਵੈਦਰਾਜ ਸੰਭਾਲ ਕੀਤੀ ਸੋਹਿਣੀ:
ਮਾਤਾ ਪਰੇ ਹਟਾਇ ਅੱਗੇ ਹੋਇਕੇ
ਦੇਖੀ ਨਾੜ ਢੰਡੋਲ, ਰੋਗ ਪਛਾਣਿਆ,
ਕੀਤਾ ਕੁਝ ਉਪਚਾਰ ਡੋਲੀ ਪਾਇਕੇ
ਮਹਿਲਾਂ ਵਿੱਚ ਲਿਆਇ ਲੱਗਾ ਸੇਵ ਨੂੰ;
ਮਾਲਸ਼ ਨਾਲ ਦੁਵਾਇ, ਨਰਮ ਕਰਾਉਂਦਾ।
ਇਉਂ ਕੁਝ ਜਤਨਾਂ ਨਾਲ ਪਰਤੀ ਹੋਸ਼ ਜਾਂ
ਦਿੱਤਾ ਤਦੋਂ ਖੁਵਾਲ ਸੋਨਾ ਮਾਰਿਆ।

ਭੋਲੇ ਵੈਦ! ਅਵਾਣ! ਸੋਨਾ ਕੀ ਕਰੂ ?
ਆਤਮ ਲੋੜੇ ਓਹ ! ਦੇਵੇਂ ਧਾਤੁ ਤੂੰ !
ਓ ਲੋੜੇ ਹੈ ਜਿੰਦ: ਦੇਹਿਂ ਨਜਿੰਦ ਤੂੰ !
ਉਲਟੇ ਦਾਰੂ ਵੈਦ ਕਰਨ; ਜਿ ਪ੍ਰੇਮ ਦੇ
ਰੋਗੀ ਓਹਨਾਂ ਪਾਸ, ਔਣ ਇਲਾਜ ਨੂੰ।

ਸਮੇਂ ਬੀਤਣੇ ਨਾਲ ਰਾਣੀ ਹੋ ਗਈ
ਪੂਰੀ ਹੀ ਸੁਰਜੀਤ -ਹੋਸ਼ਾਂ ਵਾਲੜੀ।
ਪਈ ਕਲੇਜੇ ਠੰਢ ਲੋਂਦੀ ਮਾਉਂ ਦੇ।
ਸਖੀ ਜੁ ਸੀਗੀ ਸੰਗ, ਛਾਯਾ ਵਾਕੁਰੇ

ਸਦਾ ਰਹੇ ਇਸ ਨਾਲ ਬੱਧੀ ਪਜਾਰ ਦੀ,
ਦੇਖ ਪਰਤਿਆ ਰੰਗ ਖ਼ੁਸ਼ੀ ਨ ਮੇਂਵਦੀ।
ਸਾਰੇ ਮਹਿਲ ਵਿਚਾਲ ਮੰਗਲ ਹੋਂਵਦੇ:
'ਨਵਾਂ ਜਨਮ ਹੈ ਰਾਜ ਦਾ ਫਿਰ ਹੋਇਆ।
'ਖ਼ੁਸ਼ੀਆਂ ਕਰੋ ਅਪਾਰ ਜਸ ਪ੍ਰਭੁ ਗਾਂਵਦੇ।'

## ੩. ਮਾਂਦ੍ਰੀ

ਦਿਨ ਢਲਿਆ, ਢਲ ਢੇਰ ਟਿੱਕੀ ਸੂਰ ਦੀ
ਪੱਛਮ ਰੁਖ ਨੂੰ ਜਾਇ ਢੇਰੀ ਓਹ ਬੀ
ਗ਼ਰਕੀ ਉਹਲੇ ਹੋਇ ਧਰਤੀ ਛਾਉਂ ਦੇ।
ਛਾਂ ਉਹ ਫੇਰ ਚੁਫੇਰ ਪਸਰਨ ਚਾਹੁੰਦੀ,
ਪਰ ਚਾਨਣ ਦੋਸਾਂਝ ਵਾਲਾ ਸੀ ਅਜੇ।
ਤਦੋਂ ਅਟਾਰੀ ਬੈਠ ਰਾਣੀ ਸੋਚਦੀ
ਸੋਚਾਂ ਅਮਿਤ ਅਪਾਰ ਮੁੱਕਣ ਨਾ ਕਦੀ,
ਸੋਚੋਂ ਸੋਚ ਨਿਕਾਸ ਹੁੰਦਾ ਜਾਂਵਦਾ;
ਬਣਦਾ ਜਾਇ ਜ਼ੰਜੀਰ ਵਧਦਾ ਮੁਰਕਦਾ।
ਸੋਚੋਂ ਬਣਿਆ ਸ਼ੋਕ ਕਈ ਕੁ ਫੇਰ ਖਾ।
ਨਿਗਲ ਗਿਆ ਏ ਸ਼ੋਕ ਸੋਚਾਂ ਸਾਰੀਆਂ।
ਦੇਹੀ, ਮਨ ਤੇ ਜਿੰਦ ਸ਼ੋਕ ਵਿਆਪਿਆ।
ਠੰਢੇ ਠੰਢੇ ਸਾਹ ਪਲ ਪਲ ਆਂਵਦੇ,
ਹੰਝੂ ਮੋਤੀ ਵਾਂਗ ਕਿਰਦੇ ਅੱਖੀਓਂ,
ਗਲ੍ਹਾਂ ਫੁੱਲ ਗੁਲਾਬ ਜਿਹੀਆਂ ਉੱਪਰੋਂ
ਢਲਕ ਢਲਕ ਢਲ ਜਾਣ ਡਿਗਦੇ ਧਰਾ ਤੇ।

ਮਾਤਾ ਸਕੇ ਨ ਦੇਖ ਧੀ ਦਾ ਹਾਲ ਏ।
ਕਹਿੰਦੀ: 'ਮੈਂ ਕੁਰਬਾਨ ਧੀਏ ਪਜਾਰੀਏ !
'ਛੇਤੀ ਹੋਸ਼ ਸੰਭਾਲ, ਵਹਿਣ ਤਿਆਗ ਦੇ।
'ਆਏ ਪਰਤ ਨ ਦੇਸ਼ ਮਰ ਕੇ ਜੋ ਗਏ।
'ਜੋ ਲੋਚੇ ਇਹ ਬਾਤ ਮਰਦਾ ਆਪ ਹੈ !
'ਭੱਜਜਾ ਬਣਦਾ ਨਾਂਹਿ ਬੁੱਤ ਸਰੀਰ ਦਾ !
'ਅਪਣਾ ਆਪ ਨ ਰੋੜ੍ਹ ਐਦਾਂ ਰੋਂਦਿਆਂ।
'ਰਾਜ ਕਾਜ ਸੰਭਾਲ ਕਾਰੇ ਲੱਗ ਤੂੰ,
'ਦਿਲ ਪਰਚੇਗਾ ਆਪ ਕਾਰੇ ਲੱਗਿਆਂ।
'ਫੱਟੇ ਦਿਲਾਂ-ਇਲਾਜ ਕਾਰੀ ਹੈ 'ਸਮਾਂ'।
'ਸਮਾਂ ਅੰਗੂਰ ਲਿਆਇ ਜ਼ਖਮ ਮਿਲਾਂਵਦਾ:
'ਸਮਾਂ ਆਪ ਹੈ ਵੈਦ, ਘਾਵਾਂ ਐਸਿਆਂ
'ਆਪੇ ਦੇਇ ਮਿਲਾਇ ਦਿਨਾਂ ਗੁਜ਼ਾਰ ਕੇ,
'ਪਰਚੀਂ ਕਾਰੇ ਲੱਗ, ਬਹਿਲੇਂ ਰੁੱਝ ਕੇ।
'ਭੁੱਲੇਗਾ ਦੁਖ ਆਪ, ਸਦਕੇ ਮੈਂ ਗਈ !'

ਇਹ ਸੁਣ ਮਾਤਾ ਬੈਨ ਰਾਣੀ ਬੋਲਦੀ:-
'ਤੂੰ ਸੁਣ ਭੋਲੀ ਮਾਉਂ ! ਮੇਰੀ ਬੇਨਤੀ:
'ਦੇਹੀ ਨਾਲ ਜੁ ਪ੍ਰੇਮ ਸਮਾਂ ਮਿਟਾਂਵਦਾ,
'ਸਮਾਂ ਪਾਇ ਭੁਲ ਜਾਇ, ਯਾਦੋਂ ਦੂਰ ਹੋ।
'ਇਕੋ "ਭੁੱਲ" ਇਲਾਜ ਪੱਲੇ 'ਕਾਲ' ਦੇ,
'ਜੋ ਕਾਰੀ ਲਗ ਜਾਇ ਦੇਹੀ-ਪ੍ਰੀਤਿ ਨੂੰ।
'ਸਮਾਂ ਵੈਦ ਹੈ ਠੀਕ, ਫੱਟਾਂ ਮੇਲਦਾ-
'ਦੇਹਜ-ਪ੍ਰੇਮ ਦੇ ਫੱਟ ਲੱਗੇ ਹੋਣ ਜੇ-।
'ਪ੍ਰੇਮ ਗੁਣਾਂ ਦਾ ਹੋਰ -ਆਤਮ-ਪ੍ਰੇਮ ਜੋ
'ਇਹ ਜੋ ਲਾਵੇ ਤੀਰ ਡੂੰਘਾ ਵਿੰਨ੍ਹਦਾ;
'ਇਸ ਵਿੱਝਣ ਦਾ ਫੱਟ ਸਮਾਂ ਨ ਮੇਲਦਾ।
'ਆਤਮ ਅਮਰ ਸਦੀਵ -ਆਤਮ ਨਾ ਮਰੇ,
'ਪ੍ਰੇਮ ਜੁ ਆਤਮ ਸੰਗ ਉਹ ਬੀ ਜੀਂਵਦਾ
'ਰਹੇ ਆਤਮਾ ਨਾਲ ਮਰਦਾ ਨਾ ਕਦੀ
'ਸਮਾਂ ਜੁ ਕਰੇ ਇਲਾਜ ਕਾਰੀ ਨਾ ਪਵੇ।
'ਭੁੱਲ ਨ ਸਕਦੀ ਆਇ: ਓਥੇ "ਯਾਦ" ਹੈ
'ਅੱਗੇ ਬਰਛੀ ਖਿੱਚ ਹਰਦਮ ਜਾਗਦੀ।
'"ਭੁੱਲ" ਡੈਣ ਨੂੰ "ਯਾਦ" ਮਾਰ ਮੁਕਾਂਵਦੀ,
'ਜਾਵੇ ਰਤਾ ਨ ਪੇਸ਼ ਓਥੇ "ਕਾਲ" ਦੀ।
''ਯਾਦ' ਜੁ ਆਤਮ ਵਿੱਚ ਮਿਟਦੀ ਨਾ ਕਦੀ।
'ਪ੍ਰੇਮ ਸਦਾ ਸੁਰਜੀਤ -ਆਤਮ-ਪ੍ਰੇਮ ਜੋ,
'ਸਮਾਂ ਨ ਕੋਈ ਚੀਜ਼, ਹੈ ਤਾਂ ਜਿੰਦ ਨਾ।
'ਜੜ੍ਹ ਚੇਤਨ ਆਧੀਨ, ਚੇਤਨ ਹੈ ਬੜਾ।
'ਜੜ੍ਹ ਕਰ ਸਕੇ ਇਲਾਜ ਚੇਤਨ ਚੀਜ਼ ਦਾ।
'ਇਹ ਅਨਹੋਣੀ ਬਾਤ, ਕਦੀ ਨ ਹੋ ਸਕੇ।

'ਪ੍ਰੇਮ ਅਹੇ ਇਕ ਤਾਰ ਜੋ ਦੋ ਪ੍ਰੇਮੀਆਂ
'ਵਿਥਾਂ ਟੱਪ ਮਿਲਾਇ ਰਖਦੀ ਹੈ ਸਦਾ।
'ਸਮਝ ਨ ਭੋਲੀ ਮਾਉਂ ! ਬਚੜੀ ਬਾਉਲੀ
'ਮਿੱਟੀ ਨਾਲ ਸਨੇਹ ਕਰਕੇ ਮਰ ਰਹੀ।
'ਮਿੱਟੀ ਵਿੱਚ ਸਮਾਧ ਮੇਰੇ ਕੋਲ ਹੈ,
'ਸੂਰਤ ਬੀ ਹੈ ਪਾਸ ਬੁੱਤ ਦਿਖਾਂਵਦਾ।
'ਮਿੱਟੀ ਮੇਰੇ ਮੁੱਢ ਸੂਰਤ ਕੋਲ ਹੈ,
'ਮਿੱਟੀ, ਸੂਰਤ ਪ੍ਰੇਮ ਜੇਕਰ ਹੋਂਵਦਾ
'ਕੀ ਸੀ ਮੈਥੋਂ ਦੂਰ? ਦੋਵੇਂ ਕੋਲ ਸੇ।

'ਦੇਹੀ ਦਾ ਕਰ ਤਯਾਗ ਤੁਰ ਜੋ ਹੈ ਗਿਆ,
'ਜਿਸ ਦੇ ਕਾਰਨ ਦੇਹ ਸੀਗੀ ਜੀਂਵਦੀ।
'ਹੈ ਉਸ ਨਾਲ ਪਰੇਮ ਮੇਰਾ, ਮਾਉਂ ਜੀ !
'ਉਹ ਮੇਰਾ ਸਿਰਤਾਜ, ਉਸ ਤੋਂ ਵਾਰੀਆਂ,
'ਉਸ ਨੂੰ ਰੋਵਾਂ ਨਿੱਤ, ਲੋਚਾਂ ਓਸ ਨੂੰ।
'ਤਾਂਘਾਂ ਕਰਦੀ ਹਾਇ ਬਣ ਗਈ ਤਾਂਘ ਹਾਂ।'

ਇਹ ਕਹਿ ਬਦਲੇ ਤੌਰ ਬਦਲੀ ਵਾਜ ਬੀ।
ਕਹਿੰਦੀ ਫਿਰ ਬਿਲਲਾਇ 'ਸੱਜਨ ਪਯਾਰਿਆ !
'ਬਿਰਹੋਂ ਵਾਲੀ ਸਾਂਗ ਸਾਈਆਂ ! ਮਾਰ ਨਾ !
'ਪ੍ਰੇਮ ਨਦੀ ਵਿਚ ਕਾਂਗ ਆਈ ਸ਼ੂਕਦੀ।
'ਮੈਂ ਮਨਤਾਰੂ, ਹਾਇ ! ਤਰਨ ਨ ਜਾਣਦੀ ।
'ਦੱਸੀਂ ਕੁਈ ਉਪਾਇ ਤਰ ਪਾਂ ਪਯਾਰਿਆ !

'ਹਾ ਹਾ ਮਿਲਿਆ ਨਾਹਿੰ ਸੱਜਨ ਸੋਹਿਣਾ !
'ਢੂੰਡੇ ਸ਼ਹਿਰ, ਗਿਰਾਉਂ, ਜੰਗਲ, ਬੇਲੜੇ,
'ਨਦੀਆਂ ਅਤੇ ਤਲਾਉ, ਕੁੱਖ ਪਹਾੜ ਦੇ।
'ਰਾਤ, ਦਿਨੇ, ਪਰਭਾਤ, ਸੰਝੇ ਟੋਲਿਆ।
'ਸ਼ਿਕਲ ਦੁਪਹਿਰੀਂ ਭਾਲ ਕੀਤੀ ਸਾਰੜੇ।
'ਅੱਧੀ ਰਾਤ, ਉਸ਼ੇਰ, ਵੇਲਿ ਕੁਵੇਲੜੇ
'ਢੂੰਡ ਫਿਰੀ ਹਾਂ ਲਾਲ ਦੂਰ ਗੁਆਚਿਆ।
'ਕੌਣ ਲਭਾਵੇ? ਹਾਇ! ਮੈਂ ਮਰ ਲੱਥੀਆਂ।
'ਤੁਸੀਂ ਗੁਆਚੇ ਨਾਹਿ, ਗ੍ਵਾਚੀ ਮੈਂ ਗਈ;
'ਗ੍ਵਾਚੀ ਹੋਈ ਆਪ ਟੋਲੇ ਲੱਭਿਆਂ !
'ਲੱਭੇ ਨੂੰ ਕੀ ਲੋੜ ਟੋਲੇ ਗ੍ਵਾਚਿਆਂ ।
'ਜੇਕਰ ਕਿਰਪਾ ਧਾਰ ਆਪੇ ਲੱਭ ਲੌ
'ਮੈਂ ਭੁੱਲੀ ਨੂੰ ਆਪ ਚਰਨੀਂ ਲਾ ਲਵੋ;
'ਤਦ ਪੂਰੀ ਇਹ ਟੋਲ, ਮੇਰੀ ਟੋਲ ਜੋ।
'ਮੈਂ ਵਿਚ ਸ਼ਕਤਿ ਨ ਮੂਲ, ਨਿਰਬਲ ਨਾਰ ਮੈਂ'।

ਇਉਂ ਕਹਿ ਹੋਈ ਚੁੱਪ, ਹੰਝੂ ਭਰ ਪਏ,
ਉਛਲੇ ਬਾਹਰ ਵਾਰ, ਛਮ ਛਮ ਡਿੱਗਦੇ।
ਅੱਖਾਂ ਲਈਉਸ ਮੀਟ- ਡੁੱਲ੍ਹਣ ਹੰਝੂ ਨਾ,
ਮੀਟੀਆਂ ਤੋਂ ਪਰ ਬਾਰੂ ਡਿਗਦੇ ਆਣਕੇ।
ਅੱਗੇ ਰੱਖ ਰੁਮਾਲ ਰਾਣੀ ਰੋਕਦੀ,
ਸਿੰਜਦੇ ਵਿਚ ਰੁਮਾਲ ਜਾਂਦੇ ਅੱਥਰੂ।

ਏਸ ਹਾਲ ਵਿੱਚ ਦੇਖ ਮਾਤਾ ਘਾਬਰੀ,
ਚੁਪਕੇ ਕੋਲੋਂ ਉੱਠ ਗਈਆਂ ਹੇਠ ਨੂੰ,
ਭੇਜਯਾ ਦਾਸ ਤੁਰੰਤ,- ਲਯਾਇ ਵਜ਼ੀਰ ਨੂੰ।
ਸੁਣਦਯਾਂ ਸਾਰ ਸੰਦੇਸ਼ ਮੰਤ੍ਰੀ ਆ ਗਿਆ,
ਬੂਹੇ ਦੇ ਹੀ ਬਾਰੂ ਮੱਥਾ ਟੇਕਦਾ;
ਆਗਯਾ ਰਾਣੀ ਪਾਇ ਬੈਠਾ ਓਸ ਥਾਂ।
ਰਾਣੀ ਅੰਦ੍ਰੇ ਬੈਠ ਕਹੇ ਵਜ਼ੀਰ ਨੂੰ:-
'ਤੁਸੀਂ ਅਕਲ ਦਾ ਕੋਟ, ਸਮੇਂ ਸਿਆਣਦੇ;
'ਕਈ ਖਖੇੜ ਬਖੇੜ ਦੇਖੇ ਤੁਸਾਂ ਨੇ।
'ਕਈ ਵਟਾਉ ਸਟਾਉ ਵਰਤੇ ਸਾਮ੍ਹਣੇ:
'ਬਹੁਤ ਉਤਾਰ ਚੜ੍ਹਾਉ ਚੁੱਕੇ ਦੇਖ ਹੋ।
'ਸਮਝੋ ਸਾਰੀ ਬਾਤ, ਭੇਤੀ ਰਾਜ ਦੇ,
'ਅੰਤਹਪੁਰ ਦਾ ਹਾਲ ਬੀ ਹੋ ਜਾਣਦੇ।
'ਅੰਗਪਾਲ ਹੋ ਆਪ ਮੁੱਢ ਕਦੀਮ ਦੇ।
'ਰਤਨ ਏਸ ਦਰਬਾਰ, ਥੰਮ੍ਹ ਹੋ ਰਾਜ ਦੇ।
'ਔਕੜ ਭਾਰੀ ਇੱਕ ਹੈ ਹੁਣ ਆ ਪਈ,
'ਇਸ ਤੋਂ ਹੋਈਏ ਪਾਰ ਕੁਝ ਉਪਾ ਕਰੋ।'

ਮੰਤ੍ਰੀ ਸੀਸ ਨਿਵਾਇ ਕਹਿੰਦਾ: 'ਮਾਤ ਜੀ !
'ਚਰਨਾਂ ਤੋਂ ਬਲਿਹਾਰ ਜਾਵੇ ਟੈਲ੍ਹੀਆ !
'ਏਸ ਰਾਜ ਦਾ ਦਾਸ ਸਦਾ ਗੁਲਾਮ ਹੈ,
'ਹੱਡੀ ਮੇਰੇ ਲੂਣ ਰਚਿਆ ਆਪਦਾ।
'ਮਨ ਮੇਰਾ ਤਨ ਮਾਸ ਸੱਭੋ ਆਪਦਾ।

'ਮੈਂ ਹਾ ਦਾਸਨ ਦਾਸ ਇਸ ਦਰਬਾਰ ਦਾ,
'ਹੁਕਮ ਕਰੋ ਜੋ ਦਾਸ ਸਿਰੋਂ ਬਜਾਇਗਾ।
'ਤਨ, ਮਨ, ਧਨ ਕੁਰਬਾਨ ਕਰਨੇ ਵਾਸਤੇ
'ਹਰਦਮ ਮਾਤਾ ! ਤਜਾਰ ਏ ਹੈ ਮੰਤਰੀ।
'ਕੇਵਲ ਆਗਜਾ ਲੋੜ, ਦੇਕੇ ਦੇਖ ਲੌ,
'ਬਖਸ਼ਜਾ ਤਨ ਮਨ ਮਾਲ ਸਬ ਕੁਛ ਆਪਦਾ
'ਚਰਨਾਂ ਤੋਂ ਕੁਰਬਾਨ ਕਰਦਾ ਉਸ ਘੜੀ।'

ਸੁਣ ਬੋਲੀ ਫਿਰ ਮਾਇ: 'ਸ਼ਾਬਸ਼ ! ਸ਼ਾਬਸ਼ੇ !
'ਗੁਰੂ ਕਰੇ ਕਲਿਆਨ ਤੇਰੀ ਮੰਤਰੀ !
'ਅਗਲਾ ਪਿਛਲਾ ਹਾਲ ਸਭ ਹੋ ਜਾਣਦੇ;
'ਗੁੱਝਾ ਕੁਈ ਨ ਭੇਤ ਸਾਡਾ ਆਪ ਤੋਂ।
'ਸ੍ਰੀ ਮਹਾਰਾਜ 'ਧਿਰਾਜ ਵਾਲੀ ਦੇਸ਼ ਦੇ
'ਰਾਜ ਕਾਜ ਨੂੰ ਤਜਾਗ ਗਏ ਪ੍ਰਲੋਕ ਨੂੰ,
'ਰਾਜ ਤਿਲਕ ਦੇ ਆਪ ਸੂਰਤ ਸਿੰਘ ਨੂੰ।
'ਸੂਰਤ ਸਿੰਘ ਸੁਜਾਨ ਉਸ ਨੇ ਸਾਂਭਿਆ
'ਰਾਜ ਕਾਜ ਦਾ ਕੰਮ ਚੰਗਾ ਸੋਹਿਣਾ।
'ਪਰ ਏ ਕਾਲ ਕੁਚਾਲ ਚਾਲੇ ਆਪਣੀ
'ਚਲਦਾ ਮੁੜੇ ਨ ਮੂਲ; ਪੇਸ਼ ਨ ਜਾਂਵਦੀ।
'ਭਾਵੀ ਮਿਟੇ ਨ ਮੋੜ ਇਸਦੀ ਹੋਂਵਦੀ।
'ਸੂਰਤ ਸਿੰਘ ਛਿਪਾਇ ਸੂਰਤ ਸੋਹਿਣੀ
'ਚਲੇ ਗਏ ਨਿਜ ਧਾਮ; ਏਥੇ ਨਾ ਰਹੇ।
'ਔਕੜ ਆਈ ਅੱਤਿ, ਵਾਰਸ ਨ ਕੁਈ
'ਦਿੱਸੇ, ਸਾਡਾ ਰਾਜ ਜਿਹੜਾ ਸਾਂਭਦਾ।
'ਓੜਕ ਸੋਚ ਵਿਚਾਰ ਕਰਕੇ ਸਾਰਿਆਂ
'ਰਾਜ ਕੌਰ ਨੂੰ ਰਾਜ ਸਾਰਾ ਸੌਂਪਿਆ।
'ਮਾਲਕ ਹੈਸੀ ਏਹੁ ਪਤਿ ਦੇ ਰਾਜ ਦੀ।
'ਸਿੱਖਾਂ ਦਾ ਬੀ ਨੇਮ ਤੁਸਾਂ ਵਿਚਾਰਿਆ:
'ਦੇਣ ਨਾਰ ਨੂੰ ਰਾਜ, ਜਦੋਂ ਨ ਪਹੁੰਚਦਾ
'ਨਰ ਵਾਰਸ ਨੂੰ ਹੱਕ ਨੇੜੇ ਸਾਕ ਤੋਂ।
'ਸਿੱਖਾਂ ਨਾਲ ਸਬੰਧ ਸਾਡਾ ਹੋਣ ਤੇ
'ਆਂਢ ਗੁਆਂਢ ਦੇ ਰਾਜ ਕੁਸਕੇ ਮੂਲ ਨਾ,
'ਡਰਦੇ,- ਸਿੱਖਾਂ ਤੇਜ ਜਾਇ ਨ ਝੱਲਿਆ।
'ਇੱਕੁਰ ਰਾਣੀ "ਰਾਜ ਕੌਰਾਂ" ਹੋ ਗਈ
'ਮਾਲਕ ਰਾਜ ਸਮਾਜ, ਵਾਲੀ ਦੇਸ਼ ਦੀ।
'ਰਾਜਕੌਰ ਹੈ ਕੋਟ ਬੁਧਿ, ਬਲ, ਹੋਸ਼ ਦਾ,
'ਦੂਰੰਦੇਸ਼ ਸੁਜਾਨ; ਨੀਤਿ ਨਿਪੁੰਨ ਹੈ।
'ਜੇ ਇਹ ਕਰੇ ਧਿਆਨ ਕਾਰਜ ਆਪਣੇ
'ਸਾਂਭ ਲਵੇ ਸਭ ਆਪ ਚੰਗੇ ਸੋਹਿਣੇ।
'ਪਰ ਵਰਤੀ ਹੈ ਹੋਰ ਭਾਵੀ ਏਸ ਥਾਂ
'ਢਹੇ ਪ੍ਰੇਮ ਦੇ ਜਾਇ ਰਾਣੀ ਹੈ ਚੜ੍ਹੀ,
'ਵਿਕ ਗਈ ਕੌਡਾਂ ਭਾਇ ਬਿਰਹੋਂ ਹੱਥ ਹੈ।
'ਰੁੜ੍ਹ ਰਹੀ ਵਹਿਣੀਂ ਹਾਇ ! ਕੰਮ ਸਭ ਛੱਡਕੇ।
'ਪਹਿਲੇ ਇੱਕ ਸਮਾਧ ਸੂਰਤ ਸਿੰਘ ਦੀ
'ਲਾਇ ਪਦਾਰਥ ਢੇਰ ਸਾਜੀ ਸੋਹਿਣੀ।
'ਫਿਰ ਇਕ ਬੁੱਤ ਅਨੂਪ ਉਸਦਾ ਸਾਜਿਆ।
'ਮੰਦਰ ਸੁਹਣਾ ਇੱਕ ਮਾਯਾ ਢੇਰ ਲਾ
'ਬਾਗ਼ ਸੁਹਾਵੇ ਵਿੱਚ ਲਾਲ ਉਸਾਰਿਆ,
'ਉਸ ਦੇ ਠੀਕ ਵਿਚਾਲ ਬੁੱਤ ਟਿਕਾਇਆ।
'ਮੈਂ ਜਾਤਾ-ਭੀ ਆਪ ਸੀਗੇ ਆਖਦੇ-
'ਇਸ ਲਾਲਚ ਵਿਚ ਲੱਗ ਪਤਿ ਭੁਲ ਜਾਇਗੀ
'ਪਰਚ ਜਾਇ ਦਿਨ ਪਾਇ, ਰਾਜ ਸੰਭਾਲਸੀ।
'ਪਰ ਇਹ ਉਲਟੀ ਖੇਡ ਸਾਡੀ ਸਮਝ ਤੋਂ
'ਨਿਕਲੀ ਜੇ, ਹੁਣ ਹਾਇ ! ਕੁੱਝ ਨਾ ਆਹੁੜੇ।
'ਘਟਿਆ ਰਤੀ ਨ ਪ੍ਰੇਮ, ਪਰਚੀ ਮੂਲ ਨਾ,
'ਵਧਿਆ ਹੱਦੋਂ ਲੰਘ ਬਿਰਹੋਂ 'ਰਾਜ' ਦਾ।
'ਦਿਨ ਨਹਿੰ ਚੜ੍ਹਦਾ, ਸੂਰ ਅਜੇ ਨ ਨਿੱਕਲੇ,
'ਨਿਕਲ ਮਹਿਲ ਤੋਂ ਬਾਰੁ ਜੰਗਲ ਜਾਂਵਦੀ।
'ਨੌਕਰ ਲਏ ਨ ਨਾਲ ਪੀਨਸ, ਪਾਲਕੀ,
'ਪਰਦਾ ਨਿਜ ਸਤਿਕਾਰ ਨਹੀਂ ਵਿਚਾਰਦੀ;
'ਰਾਖੀ ਦੀ ਪਰਵਾਹ ਰੱਖੇ ਨਾ ਰਤੀ।
'ਆਮ ਤੀਵੀਆਂ ਵਾਂਙ ਓਧਰ ਜਾਂਵਦੀ,
'ਰੋਂਦੀ ਜਾਇ ਸਮਾਧ, ਫੁੱਲ ਚੜ੍ਹਾਂਵਦੀ।
'ਮਿੱਟੀ ਨਾਲ ਪਿਆਰ ਕਰਦੀ ਜਾਇਕੇ,
'ਕੂੰਜ ਵਾਂਙ ਕੁਰਲਾਟ ਰੋ ਰੋ ਪਾਂਵਦੀ।
'ਬੋਲੇ ਓਥੇ ਕੌਣ? ਆਪ ਵਦਾਂਵਦੀ,
'ਗ਼ਸ਼ਾਂ ਖਾਇ ਬੇਹਾਲ ਹੋ ਹੋ ਡਿੱਗਦੀ।

'ਘਰ ਨਾ ਪਰਤੇ, ਫੇਰ ਬਾਗੇ ਜਾਂਵਦੀ।
'ਮੂਰਿਤ ਵੰਨੇ ਵੇਖ ਬਿਹਬਲ ਹੋਂਵਦੀ।
'ਕਿਲਕਾਂ ਮਾਰੇ ਰੋਇ, ਰੋ ਰੋ ਹੋਂਵਦੀ।
'ਇਤਨੀ ਆਪਜੋਂ ਬਾਰੂ, ਅਗਲੇ ਬਾਰਿਓਂ
'ਹੋ ਹੋ ਮੁਸ਼ਕਲ ਨਾਲ ਮੁੜਦੀ ਸੋਹਿਣੀ।
'ਉਸ ਦਿਨ ਡਿੱਠਾ ਆਪ ਅੱਖੀਂ ਆਪਣੀ,
'ਭਾਣਾ ਵਰਤਜਾ ਸੀਗ ਜਿਹੜਾ ਜੰਗਲੀਂ।
'ਮੈਂ ਜੇ ਕਰਾਂ ਸਮੋਧ ਜਾਂ ਸਮਝਾਂਵਦੀ,
'ਰੋ ਰੋ ਫਾਵ੍ਹੀ ਹੋਇ, ਮੁੜਦੀ ਹੈ ਨਹੀਂ।
'ਸਖੀਆਂ ਨਾਲ ਪਿਆਰ ਮੂਲੋਂ ਛੱਡਕੇ
'ਰਹੇ ਇਕੱਲੀ ਬੈਠ ਸੋਚਾਂ ਸੋਚਦੀ।
'ਖਾਣ ਪੀਣ ਦੀ ਲੋੜ ਨਹੀਂ ਧਰਾਂਵਦੀ।
'ਰਾਧਾਂ ਕਰਦੀ ਪਜਾਰ ਚਰਨੀਂ ਓਸਦੇ
'ਚੁੰਬਕ ਨਾਲ ਪਿਆਰ ਲੋਹਾ ਜਿਉਂ ਕਰੇ।
'ਉਹ ਲਟਬੌਰੀ ਹੋਇ ਘੁੰਮਰ ਪਾਂਵਦੀ,
'ਛਾਯਾ ਵਾਂਙੂੰ ਨਾਲ ਸਦਾ ਰਹਾਂਵਦੀ;
'ਪਰ ਏ ਕੁਝ ਪਰਵਾਹ ਉਸਦੀ ਨਾ ਕਰੇ।
'ਉਹ ਜੇ ਇਸ ਦੇ ਨਾਲ ਇੱਕੁਰ ਨਾ ਰਹੇ
'ਮਤ ਜਿੰਦੋਂ ਮੁਕ ਜਾਇ ਇਕ ਦਿਨ, ਮੈਂ ਡਰਾਂ।
'ਪਤਾ ਨ ਲੱਗੇ ਕੀਹ ਸਾਨੂੰ, ਹੋ ਗਿਆ।
'ਮੰਤ੍ਰੀ ਸੁਣੋ ਸੁਜਾਨ ! ਮੈਂ ਹੁਣ ਹੁੱਟੀਆਂ
'ਕਰ ਕਰ ਵੇਰ ਉਪਾਉ ਅਪਣੀ ਸੋਚ ਦੇ,
'ਪੇਸ਼ ਨ ਗਈਆ ਕੋਇ, ਬਣਿਆਂ ਕੁੱਝ ਨਾਂ।
'ਹੁਣ ਤਾਂ ਤੁਸੀਂ ਇਲਾਜ ਕੋਈ ਸੋਚ ਲੌ।
'ਨਹੀਂ ਤੇ ਜਾਣੋਂ ਰਾਜ ਸੁੰਵਾ ਹੋਇਆ:
'ਕਦ ਤਕ ਬਕਰੂ ਮਾਂਉਂ ਸੁੱਖੂ ਸੁੱਖਣਾ।'

ਸੁਣ ਇਹ ਹਾਲ ਹਵਾਲ –ਜੋ ਸੀ ਜਾਣਦਾ
ਇਸ ਤੋਂ ਪਹਿਲੇ ਆਪ– ਮੰਤ੍ਰੀ ਦੇਸ਼ ਦਾ
ਦੋਵੇਂ ਹੀ ਹੱਥ ਜੋੜ ਐਕੁਰ ਆਖਦਾ:–
'ਕਰਨੀ ਖਿਮਾਂ, ਸੁਜਾਨ ਵੱਡੀ ਮਾਤ ਜੀ!
'ਮੂੰਹ ਛੋਟਾ, ਪਰ ਬਾਤ ਵੱਡੀ ਆਖਦਾ:
'ਜਾਣ ਦਾਸ ਨੂੰ ਪੁੱਤ, ਰਾਣੀ ! ਬਖਸ਼ਣਾ।
'ਸੁਰਗਵਾਸ ਮਹਾਰਾਜ ਹੋਵੇ ਨਿੱਤ ਹੀ !
'ਵੱਸਣ ਵਿਚ ਬਿਕੁੰਠ ਵੱਡੇ ਰਾਉ ਜੀ;
'ਇੰਦ੍ਰ ਪੁਰੀ ਦੇ ਆਪ ਮਾਣਨ ਰਾਜ ਨੂੰ।
'ਆਖਾਂ ਸੱਚੀ ਬਾਤ ਨਿੰਦਾ ਨਾ ਕਰਾਂ:
'ਸੱਚੋ ਸੱਚ ਗ਼ਲਾਉਂ ਰੀਣ ਨ ਝੂਠ ਦਾ।
'ਧੋਖਾ ਖਾਧਾ ਫੇਰ ਸ੍ਰੀ ਮਹਾਰਾਜ ਨੇ।
'ਸਾਧੂ ਸਿੰਘ ਸੁਜਾਨ ਸਾਧੂ ਸੰਤ ਸੀ
'ਸਿੱਖਾਂ ਵਿਖੇ ਪ੍ਰਸਿੱਧ ਦੇਸ਼ ਪੰਜਾਬ ਦੇ;
'ਪਰ ਕੁਲ ਦਾ ਸੀ ਨੀਚ, ਛੋਟੀ ਜਾਤਿ ਦਾ।
'ਵੱਸਣ ਵਿਚ ਪੰਜਾਬ ਸਿੰਘ ਜੁ ਸੂਰਮੇ
'ਤੁਰਕ ਹਾਕਮਾਂ ਨਾਲ ਘੋਲ ਰਖਾਂਵਦੇ।
'ਓ ਨਿਤ ਕਰ ਕਤਲਾਮ ਸਿਖਾਂ ਮਾਰਦੇ।
'ਅੱਸੀ ਸੱਤਰ ਸੱਠ ਰੁਪੱਯੇ, ਸ਼ੋਕ ਹੈ,
'ਮਿਲਦਾ ਉਨ੍ਹੂੰ ਇਨਾਮ ਮਾਰੇ ਸਿੱਖ ਜੋ।
'ਡਰਦੇ ਮਾਰੇ ਸਿੱਖ ਬਨੁ ਬਨ ਆ ਫਿਰੇ,
'ਜੂਹਾਂ ਰੱਖਾਂ ਵਿੱਚ ਬਹੁਤੇ ਜਾ ਲੁਕੇ;
'ਬਹੁਤੇ ਪਰਬਤ ਕੁੱਖ ਛਿੱਪੇ ਆਣਕੇ।
'ਸਾਧੂ ਸਿੰਘ ਸੀ ਸਿੱਖ ਇੱਕ ਉਜੇਹਿਆ,
'ਆ ਲੁਕਿਆ ਇਸ ਰਾਜ ਪਰਬਤ ਤਾੜਕੇ।
'ਪਹਿਲਾਂ ਰਿਹਾ ਲੁਕਾਇ ਅਪਣੇ ਆਪ ਨੂੰ
'ਪਰਬਤ ਕੰਦ੍ਰਾਂ ਵਿੱਚ ਨਗਰੋਂ ਵਿੱਥ ਤੇ।
'ਸਹਿਜੇ ਸਹਿਜੇ ਸੋਇ, ਨਿਕਲੀ ਓਸਦੀ
'ਫੈਲੀ ਸਾਰੇ ਦੇਸ਼ ਜਸ ਫੈਲਾਉਂਦੀ:–
' "ਸਾਧੂ ਸਿੰਘ ਹੈ ਸਿੱਧ ਪੂਰਾ ਮਰਦਾ ਹੈ"।
'ਸਾਡੇ ਸ੍ਰੀ ਮਹਾਰਾਜ ਸੁਧੇ ਲੋਕ ਸੇ;
'ਮਿਲੇ ਓਸਨੂੰ ਜਾਇ, ਪੁੱਤਰ ਮੰਗਿਆ।
'ਪੁੱਤ ਦੇਣ ਦੀ ਥਾਉਂ ਚਾਟ ਸੁਸੰਗ ਦੀ
'ਦਿੱਤੀ ਓਸ ਲਗਾਇ ਰਾਣੇ ਸਾਡੜੇ:
'ਰਾਣਾ ਜੀ ਸਤਿਸੰਗ ਕਰਨੇ ਲਗ ਪਏ।
'ਖ਼ਬਰੇ ਜਾਦੂ ਸੀਗ ਜਾਂ ਕੁਝ ਹੋਰ ਸੀ,
'ਰਾਣਾ ਜੀ ਹੋ ਵੱਸ ਉਸਦੀ ਸੀ ਗਏ:
'ਕਹੇ ਸੁ ਕਰਦੇ ਕਾਰ, ਕਰਦੇ ਹੁੱਤ ਨਾ।
'ਗੱਫੇ ਦੇਣ ਅਪਾਰ; ਉਹ ਸਭ ਦੇਸ਼ ਨੂੰ
'ਘਲਦਾ ਸਿੱਖਾਂ ਪਾਸ ਰੱਖੇ ਪਾਸ ਨਾ।

'ਫੇਰ ਅਨੇਕਾਂ ਸਿੱਖ ਏਥੇ ਆਣਕੇ
'ਲੁਕਦੇ ਉਸ ਦੇ ਪਾਸ ਓਟ ਤਕਾਇ ਕੇ।
'ਮੈਂ ਪਿਟਦਾ ਸਾਂ ਨਿੱਤ ਰਾਣੇ ਸਾਮ੍ਹਣੇ:-
'ਕੱਢੋ ਇਸ ਨੂੰ ਬਾਰ,- ਦੇਸ਼ ਵਿਗਾੜਸੀ।
'ਜਾਦੂ ਜ਼ੋਰ ਅਪਾਰ ਚੜ੍ਹਿਆ ਜ਼ੋਰ ਦਾ
'ਕੰਨਾਂ ਧਰਨ ਨ ਰਾਉ, ਮੈਂ ਕਹਿ ਹਾਰਿਆ।
'ਫਿਰ ਜਦ ਸ੍ਰੀ ਮਹਾਰਾਜ ਪੁਤ੍ਰੀ ਆਪਣੀ
'ਸਾਧੂ ਸਿੰਘ ਦੇ ਪੁੱਤ ਸੂਰਤ ਸਿੰਘ ਨੂੰ
'ਲੱਗੇ ਦੇਣ ਵਿਆਹ; ਤਾਂ ਮੈਂ ਪਿੱਟਿਆ:-
' "ਕਰੋ ਨ ਹਾਇ ਹਨੇਰ, ਉਲਟੀ ਰੀਤਿ ਏ।
' "ਅਗਨੀ ਕੁਲ ਰਜਪੂਤ ਉੱਚੇ ਹਾਂ ਅਸੀਂ;
' "ਸ਼ੂਦਰ ਜਾਤੀ ਸਿੱਖ ਖ਼ਬਰੇ ਕੌਣ ਏ।
' "ਗਾਲੋ ਜਨਮ ਨ ਆਪ ਅਪਨੀ ਧੀਅ ਦਾ,
' "ਜਾਤ ਵਿਜਾਤ ਸੰਜੋਗ ਕਰਕੇ ਬੁਰਾ ਏ।
' "ਫਿਰ ਓ ਫੁਕਰਾ ਲੋਗ ਰਾਣੇ ਹਾਂ ਅਸੀਂ
' "ਰਵਿਸਸ ਵੰਸ਼ ਵਿਚਾਲ ਉੱਜਲ ਸੋਹਿਣੇ।
' "ਕੁੱਲੀ ਨੂੰ ਦੰਦ ਖੰਦ ਲਾਉ ਨ ਪਾੜਛਾ।
' "ਲਾਓ ਕੁਲ ਨ ਕਲੰਕ, ਟੱਪੋ ਹੱਦ ਨਾ"।
'ਰਾਣੇ ਧਰੇ ਨ ਕੰਨ, ਮੈਂ ਕਹਿ ਹਾਰਿਆ।
'ਆਸ ਪਾਸ ਦੇ ਰਾਜ ਵਾਲੇ ਸਾਰੜੇ
'ਸੁਣਕੇ ਇਹ ਸੰਜੋਗ ਗੁੱਸੇ ਹੋ ਗਏ;
'ਮੰਨੀ ਤਦ ਬੀ ਨਾਹਿੰ ਰਾਣੇ ਬੇਨਤੀ।
'ਤੁਸਾਂ ਤਦੋਂ ਬੀ ਨਾਲ ਹਠ ਨੂੰ ਧਾਰਿਆ,
'ਰਾਣੇ ਦੇ ਹੀ ਵਾਂਙ ਕੁੱੜ ਨਾ ਮੰਨਿਆਂ।
'ਤੁਹਾਡੇ ਕੀ ਸੀ ਵੱਸ ਜਾਦੂ ਜ਼ੋਰ ਸੀ।
'ਜਾਦੂ ਹੇਠਾਂ ਆਇ ਮੰਨੀ ਨਾ ਤੁਸਾਂ
'ਜੋ ਦਾਸੀ ਦੇ ਹੱਥ ਕੀਤੀ ਬੇਨਤੀ,
'ਦਿੱਤਾ ਕਰ ਸੰਜੋਗ ਮੇਰੇ ਰੋਕਦੇ।
'ਰਾਣਾ ਸੂਰਤ ਸਿੰਘ ਪਾ ਕੇ ਰਾਜ ਨੂੰ
'ਭੁੱਲਜਾ ਅਸਲਾ ਨਾਹਿੰ ਪਿਛਲਾ ਆਪਣਾ
'ਬੋਲੀ ਦਿੱਤੀ ਬੋਲ ਹੇਠੋਂ ਗਿੱਦੜਾਂ,
'ਸੋਈਓ ਬੋਲੀ ਬੋਲ ਰਲਿਆ ਜਾਇਕੇ;
'ਮਰਿਆ ਓਨ੍ਹਾਂ ਨਾਲ ਵਿੱਚੋਂ ਜਿਨ੍ਹਾਂ ਸੀ।
'ਕਦਰ ਨ ਪਾਈ ਮੂਲ ਰਾਜ ਸੁਭਾਗ ਦੀ।
'ਹੁੰਦਾ ਜੇ ਰਜਪੂਤ, ਰਾਜੇ ਕਿਸੇ ਦਾ
'ਕੁਲਵੰਤਾ ਅਜ ਪੂਤ ਜ੍ਹਾਈ ਸਾਡੜਾ
'ਕਿਉਂ ਲੜਦਾ ਜਾ ਹੇਠ, ਮਰਦਾ ਨਾ ਕਦੀ,
'ਨਾ ਹੁੰਦਾ ਇਹੁ ਦੁੱਖ ਜੋ ਹੁਣ ਆ ਪਿਆ।
'ਨਾ ਹੁੰਦੇ ਗਮਰੁੱਠ ਰਾਜੇ ਸਾਰੜੇ,
'ਪੈਂਦਾ ਨਾ ਹੀ ਵੈਰ ਨਾਲ ਗੁਆਂਢੀਆਂ।
'ਮੰਨਿਆਂ ਓਦੋਂ ਨਾਹਿੰ ਮੇਰਾ ਆਖਿਆ,
'ਹੁਣ ਦੇਖੋ ਖਾਂ ਫੁੱਲ ਕੇਹਾ ਖਿੜ ਪਿਆ,
'ਲਾਲੇ ਰਾਣੀ ਜਿੰਦ ਦੇ ਹਨ ਪੈ ਰਹੇ।
'ਪ੍ਰੇਮ ਨ ਇਸ ਨੂੰ ਮੂਲ ਜਾਦੂ ਜ਼ੋਰ ਹੈ
'ਜਾਦੂਗਰ ਕੁਈ ਆਇ ਜਾਦੂ ਤੋੜਸੀ।
'ਜਿਉਂ ਲੋਹੇ ਨੂੰ ਲੋਹ ਸਕਦਾ ਵੱਢ ਹੈ
'ਹੀਰਾ ਹੀਰੇ ਵੇਧ ਜਿੱਕੁਰ ਜਾਣਦਾ;
'ਤਿਉਂ ਜਾਦੂ ਨੂੰ ਵੱਢ ਜਾਦੂ ਸੱਕਦਾ।
'ਸੋਚਜਾ ਹੈ ਮਨ ਲਾਇ ਮੈਂ ਬੀ ਬਹੁਤ ਹੀ
'ਹੋਰ ਨ ਕੁਈ ਉਪਾਉ ਮੈਨੂੰ ਸੁੱਝਿਆ।'

ਰਾਣੀ ਭਵਾਂ ਚੜ੍ਹਾਇ ਬੋਲੀ ਤਿਣਕਕੇ:
'ਆਖੋ ਕੁਈ ਇਲਾਜ ਮੰਤ੍ਰੀ ਰਾਜ ਜੀ !
'ਬੀਤੀ ਗਈ ਸੁ ਬੀਤ ਬੀਤੀ ਸੋਹਿਣੀ;
'ਨਿੰਦਾ ਸੰਦਾ ਭਾਰ ਚੁੱਕੋ ਆਪ ਨਾ,
'ਮੈਨੂੰ ਬੀ ਏ ਭਾਰ ਨਾਲ ਚੁਕਾਉ ਨਾ।
'ਰਿਖੀ ਸਨਾਤਨ ਸੀਗ ਸਾਧੂ ਸਿੰਘ ਜੀ
'ਪੂਰਨ ਸੀ ਉਹ ਸੰਤ ਕਰਨੀ ਵਾਲੜਾ,
'ਦੁਨੀਆਂ ਰਾਜ ਪ੍ਰਤਾਪ ਕੱਖ ਨ ਲੋੜਦਾ।
'ਡਰਦਾ ਸੀ ਨਾ ਮੂਲ, ਨਾ ਡਰ ਦੇਂਵਦਾ
'ਜਾਦੂ ਕਰਨ ਕਰਾਨ ਨਾ ਸੀ ਜਾਣਦਾ।
'ਪੂਰਨ ਗੁਰਮੁਖ ਓਹ ਪਜਾਰਾ ਰੱਬ ਦਾ-
'ਸਾਨੂੰ ਦੇਕੇ ਹੱਥ ਉਸ ਨੇ ਆਪਣਾ
'ਲੀਤਾ ਆਪ ਬਚਾਇ ਨਰਕ-ਅਗੱਨ ਤੋਂ।
'ਸਾਧੂ, ਗੁਰਮੁਖ ਸੰਤ ਇਸ ਤੋਂ ਵੱਧ ਜਾਂ
'ਜੋ ਕੁਛ ਆਖਾਂ ਹੋਰ ਬਣਦਾ ਓਸ ਨੂੰ।
'ਨਿੰਦਾ ਉਸ ਦੀ ਕੰਨ ਸੁਣਨੀ ਪਾਪ ਹੈ;

'ਤੈਨੂੰ ਕਰਨੀ ਮੰਦ, ਸ੍ਵਾਮੀ ਤੁੱਧ ਦਾ
'ਬਣਿਆ ਸੀ ਉਹ ਪੂਜ, ਤੇਰਾ ਪੂਜ ਸੀ।
'ਸ਼ੂਦਰ ਕਹੇਂ? ਹਨੇਰ ! ਖੱਤ੍ਰੀ ਅਸਲ ਨੂੰ ?
'ਰਾਜ ਰਿਖੀ ਨੂੰ ਸ਼ੂਦ੍ਰ ! ਕਿਉਂ ਤੂੰ ਆਖਦਾ ?
'ਬ੍ਰਹਮ ਰਿਖੀ ਤੋਂ ਵੱਧ ਗਤਿ ਸੀ ਓਸ ਦੀ:
'ਗੁਰਮੁਖ ਪਦ ਤੇ ਓਹ ਪਜਾਰਾ ਖੇਡਦਾ।
'ਫਿਰ ਪੁਤ੍ਰੀ ਦਾ ਕਾਜ ਕੀਤਾ ਆਪ ਸੀ-
'ਰਾਣੇ ਜੀ ਨੇ ਆਪ ਮੈਂ ਬੀ ਨਾਲ ਸਾਂ।
'ਸਾਧੂ ਸਿੰਘ ਅਚਾਹ ਸੀ ਇਸ ਗੱਲ ਤੋਂ:
'ਮੰਨਦਾ ਸੀ ਨਹਿੰ ਓਹ ਸਾਡੀ ਬੇਨਤੀ।
'ਪਰ ਸਾਨੂੰ ਨਾ ਹੋਰ ਲਾਇਕ ਧੀਅ ਦੇ
'ਦਿਸਦਾ ਸੀ ਵਰ ਕੋਇ ਐਸਾ ਸੋਹਿਣਾ।
'ਜਾਤ ਵਿਜਾਤੀ ਮੇਲ ਕੀਤਾ ਨਾ ਅਸਾਂ:
'ਅੰਮ੍ਰਿਤਧਾਰੀ ਓਹ ਪੂਰਾ ਸਿੰਘ ਸੀ;
'ਅੰਮ੍ਰਿਤ ਓਹੀ ਠੀਕ ਛਕਿਆ ਸੀ ਅਸਾਂ:
'ਕੁਲ ਅਰ ਜਾਤਿ ਸੁਜਾਤ ਇੱਕੋ ਹੋ ਗਈ;
'ਰਿਹਾ ਵਿਜਾਤੀ ਭੇਦ ਮੂਲੋਂ ਸੀ ਨਹੀਂ।
'ਫਿਰ ਗੁਣਵਾਨ ਮਹਾਨ ਸੂਰਤ ਸਿੰਘ ਸੀ।
'ਵਿੱਚ ਕਿਸੇ ਰਜਪੂਤ ਕੁਲ ਦੇ ਸੀ ਕੁਈ
'ਦਸ ਤੂੰਹੋਂ ਯੁਵਰਾਜ ਜੋ ਕਰ ਸੀ ਸਕੇ
'ਤਲੀਆਂ ਸੰਦੀ ਰੀਸ ਸੂਰਤ ਸਿੰਘ ਦੀ।
'ਨਹਿੰ ਡਿੱਠਾ ਤੂੰ ਆਪ ਗੁਣ ਬਲ ਓਸਦਾ
'ਜਦੋਂ ਰਾਜ ਦੀ ਵਾਗ ਪਕੜੀ ਓਸਨੇ ?
'ਜਾਣ ਬੁੱਝ ਕੇ ਆਪ ਨਿੰਦਾ ਵਜਾਪ ਨਾ।
'ਨਾਲ ਮੌਤ ਦੇ ਪੇਸ਼ ਜਾਂਦੀ ਹੈ ਕੁਈ ?
'ਜਿਤਨੀ ਉਮਰ ਲਿਖੰਤ ਉਤਨੀ ਭੋਗਣੀ:
'ਹਾਂ, ਸਾਈਂ ਜਦ ਤੀਕ ਰੱਖੇ ਜਗਤ ਤੇ
'ਤਦ ਤਕ ਹੋਇ ਨਿਵਾਸ, ਫੇਰ ਨ ਹੋ ਸਕੇ।
'ਸਾਈਂ ਜਿਵੇਂ ਰਜ਼ਾਇ ਸੁਣ ਹੇ ਮੰਤਰੀ !
'ਸੀ, ਹੋਈ ਉਸ ਡੌਲ, ਥਾਉਂ ਨ ਰੰਜ ਦੀ।
'ਭੁੱਲ ਨ ਕੀਤੀ ਮੂਲ ਸਾਂਈਂ ਮੇਰੜੇ।
'ਕਰੇਂ ਨ ਸੋਚ ਵਿਚਾਰ,- ਮਰਨਾ ਜੁੱਧ ਦਾ
'ਕੈਸੀ ਪਾਵਨ ਮੌਤ ਹੈ ਰਜਪੂਤ ਨੂੰ,
'ਉਸਤੋਂ ਕਿਤੇ ਵਧੀਕ ਰਣ ਦੀ ਮੌਤ ਨੂੰ
'ਕਰਦੇ ਸਿੱਖ ਪਿਆਰ ਡਰਦੇ ਨਾ ਕਦੀ।
'ਧਰਮ ਜੁੱਧ ਵਿਚ ਜਾਇ ਲੜਨਾ ਓਸ ਦਾ
'ਅਸਲ ਬੀਰਤਾ ਸੀਗ; ਨਿੰਦਾ ਕਿਉਂ ਕਰੇਂ ?
'ਨਾ ਹੀ ਦੇਵੀਂ ਦੋਸ਼ ਆਪਣੇ ਸ੍ਵਾਮਿ ਨੂੰ।
'ਇਹ ਨਹਿੰ ਖਿੜਿਆ ਫੁੱਲ ਸਾਡੀ ਭੁੱਲ ਦਾ:
'ਇਹ ਭਾਵੀ ਕਰਤਾਰ ਮਿਟਦੀ ਜੋ ਨਹੀਂ
'ਤਾਂਤੇ ਹੋਇਆ ਠੀਕ ਜੋ ਕੁਝ ਹੋ ਗਿਆ,
'ਹੁਣ ਹੈ ਨਾਹੀਂ ਲੋੜ ਫੋਲ ਫਰੋਲ ਦੀ।
'ਬੇੜਾ ਘੁੰਮਣ ਘੇਰ ਫਸਿਆ ਕੱਢੀਏ।'

ਹੌਲਾ ਹੁਇਆ ਵਜ਼ੀਰ ਸੱਚੀ ਸੁਣਦਿਆਂ,
ਸੋ ਸ਼ਰਮਿੰਦਾ ਫੇਰ ਕੱਚਾ ਹੋ ਗਿਆ।
ਪਰ ਸੀ ਬਹੁਤ ਚਲਾਕ ਗੱਲ ਸੰਭਾਲਦਾ;
ਕਹਿੰਦਾ: 'ਰਾਣੀ ਮਾਤ ! ਬਖਸ਼ੋ ਜੀ ਖਿਮਾਂ,
'ਮੈਂ ਕੀਤੀ ਸੀ ਬਾਤ ਜੋ ਸੀ ਹੋ ਬਿਤੀ।
'ਨਿੰਦਾ ਨਾ ਮਨਤੱਵਜ ਹੈਸੀ ਮੈਂਡੜਾ।
'ਹੁਣ ਹੈ ਇਕ ਵਿਚਾਰ ਮੈਨੂੰ ਆਉਂਦੀ:
'ਕਿਸੇ ਸੰਤ ਦਾ ਮੰਤ ਪੂਰਾ ਜੇ ਮਿਲੇ
'ਰੇਖ ਵਿਖੇ ਤਾਂ ਮੇਖ ਪੂਰੀ ਵੱਜਸੀ:
'ਰਾਣੀ ਦਾ ਏ ਰੋਗ ਜਾਊ ਕੱਟਿਆ:
'ਵਹਿਣ ਦਏਗੀ ਛੱਡ ਹੋਸ਼ ਸੰਭਾਲਸੀ।
'ਏਹੋ ਹੈ ਤਦਬੀਰ ਹੋਰ ਨ ਔੜ੍ਹਦੀ।'

ਮਾਤਾ ਕਹਿੰਦੀ: 'ਆਪ ਭਾਲੋ ਸੰਤ ਕੋ
'ਲਾਵੇ ਤੁੱਕਾ ਤੀਰ ਬੇੜਾ ਪਾਰ ਹੋ।'

ਸੁਣਕੇ ਸਿਰ ਨਿਹੁੜਾਇ ਤੁਰ ਗਿਆ ਮੰਤਰੀ;
ਮੁੱਸਲਮਾਨ ਫਕੀਰ ਇਕ ਸਦਵਾਇਆ,
ਜਾਦੂਗਰ ਜੋ ਆਪ ਤਾਂਈ ਆਖਦਾ।
ਇਸਨੂੰ ਕੁੱਝਕ ਹਾਲ ਮੰਤ੍ਰੀ ਦੱਸਿਆ।
ਸ਼ਹਿਰੋਂ ਬਾਹਰ ਵਾਰ ਇੱਕਲਵੰਜੜੇ
ਉਸ ਨੂੰ ਦਿੱਤੀ ਥਾਉਂ ਜਾਦੂ ਵਾਸਤੇ।
ਬੈਠਾ ਚਿੱਲਾ ਪਾਇ ਓਥੇ ਮਾਂਦਰੀ।
ਅੱਗ ਫੂਕ ਕੇ ਓਹ ਮੰਤਰ ਮਾਰਦਾ।

ਨਜ਼ਰ ਅਕਾਸ਼ੀਂ ਬੰਨ੍ਹ ਤਾੜੀ ਲਾਂਵਦਾ।
-ਕਦੀ ਮਾਸ, ਸੰਧੂਰ, ਬੇਲੁਆ ਲੈ ਕਦੀ,
ਕਰਦਾ ਕਈ ਪਖੰਡ ਸਮਝ ਨ ਆਂਵਦੇ!

ਰਖਿਆ ਇਨ੍ਹੂੰ ਲੁਕਾਇ ਸੀਗ ਵਜ਼ੀਰ ਨੇ,
ਪਰ ਇਹ ਔਖੀ ਬਾਤ -ਲੁਕਿਆ ਮਾਲਕੋਂ
ਰਹਿ ਸਕਦਾ ਇਹ ਭੇਤ, ਵਾਲੀ ਦੇਸ਼ ਤੋਂ।
ਰਾਧਾਂ ਤਾਂਈਂ ਸੋਇ ਇਸਦੀ ਅੱਪੜੀ,
ਰਾਣੀ ਜੀ ਨੂੰ ਓਸ ਦੱਸੀ ਖੋਲ੍ਹਕੇ।
ਸੁਣ ਕੇ ਪੈ ਗਈ ਸੋਚ ਮੱਤੀ ਪ੍ਰੇਮ ਨੂੰ:-
ਇਹ ਹੋਈ ਜੋ ਬਾਤ, ਸਭ ਬਿਧ ਹੈ ਬੁਰੀ।
ਮੂਰਖ ਮਲਿਨ ਫਕੀਰ ਭੇਤ ਨ ਜਾਣਦਾ:
ਹੈ ਜਾਦੂਗਰ ਓਹ ਮਾਇਆ ਵੇੜ੍ਹਿਆ;
ਜਾਣੇ ਭੂਤਾਂ ਖੇਡ ਮੰਦੀ ਮੈਲੜੀ।
ਉਹ ਕੀ ਜਾਣੇ ਪ੍ਰੇਮ ਕੀ ਹੈ ਹੋਂਵਦਾ?
ਪ੍ਰੇਮ ਸ੍ਵਛ ਪ੍ਰਭੁ-ਦਾਤ ਮਹਿੰਗੀ ਹੀਰਿਓਂ।
ਪ੍ਰੇਮ ਪ੍ਰਭੂ ਦਾ ਰੂਪ: ਪ੍ਰੇਮ ਵਿਆਪਿਆ
ਸਾਰੇ ਹੈ ਸੰਸਾਰ, -ਸਭ ਵਿਚ ਫੈਲਿਆ
ਉਹ ਕੀ ਜਾਣੇ ਸਾਰ ਬਾਜ਼ੀ ਪ੍ਰੇਮ ਦੀ ?
ਜੋ ਕੁਝ ਕਰੂ ਅਜਾਣ ਭੰਨਣ ਪ੍ਰੇਮ ਨੂੰ;
ਹੋਇ ਬਿਅਦਬੀ ਢੇਰ ਗੁਰ ਤੇ ਕੰਤ ਦੀ !
ਫਿਰ ਨੀਤੀ ਨਹਿੰ ਏਹ ਉਸ ਨੂੰ ਦੱਸਣਾ
ਘਰ ਆਪਣੇ ਦਾ ਭੇਤ ਲੁਕਿਆ ਹਾਲ ਜੋ
ਪਰਗਟ ਕਰਸੀ ਓਹ ਸਾਰੇ ਜਾਇਕੇ !
ਰਾਜੇ ਹੋਇ ਦਲੇਰ ਆਸੇ ਪਾਸ ਦੇ
ਚੜ੍ਹ ਆਏ ਜੇ ਦੇਸ਼ ਉੱਤੇ ਪ੍ਰਜਾ ਦੇ
ਬਿਪਤਾ ਪਊ ਅਪਾਰ, ਠੱਲ੍ਹੀ ਜਾਇ ਨਾ।

ਏ ਕੁਝ ਸੋਚ ਵਿਚਾਰ ਨਾਂ ਕੁਟਵਾਲ ਦੇ
ਭੇਜਜਾ ਹੁਕਮ ਕਰਾਰ: 'ਪਕੜੋ ਓਸਨੂੰ
'ਪਹਿਰੇ ਦੇ ਵਿਚਕਾਰ ਕਰ ਇਸ ਧਾਰ ਤੋਂ
'ਦੇਸ਼ ਡਿਕਾਹਾਂ ਵਿੱਚ ਤੁਰਤ ਪੁਚਾ ਦਿਓ।
'ਜੇ ਪਰਤੇ ਤਾਂ ਆਖ ਉਸ ਨੂੰ ਦੇਵਣਾ:
'ਉਮਰ ਕੈਦ ਦਾ ਡੰਡ ਦਿੱਤਾ ਜਾਵਸੀ।
'ਕਿਸੇ ਪਹਾੜੀ ਧਾਰ ਉੱਤੇ ਜੇ ਕਦੀ
'ਡਿਠਾ ਗਿਆ ਇਕ ਵਾਰ ਜਾਸੇਂ ਪਕੜਿਆ'।

ਏਸ ਹੁਕਮ ਨੂੰ ਪਾਇ ਝਟ ਕੁਟਵਾਲ ਨੇ
ਮਾਂਦ੍ਰੀ ਕੀਤਾ ਹੇਠ ਪਰਬਤ ਧਾਰ ਤੋਂ।
ਪਿੱਛੋਂ ਪੁਹੰਚੀ ਸੋਇ ਮੰਤ੍ਰੀ ਹੁਰਾਂ ਨੂੰ।
ਤਾੜ ਗਿਆ ਕੇ ਰਾਜ ਨਹੀਂ ਸੁਦੈਣ ਹੈ:
ਨਹੀਂ ਬਾਉਲੀ ਮੂਲ ਅਕਲੋਂ ਸੱਖਣੀ;
ਪੂਰਨ ਸੱਚਾ ਪ੍ਰੇਮ ਹਿਰਦੇ ਓਸ ਦੇ-
ਲਸਦਾ ਹੀਰਿਆਂ ਵਾਂਙ ਸੁੰਦਰ ਭਾਸਦਾ।

ਪ੍ਰੇਮੀ ਤਾਂਈਂ ਹੋਸ਼ ਪੂਰੀ ਹੋਂਵਦੀ:
-ਸਮਝੇ ਸਾਰਾ ਹਾਲ ਅਕਲਾਂ ਵਾਲੜਾ
ਬੁੱਧੀ ਉੱਜਲ ਹੋਇ ਧੋਤੇ ਬ੍ਰਿਛ ਜਯੋਂ।
ਸੌਦਾਈ ਦੀ 'ਹੋਸ਼' ਹੁੰਦੀ ਮੈਲੜੀ,
'ਸਮਝ' ਖਾਇ ਜੰਗਾਲ ਭੁੱਗੀ ਹੋਂਵਦੀ
ਬੁੱਧੀ ਮਾਰੀ ਜਾਇ ਬਿਜਲੀ ਰੁੱਖ ਜਯੋਂ।
ਪ੍ਰੇਮੀ ਝੱਲੇ ਦੁੱਖ, ਦੁੱਖ ਨ ਦੇਂਵਦਾ।
ਸੌਦਾਈ ਦੁਖ ਦੇਇ, ਸੁੱਖ ਨ ਦੇਂਵਦਾ।
ਪ੍ਰੇਮੀ ਸੁਰਤ ਇਕਾਗ੍ਰ ਇਕਥੇ ਲੱਗਦੀ,
ਖਿੰਡ, ਫੁਟਾਉ, ਖਿਲਾਰ ਘਟ ਬਹੁ ਜਾਂਵਦਾ।
ਸੁਰਤ ਖਿਲਰਦੀ ਜਾਇ ਧੂਏਂ ਵਾਂਗਰੇ
ਸੌਦਾਈ ਦੀ ਢੇਰ,- ਕਠਨ ਸਮੇਟਣੀ;
ਚੇਤਨਤਾ ਤੇ ਜ਼ੋਰ ਜੜ੍ਹਤਾ ਪਾਂਵਦੀ;
ਤਮੋ ਗੁਣੀ ਪਰਭਾਵ ਬਹੁਤਾ ਛਾਂਵਦਾ।
ਪ੍ਰੇਮੀ ਦੇ ਵਿਚ ਹੋਇ ਉਲਟਾ ਏਸ ਤੋਂ:
ਜੜ੍ਹਤਾ ਲਗਦੀ ਹੇਠ ਉੱਪਰ ਚੇਤਨਾ:
ਸਤੋਗੁਣੀ ਪਰਭਾਵ ਰਹਿੰਦਾ ਛਾਇਆ।
ਮੂਰਖ ਸੀਗ ਵਜ਼ੀਰ ਜਿਸ ਨੇ ਜਾਣਿਆ,
ਭਈ ਸੁਦਾਇਣ ਰਾਜ। ਉਹ ਕੀ ਜਾਣਦਾ
ਹਿਰਦਾ ਜਿਦ੍ਹਾ ਕਠੋਰ ਕਪਟਾਂ ਕੀਤੜਾ।

ਜਿੱਕੁਰ ਵੱਸੇ ਮੀਂਹ ਫਿਰ ਅਸਮਾਨ ਹੋ
ਨਿਰਮਲ-ਝਲਕੇ ਨੀਲ, ਜੜਿਆ ਤਾਰਿਆਂ।
ਬੂਟੇ ਕਰ ਇਸ਼ਨਾਨ ਲਹਿ ਲਹਿ ਝੂੰਮਦੇ।
ਸੁਹਣਾ ਸ੍ਵੱਛ ਸੁਹਾਉ ਛਬੀਆਂ ਦੇਂਵਦਾ,


www.sikhbookclub.com

ਐਸਾ ਪਜਾਰਾ ਪ੍ਰੇਮ ਨਿਰਮਲ ਸੋਹਿਣਾ
ਸਭ ਪਾਸਜੋਂ ਸੁਰਜੀਤ ਹੈਸੀ ਛਾਇਆ
ਹਿਰਦੇ ਰਾਣੀ ਵਿੱਚ,– ਲੂੰ ਲੂੰ ਫੈਲਿਆ।
ਪ੍ਰੇਮ ਰੂਪ ਜਿਸ ਨਾਲ ਰਾਣੀ ਹੋ ਰਹੀ।

## ੪. ਪਲੰਘ

ਮਾਤਾ ਚੰਦਰ ਕੌਰ ਵਾਹਾਂ ਲਾਉਂਦੀ,
ਕਿਵੇਂ ਲਵੇ ਸੰਭਾਲ ਰਾਣੀ ਆਪ ਨੂੰ,–
ਕਿਵੇਂ ਸਿੰਘਾਸਨ ਬੈਠਿ ਰਾਜ ਦੁਬਾਰ ਦੀ
ਮੋਢੇ ਚਾਕੇ ਪੰਡ ਸਿਰੇ ਚੜ੍ਹਾ ਲਵੇ।
ਕੁੱਝ ਨ ਜਾਂਦੀ ਪੇਸ਼, ਆਤੁਰ ਆ ਗਈ:
ਧੀ ਦਾ ਪ੍ਰੇਮ ਅਪਾਰ, ਖੌਲਰ ਪਾਉਂਦਾ;
ਹਰਦਮ ਸੋਚਾਂ ਵਿੱਚ ਰੁੜ੍ਹਦੀ ਮਾਉਂ ਸੀ।
ਕਰਦੀ ਕਈ ਉਪਾਉ ਤੇ ਉਪਰਾਲੜੇ
ਪਰ ਬਿਰਥੇ ਹੀ ਜਾਣ ਹੀਲੇ ਸਾਰੜੇ।

ਰਾਜ ਕੌਰ ਹਰ ਆਨ ਧੁਨ ਵਿਚ ਆਪਣੀ
ਭੁੱਲੀ ਪਹਿਰਨ ਖਾਣ, ਹੱਸਣ, ਖੇਡਣਾ;
ਬੋਲਣ ਘਟਿਆ, ਨੀਂਦ, ਰੋਟੀ ਬੀ ਘਟੀ;
ਠੰਢੇ ਲੈਂਦੀ ਸ੍ਵਾਸ ਲੰਮੇਂ ਅੰਦਰੋਂ।
ਪਾਣੀ ਨਾਲ ਤ੍ਰਿਬੁੱਡ ਰਹਿੰਦੇ ਨੈਣ ਸੇ;
ਫਿੱਕਾ ਪੈ ਗਜਾ ਰੰਗ ਸਾਰੀ ਦੇਹਿ ਦਾ;
ਰਹਿੰਦੀ ਵਿੱਚ ਉਡੀਕ ਹਰਦਮ ਤਾਂਘਦੀ।
ਧੀਰਜ ਖੰਭ ਲਗਾਇ ਹਿਰਦਿਓਂ ਉੱਡਿਆ,
ਘਾਬਰ ਲੀਤਾ ਘੇਰ, ਚੈਨ ਨ ਆਉਂਦਾ,
ਵਿਧਵਾ ਵਾਂਙ ਨਿਰਾਸ ਪਰ ਨਹੀਂ ਹੋਂਵਦੀ:
"ਮਰ ਹੋ ਬੀਤਜਾ ਕੰਤ" ਨਾਹੀਂ ਜਾਣਦੀ:
ਵਾਂਙ ਬਿਰਹਨੀ ਨਾਰ ਛਡਦੀ ਤਾਂਘ ਨਾਂ।
ਦਿਨ ਬੀਤਜਾ ਦੋਸਾਂਝ ਵੇਲਾ ਆਇਆ;
ਸੀਤਲ ਊਸ਼ਾ–ਪ੍ਰਕਾਸ਼ ਮੱਧਮ ਛਾਇਆ,
ਜੋ ਸੂਰਜ ਤੋਂ ਬਾਦ ਬਾਕੀ ਸੀ ਰਿਹਾ।
ਸਹਜੇ ਘਟਦਾ ਏਹ ਬੀ ਹੁਣ ਗੁੰਮਿਆ,
ਘੁਸਮੁਸ ਚਾਰ ਚੁਫੇਰ 'ਨ੍ਹੇਰਾ ਛਾਇਆ।
ਸੋਦਰ ਤੇ ਰਹਿਰਾਸ ਵੇਲਾ ਹੋ ਗਿਆ।

ਗੁਰਮੁਖ ਇਸ ਦਾ ਪਾਠ ਕਰਨ ਇਕੰਤ ਹੋ
ਯਾ ਲਾਕੇ ਦੀਵਾਨ ਦੈਵੀ ਰੰਗ ਦੇ
ਸੁਣਦੇ ਸੁੰਦਰ ਪਾਠ ਮਨ ਨੂੰ ਜੋੜਕੇ,
ਪੜ੍ਹੀ ਜਾਇ ਰਹਿਰਾਸ ਟਿਕੀ ਅਡੋਲਵੀਂ।
ਆਯਾ ਸੰਝਾ ਕਾਲ, ਹੁਕਮ ਸੁਣਾਉਂਦਾ:–

'ਛੱਡੋ ਕਾਰ ਵਿਹਾਰ ਦਿਨ ਹੈ ਡੁੱਬਿਆ;
'ਸੂਰਜ ਨੇ ਸੰਭਾਲ ਕਿਰਨਾਂ ਲੀਤੀਆਂ,
'ਲੇਵੋ ਤੁਸੀਂ ਸੰਭਾਲ ਸੁਰਤਾਂ ਖਿੰਡੀਆਂ।
'ਹੋਇ ਇਕਾਗਰ ਚੀਤ ਲਾਂਭੇ ਬੈਠਕੇ:
'ਯਾ ਜਾਕੇ ਦੀਵਾਨ ਪੜ੍ਹ, ਸੁਣ ਪਾਠ ਲੌ।
'ਰਾਤ ਕਰੋ ਆਰੰਭ ਧਯਾਕੇ ਰੱਬ ਨੂੰ
'ਕੀਤਾ ਸੀ ਜਿਉਂ 'ਰੰਭ ਦਿਨ ਦਾ ਸੋਹਿਣਾ:–
'ਅੰਮ੍ਰਿਤ ਵੇਲੇ ਜਾਗ ਪਿਛਲੀ ਰਾਤ ਨੂੰ
'ਸਿਰਜਨਹਾਰ ਚਿਤਾਰ ਕੀਤਾ ਸੀ ਤੁਸਾਂ;
'ਬਾਣੀ ਨਾਮ ਵਿਚਾਲ ਲਾਇਆ ਸੀ ਸਮਾਂ:–
'ਤਿਉਂ ਏ ਸੰਝਾਂ ਕਾਲ ਮੁਢ ਹੈ ਰਾਤ ਦਾ।
'–ਉਸਦਾ ਰਿਹਾ ਪ੍ਰਭਾਵ ਦਿਨ ਭਰ ਛਾਇਆ,
'ਇਸਦਾ ਸਾਰੀ ਰਾਤ ਰਹਿਸੀ ਛਾਇਆ।
'ਸੰਧੀ ਕਹਿੰਦੇ ਕਾਲ ਸਮੇਂ ਸੁ ਏਸ ਨੂੰ–
'ਜੀਵ ਪ੍ਰਭੂ ਦੀ ਸੰਧ ਮਿਲਨੇ ਦਾ ਸਮਾ।
'ਜਿਉਂ ਮਿਲਦੇ ਦਿਨ ਰਾਤ ਮਿਲੋ ਪਿਆਰਿਓ !
'ਸਾਂਈ ਅਪਣੇ ਨਾਲ ਵੇਲੇ ਸੰਝ ਦੇ।
'ਇਹ ਮਿਲਨੇ ਦਾ ਕਾਲ ਕਦੀ ਨ ਖੋਵਣਾ
'ਵਿੱਚ ਵਿਛੋੜੇ, ਮੀਤ! –ਸਮਾਂ ਅਮੁੱਲ ਹੈ।'

ਦੈਵੀ ਵੇਲਾ ਏਹ ਜਦ ਹੋ ਬੀਤਿਆ,
ਖਾਉ ਪੀਏ ਦਾ ਕਾਲ ਤਦ ਆ ਪਹੁੰਚਿਆ,
ਗੋਲੀ ਉੱਪਰ ਆਇ ਢੂੰਡੇ ਮਾਤ ਨੂੰ।
ਧੋਲਰ ਬੈਠੀ ਮਾਉਂ ਲੱਭੀ ਓਸ ਨੂੰ,

ਕਰੇ ਆਰਤੀ ਪਾਠ ਕੱਲੀ ਬੈਠਕੇ।
ਗੋਲੀ ਲਾਂਭੇ ਹੋਇ ਹੱਥ ਦੁ ਜੋੜ ਕੇ
ਖੜੀ ਰਹੀ ਇਕ ਦਾਉ ਚੁੱਪ ਕਰੀਤੜੀ।
ਜਦੋਂ ਭੋਗ ਦੀ ਵਾਜ ਕੰਨੀ ਪੈ ਗਈ।
ਸਨਮੁਖ ਮਾਤਾ ਆਇ ਕਹਿੰਦੀ 'ਸ੍ਵਾਮਨੀ !
'ਜੁਗ ਜੁਗ ਹੋਵੇ ਰਾਜ ਧੀ ਦਾ ਆਪ ਦੀ;
'ਜੁਗ ਜੁਗ ਹੋਵੇ ਛਾਉਂ ਮਾਤਾ ਵਾਲੜੀ
'ਸਾਡੀ ਰਾਣੀ ਸੀਸ ਝੁਲਦੀ ਹੀ ਸਦਾ।
'ਜੈਤਸਰੀ ਸ੍ਰੀ ਰਾਜ ਮਾਤਾ ਰਾਣੀਏਂ !
'ਹੋਯਾ ਤਯਾਰ ਪ੍ਰਸ਼ਾਦ –ਦੇਵੋ ਆਗਿਆ।'

ਮਾਤਾ ਸੁਣਕੇ ਵਾਕ ਸਹਿਜੇ ਆਖਦੀ:
'ਰਾਣੀ ਨੂੰ ਬੀ ਸੋਇ ਤਯਾਰ ਪ੍ਰਸ਼ਾਦ ਦੀ
'ਦਿਤੀ ਹਈ ਕਿ ਨਾਹਿੰ ਅਕਲਾਂ ਵਾਲੀਏ!'

'ਝੋਲੀ ਰਹੀਆਂ ਪਾਇ' ਗੋਲੀ ਆਖਦੀ:
'ਭੋਲੀ ਰਾਣੀ ਰਾਜ ਲੱਭੀ ਹੈ ਨਹੀਂ;
'ਟੋਲੀ ਉੱਤੇ ਹੇਠ, ਜੋਲੀ ਸਾਰੜੇ;
'ਡੋਲੀ ਬਾਹਰ ਭੇਜ ਬੀ ਹੈ ਭਾਲਿਆ;
'ਫੋਲੀ ਹਏ ਸਮਾਧ, ਬਨ ਬੀ ਢੂੰਡਿਆ,
'ਵਾਂਙ ਹਰੋਲੀ, ਮਾਤ! ਰਹੀਆਂ ਦੌੜਦੀ:
'ਢੂੰਡ ਹਾਰੀਆਂ ਫੇਰ, ਲੱਭਾ ਖੋਜ ਨਾ;
'ਪਤਾ ਨ ਲੱਗੇ ਮਾਉਂ ! ਕਿੱਧਰ ਹੈ ਗਈ।'

ਡੋਲੀ ਰਾਣੀ ਮਾਤ, ਬੋਲੀ: 'ਭੋਲੀਏ, !
'ਕਿਉਂ ਕੀਤਾ ਵੇਸਾਹੁ 'ਮੌਲੀ ਰਾਜ ਦਾ?'

ਬੋਲੀ ਸਿਰ ਨਿਹੁੜਾਇ ਗੋਲੀ ਰਾਧਕਾਂ–
'ਘੋਲੀ ਰੱਖਾਂ ਜਾਨ ਪਜਾਰੀ ਰਾਜ ਤੋਂ,
'ਚੋਲੀ ਦਾਮਨ ਵਾਂਙ ਸਾਥ ਨਿਬਾਹੁੰਦੀ;
'ਪਾਨ ਤਮੋਲੀ ਵਾਂਙ ਰਹਾਂ ਸੰਭਾਲਦੀ:–
'ਪੋਲੀ ਨਿਕਲੇ ਹਾਇ ਰਾਖੀ ਮੈਂਡੜੀ:
'ਹੋਲੀ ਦੇ ਅੰਬੀਰ ਵਾਂਙ ਉ ਖਿਸਕਦੀ,
'ਖਿਸਕੇ ਜਿਉਂ ਖੁਸ਼ਬੋਇ: ਅੰਮੀ ਕੀ ਕਰਾਂ ?'

ਮਾਤਾ ਠੰਢਾ ਸਾਹ ਉੱਠੀ ਖਿੱਚਕੇ,
ਲਭਦੀ ਸੱਸੀ ਵਾਂਙ ਪੁੰਨੂੰ ਧੀਅ ਨੂੰ।
ਫੇਰ ਦੁੜਾਵੇ ਆਪ ਸਾਰੇ ਗੋਲੀਆਂ
ਮੂਰਤਿ ਵੱਲ ਸਮਾਧ ਬੇਲੇ, ਜੰਗਲੀਂ।
ਲੱਭੀ ਕਿਧਰੇ ਨਾਹਿੰ ਪੁਤਲੀ ਪ੍ਰੇਮ ਦੀ :
ਮਹਿਲ ਸੱਟਿਆ ਛਾਣ ਖੂੰਜਾਂ; ਕੰਦਰਾਂ।
ਸਭ ਵਲੋਂ ਹਥ ਝਾੜ ਆਇ ਨਿਰਾਸਤਾ,
ਭਯਾਨਕ ਧਾਰ ਸਰੂਪ ਸਹਿਮਾਂ ਵਾਲੜਾ,
ਜਿਸ ਨੂੰ ਮਾਤਾ ਦੇਖ ਡੁਬਦੀ ਜਾਂਵਦੀ।
ਦੋ ਕਠਨਾਈਆਂ ਵਿੱਚ ਫਾਥੀ ਮਾਉਂ ਹੈ:
ਹਾਵਾ–ਚਿੰਤਾ– ਸੋਚ ਕਿੱਥੇ ਰਾਜ ਹੈ?
ਨਾਲੇ ਜਤਨ ਛਿਪਾਉ– ਨਿਕਲੇ ਨਾ ਕਿਵੇਂ
ਮਹਲੋਂ ਬਾਹਰ ਸੋਇ, ਖਿਲਰੇ ਹੋਰ ਨਾ।
ਪਹਿਰੇ ਬੀਤ ਗਈ ਰਾਤ, ਬੀਤੀ ਜਾਂਵਦੀ,
ਹਿਰਦਾ ਮਾਤਾ ਨਾਲ ਬਹਿੰਦਾ ਜਾਂਵਦਾ
ਛੇਕੜ ਖਾਇ ਕੜੱਕ ਹਿਰਦਾ ਟੁੱਟਿਆ:
ਬੰਨ੍ਹ ਵਹੇ ਦਰਿਯਾਉ ਹੰਝੂ ਅੱਖੀਓਂ।
ਰੋ ਰੋ ਧਰਤੀ ਜੋਗ ਐਕੁਰ ਆਖਦੀ:–
'ਦੱਸ ਤੂੰਹੋਂ, ਜਗ ਮਾਇ ! ਕਿੱਥੇ 'ਰਾਜ' ਹੈ?
'ਤੇਰੇ ਵਿੱਚ ਸਮਾਇ ਕਿਧਰ ਹੈ ਗਈ ?
'ਸਾਥੋਂ ਆਪ ਲੁਕਾਇ ਤੇਰੇ ਓਲ੍ਹੜੇ
'ਲੁਕ ਬੈਠੀ ਹੈ, ਦੱਸ ਮੁੱਠੀ–ਪ੍ਰੇਮ, ਜਾਂ ?
'ਰੂੰ ਦੇ ਗੁਹੜੇ, ਸ਼ੋਕ ! ਲੱਗੀ ਅੱਗ ਹੈ!
'ਇਸਦਾ ਹਾਇ ! ਉਪਾਉ ਕੁਈ ਨ ਜਾਣਦਾ।

'ਹੇ ਧਰਤੀ ! ਤੂੰ ਪਾਟ ਰਸਤਾ ਖੋਲ੍ਹ ਦੇ,
'ਮੈਨੂੰ ਬੀ ਦੇ ਮੇਟ ਅਪਣੇ ਉੱਪਰੋਂ।
'ਜਿਸ ਗੋਦੀ ਵਿਚ ਥਾਉਂ ਦਿੱਤੀ ਧੀਅ ਨੂੰ
'ਓਸੇ ਵਿਚ ਸਮਾਉ ਰੋਂਦੀ ਮਾਉਂ ਨੂੰ।

'ਤੁਰ ਗਏ ਸਾਰੇ ਆਪ ਵਾਰਸ ਰਾਜ ਦੇ;
'ਮੈਂ ਦੁਖੀਆ ਦੁਖਿਆਰ ਬਜਾਕੁਲ ਹੋਣ ਨੂੰ
'ਕਜੋਂ ਰਹਿ ਗਈ ਪਿਛਾਂਹ? –ਪਾਪਣ ਭਾਰੀਆਂ !
'ਪਤੀ ਸਿਰੇ ਦੇ ਤਾਜ ਅੱਗੇ ਜਾ ਬਸੇ;
'ਕਜੋਂ ਲੈ ਗਏ ਨ ਨਾਲ ਮੈਨੂੰ ਆਪਣੇ ?


www.sikhbookclub.com

'ਪੇਕਜੋਂ ਅੰਗ ਨ ਸਾਕ; ਦੇਵਰ, ਜੇਠ ਨਾ;
'ਕੁੱਖੋਂ ਜਾਇਆ ਬਾਲ ਕੋਈ ਹੋਰ ਨਾਂ,
'ਦੱਧੇ ਕਾਨੇ ਵਾਂਙ ਬਨ ਵਿੱਚ 'ਕੱਲੜੀ
'ਰਹੀ ਨਮੂਨਾ ਇੱਕ ਲੂਹੀ ਦੁੱਖ ਦੀ।
'ਬਚੜੀ ਦਿਆਂ ਨ ਦੋਸ਼: ਉਸ ਦੇ ਵੱਸ ਨਾ।
'ਮੈਨੂੰ ਨਾ ਤਦਬੀਰ ਕੋਈ ਔੜ੍ਹਦੀ !
'ਹਰਦਮ ਵਜਦੇ ਤੀਰ ਤਿੱਖੇ ਨੇਜਿਓਂ:
'ਹਿਰਦਾ ਛੇਕੋ ਛੇਕ ਹੋਇਆ ਛਾਨਣੀ।
'ਹੇ ਸਾਈਂ ਕਿਰਪਾਲ ! ਕਿਰਪਾ ਜੀ ਕਰੋ !
'ਹੇ ਗੁਰ ਸਦਾ ਕ੍ਰਿਪਾਲ ਕਲਗੀ ਵਾਲੜੇ !
'ਬਹੁੜੀ ਕਰੀਓ ਆਇ ਮੇਰੀ ਆਪ ਆ !
'ਦੇਵੋ ਆਪ ਮਿਲਾਇ ਜਿਉਂਦੀ ਜਾਗਦੀ
'ਬਖ਼ਸ਼ਿਸ਼ ਅਪਨੀ ਨਾਲ ਬਚੜੀ ਮੇਰੜੀ।'

ਇਸ ਬਿਧ ਕਰ ਵਿਰਲਾਪ ਮਾਤਾ ਰੋਂਵਦੀ,
ਰੋ ਰੋ ਹੋਈ ਚੁੱਪ, ਚਿੰਤਾਂ ਡੂੰਘੀਆਂ
ਲੀਤੀ ਸੁਰਤ ਡੁਬੋਇ ਜੁੜ ਹੈ ਜਜੋਂ ਗਈ।

ਹੁਣ ਆਈ ਇਕ ਵਾਜ –ਦੂਰੋਂ–ਭਿੱਜਵੀਂ,
ਝੀਣੀ, ਲੰਮੀ, ਸਾਫ਼, ਪਤਲੀ, ਬੈਠਵੀਂ,
ਮਿੱਠੀ, ਬਹੁਤ ਸੁਰੀਲ, ਧਰਕਣ ਵਾਲੜੀ,
ਵਿੰਨ੍ਹਦੀ ਹਿਰਦਾ ਜਾਇ ਤਿੱਖੇ ਤੀਰ ਜਜੋਂ :
ਮਾਨੋਂ ਦੁਖੀਆ ਕੋਇ ਬਿਰਹੋਂ ਜਾਲਿਆ
ਬਿਰਹੋਂ ਧਾਰ ਸਰੂਪ ਹੈਵੇ ਗਾ ਰਿਹਾ।
ਦੂਰੋਂ ਆਵੇ ਵਾਜ ਵਾਂਙ ਉਮੇਦ ਦੇ:
ਰਾਣੀ ਲਾਵੇ ਕੰਨ ਸੁਣਦੀ ਗਹੁ ਕਰੇ:
ਲੀਤਾ ਮਸਤ ਬਨਾਇ ਏਸ ਅਵਾਜ਼ ਨੇ।
ਮਿਰਗ ਮਸਤ ਹੋ ਜਾਇ ਘੰਡੇ ਵਾਜ ਤੇ–
ਸੱਪ ਮਸਤ ਜਿਉਂ ਬੀਨ ਉੱਤੇ ਹੋਂਵਦਾ;
ਰਾਣੀ ਏਸ ਅਵਾਜ਼ ਮੱਤੀ ਸੀ ਗਈ।
ਵਾਜ ਪਛਾਣੂ ਸੀਗ –ਕੰਨ ਪਛਾਣਦੇ,
ਸੁਣੀ ਕਈ ਸੀ ਵਾਰ ਅੱਗੇ ਏਸ ਤੋਂ;
ਪਰ ਸੀ ਹੋਰੋ ਰੰਗ ਚੜ੍ਹਿਆ ਵਾਜ ਨੂੰ,
ਮਾਨੋਂ ਦੈਵੀ ਵਾਜ ਹੋਈ ਸੀਗ ਏ।
ਚਿੱਟਾ ਜਿਵੇਂ ਸੁਪੈਦ ਖੂੰਬੇ ਚਾੜ੍ਹਿਆ
ਬਸਤਰ ਹੋਵੇ ਸਾਫ਼ ਅੱਗੇ ਸੋਹਿਣਾ,
ਤੁਰਾਤਾਜ ਜੇ ਰੰਗ ਉੱਤੋਂ ਆ ਚੜ੍ਹੇ
ਸੋਭਾ ਹੋਵੇ ਹੋਰ –ਹੋਰੋਂ ਰੂਪ ਹੋ।
ਤਿਉਂ ਆਕੇ ਇਸ ਵਾਜ ਮੁਹਿਆ ਮਾਉਂ ਨੂੰ।
ਸਾਰੀ ਸੁਰਤ–ਸਰੀਰ ਕੱਠੀ ਹੋਇਕੇ
ਆਇ ਵੜੀ ਵਿਚ ਕੰਨ, ਰਹੀ ਨ ਹੋਰਥੇ।
ਸਉਂ ਗਜੇ ਸਾਰੇ ਅੰਗ ਕੇਵਲ ਕੰਨ ਹੀ
ਜਾਗਣ ਵਿੱਚ ਸਰੀਰ, ਸੁਣਦੇ ਵਾਜ ਓ;
ਮਾਨੋਂ ਕੰਨਾਂ ਹੱਥ ਕੁੱਲ ਸਰੀਰ ਨੇ
ਵਾਗਾਂ ਦਿਤੀਆਂ ਸੌਂਪ ਮਾਲਕ ਏ ਹੁਏ।

ਆਵੇ ਜਿੱਥੋਂ ਵਾਜ ਕੰਨਾਂ ਓਧਰੇ
ਖਾਧੀ ਖਿੱਚ ਅਪਾਰ, ਤਾਂਘੇ ਤੁਰਨ ਨੂੰ–
ਨੇੜੇ ਹੋ ਹੋ ਹੋਰ ਸੁਣੀਏਂ ਨੇੜਿਓਂ।
ਮਗਰੇ ਲੱਗ ਸਰੀਰ ਤੁਰਿਆ ਮਾਤ ਦਾ।
ਪਤਾ ਨ ਕਿਉਂ ਕਿਤ ਓਰ ਲੋਹੇ ਵਾਂਙ ਪੈ
ਖਿੱਚੀ ਮਾਤਾ ਜਾਇ –ਤੁਰਦੀ ਓਧਰੇ,
ਲੋਹਾ ਚੁੰਬਕ ਵੱਲ ਜਿਵੇਂ ਖਿਚੀਂਵਦਾ !
ਸੇਧ ਵਾਜ ਦੀ ਸੀਗ ਆਗੂ ਰਾਹ ਦਾ।
ਪਹਿਲੇ ਅੰਙਣ ਲੰਘ ਅੰਦਰ ਵਾਲੜਾ
ਵਿਹੜੇ ਦੂਜੇ ਜਾਇ ਚੜ੍ਹੀਆਂ ਪੌੜੀਆਂ:
ਫਿਰ ਕੋਠੇ ਤੇ ਜਾਇ ਲੰਘ ਦਲਾਨ ਨੂੰ
ਕਈ ਵਲੇਵੇਂ ਖਾਇ ਵਿਚ ਰਣਵਾਸ ਦੇ
ਮਹਿਲ ਆਪਣੇ ਵਿੱਚ ਧਾਈ ਜਾਂਵਦੀ।
ਜਿਹੜੇ ਬੂਹੇ ਢੇਰ ਚਿਰ ਦੇ ਬੰਦ ਸੇ,
–ਰਾਣੇ ਜੀ ਦੇ ਬਾਦ ਖੋਲ੍ਹੇ ਨ ਕਿਸੇ–
ਖੁੱਲ੍ਹੇ ਸਾਰੇ ਸੀਗ –ਕੋਈ ਬੰਦ ਨਾ।
ਜਿਸ ਵਲ ਮਾਤਾ ਜਾਇ ਖਿੱਚੀ ਰਾਗ ਦੀ
ਰਸਤਾ ਦੇਵੇ ਆਪ ਰਸਤਾ ਜਾਣ ਦਾ।
ਇਕੁੱਰ, ਪੇਚੋ ਪੇਚ ਚੜ੍ਹਦੀ, ਲੰਘਦੀ।
ਸ਼ਿਖਰ ਛੱਤ ਤੇ ਜਾਇ ਪਹੁੰਚੀ ਮਾਉਂ ਸੀ,
ਜਿੱਥੇ ਸੂਰਤ ਸਿੰਘ ਕਦੇ ਹੁਨਾਲ ਨੂੰ
ਸਾਈਂ ਕਰ ਕਰ ਯਾਦ ਰਾਤ ਬਿਤਾਂਵਦਾ।



www.sikhbookclub.com

ਏਸ ਭੇਤ ਦਾ ਸੀਗ ਜਾਣੂੰ ਹੋਰ ਨਾ,
ਇੱਕੋ ਭੇਤੀ ਦਾਸ ਹੈਸੀ ਜਾਣਦਾ,
ਜਿਸ ਨੇ ਸਾਰਾ ਭੇਤ ਰਾਣੀ ਰਾਜ ਨੂੰ
ਦਸ ਦਿੱਤਾ ਸੀ ਅੱਜ ਪਿਛਲਾ ਬੀਤਿਆ।
ਜਿਕੱਰ ਸਾਜ ਸਮਾਨ ਹੁੰਦਾ ਛੱਤ ਤੇ
ਰਾਣਾ ਜੀ ਦੇ ਆਪ ਏਥੇ ਹੁੰਦਿਆਂ,
ਸਾਰਾ ਸਾਂਭ ਵਲ੍ਹੇਟ ਹੈ ਸੀ ਰੱਖਿਆ,
ਠੀਕ ਓਸ ਹੀ ਡੌਲ ਨੌਕਰ ਓਸ ਨੇ
ਹੁਕਮ ਰਾਜ ਦਾ ਪਾਇ ਛੰਡ ਸਜਾਇਆ।
ਰਾਜ ਕੌਰ ਸੀ ਅੱਜ ਪਹੁੰਚੀ ਏਸ ਥਾਂ
ਖਾਣ ਪੀਣ ਪਰਵਾਹ ਸੱਭ ਭੁਲਾਇਕੇ।

ਜਦ ਮਾਤਾ ਇਸ ਡੌਲ ਖਿੱਚੀ ਪਹੁੰਚੀਆ,
ਦਰਸ਼ਨ ਅਜਬ ਅਜਾਬ ਆਯਾ ਸਾਮ੍ਹਣੇ:-
ਸਿਹਜਾ ਲੱਗੀ ਅੱਤਿ ਸੁੰਦਰ ਸੋਹਿਣੀ:
ਭਾਂਤ ਭਾਂਤ ਦੇ ਫੁੱਲ ਭਰੇ ਸੁਗੰਧਿ ਦੇ
ਮਾਲਾਂ, ਸਿਹਰੇ, ਹਾਰ, ਖੁੱਲ੍ਹੇ ਹਨ ਧਰੇ।
ਚਿੱਟੀ ਚਾਦਰ ਸਾਫ਼ ਪਲੰਘੇ ਹੈ ਵਿਛੀ।
ਪਊਏ ਸੱਜੀ ਓਰ ਜੋੜੇ ਹਨ ਧਰੇ।
ਸਿਰਹਾਂਦੀ ਦੇ ਦਾਉ ਚੌਂਕੀ ਇੱਕ ਤੇ
ਜਲ ਦਾ ਗੜਵਾ ਨਾਲ ਭਰ ਹੈ ਰੱਖਿਆ।
ਠੀਕ ਪਲੰਘ ਦੇ ਨਾਲ ਪਾਸੇ ਪੈਂਦ ਦੇ
ਦੋਵੇਂ ਹੱਥ ਸੁ ਜੋੜ, ਗੋਡੇ ਟੇਕ ਕੇ,
ਅੱਖਾਂ ਕੀਤੀ ਬੰਦ, ਹੋਇ ਅਡੋਲਵੀਂ,
ਰਾਜ ਕੌਰ ਜਿਉਂ ਦੰਦ ਪੁਤਲੀ ਹੈ ਖੜੀ।
ਕੋਈ ਕੋਈ ਹੰਝੂ ਕਿਰਦੀ ਅੱਖੀਓਂ
ਪਰ ਨਾ ਰਤੀ ਹਿਲਾਉ ਅੰਗ ਕਿਸੇ ਉਤੇ:
ਮੂੰਹੋਂ ਨਿਕਲੇ ਵਾਜ ਮੋਹਨ ਵਾਲੜੀ.
ਜੋ ਮਾਤਾ ਨੂੰ ਖਿੱਚ ਲਜਾਈ ਏਸ ਥਾਂ।

ਮਾਤਾ ਦੇਖ ਹਿਰਾਨ -ਅਚਰਜ-ਹੋਂਵਦੀ
ਦੇਖੇ ਬੰਨ੍ਹ ਨਜ਼ੀਰ ਪੁਤਲੀ 'ਰਾਜ' ਹੈ,
ਅੰਗ ਨ ਹਿੱਲੇ ਕੋਇ, ਫਰਕੇ ਬੁੱਲ੍ਹ ਨਾ।
ਗਾਵੇ ਸ਼ਬਦ ਸੁ ਕੌਣ? ਲੱਗੇ ਨਾ ਪਤਾ:
ਲੱਗ ਗਈ ਹੈ ਜੀਭ ਕਿਧਰੋਂ ਪੌਣ ਨੂੰ?
ਪੌਣ ਵਿਖੇ ਜਾਂ ਗੁੰਮ ਕੁਈ ਅਪੱਛਰਾਂ
ਐਸਾ ਸੁੰਦਰ ਰਾਗ ਗਾਈ ਜਾਂਵਦੀ ?
ਵਾਜ ਨ ਸੀਗੀ ਵਾਜ, -ਲਿਵ ਦੀ ਲੀਨਤਾ
ਹੋਕੇ ਵਾਜ ਸਰੂਪ ਸੀਗੀ ਫੈਲਦੀ।
ਹੁਣ ਮਾਤਾ ਬੀ ਆਪ ਜੁੜਦੀ ਜਾਂਵਦੀ
ਐਸੀ ਹੋਈ ਇਕਾਗ੍ਰ -ਪਿਛਾ ਯਾਦ ਨਾ
ਮਾਨੋਂ ਲੱਗੇ ਖੰਭ ਉਸ ਦੀ ਸੁਰਤ ਨੂੰ-
ਭੁੱਲ ਗਈ ਸੀ ਮੈਲ੍ਹ ਸ਼ਹਿਰ, ਪਹਾੜ ਨੂੰ,
ਸਮਝ ਪਵ੍ਹਸ ਇਕ ਏਹ: ਵਿੱਚ ਅਕਾਸ਼ ਦੇ
ਆ ਪਹੁੰਚੀ ਹਾਂ ਉੱਡ, ਏਥੇ ਆ ਟਿਕੀ
ਜਿੱਥੇ ਅਰਸ਼ੀ ਰਾਗ ਸੁਹਣਾ ਹੋ ਰਿਹਾ।
ਹੌਲੀ ਫੁੱਲਾਂ ਵਾਂਙ, ਤ੍ਰੇਲੋਂ ਸੁੱਛਵੀਂ,
ਨਿਰਮਲ ਵਾਂਙ ਬਲੌਰ ਮਾਤਾ ਹੋ ਗਈ।
ਰਾਜ ਕੌਰ ਸੀ ਬੁੱਤ ਸੱਜੇ ਹੋ ਰਹੀ
ਮਾਤਾ ਹੋ ਬੇ-ਵੱਸ ਪੱਥਰ ਵਾਕੁਰੇ
ਖੱਬੀ ਲਾਂਭ ਖਲੋਇ ਆਪੇ ਹੀ ਗਈ,
ਜੁੜ ਗਜੇ ਦੋਵੇਂ ਹੱਥ ਲੈ ਵਿਚ ਲੈ ਹੁਈ।
ਓਥੇ ਸ਼ਾਂਤਿ-ਪ੍ਰਭਾਵ ਟਿਕਵਾਂ ਸੋਹਿਣਾ
ਐਸਾ ਛਾਇਆ ਸੀਗ, ਮਾਨੋਂ ਆਪ ਸੀ
ਰਾਗ ਰਤਨ ਪਰਵਾਰ ਭਿੱਜਾ ਪ੍ਰੇਮ ਦਾ
ਹੋਇ ਵਿਰਾਗ ਅਰੂੜ੍ਹ ਕਰਦਾ ਰਾਗ ਹੈ।
ਸਬਦ ਪਵਿੱਤਰ ਏਹ ਸੀਗਾ ਹੋ ਰਿਹਾ,
ਸੁਣੇ ਜੁ ਹਿਤ ਚਿਤਲਾਇ ਭਿੱਜੇ ਪ੍ਰੇਮ ਹੈ-

ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ॥ ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ ਅਪਰ ਅਪਾਰਾ ਰਾਮ ॥ ਗੋਪਾਲ ਦਇਆਲ ਗੋਬਿੰਦ ਲਾਲਨ ਮਿਲਹੁ ਕੰਤ ਨਿਮਾਣੀਆ॥ ਨੈਨ ਤਰਸਨ ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ॥ ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ ॥ ਨਾਨਕੁ ਪਇਅੰਪੈ ਸੰਤ ਜੰਪੈ ਮੇਲਿ ਕੰਤੁ ਹਮਾਰਾ ॥੧॥ ਲਾਖ ਉਲਾਹਨੇ ਮੋਹਿ ਹਰਿ ਜਬ ਲਗੁ ਨਹ ਮਿਲੈ ਰਾਮ॥ ਮਿਲਨ ਕਉ ਕਰਉ ਉਪਾਵ ਕਿਛੁ ਹਮਾਰਾ ਨਹ ਚਲੈ ਰਾਮ॥ ਚਲ ਚਿਤ ਬਿਤ ਅਨਿਤ ਪ੍ਰਿਅ ਬਿਨੁ

ਕਵਨ ਬਿਧੀ ਨ ਧੀਜੀਐ ॥ ਖਾਨ ਪਾਨ ਸੀਗਾਰ ਬਿਰਥੇ ਹਰਿ ਕੰਤ ਬਿਨੁ ਕਿਉ ਜੀਜੀਐ ॥ ਆਸਾ ਪਿਆਸੀ ਰੈਨਿ ਦਿਨੀਅਰੁ ਰਹਿ ਨ ਸਕੀਐ ਇਕੁ ਤਿਲੈ ॥ ਨਾਨਕੁ ਪਇਅੰਪੈ ਸੰਤ ਦਾਸੀ ਤਉ ਪ੍ਰਸਾਦਿ ਮੇਰਾ ਪਿਰੁ ਮਿਲੈ ॥੨॥ ਸੇਜ ਏਕ ਪ੍ਰਿਉ ਸੰਗਿ ਦਰਸੁ ਨ ਪਾਈਐ ਰਾਮ ॥ ਅਵਗਨ ਮੋਹਿ ਅਨੇਕ ਕਤ ਮਹਲਿ ਬੁਲਾਈਐ ਰਾਮ ॥ ਨਿਰਗੁਨਿ ਨਿਮਾਣੀ ਅਨਾਥਿ ਬਿਨਵੈ ਮਿਲਹੁ ਪ੍ਰਭ ਕਿਰਪਾ ਨਿਧੇ ॥ ਭ੍ਰਮ ਭੀਤਿ ਖੋਈਐ ਸਹਜਿ ਸੋਈਐ ਪ੍ਰਭ ਪਲਕ ਪੇਖਤ ਨਵ ਨਿਧੇ ॥ ਗ੍ਰਿਹਿ ਲਾਲੁ ਆਵੈ ਮਹਲੁ ਪਾਵੈ ਮਿਲਿ ਸੰਗਿ ਮੰਗਲੁ ਗਾਈਐ ॥ ਨਾਨਕੁ ਪਇਅੰਪੈ ਸੰਤ ਸਰਣੀ ਮੋਹਿ ਦਰਸੁ ਦਿਖਾਈਐ ॥੩॥ {ਰਾਗੁ ਬਿਹਾਗੜਾ ਮਹਲਾ ੫}

ਮੁੜ ਮੁੜ ਮੁਕਦੀ ਤੁੱਕ ਅੱਧੀ ਅੰਤਲੀ
–ਲਾਡ ਪਜਾਰ ਦੇ ਨਾਲ– ਗਾਈ ਜਾ ਰਹੀ:
ਪਰ ਹਰ ਵੇਰੀ ਏਹ ਹੌਲੀ ਹੋਂਵਦੀ,
ਹੌਲੀ ਗਈਆ ਹੋਇ –ਛਾਈ ਚੁੱਪ ਹੈ;
ਗਿਆ ਸਨਾਟਾ ਛਾਇ ਚਾਰ ਚੁਫੇਰੜੇ।

ਬੀਤ ਚੁਕੀ ਸੀ ਰਾਤ ਬਹੁਤੀ ਅੱਧੀ ਤੋਂ
ਸੁੱਤਾ ਸਭ ਸੰਸਾਰ –ਜਾਗੇ ਨਾ ਕੁਈ
–ਮਰਦ ਨ ਚਿੜੀ ਜਨੌਰ ਕੋਈ ਬੋਲਦਾ
ਸੱਭ ਭੁਲਾਕੇ ਹੋਸ਼ ਨਿਸਲੀ ਤਾਣਕੇ,
ਨੀਂਦਰ ਹੋਏ ਗੁੱਟ ਘੂਕ ਸੁ ਸੌਂ ਰਹੇ।
ਮਾਨੋਂ ਕਰਦੀ ਰਾਜ ਨੀਂਦਰ ਜੱਗ ਤੇ।
ਕੀ ਰਾਜੇ, ਕੰਗਾਲ, ਬਾਲਕ, ਬਿੱਧ ਕੀ,
ਪਸ਼ੂ ਪੰਖੀ, ਮਾਨੁੱਖ ਸਿੱਕਾ ਏਸ ਦਾ
ਸਿਰ ਚਰਨਾਂ ਤੇ ਸੱਟ ਹਨ ਪਜੇ ਮੰਨਦੇ:
ਆਕੀ ਇਸ ਤੋਂ ਕੋਇ ਨਜ਼ਰ ਨ ਆਂਵਦਾ।
ਹਾਂ ਇਕ ਪ੍ਰੇਮੀ ਲੋਕ ਡੰਕਾ ਏਸ ਦਾ
ਮੂਲੋਂ ਮੰਨਣ ਨਾਹਿੰ ਆਕੀ ਹੋ ਰਹੇ:
ਸ਼ਰਨ ਪ੍ਰੇਮ ਦੀ ਇਕ ਉਹਨਾਂ ਇੱਕ ਹੀ,
ਦੂਜੇ ਤੋਂ ਹਥ ਧੋਇ, ਪੱਕੀ ਹੈ ਫੜੀ:
ਦੇਖਣ ਹੋਰ ਨ ਵੱਲ ਬੇ ਪਰਵਾਹਿੜੇ:
ਰਾਤ ਗੁਜ਼ਾਰਨ ਜਾਗ ਰੱਤੇ ਪ੍ਰੇਮ ਦੇ –
ਪਜਾਰੇ ਨੂੰ ਕਰ ਯਾਦ ਸਦਾ ਸੰਭਾਲਦੇ–
ਨੀਂਦੋਂ ਬੇ ਪਰਵਾਹ ਰਾਤ ਜਗਾਂਵਦੇ।
ਤਿੱਕੁਰ ਰਾਣੀ ਰਾਜ ਪੁਤਲੀ ਪ੍ਰੇਮ ਦੀ
ਭੁਖੀ ਤਿਹਾਈ ਆਣ ਏਥੇ ਸੀ ਖੜੀ।
ਪਿਛਲੀ ਰਾਤੇ ਜਾਗ ਰਾਤਾਂ ਕਿੰਨੀਆਂ
ਝਾਗ ਚੁਕੀ ਹੁਣ ਤੀਕ ਕੰਤ ਧਿਆਉਂਦੀ:
ਥੱਕੀ, ਅੱਕੀ ਨਾਂਹ ਲੋਰੋਂ ਨਾਂ ਮੁੜੀ,
ਭੁੱਖੋਂ, ਨੀਦੋਂ ਹਾਰ ਖਾਧੀ ਸੀ ਨਹੀਂ।
ਧਜਾਨ ਪਿਆਰੇ ਵਿੱਚ ਬੱਝੀ ਹੈ ਖੜੀ,
ਕਿਸ ਵੇਲੇ ਤੋਂ ਲਾਗ ਐਕੁਰ ਹੈ ਖੜੀ ?
ਪਹਿਰ ਬਿਤਾਇ ਦੋਇ ਪਹਿਲੀ ਰਾਤ ਦੇ।

ਵਾਹ ਪਜਾਰੀ, ਹੇ ਰਾਜ! ਸੱਚਾ ਪ੍ਰੇਮ ਹੈ,
ਹਿਰਦੇ ਰਿਹਾ ਸਮਾਇ ਤੇਰੇ, ਕੰਤ ਦਾ;
–ਓਸ ਕੰਤ ਦਾ ਪ੍ਰੇਮ ਪੂਰਾ ਸੰਤ ਜੋ।
'ਸਤੀ' ਕਹਨ ਹੈ ਜੋਗ ਤੈਨੂੰ ਪਜਾਰੀਏ !
ਦੇਹੀ ਦੇ ਵਿੰਜੋਗ ਜਿਸ ਨੂੰ ਕੰਤ ਤੋਂ
ਕੀਤਾ ਵਖਰਾ ਨਾਂਹ –ਸਾਬਤ ਰੱਖਿਆ:
ਕੇਵਲ ਸਾਬਤ ਨਾਂਹ ਪ੍ਰੇਮ ਵਧਾਇਆ;
ਸਭਨਾਂ ਪਾਸਜੋਂ ਤੋੜ ਲਾਈ ਰੱਖਿਆ:
ਓਸ ਪਤੀ ਦੇ ਨਾਲ ਮਿਲਜਾ ਜੁ ਰੱਬ ਨੂੰ।

ਰਾਣੀ ਏਸ ਪ੍ਰਕਾਰ ਬੇਸੁਧ ਸੀ ਖੜੀ।
'ਚਾਣਕ ਮਾਤਾ ਜਾਗ ਖੁੱਲ੍ਹੀ ਆਪ ਹੀ:
ਤ੍ਰਬ੍ਰਕੀ ਇੱਕੋ ਵੇਰ ਕੰਬੀ, ਆਖਦੀ:
'ਆਹਾ ! ਹਾ ਹਾ ! ਕੀਹ ਏਥੇ ਹੋ ਰਿਹਾ !
'ਰੱਖੀਂ ਰੱਬ ਕ੍ਰਿਪਾਲ ਬਚੜੀ ਮੇਰੜੀ !
'ਅੱਧ 'ਸਮਾਨੋਂ ਹੇਠ ਢੱਠੇ ਨਾ, ਪ੍ਰਭੂ !'

ਸੁਣਕੇ ਤ੍ਰਿੱਖੀ ਸੱਦ ਰਾਜ ਤ੍ਰਬ੍ਰੱਕ ਕੇ
ਅੱਖਾਂ ਲਈਆਂ ਖੋਲ੍ਹ ਹਿਤ ਅਲਸਾਈਆਂ;
ਡਿੱਠਾ ਨਜ਼ਰ ਉਘਾੜ ਸਾਰੇ ਮਲਕੜੇ:–
ਖਿੜੀ ਚਾਂਦਨੀ ਵਾਂਙ ਪਾਰੇ ਛੰਭ ਦੇ;
ਏਸ ਚਾਂਦਨੀ ਵਿੱਚ ਚੰਦਰ ਕੌਰ ਹੈ
ਖੜੀ ਪਲੰਘ ਦੇ ਪਾਸ ਅਚਰਜ ਹੋ ਰਹੀ।
ਮਾਤਾ ਨੂੰ ਇਉਂ ਦੇਖ ਰਾਣੀ ਰਾਜ ਨੇ

ਲੀਤਾ ਠੰਢਾ ਸਾਹ, ਲੰਮਾ, ਸੈਮੁਵਾਂ।
ਬੋਲੀ ਸਹਿਜੇ ਫੇਰ– 'ਪਜਾਰੀ ਮਾਉਂ ਜੀ !
'ਮੇਰੇ ਪਿੱਛੇ ਆਪ ਦੁਖੀਏ ਹੋ ਰਹੇ।
'ਕਿਹੀ ਨਿਭਾਗਣ, ਹਾਇ ! ਮੈਂ ਦੁਖ ਦੇਵਣੀ–
'ਜਿਉਂ ਦੁੱਖਾਂ ਦਾ ਬ੍ਰਿਛ ਆਈ ਜਗਤ ਤੇ:
'ਪਾਵੇ ਦੁੱਖ ਅਪਾਰ ਲਾਗੇ ਮੁਝ ਦੇ
'ਜੇ ਕੋਈ ਆ ਜਾਇ ਅਪਨਾ, ਓਪਰਾ।
'ਬਖਸ਼ੀਂ, ਅੰਮੀ ਮਾਇ –ਮਾਤਾ, ਬਖਸ਼ ਲੈ!'

ਹੋਸ਼ ਗਈ ਸੀ ਆਇ ਹੁਣ ਤਾਂ ਮਾਉਂ ਨੂੰ:
ਉੱਠੀ, ਧੀ ਦੇ ਪਾਸ ਆ ਗਲ ਲਾਂਵਦੀ,
ਘੁਟਦੀ ਛਾਤੀ ਨਾਲ, ਮੱਥਾ ਚੁੰਮਦੀ;
ਪਿੱਠ ਫੇਰਦੀ ਹੱਥ ਲਏ ਬਲਾਈਆਂ:
'ਮਮਤਾ ਮਾਰੀ, ਹਾਇ ! ਧੀਏ ! ਕੀ ਕਰਾਂ ?
'ਰਹੀ ਇਕੱਲੀ ਜੱਗ –ਊਣ ਚੁਫੇਰਿਓਂ।
'ਨਾ ਭਾਈ ਨਾ ਭੈਣ ਦੇਵਰ, ਜੇਠ ਨਾ,
'ਜਣਦਜੋਂ ਕੋਈ ਨਾਹਿੰ, ਨਾਂ ਹੀ ਸਹੁਰਿਓਂ:
'ਸਭਨੀ ਥੋਕੀਂ ਇੱਕ ਤਾਰਾ ਅੱਖ ਤੂੰ
'ਪੈਕੇ ਵਹਿਣਾਂ ਵਿੱਚ ਰੁੜੀਓਂ ਆਪ ਤੋਂ।
'ਮੈਂ ਕੀ ਕਰਾਂ ਉਪਾਉ, ਦੱਸੀਂ ਪਜਾਰੀਏ?
'ਰਾਜ ਸੰਭਾਲਾਂ ਕਾਜ, ਢੱਕਾਂ ਭੇਤ ਨੂੰ?
'ਤੇਰਾ ਕਰਾਂ ਇਲਾਜ, ਸੰਭਲਾਂ ਆਪ ਨੂੰ?
'ਦੱਸ ਇਕਲਾਪੀ ਮਾਉਂ ਕੀ ਕੀ ਕਰ ਸਕੇ ?
'ਕੋਈ ਦਿਲ ਦਾ ਭੇਤ ਦੱਸੇਂ ਨਾ ਕਦੀ,
'ਰੋਂਦੀ ਰੋਂਦੀ ਹਾਲੁਂ ਹੋਇੰ ਬਿਹਾਲ ਤੂੰ,
'ਸਮਝ ਨ ਪੈਂਦੀ ਕੁੱਝ ਕਰ ਤੂੰ ਕੀ ਰਹੀ।
'ਬਿਜਲੀ ਵਾਂਙ ਲੁਕਾਇ ਅਪਣੇ ਆਪ ਨੂੰ
'ਚਮਕ ਪਵੇਂ ਉਸ ਥਾਉਂ ਜਿੱਥੇ ਆਸ ਨਾ,
'ਕਰਜੇ ਹੋਰਥੇ ਟੋਲ, ਲੱਭੇਂ ਹੋਰ ਥੋਂ।
'ਸਹਿਮ ਲਈ ਮੈਂ ਘੁੱਟ ਚਿੰਤਾ ਖਾਰਿਆ।
'ਕੋਈ ਦੱਸ ਇਲਾਜ ਬੇਟਾ ਆਪ ਤੂੰ !
'ਭਾਗਾਂ ਵਾਲੇ ਬਾਪ ਤੇਰੇ ਹੋ ਗਏ:
'ਭਰਿਆ ਮੇਲਾ ਛੱਡ ਏਥੋਂ ਗਜੇ ਚਲੇ,–
'ਸੱਲ ਨ ਡਿੱਠਾ ਕੋਇ ਓਨ੍ਹਾਂ ਗ੍ਰਿਸਤ ਦਾ।
'ਭਾਗੀ ਭਰਿਆ ਸੀਗ ਪੈਰਾ ਆਪ ਦਾ।
'ਜਿਸ ਦਿਨ ਤੋਂ ਖਿਸਕਾਇ ਪੱਲਾ ਓ ਗਏ,
'ਖਿਸਕੇ ਉਹਨਾਂ ਨਾਲ ਸੁਖ ਹਨ ਸਾਰੜੇ।'

ਵਜਾਕੁਲ ਹੋ ਹੋ ਆਖ ਮਾਤਾ ਐਕੁਰਾਂ
ਚੁੱਪ ਗਈ ਫਿਰ ਹੋਇ ਧੀ ਨੂੰ ਚੰਬੜੀ।
ਘੁੱਟੇ ਛਾਤੀ ਨਾਲ, ਰੱਜ ਨ ਆਂਵਦੀ।
ਬੱਚੀ ਫਿਰ ਹੱਥ ਜੋੜ ਕਹਿੰਦੀ, 'ਅੰਬੜੀ!
'ਮੇਰੇ ਕੁਝ ਨਾ ਵੱਸ ਹੁਣ ਤਾਂ ਹੈ ਰਿਹਾ:
'ਰਤੀ ਨ ਦੇਵਾਂ ਦੁੱਖ ਦਿਲ ਹੈ ਲੋਚਦਾ,
'ਪਰ ਦੇ ਬੈਠਾਂ ਨਿੱਤ– ਪਲ ਪਲ ਭੁੱਲਦੀ।
'ਮੈਂ ਦੁਖ ਦਾਤੀ, ਹਾਇ, ਹੋਈ ਆਪ ਨੂੰ।'

'ਮੰਨ ਲਈਂ ਇਕ ਬਾਤ' ਅੰਮੀ ਆਖਿਆ:–
'ਦੱਸ ਦਿਆ ਕਰ –ਅੱਜ ਐਥੇ ਹਾਂ ਚਲੀ,
'ਮੇਰੇ ਦਿਲ ਨੂੰ ਧੀਰ ਬੱਝੀ ਏ ਰਹੇ
'ਤੂੰ ਅਮੁਕੇ ਹੈਂ ਥਾਉਂ, ਮੁੜ ਆ ਜਾਵਸੇਂ,
'ਫਿਰ ਮੈਨੂੰ ਦੁਖ–ਤਾਂਘ ਲਗਿਆ ਨਾ ਕਰੂ।'

## ੫. ਉਡਾਰੀ

ਮਾਤਾ ਦਾ ਇਹ ਵਾਕ ਸੁਣਕੇ ਆਖਦੀ:–
'ਅੰਮੀ, ਨਹੀਓਂ ਵੱਸ ਮੇਰੇ ਕੁਝ ਬੀ।
'ਸੁਣ ਕੇ ਸਭ ਵਿਰਤਾਂਤ ਬੀਤਜਾ ਅੱਜ ਜੋ,
'ਆਪ ਤੁਸੀਂ ਲੌ ਵੇਖ ਮੇਰੀ ਬੇਵਸੀ।
'ਸੂਰਜ ਅੱਜ ਤ੍ਰਿਪੈਹਰਿ ਢਲਿਆ, ਮਾਉਂ ਜੀ !
'ਨੀਵਾਂ ਨੀਵਾਂ ਹੋਇ ਪੱਛੋਂ ਡੁਬਿਆ;
'ਲੱਥਾ ਦਿਹੁੰ ਬੀ ਨਾਲ ਸੂਰਜ ਲੱਥਿਆਂ:
'ਦੋਵੇਂ ਪੱਛੋਂ ਓਟ ਮਾਨੋਂ ਜਾ ਲੁਕੇ।
'ਚਉਬਾਰੇ ਨਿਜ ਬੈਠ ਮੈਂ ਸਾਂ ਦੇਖਦੀ
'ਸ਼ਹੁਬਾਰੀ ਦੇ ਰਾਹ ਕੌਤਕ ਏਸ ਨੂੰ।
'ਸੂਰਜ ਨੂੰ ਇਉਂ ਦੇਖ ਉਹਲੇ ਹੋਂਵਦਾ,
'ਦਿਨ ਨੂੰ ਛਿਪਦਾ ਨਾਲ; ਸੋਚ ਵਿਚਾਰ ਕੇ,



ਉਡਾਰੀ

'ਖੌਲਰ– ਇਕ ਘਬਰਾਇ ਹਿਰਦੇ ਉੱਠਿਆ,
'ਗ਼ਮ ਦੀ ਆਈ ਸੋਚ ਜਿਨ ਸਮਝਾਇਆ:–
'ਦਿਹੁੰ ਦਾ ਕਾਰਣ ਸੀਗ ਸੂਰਜ ਸੋਹਿਣਾ:
'ਜਦ ਸੂਰਜ ਹੈ ਆਪ ਛਿਪਿਆ ਜੱਗ ਤੋਂ
'ਦਿਨ ਬੀ ਛਿਪਿਆ ਨਾਲ ਕਾਰਣ ਆਪਣੇ।
'ਸੂਰਜ ਜਦੋਂ ਅਧਾਰ ਛਿਪਿਆ ਦੇਸ਼ ਤੋਂ,
'ਦਿਨ ਜੋ ਸੀਗ ਅਧੇਯ ਛਿਪਿਆ ਨਾਲ ਹੀ !
'ਤਿਉਂ ਸੂਰਜ ਦੇ ਵਾਂਙ ਰਾਣਾ ਆਪ ਸੀ:
'ਮੈਂ ਤਿਸਦੇ ਸਾਂ ਨਾਲ ਦਿਨ ਦੇ ਵਾਂਗਰੇ।
'ਹੁਣ ਜਦ ਛਿਪਿਆ ਕੰਤ, ਉਸਦੇ ਨਾਲ ਹੀ
'ਛਿਪਣਾ ਹੈਸੀ ਜੋਗ ਮੈਨੂੰ ਨਾਰ ਨੂੰ।
'ਓਹ ਸੀਗਾ ਆਧਾਰ ਮੈਂ ਆਧੇਯ ਸੀ:
'ਜਦ ਛਿਪਿਆ ਆਧਾਰ ਨਾਲ ਅਧੇਯ ਮੈਂ
'ਕਜੋਂ ਨਾ ਛਿਪੀਆਂ ਹਾਇ? –ਕਜੋਂ ਹਾਂ ਜੀਂਵਦੀ ?
'ਅਣਹੋਣੀ ਇਹ ਗੱਲ ਕੀਕੂੰ ਹੋ ਗਈ,
'ਸੂਰਜ ਆਥਣ ਨਾਲ ਦਿਨ ਨਹਿਂ ਆਥਿਆ
'–ਰਾਣੇ ਜੀ ਦੇ ਨਾਲ ਮੈਂ ਨਾ ਕਜੋਂ ਗਈ ?
'ਇਉਂ ਆਈ ਜੋਜਾਦ, ਪਿਛਲੇ ਰੰਗ ਦੀ,
'ਥਰਰ ਥਰਰ ਥਰਰਾਇ ਕੰਬਜਾ ਕਾਲਜਾ,
'ਉੱਛਲਿਆ ਕਰ ਜੋਰ ਜਾਇ ਨ ਸਾਂਭਿਆ
'ਉਠਿਆ ਇੱਕ ਉਬਾਲ ਚੜ੍ਹ ਗਜਾ ਸੀਸ ਨੂੰ,
'ਉਥੋਂ, ਪਾਣੀ ਹੋਇ ਲੱਥਾ ਹੇਠ ਨੂੰ,
'ਨੈਣੋਂ ਮੋਲ੍ਹੇ ਧਾਰ ਹੋ ਕੇ ਵੱਸਿਆ।
'ਰੋ ਰੋ ਹੋਇ ਨਿਢਾਲ ਲੰਮੀ ਪੈ ਗਈ,
'ਦਿਲ ਸਿਮਟੀਜਜਾ ਨਾਲ ਛਾਈ ਮੂਰਛਾ।
'ਪਾਸ ਨ ਹੈਸੀ ਕੋਇ, ਕਿਸੇ ਨ ਦੇਖਿਆ।
'ਮੈਨੂੰ ਨਾ ਸੀ ਹੋਸ਼ ਕੀ ਕੁਛ ਹੋ ਰਿਹਾ:
'ਵਿੱਚ ਮੂਰਛਾ ਮਾਉਂ ! ਜੋ ਮੈਂ ਦੇਖਿਆ
'ਸੋ ਕੁਝ ਐਦਾਂ ਸੀਗ, ਸੁਣ ਲੈ ਕੰਨ ਦੇ:–
'ਮੈਂ ਜਾਤਾ ਛਡ ਦੇਹ ਨਿਕਲੀ ਬਾਰ੍ਹ ਹਾਂ,–
'ਨਿਕਲ ਚਲੀ ਹਾਂ ਉੱਡ ਉੱਪਰ ਵਾਰ ਨੂੰ,
'ਜਿੱਕੁਰ ਉਡਦੀ ਜਾਇ ਗੁੱਡੀ ਅੰਬਰੀਂ।
'ਉੱਤੋਂ ਤੱਕਾਂ ਹੇਠ ਸਾਰੇ ਦੇਸ਼ ਨੂੰ,
'ਧੌਲਰ ਤੇ ਰਣਵਾਸ –ਸਾਰੇ ਮਹਲ ਨੂੰ,
'ਬਨ; ਬੇਲੇ ਤੇ ਬ੍ਰਿੱਛ, ਨਦੀ, ਸਮਾਧ ਨੂੰ,
'ਬਾਗ਼ ਬਗ਼ੀਚੇ ਨਾਲ ਨੌਕਰ, ਚਾਕਰਾਂ,
'ਦਾਸ–ਦਾਸੀਆਂ, ਮਾਉਂ ! ਵਿੱਚੇ ਤੁੱਧ ਨੂੰ;
'ਅਪਣਾ ਦੇਹੀ ਬੁੱਤ ਪਿਆ ਜੁ ਧੌਲਰੇ;
'ਸਾਰੇ ਦੇਖਾਂ ਸਾਫ਼, ਪੰਛੀ ਵਾਕਰੇ
'ਜੋ ਉਡਦਾ ਅਸਮਾਨ ਹੇਠਾਂ ਤੱਕਦਾ।
'ਅਤਿ ਅਚਰਜ ਮੈਂ ਹੋਇ ਦੇਖਾਂ ਆਪ ਨੂੰ;–
'ਇਹ ਕੀ ਵਰਤਜਾ ਖੇਲ ? ਕਿੱਥੇ ਆ ਗਈ ?
'ਦੇਹੀ ਪਈ ਬਿਹੋਸ਼ ! ਮੈਂ ਹਾਂ ਜਾਗਦੀ !
'ਹੌਲੀ ਫੁੱਲੋਂ ਵੱਧ, ਹਲਕੀ ਪੌਣ ਤੋਂ,
'ਚਮਕਾਂ ਹੀਰੇ ਵਾਂਙ ਨਿਰਮਲ ਹੋ ਰਹੀ:
'ਉਡਦੀ ਜਾਵਾਂ ਆਪ ਆਪਣੇ ਆਪ ਹੀ।
'ਫਿਰ ਦੇਖਾਂ ਚਉਫੇਰ ਛਾਇਆ ਤੇਜ ਹੈ,
'ਮਿੱਠਾ ਜਿਦ੍ਹਾ ਪ੍ਰਕਾਸ਼ ਬਿਜਲਜੋਂ ਸੋਹਿਣਾ,
'ਅਖ ਚੁੰਧਿਆਵੇ ਨਾਹਿੰ, ਸਗੋਂ ਸੁਹਾਵਣਾ।
'ਫਿਰ ਓਥੇ ਇਕ ਪੌਣ ਹਲਕੀ ਅੱਤ ਦੀ
'ਸੂਖਮ ਵਾਂਙ ਅਕਾਸ਼, ਪਾਵੇ ਜੱਫੀਆਂ।
'ਏ ਵਗਦੀ ਇਕ ਵੇਗ ਵਰਗਾ ਵਾਉ ਨਾ:
'ਥਰ ਥਰਾਟ ਜਿਉਂ ਖਾਇ ਕੋਈ ਤਾਰ ਹੈ,
'ਤਿੱਕੁਰ ਸੀ ਥਰਰਾਟ ਇਸ ਦਾ ਵੇਗ ਜੋ।
'ਇਹ ਲੱਗੇ ਮੈਂ ਨਾਲ, ਅੰਦਰ ਬਾਹਰੇ
'ਆਵੇ ਜਾਇ ਸੁਖੈਨ, ਜੱਫੀਆਂ ਪਾਂਵਦਾ।
'ਜਦ ਮੈਂ ਉੱਚੀ ਉੱਡ ਬਹੁਤੀ ਜਾ ਚੜ੍ਹੀ,
'ਦਿੱਸਣ ਵਿੱਚ ਪ੍ਰਕਾਸ਼ ਏਸ ਅਕਾਸ਼ ਦੇ
'ਲੱਖਾਂ ਕ੍ਰੋੜਾਂ ਜੰਤ ਮੈਨੂੰ ਲੱਗ ਪੈ;
'ਤਾਰੀਆਂ ਮੇਰੇ ਵਾਂਙ ਲੈ ਰਹੇ ਅੰਬਰੀਂ।
'ਕੀਕੁਰ ਕਰਾਂ ਬਿਆਨ ਇਨ੍ਹਾਂ ਦੇ ਰੂਪ ਦਾ,–
'ਦੁਨੀਆਂ ਦੀ ਸੁਹਣੱਪ ਏਨ੍ਹਾਂ ਸਾਮ੍ਹਣੇ
'ਸੀਗੀ ਕਾਈ ਮੈਲ ਜਿੱਕੁਰ ਹੋਂਵਦੀ।
'ਏ ਸਨ ਸਭ ਪਰਸੰਨ, ਹਸਮੁਖ ਕੌਲ ਜਜੋਂ;
'ਕਰਦੇ ਫਿਰਦੇ ਕੇਲ ਮੌਜਾਂ ਮਾਣਦੇ।
'ਏਹਨਾਂ ਵਿਚੋਂ ਇੱਕ ਸੁੰਦਰ ਸੋਹਿਣੀ


www.sikhbookclub.com

'ਨੱਠੀ ਦੂਰੋਂ ਆਇ ਮੈਂ ਵਲ ਧਾਉਂਦੀ,
'ਆਕੇ ਲੀਤਜੁਸ ਪਾਇ ਘੁਟ ਗਲਵੱਕੜੀ।
'ਕਰਦੀ ਐਦਾਂ ਪਜਾਰ ਭੈਣਾਂ ਕਰਦੀਆਂ।
'ਭੈਣੋਂ ਬੀ ਉਹ ਵੱਧ, ਅਪਣੇ ਆਪ ਦਾ
'ਦੂਜਾ ਅੱਧਾ ਭਾਗ ਮੈਨੂੰ ਜਾਪਦੀ।
'ਉਸ ਦੇ ਮਿਲਿਆਂ ਠੰਢ ਮੈਨੂੰ ਪੈ ਗਈ;
'ਪਰ ਸ੍ਵਾਮੀ ਦੀ ਯਾਦ ਮੇਰੇ ਨਾਲ ਸੀ।
'ਦਰਦਣ ਇਸ ਨੂੰ ਵੇਖ ਟੁੰਬਜਾ ਯਾਦ ਨੇ,
'ਮੈਥੋਂ ਰਿਹਾ ਨ ਜਾਇ ਬਾਝੋਂ ਪੁੱਛਿਆਂ।
'ਆਖਾਂ ਦੋ ਹੱਥ ਜੋੜ:- "ਸਜਨੀ ਪਜਾਰੀਏ !
' "ਤੈਨੂੰ ਪਤਾ ਤੰ ਹੋਗ ਮੇਰੇ ਸੰਤ ਦਾ,
' "ਵਸਦੇ ਕਿਹੜੇ ਲੋਕ -ਕਿੱਥੇ ਆ ਟਿਕੇ?"

'ਸੁਣਕੇ, ਬੋਲੀ ਓਹ ਕਹਿੰਦੀ: "ਭੈਣ ਜੀ,
' "ਓ ਵੱਸਣ ਸਚਖੰਡ -ਵਿੱਚ ਸਰੂਪ ਦੇ,
' "ਕਹਿੰਦੇ ਜਿਸ ਨਿਰਬਾਣ ਪਦ ਨਿਰੰਕਾਰ ਦਾ,
' "ਸਾਰੇ ਜਿਸਦਾ ਥਾਂਉਂ -ਕੇਂਦਰ ਜਗਤ ਜੋ।
' "ਹੈ ਉਹ ਥਾਉਂ ਅਥਾਉਂ ਪਰ ਸਭ ਥਾਉਂ ਹੈ।
' "ਭਗਤੀ ਨਿਭੀ ਅਨਿੰਨ ਤੇਰੇ ਕੰਤ ਦੀ,
' "ਵਸਕੇ ਵਿਚ ਇਸ ਜੱਗ ਸੁੱਚਾ ਓ ਗਿਆ,
' "ਲੱਗਣ ਦਿੱਤਾ ਦਾਗ ਇੱਕ ਨ ਓਸਨੇ
' "ਆਤਮ ਅਪਣੇ ਜੋਗ -ਨਿਰਮਲ ਰੱਖਿਆ।
' "ਫਿਰ ਕਰਦਾ ਉਪਕਾਰ ਛੱਡੀ ਕਾਮਨਾ
' "ਹੁਕਮ ਜਾਣ ਕੇ ਓਹ। ਫਿਰ ਉਨ੍ਹ ਜਾਣਿਆਂ-
' "ਬਲੀਦਾਨ ਹੈ 'ਦੇਹ' 'ਮੇਰੀ', 'ਮੈਂ' ਸਭੀ;
' "ਇਸਦਾ ਕਰਨਾ ਹੋਮ -ਹਉਮੈਂ ਵਾਰਨੀ;
' "ਵਾਰਾ ਫੇਰਾ ਏਹ ਕਰਨਾ ਆਪਣਾ।
' "ਖ਼ਾਲਕ ਵਿੱਚ ਧਿਆਨ ਲਿਵ ਨੂੰ ਧਾਰਕੇ,
' "ਸੱਚਾ ਕਰਕੇ ਪਜਾਰ ਖ਼ਲਕਤ ਨਾਲ ਓ,
' "ਕਮਲ ਵਾਂਙ ਨਿਰਲੇਪ ਰਹਿੰਦਾ ਖ਼ਲਕ ਤੋਂ
' "ਖ਼ਾਲਕ ਰੂਪ ਵਿਚਾਲ ਵਾਸਾ ਪਾ ਗਿਆ।
' "ਉੱਥੇ ਵਸਦਾ ਨਿੱਤ ਸਦਾ ਅਨੰਦ ਹੈ।"

'ਹੋ ਅਚਰਜ ਹੈਰਾਨ ਫਿਰ ਮੈਂ ਪੁਛਿਆ:
' "ਕਿੱਥੇ ਹੈ ਉਹ ਦੇਸ਼? ਕਿੰਨੀ ਦੂਰ ਹੈ
' "ਐਸ ਥਾਉਂ ਤੋਂ ਹੋਰ? ਕਿਹੜੀ ਲਾਂਭ ਹੈ?"

'ਖਿੜ ਖਿੜ ਹੱਸੀ ਓਹ ਕਹਿੰਦੀ: "ਭੈਣ ਜੀ !
' "ਦੁਨੀਆਂ ਦੇ ਵਿਚ ਵੱਸ ਤੂੰ ਤਾਂ ਹੈਂ ਪੜ੍ਹੀ
' "ਜਪੁਜੀ ਬਾਣੀ ਆਪ,- ਮੰਤਰ ਰੱਬ ਦਾ ?
' "ਕੀ ਉਸ ਦੇ ਸਭ ਭੇਤ ਸਮਝੇ ਤੂੰ ਨਹੀਂ ?
' "ਹੋਸੀ ਤੈਨੂੰ ਯਾਦ ਪੌੜੀ ਸੈਂਤਵੀਂ
' "ਲੈ ਮੈਂ ਦਿਆਂ ਸੁਣਾਇ ਸਮਝੀਂ ਭੇਤ ਨੂੰ:-

ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥ ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥ {ਜਪੁਜੀ ਸਾਹਿਬ}

' "ਦੇਖ, ਗੁਰੂ ਜੀ ਵਾਕ ਕੀ ਹਨ ਆਖਦੇ:
' "ਕਰੜਾ ਜਿੱਕੁਰ ਸਾਰ ਕਥਨਾ ਓਸਦਾ,
' "ਆਖ ਨ ਸਕਦਾ ਕੋਇ, ਸਮਝ ਨ ਆਂਵਦੀ
' "ਜੇ ਕੋ ਦੇਹਿ ਸੁਣਾਇ ਕਿਰਪਾ ਧਾਰ ਕੇ;
' "ਦੇਖਣ ਹੀ ਪਰਵਾਨ ਉਸ ਦਾ ਪਜਾਰੀਏ !
' "ਸੁਣਿਆਂ ਸਮਝ ਨ ਆਇ ਕਹਿਣਾ ਸੌਖ ਨਾ।"

'ਦੋਵੇਂ ਹਥ ਮੈਂ ਜੋੜ ਕੀਤੀ ਬੇਨਤੀ:
' "ਗੁਰੂ ਦੁਹਾਈ ਘੱਤ ਪਾਵਾਂ ਵਾਸਤਾ,
' "ਦਰਸ਼ਨ ਦੇਹ ਕਰਾਇ ਸੁੰਦਰ ਦੇਸ ਦਾ
' "ਜਿੱਥੇ ਦੇਖਾਂ ਕੰਤ ਸਿਰ ਦਾ ਤਾਜ ਮੈਂ।"

'ਸੁਣ ਕੇ ਮੇਰੇ ਵਾਕ ਚਿਹਰਾ ਵੱਟਿਆ,
'ਸ਼ਰਮ ਖਾਇ, ਚੁਪ ਧਾਰ ਤੱਕੀ ਹੇਠ ਨੂੰ,
'ਫਿਰ ਉੱਪਰ ਨੂੰ ਦੇਖ ਆਖੇ, "ਭੈਣ ਜੀ !
' "ਉੱਥੇ ਪਹੁੰਚ ਨ ਸੌਖ, ਨਾ ਹੀ ਖੇਡ ਹੈ।
' "ਪਰ ਆ ਮੇਰੇ ਨਾਲ ਤਾਂਘਾਂ ਵਾਲੀਏ !
' "ਜਿਥੋਂ ਤਾਈਂ ਪਹੁੰਚ ਮੇਰੀ ਹੋ ਸਕੂ,
' "ਲੈ ਚਲਦੀ ਹਾਂ ਨਾਲ ਓਥੋਂ ਤੀਕ ਮੈਂ।"

'ਇਉਂ ਕਹਿੰਦੀ ਓ ਹੋਰ ਉੱਡੀ ਉੱਪਰੇ
'ਮੈਨੂੰ ਲੈਕੇ ਨਾਲ ਅਪਣੇ ਆਸਰੇ।

'ਤ੍ਰਿੱਖੇ ਉੱਡਣ ਬਾਦ ਥਾਂ ਇਕ ਆ ਗਿਆ,
'ਸੁੰਦਰ ਤੇ ਰਮਣੀਕ, ਸੋਭਾ ਕੀ ਕਹਾਂ !
'ਚਮਕੇ ਵਾਂਙ ਬਲੌਰ ਧਰਤੀ ਏਸਦੀ,
'ਬਨ, ਬ੍ਰਿਛ ਅਚਰਜ ਰੰਗ ਸੂਖਮ ਰੂਪ ਦੇ;
'ਫਲ ਤੇ ਫੁੱਲ ਅਪਾਰ ਪਰ ਸਭ ਸੂਖਮੇਂ:
'ਸ੍ਰਿਸ਼ਟੀ ਹੋਰੋਂ ਰੰਗ, ਰਚਨਾ ਹੋਰ ਸੀ।
'ਮੂੰਹੋਂ ਸਕਾਂ ਨ ਆਖ, ਦੇਖੀ ਸੀ ਨਹੀਂ,
'ਸੁਣੀ ਨ ਐਸੀ ਸੀਗ ਪਹਿਲੇ ਮੈਂ ਕਦੇ।
'ਸਾਰੇ ਖੁਸ਼ੀ ਦਿਸੰਨ ਮੰਗਲ ਗਾਂਵਦੇ,
'ਕਿਸੇ ਨ ਮੱਥੇ ਵੱਟ, ਤਿਉੜੀ ਨਾ ਕਿਸੇ,
'ਭਰਵੱਟੇ ਤੇ ਨਾਹਿੰ ਬੈਠੀ ਚਿੰਤ ਸੀ।
'ਸਭ ਆਨੰਦ ਅਨੰਦ ਹਸਦੇ ਖੇਡਦੇ,
'ਸਾਨੂੰ ਖਿੜਦੇ ਵੇਖ, ਮਿਲਦੇ, ਪਜਾਰਦੇ
'ਨਾਲੇ ਕਰਦੇ ਢੇਰ ਆਗਤ ਭਾਗਤਾਂ।
'ਏਥੇ ਵਰਤਜਾ ਹੋਰ ਕੌਤਕ ਪੌਂਚ੍ਹਿਆਂ-
'-ਸਾਡੀ ਸੂਖਮ ਦੇਹ ਪਲਟੀ ਸੀ ਗਈ-
'ਹੋ ਅਤਿ ਸੂਖਮ ਹੋਰ ਬਹੁਤ ਪ੍ਰਕਾਸ਼ਦੀ;
'ਸਮਝ, ਬੁੱਧਿ, ਬਲ, ਜ਼ੋਰ ਹੋਇਆ ਵੱਧ ਸੀ।
'ਸੋਚਣ ਦੀ ਸੀ ਡੇਰ ਜੋ ਕੁਝ ਏਸ ਥਾਂ,
'ਸੋਈਓ ਰਚਿਆ ਜਾਇ ਅੱਖਾਂ ਸਾਮ੍ਹਣੇ।
'ਖੁਸ਼ੀ ਏਸ ਥਾਂ ਓਹ ਕਹੀ ਨ ਜਾਇ ਜੋ।
'ਭਜਨ ਬਹੁਤ ਇਸ ਥਾਉਂ ਪ੍ਰੇਮ ਅਮੁੱਲਵਾਂ।
'ਜਿੱਥੋਂ ਪਹਿਲੇ ਉੱਡ ਮੈਂ ਓ ਸਾਂ ਗਏ।
'ਉਸ ਤੋਂ ਏਥੇ ਵੱਧ ਪ੍ਰਕਾਸ਼ ਸੁਹਾਉ ਸੀ।
'ਐਸਾ ਸੁਹਣਾ ਦੇਸ ਜਾਂ ਮੈਂ ਦੇਖਿਆ
'ਹਿਰਦੇ ਆਸਾ-ਜੋਸ਼- ਮੇਰੇ ਉੱਠਿਆ
'ਏਥੇ ਪਤੀ ਸੁਜਾਨ ਮੈਨੂੰ ਮਿਲ ਪਊ।
'ਫੁਰਨਾ ਮੇਰਾ ਦੇਖ ਬੋਲੀ ਭੈਣ ਓ:-
' "ਤੇਰਾ ਮੀਤ ਸੁਜਾਨ ਐਥੋਂ ਦੂਰ ਹੈ।
' "ਏ ਹੈ ਗਜਾਨ ਸੁ ਖੰਡ ਮਨ ਦਾ ਥਾਉਂ ਹੈ:
' "ਸਮਝ ਨ ਹੈ ਇਕ ਠੌਰ -ਵਜਾਪਜਾ ਸਾਰੜੇ।"
'ਮੈਂ ਉਸ ਦੇ ਇਹ ਵਾਕ ਸਮਝ ਨ ਸੀ ਸਕੀ।
'ਫਿਰ ਉਸ ਨੇ ਏ ਪਾਠ ਕੀਤਾ ਪ੍ਰੇਮ ਦਾ:-

ਗਿਆਨ ਖੰਡ ਕਾ ਆਖਹੁ ਕਰਮੁ ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥
ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥
ਤਿਥੈ ਨਾਦ ਬਿਨੋਦ ਕੋਡ ਅਨੰਦੁ ॥
(ਜਪੁਜੀ ਸਾਹਿਬ, ੩੫-੩੬)

'ਏਸ ਉਚਾਰਣ ਨਾਲ -ਇਸ ਵਿਚ ਜੋ ਕਿਹਾ
'ਸਾਰਾ ਰੂਪ ਅਰੂਪ ਦੋਹਾਂ ਭਾਂਤਿ ਦਾ-
'ਦਿੱਸ ਪਿਆ ਤੇ ਨਾਲ ਮੈਂ ਬੀ ਹੋ ਗਈ
'ਓਨ੍ਹਾਂ ਵਰਗੀ ਇੱਕ,- ਸੂਖਮ ਰੂਪ ਦੀ:
'ਕੀਕੁਰ ਕਹਾਂ ਬਨਾਇ ਜਾਚ ਨ ਆਂਵਦੀ।
'ਸਾਰੇ ਸਨਗੇ ਆਪ ਜਾਣਨਹਾਰ ਏ,-
'ਗਜਾਨ ਇਨ੍ਹਾਂ ਵਿਚਕਾਰ ਸੀ ਬਹੁ ਮੁੱਲਵਾਂ।
'ਟਿਕੇ ਰੂਪ ਮਨ, ਮਾਉਂ ! ਸਾਰੇ ਜਾਪਦੇ।
'ਰਹਿਤ ਕਾਮਨਾ ਓਹ, ਪਾਵਨ ਰੂਪ ਸੇ,
'ਬਲ ਬੁਧਿ ਨਾਲ ਸੁਹਾਉ ਵਿਚ ਆਨੰਦ ਦੇ।
'ਖੱਡ ਕਾਲ ਦੀ ਏਹ ਮੇਲਣ ਜਾਣਦੇ;
' 'ਵਿੱਥ' ਕਿ ਆਖੋ 'ਦੇਸ਼' ਜਾਣਨ ਭੇਤ ਏ।
'ਧਾਰਨ ਸੁੰਦਰ ਰੂਪ ਰੂਪ ਅਰੂਪਵੇਂ,
'ਮਿਲੇ ਜਗਤ ਦੇ ਨਾਲ ਜਗਤੋਂ ਵੱਖਰੇ।
'ਆਖਾਂ ਕੀ ਮੈਂ ਹੋਰ ਵੱਲ ਨ ਆਂਵਦਾ,
'ਜੋ ਆਖਾਂ ਮੈਂ ਓਹੁ ਅਸਲੀ ਹਾਲ ਤੋਂ
'ਹੋਰੋਂ ਲੈਕੇ ਭਾਵ ਬਣਦਾ ਹੋਰ ਹੈ।
'ਤਾਂਤੇ ਅਗਲਾ ਹਾਲ ਦਿਆਂ ਸੁਣਾਇ ਮੈਂ।

'ਮਾਰ ਉਡਾਰੀ ਫੇਰ ਏਥੋਂ ਉੱਡੀਆਂ।
'ਸੂਖਮ ਤਰਲ ਜੁ ਦੇਹ ਮੇਰੀ, ਮਾਉਂ ! ਸੀ।
'ਹੁਣ ਪਲਟੀ ਓ ਹੋਰ ਸੂਖਮ ਹੋ ਗਈ,
'ਆਨੰਦਮਯ ਬੀ ਵੱਧ, ਵੱਧ ਤੇਜੱਸਵੀ।
'ਪਹੁੰਚੇ ਸਾਂ ਇਕ ਥਾਉਂ ਉਸ ਤੋਂ ਸੋਹਿਣੇ।

'ਪੌਣ ਕਿ ਕਹੋ ਅਕਾਸ਼ ਉਸ ਤੋਂ ਸੂਖਮੰ
'ਏਥੇ ਸੀ ਕੁਈ ਚੀਜ਼ ਜਾਣਾਂ ਮੈਂ ਨਹੀਂ।
'ਸੁੰਦਰ ਸੀ ਏ ਥਾਉਂ, ਜਾਣੋਂ ਸੁੰਦ੍ਰਤਾ
'ਏਥੋਂ ਜਨਮ ਸੁ ਧਾਰਿ ਜਾਂਦੀ ਹੋਰਥੇ।
'ਮੰਗਲ, ਕਹੋ ਅਨੰਦ, ਮੌਜਾਂ ਪਜਾਰੀਆਂ
'ਖਿੜੀਆਂ ਵਾਂਗ ਗੁਲਾਬ ਆਪੇ ਏਸ ਥਾਂ।
'ਲੋਕੀ ਕਹਿਣ ਬਿਕੁੰਠ ਪਰ ਉਹ ਚੀਜ਼ ਕੀ।
'ਇਕ ਇਕ ਏਥੇ ਜੀਵ ਰਚੇ ਬਿਕੁੰਠ ਹੈ।
'ਪ੍ਰੇਮ ਅਵਸਥਾ ਵੱਧ ਏਥੇ ਬਹੁਤ ਸੀ,
'ਪਜਾਰਿਆਂ ਸੰਦੇ ਮੇਲ ਦਿੱਸਣ ਏਸ ਥਾਂ,
'ਘਾੜਤ ਬਹੁਤ ਅਨੂਪ ਘੜੀਏ ਏਸ ਥਾਂ,
'ਬਾਣੀ ਸੂਖਮ ਅੱਤਿ ਸੂਖਮ ਫੁਰਨਿਓਂ
'ਏਥੇ ਧਾਰੇ ਰੂਪ ਬਹੁਤ ਅਨੂਪਮੰ।
'ਘੜੀਆਂ ਜਾਣ ਇਸ ਥਾਉਂ ਉਹ ਉਹ ਘਾੜਤਾਂ
'ਉਪਕਾਰੀ, ਸੁਖਦਾਇ, ਗਜਾਨ ਸਰੂਪ ਜੋ।
'ਸੁਰਤ, ਮਤਿ, ਮਨ, ਬੁੱਧਿ, ਸੁਧਿ ਸਭ ਏਸ ਥਾਂ
'ਘੜੀਆਂ, ਅੰਮੀ ! ਜਾਣ, ਆਖ ਨ ਮੈਂ ਸਕਾਂ।
'ਏਥੇ ਕਹਿੰਦੀ ਭੈਣ- "ਕੈਸਾ ਲੋਕ ਹੈ?
' "ਨਾਹੀਂ ਜਾਣੀ ਲੋਕ ਖੂੰਜੇ ਹੈ ਕਿਸੇ
' "ਗਤੀ ਅਚਰਜ ਅਨੂਪ ਸਰਬ ਵਿਆਪ ਹੈ।"
'ਸਮਝ ਨ ਆਈ ਮੂਲ ਮੈਨੂੰ ਏਸ ਦੀ।
'ਫਿਰ ਇਕ ਸ਼ਬਦ ਅਲਾਪ ਓਥੇ ਹੋ ਪਿਆ।
'ਉਹ ਸੀ ਅਚਰਜ ਰਾਗ ਮਗਨ ਕਰਾਂਵਦਾ।
'ਮੈਂ ਸੁਣਿਆ ਉਹ, ਮਾਉਂ ! ਜਪੁਜੀ ਵਾਕ ਸੀ-

ਸਰਮ ਖੰਡ ਕੀ ਬਾਣੀ ਰੂਪੁ ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥
ਤਾ ਕੀਆ ਗਲਾ ਕਥੀਆ ਨਾ ਜਾਹਿ ॥
ਜੇ ਕੋ ਕਹੈ ਪਿਛੈ ਪਛੁਤਾਇ ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥
(ਜਪੁਜੀ ਸਾਹਿਬ)

'ਜੋ ਕੁਝ ਇਸਦਾ ਭਾਵ ਰੂਪ ਅਰੂਪ ਹੋ
'ਉੱਥੇ ਦਿੱਸੇ ਸਾਫ ਤਦ ਮੈਂ ਸੋਚਿਆ:-
' "ਏਥੇ ਮੇਰਾ ਕੰਤ ਪ੍ਰੀਤਮ ਹੋਇਗਾ।"

'ਫੁਰਨਾ ਮੈਨੂੰ ਏਹ ਫੁਰਦੇ ਸਾਰ ਹੀ
'ਬੋਲੀ ਮੇਰੀ ਭੈਣ ਮੈਂ ਵਲ ਤੱਕ ਕੇ:-

' "ਫੁਰਨਾ ਤੇਰਾ ਆਪ ਏਸੇ ਥਾਉਂ ਤੇ
' "ਰਚ ਪਜਾਰੇ ਦਾ ਰੂਪ ਤੈਨੂੰ ਦੱਸਸੀ,
' "ਪਰ ਵਸਦਾ ਨਹਿ ਓਹ ਪਜਾਰੀ, ਏਸ ਥਾਂ।
' "ਘਾੜਤ ਬਹੁਤ ਅਨੂਪ ਘੜੀਏ ਏਸ ਥਾਂ
' "ਤੂੰ ਘੜ ਸਕਸੇਂ ਆਪ ਜੋ ਕੁਝ ਚਾਹਿੰ ਤੂੰ।
' "ਲੈ ਫੁਰਨੇ ਨੂੰ ਰੋਕ ਅੱਗੇ ਚੱਲੀਏ।"

'ਡਾਢੇ ਸੁਹਣੇ ਲੋਕ ਵਸਦੇ ਏਸ ਥਾਂ
'ਸੁਹਣਾ ਕਰ ਸਤਿਕਾਰ ਭਰਿਆ ਪ੍ਰੇਮ ਦਾ
'ਦਿੱਤਾ ਸਾਨੂੰ ਤੋਰ ਅਪਨੇ ਦੇਸ ਤੋਂ।

'ਦੋਵੇਂ ਉੱਡੀਆਂ ਫੇਰ ਉਚੀਆਂ ਹੋਰ ਬੀ
' 'ਸ੍ਰਮ ਖੰਡ' ਵਿਚ ਦੇਹ ਸਾਡੀ ਸੀ ਬਣੀ
'ਉਹ ਬਦਲੀ ਹੁਣ ਹੋਰ ਹੋਈ ਸੂਖਮੰ,
'ਅਤਿ ਸੂਖਮ ਉਹ ਹੋਇ ਲਗੇ ਵਿਦੇਹ ਸੀ;
'ਭਾਸੇ ਰੂਪ ਨ ਰੰਗ ਪਰ ਅਤਿ ਤੇਜ ਮੈ।

'ਏਸ ਰੂਪ ਵਿਚ ਆਇ ਪਹੁੰਚੇ ਹੋਰ ਥਾਂ।
'ਏਥੋਂ ਦਾ ਕੀ ਹਾਲ ਦੱਸਾਂ ਖੋਲ੍ਹਕੇ:
'ਐਸਾ ਏਥੇ ਤੇਜ ਜਿਸਦੇ ਸਾਮ੍ਹਣੇ
'ਪਹਿਲੇ ਸਾਰੇ ਤੇਜ ਦਿਸਦੇ ਮਾਤ ਸੇ।
'ਆਤਮ-ਜ਼ੋਰ ਅਪਾਰ ਹੱਦੋਂ ਲੰਘਿਆ
'ਏਥੇ ਕਰਦਾ ਵਾਸ ਸ਼ਕਤੀ ਵਾਲੜਾ।
'ਜੋਧ ਮਹਾਂਬਲਿ ਸੂਰ ਵਸਦੇ ਏਸ ਥਾਂ,
'ਵਿੱਚ ਜਿਨ੍ਹਾਂ ਭਰਪੂਰ ਸਾਈਂ ਆਪ ਸੀ।
'ਸੁੰਦਰਤਾ ਅਤਿ ਤੀਕ ਪਹੁੰਚੀ ਏਸ ਥਾਂ,
'ਰੂਪ ਅਕੱਥ ਅਪਾਰ ਲਸਦਾ ਦਿੱਸਦਾ।
'ਮੌਤ ਨ ਸਕਦੀ ਪਾਇ ਫੇਰਾ ਏਸ ਥਾਂ;
'ਸੱਚ ਫਿਰੇ ਪਰਧਾਨ ਕਿਹਾ ਨ ਜਾਇ ਜੋ।
'ਸਰਗੁਣ ਤੋਂ ਹੈ ਪਾਰ ਮਾਨੋ ਲੋਕ ਏ
'ਨਿਰਗੁਣ ਤੋਂ ਹੈ ਹੇਠ ਪਹਿਲਾ ਪੈਰ ਏ;
'ਜੋ ਕੁਝ ਸੀ ਇਸ ਥਾਉਂ ਉਸਦਾ ਰੂਪ ਨਾ,
'ਫਿਰ ਪਰ ਨਹੀਂ ਅਰੂਪ -ਰੂਪ ਅਰੂਪ ਸੀ।

' 'ਕਰਮਖੰਡ' ਇਸ ਨਾਉਂ  ਦਸਿਆ ਭੈਣ ਨੇ।
'ਬਖਸ਼ਿਸ਼ ਫਜ਼ਲ ਅਪਾਰ  ਬਰਖਾ ਵਾਕੁਰੇ।
'ਵਸਦਾ ਸੀ ਇਸ ਥਾਉਂ  ਨਿੱਝਰ ਧਾਰ ਹੋ।
'ਭਗਤੀ ਦੇ ਸਿਰਮੌਰ  ਰੱਤੇ ਪ੍ਰੇਮ ਜੋ
'ਵਸਦੇ ਸਨ ਇਸ ਲੋਕ  ਸੁੰਦਰ ਅੱਤ ਦੇ:
'ਕਰਦੇ ਪ੍ਰਭੁ ਨੂੰ ਪਜਾਰ  ਲੇਖਜੋਂ ਪਾਰ ਹੋ।
'ਮਿਟੇ ਜਿਨ੍ਹਾਂ ਸਿਰ ਲੇਖ  ਹੁਏ ਅਲੇਖਵੇਂ
'ਵਸਦੇ ਸੇ ਇਸ ਥਾਉਂ  ਸੁੰਦਰ ਸੋਹਿਣੇ।
'ਸਾਈਂ ਦਿੱਤੇ ਆਖ  ਜਿਹੜੇ "ਆਪਣੇ",
'ਜੋ ਸਾਂਈਂ ਦੇ ਦ੍ਵਾਰ  ਰੱਤੇ ਪ੍ਰੇਮ ਦੇ
'ਸਾਈਂ-ਸੁਜਸ ਅਪਾਰ  ਕਰਦੇ ਸੇ ਰਹੇ।
'ਸੱਚਾ ਸਦਾ ਅਨੰਦ  ਧੋਖਜੋਂ ਰਹਤਵਾਂ,
'ਨਿਰਮਲ ਤੇ ਨਿਰਦ੍ਵੰਦ  ਪੂਰਨ ਮੌਜ ਦਾ
'ਏਥੇ ਕਰਦਾ ਵਾਸ:  ਮੇਰੀ ਅੰਮੀਏ !
'ਟਿੱਕੀ ਸੂਰਜ ਦ੍ਵਾਲ  ਜਿੱਕੁਰ ਤੇਜ ਦਾ
'ਮੰਡਲ ਭਾਸੇ ਵੱਖ  ਜੁੜਿਆ ਨਾਲ ਹੀ
'ਦੇਵੇ ਹੈ ਝਲਕਾਰ  ਤਿੱਕੁਰ ਲੋਕ ਏ
'ਅਗਲੇ ਖੰਡ ਉਦਾਲ  ਡਲ੍ਹਕਾਂ ਮਾਰਦਾ
'ਰਹਬਰ ਮੇਰੀ ਭੈਣ  ਮੈਨੂੰ ਦੱਸਿਆ।
'ਆਖਣ ਲੱਗੀ "ਰਾਜ !  ਸੁਣ ਮੈਂ ਜੋ ਕਹਾਂ।"
'ਜੋ ਉਸ ਆਖਜਾ, ਮਾਉਂ !  ਜਪੁਜੀ ਪਾਠ ਸੀ:-

ਕਰਮ ਖੰਡ ਕੀ ਬਾਣੀ ਜੋਰੁ ॥
ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾਬਲ ਸੂਰ ॥
ਤਿਨ ਮਹਿ ਰਾਮੁ ਰਹਿਆ ਭਰਪੂਰ ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥
ਤਾ ਕੇ ਰੂਪ ਨ ਕਥਨੇ ਜਾਹਿ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥
ਜਿਨ ਕੈ ਰਾਮੁ ਵਸੈ ਮਨ ਮਾਹਿ ॥
ਤਿਥੈ ਭਗਤ ਵਸਹਿ ਕੇ ਲੋਅ ॥
ਕਰਹਿ ਅਨੰਦੁ ਸਚਾ ਮਨਿ ਸੋਇ ॥
(ਜਪੁਜੀ ਸਾਹਿਬ-੩੭)

'ਇਹ ਕੁਝ ਮੂੰਹੋਂ ਬੋਲ  ਕਹਿੰਦੀ ਫੇਰ ਓ:
"ਕਾਲ, ਦੇਸ਼ ਦੀ ਕੈਦ  ਵਿੱਥਾਂ ਹੱਦ ਦੀ
' "ਘੇਰ ਰਹੀ ਇਸ ਥਾਉਂ  ਜਾਣੀ ਨਾ ਸਖੀ !
' "ਏ ਹੈ ਸਰਬ ਵਿਆਪ  -ਸਾਰੇ ਪੂਰਿਆ
' "ਇਕ ਦੇਸ਼ ਨਾ ਏਹ,  ਰਹੀਂ ਸੁਚੇਤ ਤੂੰ।"

' ਪਰ ਅੰਮੀ ! ਮੈਂ ਹਾਇ  ਸਮਝੀ ਭੇਤ ਨਾ
'ਕੀ ਕਹਿੰਦੀ ਸੀ ਓਹ  ਸਜਨੀ ਸੱਚ ਦੀ।
'ਪਰ ਸੀ ਓਥੇ ਸੁੱਖ  ਹੱਦੋਂ ਲੰਘਿਆ।
'ਫੁਰਨੇ ਤੋਂ ਬੀ ਘੱਟ  ਇਕ ਆਭਾਸ ਹੋ
'ਲੰਘਿਆ ਹਿਰਦੇ ਭਾਵ  ਸੂਖਮ ਮੇਰਿਓਂ,-
'ਮਤ ਹੋਵੇ ਇਹ ਲੋਕ  ਜਿੱਥੇ ਸੋਹਿਣਾ
'ਮੇਰਾ ਪ੍ਰੀਤਮ ਆਣ  ਭਾਗ ਲਗਾ ਰਿਹਾ।
'ਪਰ ਫੁਰਨੇ ਨੇ ਰੂਪ  ਹਿਰਦੇ ਮੈਂ ਅਜੇ
' ਧਾਰਜਾ ਸੀ ਨਾ ਠਕਿ  ਬੋਲੀ ਉਹ ਸਖੀ:_
' "ਰੋਕ ਰਿਦੇ ਨੂੰ ਭੈਣ  ਨਾਹਿੰ ਤ ਆਵਸੀ
' "ਏਥੇ ਫੁਰਦੇ ਸਾਰ  ਤੇਰਾ ਕੰਤ ਓ।
' "ਪਰ ਏ ਕਰਨੀ ਬਾਤ  ਤੈਨੂੰ ਨਾ ਬਣੇ।
' "ਉਸਦਾ ਸਖੀ ! ਨਿਵਾਸ  ਸੱਚੇ ਖੰਡ ਹੈ।
' "ਮਾਯਾ ਦਾ ਪਰਭਾਵ  ਪਿੱਛੇ ਰ੍ਹੈ ਗਿਆ
' "ਮਾਯਾ ਮੁਸ਼ਕ ਨ ਰੇਖ  ਏਥੇ ਜਾਣ ਤੂੰ।
' "ਜੋ ਪੌਂਚ੍ਹਜਾ ਇਸ ਥਾਉਂ  ਅੱਗੇ ਜਾਂਵਦਾ,
' "ਮੁੜ ਪਿੱਛੇ ਨਾ ਜਾਇ,-  ਬਖਸ਼ਿਸ਼ ਲੋਕ ਏ।
' "ਪਿੱਛੇ ਪਿੱਛੇ ਥਾਉਂ  ਦੇਖੇ ਜੋ ਤੁਸਾਂ
' "ਓਥੋਂ ਹੇਠਾਂ ਜਾਣ  ਸਕਦਾ ਹੋਇ ਸੀ।
' "ਇਹ ਤੇ ਅਗਲਾ ਲੋਕ  ਦੋਵੇਂ ਇੱਕ ਨੇ,
' "ਜੁੜੇ ਮਿਲੇ ਹਨ ਨਾਲ  ਸਖੀਏ ਦੇਖ ਲੈ।
' "ਥਿਰ ਹੈ ਪਾਰ ਬਰ੍ਹੰਮ  ਸੇਵਕ ਹੋ ਗਏ।
' "ਥਿਰ ਉਸ ਪਜਾਰੇ ਨਾਲ  ਉਸ ਵਿਚ ਜਾ ਮਿਲੇ,
' "ਕੈ ਵਸਦੇ ਸਚ ਖੰਡ  ਕੈ ਥਿਰ ਏਸ ਥਾਂ,
' "ਜਾਣੇ ਸਾਂਈਂ ਭੇਤ  ਆਪਹਿ ਆਪਣੇ।
' "ਸੋ ਹੁਣ ਪਜਾਰੀ ਤਜਾਰ  ਤਕੜੀ ਹੋਇਕੇ
' "ਅਦਬ ਪ੍ਰੇਮ ਦੇ ਨਾਲ  ਆਪ ਸੁਆਰ ਕੇ
' "ਦੇਖ ਸਾਮ੍ਹਣੀ ਵੱਲ  ਸੱਚੇ ਖੰਡ ਨੂੰ।" '

# ੬.ਦਰਸ਼ਨ

ਰਾਜ ਕੌਰ ਇਹ ਆਖ ਪਾਸਾ ਪਰਤਿਆ,
ਬੈਠੀ ਸੀ ਹੁਣ ਤੀਕ ਕੁੱਛੜ-ਮਾਉਂ ਜੋ:
ਫਿਰ ਗਲਵਕੜੀ ਪਾਇ ਕੁਝ ਮੁਸਕਾਇਕੇ
ਕਹਿੰਦੀ:- 'ਆਗਜ਼ਾ ਦੇਹੁ ਮਾਤਾ ਪਜਾਰੀਏ !
'ਸਾਵਧਾਨ ਹੁਣ ਹੋਇ ਪੱਲਾ ਪਾ ਗਲੇ
'ਮੂੰਹੋਂ ਕਰਾਂ ਉਚਾਰ ਅਗਲਾ ਹਾਲ ਮੈਂ:
'ਲਈਏ ਹੋਰ ਬਣਾਇ ਬੈਠਕ ਅਦਬ ਦੀ।
'ਡਾਢਾ ਹੈ ਉਹ ਹਾਲ ਤੇਜਾਂ ਵਾਲਵਾ,
'ਅਤਿ ਭੈ ਅਦਬ ਸੁ ਨਾਲ ਕਹਿਣਾ ਚਾਹੀਏ:
'ਸੁਣਨ ਬਣੇ ਭੈ ਨਾਲ ਅਦਬਾਂ ਨਾਲ ਓ।'

ਮਾਤਾ ਸੁਣ ਏ ਵਾਕ ਮਾਰੀ ਚੌਂਕੜੀ;
ਗਲ ਪੱਲਾ ਹਥ ਜੋੜ ਹਿਰਦੇ ਨਿੰਮ੍ਰਤਾ
ਬੈਠ ਗਈ ਸੀ ਕੋਲ ਅਦਬ ਸਰੂਪ ਹੋ।
ਜਿਵੇਂ ਅਦਬ ਦੇ ਨਾਲ ਬੈਠੀ ਰਾਜ ਸੀ !
ਹੁਣ ਖੁੱਲ੍ਹੇ ਬੁਲ੍ਹ ਸਿੱਪ ਨਿਕਲੇ ਵਾਕ ਏ-

'ਸੁਣ ਹੇ ਪਜਾਰੀ ਮਾਉਂ ! ਚੱਕੀ ਅੱਖ ਮੈਂ,
'ਡਿੱਠਾ ਨੀਝ ਲਗਾਇ ਪਾਸੇ ਸਾਮ੍ਹਣੇ-
'ਸੀ ਇਕ ਤੇਜ ਪ੍ਰਕਾਸ਼ -ਪੁੰਜ ਪ੍ਰਕਾਸ਼ ਦਾ-
'ਬੇਹਦ ਅਗਮ ਅਥਾਹ ਪਾਰ ਉਰਾਰ ਨਾ,
'ਝਲਕ ਡਲ੍ਹਕ ਚਮਕਾਰ ਜਾਇ ਨ ਝੱਲਿਆ;
'ਲਹਿਰਾਂ ਖਾਵੇ ਐਉਂ ਕ੍ਰੋੜਾਂ ਬਿਜਲੀਆਂ
'ਪੁੱਜ ਨ ਹੰਘਣ ਮੂਲ- ਹੋਣ ਨਿਕਾਰੀਆਂ;
'ਦਮਕੇ ਦਿੱਸੇ ਸਾਫ ਮੈਨੂੰ ਸਾਮ੍ਹਣੇ।
'ਚਾਨਣ ਇਹ ਨਾ ਸੀਗ ਜਿਹੜਾ ਦਿੱਸਦਾ
'ਸਾਨੂੰ ਏਥੇ ਰੋਜ਼; ਉਹ ਵੰਨ ਹੋਰ ਦਾ।
'ਖੋਲ੍ਹ ਕਹਾਂ ਕੀ ਹਾਲ ਜਾਇ ਨ ਦੱਸਿਆ,
'ਜੀਭ ਵਿੱਚ ਨਾਂ ਜ਼ੋਰ ਅੰਦਰ ਤਾਣ ਨਾਂ।
'ਸਾਡੇ ਉਸ ਦੇ ਵਿੱਚ, ਅਜਬ ਸੁਹਾਉ, ਮਾਂ !
'ਸਮਝ ਅਕਲ ਤੋਂ ਦੂਰ, ਦਿੱਸੇ ਛਾਇਆ:
'ਜਿੱਕੁਰ ਗਿਰਦ ਗੁਲਾਬ ਸੂਖਮ ਗੰਧ ਦਾ
'ਛਾਇਆ ਰਹੇ ਸੁਹਾਉ, ਰਸੀਏ ਦੇਖਦੇ।
'ਹੁਣ ਸੁਖ ਸਜਨੀ ਓਹ ਕਹਿੰਦੀ ਵਾਕ ਏ:-

' "ਇੱਥੋਂ ਤਾਂਈਂ ਪੌਂਚੁ ਮੇਰੀ ਹੋ ਸਕੀ
' "ਇਸ ਤੋਂ ਅੱਗੇ ਜਾਇ ਸਕਦੀ ਮੈਂ ਨਹੀਂ,
' "ਨਾਂਹੀ ਸਕਾਂ ਲਿਜਾਇ ਅੱਗੇ ਤੁੱਧ ਨੂੰ।
' "ਐਥੋਂ ਅੱਖਾਂ ਖੋਲ੍ਹ, ਨੀਝ ਲਗਾਇਕੇ
' "ਦੇਖ ਪਿਆਰਾ ਦੇਸ਼ ਅਪਣੇ ਕੰਤ ਦਾ:
' "ਦੇਖ ਤੇਜ ਦੀ ਵੱਲ, ਇਹ ਉਹ ਥਾਉਂ ਹੈ
' "ਜਿੱਥੇ ਸੂਰਤ ਸਿੰਘ ਜਾਕੇ ਵੱਸਿਆ।
' "ਇਹ ਹੈ ਸੱਚਾ ਖੰਡ ਮਾਯਾ ਰਹਿਤ ਹੈ,
' "ਆਤਮ ਸ੍ਵੱਛ ਨਿਰੋਲ 'ਨਾਤਮ ਕੁਝ ਨਾਂ।
' "ਇੱਥੇ ਪਹੁੰਚੇ ਓਹ -ਮਾਇਆ ਰਹਿਤ ਜੋ
' "ਮਨਬੁਧਿ ਚਿਤ ਹੰਕਾਰ ਚਾਰੇ ਅੰਤਰੇ,
' "ਕਾਰਨ, ਲਿੰਗ, ਸਥੂਲ, ਤਿੰਨੇ ਦੇਹੀਆਂ,
' "ਲੰਘ ਇਨ੍ਹਾਂ ਨੂੰ ਸ਼ੁੱਧ ਚੇਤਨ ਹੋਇਆ।
' "ਜਿਨ੍ਹੇਂ ਪਛਾਤਾ ਆਪ ਅਪਣਾ ਆਪ ਹੈ;
' "ਆਪ ਪਛਾਣਨ ਨਾਲ ਰੱਬ ਪਛਾਣਿਆਂ,
' "ਫਿਰ ਪਰਮਾਤਮ ਨਾਲ ਪਾਇਆ ਮੇਲ ਹੈ,
' "ਜੁੜੇ ਮਿਲੇ ਇਕ ਹੋਇ ਰਹੇ ਨ ਵੱਖਰੇ,
' "ਉਹ ਪਹੁੰਚੇ ਇਸ ਥਾਉਂ -ਏ ਸਚਖੰਡ ਹੈ।
' "ਵਾਸਾ ਵਿੱਚ ਸਰੂਪ ਇਸ ਥਾਂ ਹੋਂਵਦਾ।
' "ਏਸ ਅਵਸਥਾ ਵਿੱਚ ਪਹੁੰਚੇ ਜੋ ਨਹੀਂ,
' "ਪਰ ਪਹੁੰਚੇ ਦੇ ਤੁੱਲ ਜੋ ਹਨ ਹੋ ਰਹੇ
' "ਹਾਂ, ਹਨ ਸੱਚੇ ਲੋਕ ਰੱਤੇ ਪ੍ਰੇਮ ਦੇ,
' "ਮਿਲੇ ਰੱਬ ਦੇ ਨਾਲ ਵਿਛੁੜਨ ਨਾ ਕਦੇ।
' "ਉਹਨਾਂ ਦੀ ਹੈ ਪੌਂਚੁ ਐਥੋਂ ਤਾਕਰੇ,
' "ਐਥੋਂ ਕਦਮ ਅਗੇਰ ਧਰਦੇ ਓ ਨਹੀਂ।
' "ਪਰ ਇਹ ਬੀ ਹੈ ਲੋਕ ਮਿਲਿਆ ਓਸਨੂੰ।
' "ਓਸੇ ਦਾ ਹੈ ਰੰਗ ਏਥੇ ਪਸਰਿਆ।"

' ਇਹ ਸੁਣ ਮੈਨੂੰ, ਮਾਇ ! ਟੁੰਬਜ਼ਾ ਪ੍ਰੇਮ ਨੇ:
'-ਪ੍ਰੇਮ ਅਵਸਥਾ ਵਿਚ ਲਹਿਰਾ ਪ੍ਰੇਮ ਨੇ
'ਖਾਧਾ ਕਰਕੇ ਜ਼ੋਰ ਹੋਇ ਥਰ੍ਰਾਟ ਜਜੋਂ-

'ਮੈਂ ਹੋ ਪ੍ਰੇਮ ਸੁਪ੍ਰੇਮ ਤੱਕਾਂ ਪ੍ਰੇਮ ਨੂੰ।
'ਨਿਉਂ ਨਿਉਂ ਕਰਾਂ ਪ੍ਰਣਾਮ ਮੈਂ ਉਸ ਤੇਜ ਨੂੰ;
'ਝੁਕ ਝੁਕ ਕਰਾਂ ਨਮਾਮ ਅਪਣੀ ਭੈਣ ਨੂੰ:
'ਵਾਹ ਆਗੂ ਵਾਹ ਧੰਨ ਤੂੰ ਸਦ ਧੰਨ ਹੈਂ !
'ਦਿੱਤਾ ਮੈਨੂੰ ਦੱਸ ਬੰਗਮ ਹੈ ਪੁਰਾ,
'ਸ਼ੁਕਰ ਕਰਾਂ ਲਖ ਵੇਰ ਸ਼ੁਕਰ ਗੁਜ਼ਾਰਦੀ,
'ਡਿੱਠਾ ਸ਼ਹਿਰ ਸੁਮੇਰ ਪਜਾਰੇ ਵਾਲੜਾ।
'ਵਾਰੀ ਮੈਂ ਕੁਰਬਾਨ ਨਗਰੀ ਏਸ ਤੋਂ
'ਜਿੱਥੇ ਢੋਲੇ ਜਾਇ ਡੇਰਾ ਘੱਤਿਆ।
'ਚਉਖੰਨੀ ਬਲਿਹਾਰ ਤੈਥੋਂ ਸ਼ੈਰੁ ਵੇ !
'ਦਿੱਤਾ ਜਿਨ ਬਿਸਰਾਮ ਮੇਰੇ ਮਿੱਤ੍ਰ ਨੂੰ।
'ਵਾਰੇ ਵਾਰੇ ਜਾਉਂ ਐਸੇ ਦੇਸ਼ ਤੋਂ
'ਸਾਂਈਂ ਸਿਰ ਦੇ ਤਾਜ ਜਿੱਥੇ ਜਾ ਟਿਕੇ।
'ਹੈਵੇ ਸਗਲ ਪਵਿੱਤ ਜਿੱਥੇ ਕੰਤ ਹੈ।
'ਸਦਕੇ ਜਾਵਾਂ ਨਿੱਤ ਐਸੇ ਖੰਡ ਤੋਂ
'ਜੀ ਸੁਹਣੇ ਨੇ ਜਾਇ ਜਿੱਥੇ ਲਾ ਲਿਆ।

'ਹੇ ਤੂੰ ਹੰਸ ਅਵਤਾਰ ਸਰਵਰ ਏਸ ਦੇ !
'ਪਹੁੰਚਜੋਂ ਅਪਣੇ ਦੇਸ਼ ਹੰਸਾਂ ਵਿਚ ਆ
'ਕਰਨੈਂ ਮੌਜ ਅਨੰਦ ਅਪਨੇ ਦੇਸ਼ ਤੂੰ।
'ਹੋਇਆ ਨਾਲ ਅਭੇਦ ਸਿਰਜਨਹਾਰ ਦੇ,
'ਨਾਲੇ ਹੋਇ ਅਭੇਦ ਨਾਲ ਪਿਆਰਿਆਂ,
'ਨਾਲੇ ਹੋਕੇ ਵੱਖ ਮਿਲਿਆ ਸਾਰਿਆਂ
'ਮਾਣੇਂ ਮੌਜ ਅਪਾਰ ਬ੍ਰਹਮਾਨੰਦ ਦੀ।
'ਵਾਹ ਵਾ ਏਹੋ ਠੀਕ ਤੇਰਾ ਦੇਸ ਹੈ;
'ਪਾ ਉਮੰਗ ਉਪਕਾਰ ਏਥੋਂ ਤੂੰ ਤੁਰਜੋਂ
'ਮਾਰ ਉਡਾਰੀ ਹੇਠ ਪਹੁੰਚਜੋਂ ਭੂਮਿ ਤੇ
'ਕਰਨੇ ਹਿਤ ਉਪਕਾਰ ਸਾਰੇ ਜੱਗ ਦਾ।
'ਜਿੱਥੇ ਵਸਦੇ ਕਾਗ, ਉੱਲੂ, ਲੂਮੜੀ;
'ਡੱਡੂ, ਪਾੜ੍ਹੇ, ਸ਼ੇਰ, ਸੱਪ, ਅਠੂਹਿਆਂ,
'ਬਗਲੇ;- ਹੰਸ, ਸੁ ਮੋਰ, ਤੋਤੇ, ਕੋਇਲਾਂ,-
'-ਵੱਸਣ ਕੋਲੋ ਕੋਲ ਰਹਿੰਦੇ ਗ੍ਰਾਂਢ ਹੀ
'ਪਰ ਨਹਿੰ ਕਰਦੇ ਪਜਾਰ ਆਪੋ ਵਿੱਚ ਨੇ
'ਇਕ ਦੂਜੇ ਨੂੰ ਖੋਹ ਰੋਜ਼ੀ ਤੋਰਦੇ।
'ਗਊਂ ਨੂੰ ਰਖਦੇ ਮੁੱਖ ਧਰਤੀ ਵੱਸਦੇ;
'ਗਊਂ ਦੇ ਬੱਧੇ ਸਭ ਲੀਕਾਂ ਕੱਢਦੇ;
'ਗਊਂ ਤੋਂ ਖਾਲੀ ਹੋਇ ਜਾਣਨ ਨਾ ਕਿਸੇ।
'ਲੋੜ-ਫਸੇ ਨੂੰ ਘੇਰ ਲਾਹਾ ਕੱਢਦੇ;
'ਗਊਂ-ਫਾਥੇ ਨੂੰ ਖੋਹ ਲਾਭ ਉਠਾਉਂਦੇ,
'ਕਰਦੇ ਨਹੀਂ ਪਿਆਰ ਗਉਂ ਤੋਂ ਸੱਖਣਾ,
'ਸ੍ਵਾਰਥ, ਗ਼ਰਜ਼ ਤਿਆਗ ਕਰਦੇ ਨਾਂ ਕਦੀ।
'ਦੇਣੇ ਸੰਦਾ ਪਜਾਰ ਲੈਣਾ ਤਜਾਗਕੇ
'ਕਰਦੇ ਕਦੀ ਨਾ ਏਹ ਸ੍ਵਾਰਥ ਕੁੱਠੜੇ।
'ਐਸੀ ਨੀਚ; ਅਧੀਨ, ਧਰਮੋਂ ਸੱਖਣੀ
'ਜਨਮ ਭੂਮਿ ਹੈ ਹਾਇ ! ਮੇਰੀ ਨੀਚ ਦੀ,
'ਜਿੱਥੇ ਆਕੇ ਆਪ ਧਰਮ ਪ੍ਰਚਾਰਿਆ।
'ਤੁਸੀਂ ਹੰਸ-ਅਵਤਾਰ ਹੈਸੋ ਸੱਚ ਦੇ,
'ਮੈਂ ਕਾਂਵਾਂ ਦੀ ਬੰਸ ਨੀਵੀਂ ਮੈਂ ਅਸਾਂ,
'ਮੋਹੀ ਦੇਖ ਸਰੂਪ ਤੇਰਾ ਹੰਸ ਦਾ;
'ਅਸਲਾ ਅਪਣਾ ਭੁੱਲ ਹੰਭਲਾ ਮਾਰਿਆ
'ਕਿਵੇਂ ਪੌਂਚੂ ਮੈਂ ਜਾਉਂ ਤੇਰੀ ਪੌਂਚ ਨੂੰ।
'ਕਿਰਲੀ ਸੀਗੀ ਜਾਤ ਜੱਫਾ ਮਾਰਿਆ
'ਚੰਦਨ ਦੇ ਸ਼ਹਿਤੀਰ, ਮੂਰਖ ਮੱਤ ਮੈਂ।
'ਧੰਨ ਹੰਸ ਅਵਤਾਰ ! ਤੂੰ ਸਦ ਧੰਨ ਹੈਂ !
'ਕਰਕੇ ਕਿਰਪਾ ਢੇਰ ਤਜਿ ਕੁਲ ਲਾਜ ਨੂੰ
'ਕਿਰਤਾਰਥ ਕਰ ਲੀਨ ਨੀਚ ਅਜਾਨ ਮੈਂ।
'ਪਰ ਮੈਂ ਮੂਰਖ ਅੱਤਿ ਸਮਝੀ ਨਾਂ ਰਤੀ।
'ਸਾਂ ਮੈਂ ਕਾਲੀ ਬੰਬ, ਕਾਲੀ ਹੀ ਰਹੀ:
'ਕੇਵਲ ਰੂਪ ਨਿਹਾਲ ਮੋਹੀ ਮੈਂ ਗਈ;
'ਦੂਰ ਨ ਕੀਤੀ ਮੂਲ ਕਾਲਖ ਆਪਣੀ।
'ਸਿੱਖੀ ਤੈਥੋਂ ਨਾਹਿੰ ਜਾਚ ਅਨੋਖੜੀ
'ਦੁੱਧੋਂ ਪਾਣੀ ਅੱਡ ਕਰਨੇ ਵਾਲੜੀ।
'ਤੂੰ ਲਾ ਜਤਨ ਅਪਾਰ ਮੈਨੂੰ ਜੋਗ ਦੇਂ;
'ਮੈਂ ਜੋਗੋਂ ਹੋ ਦੂਰ ਰਹਾਂ ਅਜੋਗਵੀਂ।

'ਮੈਂ ਸਾਕਤ ਸਾਂ ਢੀਠ ਕਾਲੀ ਕੰਬਲੀ:
'ਸੀ ਮੇਰੇ ਵਿੱਚ ਚੁੱਕ ਦੋਸ਼ ਨ ਸੀ ਤੁਸਾਂ:
'ਰਹੀ ਪਜਾਰਦੀ ਦੇਹ, ਉੱਡੇ ਹੰਸ ਜੀ।


www.sikhbookclub.com

'ਗਏ ਘਰਾਂ ਨੂੰ, ਛੱਡ ਕਾਗਾਂ ਦੇਸ ਨੂੰ।
'ਹੰਸ ਹੰਸ ਦਾ ਮੇਲ ਹੰਸੀਂ ਜਾ ਮਿਲੇ।
'ਰੋਂਦੇ ਰਹਿ ਗਏ ਕਾਉਂ ਕਰਮਾਂ ਆਪਣੇ।
'ਹੰਸ ਕਾਉਂ ਦਾ ਮੇਲ ਕਦ ਤਕ ਨਿੱਭਦਾ:
'ਮੂਰਖ ਹੁੰਦੇ ਕਾਉਂ ਅੰਮ੍ਰਿਤ-ਸਾਰ ਨਾ।
'ਮੋਤੀ ਹੰਸਾਂ ਪਾਸ, ਅੰਮ੍ਰਿਤ ਦੇਂਵਦੇ।
' "ਕਾਗਉ ਹੰਸ ਕਰੇਇ" ਗੁਰ ਸਮਰੱਥ ਹੈ।
' "ਜਉ ਸਿੱਖਾਂ ਮੈਂ ਚੂਕ" ਸਤਿਗੁਰ ਕੀ ਕਰੇ?
'ਸਭ ਅਉਗਣ ਮੈਂ ਵਿੱਚ ਤੂੰ ਨਿਰਦੋਸ਼ ਸੈਂ:
'ਗੁਣ ਤੇਰੇ ਤੋਂ ਹਾਇ ! ਰਹੀ ਅਵੇਸਲੀ;
'ਕਦਰ ਨ ਪਾਈ ਮੂਲ ਤੇਰੀ ਹੰਸ ਦੀ।
'ਪਰ ਤੂੰ ਹੰਸ ਅਵਤਾਰ ਛੱਡੀ ਮੂਲ ਨਾਂ
'ਹੰਸਾਂ ਵਾਲੀ ਬਾਣ ਪਰਉਪਕਾਰ ਦੀ।
'ਮੇਰੇ ਜਿਹੀ ਅਜਾਣ ਨਿਰਗੁਣ ਨੀਚ ਨੂੰ
'ਅੰਧ ਕੂਪ ਤੋਂ ਖਿੱਚ ਸੱਦਜਾ ਏਸ ਥਾਂ;
'ਕੀਤਾ ਦੂਰ ਅਨ੍ਹੇਰ ਬਖਸ਼ਜਾ ਚਾਨਣਾ,
'ਦਿੱਤਾ ਸੱਭ ਦਿਖਾਲ ਲੁਕਿਆ ਭੇਤ ਜੋ।
'ਇਥੇ ਹੀ ਨਾ ਬੱਸ ਅਪਣੇ ਦੇਸ ਦਾ
'ਦਿੱਤਾ ਰੂਪ ਦਿਖਾਲ ਨੇੜੇ ਸੱਦ ਕੇ।
'ਮੈਂ ਇਸ ਲਾਇਕ ਨਾਹਿੰ, ਪਰ ਤੂੰ ਧੰਨ ਹੈਂ !
'ਸਭ ਵਡਿਆਈ ਤੁੱਧ ਤੇਰੇ ਬਿਰਦ ਨੂੰ।
'ਹੰਸਾਂ ਦੀ ਇਹ ਰੀਤਿ ਬਿਰਦ ਓ ਆਪਣਾ
'ਸਦਾ ਨਿਬਾਹੁਣ, ਐਬ ਨਹੀਂ ਚਿਤਾਰਦੇ:
'ਦੇਵਣ ਪਾਰ ਲੰਘਾਇ ਲੜ ਜਿਸ ਲਾਂਵਦੇ।
'ਪਰ ਤੂੰ ਕੀਤਾ ਵੱਧ ਸਭ ਤੋਂ ਵੱਧਕੇ।
'ਸਾਕਤ ਤਾਰੇ ਕੌਣ ? ਕੋ ਸਮਰੱਥ ਨਾਂ,
'ਸਾਕਤ ਤਰੇ ਕਦੀਕੁ ? ਮੂਲੋਂ ਨਾਂ ਕਦੀ।
'ਪਾਪੀ ਤਰੇ ਅਨੇਕ, ਖੋਟੇ ਸੈ ਬਚੇ,
'ਸਾਕਤ ਤਰਜੋ ਨ ਕੋਇ, ਖੋਜੋ ਪੋਥੀਆਂ।
'ਐਪਰ ਦੇਖੋ ਆਣ ਉੱਚਾ ਸੋਹਿਣਾ,
' 'ਨਾਨਕ ਬਿਰਦ' ਅਨੂਪ ਅਚਰਜ ਅੱਤ ਦਾ।
'ਪੈਦਾ ਕੀਤੇ ਹੰਸ ਐਸੇ ਏਸ ਨੇ
'ਸਾਕਤ ਨੂੰ ਲੜ ਲਾਇ ਤੋੜ ਨਿਬਾਹੁੰਦੇ,
'ਲੈਂਦੇ ਆਪ ਉਬਾਰ ਭਉ ਦੇ ਸਾਗਰੋਂ।
'ਧੰਨ ਧੰਨ ਸਿਰਤਾਜ ਤੂੰ ਸਦ ਧੰਨ ਹੈਂ !
'ਕਿੱਥੇ ਮੇਰੀ ਭੂਮਿ ਕਿੱਥੇ ਦੇਸ ਹੈ?
'ਕਿੱਥੇ ਕਿਰਪਾ ਧਾਰ ਮੈਨੂੰ ਖਿੱਚਿਆ ?
'ਕਿਸ ਮੂੰਹ ਸ਼ੁਕਰ ਅਲਾਉਂ, ਤੁਧ ਸਲਾਹੀਆਂ,
'ਕਿਸ ਮੁਖ ਸ਼ੁਕਰ ਸੁਣਾਉਂ, ਜਸ ਕਿਸ ਮੁੱਖੜੇ।
'ਇੱਥੇ ਬੀ ਪਰ ਪਹੁੰਚ ਅਸਲਾ ਆਪਣਾ
'ਛੁਟਦਾ ਮੈਥੋਂ ਨਾਹਿੰ, ਦੱਸੋ ਕੀ ਕਰਾਂ ?
'ਫੁਰਨੇ ਫੁਰਦੇ; ਹਾਇ ! ਸ਼ੁਕਰੋਂ ਬਾਹਿਰੇ।
'ਕਰੋ ਕ੍ਰਿਪਾ ਪ੍ਰਭੁ ਆਪ ਵਿੱਚੇ ਸ਼ੁਕਰ ਦੇ
'ਸ਼ੁਕਰ ਰੂਪ ਹੋ ਜਾਉਂ ਆਪਾ ਵਿੱਸਰਾਂ;
'ਮਸਤ ਸ਼ੁਕਰ ਵਿਚਕਾਰ ਕਰਦੀ ਸ਼ੁਕਰ ਮੈਂ
'ਫਿਰਾਂ ਸ਼ੁਕਰ ਦੀ ਗੰਧ ਜਗਤ ਖਿਲਾਰਦੀ;
'ਰਹੇ ਨ ਸ਼ੁਕਰੋਂ ਬਾਝ ਸੁਰਤੀ ਹੋਰ ਮੈਂ।
'ਪੂਰੋ ਜਾਂ ਇੱਕ ਆਸ ਮੇਰੀ ਜੋ ਰਹੀ:
'ਦੇਵੋ ਝਲਕ ਦਿਖਾਇ ਸੁੰਦਰ ਰੂਪ ਦੀ।
'ਮੂੰਹ ਛੋਟੇ ਦੀ ਗੱਲ ਸਜਦੀ ਹੈ ਨਹੀਂ,
'ਹੱਦ ਸ਼ੁਕਰ ਦੀ ਟੱਪ ਲੰਘਦੀ ਪਾਰ ਹੈ।
'ਪਰ ਕੀ ਕਰਾਂ? ਸੁਜਾਨ! ਸਾਕਤ ਭਾਰੀਆਂ,
'ਸਾਕਤ ਵਾਲੀ ਬਾਣ ਛੁਟਦੀ ਹੈ ਨਹੀਂ।
'ਮਿਲਦੀ ਦਾਤੇ ਦਾਤ ਰਜਦੀ ਹਾਂ ਨਹੀਂ;
'ਮੰਗਾਂ ਹੋਰੋ ਹੋਰ ਤ੍ਰਿਸ਼ਨਾ ਕੁੱਠੀਆਂ।
'ਤੂੰ ਹੰਸਾਂ ਤੋਂ ਵੱਧ ਕੀਤੀ ਕਾਰ ਹੈ;
'ਮੈਂ ਕਾਵਾਂ ਤੋਂ ਵੱਧ ਸਾਕਤ ਨਿੱਕਲੀ,
'ਸਮਝਾਂ, ਜਾਣਾਂ, ਫੇਰ ਮੰਗਾਂ ਮੰਗਦੀ:
'ਹਠ ਧਰਮੀ ਹੈ ਢੇਰ -ਪੱਕੀ ਢੀਠਤਾ।

'ਲਟਲਟ ਬਲਦਾ ਹੱਥ ਦੀਵਾ, ਸੱਚ ਹੈ
'ਫਿਰ ਡਿੱਗਾਂ ਮੈਂ ਖੂਹ; ਅਚਰਜ ਦੇਖਣਾ।
'ਜੋ ਮਿਲਿਆ, ਨਾ ਓਸ ਸ਼ੁਕਰ ਗੁਜ਼ਾਰਦੀ,
'ਅਜੇ ਨ ਮਿਲਿਆ ਜੋਇ ਮੰਗਾਂ ਓਸ ਨੂੰ।
'ਮੈਂ ਮੰਗਾਂ ਹੁਣ ਹਾਇ ! ਦਰਸ ਪਿਆਰਿਆ !
'ਦੇਵੋ ਦਰਸ ਦਿਖਾਲ ਪਜਾਰੇ ਕੰਤ ਜੀ !
'ਲੇਵੋ ਘੁੰਡ ਉਤਾਰ ਚਾਨਣ ਵਾਲੜਾ,

'ਤਰਸਾਂ ਦਰਸ਼ਨ ਜੋਗ, ਦਰਸ਼ਨ ਦੇ ਦਿਓ।
'ਅਪਣਾ ਬਿਰਦ ਪਛਾਣ ਕਿਰਪਾ ਆਪਣੀ,
'ਅਪਣੀ ਕਰਕੇ ਮੇਰੁ ਪੜਦਾ ਚੱਕ ਕੇ
'-ਕਰ ਬੁਰਕੇ ਨੂੰ ਦੂਰ ਨੂਰ ਦਿਖਾ ਦਿਓ।

ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥
ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥
{ਮਾਰੂ ਡਖਣੇ ਮ:੫}

'ਸਤਿਗੁਰ ਨਾਨਕ ਦੇਵ ਸੱਤਿ ਸਰੂਪ ਦੀ
'ਦਿਆਂ ਦੁਹਾਈ ਤੁੱਧ -ਪਾਵਾਂ ਵਾਸਤਾ-
'ਤੈਨੂੰ ਓਨ੍ਹਾਂ ਨਾਲ ਜਿਹੜਾ ਪ੍ਰੇਮ ਹੈ
'ਹੈ ਉਹ ਹੱਦੋਂ ਵੱਧ -ਉਸ ਦਾ ਅੰਤ ਨਾ,
'ਉਸ ਦੀ ਖ਼ਾਤਰ ਕੰਤ ! ਮੁੱਖ ਦਿਖਾਵਣਾ।
'ਕਲਗੀਆਂ ਵਾਲਾ ਪਜਾਰ ਤੈਨੂੰ ਹੈ ਕਰੇ,
'ਖ਼ਾਤਰ ਓਸ ਪਿਆਰ -ਉਸ ਦੇ ਵਾਸਤੇ-
'ਇਕ ਦਮ ਦਰਸ ਦਿਖਾਲ ਪਿੱਛੋਂ ਸੋ ਕਰੀਂ,
'ਭਾਣਾ ਜੋ ਕੁਝ ਹੋਇ ਸਾਈਂ ! ਆਪ ਦਾ।

'ਪ੍ਰੇਮ ਪ੍ਰਵਾਹ ਦੇ ਵੇਗ ਕੰਮਲੀ ਹੋ ਗਈ
'ਅਦਬ, ਬਿਅਦਬ, ਅਜੋਗ ਜੋ ਮੂੰਹ ਆ ਗਿਆ
'ਨਿਕਲਜਾ ਅੰਦਰ ਪਾੜ ਮਾਨੋਂ ਮੇਰਿਓਂ,
'ਇਹ ਦੇਖਾਂ ਹੁਣ ਮਾਇ ! ਵਰਤਜਾ ਸਾਮ੍ਹਣੇ:-
'ਸੱਚਖੰਡ ਦਾ ਤੇਜ ਲਹਿਰੇ ਮਾਰਦਾ
'ਦੇਕੇ ਝਲਕ ਅਨੂਪ ਝਲਕਜਾ ਐਕੁਰਾਂ
'ਝੱਲਜਾ ਜਾਇ ਨ ਤੇਜ ਡਿੱਠਾ ਜਾਇ ਨਾਂ।
'ਇੱਕ ਪ੍ਰਕਾਸ਼ੋਂ ਹੋਰ ਵੱਡਾ ਨਿਕਲਦਾ,
'ਤੇਜੋਂ ਤੇਜ ਪ੍ਰਕਾਸ਼ ਉਮੜੀ ਆਂਵਦਾ।
'ਅੱਤ ਤੇਜ ਦਾ ਤੇਜ ਝਲਕਾਂ ਮਾਰ ਕੇ
'ਚਮਤਕਾਰ ਚਮਕਾਰ ਦੇ ਕੇ ਲਿਸ਼ਕਿਆ
'ਦਿੱਤਾ ਜਿਸ ਦਿਖਲਾਇ ਅਚਰਜ ਰੂਪ ਏ:
'ਤਖਤ ਇਕ ਤੇਜ ਸਰੂਪ ਉਸਤੇ 'ਰਾਜਦੇ
'ਦਸ ਪਤਿਸ਼ਾਹੀਆਂ ਆਪ ਸਤਿਗੁਰ ਸੋਹਿਣੇ।
'ਤੇਜੋਂ ਤੇਜ ਵਧੀਕ ਸਭ ਤੋਂ ਵੱਧ ਕੇ
'ਗਜਾਨ ਤੇਜ ਤੋਂ ਵੱਧ ਉਨ੍ਹਾਂ ਸਰੂਪ ਸੀ।

'ਦਿੱਸਣ ਇੱਕੋ ਰੂਪ ਪਰ ਦਸ ਭਾਸਦੇ।
'ਚਰਨਾਂ ਕਮਲਾਂ ਵਿੱਚ ਮੱਤਾ ਪ੍ਰੇਮ ਦਾ
' 'ਰਾਜ ਰਿਹਾ ਸੀ ਆਪ ਸਾਂਈਂ ਮੇਰੜਾ।

ਹਥਿ ਕਲੰਮ ਅਗੰਮ ਮਸਤਕਿ ਲੇਖਾਵਤੀ ॥
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥
{ਫੁਨਹੇ ਮ: ੫-੧}

'ਮੋਹਿਤ ਹੋਈ, ਮਾਉਂ ! ਦਰਸ਼ਨ ਦੇਖਕੇ
'ਮੂਰਤ ਵਾਂਗ ਅਚੱਲ, ਮਨ ਹਰਿ ਮੈਂ ਗਿਆ,
'ਭੁੱਲੀ ਅਪਣਾ ਆਪ, ਸਭ ਕੁਝ ਭੁੱਲਿਆ,
' 'ਮੈਂ' 'ਮੇਰੀ' ਹੇ ਮਾਉਂ ! ਓਥੇ ਨਾ ਰਹੀ।
'ਦੇਖਣ ਵਾਲਾ ਕੌਣ ਕਿਸ ਨੂੰ ਦੇਖਦਾ ?
'ਇਤਨੀ ਬੀ ਵਿਥ ਦੂਰ ਹੋਈ ਨਾਲ ਹੀ।
'ਪਰ ਇਕ ਆਵੇ ਯਾਦ ਵੇਲੇ ਓਸਦੀ:
'ਇੱਕ ਦਿਸੇਂਦਾ ਆਪ ਪਜਾਰਾ ਮਿੱਤ੍ਰ ਓ;
'ਦਿੱਸਣ ਵਾਲਾ ਸ੍ਵਾਦ ਭਾਸੇ ਛਾਇਆ
'ਵਿੱਚ ਅਕਾਸ਼ ਪਤਾਲ ਚਾਰ ਚੁਫੇਰੜੇ।
'ਇਕ ਪਿਯ, ਇਕ ਦੀਦਾਰ ਇੱਕ ਅਨੰਦ ਸੀ;
'ਤਿੰਨੇ ਇੱਕ ਸਰੂਪ ਬਣਕੇ ਇੱਕ ਹੀ
'ਝਲਕਣ ਡਲ੍ਹਕਣ ਅਤ ਪਾਰਾ ਵਾਰ ਨਾ।
'ਤਿੰਨੇ ਇੱਕੋ ਇੱਕ ਇੱਕੋ ਤਿੰਨ ਸੇ;
'ਤਿੰਨੇ ਭਏ ਅਭੇਦ ਦਿੱਸਣ ਵੱਖਰੇ।
'ਜੇ ਆਖਾਂ ਸੇ ਵੱਖ ਤਾਂ ਭੀ ਠੀਕ ਨਾਂ;
'ਜੇ ਆਖਾਂ ਸੇ ਇੱਕ ਤਾਂ ਭੀ ਭੁੱਲਦੀ।
'ਰਿਹਾ ਨ ਕਿਸਹੀ ਡੌਲ, ਮਾਏ ! ਜਾਂਵਦਾ;
'ਪਤਾ ਨ ਡਿੱਠੇ ਬਾਝ ਸਕਦਾ ਲੱਗ ਹੈ;
'ਡਿੱਠੇ ਬਾਝ ਸੁਆਦ, ਆਵੇ ਹੈ ਨਹੀਂ।'

## ੭. ਉਤਰਾਈ

ਹੁਣ ਮੱਥੇ ਹਥ ਫੇਰ 'ਉਫ਼' ਮੂੰਹ ਆਖ ਕੇ,
ਰਾਣੀ ਕਹਿੰਦੀ, 'ਮਾਉਂ ! ਸ਼ੁਕਰ ਅਕਾਲ ਦਾ

‘ “ਖ਼ਾਲਕ ਦੀ ਹੈ ਯਾਦ ਰਖਦਾ ਨਾਲ ਨਾ,
‘ “ਖ਼ਾਲਕ ਦੀ ਮਖ਼ਲੂਕ ਜਾਣੇ ਹੈ ਨਹੀਂ,
‘ “ਕਰਦਾ ਹੌਂ ਵਿਚ ਪਜਾਰ ਖ਼ਲਕਤ ਨਾਲ ਹੈ–
‘ “ਓ ਜਦ ਖ਼ਲਕਤ ਨਾਲ ਜੁੜ ਹੈ ਜਾਂਵਦਾ,
‘ “ਜੁੜੇ ਨ ਖ਼ਾਲਕ ਨਾਲ, ਹਉਂ ਵਿੱਚ ਘੇਰਿਆ।
‘ “ਨਿਰਗੁਣ ਰੂਪ ਅਕਾਲ ਸਭ ਦਾ ਮੂਲ ਜੋ
‘ “ਉਸ ਸੰਗ ਉਸ ਦਾ ਜੋੜ ਤਦ ਤਕ ਹੋਇ ਨਾ
‘ “ਜਦ ਤਕ ਭਗਤੀ ਧਾਰ ਸੱਚੇ ਪਜਾਰ ਦੀ
‘ “ਲਿਵ ਲਾਕੇ ਉਸ ਨਾਲ ਉਨੂੰ ਨ ਪਜਾਰਦਾ
‘ “ਪ੍ਰਭੁ ਮਿਲਿਆਂ ਸਚ ਖੰਡ ਮਿਲਿਆ ਜਾਣੀਏ।
‘ “ਤਾਂਤੇ ਖ਼ਲਕਤ ਪਜਾਰ ਕਰੀਏ ਐਕੁਰਾਂ,
‘ “ਹੁਕਮ ਓਸਦਾ ਜਾਣ, ਕੀਤੀ ਓਂਸਦੀ–
‘ “ਉਸ ਦੇ ਬਾਲਕ ਜਾਣ ਖ਼ਲਕਤ ਸੇਂਵੀਏ।
‘ “ਲਿਵ ਲਾਯੇ ਪ੍ਰਭੁ ਨਾਲ ਧਜਾਨੀਏਂ ਓਸਨੂੰ।
‘ “ਉਸ ਨੂੰ ਮਾਲਕ ਜਾਣ ਸਦਾ ਅਰਾਧੀਏ;
‘ “ਸੁਖ ਦੇਈਏ ਮਖ਼ਲੂਕ, ਦਿਲ ਪਰ ਰੱਬ ਨੂੰ:
‘ “ਦਿਲ ਰਗੜੇ ਰਬ ਨਾਲ ਨਾਲ ਨ ਖ਼ਲਕ ਦੇ।
‘ “ਆਦਰਸ਼ ਹੋਵੇ ਓਹ ਅੱਖਾਂ ਸਾਮ੍ਹਣੇ,
‘ “ਉਸ ਦਾ ਪ੍ਰੇਮ ਪਿਆਰ ਦਿਲ ਦੀ ਕਾਰ ਹੋ।
‘ “ਪਰਮੇਸ਼ਰ ਦੇ ਪਜਾਰ ਵਿੱਚ ਪੁਰੋਤਿਆਂ
‘ “ਲਿਵ ਲਗਜਾਂ ਉਸ ਨਾਲ ਜੋ ਕੁਛ ਹੋਇਗਾ
‘ “ਉਸ ਮਾਲਕ ਦੇ ਨਾਲ ਮਿਲਿਆਂ ਰੱਖਸੀ !
‘ “ਕਰਮ ਕਰਤ ਨਿਹਕਾਮ[1] ਹੋਈਏ ਐਕੁਰਾਂ।
‘ “ਕਦੀ ਨ ਜਾਈਏ ਉੱਕ ਨੁਕਤੇ ਏਸ ਤੋਂ।

‘ “ਪਦ ਪੂਰਨ ਤੇ ਪੌਂਚ੍ਹ ਜਦ ਹੋ ਜਾਂਵਦੀ
‘ “ਵਣਤਿਣ ਪਰਬਤ ਆਪ ਦਿੱਸੇ ਪਸਰਿਆ[2]
‘ “ਘਟ ਘਟ ਜਾਪੇ ਜੋਤਿ ਉਸ ਦੀ ਵੱਸਦੀ[3]
‘ “ਪੇਖਨ ਸਭ ਹੋ ਬ੍ਰਹਮ ਇਸ ਪਦ ਪੌਂਚਿਆਂ[4]

---

[1] ਕਰਮ ਕਰਤ ਹੋਵੈ ਨਿਹਕਰਮ। (ਸੁਖਮਨੀ)
[2] ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥ (ਸੁਖਮਨੀ)
[3] ਘਟਿ ਘਟਿ ਬਿਆਪਿ ਰਹਿਆ ਭਗਵੰਤ ॥ (ਸੁਖਮਨੀ)
ਪੁਨਾ:-ਸਰਬ ਜੋਤਿ ਮਹਿ ਜਾਕੀ ਜੋਤਿ॥ (ਸੁਖਮਨੀ)
[4] ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ॥ (ਸੁਖਮਨੀ)

‘ “ਤਦ ਵਰਤਨ ਸੰਸਾਰ ਵਿਚ ਜਿਉਂ ਚਾਹੀਏ,
‘ “ਉਸ ਦੀ ਜੋ ਹੈ ਜਾਚ ਆਪੇ ਆਉਂਦੀ
‘ “ਬ੍ਰਹਮ ਗਜਾਨੀ ਨੂੰ ਆਪ, –ਨੇਕੀ ਜੋ ਸੁਧਾ[1]।
‘ “ਉਸਦੇ ਵਿੱਚ ਉਮਾਹ ਪਰਉਪਕਾਰ ਦਾ
‘ “ਚਸ਼ਮੇ ਵਾਂਙੂ ਹੋਇ, ਲਿਖਿਆ ਹੈ ਗੁਰੂ[2]।
‘ “ਧਰਮ –ਮੇਘ ਹੈ ਓਹ; ਉਸ ਤੋਂ ਵਰਸਦਾ
‘ “ਧਰਮ ਮੀਂਹ ਦੇ ਵਾਙ ਛਹਿਬਰ ਲਾਇਕੇ[3]।
‘ “ਪਰ, ਇਹ ਸਾਰਾ ਭੇਤ ਗੂੜ੍ਹ ਰਹੱਸਜ ਹੈ,
‘ “ਉਚ ਅਭਜਾਸੀਆਂ ਜੋਗ ਹੀ ਏ ਦੱਸੀਏ:
‘ “ਸੁਰਤ ਜਿਨ੍ਹਾਂ ਦੀ ਸਾਫ਼ ਉੱਜਲ ਹੋ ਗਈ।”

‘ਮੈਂ ਆਖਜਾ, “ਹੇ ਭੈਣ ! ਇਸ ਵਿਚ ਦੋਸ਼ ਕੀ?”
‘ਹਸ ਬੋਲੀ ਉਹ: “ਲੋਕ ਤੁਹਾਡੇ ਵਿੱਚ ਹੈ
‘ “ਖ਼ੁਦਗ਼ਰਜ਼ੀ ਦਾ ਰਾਜ, ਸ੍ਵਾਰਥ ਚੌਧਰੀ,
‘ “ਕਿਸੇ ਨਾਲ ਨਹਿੰ ਕੋਇ ਕਰਦਾ ਪਜਾਰ ਹੈ।
‘ “ਦੁਖ ਓਥੇ ਪਰਧਾਨ, ਓਥੇ ਲੋੜ ਹੈ
‘ “ਪਜਾਰ ਕਰਨ ਦੀ ਫੇਰ ਦੁੱਖ ਵੰਡਾਣ ਦੀ।
‘ “ਕਰਨਾ ਚਾਹਜੇ ਪਜਾਰ ਦਰਦ ਵੰਡਾਵਣੇ।
‘ “ਹਮਦਰਦੀ ਦੀ ਲੋੜ ਡਾਢੀ ਓਸ ਥਾਂ,
‘ “ਜੱਗਜਾਸੂ ਨੂੰ ਜੋਗ –ਹਰ ਇਕ ਸਿਖ ਨੂੰ
‘ “ਏਸ ਪਜਾਰ ਤੋਂ ਮੁੱਢ ਸਿੱਖੀ ਦਾ ਕਰੇ।
‘ “ਇਸਨੂੰ ਕਹੁ ਉਪਕਾਰ ਸੇਵਾ ਆਖ ਲੈ।
‘ “ਮੈਂ ਸਭ ਗੂੜ੍ਹ ਰਹੱਸਜ ਦੱਸੇ ਤੁੱਧ ਨੂੰ,
‘ “ਦਸਣੋਂ ਵਰਜਜਾ ਫੇਰ ਸੀ ਇਸ ਕਾਰਣੇ:
‘ “ਸ੍ਵਾਰਥ ਵਾਲੇ ਲੋਕ ਕਿਧਰੇ ਲੈਣ ਨਾ
‘ “ਹੀਏ ਬਹਾਨਾ ਧਾਰ ਸੁਣ ਉਪਦੇਸ਼ ਏ।
‘ “ਬੇਦਰਦੇ ਹੋ ਫੇਰ ਆਖਣ ਨਾ: ਅਸੀਂ
‘ “ਉੱਚ ਸੁਰਤੇ ਹਾਂ ਲੋਕ, ਸਾਡੀ ਵਿਗੜਦੀ
‘ “ਕੀਤਜਾਂ ਪਰ ਉਪਕਾਰ ਸੁਰਤੀ ਸੂੱਛ ਜੋ।
‘ “ਆਸ੍ਰਾ ਲੈਂਦੇ ਟੋਲ ਨੀਵੇਂ ਲੋਕ ਜੋ
‘ “ਉਚ ਉਪਦੇਸ਼ਾਂ ਵਿੱਚੁੰ ਅਰਥ ਹਨ ਕੱਢਦੇ

---

[1] ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥ (ਸੁਖਮਨੀ)
[2] ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ (ਸੁਖਮਨੀ)
[3] ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥(ਸੁਖਮਨੀ)


www.sikhbookclub.com

‘ “—ਅਪਣੇ ਮਤਲਬ ਜੋਗ— ਸੁਾਰਥ ਵਾਲੜੇ;
‘ “ਢੱਕਣ ਅਪਣਾ ਆਪ ਦੇ ਪਰਮਾਣ ਓ
‘ “ਵਿੱਚੋਂ ਉਚ ਉਪਦੇਸ ਗੂੜ੍ਹ ਰਹੱਸਜ ਚੋਂ।
‘ “ਸੋ ਹੇ ਪਜਾਰੀ ਰਾਜ ! ਮੈਂ ਤੂੰ ਦੋ ਨਹੀਂ,
‘ “ਜਿਵੇਂ ਬ੍ਰਿੱਛ ਦੇ ਡਾਲ ਹੋਣ ਨ ਵੱਖਰੇ[1];
‘ “ ਭਾਵੇਂ ਵੱਖ ਦਿਸੰਨ ਗਿਣਤੀ ਵੱਖਰੀ
‘ “ਅਡਅਡ ਪੱਤਰ, ਫੁੱਲ, ਫਲ ਬੀ ਵੱਖਰੇ,
‘ “ਹੋਵਣ ਵੱਖੋ ਵੱਖ ਪਰ ਫਿਰ ਇੱਕ ਨੇ।
‘ “ਤਿਵੇਂ ਪ੍ਰਭੂ ਦੇ ਨਾਲ ਮੈਂ ਤੂੰ ਮਿਲ ਰਹੇ,
‘ “ਆਪੋ ਵਿਚ, ਉਸ ਨਾਲ ਸਾਰੇ ਨਾਲ ਹੋ।
‘ “ਸਮਝਾਵਣ ਦੇ ਕਾਣ ਐਦਾਂ ਆਖੀਏ,
‘ “ਅਸਲ ਜਿਵੇਂ ਹੈ, ਰਾਜ! ਦੇਖਾ ਹੀ ਬਣੇ।
‘ “ਪਰ ਬਿਨ ਨਾਮ ਅਧਾਰ ਦ੍ਰਿਸ਼ਟਿ ਨ ਖੁੱਲ੍ਹਦੀ[2]।
‘ “ਸਭ ਹਾਲਾਂ ਦੀ ਸੂਝ ਤੈਨੂੰ ਆਵਸੀ,
‘ “ਤੇਰੇ ਸਿਰ ਤੇ ਹੱਥ ਹੈ ਉਸ ਸੰਤ ਦਾ।”

‘ਇਉਂ ਕਹਿਕੇ ਉਸ ਭੈਣ ਮੈਂ ਵਲ ਤੱਕਿਆ,
‘ਫਿਰ ਕੀਤੀ ਡੰਡੌਤ ਸੱਚੇ ਲੋਕ ਨੂੰ,
‘ਮੈਂ ਬੀ ਤਦ ਪਰਣਾਮ ਕੀਤਾ ਓਸਨੂੰ।
‘ਕੋਮਲ ਸੁਰ ਵਿਚ ਓਹ ਫਿਰ ਇਉਂ ਬੋਲਦੀ:
‘ “ਆ ਪਜਾਰੀ! ਹੁਣ ਕੂਚ ਕਰੀਏ ਚੱਲੀਏ।”

‘ਆਖਣ ਦੀ ਸੀ ਡੇਰ ਉਸ ਦੀ, ਮਾਉਂ ਜੀ !
‘ਪਰਤ ਪਈਆਂ ਤਤਕਾਲ ਦੋਵੇਂ ਹੇਠ ਨੂੰ,
‘ਪਰ ਨੈਣਾਂ ਵਿਚਕਾਰ ਸੂਰਤ ਕੰਤ ਦੀ
‘ਮੇਰੇ ਰਹੀ ਬਿਰਾਜ ਮੂਰਤ ਵਾਕੁਰੇ।
‘ਅਪਨੇ ਵਿੱਚ ਸੁਗੰਧਿ ਨਾਲੇ ਆਉਂਦੀ
‘ਮੈਨੂੰ ਅਪਣੇ ਆਪ ਕੁਈ ਅਗੰਮ ਤੋਂ,
‘ਜਿਸਦੀ ਮਹਿਮਾ, ਮਾਉਂ ! ਆਖ ਨ ਮੈਂ ਸਕਾਂ
‘ਸਿਰ ਮਸਤਜਾ ਉਸ ਗੰਧ ਦਰਸ਼ਨ ਨੈਨ ਸੇ,
‘ਕੰਨ ਮਸਤ ਸੇ ਰਾਗ ਸੁਣ ਜੋ ਸੀ ਲਿਆ,
‘ਜੀਭ ਸ਼ੁਕਰ ਵਿਚਕਾਰ ਮਸਤੀ ਸੀ ਗਈ;

[1] ਤੂੰ ਪੇਡੁ ਸਾਖ ਤੇਰੀ ਫੂਲੀ। (ਮਾਝ ਮ: ੫-੨੮)
[2] ਬ੍ਰਹਮ ਗਿਆਨੀ ਕੈ ਨਾਮੁ ਅਧਾਰੁ ॥ (ਸੁਖਮਨੀ)

‘ਹੱਥ ਮਸਤ ਇਸ ਸ੍ਵਾਦ ਜੁੜੇ ਜੁ ਕੰਤ ਪੈ,
‘ਮੇਰੀ ਮਸਤੀ ਦੇਹ —ਸੂਖਮ ਦੇਹ ਜੋ —
‘ਪਜਾਰੇ ਜੀ ਦੇ ਦੇਸ ਜਿਹੜੀ ਸੀ ਗਈ।
‘ਰਿਦਾ ਮਸਤ ਪਾ ਮੇਲ ਪਜਾਰੇ ਕੰਤ ਦਾ–
‘ਮਸਤੁਲ ਮਸਤ ਸੁ ਜਾਣ —ਦੇਹ ਮਨ ਆਤਮਾ।
‘ਮਸਤੀ ਸੀ ਇਕ ਰੰਗ ਚੜ੍ਹਿਆ ਸੋਹਿਣਾ,
‘ਜਿਸ ਵਿਚ ਹੋਸ਼ ਨ ਗੁੰਮ ਅਸਲੀ ਸੀ ਹੁਈ।
‘ਇਸ ਮਸਤੀ ਦੀ ਝੋਕ ਘਟੀ ਸੁ ਹੇਠ ਆ,
‘ਕਰਮ ਖੰਡ ਤੋਂ ਲੰਘ ਜਦ ਆ ਪੌਂਚ੍ਹੀਆਂ
‘ਸਰਮ ਖੰਡ ਵਿਚਕਾਰ ਦੋਵੇਂ ਸਾਂ ਅਸੀਂ;
‘ਹੋਇਆ ਹੋਰ ਸਰੂਪ,— ਸੂਖਮਤਾ ਘਟੀ।
‘ਓਥੋਂ ਫੇਰ ਉਤਾਰ ਹੋਯਾ ਹੇਠ ਨੂੰ।
‘ਗਿਆਨ ਖੰਡ ਵਿਚਕਾਰ ਆਇਆਂ ਉਤਰ ਕੇ
‘ਹੋਰੋਂ ਹੋਇਆ ਰੂਪ ਮੇਰਾ, ਅੰਮੀਏਂ!
‘ਏਥੋਂ ਫੇਰ ਉਤਾਰ ਹੋਇਆ ਹੇਠ ਨੂੰ।
‘ਸੁਰਗ ਭਿਸਤ ਕੁਝ ਹੋਰ ਉਸ ਨੂੰ ਆਖ ਲੈ।
‘ਇੱਥੇ ਆਕੇ ਭੈਣ ਲੱਗੀ ਕਹਿਣ ਏ:

‘ “ਮੈਂ ਜਾਵਾਂ ਨਿਜ ਦੇਸ਼ ਦੇਵੋ ਆਗਿਆ,
‘ “ਤੁਸੀਂ ਕਰੋ ਪਰਵੇਸ਼ ਦੇਹੀ ਆਪਣੀ।”

‘ਸੱਲ ਲਾਵੀਂ ਇਹ ਸੋਇ ਸੁਣਕੇ ਪਾਟਿਆ
‘ਹਿਰਦਾ ਹੋਇ ਕੜੱਕ ਮੇਰਾ ਟੁੱਟਿਆ,
‘ਦੋਵੇਂ ਜੋੜੇ ਹੱਥ ਮੈਂ ਰੋ ਆਖਿਆ:—
‘ “ਬਿਰਹੋਂ ਹੱਥੋਂ ਮਾਰ ਖਾਧੀ ਬਹੁਤ ਮੈਂ;
‘ “ਵਿਛੋੜੇ ਨੇ ਨਿੱਤ ਕੀਤਾ ਚੂਰ ਹੈ;
‘ “ਵਿਜੋਗਾਂ ਨੇ ਤੀਰ ਮਾਰੇ ਵਿੰਨ੍ਹਵੇਂ
‘ “ਹਿਰਦਾ ਜਿਨ੍ਹਾਂ ਸਹਾਰ ਹੋਯਾ ਛਾਨਣੀ।
‘ “ਹੇ ਪਜਾਰੀ! ਕਰ ਪਜਾਰ, ਲੱਗਾ ਰਹਣ ਦੇ
‘ “ਸੰਜੋਗਾਂ ਦਾ ਤੇਲ ਫੱਟੀਂ ਮੇਰਿਆਂ।
‘ “ਅੱਲੇ ਹਨਗੇ ਘਾਉ, ਪੱਕੇ ਹਨ ਨਹੀਂ,
‘ “ਤੇਲ ਮੇਲ ਦਾ ਪੂੰਝ ਨੰਗੇ ਨਾਂ ਕਰੀਂ,
‘ “ਪਾਟ ਪੈਣਗੇ ਫੇਰ, ਵੱਡੇ ਹੋਣਗੇ:
‘ “ਹੁੰਦੀ ਬੁਰੀ ਪਿਛਾੜ, ਭੈਣ ! ਅਗਾੜ ਤੋਂ।

' "ਮਲ੍ਹਮ ਸੁਹਾਵੀ ਏਹ ਸੱਚੇ ਮੇਲ ਦੀ
' "ਫੱਟਾਂ ਤੋਂ ਨਾ ਲਾਹ ਲੱਗੀ ਰਹਿਣ ਦੇ,
' "ਘਾਉ ਨ ਛੁੱਟਾ ਠੀਕ, ਸਖੀਏ ਹੈ ਅਜੇ !"

'ਸੁਣ ਤਰਲੇ ਦੇ ਵਾਕ ਗਲ ਲਗਾਇਕੇ
'ਕਹਿੰਦੀ ਭੈਣ ਸੁਜਾਨ, "ਮੇਰੇ ਵੱਸ ਨਾ,
' "ਹੈ ਇਹ ਜਿਸਦੇ ਵੱਸ, ਉਸ ਦੀ ਹੋ ਰਹੋ,
' "ਚਾਹੇਂ ਜੇ ਨਿਤ ਨਿੱਤ ਮੇਲ ਸੁਹਾਵਣਾ।
' "ਰਿਦੇ ਤੁਸਾਂ ਦੇ ਪ੍ਰੇਮ ਪੈਦਾ ਹੋ ਗਿਆ,-
' "ਜੋਮ ਜੋਸ਼ ਦਾ ਪ੍ਰੇਮ ਹੈ ਇਹ ਕਹਰ ਦਾ;
' "ਪਰ ਹੈ ਨਿਰਮਲ ਸਾਫ਼ ਕਾਈ ਮੈਲ ਤੋਂ।
' "ਪਤੀ ਨਾਲ ਹੈ ਪ੍ਰੇਮ ਪਤਿਬ੍ਰਤ ਭਾਵ ਦਾ,
' "ਸੰਤ ਭਾਵਨਾ ਨਾਲ ਇਸਦੇ ਹੈ ਮਿਲੀ।
' "ਪ੍ਰਭੂ-ਪ੍ਰੇਮ ਦੀ ਚਾਸ ਇਸ ਵਿਚ ਹੈ ਰਲੀ,
' "ਏ ਹੈ ਪ੍ਰੇਮ ਮਹਾਨ, ਇਸ ਦੀ ਆਨ ਨੂੰ
' "ਕਦੀ ਨ ਭੰਨੇ ਆਪ ਸੱਚਾ ਰੱਬ ਹੈ।
' "ਹੋਰ ਨ ਕੋਈ ਆਨ ਐਸੀ ਹੈ ਬਲੀ,
' "ਜੈਸੀ ਆਨ-ਪਰੇਮ 'ਪ੍ਰੇਮ ਸਰੂਪ' ਨੂੰ;
' "ਇਸਨੂੰ ਕਦੀ ਨ ਭੰਨ ਕਰੇ ਨਿਰਾਦਰੀ:
' "ਲਾਜ ਬਿਰਦ ਦੀ ਜਾਣ ਇਸਨੂੰ ਪਾਲਦਾ।
' "ਕਿਰਪਾ ਹੋਈ ਅੱਜ ਏਸੇ ਕਾਰਣੇ
' "ਤੇਰੇ ਉੱਤੇ, ਜਾਣ ਪਜਾਰੀ, ਰੱਬ ਦੀ:
' "ਡਿੱਠਾ ਤੈਂ ਚਮਕਾਰ ਗੁੱਝਾ ਜੱਗ ਤੋਂ।
' "ਜੇ ਚਾਹੇਂ ਇਹ ਰੰਗ ਮਾਣੇ ਤੂੰ ਸਦਾ,
' "ਕਰ ਤੂੰ ਓਹੋ ਕਾਰ ਸੂਰਤ ਸਿੰਘ ਜੋ
' "ਕਰਦਾ ਵਿਚ ਸੰਸਾਰ ਭੌਜਲ ਲੰਘਿਆ,
' "ਪਹੁੰਚਾ ਜਾ ਸਚਖੰਡ ਵਤਨ ਜੁ ਪ੍ਰੇਮ ਦਾ।
' "ਮੈਂ ਨਾ ਤੈਥੋਂ ਦੂਰ, ਨੇੜੇ ਜਾਣ ਲੈ,
' "ਐਪਰ ਮਿਲਣਾ ਜਾਣ ਮੇਰਾ ਤੁੱਧ ਨੂੰ
' "ਹੋਵੇ ਹੁਕਮ 'ਨੁਸਾਰ ਮੇਰੇ ਵੱਸ ਨਾ।"

'ਕਹਿੰਦੀ ਐਸੇ ਵਾਕ, ਪਜਾਰੀ ਮਾਉਂ ਜੀ !
'ਓਥੇ ਹੀ ਉਹ ਗੁੰਮ ਐਕੁਰ ਹੋ ਗਈ
'ਜਿਵੇਂ ਦੁੱਧ ਦੀ ਛਿੱਟ ਵਿੱਚ ਤਲਾਉ ਦੇ
'ਸਿੱਟੀ ਹੋਵੇ ਗੁੰਮ ਸਿਟਦਜਾਂ ਸਾਰ ਹੀ।
'ਗਿਆ ਹਨੇਰਾ ਛਾਇ ਪਤਲੇ ਵੌਨ ਦਾ
'ਚਾਰ ਚੁਫੇਰੇ, ਮਾਉਂ ! ਓਸੇ ਆਨ ਹੀ।
'ਇੱਕ ਹਨੇਰੀ ਥਾਂਉਂ ਆਈ ਸਾਮ੍ਹਣੇ,
'ਵੜਨਾ ਉਸ ਦੇ ਵਿੱਚ ਮੈਨੂੰ ਪੈ ਗਿਆ।
'ਫਿਰ ਜਾਪੇ ਹੈ ਇੱਕ ਆਈ ਕੋਠੜੀ,
'ਇਹ ਸੀ ਅੰਨ੍ਹ ਅਨ੍ਹੇਰ, ਵੜਨੀ ਪੈ ਗਈ।
'ਵੜੀ ਧਸੀ ਇਸ ਵਿੱਚ, ਮਾਨੋ ਹੈ ਕਿਸੇ,
'ਮੱਲੋ ਮੱਲੀ ਧੱਕ ਅੰਦਰ ਵਾੜਿਆ।
'ਘੁਟਦਾ ਜਾਵੇ ਦੰਮ, ਘਾਬਰ ਮੈਂ ਗਈ;
'ਦਿੱਸੇ ਭਾਲੇ ਨਾਂਹ, ਲੱਗੇ ਨਾ ਪਤਾ।
'ਹੋ ਚਲੀਆਂ ਬੇਹੋਸ਼ ਐਦਾਂ ਭਾਸਿਆ।
'ਅੱਖਾਂ ਖੁਲ੍ਹੀਆਂ ਫੇਰ ਦੇਖਾਂ ਮੈਂ ਤਦੋਂ,-
'ਮਹਲ ਉਹੋ, ਉਹ ਥਾਉਂ ਓਹੋ ਮੈਂ ਦੁਖੀ,
'ਓਹੋ ਠੀਕ ਸਰੀਰ ਜਿਸ ਵਿਚ ਰੋਂਵਦੀ
'ਹੋਈ ਸਾਂ ਬੇਹੋਸ਼ -ਨੀਂਦਰ ਹੀ ਜਿਵੇਂ।
'ਹੁਣ ਜਦ ਆਈ ਜਾਗ ਉੱਠੀ ਮੈਂ ਤਦੋਂ,
'ਦੇਖਾਂ ਫੁੱਲ ਸਰੀਰ ਹੌਲਾ ਹੋ ਰਿਹਾ;
'ਬਲ ਸੀ ਘਟਿਆ ਨਾਲ ਘਾਬਰ ਸੀ ਨਹੀਂ,
'ਹਿਰਦਾ ਠੰਢਾ ਠਾਰ ਖੌਲਰ ਹੈ ਨਹੀਂ,
'ਪਰ ਹਰਿਆਨੀ ਘੇਰ ਲੀਤਾ ਆ ਤਦੋਂ:-
'ਸੀ, ਹੈ, ਹੋਊ ਕੀਹ? ਸਮਝ ਨ ਆਂਵਦੀ
'ਸੁਪਨਾ ਸੀ, ਭੁਖਲਾਇ ਜਾਂ ਏ ਸੱਚ ਸੀ ?
'ਕਿਉਂ ਹੋਈ ਇਹ ਕਾਰ? ਕਿੱਕੁਰ ਹੋ ਗਈ ?
'ਕਿਸਨੇ ਕੀਤਾ ਏਹ? ਕਿਸ ਦੇ ਵਾਸਤੇ?
'ਸਮਝ ਨ ਆਵੇ, ਸੋਚ ਮੈਂ ਬਉਰਾਨੀਆਂ।
'ਕੁਛ ਚਿਰ ਸੋਚ ਵਿਚਾਰ ਕਰਦਿਆਂ ਐਕੁਰਾਂ
'ਤਾਕਤ ਫਿਰ ਪਈ ਫੇਰ ਉੱਠੀ ਮੈਂ ਤਦੋਂ।
'ਤੁਰ ਪਈ ਪਿਛਲੇ ਦਾਇ ਬਾਹਰ ਧੌਲਰੋਂ,
'ਗੋਲ ਬਗੀਚੇ ਵਿੱਚ ਬੈਠੀ ਜਾਇਕੇ,
'ਮਾਨੋਂ ਵਾਜਾਂ ਮਾਰ ਸੱਦਜਾ ਯਾਦ ਨੂੰ,
'ਜੋ ਸੀ ਘੁੰਮਰ ਪਾਇ ਅੰਦਰ ਜਾਪਦੀ।
'ਕਰ ਕਰ ਮੁੜ ਮੁੜ ਯਾਦ ਸਾਰੇ ਹਾਲ ਓ।

'ਜੋੜ ਜੋੜ ਕੇ ਨਾਲ ਪ੍ਰੋਵਾਂ ਸੰਗਲੀ,
'ਅੰਤ ਬਨ ਗਈ ਸਾਫ਼ ਲੜੀ ਖਿਆਲ ਦੀ,
'ਹੋ ਬੀਤਿਆ ਸਭ ਹਾਲ ਪਰਤਖ ਹੋ ਗਿਆ।
'ਵਿੱਚ ਸਿਮਰਤੀ ਓਹ -ਚੇਤੇ ਵਿਚ ਹਾਂ-
'ਬੈਠਾ ਮੂਰਤ ਧਾਰ, ਜਿਉਂ ਮੈਂ ਦੱਸਿਆ।
'ਇਸ ਵੇਲੇ ਇਕ ਦਾਸ ਆਯਾ ਡਾਕ ਲੈ,
'ਜੋ ਸੀ ਕਰਦਾ ਸੇਵ ਰਾਣੇ ਦੀ ਸਦਾ,
'ਭੇਤੀ ਹੈਸੀ ਏਹ ਸਾਈਂ ਸੇਵ ਦਾ।
'ਮੈਂ ਇਸ ਪਾਸੋਂ ਆਪ ਪਜਾਰੇ ਕੰਤ ਦੇ
'ਪੁੱਛੇ ਗੁਪਤ ਹਵਾਲ ਸਿਮਰਨ ਵਾਲੜੇ:
'ਦਿੱਤੇ ਓਸ ਸੁਣਾਇ ਕਿਰਪਾ ਧਾਰ ਕੇ।
'ਏਸ ਥਾਉਂ ਦਾ ਹਾਲ ਸੁਣਕੇ ਓਸ ਤੋਂ
'ਮੈਂ ਆਖਯਾ ਉਸ "ਜਾਉ ਕਰੋ ਤਿਆਰੀਆਂ,
' "ਓਹੋ ਸਾਜ ਸਮਾਨ ਸਾਰਾ ਲਾਵਣਾ,
' "ਜੋ ਪਜਾਰੇ ਦੇ ਜੋਗ ਲੌਂਦਾ ਸੈਂ ਤਦੋਂ।"
'ਉਸ ਨੇ ਇਸ ਧੁਰ ਛੱਤ ਸਭ ਕੁਛ ਜੋੜਿਆ,
'ਲੈਕੇ ਮੈਨੂੰ ਨਾਲ ਆਯਾ ਏਸ ਥਾਂ,
'ਫਿਰ ਮੈਂ ਦਿੱਤਾ ਤੋਰ, ਵਰਜਯਾ ਓਸ ਨੂੰ:-
' "ਦੱਸੀਂ ਕਿਸੇ ਨ ਹਾਲ ਏਥੇ ਔਣ ਦਾ,
' "ਤੂੰ ਟੁਰ ਘਰ ਨੂੰ ਜਾਉ ਆਵੀਂ ਕੱਲ ਨੂੰ।"
'ਜਦ ਸਾਂ ਹੁਈ ਇਕੰਤ ਸ਼ੁਕਰਾਂ ਮੈਂ ਭਰੀ
'ਦੋਵੇਂ ਹੱਥ ਸੁ ਜੋੜ ਗੋਡੇ ਟੇਕ ਕੇ
'ਧਰਿ ਸੁਰਤ ਦਾ ਧਜਾਨ ਪਜਾਰੇ ਕੰਤ ਦੀ
'ਕੀਤੀ ਬਿਨੈ ਉਚਾਰ ਸ਼ੁਕਰ ਗੁਜ਼ਾਰਦੀ:
'ਏਸ ਹਾਲ ਵਿਚ ਲੀਨ ਹੋਈ ਫੇਰ ਮੈਂ।
'ਮੈਨੂੰ ਰਹੀ ਨ ਹੋਸ਼, ਇਸ ਰੰਗ ਰੱਤਿਆਂ
'ਸਮਾਂ ਕਿ ਮਹਲ ਕਿ ਮਾਉਂ! ਸਾਰੇ ਵਿੱਸਰੇ,
'ਇਕ ਰੰਗ ਇਕ ਪਰਵਾਹ, ਧਾਰਾ ਤੇਲ ਜਯੋਂ
'ਮਨ ਹੋਯਾ ਲਿਵਲੀਨ, ਸਮਾ ਨ ਜਾਪਿਆ
'ਲੰਘਦਾ ਕਿਹੜੇ ਦਾਉ ਹੈ ਉਹ ਜਾਂਵਦਾ।
'ਫਿਰ ਕੁਛ ਪਰਤੀ ਹੋਸ਼ ਤਾਂ ਮੈਂ ਹੋ ਗਈ
'ਆਪ ਸੰਗੀਤ ਸਰੂਪ- ਗਾਵਣ ਲੱਗੀਆਂ।
'ਮੈਨੂੰ ਯਾਦ ਨ ਮੂਲ ਮੈਂ ਕੀ ਗਾਂਵਿਆਂ?
'ਕਿੰਨਾ ਲੰਘਯਾ ਕਾਲ? ਹੁਣ ਕੀ ਹੈ ਸਮਾਂ?
'ਦਿੱਤਾ ਤੁਸਾਂ ਜਗਾਇ ਤਾਂ ਮੈਂ ਜਾਗੀਆਂ।
'ਆਪੇ ਕਿਰਪਾ ਧਾਰ ਲੱਭਾ ਹੈ ਤੁਸਾਂ।
'ਮੈਂ ਦੋਸਣ ਹਾਂ ਠੀਕ ਮਾਤਾ ਤੁੱਧ ਦੀ,
'ਪਰ ਮੇਰੇ ਨਾ ਵੱਸ, ਦੇਖੋ ਆਪ ਹੀ
'-ਸੋਚ ਸਮਝਕੇ ਹਾਲ- ਮੇਰੀ ਬੇ-ਵਸੀ।
'ਤੂੰ ਅੰਮੀਂ, ਮੈਂ ਧੀਅ, ਜਾਈ ਤੇਰੀਆਂ,
'ਮਾਵਾਂ ਧੀਆਂ ਵਿੱਚ ਵਿੱਥ ਨ ਹੋਂਵਦੀ,
'ਧੀਆਂ ਮਾਵਾਂ ਭੇਤ ਇੱਕੋ ਹੋਂਵਦਾ;
'ਅੰਮੀ! ਤੂੰ ਮੈਂ ਇਕ ਦੋਵੇਂ ਇੱਕ ਹਾਂ।'

## ੮. ਮਗਨਤਾ

ਇਹ ਕਹਿਕੇ ਸਭ ਹਾਲ ਪੁਤਲੀ ਪ੍ਰੇਮ ਨੇ
ਲੰਮਾ ਲੈ ਕੇ ਸਾਹ ਉੱਪਰ ਤੱਕਿਆ,
ਕੰਨ ਮਾਉਂ ਦੇ ਵੱਲ ਲਾਏ ਸੁਣਨ ਨੂੰ
ਜੋ ਕੁਝ ਆਖੇ ਮਾਉਂ ਸੁਣ ਇਹ ਵਿੱਥਿਆ;
ਅੱਖਾਂ ਵਿੱਚ ਅਕਾਸ਼ ਰਾਣੀ ਗੱਡੀਆਂ।
ਛਟਕ ਰਹੀ ਸੀ ਰਾਤ ਨਿਰਮਲ ਭਿੰਨੜੀ,
ਮਟਕ ਮਟਕ ਮਟਕਾਰ ਤਾਰੇ ਡਲ੍ਹਕਦੇ।
ਅਟਕ ਗਈ ਇਸ ਮੌਜ ਬਿਰਤੀ ਰਾਜ ਦੀ,
ਸੁਣਨੇ ਵਲ ਨੂੰ ਤਾਂਘ ਕੋਈ ਨਾ ਰਹੀ।
ਸੋਚੇ: ਤਾਰੇ ਏਹ ਕੀ ਕੁਝ ਹੋਣਗੇ?
ਕਿਉਂ ਡਲ੍ਹਕਣ, ਥਰਰਾਣ, ਮਾਰਨ ਅੱਖੀਆਂ?
ਹੋਵੇ ਨਾ ਤਾਂ ਏਹ ਹਨ ਜਗ ਅੱਖੀਆਂ-
-ਪ੍ਰੇਮੀਆਂ ਦੇ ਏ ਨੈਣ ਸਾਰੇ ਜੱਗ ਤੋਂ
ਏਥੇ ਕੱਠੇ ਹੋਇ ਹੇਠਾਂ ਦੇਖਦੇ,
ਦੇਖਣ ਨੀਝ ਲਗਾਇ, ਤਾਂਘਾਂ ਵਿੱਚ ਏ-
ਹਾਂ ਹਨ ਵਿੱਚ ਉਡੀਕ ਦੇ ਸਭ ਲੱਗੀਆਂ,
ਹਰਦਮ ਭਰੀ ਨਿਗਾਹ ਰਾਹ ਤਕੇਂਦਿਆਂ।


www.sikhbookclub.com

ਜਦ ਸਨ ਵਿੱਚ ਜਹਾਨ ਏਹੋ ਜਜੁੰਦੀਆਂ
ਤਰਸ-ਦਰਸ ਦੀ ਢੇਰ ਏਨ੍ਹਾਂ ਸੀ ਲਗੀ।
ਮਿਲੇ ਨ ਹਾ ! ਦੀਦਾਰ ਪਜਾਰਾਂ ਵਾਲੜੇ,
ਅੰਤ ਆ ਗਈ ਮੌਤ ਮੀਟਿਯਾਂ ਓਸਨੇ,
ਦੇਹ-ਅੱਖਾਂ ਹੋ ਬੰਦ ਗਈਆਂ ਓਸ ਥਾਂ,
ਰਲੀਆਂ ਮਿੱਟੀ ਨਾਲ ਮਿਟੀਆਂ-ਅੱਖੀਆਂ।
ਪਰ ਅੰਦਰਲੇ ਨੈਣ ਅਸਲੀ ਸੱਚ ਦੇ
ਕਰਦੇ ਸਨ ਸੁਰਜੀਤ ਦੇਹ ਜੁ ਅੱਖੀਆਂ,
ਮੌਤ ਨ ਸੱਕੀ ਮਾਰ ਨੈਣਾਂ ਨੂੰ ਉਨ੍ਹਾਂ।
ਜੋਤਿ ਰੂਪ ਓਹ ਨੈਣ ਉੱਡੇ ਦੇਹ ਤੋਂ
ਪਹੁੰਚੇ ਵਿਚ ਅਸਮਾਨ ਤਾਂਘਾਂ ਦੇ ਭਰੇ,
ਸੁੰਦਰ ਦੇਖ ਸਥਾਨ ਟਿਕ ਗਏ ਏਸ ਥਾਂ
ਜਿੱਥੇ ਸਕੇ ਨ ਘੇਰ ਇਨ੍ਹਾਂ ਹਨੇਰੜਾ;
ਮੌਤ ਨ ਸਕਦੀ ਮਾਰ ਏਥੈ ਨੈਣ ਏ,
ਕਾਲ ਨ ਸਕਦਾ ਮੇਟ ਏਥੇ ਆਣਕੇ,
ਨਜ਼ਰ ਨ ਸਕਦਾ ਲਾਇ ਕੋਈ ਹੈ ਇਨ੍ਹਾਂ,
ਲਾਗੂ ਦੀ ਨਹਿੰ ਪੌਂਚ ਏਥੇ ਜਾਪਦੀ।
ਰਾਤੀਂ ਵਿੱਚ ਪ੍ਰਕਾਸ਼ ਚਮਕਣ ਨੈਣ ਏ,
ਦਿਨੇ ਬੜਾ ਪਰਕਾਸ਼ ਨੈਣਾਂ ਨੂੰ ਇਨ੍ਹਾਂ
ਗੋਦੀ ਲਵੇ ਲੁਕਾਇ ਮਾਨੋਂ ਆਪਣੀ।
ਜਦੋਂ ਜਗਤ ਦਾ ਸ਼ੋਰ ਰੌਲਾ ਹੂ ਹਵਾ
ਦੂਰ ਜਾਇ ਸਭ ਹੋਇ -ਦਿਨ ਛਿਪ ਜਾਇ ਜਾਂ,
ਪਰਦਾ ਤਿੱਖੇ ਤੇਜ ਵਾਲਾ ਦੂਰ ਹੋ-
ਛਾ ਜਾਏ ਏਕਾਂਤ, ਤਦ ਹੀ ਨੈਣ ਏ
ਦਿੱਸ ਪੈਣ ਵਿਚ ਨੀਲ ਡਲ੍ਹ ਡਲ੍ਹ ਹੋ ਰਹੇ,-
ਸਦਾ ਭਰੇ ਜਲ ਨਾਲ, ਸਦਾ ਉਡੀਕਦੇ,
ਸਦਾ ਤਕੇਂਦੇ ਰਾਹ ਸਜਨਾਂ ਵਾਲੜੇ,
ਹਰਦਮ ਇਹੋ ਨਿਗਾਹ ਕਿਧਰੋਂ ਦਿੱਸ ਪੈ,-
ਹੋ ਜਾਏ ਦੀਦਾਰ ਜਾਨੀ ਦਾ ਕਿੱਤੇ।
ਕਰਦੇ ਸਦਾ ਉਡੀਕ, ਜਲ ਦੇ ਏ ਭਰੇ,
ਹੰਝੂ ਕਿਰਨ ਸਦੀਵ ਹੇਠਾਂ ਵੱਲ ਨੂੰ,
ਪੈਣ ਫੁਲਾਂ ਤੇ ਆਇ ਫੁੱਲਾਂ, ਪੱਤਿਆਂ;
ਘਾਹ, ਬੂਟੇ ਤੇ ਬ੍ਰਿੱਛ ਪੈਂਦੇ ਸੱਭ ਤੇ,
ਪਏ ਮੋਤੀਆਂ ਵਾਙ ਡਲ੍ਹਕਾਂ ਮਾਰਦੇ।
ਸਜਾਣੇ ਆਖਣ 'ਤ੍ਰੇਲ' ਇਹ ਤਾਂ 'ਓਸ' ਹੈ,
ਧਰਤੀ ਦਾ ਹੀ ਨੀਰ ਪੌਣ ਸਮਾਇਆ
ਪਾ ਠੰਢਕ ਨੂੰ ਡਿੱਗ ਧਰਤੀ ਹੀ ਪਵੇ।
ਪਰ ਨਾ ਜਾਣਨ ਓਹ ਅੰਝੂ ਪ੍ਰੇਮ ਏ,
ਚੜ੍ਹੇ ਆਸ਼ਕਾਂ ਨੈਣ ਵਿਚ ਅਕਾਸ਼ ਜੋ
ਉਹਨਾਂ ਦੇ ਹਨ ਏਹ ਅੰਝੂ ਡਿੱਗਦੇ,
ਪੈਣ ਫੁਲਾਂ ਦੀ ਗੋਦ, ਝੋਲੀ ਪੱਤਿਆਂ;
ਚਿਹਰਿਆਂ ਤੇ ਆ ਪੈਣ ਸਜਨਾਂ ਸੁੱਤਿਆਂ।
ਪਜਾਰ-ਤ੍ਰੇਲ ਹੈ ਏਹ, ਇਹ ਨਹਿ ਓਸ ਹੈ:
ਏਸ ਤਰ੍ਹਾਂ ਦੇ ਖਜਾਲ ਕਰਦੀ ਸੋਹਿਣੀ
ਦੇਖੇ ਵਿੱਚ ਆਕਾਸ਼ ਅੱਖਾਂ ਬੰਨ੍ਹਕੇ:
ਮਾੜੀ ਮਾੜੀ ਤਾਂਘ ਜਾਗੀ ਫੇਰ ਆ।
ਤਾਂਘ ਜੁ ਮਾਤਾ ਵੱਲ ਲਗੀ ਉਡੀਕਦੀ
ਕੀ ਕੁਛ ਕਹਿੰਦੀ ਮਾਉਂ ਸੁਣਾ ਸੁ ਵਾਕ ਮੈਂ।
ਮੌਜ ਬਣ ਰਹੀ ਹੋਰ ਮਾਤਾ ਨਾਲ ਸੀ:
ਜਦ ਤੋਂ ਦਰਸ਼ਨ ਹਾਲ ਸੁਣਨੇ ਸੀ ਲਗੀ,
ਪਹਿਲਾਂ ਹੋ ਹਰਿਆਨ ਸਹਿੰਮੀ ਸੀ ਗਈ
ਸੁਣ ਸੁਣ ਅਗਲਾ ਹਾਲ ਜੁੜ ਗਈ ਅੰਦਰੇ,
ਨੇਤਰ ਹੋ ਗਏ ਬੰਦ, ਚੁੱਪ ਅਡੋਲ ਹੋ।
ਪਤਾ ਨਹੀਂ ਸੀ ਨੀਂਦ, ਹੁਈ ਬੇਹੋਸ਼ ਜਾਂ,
ਹੈਸੀ ਲਗੀ ਸਮਾਧਿ, ਜਾਂ ਸੀ ਲੈ ਹੁਈ,
ਮਾਤਾ ਜੀ ਦੀ ਹੋਸ਼ ਕਿਧਰੇ ਗੁੰਮ ਸੀ।
ਬੋਲੇ ਕੀਹ ? ਤੇ ਕੌਣ ? ਕਿਸਨੂੰ? ਕੀ ਕਹੇ?
ਲੈਣ ਲਗੀ ਸੀ ਅੰਤ ਪੁਤ੍ਰੀ-ਪ੍ਰੇਮ ਦਾ,
ਬੈਠੀ ਆਪਾ ਰੋੜ੍ਹ ਵਿਚ ਉਸ ਪ੍ਰੇਮ ਦੇ।
ਸੁਣ ਸੁਣ ਪ੍ਰੇਮ-ਪ੍ਰਸੰਗ ਧੀ ਦੇ ਮੂੰਹ ਥੋਂ
ਚੜ੍ਹਿਆ ਰੰਗ ਸੁ ਪ੍ਰੇਮ ਲਾਲ ਚਲੂਲੜਾ;
ਆਪ ਪ੍ਰੇਮ ਦੇ ਰੰਗ ਰੰਗੀ ਸੀ ਗਈ।
ਮਾਨੋਂ ਬਚੜੀ ਮੂੰਹ ਸੋਮਾਂ ਖੁੱਲ੍ਹਿਆ,
ਕੜ ਪਾਟਾ, ਜਲ ਜ਼ੋਰ ਕਰਕੇ ਚੜ੍ਹ ਪਿਆ,
ਮਾਂ ਦੀ ਸੁਰਤ ਅਜਾਣ ਰੁੜ੍ਹ ਪਈ ਬੇ ਵਸੀ,
ਸਕੀ ਨ ਆਪ ਸੰਭਾਲ, ਰੁੜ੍ਹਨੋ ਨਾ ਰੁਕੀ।


www.sikhbookclub.com

ਪ੍ਰੇਮ ਨਦੀ ਅਸਗਾਹ,- ਘੁੰਮਣ ਘੇਰੀਆਂ
ਇਸ ਵਿਚ ਹੈਨ ਅਪਾਰ, ਗਿਣੀਆਂ ਜਾਣ ਨਾਂ,
ਪਰ ਇਕ ਇਨ੍ਹਾਂ ਵਿਚਾਲ "ਘੁੰਮਰਦਾਰ" ਹੈ:
"ਹਰਿਆਨੀ" ਹੈ ਨਾਮ ਉਸ ਦਾ ਆਖਦੇ।
ਏਸ ਘੁਮਾਈ ਵਿਚ ਮਾਤਾ ਜਾ ਪਈ:
ਥੰਮ੍ਹ ਨ ਸਕਦੀ ਬ੍ਰਿੱਤ ਏਥੇ ਆ ਵੜੀ,
ਨਿਕਲ ਨ ਸਕਦੀ ਆਪ ਘੁੰਮਰ ਖਾਂਵਦੀ,
ਨਿਕਲਨ ਠਹਿਰਨ ਅੱਤਿ ਔਖਾ ਹੋ ਗਿਆ,
ਪਰ ਇਸ ਦੇ ਹੀ ਜੋਰ ਚੱਕਰ ਖਾਇਕੇ
ਗੁੰਮ ਗਈ ਫਿਰ ਹੋਇ ਵਿਚ ਵਿਸਮਾਦ ਦੇ।
ਮਗਨ ਸੁਰਤ ਵਿਸਮਾਦ ਦੇ ਵਿਚ ਹੋ ਰਹੀ;
ਰਹੀ ਨ ਬਾਕੀ ਹੋਸ਼ ਬੋਲਣ ਵਾਲੜੀ
ਜੋ ਬੱਚੀ ਨੂੰ ਬੋਲ ਉੱਤਰ ਦੇਂਵਦੀ।
ਧੀ ਦੀ ਸੁਰਤ ਜੁ ਸੀਗ ਉੱਤਰ ਸੁਣਨ ਦੀ
ਮੁੜ ਕੰਨਾਂ ਦੇ ਵੱਲ ਆਈ ਸੀਗ ਜੋ
ਸਹਿਜੇ ਸਹਿਜੇ ਫੇਰ ਮੋੜਾ ਖਾ ਗਈ,
ਮੁੜ ਕੰਨਾਂ ਤੋਂ ਓਹ ਨੈਣੀ ਜਾ ਪਈ; -
ਨੈਣ ਹੁਏ ਰਸ ਲੀਨ ਵਿੱਚ ਅਕਾਸ਼ ਦੇ।
ਪਿਆ ਨਜ਼ਰ ਦਾ ਜ਼ੋਰ ਬੱਚੀ ਦਾ ਜਦੋਂ,
ਮਾਨੋਂ ਵਿੱਚ ਅਕਾਸ਼ ਤਾਰੇ ਕੰਬਕੇ
ਲੱਗੇ ਰੂਪ ਵਟਾਣ ਡਰਦੇ ਮਾਰਿਆਂ,
ਰਹੇ ਨ ਚਿੱਟ ਚਟਾਕ, ਸੂਰਤ ਧਾਰਕੇ;
ਬਣਦੇ ਜਾਣ ਮਨੁੱਖ ਗੋਰੇ ਸੋਹਿਣੇ,
ਵੱਖੋ ਵੱਖ ਨ ਰੂਪ ਇੱਕੋ ਹੋ ਗਿਆ
ਸੂਰਤ ਸਿੰਘ ਸਰੂਪ, ਸਭਨਾਂ ਦਾ ਤਦੋਂ।
ਜਿਤ ਵਲ ਦੇਖੇ ਨਾਰ ਤਾਰਾ ਹੈ ਨਹੀਂ,
ਹੈ ਸੂਰਤ ਸਿੰਘ ਆਪ, ਸਾਰੇ ਆਪ ਹੈ;
ਹੈ ਫਿਰ ਅਨਿਕ ਅਨੇਕ ਇੱਕੋ ਫੇਰ ਹੈ:
ਇਸ ਕੌਤਕ ਵਿਚਕਾਰ ਰਾਣੀ ਮਗਨ ਹੈ।
ਪਥਰਾਏ ਸਨ ਨੈਣ ਦਰਸ਼ਨ ਲੱਗ ਕੇ,
ਭੁੱਲੀ ਏਨ੍ਹਾਂ ਜਾਚ ਝਮਕਣ ਵਾਲੜੀ,
ਖੁੱਲਣ ਮੀਟਣ ਛੁਟ ਏਨ੍ਹਾਂ ਦਾ ਗਿਆ।
ਮਾਨੋਂ ਅੱਖਾਂ ਏਹ ਖਾਧਾ ਸੈਂਮ੍ਹ ਸੀ-
ਮੀਟਣ ਸੰਦੀ ਬਾਣ ਜਾਣ ਬਿਅੱਦਬੀ
ਓਹਲੇ ਜਾਇ ਨ ਹੋਇ ਪਜਾਰਾ ਅੱਖੀਓਂ।
ਕਿਸੇ ਸਿਆਣੇ ਬਾਤ ਸੱਚੀ ਏ ਕਹੀ:-
'ਜਾਂ ਦਿਸ ਆਵੇ ਮੀਤ ਅੱਖ ਨ ਝਮਕੀਏ,-
'ਮਤਾਂ ਝਮਕ ਨੂੰ ਦੇਖ ਸਮਝੇ ਪਜਾਰੂਆ:
'ਕਸਰਾਂ ਵਾਲਾ ਸ਼ੌਕ ਇਹਨਾਂ ਅੱਖੀਆਂ
'ਵਸਦਾ ਹੈ, ਜਿਨ੍ਹ ਬਾਣ ਛੱਡੀ ਹੈ ਨਹੀਂ
'ਮਿਟਣ ਖੁਲ੍ਹਣ ਦੀ ਖੇਡ ਖੇਡਣ ਜੋ ਅਜੇ:
'ਅਜੇ ਇਨ੍ਹਾਂ ਹੈ ਹੋਸ਼ ਅਪਣੇ ਆਪ ਦੀ:
'ਹੋਈਆਂ ਨਾਂ ਮਦਹੋਸ਼ ਦਰਸ਼ਨ ਵਿੱਚ ਏ,
'ਭੁੱਲ ਨ ਸਕੀਆਂ ਆਪ ਪ੍ਰੀਤਮ ਵੇਖ ਕੇ।
'ਸੱਜਣ ਆਏ ਜੋਗ ਦਰ ਨਾ ਮੀਟੀਏ,
'ਬੂਹੇ ਖੋਲ੍ਹ ਚੁਪੱਟ ਅੰਦਰ ਸੱਦੀਏ:
'ਖੋਲ੍ਹਣ ਮੀਟਣ ਖੇਡ ਵਡੀ ਬਿਅੱਦਬੀ,
'ਕਦੀ ਨ ਕਰੀਏ ਏਹ, ਪ੍ਰੇਮ ਸੁਆਰਿਓ!,
ਰਾਜ ਕੌਰ ਸੀ ਆਪ ਪਤੁਲੀ ਪ੍ਰੇਮ ਦੀ
ਨਾਲੇ ਅਦਬ ਸਰੂਪ -ਪ੍ਰੇਮ ਅਦਾਇਬੀ।
ਲੋਹਾ ਪੈਕੇ ਅੱਗ ਹੁੰਦਾ ਅੱਗ ਹੈ,
ਰਾਣੀ ਪੈਕੇ ਪ੍ਰੇਮ ਹੋਈ ਪ੍ਰੇਮ ਸੀ;
ਅਦਬ ਚੜ੍ਹੀ ਸੀ ਪਾਣ ਓਸ ਸੁ ਪ੍ਰੇਮ ਨੂੰ।
ਜਦ ਦੇਖਜਾ ਉਸ ਕੰਤ ਅੱਖਾਂ ਸਾਮ੍ਹਣੇ
ਸਕੀ ਨ ਅੱਖਾਂ ਮੀਟ ਪ੍ਰੇਮ ਸਰੂਪ ਹੋ,
ਰੱਖੇ ਖੋਲ੍ਹ ਕਿਵਾੜ ਨੈਣਾਂ ਵਾਲੜੇ,
ਪੁਤਲੀ ਰੂਪ ਮਹੱਲ -ਸੀਸ ਮਹੱਲ ਜੋ
ਉਸ ਵਿਚ ਲਿਆ ਲੰਘਾਇ ਪਜਾਰੇ ਕੰਤ ਨੂੰ;
'ਦੇਖਣ ਸ਼ਕਤੀ' ਰੂਪ ਪਲੰਘ ਸੁਹਾਵਣਾ
ਏਸ ਮਹਿਲ ਵਿਚਕਾਰ ਵਿਛਿਆ ਸੀ ਪਿਆ
ਕਰੀ ਵਿਛਾਈ ਸਾਫ਼ ਉੱਤੇ ਖਿੱਚ ਦੀ,
ਉੱਤੇ ਲਿਆ ਬਿਠਾਲ ਆਏ ਕੰਤ ਨੂੰ।
ਆਪਾ ਵਾਰ ਧਿਆਨ ਜੁੜਿਆ ਰਾਜ ਦਾ,
ਮਾਨੋ ਰਹੀ ਸਮਾਇ ਦਰਸ਼ਨ ਵਿੱਚ ਓ
ਹੋਈ ਪ੍ਰੇਮ ਸਰੂਪ ਪਿਆਰੇ ਰੱਤੜੀ:
ਪ੍ਰੇਮੀ, ਪਜਾਰਾ, ਪ੍ਰੇਮ ਹੋਏ ਇੱਕ ਸੇ।

ਇਸ ਬਿਧ ਵਿੱਚ ਪਰੇਮ ਮਾਨੋਂ ਪੁਤਲੀਆਂ
ਬਣੀਆਂ ਬੈਠੀਆਂ ਦੋਇ,– ਬਚੜੀ, ਅੰਮੜੀ।
ਗਾਫ਼ਲ ਏਨ੍ਹਾਂ ਦੇਖ ਚੋਰੀ ਮਲਕੜੇ
ਬਾਕੀ ਜੋ ਸੀ ਰਾਤ ਤਿਲਕੀ ਜਾਂਵਦੀ;
ਲੈਂਦੀ ਜਾਂਦੀ ਨਾਲ ਅਪਨਾ ਮਾਲ ਬੀ:
ਚੁੱਪ, ਹਨੇਰਾ, ਸ਼ਾਂਤ, ਸੀਤ, ਸੁਹਾਉ ਬੀ,
ਭਿੰਨੀ ਭਿੰਨੀ ਮੌਜ ਤ੍ਰੇਲ ਫੁਹਾਰ ਦੀ,
ਰਹੀ ਜੁ ਅੰਬਰ ਛਾਇ ਸੁਹਣੀ ਸੁੰਦ੍ਰਤਾ,
ਜੋੜਨ ਹਾਰ ਇਕਾਂਤ, ਅੰਮ੍ਰਿਤ ਚਾਂਦਨੀ,
ਸਭ ਕੁਝ ਮੋਢੇ ਚੱਕ ਤੁਰਦੀ ਜਾ ਰਹੀ;
ਦਬੇ ਪੈਰ ਸਾਹ ਵੱਟ ਲੰਘੀ ਐਕੁਰਾਂ
ਪਤਾ ਨ ਲੱਗਾ ਮੂਲ ਜਾਂਦੀ ਦਾ ਕਿਸੇ।
ਕਰਦਾ ਮਾਰੋ ਮਾਰ ਬਾਣਾਂ ਮਾਰਦਾ
ਪੂਰਬ ਰੁਖ਼ ਤੋਂ ਸੂਰ ਚੜ੍ਹਿਆ ਤੇਜ ਲੈ।
ਸ਼ੋਰ ਪਿਆ ਚੌਫੇਰ ਰੌਲਾ ਮਚ ਗਿਆ,
ਪਰਵਿਰਤੀ ਨੇ ਘੇਰ ਲਿਆ ਜਹਾਨ ਨੂੰ।
ਪਸੂ, ਪੰਖੀ, ਮਾਨੁੱਖ ਲੱਗੇ ਸੱਭ ਹੀ
ਆਪੋ ਅਪਣੀ ਕਾਰ– ਬ੍ਰਿਤੀਆਂ ਖਿੰਡੀਆਂ।
ਸਾਧ ਬਿ ਛੱਡ ਸਮਾਧ ਦੇਹੀ ਕੰਮ ਨੂੰ
ਲੱਗੇ ਕਰਨੇ 'ਸੁਖ– ਦੇਹੀ' ਵਾਸਤੇ।
ਸੂਰਜ ਵੈਰੀ ਠੀਕ ਚਿੱਤ ਇਕਾਗ੍ਰ ਦਾ
ਦੇਵੇ ਬਿਰਤਿ ਖਿੰਡਾਇ ਕਿਰਨਾਂ ਢਾਕੁਰੇ:
ਜਦੋਂ ਆਣ ਅਸਮਾਨ ਦਰਸ਼ਨ ਦੇਂਵਦਾ।
ਸੋ ਇਸ ਤਿੱਖੇ ਬਾਣ ਮਾਰੇ ਮ੍ਹੈਲ ਤੇ,
ਦਿੱਤੀ ਬ੍ਰਿੱਤਿ ਹਿਲਾਇ ਰਾਣੀ ਦੀ ਜੁੜੀ।
ਅੱਖਾਂ ਖਾਇ ਝਮੱਕ ਮਿਟ ਮਿਟ ਖੁੱਲ੍ਹੀਆਂ,
ਆਈ ਅਪਣੀ ਹੋਸ਼, ਦਰਸ਼ਨ ਉੱਡਿਆ।
ਉੱਧਰ ਲੱਗੇ ਬਾਣ ਤਿੱਖੇ ਨੇਜਿਓਂ
ਸੀਨੇ ਮਾਤਾ ਵਿਚ ਗਗਨੀ ਸੂਰ ਦੇ,
ਲੀਤਾ ਉਨ੍ਹਾਂ ਪਰੋਇ ਮਾਤਾ ਬ੍ਰਿੱਤਿ ਨੂੰ,
ਖਿਚ ਕਢ ਆਂਦਾ ਪਾਰ ਉਸ ਵਿਸਮਾਦ ਤੋਂ।
ਖੁਲ੍ਹੀਆਂ ਅੱਖਾਂ ਨੀਝ ਫੇਰਨ ਸਾਰੜੇ:
ਤੱਕੇ ਹੋ ਹਰਿਆਨ: ਹੈ ਕੀ ਹੋਇਆ?
ਹਰਿਆਨੀ ਨੂੰ ਹੋਸ਼ ਖੌਲੂਰ ਘੱਤਿਆ।
ਤਦ ਸੂਰਜ ਦੇ ਜ਼ੋਰ ਹਟੀ ਹਰਾਨਗੀ:
ਲੀਤਾ ਹੋਸ਼ ਸੰਭਾਲ ਰਾਣੀ ਮਾਂਉ ਨੂੰ:
ਬੋਲੀ ਧੀ ਵੱਲ ਤੱਕ: 'ਬੀਤੀ ਰਾਤ ਹੈ,
'ਸੂਰਜ ਕਿੱਡਾ, ਦੇਖ, ਉੱਚਾ ਆ ਗਿਆ।
'ਏ ਕੀ ਆਹੀ ਰਾਤ? ਇੱਕ ਸਮੁੰਦ੍ਰ ਸੀ;
'ਨਕਾ ਨੱਕ ਭਰਪੂਰ ਅੰਮ੍ਰਿਤ ਪ੍ਰੇਮ ਦਾ,
'ਠਿੱਲ੍ਹੀਓਂ ਜਿਵੇਂ ਜਹਾਜ ਠਿੱਲ੍ਹੇ ਨੀਰ ਨੂੰ,
'ਤੂੰ ਸੈਂ ਤਾਰੂ ਪਾਣ ਲਈਆਂ ਤਾਰੀਆਂ
'ਗੋਤੇ ਲਾਇਓ ਈ ਰੱਜ ਚੁਭੀਆਂ ਮਾਰਕੇ,
'ਲੀਤੀ ਮੌਜ ਬਹਾਰ ਡੂੰਘ ਉਚਾਣ ਦੀ।
'ਮੈਂ ਮਨਤਾਰੂ ਹਾਇ ਠਿੱਲ੍ਹ ਨ ਜਾਣਦੀ,
'ਰਹੀ ਕਿਨਾਰੇ ਬੈਠ ਤੈਨੂੰ ਵੇਖਦੀ।
'ਵੇਖ ਵੇਖ ਡਰ ਆਇ ਤਰਦਿਆਂ ਤੁੱਧ ਨੂੰ,
'ਤੂੰ ਤਰਦੀ ਨ ਡਰੇਂਇ, ਤਕਦੀ ਮੈਂ ਡਰਾਂ।
'ਹੋ ਹਰਾਨ, ਭੈ ਡੁੱਬ ਬੈਠੀ ਤੀਰ ਤੇ
'ਡੁੱਬੀ ਸੁੱਕੇ ਥਾਉਂ ਹੋਸ਼ ਨ ਮੈਂ ਰਹੀ।
'ਸਿੱਖਜਾ ਲੱਗੀ ਦੇਣ ਸਾਂ ਮੈਂ ਤੁੱਧ ਨੂੰ
'ਰੁੜ੍ਹ ਗਈ ਨਾਲੇ ਆਪ ਅੰਬੜ, ਬੱਚੀਏ!
'ਚਲ ਚਲੀਏ ਹੁਣ ਹੇਠ ਵਿਚ ਰਣਵਾਸ ਦੇ।
'ਕਈ ਦਿਨਾਂ ਤੋਂ ਹਾਇ! ਭੁਖ ਤਿਖ ਝਾਗਦੀ
'ਰਹੀ ਉਨੀਂਦਰਜਾਂ ਵਿਚ ਮੇਰੀ ਲਾਡਲੀ,
'ਚੱਲ ਹੁਣ ਕਰ ਇਸ਼ਨਾਨ ਲੀੜੇ ਲੈ ਵਟਾ,
'ਕੁਝ ਮੂੰਹ ਪਾ ਲੈ ਅੰਨ, ਫਿਰ ਕੁਛ ਨੀਂਦ ਲੈ;
'ਹੌਲਾ ਹੋਇ ਸਰੀਰ ਐਦਾਂ ਜਾਵਸੀ।
'ਤਦ ਕੁਛ ਰਾਜ–ਪ੍ਰਬੰਧ ਦਾ ਕਰ ਕੰਮ ਲੈ।'
ਸੁਣ ਮਾਤਾ ਉਪਦੇਸ਼ ਉੱਠੀ ਸੋਹਿਣੀ
ਧਰ ਮੋਢੇ–ਮਾਂ ਹੱਥ ਚੁਪਕੇ ਤੁਰ ਪਈ।
ਰਸਤੇ ਮਿਲਿਆ ਦਾਸ ਅੱਗੋਂ ਆਉਂਦਾ
ਸੂਰਤ ਸਿੰਘ ਦਾ ਭੇਤ ਜਿਸ ਮਾਲੂਮ ਸੀ;
ਰਾਣੀ ਦੇਖ, ਪ੍ਰਣਾਮ ਕੀਤੀ ਓਸ ਨੇ,
ਰਾਣੀ ਸੈਨਤ ਨਾਲ ਦਿੱਤੀ ਆਗਿਆ:
ਉਸ ਨੇ ਮਤਲਬ ਤਾੜ ਉੱਤੇ ਜਾਇਕੇ


www.sikhbookclub.com

ਸਭ ਕੁਝ ਲਿਆ ਸਮੇਟ, ਥਹੁ ਸਿਰ ਸਾਂਭਿਆ,
ਕੁੰਡੇ ਜੰਦੇ ਮਾਰ ਵਿਹਲਾ ਹੋ ਗਿਆ।
ਰਾਣੀ ਉਤਰੀ ਹੇਠ ਮਹਿਲਾਂ ਉੱਪਰੋਂ,
ਗੋਲੀ ਬਾਂਦੀਆਂ ਸੱਭ ਵਿੱਚ ਦਲਾਨ ਦੇ
ਖੜੀਆਂ ਸਨ ਜੁ ਉਦਾਸ, ਦੇਖ ਹਰਾਨੀਆਂ,
ਹੋ ਬਿਹਬਲ ਹਿਤ ਨਾਲ ਪੈਰੀਂ ਡਿੱਗੀਆਂ।
ਮਾਤਾ ਦੇਇ ਪਿਆਰ ਐਦਾਂ ਆਖਿਆ-

'ਰਾਣੀ ਸੀ ਧੁਰ ਛੱਤ ਬੈਠੀ ਰਾਤ ਨੂੰ,
'ਸਿਮਰਣ ਸਾਈਂ ਰੰਗ ਵਿਚ ਮਦਹੋਸ਼ ਸੀ:
'ਐਸਾ ਸੀਗਾ ਸ੍ਵਾਦ ਉਥੇ ਛਾਇਆ;
'ਉਥੇ ਲੱਭੀ ਜਾਇ ਅੱਧੀ ਰਾਤ ਮੈਂ;
'ਫਿਰ ਦੋਵੇਂ ਉਸ ਥਾਉਂ ਰਹੀਆਂ ਬੈਠੀਆਂ
'ਸ੍ਵਾਦ ਵਿੱਚ ਗ਼ਲਤਾਨ, ਹੇਠ ਨ ਆਈਆਂ।
'ਖ਼ਬਰਦਾਰ ! ਏ ਸੋਇ ਨਿਕਲੇ ਬਾਰ੍ਹ ਨਾਂ,
'ਬੰਦ ਕਲੀ ਦੀ ਗੰਧ ਵਾਕਰ ਸਾਂਭਣੀ
'ਆਪਨੇ ਸੀਨਜਾਂ ਵਿਚ ਠੀਕ ਸੰਭਾਲਕੇ'

ਦੇਂਦੀ ਆਗਜ਼ਾ ਏਹ ਮਾਤਾ ਜਾ ਵੜੀ,
ਲੈਕੇ ਧੀ ਨੂੰ ਨਾਲ, ਧੌਲਰ ਆਪਣੇ।

# ੯. ਬਾਗ਼

ਬਾਗ਼ ਅਜਾਇਬ ਇੱਕ ਵਿੱਚ ਪਹਾੜ ਦੇ
ਲ੍ਵਾਯਾ ਹੈਸੀ ਆਪ ਸੂਰਤ ਸਿੰਘ ਨੇ !
ਘਾਟੀ ਸੀ ਰਮਣੀਕ ਚੜ੍ਹਦੇ ਦਾਉ ਤੇ,
ਇਸਦੀ ਢਾਲ ਵਿਚਾਲ ਪੱਧਰ ਥਾਂਉਂ ਸੀ,
ਜਿੱਥੋਂ ਪਾਣੀ ਰੌਅ ਸੀ ਇਕ ਲੰਘਦੀ।
ਜਿਸ ਵਿਚ ਪਾਣੀ ਸਾਫ਼ ਚਸ਼ਮੇ ਦੂਰ ਤੋਂ
ਫੁੱਟ ਨਿਕਲਦਾ ਆਇ, ਅੱਗੇ ਜਾਂਵਦਾ।
ਦੱਖਣ ਦੀ ਧੁਪ ਤੇਜ ਏਥੇ ਲੱਗਦੀ।
ਫਲ ਤੇ ਫੁੱਲਾਂ ਦਾਰ ਬੂਟੇ ਲਾਇਕੇ
ਇਸ ਨੂੰ ਰੌਣਕ ਦਾਰ ਕਿਤਾ ਸੋਹਿਣਾ:
ਮਰੂਆ, ਹਾਰਸ਼ਿੰਗਾਰ, ਨਾਲ ਰਵੇਲ ਸੀ,
ਸੋਨ-ਜੁਹੀ ਤੇ ਸ੍ਵੇਤ, ਚੰਬਾ, ਮੋਗਰਾ,
ਕਈ ਗੁਲਾਬ ਅਜੈਬ ਮੁਸ਼ਕਾਂ ਮਾਰਵੇਂ:
ਰਤਨਜੋਤ ਤੇ ਹੋਰ ਭਾਂਤੋ ਭਾਂਤ ਦੇ
ਸੁਹਣੇ ਸੂਰਤ ਦਾਰ ਲਾਏ ਬੂਟੜੇ।
ਨਾਲ ਬਹਾਰੀ ਫੁੱਲ ਹਰ ਹਰ ਰੁੱਤ ਦੇ
ਕਜਾਰੀਆਂਗਮਲਯਾਂਵਿੱਚ ਲਾਏ ਜਾਂਵਦੇ,
ਮਹਕਜ਼ਾ ਰਹਿੰਦਾ ਖ਼ੂਬ ਸੁੰਦਰ ਬਾਗ਼ ਏ।
ਸੀ ਛੋਟਾ ਪਰ ਡੌਲ ਚੰਗੀ ਸੀ ਬਣੀ।
ਤਖਤੇ ਸੀਗੇ ਚਾਰ ਇਸਦੇ ਵੱਖਰੇ
ਮਿਲੇ ਨਾਲ ਦੇ ਨਾਲ ਪੌੜੀਆਂ ਵਾਂਗਰੇ।
ਪਾਣੀ ਜੋ ਉਸ ਰੌਅ ਲੰਘਦਾ ਪਾਸ ਤੋਂ
ਲੀਤਾ ਸੀ ਵਿਚ ਬਾਗ਼ ਕੂਲ੍ਹ ਬਨਾਇਕੇ;
ਇਹ ਨਾਲੀ ਦੇ ਰਾਹ ਜਾਇ ਫੁਹਾਰਿਆਂ
ਵਿਚ,ਚੜ ਉੱਚਾ ਹੋਇ ਛਹਬਰ ਲਾਂਵਦਾ:
ਨਾਲੇ ਜਾਵੇ ਬਾਗ਼ ਆਡਾਂ ਹੋ ਕਈ,
ਫਿਰਦਾ ਸਾਰੇ ਬਾਗ਼ ਸਿੰਜੇ ਬੂਟਿਆਂ।
ਬਰਫੀ ਚਸ਼ਮਜੋਂ ਆਇ ਸੁਥਰਾ ਨੀਰ ਏ,
ਚਿੱਟਾ, ਮਿੱਠਾ, ਸਾਫ, ਠੰਢਾ, ਚਮਕਦਾ
ਤੋਰ ਫੁਹਾਰੇ ਏਹ ਪਾਲੇ ਬਾਗ਼ ਨੂੰ।

ਇਸ ਪਾਣੀ ਦਾ ਇੱਕ ਕੌਤਕ ਵੇਖਣਾ:
ਉੱਪਰ ਉੱਚੀ ਥਾਉਂ ਚੋਟੀ ਵੱਖੀਆਂ:
ਗਿਆ ਜਿਉਰਦਾ ਵਿੱਚ ਪਰਬਤ ਅੰਦਰੇ;
ਅੰਦ੍ਰੋ ਅੰਦਰ ਜਾਇ ਲਹਿੰਦਾ ਹੇਠ ਨੂੰ;
ਅਤਿ ਨਿੰਮ੍ਰਤ ਇਉਂ ਹੋਇ ਨੀਵੀਂ ਥਾਉਂ ਤੋਂ
ਚਸ਼ਮਾ ਨਿਰਮਲ ਸਾਫ਼ ਹੋਕੇ ਫੁੱਟਿਆ !
ਉਥੋਂ ਤੁਰਿਆ ਨੀਰ ਨੀਵੀਂ ਢਾਲ ਨੂੰ,-
ਭਰਿਆ ਪ੍ਰੇਮ ਉਮੰਗ ਟੋਲਨ ਪਜਾਰਿਆਂ।
ਸਜਨਾਂ ਦੀ ਨਿਤ ਟੋਲ ਕਰਦਾ ਜਾਂਵਦਾ
ਅੱਪੜਿਆ ਵਿੱਚ ਬਾਗ਼,- ਲੱਭੇ ਪਜਾਰਿਆਂ।
ਹੋ ਬਿਹਬਲ ਹਿਤਨਾਲ ਆਡੀਂ ਦੌੜਦਾ,
ਦੇਖ ਬੂਟਿਆਂ ਫੇਰ ਕਾਲ੍ਹਾ ਹੋਇਕੇ
ਚੁੰਮਦਾ ਓਨ੍ਹਾਂ ਪੈਰ ਪੈਰੀਂ ਲੱਗ ਕੇ;

ਕਰ ਕਰ ਲਾਡ ਪਿਆਰ ਖੁਸ਼ ਹੈ ਹੋਂਵਦਾ।
ਜਿਉਂ ਜਿਉਂ ਲੱਗੇ ਵੱਧ ਪੈਰੀਂ ਸੱਜਣਾਂ
ਤਿਉਂ ਤਿਉਂ ਹੋਇ ਨਿਹਾਲ ਜਾਂਦਾ ਵਾਰਨੇ,
ਫੇਰ ਨਿੰਮ੍ਰਤਾ ਨਾਲ ਪੈਰਾਂ ਵਿੱਚ ਹੀ
ਚਾਹੇ ਜਾਉਂ ਸਮਾਇ ਵਿਛੁੜਾਂ ਨਾਂ ਕਦੇ,
ਵਾਰਾਂ ਅਪਣਾ ਆਪ ਇਹਨਾਂ ਉੱਪਰੋਂ
ਜਿਨ੍ਹਾਂ ਖ਼ਾਤਰੇ ਆਪ ਆਯਾ ਅੰਬਰੋਂ।
'ਮੁੱਲ ਨ ਵਿਕਦਾ ਪ੍ਰੇਮ' ਸਜਾਣੇ ਆਖਦੇ:
ਦੌਲਤ, ਜਾਨ ਨ ਮਾਲ ਕੀਮਤ ਪ੍ਰੇਮ ਦੀ,–
ਮੁੱਲ ਪ੍ਰੇਮ ਦਾ ਪ੍ਰੇਮ, ਹੋਰ ਨ ਮੁੱਲ ਹੈ।
ਹੀਰੇ ਨੂੰ ਇਕ ਵਿੰਨ੍ਹ ਹੀਰਾ ਹੀ ਸਕੇ
ਤਿਵੇਂ ਪ੍ਰੇਮ ਨੂੰ ਪ੍ਰੇਮ ਆਪ ਵਿਹਾਝਦਾ।
ਸੋ ਪਾਣੀ ਦਾ ਪ੍ਰੇਮ ਐਸਾ ਸੱਚ ਦਾ,
ਦੇਖ ਬੂਟਿਆਂ ਜੋਸ਼ ਉੱਠੇ ਪ੍ਰੇਮ ਦਾ
–ਮੁੱਲ ਪ੍ਰੇਮ ਦਾ ਪ੍ਰੇਮ ਬੂਟੇ ਪਾਉਂਦੇ।
ਨਾਲ ਪ੍ਰੇਮ ਦੀ ਖਿੱਚ ਖਿੱਚਣ ਨੀਰ ਨੂੰ,
ਲੈਂਦੇ ਵਿੱਚ ਸਮਾਇ ਸ਼ੀਨੇਂ ਆਪਣੇ,
ਰਗ ਰਗ ਰੇਸ਼ੇ ਵਿੱਚ ਅਪਨੀ ਦੇਹ ਦੇ
ਜੜ੍ਹ ਤੋਂ ਚੋਟੀ ਤੀਕ ਨੀਰ ਸਮਾਉਂਦੇ;–
ਫਲ ਫੁਲ ਡਾਲੀ ਪੱਤ ਲੈਕੇ ਮੀਤ ਨੂੰ,
ਅਪਣੇ ਵਿੱਚ ਅਭੇਦ ਕਰਦੇ, ਇੱਕ ਹੋ:
ਇੱਕੁਰ ਹੋ ਤਦਰੂਪ ਪਜਾਰੇ ਵਰਤਦੇ।
ਵਾਹ ਵਾ ! ਹੋਯਾ ਮੇਲ ਸਜਨਾਂ ਦਾ, ਸੁਣੋਂ !
ਪਾਣੀ ਵਾਰੀ ਜਿੰਦ ਗੁਯਾ ਆਪ ਨੂੰ,
ਛਡਿਆ ਮਾਨ 'ਪਮਾਨ ਧਾਰੀ ਨਿੰਮ੍ਰਤਾ,
ਚਰਨੀਂ ਲੱਗਾ ਆਨ ਪ੍ਰੀਤਮ ਆਪਣੇ,
ਚਰਨਾਂ ਵਿੱਚ ਸਮਾਇ ਵਾਰੇ ਆਪ ਨੂੰ;–
ਮਾਨੋਂ ਮੋਇਆ ਮੌਤ ਮਰਨੋਂ ਪਹਿਲਿਓਂ।
ਜਿਉਂਦਜਾਂ ਮਰਕੇ ਨੀਰ ਜਦੋਂ ਦਿਖਾਲਿਆ
ਤਦ ਪ੍ਰੀਤਮ ਨੇ ਆਪ ਬਿਰਦ ਸੰਭਾਲਿਆ,
ਲਿਆ ਮਿਤ੍ਰ ਨੂੰ ਖਿੱਚ ਅਪਨੇ ਵਿੱਚ ਸੀ,–
ਅਪਨੇ ਵਿੱਚ ਸਰੂਪ ਉਸ ਨੂੰ ਪਾ ਲਿਆ,
ਹਰ ਅੰਗ ਅਪਨੇ ਵਿੱਚ ਉਸ ਨੂੰ ਧਾਰਿਆ,
ਇਸ ਤੋਂ ਭਾਰੀ ਕਾਰ ਕੀਤੀ ਵੱਧ ਏ:
ਇੰਨਾ ਲਿਆ ਨਵਾਜ਼ ਸ਼ਰਨੀਂ ਆਇ ਨੂੰ
ਜਿੰਦ ਅਪਨੀ ਦੀ ਜਾਨ ਉਨ੍ਹੂੰ ਬਨਾ ਲਿਆ।
ਪਹਿਲੇ ਸੀ ਜੋ ਦਾਸ ਹੁਣ ਓ ਜਿੰਦ ਹੈ:
ਰਿਹਾ ਸਰੂਪ ਸਮਾਇ ਰੂਪ ਅਭੇਦ ਹੈ:
ਹੁਣ ਹੋਇਆ, ਹਾਂ ਨੀਰ ਜੀਵਨ ਬੂਟਿਆਂ।
ਇੱਕੁਰ ਪਜਾਰੇ ਦਾਸ ਮਰਕੇ ਜੀਂਵਦੇ,
ਸਾਈਂ ਸ਼ਰਣ ਸਮਾਇ ਜਦ ਓ ਜਾਂਵਦੇ
ਸਾਈ ਲਏ ਬਣਾਇ ਜੀਵਨ ਆਪਣੇ।
ਸਾਈਂ ਆਪ ਕ੍ਰਿਪਾਲ ਐਕੁਰ ਆਖਦਾ:–

ਮੈ ਗੁਨ ਬੰਧ ਸਗਲ ਕੀ ਜੀਵਨਿ
ਮੇਰੀ ਜੀਵਨਿ ਮੇਰੇ ਦਾਸ ॥੨॥੩॥
(ਸਾਰੰਗ ਨਾਮਦੇਵ ਜੀ)

ਇਸ ਦਾ ਸੱਚਾ ਭਾਵ ਜਲ ਤੇ ਬੂਟਿਆਂ
ਕੈਸਾ ਸੁੰਦਰ ਸਾਫ਼ ਖੋਲ੍ਹ ਦਿਖਾਲਿਆ।
ਸਾਈਂ ਜੀਵਨ ਆਪ ਸਾਰੇ ਜੱਗ ਦਾ,
ਪਰ ਜੋ ਸਾਈਂ–ਦਾਸ ਸ਼ਰਨ ਸਮਾਂਵਦੇ
ਸਾਈਂ ਅਪਣੀ ਜਿੰਦ ਉਨ੍ਹਾਂ ਬਨਾਂਵਦਾ।

ਏਸ ਬਾਗ਼ ਵਿਚਕਾਰ ਤਖਤੇ ਦੂਸਰੇ
ਨਿੱਕਾ ਸੀ ਇੱਕ ਹੌਜ਼ ਸਣੇ ਫੁਹਾਰਿਆਂ
ਲਹਿ ਲਹਿ ਛਹਿਬਰ ਨਾਲ ਜੋ ਸੀ ਪੈ ਰਿਹਾ।
ਬਾਰਾਂਦਰੀ ਸੁਡੌਲ ਕੰਢੇ ਏਸ ਦੇ
ਦੋ ਛੱਤੀ 'ਵਾਦਾਰ ਫਬਦੀ ਸੀ ਖੜੀ
ਪੰਛੀ ਕਰਦੇ ਕੇਲ ਕੰਢੇ ਹੌਜ਼ ਆ,
–ਬਗਲੇ, ਸਾਰਸ, ਹੰਸ, ਮਘ, ਮੁਰਗ਼ਾਬੀਆਂ,
ਕੁਛ ਰੱਖੇ ਸਨ ਪਾਲ ਵਿਚ ਇਸ ਬਾਗ਼ ਦੇ:–
ਬੱਤਕ, ਸਾਹ ਸੁਪੇਦ ਕਈਕੁ ਭਾਂਤ ਦੀ।

ਇਕ ਦਿਨ ਆਯਾ ਦੌੜ ਪੱਛਮ ਵੱਲ ਤੋਂ
ਲੌਢਾ ਪਹਿਰ ਸੁਜਾਨ, ਆ ਕੇ ਆਖਦਾ:–
"ਪਲੋ ਪਲੀ ਨੂੰ ਹੋਰ ਸੂਰਜ ਛੱਪਸੀ।"
ਸੁਣ ਇਹ ਮਾੜੀ ਸੋਅ ਧੁੱਪ ਵਿਆਕੁਲੀ,
ਦੌੜੀ ਨਾਲੋ ਨਾਲ ਮਗਰੇ ਕੰਤ ਦੇ,

ਪਹੁੰਚੀ ਪੱਛਮ ਜਾਇ ਸਹਿੰਮੀ ਓਦਰੀ,
ਛਿਪੀ ਪਤੀ ਦੇ ਨਾਲ ਮਾਨੋਂ ਹੋ ਸਤੀ।

ਸੂਰਜ ਜਦ ਛਿਪ ਜਾਇ ਪੱਛਮ ਜਾ ਦਿਸ਼ਾ,
ਰੌਲਾ ਤੇ ਘਬਰਾਇ ਬੀ ਛਿਪ ਜਾਂਵਦੇ,
ਪੀਂਘ ਹੋਇ ਜਿਉਂ ਲੋਪ ਬੱਦਲ ਉੱਡਿਆਂ।

ਜਦ ਸੂਰਜ ਤੇ ਧੁੱਪ ਲਹਿੰਦੇ ਜਾ ਛਿਪੇ
'ਪਹੁ' ਆ ਨਿਕਲੀ ਫੇਰ ਦੂਜੀ ਵਾਰ ਹੈ,
ਜਿਸ ਨੂੰ ਕਈ ਦਨਾਇ ਕਹਿਣ 'ਦੁਸਾਂਝ' ਹੈ:
ਇਸਨੂੰ 'ਉਸ਼ਾ' ਪ੍ਰਕਾਸ਼ ਪੰਡਤ ਆਖਦੇ,
ਦੋ ਵੇਲੇ ਦੀਦਾਰ ਹੈ ਏ ਦੇਂਵਦੀ।
ਏ ਸ਼ਰਮੀਲੀ ਨਾਰ, ਚਿੱਟੀ, ਸੋਹਿਣੀ
ਜਦ ਬੀਤੇ ਹੈ ਰਾਤ ਨਿਕਲੇ ਹੈ ਤਦੋਂ–
ਨਾਂ ਸੂਰਜ ਨਾਂ ਚੰਦ ਤਾਰੇ ਹੋਣ ਨਾਂ
ਤਦ ਚੁਕਦੀ ਏ ਘੁੰਡ ਦਰਸ ਦਿਖਾਂਵਦੀ।
ਕੈਸਾ ਸ਼ਾਂਤਿ ਸਰੂਪ ਇਸਦਾ ਸੋਹਣਾ,
ਮੋਹੇ ਜੋਗੀ, ਸੰਤ, ਮੋਹੇ ਦੇਵਤੇ,
ਪਸੂ, ਪੰਖੀ, ਮਾਨੁੱਖ ਤਕ ਇਸ ਰੀਝਦੇ।
ਸੀਤਲ ਇਦ੍ਹਾ ਪ੍ਰਭਾਵ ਮਿੱਠਾ ਚਾਨਣਾ,–
ਕਹੋ ਗੁਲਾਬੀ ਕਾਲ ਸਮਾਂ ਸੁਹਾਵਣਾ।
ਪਰ ਇਸ ਦਾ ਦੀਦਾਰ ਤਦ ਤਕ ਹੀ ਰਹੇ
ਜਦ ਤਕ ਸੂਰਜ ਆਇ ਚੜ੍ਹੇ ਨ ਪੂਰਬੋਂ,
ਸ਼ਰਮੀਲੀ ਏ ਨਾਰ ਤਾਂ ਲੁਕ ਜਾਂਵਦੀ।
ਫਿਰ ਸਾਰੇ ਦਿਨ ਵਿੱਚ ਨਜ਼ਰ ਨ ਆਂਵਦੀ:
ਪਤਾ ਨਹੀਂ ਕਿਸ ਓਟ ਲੁਕ ਦਿਨ ਕੱਟਦੀ !
ਲੌਢੇ ਪਹਿਰੋਂ ਬਾਦ ਸੂਰਜ ਜਾਂ ਛਿਪੇ
ਪੜਦਾ ਸੱਭ ਵਲ੍ਹੇਟ ਤ੍ਰਿੱਖੇ ਤੇਜ ਦਾ,
ਉਸ਼ਾ ਚੁਕੇਂਦੀ ਘੁੰਡ –ਰੂਪ ਦਿਖਾਂਵਦੀ।
ਗਰਮੀ, ਘਾਬਰ, ਧੁੱਪ ਤਿਲਕਣ ਸ਼ੋਰ ਜਾਂ
ਸ਼ਾਂਤ ਮਈ ਇਸ ਪੈਰ ਟਿਕਦੇ ਆਣਕੇ,
ਛਾ ਜਾਂਦੀ ਸਭ ਦੇਸ਼ ਮਲਕੜਿ ਆਇਕੇ;–
ਬਹਿੰਦੀ ਨਾਲ ਹਿਆਉ ਫੁੱਲਾਂ ਉੱਪਰੇ,
ਰੜੇ ਮਦਾਨੀ ਸਾਫ਼ ਡੇਰੇ ਲਾਉਂਦੀ,
ਛੰਭਾਂ, ਨਦੀ, ਤਲਾਓ, ਕੂਲ੍ਹਾਂ, ਨਾਲਿਆਂ,
ਧਰਕੇ ਕੂਲੇ ਪੈਰ ਜਾਇ ਬਿਰਾਜ ਹੈ।
ਜੈਸਾ ਮਿੱਠਾ ਸਾਫ਼ ਚਾਨਣ ਏਸਦਾ,
ਜੈਸਾ ਕਾਈਓਂ ਸਾਫ਼ ਨਿਰਮਲ ਹੋਂਵਦਾ
ਐਸਾ ਸੂਰਜ ਚੰਦ ਦਾ ਨਾ ਚਾਨਣਾ,–
ਪਰਛਾਵੇਂ ਦਾ ਰੂਪ ਮੈਲਾ 'ਘੁਸਮੁਸਾ'
ਇਸ ਚਾਨਣ ਵਿਚਕਾਰ ਬਣਦਾ ਹੈ ਨਹੀਂ।
ਚੰਦ ਸੂਰ ਦੇ ਨੂਰ ਵਿਚ ਗੁਣ ਏ ਨਹੀਂ।
ਨੂਰ ਇਨ੍ਹਾਂ ਦੇ ਵਿਚ ਦਿੱਸੇ ਸਾਫ਼ ਹੈ
ਪਰਛਾਵੇਂ ਦਾ ਰੂਪ ਕਾਲਾ ਮੈਲੜਾ।
ਫਿਰ ਹੈ 'ਉਸ਼ਾ ਪ੍ਰਕਾਸ਼' ਪਰ ਉਪਕਾਰੀਆ,–
ਦੇਵੇ ਕੰਮ ਛੁਡਾਇ ਸਾਰੇ ਜਗਤ ਦੇ;
ਅਪਣੀ ਵੱਲੇ ਖਿੱਚ ਮੋਹੇ ਸਾਰਿਆਂ।
ਇਸ ਦੀ ਲੈਣ ਬਹਾਰ ਲੋਕੀਂ ਜਾਂਵਦੇ
ਘਰ ਘਰ ਕੰਮਾਂ ਤਜਾਗ ਨਗਰੋਂ ਬਾਹਰੇ;
ਬਾਗ਼, ਬਗ਼ੀਚਜਾਂ ਵਿੱਚ ਖੁਲ੍ਹੇ ਮਦਾਨੀਆਂ,
ਨਹਿਰਾਂ ਕੰਢੇ ਜਾਇ ਸੈਲਾਂ ਮਾਣਦੇ:
ਦੇਖਣ ਹਰ ਇਕ ਚੀਜ਼ ਕੁਦਰਤ ਜੋ ਰਚੀ
"ਪਹੁ" ਦਾ ਪਾਇ ਸੁਹਾਉ ਬਣ ਬਣ ਪੈ ਰਹੀ,
ਰਾਤ ਦੁਪਹਿਰੇ ਚੀਜ਼ ਜੋ ਨਾ ਭਾਂਵਦੀ
ਅੱਖਾਂ ਤਾਂਈ ਮੋਹ ਹੁਣ ਹੈ ਲੇਂਵਦੀ,
ਓਹੋ ਨਦੀ, ਤਲਾਉ, ਬੂਟੇ, ਬ੍ਰਿੱਛ ਓ,
ਓਹੋ ਬਾਗ਼, ਬਹਾਰ, ਦਿਨੇ ਤਿ ਰਾਤ ਨੂੰ
ਮਨ ਨੂੰ ਸਕੇ ਨ ਮੋਹ, ਹੁਣ ਹਨ ਖਿੱਚਦੇ,
ਸ਼ੋਭਾ ਇਸ ਦੀ ਨਾਲ ਹੋਏ ਸੋਹਿਣੇ।
ਸ਼ਰਮਾਂ ਵਾਲਿਆਂ ਜੋਗ ਜਗਤ ਪਿਆਰਦਾ।
'ਪਹੁ' ਸ਼ਰਮੀਲੀ ਨਾਰ ਜਚ ਜਚ ਆਂਵਦੀ,
ਇੱਸੇ ਕਰਕੇ ਪਜਾਰ ਸਾਰੇ ਏਸ ਨੂੰ
ਕਰਦੇ ਹੱਦੋਂ ਬਾਰੁ, ਕਦਰਾਂ ਪਾਂਵਦੇ।

ਸੰਝ ਸਵੇਰੇ ਦੋਇ ਵੇਲੇ ਜਦੋਂ ਹੀ
ਉਸ਼ਾ ਆਇ ਦੀਦਾਰ ਹੈਵੇ ਦੇਂਵਦੀ,
ਸੈਰ, ਭਜਨ ਦਾ ਲੋਕ ਜਾਣਨ ਹੈ ਸਮਾਂ।
'ਪਹੁ' ਸ਼ਰਮਾਕਲ ਦੇਖ ਆਈ, ਰਾਜ ਹੈ
ਕਹਿੰਦੀ ਮਨ ਨੂੰ: 'ਉੱਠ ਨਿਤ ਦੇ ਸੋਗੀਆ !

'ਦਰਸ਼ਨ ਪਜਾਰਾ ਦੇਖ ਦਰਸ਼ਨ ਲੈ ਵਿਖੇ
'ਗਿਓਂ ਨ ਤਦੋਂ ਸਮਾਇ, ਰਹਗਿਉਂ ਜੀਂਵਦਾ।
'ਇਸ ਜੀਵਨ ਦਾ ਸ੍ਵਾਦ ਲੈ ਹੁਣ; ਕੁੱਠਿਆ!
'ਝਾਗ ਬਿਰ੍ਹੋਂ ਦੀ ਨੈਂਇ ਸੱਲ ਵਿਯੋਗ ਦੇ:
'ਵਿਛੁੜ ਪਜਾਰੇ ਨਾਲੋਂ ਰਿਹੋਂ ਜੁ ਜੀਂਵਦਾ,
'ਤਾਹੀਓਂ ਹੀ ਏ ਦੁੱਖ, ਪੈ ਗਏ ਝੱਲਣੇ।

'ਰਾਤ ਬਿਤੇ ਪਰਭਾਤ ਆਵੇ ਹੈ ਉਸ਼ਾ,
'ਦਿਨ ਚੜ੍ਹਦਾ, ਢਲ ਫੇਰ ਲੌਂਦਾ ਆਂਵਦਾ;
'ਆਵੇ ਉਸ਼ਾ ਪ੍ਰਕਾਸ਼, ਆਵੇ ਫੇਰ ਹੈ–
'ਸੰਝਾ ਤੇ ਫਿਰ ਰਾਤ, ਬੀਤੇ ਰਾਤ ਹੈ,–
'ਟਿੰਡਾਂ ਵਾਲਾ ਗੇੜ ਆ ਜਾ ਹੈ ਰਿਹਾ;
'ਕਾਲ–ਗੇੜ ਬਿਨ ਕੰਤ ਵਗਦਾ ਸੱਖਣਾ,
'ਫੋਕਾ ਵਗਦਾ ਕਾਲ ਕੰਤੋਂ ਸੱਖਣਾ
'ਕੀਹ ਹੁਣ ਉਮਰਾ ਤੀਕ ਐਕੁਰ ਸੱਖਣਾ
'ਬੀਤੇ ਗਾ ਇਹ ਕਾਲ ਮੇਰਾ ਰੋਂਦਿਆਂ?
'ਕੀ ਹੁਣ ਇਕੋ ਮੌਤ ਉਤੋਂ ਆਇ ਕੇ
'ਛੁਟਕਾਰਾ ਦੇ, ਖੋਲ੍ਹ ਜੀਵਨ ਪਿੰਜਰਾ,–
'ਮੁਕਤੀ ਦਾਤਾ ਮੌਤ ਇੱਕੋ ਰਹਿ ਗਈ?
'ਹਾਇ ਨਿਰਾਸਾ ਡੈਣ! ਮੈਥੋਂ ਦੂਰ ਹੋ।
'ਹਾ ਹਾ, ਰਿਦਾ ਨ ਤੋੜ ਕੌਤਕ ਹਾਰੀਏ !
'ਹੈਂ ! ਨਾ ਮਿਲਸੀ ਕੰਤ? ਪਰਲੋ ਤੀਕ ਮੈਂ?
'ਨਾ ਮਿਲਸੀ? ਹਾ ਹਾਇ, ਹਾ ਹਾ ! ਨਾ ਮਿਲੂ?
'ਮਿਲ ਮਿਲ ਆ ਮਿਲ ਕੰਤ ਔਗਣ ਹਾਰ ਨੂੰ!'

ਹੋ ਬਿਹਬਲ, ਘਬਰਾਇ ਖਾਕੇ ਉੱਠੀਆ,
ਮਹਲ ਪਿਛਾੜੀ ਰਾਹ 'ਕੱਲਮ ਕੱਲੜੀ,
ਗਈ ਮਲਕੜੇ ਟੋਰ ਟੁਰਦੀ ਬਾਗ਼ ਨੂੰ,
ਦੇਖੇ 'ਪਹੁ' ਪਰਕਾਸ਼ ਰੂਪ ਖਿਲਾਰਿਆ,
ਉਪਬਨ ਜੋਬਨ ਵਿੱਚ ਬਨ ਬਨ ਪੈ ਰਿਹਾ,
'ਉਸ਼ਾ' ਓਸਨੂੰ ਰੂਪ ਨਵਾਂ ਚੜ੍ਹਾਇਆ।
ਚਲੇ ਲਡਿਕੜੀ ਪੌਣ ਕਰਿ ਅਟਖੇਲੀਆਂ
ਪੱਤਜਾਂ ਫੁੱਲਾਂ ਨਾਲ, ਸੀਤਲ ਮਿੱਠੜੀ।
ਦੂਜੇ ਤਖਤੇ ਜਾਇ, ਤਖ਼ਤ ਜੁ ਸੀ ਪਿਆ
ਬਾਰਾਂਦਰੀ ਵਿਚਾਲ ਉਸ ਤੇ ਬੈਠ ਕੇ
ਭਰਿਆ ਠੰਢਾ ਸਾਹ ਰਾਣੀ ਰਾਜ ਨੇ।
ਕਹਿੰਦੀ: 'ਹਾ, ਹਾ, ਹਾਇ ! ਫਿਰਦਾ ਸੀ ਕਦੀ
'ਮੇਰਾ ਪਜਾਰਾ ਕੰਤ ਏਸੇ ਥਾਉਂ ਤੇ;
'ਕਰਦਾ ਸੈਲ ਬਹਾਰ ਸਾਰੇ ਬਾਗ਼ ਦੀ।'

ਫਿਰ ਤੜਫੀ ਅਕੁਲਾਇ ਕਹਿੰਦੀ:– 'ਰੱਬ ਵੇ !
'ਬਖਸ਼ੀਂ, ਹਾਂ ! ਤਕਸੀਰ ਭਾਰੀ ਹੋ ਗਈ;
'ਤਖ਼ਤਪੋਸ਼ ਇਸ ਆਪ ਬਹਿੰਦਾ ਕੰਤ ਸੀ
'ਮੈਂ ਆ ਬੈਠੀਆਂ, ਹਾਇ ! ਅਦਬੋਂ ਸੱਖਣੀ,
'ਓਸੇ ਤਖਤ ਸੁ ਅੱਜ ਆਕੜ ਨਾਲ ਹਾਂ
'ਕਰੀ ਅਵੱਗਜਾ ਹਾਇ ! ਪੂਜ ਸਥਾਨ ਦੀ।'

ਇਹ ਕਹਿੰਦੀ ਘਬਰਾਇ ਉੱਠੀ ਓਸ ਤੋਂ
ਤੱਕੇ ਵੱਲ ਅਕਾਸ਼ ਹੱਥ ਦੋ ਜੋੜਦੀ,
ਗਿੜ ਗਿੜਾਇ ਕੁਝ ਆਖ ਮੱਥਾ ਟੇਕਦੀ,
ਗਲ ਪੱਲਾ, ਮੂੰਹ ਘਾਹ, ਲੀਕਾਂ ਕੱਢਦੀ;
ਕਰਦੀ ਬਿਨੈ ਉਚਾਰ ਫਰ ਫਰ ਰੋਂਵਦੀ,
ਕਹਿੰਦੀ:–'ਬਖਸ਼ ਸੁਜਾਨ ਸਿਰ ਦੇ ਵਾਲੀਆ!
'ਮੈਂ ਮਾੜਾ ਇਹ ਕਾਜ ਕੀਤਾ,– ਬਖਸ਼ ਲੈ।
'ਹੌਂ ਮੂਰਖ ਮਤਿਹੀਨ ਕੀਤੀ ਭੁਲ ਮੈਂ;
'ਭੁੱਲੀ ਨਾ ਇਕ ਵਾਰ ਹਰਦਮ ਭੁੱਲਦੀ।
'ਭੁਲ ਭੁਲ ਬੀਤੇ ਸ੍ਵਾਸ ਜਾਇ ਨ ਸੱਖਣਾ,
'ਸ੍ਵਾਸ ਆਇ ਇਕ ਵਾਰ ਬਿੰਦ ਬਿੰਦ ਭੁੱਲਦੀ।
'ਮੇਰਾ ਭੁੱਲ ਸਰੂਪ, ਭੁੱਲ ਵਿਛੋੜੀਆਂ
'ਚਰਨ ਆਪ ਦਿਓਂ ਨਾਲ, –ਹੋਈ ਵੱਖਰੀ।
'ਭੁਲ ਦਾ ਪਰਦਾ, ਹਾਇ ! ਮੇਰੇ ਸਾਮ੍ਹਣੇ
'ਰਖਦਾ ਸਦਾ ਛਿਪਾਇ ਤੈਨੂੰ ਮੁਝ ਥੀਂ;
'ਜੇ ਇਹ ਪਰਦਾ ਦੂਰ ਹੋਵੇ, ਤੂੰ ਸਦਾ
'ਦਿਸਦਾ ਰਹੇਂ ਹਜ਼ੂਰ,– ਹਾਜ਼ਰ ਨਾਜ਼ਰਾ।
'ਕਿਰਪਾ ਕਰਿ ਕਿਰਪਾਲ! ਭੁੱਲਾਂ ਨਾ ਕਦੀ;
'ਦਮ ਦਮ ਸਦਾ ਸਮ੍ਹਾਲ ਹਰਦਮ ਸੰਮ੍ਹਲਾਂ !
'ਭੇਰੀ ਨਦਰ ਨਿਹਾਲ ਪਿਰੀਏ ਮੇਰਿਆ !
'ਭੁੱਲਣ ਛੁੱਟੇ ਬਾਣ ਭੁੱਲਣਹਾਰ ਦੀ।
'ਸੁਰਮਾਂ ਕਰਦਿਓ ਦਾਨ ਚੇਤੇ ਵਾਲੜਾ,
'ਅੱਖੀਂ ਲਵਾਂ ਸੁ ਪਾਇ ਦੇਖਾਂ ਆਪ ਨੂੰ।


www.sikhbookclub.com

'ਐਨਕ ਬਖ਼ਸ਼ੋ 'ਯਾਦ' ਅੱਖੀਂ ਲਾ ਲਵਾਂ,
'ਦਰਸ਼ਨ ਹੋਵੇ ਸਾਫ਼ ਹਰਦਮ ਆਪ ਦਾ'।
ਇਉਂ ਰੋਂਦੀ ਬਿਲ ਲਾਇ ਆਪਾ ਭੁੱਲਦੀ
ਚੜ੍ਹਗਜੀ ਸੁਰਤੀ ਰਾਹ 'ਮਾੜੀ' ਯਾਦ ਦੀ,
ਦੇਖੇ ਨੀਝ ਲਗਾਇ, ਦਿੱਸੇ ਪਜਾਰੂਆ
ਕੰਤ ਅਮੋਲਕ ਲਾਲ ਦਮਕਾਂ ਮਾਰਦਾ
ਬੈਠਾ ਤਖ਼ਤ ਅਨੂਪ ਵਿੱਚ ਅਕਾਸ਼ ਦੇ।
ਤਖ਼ਤ ਸੁਨਹਿਰੀ ਘਾੜ ਜੜਿਆ ਹੀਰਿਆਂ
ਮੋਰਾਂ ਮੋਢੇ ਚੱਕ ਵਿੱਚ ਅਕਾਸ਼ ਦੇ
ਆਂਦਾ ਹੇਠਾਂ ਵਾਰ ਰੁੱਖਾਂ ਉੱਪਰੇ,
ਦਿੱਤਾ ਆਨਿ ਟਿਕਾਇ ਪਜਾਰੀ ਸਾਮ੍ਹਣੇ।
ਟਕ ਲਾ ਦੇਖੇ ਰਾਜ ਦਿੱਸੇ ਪਜਾਰੂਆ,
ਜਿਸ ਦਾ ਤਿੱਖਾ ਤੇਜ ਜਾਇ ਨ ਝੱਲਿਆ।
ਸੋਚ ਸੋਚ ਹੈਰਾਨ ਹੋ ਹੋ ਆਖਦੀ:-

'ਇਹ ਉੱਤਰ ਦੀ ਓਰ ਕੇਹਾ ਚਾਨਣਾ?
'ਨਾ ਸੂਰਜ ਨਾ ਚੰਦ ਏਧਰ ਜਾਂਵਦੇ,
'ਚੜ੍ਹਦਾ ਲਹਿੰਦਾ ਨਾਹਿੰ ਕੋਈ ਏਧਰੋਂ,
'ਧ੍ਰੂ ਦਾ ਨਹੀਂ ਪ੍ਰਕਾਸ਼, ਏਡਾ ਹੋਂਵਦਾ,
'ਤਾਰਾ ਬੋਦੀਦਾਰ ਲੌਢੇ ਪੈਰ੍ਹ ਨੂੰ
'ਕਰਦਾ ਨਹੀਂ ਪ੍ਰਕਾਸ਼ ਡਿੱਠਾ ਨਾ ਕਿਸੇ
'ਉੱਤਰ ਰੁਖ਼ ਇਹ ਤੇਜ ਕਿੱਥੋਂ ਆ ਗਿਆ ?
'ਭਾਵੇਂ ਮੇਰਾ ਲਾਲ ਨੂਰੀ ਰੂਪ ਜੋ,
'ਉਸ ਦਾ ਤਿੱਖਾ ਤੇਜ ਹੈ ਵੇ ਫੈਲਿਆ,-
'ਹਾਂ ਸੂਰਜ ਦਾ ਸੂਰ ਮੇਰਾ ਲਾਲ ਹੈ !
'ਝੱਲ ਨ ਸਕਿਆ ਤੇਜ ਸੂਰਜ ਕੰਤ ਦਾ,
'ਛਿਪਿਆ ਪੱਛੋਂ ਜਾਇ ਤਾਂਹਜੋਂ ਹੈ ਹੁਣੇ।
'ਕਿੱਕੁਰ ਝਲਦਾ ਤੇਜ ਸੂਰਜ ਕੰਤ ਦਾ,
'ਸੂਰਜ ਦਾ ਪਰਕਾਸ਼ ਨਹੀਂ ਅਗੰਮਵਾਂ ?
'ਪਰ ਹੈਵੇ ਪਰਕਾਸ਼ ਸੁਰਤ ਸਿੰਘ ਦਾ
'ਅਸਲੀ, ਅਜ਼ਲੀ, ਤੇਜ, ਧੁਰ ਤੋਂ ਆਇਆ।
'ਪੱਥਰ ਹੀਰੇ ਲਾਲ ਮੋਤੀ ਸੋਹਿਣੇ,
'ਚਮਕ ਨ ਸਕਦੇ ਮੂਲ ਚਾਨਣ ਬਾਝ ਏ।
'ਤਿੱਕੁਰ ਸੂਰਜ, ਚੰਦ, ਤਾਰੇ, ਗਿੱਟੀਆਂ
'ਪਾ ਸਾਈਂ ਦਾ ਨੂਰ ਚਮਕਾਂ ਮਾਰਦੇ।
'ਸਾਈਂ ਦਾ ਪਰਕਾਸ਼ ਸੁਰਤ ਸਿੰਘ ਹੈ,
'ਕਰਦਾ ਉਸ ਦਾ ਨੂਰ ਸਾਰੇ ਚਾਨਣਾ
'ਜਿਸ ਤੋਂ ਦਮਕੇ ਸੂਰ ਡਲ੍ਹਕਣ ਤਾਰੜੇ,
'ਜਿਸ ਤੋਂ ਚਮਕੇ ਚੰਦ, ਲਿਸ਼ਕੇ ਬਿੱਜੁਲੀ,
'ਬਿਨ ਉਸ ਸਾਰੇ ਅੰਧ ਚਮਕ ਨ ਜਾਣਦੇ।
'ਮੰਗਵਾਂ ਲੈ ਪਰਕਾਸ਼ ਮੇਰੇ ਕੰਤ ਤੋਂ
'ਡਲ੍ਹਕ ਅਤੇ ਲਿਸ਼ਕਾਰ ਸੱਭ ਦਿਖਾਂਵਦੇ।
'ਹੁਣ ਜਦ ਆਯਾ ਆਪ ਬੁੱਕਾ ਨੂਰ ਦਾ,
'ਧਰਤੀ ਉੱਤੇ ਆਪ -ਪੁੰਜ ਪ੍ਰਕਾਸ਼ਦਾ-
'ਪੈ ਗਏ ਸਾਰੇ ਮਾਤ, ਜਿੱਕੁਰ ਮਾਤ ਹੋ
'ਸੂਰਜ ਚੜ੍ਹਦਿਆਂ ਚੰਦ -ਸੂਰਜ ਸਾਮ੍ਹਣੇ।

'ਵਾਹ ਮੇਰੇ ਸਿਰਤਾਜ ! ਵਾਹ ਵਾਹ ਆਪ ਹੋ
'ਹੈਂ ! ਕੀ, ਪਜਾਰੇ ਕੰਤ ! ਕੀ ਹੁਣ ਆਪ ਨੇ
'ਕੀਤੀ ਕ੍ਰਿਪਾ ਅਪਾਰ ਮਿਲਨੇ ਆ ਗਏ?
'ਹੁਕਮ ਕੋਈ ਹੈ ਜੋਗ ਟਹਿਲਣ ਏਸ ਦੇ?
'ਕਰੋ ਕ੍ਰਿਪਾ ਕੁਝ ਵਾਕ ਆਖੋ ਲਾਲ ਜੀ !
'ਬਖਸ਼ੋ; ਢੀਠ ਨਿਲਾਜ ਕਰਦੀ ਬੇਨਤੀ!
'ਰਾਜ਼ੀ ਸਦਾ ਰਜ਼ਾਇ ਦਾਸੀ ਆਪ ਦੀ,
'ਪਰ ਇਕ ਬਿਨੈ ਉਚਾਰ, ਕਰਦੀ ਹੈ, ਸੁਣੋ:-
'ਅੱਖਾਂ ਅੱਗੋਂ ਦੂਰ ਕੰਤ, ਨ ਹੋਵਣਾ,
'ਮੂੰਹੋਂ ਬੋਲੁ ਨ ਬੋਲ ਦਿੱਸੋ ਸਾਮ੍ਹਣੇ;
'ਭਾਵੇਂ ਰਹੋ ਅਬੋਲ, ਨਜ਼ਰੋਂ ਨਾ ਲੁਕੋ;
'ਅੱਖੀਂ ਕਰੋ ਨਿਵਾਸ, ਸਾਈਂ ! ਮੇਰੀਆਂ।
'ਅੱਖਾਂ ਵਿਚ ਪਰੇਮ ਵਾਸਾ ਪਾ ਲਿਆ;
'ਸਿਕਦੀਆਂ ਰਹਿਣ ਹਮੇਸ਼ ਦਰਸ਼ਨ ਆਪ ਦਾ,
'ਰਹਿੰਦੀਆਂ ਸਦਾ ਉਤਾਂਘ ਤਰਸਨ ਹਾਰੀਆਂ;-
'ਇੱਕ ਆਪ ਦਾ ਰੂਪ ਚਾਹੁਣ ਦੇਖਣਾ;
'ਦਰਸ਼ਨ ਦਿਓ ਵਸਾਇ ਏਨ੍ਹੀਂ ਅੱਖੀਆਂ:
'ਦਰਸ਼ਨ ਕੋਈ ਹੋਰ ਇਨ੍ਹਾਂ ਨ ਭਾਂਵਦਾ
'ਤਕ ਅੱਖਾਂ ਦਾ ਹਾਲ ਐਸਾ ਬੇ-ਵਸਾ
'ਕੰਨਾਂ ਕੀਤੀ ਸੇਵ ਅੱਖਾਂ ਦੀ, ਪੜੀ !
'ਅਪਨੇ ਰਸ ਨੂੰ ਆਪ ਇਨ੍ਹਾਂ ਭੁਲਾਇਕੇ

'ਅੱਖਾਂ ਦੇ ਵਿਚ ਭੇਜ ਦਿੱਤਾ ਸਾਰੜਾ;
'ਕੀਤੀ ਸੱਤਜਾ ਦਾਨ ਸਾਰੀ ਆਪਣੀ;
'ਖੇਡ ਗਏ ਹਨ ਮੀਤ ਅਪਣੇ ਆਪ ਤੇ।
'ਬੋਲੇ ਚਹੇ ਨ ਬੋਲ ਕੰਨ ਨ ਦੇਂਵਦੇ
'ਤੁਹਾਨੂੰ ਕੁਝ ਤਕਲੀਫ ਪਰ ਹਨ ਆਖਦੇ:
' "ਰਹਿਣਾ ਸਦਾ ਕ੍ਰਿਪਾਲ ਪਜਾਰੇ ਜੀ ! ਸਦਾ
' "ਅੱਖਾਂ ਉੱਪਰ ਆਪ ਦੂਰ ਨ ਹੋਵਣਾ,–
' "ਕਦੀ ਇਨ੍ਹਾਂ ਤੋਂ ਮੂੰਹ ਨਹੀਂ ਛਿਪਾਵਣਾਂ,
' "ਸੁਰਤ ਅਪਨੀ ਨਿੱਤ ਇਨ੍ਹਾਂ ਨਿਮਾਣੀਆਂ
' "ਹਿਤ ਅਲਸਾਂਈਆਂ ਜੋਗ ਸਦਾ ਦਿਖਾਵਣੀ।"
'ਇੱਕੁਰ ਬਾਕੀ ਅੰਗ ਨੈਣਾਂ ਉੱਪਰੇ
'ਕਰਦੇ ਤਰਸ ਅਪਾਰ, ਸਿੱਕਾਂ ਸਾਰੀਆਂ
'ਆਪਣੀਆਂ ਕਰ ਤਜਾਗ ਕਰਦੇ ਬੇਨਤੀ:–
' "ਅਸਾਂ ਆਪਣਾ ਹੱਕ ਨੈਣਾਂ ਸੌਂਪਿਆ,
' "ਹਾਂ, ਹੋ ਪਰਮ ਅਧੀਨ ਬਿਨੈ ਅਲਾਂਵਦੇ:–
' "ਕਿਰਪਾ ਰਖੀਓ ਆਪ ਉੱਪਰ ਅੱਖੀਆਂ;
' "ਓਹਲੇ ਹੋਣਾ ਨਾਂਹ ਏਹਨ ਤੁਹਾਡੀਆਂ।"
'ਦੇਹ, ਮਨ, ਆਤਮ ਜਿੰਦ ਕਰਦੇ ਜੋਦੜੀ:–
' "ਕਰੋ ਲਾਲ ਜੀ ਵਾਸ ! ਇਹਨੀਂ ਅੱਖੀਆਂ;
' "ਡੇਰਾ ਲਵੋ ਜਮਾਇ ਨੈਣਾਂ ਅੰਦਰੇ–
' "ਕਦੀ ਨ ਹੋਣਾ ਦੂਰ ਰਹਿਣਾ ਦਿੱਸਦੇ,
' "ਵਿੱਥ ਨ ਰੰਚਕ ਮਾਤ੍ਰ ਲੈਣੀ ਪਾ ਕਦੀ:
' "ਤੁਸੀਂ ਸਦਾ ਕਿਰਪਾਲ ਦਜਾਲੂ ਹੋ ਸਦਾ।" '

ਇੱਕੁਰ ਦਰਸ਼ਨ ਵਿਚ ਹੋਈ ਲੀਨ ਨੇ
ਕਈ ਕੁ ਬਿਨੈ ਉਚਾਰ ਅੰਦ੍ਰੋਂ ਕੀਤੀਆਂ।
ਹਿਰਦੇ ਸਿੱਕ ਅਪਾਰ ਦਰਸ਼ਨ ਲਾਲ ਦਾ
ਦਿਸਦਾ ਰਹੇ ਹਜ਼ੂਰ, ਓਹਲੇ ਨਾ ਹੁਵੇ।
ਪਰ ਭਾਵੀ ਦੀ ਵਾਗ ਹੱਥ ਨ ਆਪਣੇ,
ਮਾਤਾ ਨੇ ਹੁਣ ਆਣ ਟੁੰਬੀ ਸੋਹਿਣੀ।
ਪਹਿਲਾਂ ਹਿੱਲੀ ਨਾਂਹ,– ਸੀ ਮਦਹੋਸ਼ਵੀਂ,
ਫਿਰ ਮਾਤਾ ਝੰਜੋੜ ਟੁੰਬ ਉਠਾਲਿਆ,
ਤੜਫ ਉਠੀ ਇਕ ਵਾਰ ਮਲਦੀ ਅੱਖੀਆਂ।
ਦਰਸ਼ਨ ਓਸੇ ਆਨ ਓਹਲੇ ਹੋ ਗਿਆ।
ਅੱਖਾਂ ਪੂਰ ਸਨੇਹ ਪ੍ਰੇਮ ਕਸਾਈਆਂ
ਚਾਣਚੱਕ ਇਉਂ ਖੁੱਲ੍ਹ ਅਤਿ ਬਉਰਾਨੀਆਂ।

ਬਉਰੀ ਹੋਈ ਵੇਖ ਰਾਣੀ ਰਾਜ ਨੂੰ
ਮਾਤਾ ਨਾਲੇ ਆਪ ਡਾਢੀ ਘਾਬਰੀ।
ਧੀ ਨੂੰ ਗਲੇ ਲਗਾਇ ਬਹੁਤ ਪਿਆਰਿਆ,
ਸਿਰ ਮੱਥੇ ਹੱਥ ਫੇਰ ਮੱਥਾ ਚੁੰਮਿਆ,
ਕਹਿੰਦੀ, 'ਹੋਸ਼ ਸੰਭਾਲ ਪਜਾਰੀ ਬੱਚੀਏ !
ਸੁਖ ਦਾ ਇਕ ਇਕ ਸੋਇ ਲੈਕੇ ਆਈ ਆਂ।'

## ੧੦. ਪਾਤੀ

ਭਾਵੇਂ ਮਾਤਾ ਪਜ਼ਾਰ ਦੇਂਦੀ ਹੈ ਪਈ,
ਬਉਰਾਨੀ ਪਰ ਰਾਜ ਹੋਈ ਹੈ ਅਜੇ।
ਗੱਡੀ ਸੁਰਤ ਅਡੋਲ ਦਰਸ਼ਨ ਵਿੱਚ ਸੀ,
'ਚਾਣਕ ਖੁੱਲ੍ਹੀ ਜਾਗ, ਸਮਝ ਨ ਆਂਵਦੀ,–
ਕਿਸਨੇ ਟੁੰਬ ਉਠਾਲ, ਦਿੱਤਾ ਕਾਸ ਨੂੰ?
ਕੀ ਸੀ, ਹੈ ਕੀ ਕੁਝ, ਕੀ ਕੁਝ ਹੋਇਗਾ?
ਕਿੱਥੇ ਹਾਂ ਮੈਂ, ਕੌਣ ਹੈ ਗਲ ਲਾ ਰਿਹਾ?
ਮਲ ਮਲ ਖੋਲ੍ਹੇ ਨੈਣ, ਮੀਟੇ, ਖੋਲ੍ਹ ਦੇ;
ਖੋਲ੍ਹੇ, ਮੀਟੇ, ਫੇਰ ਮਲ ਮਲ ਵੇਖਦੀ।
ਜਦ ਪਰਤੀ ਕੁਝ ਹੋਸ਼ ਰਾਣੀ ਰਾਜ ਦੀ,
ਦੇਖੇ ਮਾਤਾ ਆਪ ਗਲੇ ਲਗਾਇ ਕੇ
ਦੇਂਦੀ ਸਿਰ ਤੇ ਪਜ਼ਾਰ, ਸਦਕੇ ਹੋਂਵਦੀ।
ਰਾਣੀ ਹੋਇ ਉਦਾਸ ਰੁਕਦੇ ਸੰਘ ਤੋਂ
ਕਹਿੰਦੀ 'ਅੰਮਾਂ, ਹਾਇ ! ਇਹ ਕੀ ਹੋ ਗਿਆ?
'ਹਾ ਹਾ ਲਿਆ ਵਿਛੋੜ ਮਾਤਾ! ਅੱਜ ਤੂੰ
'ਉਸ ਸਾਈਂ ਤੋਂ ਆਪ, ਜਿਸ ਸੰਗ ਜੋੜਿਆ
'ਮੈਨੂੰ ਸੀ ਲੜ ਬੰਨ੍ਹ ਇਕ ਦਿਨ ਆਪ ਤੂੰ,
'ਦਿੱਤਾ ਸੀ ਹਾਂ ਦਾਨ ਮੇਰਾ ਓਸ ਨੂੰ।
'ਦਿੱਤਾ ਹੋਇਆ ਦਾਨ ਮੋੜਜਾ ਅੱਜ ਤੈਂ।
'ਮਾਪੇ ਕੰਤਾਂ ਨਾਲ ਧੀਆਂ ਤੋਰਕੇ


www.sikhbookclub.com

'ਹੁੰਦੇ ਸਦਾ ਨਿਹਾਲ, ਠਰਦੇ ਦੇਖਕੇ:
'ਧੀ ਜੁਆਈ ਵਿਚ ਭੰਗ ਕਦੀ ਨ ਪਾਂਵਦੇ।
'ਮਾਤਾ ਜੀ ! ਪਰ ਅੱਜ ਤੁਸਾਂ ਅਭੋਲਵੇਂ
'ਮੈਨੂੰ ਲਿਆ ਵਿਛੋੜ ਮੇਰੇ ਕੰਤ ਤੋਂ।
' 'ਤੂੰ ਤੂੰ' ਕਰਕੇ ਮਾਉਂ ! ਦਿਨ ਇਕ ਮੈਂ ਕਈ
'ਡਿੱਠਾ ਸੀ ਦੀਦਾਰ 'ਤੂੰ' ਦਾ ਅੱਜ ਜੀ !
' "ਮੈਂ" ਹੋਈ ਸੀ ਦੂਰ,- ਪਰਦਾ ਪਾਟਿਆ,
'ਪਰ ਤੈਂ ਆਨ ਹਿਲਾਇ 'ਤੂੰ' ਨੂੰ ਗੁੰਮਿਆਂ।
' 'ਤੂੰ' ਦਾ ਹੋ ਗਜਾ 'ਓਹ' ਵਿਥ ਫਿਰ ਪੈ ਗਈ,
'ਮਸਾਂ ਮਸਾਂ ਜੋ ਦੂਰ ਹੋਈ ਸੀ ਮਸਾਂ,-
'ਜੋ ਸੀ ਹਾਜ਼ਰ, ਮਾਉਂ ! ਗ਼ਾਇਬ ਹੋ ਗਿਆ।

'ਬਖਸ਼ੀਂ ਮਾਤਾ ! ਵਾਕ ਲਾਡਾਂ ਵਾਲੜੇ;
'ਜੋ ਮੈਂ ਹੰਮੇ ਨਾਲ ਆਖੇ ਤੁੱਧ ਨੂੰ।
'ਬਹੁਤ ਅਛਿੰਦੀ, ਮਾਇ! ਮੈਨੂੰ ਪਾਲਿਆ,
'ਸਿਰੇ ਚੜ੍ਹੀ ਹਾਂ ਢੇਰ ਲਾਡਾਂ ਮੈਂ ਪਲੀ।
'ਮਾਪੇ ਕਦੀ ਨ ਹੋਣ ਜੱਗ ਕੁਮਾਪੜੇ
'ਰਹਿੰਦੇ ਸਦਾ ਕ੍ਰਿਪਾਲ, ਗਿਣਦੇ ਦੋਸ਼ ਨਾ:
'ਮੇਰੇ ਵਾਕ ਕੁਵਾਕ ਬਖਸ਼ੀਂ ਮਾਉਂ ਤੂੰ !'

ਮਾਤਾ ਲਵੇ ਬਲਾਇ ਕਹਿੰਦੀ:- 'ਬੱਚੀਏ!
'ਐਸੇ ਵਾਕ ਨ ਆਖ ਮੇਰੀ ਜਿੰਦ ਤੂੰ!
'ਮੇਰੇ ਵੱਸ ਨ ਮੂਲ, ਮੇਰੀ ਰੂਹ ਦੇ
'ਨੇਤਰ ਖੁੱਲ੍ਹੇ ਨਾਂਹ,- ਮਾਯਾ ਵੇੜ੍ਹੀਆਂ,
'ਤੇਰੇ ਗੂੜ੍ਹੇ ਭੇਤ ਸਮਝ ਨ ਮੈਂ ਸਕਾਂ।
'ਤੂੰ ਆਤਮ ਦੇ ਰੰਗ ਉੱਚੀ ਜਾ ਚੜ੍ਹੇਂ
'ਮਿਲੇਂ ਪ੍ਰਭੂ ਦੇ ਨਾਲ, ਮੈਨੂੰ ਸਾਰ ਨ,
'ਮਮਤਾ ਵਿਚ ਮੈਂ ਆਇ ਵਿਘਨ ਪਾ ਬੈਠਦੀ,
'ਤੂੰ ਬਖਸ਼ੀਂ ਏ ਭੁੱਲ ਮੈਥੋਂ ਹੋ ਗਈ।
'ਜੈਸੀ ਤੂੰ ਸੈਂ ਜੋਗ ਪਜਾਰੀ, ਸੈਂ ਨਹੀਂ
'ਏਸ ਸੱਟ ਦੇ ਜੋਗ ਲੱਗੀ ਆਣ ਜੋ।
'ਭਾਗ ਨ ਮੇਰੇ ਵੱਸ, ਨਾਹਿੰ ਤਾਂ ਮੋੜਦੀ
'ਮੌਤ ਚੰਡਾਲਣ ਮਾਰ ਮੂਲ ਮੁਕਾਂਵਦੀ;
'ਵਰ ਤੇਰਾ ਚਿਰੰਜੀਵ ਕਰਦੀ ਆਪ ਮੈਂ:
'ਭਾਵੀ ਸਦਾ ਅਮੇਟ ਮੇਟੀ ਜਾਇ ਨਾ।
'ਜੋ ਕੁਛ ਹੋਇਆ ਵਾਹ ਭਾਣਾ ਰੱਬ ਦਾ;
'ਸਿਰ ਮੱਥੇ ਤੇ ਝੱਲ ਸ਼ੁਕਰ ਗੁਜ਼ਾਰੀਏ।
'ਅਜ ਹੋਈ ਇਕ ਗੱਲ ਹੋਰ ਅਨੋਖੜੀ;-
'ਗੋਲੀ ਰਾਇ ਕਲੂਰ ਭੇਜੀ ਆਪ ਹੈ;
'ਜੋ ਪੌਂਚੀ ਹੈ ਆਨ ਮੈਲ੍ਹ ਅਸਾਡੜੇ।
'ਨਾਲ ਲਿਆਈ ਇੱਕ ਤੇਰੇ ਕੰਤ ਦੀ
'ਪਾਤੀ, ਜੋ ਵਿਚ ਜੰਗ ਉਸ ਨੇ ਸੀ ਲਿਖੀ
'ਲਹੂ ਆਪਣੇ ਨਾਲ, ਤੇਰੀ ਵੱਲ ਨੂੰ।
'ਅਹਿ ਲੈ ਧੀਇ ਸਮ੍ਹਾਲ ਕੰਤ ਨਿਸ਼ਾਨੜੀ।
'ਇਸਨੂੰ ਪੜ੍ਹ ਚਿਤ ਲਾਇ ਭਲਾ ਜਿ ਆ ਜਏ
'ਧੀਰਜ ਕੁਛ ਸੰਤੋਖ ਤੇਰੇ ਚਿੱਤ ਨੂੰ।'

ਲੈਕੇ ਲੰਮਾ ਸ੍ਵਾਸ ਰਾਣੀ ਰਾਜ ਨੇ
ਲੰਮਾਂ ਕੀਤਾ ਹੱਥ ਪੱਤਰ ਲੈਣ ਨੂੰ।
ਫੜਕੇ ਲਿਆ ਸੰਭਾਲ, ਸਿਰ ਤੇ ਰੱਖਿਆ,
ਲਾਇਆ ਅੱਖਾਂ ਨਾਲ, ਫਿਰ ਫਿਰ ਚੁੰਮਿਆ;
ਲਾਇਆ ਛਾਤੀ ਨਾਲ, ਲਾ ਲਾ ਘੁੱਟਿਆ,
ਤਖ਼ਤ ਸੁਹਾਵੇ ਰੱਖ ਮੱਥਾ ਟੇਕਿਆ,
ਮੁੜ ਮੁੜ ਕਰ ਪਰਣਾਮ, ਲੈ ਪਰਦੱਖਣਾ
ਫੇਰ ਨਿਵਾਯਾ ਸੀਸ ਫੁੱਲ ਚੜ੍ਹਾਂਵਦੀ।
ਲੀਤਾ ਫੇਰ ਰੁਮਾਲ ਸੁੰਦਰ ਰੇਸ਼ਮੀ,
ਇਸ ਦੇ ਉੱਤੇ ਰੱਖ, ਖੋਲ੍ਹੇ ਪੱਤ੍ਰ ਨੂੰ।

ਦੇਖੇ ਨਜ਼ਰ ਉਘਾੜ ਉੱਪਰ ਅੱਖਰਾਂ।
ਹੰਝੂ ਭਰ ਭਰ ਢੇਰ ਕਿਰਦੇ ਜਾਂਵਦੇ,
ਕੰਬਜਾ ਨਾਲ ਸਰੀਰ, ਕੰਡੇ ਲੂੰ ਖੜੇ,
ਸਾਤ੍ਵਕ ਸਾਰਾ ਭਾਵ ਦੇਹੀ ਛਾ ਗਿਆ।
ਅਪਣਾ ਆਪ ਸੰਭਾਲ ਚਿੱਠੀ ਵਾਚਦੀ:
ਲਾਵੇ ਹੈ ਫਿਰ ਜ਼ੋਰ,- ਵਾਚੇ ਅੱਖਰਾਂ।
ਪਰ ਭਰ ਆਵੇ ਨੀਰ ਬਹੁਤਾ ਅੱਖੀਓਂ,
ਪੂੰਝੇ ਨਾਲ ਰੁਮਾਲ ਤਕੜੀ ਹੋਇਕੇ,
ਖਤ ਨੂੰ ਵਾਚੇ ਫੇਰ ਹਿਤ ਚਿਤ ਲਾਇਕੇ;
ਉਮਡ ਸਿਰੇ ਨੂੰ ਆਇ ਧੂੰਆਂ ਜੋਸ਼ ਦਾ:
ਇਹ ਧੂੰਆਂ ਜਲ ਹੋਇ ਅੱਖੀਂ ਆ ਭਰੇ,

ਪੜ੍ਹ ਨ ਸਕੇ ਅਰਦਾਸ ਇੱਕੁਰ ਰੋਂਦਿਆਂ।
ਦੇਖ ਸਕੀ ਨਾ ਮਾਉਂ ਧੀ ਦਾ ਹਾਲ ਏ,
ਲੈ ਲੀਤੀ ਅਰਦਾਸ,– ਤਖਤੋਂ ਚਾ ਲਈ।

'ਰੋ ਨਾ ਹਾਲ ਵੰਵਾਇ ਸੁੱਖੇ ਲੱਧੀਏ !
'ਮੈਂ ਪੜ੍ਹ ਦਿਆਂ ਸੁਣਾਇ ਔਖੀ ਹੋ ਨਹੀਂ।'
ਇਹ ਕਹਿ ਗੋੱਲੀ ਪਾਸ ਰਾਇ ਕਲ੍ਹੂਰ ਦੀ
ਮਾਂ ਨੇ ਲੀਤੀ ਸੱਦ;– ਚਰਨੀਂ ਆ ਪਈ।
ਮਾਤਾ ਨੇ ਹੁਣ ਵਾਚ ਚਿੱਠੀ ਧੀਅ ਨੂੰ
ਕੀਤੀ ਸ਼ੁਰੂ ਸੁਣਾਨ, ਗੋਲੀ ਵੇਖਦੀ
ਸੂਰਤ ਰਾਣੀ ਵੱਲ ਨੀਝ ਲਗਾਇਕੇ।
ਰਾਣੀ ਹੋ ਹੈਰਾਨ ਵਿਸਮੈ ਹੋ ਗਈ।
ਅੱਖੀਂ ਲਈਆਂ ਮੀਟ, ਖੋਲ੍ਹੇ ਕੰਨ ਪੈ,
ਕੱਠੀ ਕਰਕੇ ਹੋਸ਼ ਸਾਰੀ ਅੰਦਰੇ
ਧਜਾਨ ਮਾਉਂ ਦੇ ਵੱਲ ਲਾਯਾ ਰਾਜ ਨੇ।
ਕੰਨ ਲਗੇ ਹੁਣ ਲੈਣ ਕੰਤ ਸੁਨੇਹੜੇ,
ਲੈ ਸੁਨਿਹਾ ਫਿਰ ਕੰਨ ਦਿਲੈ ਪੁਚਾਂਵਦੇ;
ਦਿਲ ਫਿਰ ਕਰਦਾ ਸੋਚ ਤੋਲ ਤੁਲਾਂਵਦਾ;
ਜਾਚ ਕਰੇ ਪੜਤਾਲ, ਕਰਦਾ ਫੈਸਲੇ:
ਅਪਣੀ ਨਾਲ ਵਿਚਾਰ ਕਰਦਾ ਵੱਖਰੀ,
ਡੂੰਘੇ ਉਸ ਦੇ ਭਾਵ, ਸਮਝੇ ਭੇਤ ਬੀ।

ਇਹ ਸੀ ਚਿੱਠੀ, ਮਾਤ ਜਿਹੜੀ ਵਾਚਦੀ:–
'ਲਿਖਤਮ ਸੂਰਤ ਸਿੰਘ ਰਣ ਮੈਦਾਨ ਤੋਂ,
'ਲਿਖਾਂ ਪਿਆਰੀ ਜੋਗ,– ਰਾਜ ਕੁਮਾਰ ਨੂੰ!
'ਗੁਰ ਨਾਨਕ ਗੋਬਿੰਦ, ਕਰਨ ਨਿਹਾਲ ਤੈਂ।
'ਧਰਮ ਜੁੱਧ ਇਸ ਥਾਉਂ ਮਚਿਆ,ਰਾਣੀਏ !
'ਆਪ ਗੁਰੂ ਦਸਮੇਸ਼ ਕੀਤੇ ਜੰਗ ਸੇ।
'ਸਿੱਖਾਂ ਨੂੰ ਉਪਦੇਸ਼ ਦਿੱਤਾ ਸੀ ਇਹੋ:–
' "ਧਰਮ ਜੁੱਧ ਦੇ ਚਾਇ ਮਰੀਓ, ਜੋਧਿਓ !"
'ਭਾਵੀ ਵਰਤੀ ਅੱਜ, ਗ਼ੈਬੋਂ ਆਇਕੇ
'ਲਗਾ ਕਾਲਜੇ ਵਿਚ ਤਿੱਖਾ ਤੀਰ ਹੈ;
'ਲਹੂ ਫੁਹਾਰੇ ਛੱਡ ਵਗਦਾ ਜਾਂਵਦਾ:
'ਠਹਿਰੇ ਕਿਸੇ ਉਪਾਉ ਧਾਰ ਨ ਖ਼ੂਨ ਦੀ।
'ਤਾਕਤ ਘਟਦੀ ਜਾਇ, ਦੇਖਾਂ ਮੌਤ ਹੈ
'ਆਇ ਗਈ ਹੁਣ, ਹਾਇ ਮੇਰੇ ਸਾਮ੍ਹਣੇ!
'ਮਰਨੇ ਵਿੱਚ ਨ ਦੇਰ ਕੋਈ ਹੈ ਰਹੀ।
'ਤਾਂਤੇ ਚਿੱਠੀ ਏਹ ਲਿਖ ਕੇ ਆਪ ਮੈਂ
'ਭੇਜਾਂ ਤੁਹਾਡੇ ਪਾਸ –ਮੇਲਾ ਅੰਤ ਦਾ–
'ਲਹੂ ਆਪਣੇ ਨਾਲ ਏ ਮੈਂ ਹੈ ਲਿਖੀ।
'ਇਸ ਔਕੜ ਦੇ ਵਿੱਚ ਰਾਇ ਕਲ੍ਹੂਰ ਨੇ
'ਕੀਤੀ ਸੇਵਾ ਅੱਤਿ ਮੇਰੀ ਰਾਣੀਏ!
'ਤਾਂਤੇ ਮੇਰੀ ਥਾਉਂ– ਰਾਜੇ ਏਸ ਨੂੰ
'ਮੇਰੀ ਮੇਰੀ ਥਾਉਂ– ਸਮਝੀਂ ਏਸ ਨੂੰ।
'ਮੈਨੂੰ ਲਿਆ ਵਿਛੋੜ ਤੈਥੋਂ ਮੌਤ ਨੇ;
'ਹੋਇਆ ਨਿੱਤ ਵਿਯੋਗ –ਮਿਲਨਾ ਫੇਰ ਨਾ।
'ਤੂੰ ਅਬਲਾ ਹੈਂ ਨਾਰ ਸਕੇਂ ਗੁਜ਼ਾਰ ਨਾ
'ਉਮਰਾ ਵਿਚ ਸੰਸਾਰ ਇੱਕ ਇਕੱਲੜੀ:
'ਇਹੁ ਮੇਰਾ ਹੈ ਮੀਤ ਰਾਖੀ ਤੁੱਧ ਦੀ
'ਕਰਸੀ ਹਿਤ ਚਿਤ ਨਾਲ, ਪ੍ਰਣ ਨੂੰ ਪਾਲਸੀ।
'ਸੋ ਕਰਨੀ ਪਰਤੀਤ, ਰਾਜ ਸਮਾਜ ਨੂੰ,
'ਅਪਣਾ ਨਾਲ ਸਰੀਰ ਮਿਤ੍ਰ ਸੁ ਏਸ ਨੂੰ।
'ਦੇਣਾ ਐਕੁਰ ਸੌਂਪ, ਜਿੱਕੁਰ ਆਪਣੇ
'ਹਿਤੂ ਪਿਆਰੇ ਹੱਥ ਸਭ ਕਿਛ ਸੌਂਪੀਏ।
'ਛੇਕੜ ਫਤੇ ਗਜਾਉਂ ਰਾਣੀ ਮੇਰੀਏ!
'ਤਾਕਤ ਰਹੀ ਨ ਮੂਲ, ਡਿਗਦੀ ਜਾਇ ਹੈ
'ਹੱਥੋਂ ਕਾਨੀ ਏਹ, ਫਤੇ ਪਿਆਰੀਏ!
(ਦਸਖਤ– ਸੂਰਤ ਸਿੰਘ')

ਸੁਣ ਚਿੱਠੀ ਬਿਰਤਾਂਤ ਰਾਣੀ ਲੈ ਲਿਆ
ਡਾਢਾ ਡੂੰਘਾ ਸਾਹ ਠੰਢਾ ਠਾਰਵਾਂ;
ਮੱਥੇ ਤੇ ਹਥ ਫੇਰ, ਦੇਖ ਅਕਾਸ਼ ਨੂੰ,
ਨਜ਼ਰ ਨ ਪਾਈ ਮੂਲ ਗੋਲੀ ਵੱਲ ਨੂੰ–
ਕਹੇ: 'ਦੁਹਾਈ ਰੱਬ ! ਮਾਤਾ ਮੇਰੀਏ !
'ਇਹ ਪਾਤੀ ਨਹਿੰ ਮੂਲ ਮੇਰੇ ਕੰਤ ਦੀ:
'ਕਦੀ ਨ ਸੱਕਾਂ ਮੰਨ, ਨਹੀਂ ਸ਼ੁਦੈਣ ਮੈਂ
'ਸ੍ਵਾਮੀ ਚਰਨਾਂ ਨਾਲ ਮੇਰੀ ਦੇਹ ਏ
'ਹੋਈ ਸੀਗੀ ਇੱਕ, ਵਿੱਥ ਨ ਸੀ ਰਤੀ,
'ਹੋਯਾ ਸੀ ਇਕ ਵੇਗ ਦੋਹਾਂ ਦੇ ਵਿਖੇ;

'ਲਹੂ ਨਾੜੀਆਂ ਵਿੱਚ ਇੱਕੋ ਚਾਲ ਦਾ
'ਵਗਦਾ ਸਾਂਝੇ ਜੋਸ਼ –ਸਾਂਝੇ ਗੇੜ ਲੈ !
'ਸੋ ਜਦ ਚਿੱਠੀ ਖੋਲ੍ਹ ਲੀਤੀ, ਮਾਉਂ ਜੀ !
'ਲਹੂ ਆਪਣੇ ਨਾਲ ਮੇਰੇ ਕੰਤ ਨੇ,
'ਕਿਹਾ, ਲਿਖੀ ਜੋ ਆਪ ਵਿੱਚ ਮਦਾਨ ਦੇ,
'ਲਹੂ ਓਸ ਨੂੰ ਦੇਖ ਪਿਆ ਜੁ ਪੱਤ੍ਰ ਤੇ
'ਲਹੂ ਨ ਖਾਧਾ ਜੋਸ਼ ਨਾੜੀ ਮੇਰੀਆਂ।
'ਉਲਟਾ ਗੁੱਸਾ ਖਾਇ ਮੇਰੇ ਖ਼ੂਨ ਨੇ
'ਕੌੜਾ ਦਿੱਤਾ ਭੇਜ ਪਾਣੀ ਅੱਤ ਦਾ,
'ਆ ਅੱਖਾਂ ਦੇ ਵਿੱਚ ਜਿਸਨੇ ਨੀਰ ਹੋ
'ਦਿੱਤੀ ਪੜ੍ਹਨ ਨ ਏਹ ਮੈਨੂੰ ਪੱਤ੍ਰਿਕਾ।
'ਲਹੂ ਮਹਿੰਡੇ ਸੂਗ ਖਾਧੀ ਐਤਨੀ
'ਦਰਸ਼ਨ ਕਰਨ ਨ ਦੇਹ ਓਪ੍ਰੇ ਖ਼ੂਨ ਦਾ;
'ਆਖੇ: "ਦੇਖ ਨ ਏਹ, ਏ ਹੈ ਓਪਰਾ,
' "ਪਤੀ ਲਹੂ ਦਾ ਭਾਵ, ਇਸ ਵਿਚ ਭੋਲੀਏ !
' "ਧਾਰ ਨ ਬੈਠੀਂ ਮੂਲ, ਧੋਖਾ ਖਾਇੰ ਨਾ:
' "ਰਹੇ ਪਤਿਬ੍ਰਤ ਭਾਵ ਤੇਰਾ ਨਿੱਤ ਹੀ,
' "ਨਿਰਮਲ ਵਾਂਙ ਬਲੌਰ ਡਲ੍ਹਕਾਂ ਮਾਰਦਾ"।
'ਵਾਰ ਵਾਰ ਮੈਂ ਜ਼ੋਰ ਲਾ ਲਾ ਥੱਕੀਆਂ,
'ਹੁੰਦਾ ਜੇ ਇਹ ਠੀਕ ਲਿਖਿਆ ਖ਼ੂਨ ਦਾ
'ਜੋ ਸੀ ਫਿਰਦਾ ਵਿੱਚ ਸ਼ਹੁ ਦੀ ਨਾੜੀਆਂ,
'ਨੱਕ ਨ ਵਟਦਾ ਮੂਲ ਮੇਰਾ ਖ਼ੂਨ, ਮਾਂ !
'ਗਲ ਪੱਤਰ ਨੂੰ ਲਾਇ ਭਾਰੀ ਮੈਂ ਹੁਈ,
'ਉਪਜਜਾ ਨਾਹੀਂ ਸੁੱਖ ਮੇਰੇ ਅੰਦਰੇ।'

ਸੁਣ ਮਾਤਾ, ਵਿਚ ਕੰਨ ਧੀ ਨੂੰ ਆਖਦੀ:
'ਵਹਿਮਾਂ ਨਾਲ ਵਿਚਾਰ ਕਰਨੀ ਤਜਾਗ ਦੇ;
'ਸੋਚ, ਹੋਸ਼ ਸੰਭਾਲ ਨੀਤਿ ਵਿਚਾਰ ਲੈ,
'ਯੁਕਤੀ ਤੁਲਵੀਂ ਨਾਲ ਕਰੀਂ ਨਿਤਾਰ ਤੂੰ।'

ਛਾਤੀ ਤੇ ਹਥ ਰੱਖ ਰਾਣੀ ਆਖਦੀ:
'ਗੁਰੂ ਦੁਹਾਈ,ਹਾਇ, ਮੰਨੀਂ ਨਾਂ ਕਦੇ
'ਇਹ ਚਿੱਠੀ ਨਹਿੰ ਕੰਤ ਮੇਰੇ ਦੀ ਲਿਖੀ।
'ਕੀ ਸੀ ਔੜ੍ਹੀ ਮੌਤ ਮੇਰੇ ਸੰਤ ਨੂੰ,
'ਦੇਖ ਮੌਤ ਦਾ ਰੂਪ ਆਖੇ 'ਹਾਇ' ਓ
'ਕਦੀ ਨ ਮੰਨਾ, ਮੰਨ ਕਦੀ ਨ ਸੱਕਦੀ;
'ਸਿੱਖ ਨ ਮੰਨਸੀ ਕੋਇ ਪੁੱਛੀਂ ਜਾ ਕਿਸੇ।
'ਜੰਗ ਵਿੱਚ ਜੇ ਮੌਤ ਆਵੇ ਸਿੱਖ ਨੂੰ
'ਉਹ ਆਖੇ ਫਿਰ "ਹਾਇ ਆਈ ਮੌਤ ਹੈ?"
'ਸਿੱਖ ਨ ਜਾਣੀਂ ਮੂਲ, ਕਾਇਰ ਹੋਵਸੀ।
'ਸੂਰ, ਬੀਰ, ਵਰਿਯਾਮ, ਜੋਧਾ ਸੀ ਪਤੀ
'ਸੱਕੇ ਧਰਤਿ ਕੰਬਾਇ ਜੰਬੇ ਨਾਲ ਓ;
'ਉਸ ਨੇ ਜਿੱਤੀ ਮੌਤ ਬੰਨ੍ਹਜਾਂ ਕਾਲ ਨੂੰ
'ਕੈਦਣ ਤੋਂ ਡਰ ਖਾਇ ਸੱਚਾ ਸੂਰ ਓ ?
'ਮੈਂ ਮੰਨਾ ਨਹੀਂ ਹਾਇ, ਜਾਣਾਂ ਭੇਤ ਮੈਂ।
'ਗੁਰੂ ਕਹਿਣ ਦਸਮੇਸ਼,– ਮੇਰੀ ਦੇਹ ਜੋ
'ਰਣ ਤੱਤੇ ਹੋ ਅੰਤ ਸਨਮੁਖ ਜੂਝਦੇ।
'ਗੁਰਮੁਖ ਉਸ ਦਾ ਸਿੱਖ ਆਖੇ ਆ ਗਈ
'ਮੈਨੂੰ 'ਹਾਇ' ਮੌਤ, ਜੁਧ ਵਿਚਕਾਰ ਹੈ!
'ਸੱਕੇ 'ਹਾਇ' ਨ ਆਖ ਸਾਈਂ ਮੈਂਡੜਾ।
'ਅੰਮਾਂ ! ਕਰੀਂ ਵਿਚਾਰ ਨਿਸਚਾ ਕੰਤ ਦਾ,
'ਤੈਨੂੰ ਦਿਆਂ ਸੁਣਾਇ, ਸਿੱਟਾ ਆਪ ਤੂੰ
'ਆਪੇ ਲਈਂ ਨਿਕਾਲ ਅਪਣੇ ਵਾਸਤੇ।
' "ਮੌਤ ਅਹੇ ਇਕ ਦ੍ਵਾਰ ਸੱਚੇ ਖੰਡ ਦਾ"
' "ਇਹ ਸੀ ਨਿਸਚਾ ਪੱਕ ਰਾਣੇ ਦੇ ਰਿਦੇ:
' "ਸੱਚੇ ਸਾਰੇ ਸਿੱਖ ਸਚਖੰਡ ਜਾਂਵਦੇ;
' "ਸੱਭੇ ਵਿੱਚ ਉਮੈਦ ਮਿਲਨਾ ਓਸ ਥਾਂ
' "ਮੌਤ ਸਮੁੰਦ੍ਰੋਂ ਪਾਰ ਕੱਠੇ ਹੋਵਸਾਂ;
' "ਦੇਹ ਨ ਹੋਸੀ ਮੂਲ ਮਨ ਨਾ ਹੋਵਸੀ;
' "ਕੇਵਲ ਨਿਰਮਲ ਰੂਪ ਆਤਮ ਹੋਵਸਾਂ:
' "ਇਕ ਰਸ ਸੁੱਖ ਸਰੂਪ ਰਹਿਸਾਂ ਨਿੱਤ ਹੀ।"
'ਜਦ ਇਹ ਜਾਣਨ ਸੱਚ ਮੇਰੇ ਕੰਤ ਜੀ
'ਫਿਰ ਕਯੋਂ ਡੋਲਣ, ਮਾਉਂ ! ਲਿਖਦਜਾਂ ਪੱਤ੍ਰ ਏ।
' 'ਫਿਰ ਹੁਣ ਮਿਲ ਨਾ ਨਾਂਹ' ਸਕਣ ਨ ਲਿੱਖ ਓ।
'ਭੈ ਦਾਇਕ ਹੋ ਮੌਤ ਭਾਸੇ ਪਾਪੀਆਂ,
'ਚੂਹਜਾਂ ਨੂੰ ਭੈ ਦੇਇ ਬਿੱਲੀ ਜਿੱਕੁਰਾਂ,
'ਕਰਦੀ ਚੂਹਜਾਂ ਘਾਤ ਮੂੰਹ ਜਿਸ ਨਾਲ ਹੈ


www.sikhbookclub.com

'ਓਸੇ ਮੂੰਹ ਦੇ ਨਾਲ ਪਕੜ ਬਲੂੰਗੜੇ
'ਕੁੱਛੜ ਵਾਂਕੂ ਚੱਕ ਫਿਰਦੀ ਦੇਖੀਏ,
'ਅਜਾ ਨ ਲੱਗਣ ਦੇਇ ਦੰਦਾਂ ਦੀ ਰਤੀ।
'ਤਿਵੇਂ ਗੁਰਮਖਾਂ ਜੋਗ ਮੌਤ ਪੁਚਾਂਵਦੀ
'ਇਸ ਲੋਕੋਂ ਹੈ ਪਾਰ ਬਿਨ ਦੁਖ ਚਿੱਤਿਆਂ,
'ਡਰਦੇ ਤਾਂਤੇ ਨਾਹਿੰ ਗੁਰਮੁਖ ਓਸ ਤੋਂ।
'ਪਾਪੀ ਆਖਣ, 'ਹਾਇ'! ਮੌਤ ਵਿਛੋੜਸੀ'

'ਧਰਮੀ ਆਖਣ, 'ਏਹ ਰੱਬੀ ਹੈ ਰਜ਼ਾ,
' 'ਮੌਤ ਨ ਬੁਰੀ ਬਲਾਇ, ਘੱਲੀ ਆਂਵਦੀ।'
'ਧਰਮੀ ਚੱਖਣ ਮੌਤ ਜੀਉਂਦੇ ਜਾਗਦੇ,
'ਜੀਉਂਦੇ ਮਰ ਕੇ ਫੇਰ ਜੀਵਨ ਪਾਂਵਦੇ;
'ਇਹ ਨਿਸਚਾ ਸੀ, ਮਾਉਂ! ਮੈਂ ਸਿਰਤਾਜ ਦਾ।
'ਏਸ ਭਰੋਸੇ ਨਾਲ ਮੇਲੀਂ ਪੱਤ੍ਰਿਕਾ,
'ਛਾਣੀ ਸਚੋਂ ਝੂਠ, ਤੱਤ ਨਿਤਾਰ ਲੈ।

'ਫਿਰ ਇਕ ਹੋਰ ਵਿਚਾਰ ਫੁਰਦੀ, ਮਾਉਂ ਜੀ!
'ਪਤੀ ਸਦਾ ਇਹ ਵਾਕ ਸੀਗੇ ਆਖਦੇ:-
' "ਸਭ ਦਾ ਰਾਖਾ ਆਪ ਹੈ ਓ ਰੱਬ ਜੀ,
' "ਮਾਣਸ ਸੰਦੀ ਟੇਕ ਝੂਠੀ ਹੋਂਵਦੀ।"
'ਸੱਚੇ ਦੀ ਓ ਟੇਕ ਸੱਚੀ ਜਾਣਦੇ:
'ਜਿਸ ਦੇ ਦਿਲ ਪਰਪੱਕ ਇਹੁ ਵਿਸ਼ਵਾਸ਼ ਹੋ,
'ਕੀਕੁਰ ਲਿਖ ਓ ਜਾਇ ਮੈਨੂੰ ਆਪ ਹੀ,
' "ਤੈਨੂੰ ਦਿੱਤਾ ਸੌਂਪ ਇਕ ਮਨੁੱਖ ਨੂੰ?"
'ਐਸੇ ਪੋਲੇ ਵਾਕ, ਨਿੱਗਰ ਬੁੱਧਿ ਦੇ
'ਕੋਟ ਪਤੀ ਜੀ ਆਪ, ਲਿਖਣ ਨ ਜਾਣਦੇ।

'ਨੀਤੀ ਇੱਕ ਵਿਚਾਰ ਦੱਸਾਂ ਮਾਉਂ ਜੀ!
'ਸਿੱਖਾਂ ਨਾਲ ਦੁਵੈਖ ਰਾਜ ਕਲੂਰ ਨੂੰ
'ਮੁੱਢ ਕਦੀਮੋਂ ਲਾਗ ਤੁਰਿਆ ਆਂਵਦਾ।
'ਸਿੱਖਾਂ ਵੱਲੋਂ ਏਹ ਗਿਆ ਨ ਸੀ ਕਦੇ
'ਜੰਗ ਕਿਸੇ ਹੀ ਵਿੱਚ ਕੁੱਮਕ ਵਾਸਤੇ।
'ਨਾ ਉਸ ਰਣ ਵਿਚਕਾਰ, ਤੁਰਕਾਂ ਨਾਲ ਵੀ
'ਗਿਆ ਨ ਸੀ ਕੈਲੂਰ, ਮੈਨੂੰ ਹੈ ਪਤਾ।
'ਅਪਣੇ ਮਹਿਲਾਂ ਵਿੱਚ ਰੰਗ ਮਨਾਂਵਦਾ।
'ਰਿਹਾ ਆਪਣੇ ਦੇਸ਼, ਗਿਆ ਨ ਸੀ ਝਿਕਾਂ
'ਕਦ, ਕਿਸ ਵੇਲੇ ਦੱਸ! ਪਜਾਰੇ ਕੰਤ ਦੇ
'ਆਯਾ ਵਿੱਚ ਮਦਾਨ ਕੰਮ ਕਲੂਰੀਆ?
'ਫਿਰ ਤੂੰ ਪੜ੍ਹਿਆ ਆਪ ਚਿੱਠੀ ਵਿਚ ਹੈ
'ਅਪਣਾ ਦਿਆਂ ਸਰੀਰ ਰਾਇ ਕਲੂਰ ਨੂੰ,
'ਰਾਜ ਭਾਗ ਬੀ ਨਾਲ ਸੌਂਪਾਂ ਆਪਣਾ,
'ਏਹੋ ਹੀ ਹੈ ਭੇਤ ਵਿਚਲਾ ਮਾਂਉਂ ਜੀ!
'ਚਿੜੀਆਂ ਵਾਂਙ ਅਫੇਕ ਪੈ ਜਾਂ ਪਿੰਜਰੇ,
'ਬਿਨਾਂ ਜੰਗ, ਬਿਨ ਸ਼ੋਰ ਫੰਧੇ ਮੈਂ ਫਸਾਂ।

'ਸ਼ਾਇਦ ਰਾਇ ਕਲੂਰ ਵਾਕਫ ਹੈ ਨਹੀਂ-
'ਰਾਜਪੂਤ ਦੀ ਧੀਅ ਉੱਤਮ ਬੰਸ ਮੈਂ
'ਉੱਤੋਂ ਸਿੱਖੀ ਪਾਣ ਤਿੱਖੀ ਹੈ ਚੜ੍ਹੀ;
'ਕਲਗੀਧਰ ਦਸਮੇਸ਼ ਜਿਸਦਾ ਅੰਮੀਏ!
'ਪੀ ਅੰਮ੍ਰਿਤ ਮੈਂ ਆਪ ਹੋਈ ਸਿੱਖ ਹਾਂ;
'ਮੈਂ ਪੁੱਤ੍ਰੀ ਦਸਮੇਸ਼ ਜਿਸ ਦੇ ਸੀਸ ਤੇ
'ਕਲਗੀ ਅਣੀਆਂਦਾਰ ਲਿਸ਼ਕਾਂ ਮਾਰਦੀ
'ਜਿਸਦੇ ਦਿਲ ਵਿਚ ਆਣ ਉਸ ਦੀ ਹੈ ਵਸੇ।
'ਫਿਰ ਲੜ ਲਾਈ ਆਪ ਉਸ ਦੇ ਸੀ ਤੁਸਾਂ।
'ਜੋ ਸੀ ਗੁਰਮੁਖ ਆਪ ਸੱਚਾ ਬੀਰ ਸੀ:
'ਚਰਨਾਂ ਸੰਦੀ ਦਾਸਿ ਉਸ ਦੀ ਹੋਇਕੇ
'ਮੈਥੋਂ ਕਰੇ ਉਮੈਦ ਕੋਈ ਆਦਮੀ
'ਧਰਮ ਦਏਗੀ ਹਾਰ ਹੀਲੇ ਏ ਕਿਸੇ!
'ਉਸ ਨੂੰ ਜਾਣੋਂ ਮੂੜ੍ਹ, ਸਿੱਖੀ ਦੀਨ ਤੋਂ
'ਹੈ ਓ ਨਿਰਾ ਅਜਾਣ, ਉਹ ਨਹਿੰ ਜਾਣਦਾ
'ਸਿੱਖ ਹੋਣ ਕੀ ਚੀਜ਼? ਕਰਤਬ ਕੀ ਇਨ੍ਹਾਂ?
'ਸਰਪ ਕੁੰਜ ਦੇ ਵਾਂਙ ਸਿੱਖ ਤਿਆਗਦੇ
'ਦੇਹੀ ਨੂੰ, ਇਹ ਜਾਣ,- ਹੈ ਛਿਨ ਭੰਗਰੀ,
'ਪਰ ਨਾ ਕਰਨ ਤਿਆਗ ਧਰਮ ਨਿਬਾਹੁੰਦੇ
'ਸੁਆਸਾਂ ਅਪਣਜਾਂ ਨਾਲ, ਟੁਕੜੇ ਜਾਣ ਹੋ।
'ਮੈਂ ਬੀ ਧਰਮ ਨ ਹਾਰ ਖੇਡਾਂ ਜਿੰਦ ਤੇ;
'ਟੁਕ ਟੁਕ ਟੁਕੜੇ ਹੋਇ ਧਰਮ ਨ ਹਾਰਸਾਂ।
'ਮੋਇਆ ਮੇਰਾ ਕੰਤ ਭਾਣੇ ਜੱਗ ਦੇ
'ਮੈਨੂੰ ਮਰਿਆ ਨਾਂਹ, ਹਰਦਮ ਜੀਂਵਦਾ।

'ਲੋਕਾਂ ਭਾਣੇ ਠੀਕ ਵਿਧਵਾ ਹੋਈਆਂ
'ਅਪਣੇ ਭਾਣੇ ਆਪ ਅਹਾਂ ਸੁਹਾਗਣੀ:
'ਅਮਰ, ਅਟੱਲ, ਸਦੀਵ ਮੇਰਾ ਹੈ ਪਤੀ।
'ਉਸ ਕੰਤ ਨੇ ਆਪ ਅੱਖੀਂ ਮੇਰੀਆਂ
'ਖੋਲ੍ਹ, ਕਪਟ ਨੂੰ ਦੂਰ ਕੀਤਾ ਆਪ ਹੈ।
'ਮੇਰੇ ਨੈਣਾਂ ਜੋਗ ਪਰਦਾ ਨਾ ਰਿਹਾ
'ਦੇਖਾਂ ਪਾਰ ਦੁਸਾਰ ਰੋਕ ਨ ਹੈ ਰਤੀ।
'ਮੈਨੂੰ ਦਿੱਸੇ ਨਾਂਹ ਮੋਇਆ ਕੰਤ ਹੈ:
'ਜੁਗ ਜੁਗ ਜੀਵੇ ਕੰਤ ਮੈਂਡੇ ਸੀਸ ਤੇ।
'ਲੋਕੀਂ ਆਖਣ ਇੱਕ ਸੁਰਮਾ ਹੋਂਵਦਾ
'ਜੋ ਅੱਖਾਂ ਵਿਚ ਘੱਤ ਲੈਂਦਾ ਓਸਨੂੰ
'ਦੇਖ ਨ ਸੱਕੇ ਕੋਇ, ਪਰ ਉਹ ਦੇਖਦਾ;
'ਉਹ ਸੁਰਮਾ ਹੈ ਮੌਤ, ਧਰਮੀ ਪਾਂਵਦੇ।
'ਲੋਕੀਂ ਸਕਣ ਨ ਦੇਖ ਓਨ੍ਹਾਂ ਧਰਮੀਆਂ,
'ਪਰ ਲੋਕਾਂ ਨੂੰ ਓਹ ਦੇਖਣ ਸੋਹਿਣੇ।
'ਤਿਕੁਰ ਮੇਰਾ ਕੰਤ ਮੋਇਆ ਹੈ ਨਹੀਂ,
'ਸੁਰਮਾਂ ਅੱਖੀਂ ਪਾਇ ਰਹਿੰਦਾ ਹੈ ਸਦਾ
'ਅੰਗ ਸੰਗ ਮੈਂ ਨਾਲ ਦਿਸਦਾ ਨਾ ਕਿਸੇ।'

ਇਹ ਕਹਿ ਵੱਲ ਅਕਾਸ਼ ਫਿਰ ਉਸ ਵੇਖਿਆ,
ਚਿਹਰੇ ਅੱਖਾਂ ਰੰਗ ਹੋਰ ਵਟਾਇਆ।
ਪ੍ਰੇਮਣ ਰਾਣੀ ਰਾਜ ਧਰਮ ਸਰੂਪ ਹੈ,
ਪਰਮ ਧੀਰ ਦੇ ਨਾਲ ਰੰਗੀ ਹੈ ਗਈ,
ਚਿਹਰਾ ਡਾਢੀ ਭਾਹ ਪਜਾਜ਼ੀ ਰੰਗ ਦੀ
ਨਾਲ ਤੇਜ ਪਰਭਾਵ ਚਮਕ ਸੁ ਉੱਠਿਆ,
ਜਬ੍ਹਾ ਭਰ ਗਿਆ ਨੈਣ- ਰੰਗ ਹਕੂਮਤੀ,
ਭਰੀ ਗਈ ਹੈ ਨਾਲ ਬੜੀ ਗੰਭੀਰਤਾ।
ਗੋਲੀ ਰਾਇ ਕਲੂਰ ਸਨਮੁਖ ਸੀ ਖੜੀ
ਕਰ ਰੁਖ਼ ਉਸ ਦੀ ਵੱਲ ਉਸ ਨੂੰ ਆਖਦੀ-

'ਹੇ ਗੋਲੀ ਬੁਧਿਵਾਨ ! ਕਹੁ ਤੂੰ ਜਾਇਕੇ
'ਰਾਇ ਕਲੂਰ ਸੰਗ ਉੱਤਰ ਏਸਦਾ-
'ਪਤੀ ਨ ਮਰਿਆ ਮੂਲ ਉਹ ਨਿਤ ਜੀਉਂਦਾ
'ਸਿਰ ਤੇ ਖੜਾ ਅਟੱਲ ਮੇਰੇ ਹੈ ਸਦਾ,
'ਵਸਦਾ ਮੇਰੇ ਨਾਲ, ਰਖਦਾ, ਪਾਲਦਾ,
'ਤਖਤੋਂ ਤਾਜ ਸੰਭਾਲ ਸਾਂਭੇ ਫੌਜ ਨੂੰ।
'ਤੁਹਾਡੀ ਹਾਂ ਮੈਂ ਭੈਣ, ਮੇਰੇ ਵੀਰ ਹੋ,
'ਰਖੀਓ ਸਦਾ ਨਿਗਾਹ ਭ੍ਰਾਵਾਂ ਵਾਲੜੀ।
'ਮਰ ਗਿਆ ਮੇਰਾ ਕੰਤ ਸਮਝੋ ਨਾ ਕਦੇ
'ਸਦਾ ਜਾਗਤੀ ਜੋਤ ਉਸ ਨੂੰ ਜਾਣਨਾਂ।
'ਉਹਲੇ ਭਾਵੇਂ ਹੋਇ ਮੋਤਜੇਬਿੰਦ ਤੋਂ,
'ਸਾਫ ਨਜ਼ਰ ਨੂੰ ਸਾਫ ਨਜ਼ਰੀ ਆਂਵਦਾ।
'ਮੇਰੇ ਸਿਰ ਤੇ ਆਪ ਠਾਢਾ ਓ ਸਦਾ
'ਰੱਖਜਾ ਕਰਦਾ ਆਪ, ਧਰਮ ਨਿਬਾਹੁੰਦਾ।
'ਜਦ ਹੋਯਾ ਸੀ ਵਜਾਹ, ਪਜਾਰੇ ਕੰਤ ਨੇ
'ਸਨਮੁਖ ਸ੍ਰੀ ਗੁਰ ਗ੍ਰੰਥ ਕਰੀ ਪ੍ਰਤੱਗਿਆ,
' 'ਰੱਖਜਾ ਅੰਤ ਪ੍ਰਯੰਤ, ਤੇਰੀ ਮੈਂ ਕਰਾਂ।'
'ਉਨ੍ਹਾਂ ਭੁਲਾਈ ਨਾਹਿੰ ਇਹ ਪ੍ਰਤੱਗਿਆ।
'ਜਿਸ ਨੂੰ ਜਾਣੋਂ ਮੌਤ ਤਸੀਂ ਸਿਆਨੜੇ,
'ਉਸ ਨੂੰ ਬੀ ਉਹ ਟੱਪ ਭੁੱਲਜਾ ਹੈ ਨਹੀਂ
'ਗੁਰ ਸਨਮੁਖ ਜੋ ਆਪ ਕਰੀ ਪ੍ਰਤੱਗਿਆ,
'ਕਰਦਾ ਠੀਕ ਨਿਬਾਹ ਅਪਨੇ ਕੌਲ ਦਾ।
'ਜੀਉਂਦੀ ਮੈਂ ਭੁੱਲ ਜਾਉਂ ਕੀਕੁਰ ਨੇਮ ਨੂੰ?
'ਨੇਮ ਜੁ ਕੀਤੇ ਨਾਲ ਪਜਾਰੇ ਕੰਤ ਦੇ।
'ਜੇ ਮੈਂ ਨੇਮ ਵਿਸਾਰ ਧਰਮੋਂ ਉੱਖੜਾਂ,
'ਕਿਤਨਾ ਲਗੇ ਕਲੰਕ ਕੁਲ ਰਜਪੂਤ ਨੂੰ,
'ਕਹਿਸਨ ਲੋਕ ਧ੍ਰਿਕਾਰ ਕੁਲ ਨੂੰ ਆਪਦੀ।
'ਰਾਜਪੂਤ ਹੋ ਆਪ ਇਉਂ ਸੁਣ, ਵੀਰ ਜੀ!
'ਜਾਸੋ ਦੋਸੇ ਠੀਕ, ਕੀਕੁਰ ਜੀਵਸੋ ?
'ਤੁਹਾਡੀ ਕੁਲ ਅਕਲੰਕ ਰਖਣ ਹੇਤ ਬੀ
'ਮੈਨੂੰ ਬਣਦਾ ਏਹ ਪਾਲਾਂ ਨੇਮ ਨੂੰ।
'ਭਲਾ ਹਿ ਕੀਤਾ ਆਪ ਪੱਤਰ ਭੇਜ ਕੇ
'ਪ੍ਰੀਖਯਾ ਕੀਤੀ ਠੀਕ ਅਪਨੀ ਭੈਣ ਦੀ,
'ਦੇਖਣ ਨੂੰ ਇਹ ਬਾਤ,- ਭੈਣ ਇੱਕਲੜੀ
'ਸ਼ਰਮ ਧਰਮ ਨਿਰਬਾਹ ਪਾਕੇ ਰਾਜ ਨੂੰ
'ਕਰ ਸੱਕੂ ਕੇ ਨਾਹਿੰ ਭਲਿਆਂ ਵਾਕੁਰੇ?
'ਪਰਤਾਵਾ ਹੁਣ ਆਪ ਕੀਤਾ ਹੈ ਤੁਸਾਂ,

'ਕਰੋ ਤੌਖਲਾ ਨਾਹਿੰ, ਭੈਣ ਅਡੋਲ ਹੈ;
'ਲੋੜ ਨ ਸੀਗੀ ਮੂਲ ਕਰਨੇ ਦੀ ਤੁਸਾਂ .
'ਖ਼ਤਰਾ ਤੇ ਪਰਤਾਉ ਮੇਰਾ- ਭੈਣ ਦਾ।
'ਜੇ ਹੁੰਦੀ ਰਜਪੂਤ ਪਾਹੋਂ ਸੱਖਣੀ
'ਤਦ ਕੁਛ ਖਤਰੇ ਥਾਂਉਂ ਸ਼ਾਇਦ ਹੋਂਵਦੀ।
' 'ਕੋਰੇ ਰੰਗੁ ਨ ਸੋਇ' 'ਪਾਹੈ ਬਾਹਰਾ'
'ਇਹ ਸੁੰਦਰ ਹੈ ਵਾਕ ਸਤਿਗੁਰ ਆਖਿਆ।
'ਮੈਨੂੰ ਲੱਗੀ ਪਾਹ ਸੱਚੇ ਪਜਾਰ ਦੀ,
'ਚੜ੍ਹਿਆ ਅੰਮ੍ਰਿਤ ਰੰਗ ਲਾਲ ਚਲੂਲੜਾ।
'ਜਿਉਂ ਲੋਹਾ ਫੌਲਾਦ ਖਾਣੋਂ ਕੱਢਕੇ
'ਕਰ ਮਿੱਟੀ ਤੋਂ ਵੱਖ ਤਾ ਕੇ ਕੁੱਟੀਏ,
'ਲਈਏ ਸ਼ਸਤ੍ਰ ਬਨਾਇ ਜੋ ਮਨ ਭਾਉਂਦਾ,
'ਫਿਰ ਉਸ ਦੇਈਏ ਪਾਣ ਸ਼ੋਰੇ ਵਾਲੜੀ,
'ਸੰਸਾ ਰਹੇ ਨ ਫੇਰ,- ਇਹ ਝੁਕ ਜਾਵਸੀ,
'ਤਿਉਂ ਪਾ ਅੰਮ੍ਰਿਤ ਪਾਣ ਹੁਈ ਅਝੁੱਕ ਹਾਂ।
'ਨਾਲੇ ਸਿਰ, ਗੁਰ, ਛਾਂਉਂ ਗੋਬਿੰਦ ਸਿੰਘ ਦੀ;
'ਸੱਤਜਾ ਦੇਂਦੀ ਨਿੱਤ ਕਰਦੀ ਰੱਖਿਆ:
'ਫਿਰ ਭੈ ਖ਼ਤਰਾ ਕੀਹ ਸੋਚੋ ਵੀਰ ਜੀ?
'ਫਿਰ ਸਿੱਖਾਂ ਦੀ ਫੌਜ ਵਿਚ ਪੰਜਾਬ ਦੇ
'ਹੈ ਡਾਢੀ ਬਲਵਾਨ ਅਨਖਾਂ ਵਾਲੜੀ;
'ਧਰਮਵੀਰ ਹਨ ਸੱਭ ਮੇਰੇ, ਜਾਣਨੇ;
'ਸਦਾ ਸਹਾਈ ਓਹ ਮੇਰੇ, ਵੀਰ ਜੀ !
'ਅੰਤੇ ਕਰਾਂ ਉਚਾਰ ਮੈਂ ਇਕ ਬੇਨਤੀ:
'ਪਤਾ ਨਹੀਂ ਏਹ ਸੁਾਸ ਕਦ ਰੁਕ ਜਾਣਗੇ;
'ਸਿੱਖੀ ਲੇਵੋ ਧਾਰ -ਧਰਮ ਸੁਲੱਖਣਾ,
'ਆ ਜਾਵੇਗਾ ਸੁਾਦ ਜਨਮ ਮਨੁੱਖ ਦਾ।
'ਇਹ ਲੋਚੇ ਹੈ ਜੀਅ ਮੇਰਾ ਵੀਰ ਜੀ:
'ਭੈਣ ਜੁ ਆਤਮ ਸੁੱਖ ਮਾਣੇ ਸੋਹਿਣੇ,
'ਉਨ੍ਹਾਂ ਸੁਖਾਂ ਤੋਂ ਵੀਰ ਵਾਂਜਜਾ ਜਾਇ ਨਾ।
'ਸੁਣ ਮੇਰੇ ਸੰਦੇਸ਼ ਨਿੱਕੀ ਭੈਣ ਦੇ
'ਰਖਣੀ ਖਿਮਾ ਸਦੀਵ, ਮੇਰੇ ਵੀਰ ਜੀ!'

ਫਿਰ ਕੁਛ ਹੋਕੇ ਚੁੱਪ ਰਾਣੀ ਆਖਿਆ:
'ਇਹ ਮੇਰਾ ਸੰਦੇਸ਼ ਕੁੜੀਏ ! ਰਾਇ ਨੂੰ
'ਜਾਕੇ ਦੇਹਿ ਸੁਣਾਇ ਜੀਕੂੰ ਮੈਂ ਕਿਹਾ !
'ਅੱਖਰ ਵੱਧ ਕਿ ਘੱਟ ਕੋਈ ਨਾ ਕਰੀਂ।
'ਰੱਖ ਸਕੇਂ ਜੇ ਯਾਦ ਨਾ ਤੂੰ ਐਕੁਰਾਂ
'ਤਾਂ ਲਿਖ ਲੈ ਸੰਦੇਸ਼ ਜੀਕੂੰ ਮੈਂ ਕਿਹਾ।'

ਗੋੱਲੀ ਸੀ ਇਕ ਚੀਜ਼ ਪੜਛਾਂ ਵਾਲੜੀ,
ਇਕ ਵੇਰ ਦੀ ਗੱਲ ਸੁਣੀ ਨ ਭੁੱਲਦੀ,
ਸਿਰ ਨਿਵਾਇ ਹਥ ਜੋੜ ਕਹਿੰਦੀ: 'ਸੁਾਮਿਨੀ !
'ਅੱਖਰ ਅੱਖਰ ਯਾਦ ਮੈਂ ਕਰ ਹੈ ਲਿਆ,
'ਦੇਸਾਂ ਠੀਕ ਸੁਣਾਇ ਸਭ ਸੰਦੇਸੜਾ।'

ਲੈਕੇ ਇਹ ਸੰਦੇਸ ਗੋਲੀ ਤੁਰ ਗਈ
ਗੋਲੀ ਛੱਡ ਬੰਦੂਕ ਜਿੱਕੁਰ ਜਾਂਵਦੀ।
ਗੋੱਲੀ ਸੀ ਦਾਨਾਇ ਸਮਝੀ ਭੇਤ ਨੂੰ,
ਜਾਣ ਗਈ: 'ਇਹ ਵਿੱਚ ਪੂਰੀ ਹੋਸ਼ ਦੇ।
'ਕਮਲੀ ਹੈ ਨਹੀਂ ਏਹ, ਜਿੱਕੁਰ ਸੀ ਸੁਣੀ;
'ਪੂਰੀ ਧਰਮੀ ਏਹ, ਪੰਡਿਤ ਜਾਪਦੀ;
'ਸ਼ਰਮ ਸ਼ੀਲ ਵਿਚ ਲੀਨ ਉਚ ਆਚਾਰ ਹੈ
'ਸੂਰਬੀਰ ਬੀ ਫੇਰ ਅਣਖਾਂ ਵਾਲੜੀ;
'ਰਾਜਨੀਤਿ ਨੂੰ ਠੀਕ ਵਰਤਣ ਜਾਣਦੀ:
'ਕੌੜਾ ਬੋਲ ਨ ਬੋਲ ਬੋਲ ਵਿਗਾੜਦੀ
'ਫਿਰ ਡਰ ਖਾਂਦੀ ਨਾਹਿੰ, ਡਰ ਹੈ ਦੇਂਵਦੀ।
'ਇਹ ਫਸ ਜਾਵੇ ਜਾਲ, ਗੱਲ ਅਸੰਭਵੀਂ।
'ਹੈ ਦੇਵੀ ਧਰਮੱਗਜ ਪੂਜੇ ਹੈ ਪਤੀ;
'ਜਾਣੇ ਕਰ ਉਸ ਰਾਮ -ਸੰਤ ਪਛਾਣਦੀ:
'ਵਾਹੁ ਪਤਿਬ੍ਰੱਤ ਨਾਰ ! ਸੱਚੀ ਤੂੰ ਸਤੀ,
'ਪੈਸੀ ਦੁੱਖ ਮਹਾਨ ਤੈਨੂੰ ਛੇੜਿਆਂ।
'ਰਾਜੇ ਨੂੰ ਮੈਂ ਜਾਇ ਸਭ ਸਮਝਾਵਸਾਂ।'
ਕਰਦੀ ਇਉਂ ਵੀਚਾਰ, ਗੋੱਲੀ ਸੀ ਗਈ,
ਕਰ ਗੋਲੀ ਜਿਉਂ ਛੁਟ ਅਪਨੇ ਦੇਸ਼ ਨੂੰ।
ਪਰ ਜਦ ਮੈਲੋਂ ਬਾਰੁ ਸੀ ਓ ਨਿੱਕਲੀ।
ਉਸ ਦਾ ਜੋ ਸਨਮਾਨ ਬਣਦਾ ਰਜਾਸਤੋਂ
ਕਰਵਾਯਾ ਸੀ ਠੀਕ ਮੰਤ੍ਰੀ ਰਾਜ ਨੇ।
ਅੰਮਾਂ ਮੂਰਤ ਵਾਂਙ ਬੈਠੀ ਦੇਖਦੀ
ਧੀ ਦੇ ਚਿਹਰੇ ਵੱਲ ਭਰਿਆ ਜੋ ਜਜ਼ਬੇ,


www.sikhbookclub.com

ਫਿਰ ਗੁੱਸੇ ਦਾ ਵਾਕ ਬੋਲੀ ਇੱਕ ਨਾ।
ਕੁਲ ਦਾ ਨਾਤਾ ਦੱਸ ਰਾਇ ਕਲੂਰ ਨੂੰ
ਸ਼ਰਮਿੰਦਾ ਕਿਸ ਪਜਾਰ ਨਾਲ ਸੁ, ਕੀਤੜਾ।
ਪਤਿਬ੍ਰੱਤ ਅਪਨਾ ਭਾਵ ਧਰਮ ਸੁ, ਉੱਚੜਾ।
ਬਿਨ ਕੀਤੇ ਹੰਕਾਰ ਕੀਕੂੰ ਦੱਸਿਆ।
ਅਪਨ ਬੀਰਤਾ ਨਾਲ ਦੱਸੀ ਓਸ ਨੂੰ
ਮਾਰੀ ਫੇਰ ਨ ਸੱਟ ਉਦ੍ਹੇ ਹੰਕਾਰ ਨੂੰ।
ਸਿੱਖਾਂ ਦਾ ਡਰ ਦੇਇ ਸੁਹਣੇ ਅੱਖਰੀਂ
ਨੀਵਾਂ ਉਸ ਹੰਕਾਰ ਕਰਕੇ ਦੱਸਿਆ।
ਨੀਤੀ ਧਰਮ ਵਿਚਾਰ ਵਧਵੇਂ ਸੋਹਿਣੇ,
ਧੀ ਤੋਂ ਨਿਭਦੇ ਦੇਖ ਰਾਣੀ ਆਖਦੀ:-

'ਪਿਤਾ ਆਪਣੇ ਵਾਂਙ ਬੱਚੀ ਮੇਰੀਏ!
'ਤੂੰ ਅਕਲਾਂ ਦਾ ਕੋਟ ਨਿਪੁਨ ਸੁ ਨੀਤਿ ਹੈਂ
'ਵਹਿਣ ਤਜਾਗ, ਸੰਭਾਲ ਕਰੇਂ ਜਿ ਰਾਜ ਦੀ
'ਮਾਤ ਕਰੇਂ ਰਾਜਪੂਤ ਰਾਜੇ ਸਾਰੜੇ।'

ਫਿਰ ਦੋਵੇਂ ਹੱਥ ਜੋੜ ਉੱਪਰ ਤੱਕਦੀ
ਆਖੇ: 'ਗੁਰੂ ਕ੍ਰਿਪਾਲ! ਤੁੱਠੋ ਜੀ ਧੁਰੋਂ,
'ਬਚੜੀ ਤਾਂਈਂ ਪਾਰ ਵਹਿਣਾਂ 'ਚੋਂ ਕਰੋ:
'ਵਾਗ ਡੋਰ ਸੰਭਾਲ ਰਜਾਸਤ ਦੀ ਲਵੇ।

## ੧੧. ਪਰੀ ਮਹਿਲ-ਚੜ੍ਹਾਈ

ਚਲੀ ਗਈ ਹੈ ਰਾਤ ਪੱਛੋਂ ਦੇਸ ਨੂੰ
ਚਾਦਰ ਨਾਲ ਸਮੇਟ 'ਨ੍ਹੇਰੇ ਵਾਲੜੀ,
ਛਿਪਦੇ ਤਾਰੇ ਨਾਲ ਰੂਪ ਲੁਕਾਂਵਦੇ।
ਪਹੁਫੁਟ ਆਈ ਨਾਂਹ ਅਜੇ ਆਕਾਸ਼ ਤੋਂ,
ਨਾ ਚਾਨਣ, ਨਾ ਘੁੱਪ -ਘੁਸਮੁਸ ਛਾ ਰਹੀ,
ਪੰਛੀ ਜਾਗੇ ਨਾਹਿੰ ਸੁੱਤੇ ਆਲ੍ਹਣੀਂ।
ਚੁੱਪ ਚਾਂਗ ਚੌਫੇਰ ਸਮਾਂ ਇਕਾਂਤ ਦਾ
ਛਾਇਆ ਦੇਇ ਸੁਹਾਉ ਸ਼ਾਂਤੀ ਵੰਨ ਦਾ,
ਪੱਤ ਨ ਹਿੱਲੇ ਇੱਕ ਕੁਦਰਤ ਮੌਨ ਹੈ।
ਬੈਠੀ ਧੁਰ ਛਤ ਆਪ ਮਾਰੇ ਚੌਂਕੜੀ,
ਲਾਇ ਸਮਾਧ ਅਡੋਲ ਰਾਣੀ ਹੈ ਜੁੜੀ
-ਜੁੜੀ ਪਿਆਰੇ ਨਾਲ ਰਸ ਵਿਚ ਲੀਨ ਹੈ!
ਧੀਮੇ ਆਵਨ ਸ੍ਵਾਸ, ਹਿਰਦੇ ਸ਼ਾਂਤ ਹੈ:
ਦਿਲ ਰਾਣੀ ਦਾ ਧਾਪ ਤਬਲੇ ਵਾਕੁਰੇ
ਸਹਿਜੇ ਸਹਿਜੇ ਦੇਇ, ਮਾਨੋ ਵੱਜਦਾ
ਹਿਰਦੇ ਅੰਦਰ ਸਾਜ਼ ਤਾਲ ਪੁਰਾਵਣਾ।
ਬਿਰਤੀ ਸੁਰ ਵਿਚ ਠੀਕ, ਦਿਲ ਵਿਚ ਤਾਲ ਦੇ,
ਲੈ ਵਿਚ ਚਲਦੇ ਸ੍ਵਾਸ -ਧੀਮੀ ਲੈ ਚਲੇ:
ਬਣਿਆ ਖ਼ੂਬ ਸੰਗੀਤ ਅਪਣੇ ਅੰਦਰੀਂ।
ਰਾਣਾ ਸੂਰਤ ਸਿੰਘ ਬੱਧਾ ਧਜਾਨ ਦਾ
ਚਿੱਤ ਸਿੰਘਾਸਣ ਬੈਠ ਸੁਣਦਾ ਏਸ ਨੂੰ
-ਜਿੰਦ ਉਹਦੀ ਦੀ ਜਾਨ ਬਣਿਆਂ ਸੋਹਿਣੀ।

ਕੁਦਰਤ ਮੌਜਣ ਨਾਰ ਬਣ ਬਣ ਬੈਠਦੀ।
ਰੋਜ਼ ਕਈ ਇਕ ਵਾਰ ਭੇਸ ਵਟਾਉਂਦੀ:
ਕਾਲੀ ਚੱਦਰ ਤਾਣ ਸੌਂਦੀ ਰਾਤ ਨੂੰ,
ਰਾਤ ਬੀਤਣੇਂ ਨਾਲ ਮੈਲੀ ਓੜ੍ਹਦੀ,
ਚਿੱਟੀ ਪਹਿਨੇ ਖੁੰਬ ਪਹੁ ਦੇ ਆ ਗਿਆਂ,
ਪਤੀ ਮਿਲਸੁ ਜਦ ਆਇ ਪਹਿਨੇ ਪੀਲੜੇ,
ਸਾਰੇ ਦਿਨ ਵਿਚਕਾਰ ਰਹੇ ਪਿਤਾਂਬਰੀ।
ਲੌਢਾ ਬੀਤੇ ਫੇਰ ਬੱਗੇ ਪੈਨ੍ਹਦੀ,
ਸੰਧਜਾ ਮੈਲੀ ਫੇਰ ਚੱਦਰ ਤਾਣਦੀ,
ਰਾਤ ਪਈ ਤੇ ਸ਼ਾਹ ਕਾਲੀ ਓੜ੍ਹਦੀ:
ਇੱਕੁਰ ਰੂਪ ਵਟਾਇ ਬਣ ਬਣ ਏ ਪਵੇ।
ਇਸ ਵੇਲੇ ਹੁਣ ਫੇਰ ਮੈਲੇ ਸੱਟ ਕੇ
ਚਿੱਟੇ ਲੀਤੇ ਓੜ੍ਹ ਕੁਦਰਤ ਕੱਪੜੇ।
ਪੰਛੀ ਬੀ ਇਸ ਨਾਲ ਜਾਗੇ ਨੀਂਦਰੋਂ,
ਲੱਗੇ ਗਾਵਣ ਰਾਗ -ਸੁਰਾਂ ਅਲਾਪਦੇ।
ਸੁਣ ਇਹ ਚੋਹ ਚੁਹਾਂਗ ਰਾਣੀ ਰਾਜ ਨੇ
ਅੱਖਾਂ ਲਈਆਂ ਖੋਲ੍ਹ ਪ੍ਰੇਮ ਪ੍ਰਭਿੰਨੀਆਂ;
ਦੇਖੇ ਚਾਰ ਚੁਫੇਰ ਚਾਨਣ ਫੈਲਿਆ:
ਰਾਧਾਂ ਗੋਲੀ ਪਾਸ ਬੈਠੀ ਊਂਘਦੀ।
ਕਪੜੇ ਬਦਲੇ ਆਪ ਰਾਣੀ ਰਾਜ ਨੇ,

ਰਾਧਾਂ ਲਾਗੇ ਆਇ ਤਕਦੀ ਫੇਰ ਹੈ,
ਫਿਰ ਉਸ ਨੂੰ ਟੁੰਬ 'ਜਾਗ' ਰਾਣੀ ਆਖਿਆ,–
'ਦੱਸੀਂ ਮੈਨੂੰ ਹਾਲ ਪਰੀ ਮਹੱਲ ਦਾ।'
ਅਖਾਂ ਮਲਦੀ ਜਾਗ ਰਾਧਾਂ ਆਖਿਆ:–
'ਜੁਗ ਜੁਗ ਹੋਵੇ ਰਾਜ! ਜੈ ਹੋ ਜੈ ਸਿਰੀ!
'ਰਹਿਣ ਬਲਾਈਂ ਦੂਰ, ਪਜਾਰੀ! ਆਪ ਤੋਂ!
'ਹੇ ਸ੍ਵਾਮਨਿ ਸਿਰਤਾਜ ਗੁਰੂ ਸੁਆਰੀਏ!
'ਸਾਰਾ ਹਾਲ ਮਲੂਮ ਮੈਨੂੰ ਹੈ ਨਹੀਂ;
'ਪਰ ਕਹਿੰਦੀ ਹਾਂ ਸੱਭ ਜੋ ਹਾਂ ਜਾਣਦੀ।
'ਐਥੋਂ ਕੁੱਝਕ ਦੂਰ ਇੱਕ ਪਹਾੜ ਹੈ,
'ਉੱਚਾ ਸਿੱਧਾ, ਤੀਰ, ਸਿਰ ਤਲਵਾਇਆਂ,
'ਹੋਰ ਨ ਕੋਈ ਧਾਰ ਨੇੜੇ ਓਸ ਦੇ;
'ਉੱਚਾ ਚੋਟੀਦਾਰ 'ਕੱਲਾ ਹੈ ਖੜਾ।
'ਉਸ ਪੁਰ ਕਹਿਣ ਮਹੱਲ, ਹੈ ਇਕ ਸੋਹਿਣਾ,
'ਪਰੀ ਰਹੇ ਉਸ ਵਿੱਚ –ਕੁਈ ਅਪੱਛਰਾਂ;
'ਬਾਹਰ ਨਿਕਲੇ ਨਾਹਿੰ, ਹੇਠ ਨ ਆਂਵਦੀ;
'ਉੱਡ ਅਕਾਸ਼ੀਂ ਜਾਇ, ਸੈਲਾਂ ਮਾਣਦੀ;
'ਫਿਰ ਉੱਥੇ ਆ ਜਾਇ, ਕਰੇ ਅਰਾਮ ਹੈ।
'ਡਰਦਾ ਕੁਈ ਨ ਜਾਇ ਚੋਟੀ ਓਸ ਤੇ;
'ਇਕ ਚੜ੍ਹਾਈ ਢੇਰ, ਪੈਂਡਾ ਬੀ ਬੜਾ
'ਭੈ ਉਸ ਦਾ ਹੈ ਨਾਲ ਸਭ ਜੀ ਛਾਇਆ।'

'ਏ ਅਚਰਜ ਹੈ ਬਾਤ!' ਰਾਣੀ ਆਖਿਆ,
'ਕੋਇ ਨ ਸਕਿਆ ਜਾਇ ਹੁਣ ਤਕ ਓਸ ਥਾਂ!'

'ਕੋਇ ਨ ਸਕਿਆ ਜਾਇ' ਗੋੱਲੀ ਆਖਿਆ,
'ਇੱਕ ਆਪ ਦੇ ਕੰਤ –ਕਹਿੰਦੇ–ਸੀ ਗਏ
'ਲੀਤੀ ਪਰੀ ਨਿਵਾਇ ਪੈਰੀਂ ਆਪਣੇ:
'ਸਕੀ ਨ ਉਹ ਬਲ ਪਾਇ ਪੂਰੇ ਸੰਤ ਤੇ।'

ਸੁਣ ਸਾਂਈਂ ਦਾ ਨਾਉਂ ਅੰਦਰ ਹਿੱਲਿਆ,
ਲੂੰ ਕੰਡੇ ਗਯੇ ਹੋਇ, ਅੱਖੀਂ ਭਿੱਜੀਆਂ,
ਲੰਮਾ ਆਯਾ ਸਾਹ ਠੰਢਾ ਨਾਰਵਾਂ।
ਕਹਿੰਦੀ, 'ਰਾਧਾਂ! ਪਜਾਰ ਤੈਨੂੰ ਅੱਤਿ ਹੈ
'ਮੇਰੀ ਦੇਹੀ ਨਾਲ –ਹੱਦੋਂ ਲੰਘਿਆ।
'ਚਲ ਚਲੀਏ ਇਕ ਵਾਰ ਪਰੀ ਮਹੱਲ ਤੇ,
'ਕਰੀਏ ਦਰਸ ਅਪਾਰ ਪਜਾਰੀ ਓਸ ਦਾ
'ਇੱਕ ਵਾਰ ਜਿਨ੍ਹ ਪੈਰ ਪਰਸੇ ਕੰਤ ਦੇ।'

ਗੋੱਲੀ ਬੋਲੀ, 'ਆਪ ਸਜਾਣੇ, ਸ੍ਵਾਮਨੀ!
'ਜਾਂ ਜੋਖੋਂ ਦੀ ਖੇਡ ਉੱਪਰ ਜਾਵਣਾਂ:
'ਜਾਇ ਨ ਮੁੜਿਆ ਕੋਇ ਬਾਝੋਂ ਇੱਕ ਦੇ:
'ਆਵਾਂਗੇ ਕਿਸ ਡੌਲ ਮੁੜਕੇ, ਦੱਸਣਾ?
'ਮੇਰੀ ਜਿੰਦ ਨ ਮੁੱਲ,– ਟਹਿਲਣ ਦਾਸ ਮੈਂ,
'ਮੇਰੇ ਜਿਹੀ ਹਜ਼ਾਰ ਦ੍ਵਾਰੇ ਆਪ ਦੇ:
'ਪਰ ਹੋ ਨਿੰਬੂ ਇੱਕ ਭੁੱਸੇ ਪਿੰਡ ਦਾ,
'ਲੋਂਦੀ ਮਾਂ ਦੀ ਜਿੰਦ ਪਿਤਾ ਨਿਸ਼ਾਨੜੀ,
'ਚੰਦ੍ਰ ਬੰਸ ਕੁਲ ਵਿਚ ਮੋਤੀ ਅੰਤ ਦਾ,–
'ਬਹੁਤ ਅਮੋਲਕ ਜਿੰਦ ਰਾਣੀ ਆਪ ਦੀ।
'ਮੈਨੂੰ ਆਗਜਾ ਦੇਉ 'ਕੱਲੀ ਜਾਇਕੇ
'ਲਜਾਵਾਂ ਤੁਰਤ ਸੁਰਾਗ਼ –ਪਤਾ ਉਥਾਉਂ ਦਾ।
'ਮਰੀ ਜਿ ਓਸੇ ਥਾਂਉਂ ਤੁਸੀਂ ਨ ਆਵਣਾ,
'ਜਯੁੰਦੀ ਜੇ ਆ ਜਾਉਂ ਜਾਣਾਂ ਤਾਂ ਤੁਸਾਂ।'


'ਪਤੀ ਗਏ ਜਿਸ ਥਾਉਂ' ਰਾਣੀ ਆਖਦੀ,
'ਉੱਥੇ ਭੈ ਨਾ ਹੋਇ ਜਾਣੀਂ ਪੱਕ ਤੂੰ।
'ਜੇ ਵਸਦੀ ਸੀ ਡੈਣ ਓਸ ਪਹਾੜ ਤੇ,
'ਡਿੱਠਾ ਜੇ ਉਸ ਨੈਣ ਭਰਕੇ ਕੰਤ ਨੂੰ,
'ਡੈਣ ਨ ਰਹਿ ਗਈ ਓਹ, ਹੋ ਗਈ ਸੰਤਣੀ,
'ਡੰਗ ਗਏ ਝੜ ਦੂਰ ਜਾਣੀਂ ਓਸਦੇ।
'ਪਾਰਸ ਸੀ ਦੀਦਾਰ ਮੇਰੇ ਕੰਤ ਦਾ,
'ਜਿਸ ਕੀਤਾ ਇਕ ਵਾਰ ਸੋਨਾ ਹੋ ਗਿਆ
'ਚਾਹੋ ਲੋਹ ਮਨੂਰ ਮਿੱਟੀ ਸੀ ਚਹੋ।
'ਕੀਕੁਰ ਆਖੇਂ ਓਹ, ਰਹਿ ਗਈ, ਰਾਧਕਾਂ!
'ਮਾਨੁਖ ਖਾਣੀ ਨਾਰ ਡਰ ਭੈ ਦੇਵਣੀ?
'ਮੰਨ ਲਵਾਂ ਜੇ ਗੱਲ ਤੂੰ ਜੋ ਆਖਦੀ,
'ਫਿਰ ਬੀ ਜਾਣ ਨ ਦੋਸ਼ ਪਜਾਰੀ, ਓਸ ਥਾਂ,
'ਸਫਲ ਹੋਇਗੀ ਦੇਹ ਖਾਧੀ ਓਸ ਜੇ,
'ਪਰਸੇ ਜਿਨ੍ਹ ਇਕ ਵਾਰ ਚਰਨ ਸੁਜਾਨ ਦੇ,
'ਪੂਜਾ ਕੀਤੀ ਠੀਕ ਜਿਨ੍ਹ ਉਸ ਕੰਤ ਦੀ,
'ਉਹ ਲੇਵੇ ਜੇ ਖਾਇ ਦੇਹੀ ਚੰਮ ਏ


www.sikhbookclub.com

'ਇਸ ਤੋਂ ਉੱਤਮ ਹੋਰ ਹੋਊ ਅੰਤ ਕੀ?'
ਤੁਰ ਪਈ ਇੱਕੁਰ ਆਖ ਉੱਤ੍ਰ ਉਡੀਕ ਨਾ
ਨਿਕਲੀ ਮਹਿਲੋਂ ਬਾਰ੍ਹ ਪਿਛਲੇ ਰਾਹ ਤੋਂ,
ਹਿਤ ਦੀ ਬੱਧੀ ਨਾਲ ਗੋੱਲੀ ਜਾ ਰਹੀ।

ਜਾਇ ਦੂਰ ਕੁਝ ਬਾਗ਼ ਤੋੜੇ ਫੁੱਲ ਲੈ
ਝੋਲੀ ਅਪਣੀ ਪਾਇ ਪਹੁੰਚੀ ਓਸ ਥਾਂ
ਸ਼ੁਰੂ ਚੜ੍ਹਾਈ ਹੋਇ ਓਸ ਪਹਾੜ ਦੀ,
ਜਿਸਦੇ ਸਿਖਰੇ ਠੀਕ ਪਰੀ ਮਹੱਲ ਸੀ।
ਇੱਥੇ ਡਿਗਦਾ ਇੱਕ ਝਰਨਾ ਨੀਰ ਦਾ
ਪਾਰੇ ਚੱਦਰ ਵਾਂਙ ਚੌੜੇ ਕੁੰਡ ਤੇ,
ਜੋ ਪਾਣੀ ਨੇ ਆਪ ਪੈ ਪੈ ਖੰਨਿਆ।
ਸਿਰ-ਤਲਵਾਈਂ ਸੱਟ ਪਾਣੀ ਖਾਇਕੇ
ਦੇਵੇ ਝੱਗ ਅਪਾਰ ਸਾਬਣ-ਝੱਗ ਜਜੋਂ,
ਸੋਹੇ ਇਸ ਦੇ ਸੀਸ, ਵਾਂਙੂ ਤਾਜ ਜੋ।
ਖੌਲਰ ਪਾਣੀ ਖਾਇ, ਖਿੱਲਰ ਫੈਲਦਾ,
ਕਰਦਾ ਸ਼ੋਰ ਉਸ ਥਾਉਂ ਅੱਗੇ ਤਿਲਕਦਾ,
ਕੁਝਕੁ ਅੱਗੇ ਜਾਇ ਤੁਰੇ ਅਡੋਲਵਾਂ,
ਢਾਲ ਆਈ ਤੇ ਰੇੜ੍ਹ ਖਾਂਦਾ ਹੇਠ ਨੂੰ,
ਪੈਂਦਾ ਖਡ ਵਿਚ ਜਾਇ ਰਿੜ੍ਹਦਾ ਹੋਇਆ।
ਏਸ ਕੁੰਡ ਦੇ ਕੋਲ ਸੀ ਪਗਡੰਡੜੀ,
ਰਾਣੀ ਧਰਕੇ ਪੈਰ ਐਥੋਂ ਹੋ ਤੁਰੀ,
ਰਾਧਾਂ ਮਗਰੇ ਜਾਇ –ਸੂਰਜ ਧੁੱਪ ਜਜੋਂ।
ਕੁਦਰਤ ਭੇਸ ਵਟਾਇ ਪੀਲਾ ਕਰ ਲਿਆ,
ਲਿਆ 'ਸਵੇਰੇ' ਸਾਂਭ ਅਪਣੇ ਮਾਲ ਨੂੰ,
ਚੁੱਪ ਕਰੀਤਾ ਲਾਂਭ ਕਿਧਰੇ ਹੋ ਗਿਆ।
ਬਦਲਾਂ ਪੜਦਾ ਪਾੜ ਚੜ੍ਹਿਆ ਅੰਬਰੀਂ
ਸੂਰਜ ਪੁੰਜ ਪ੍ਰਕਾਸ਼, ਤੇਜਾਂ ਵਾਲੜਾ,
ਕਿਰਨਾਂ ਚਾਰ ਚੁਫੇਰ ਘੱਲੇ ਅੰਬਰੋਂ।
ਰਾਣੀ ਪੁਤਲੀ ਪ੍ਰੇਮ ਗੋੱਲੀ ਨਾਲ ਹੈ,
ਚੜ੍ਹਦੀਆਂ ਦੋਵੇਂ ਜਾਣ ਸਿਰ ਤਲਵਾਈਆਂ
ਪਗਡੰਡੀ ਬੀ ਗੁੰਮ ਫਿਰ ਤਾਂ ਹੋ ਗਈ,
ਨਾ ਰਸਤਾ ਨਾ ਲੀਹ, ਖੁਰਾ ਨ ਖੋਜ ਹੈ,
ਕਰੜੇ ਪੱਥਰ ਸੈਲ ਰਸਤੇ ਰੋਕ ਕੇ
ਕਠਨ ਵੈਰੀਆਂ ਵਾਂਙ ਆਕੀ ਹੋ ਰਹੇ,
ਚੜ੍ਹਨ ਨ ਦੇਵਣ ਏਹ ਰਸਤਾ ਰੋਕਦੇ।
ਧਰਤੀ-ਖਿੰਜ ਸੁਜੋਰ ਖਿੱਚ ਥਕਾਂਵਦੀ:
ਤਿਰਛਾਈ ਸੀ ਅੱਤਿ ਪਰਬਤ ਏਸਦੀ,
ਇਸ ਕਰਕੇ ਸੀ ਖਿੱਚ ਡਾਢੇ ਜ਼ੋਰ ਦੀ:
ਅੱਗੇ ਰੱਖਣ ਪੈਰ ਪਿੱਛੇ ਜਾ ਪਵੇ,
ਚੜ੍ਹਨ ਚੜ੍ਹਾਈ ਏਹ, ਚੜ੍ਹਿਆ ਜਾਇ ਨਾ।
ਉੱਤੋਂ ਮਾਰੇ ਬਾਣ ਸੂਰਜ ਜ਼ੋਰ ਦੇ
ਕਿਰਨਾਂ ਸਿਧੀਆਂ- ਤੀਰ ਪਾ ਪਾ ਵਿੰਨ੍ਹਦਾ
ਜੋ ਅਕੁਲਾਵਨ ਢੇਰ ਦੁਹਾਂ ਮੁਸਾਫ਼ਰਾਂ।
ਪੌਣ ਅੱਜ ਸੀ ਬੰਦ, ਇੱਸੇ ਕਾਰਣੇ
ਘਬਰਾਹਟ ਨੇ ਜ਼ੋਰ ਬਹੁਤਾ ਪਾ ਲਿਆ।
ਲੱਤਾਂ ਗ਼ਈਆਂ ਥੱਕ ਦਮ ਬੀ ਫੁੱਲਿਆ
ਦੇਹਿ ਗਈ ਹੁਣ ਹੁੱਟ ਰੁਕਦੀ ਚੱਲਣੋਂ,
ਹੋਈਆਂ ਦੋਵੇਂ ਚੂਰ ਪੈਂਡਾ ਕਰਦੀਆਂ:
ਪਰ ਹਿਰਦਾ ਸੀ ਸ਼ੇਰ ਉਮਲੇ 'ਗਾਂਹ ਨੂੰ
ਅੱਕ ਗਈ ਫਿਰ ਅੰਤ ਰਾਧਾਂ, ਬੈਠ ਕੇ
ਕਹਿੰਦੀ, 'ਰਾਣੀ! ਸਾਹ ਆ ਕੁਝ ਕੱਢੀਏ।'
ਰਾਣੀ ਜਾਂਦੀ ਬੈਠ, ਕਹਿੰਦੀ 'ਪਜਾਰੀਏ!
'ਜਿਨ੍ਹਾਂ ਆਪਣੇ ਨਾਲ ਨੈਣਾਂ ਵੇਖਿਆ
'ਸਾਈਂ ਦਰਸ ਅਪਾਰ ਸੌਖਾ ਹੈ ਨਹੀਂ
'ਦਰਸ ਉਨ੍ਹਾਂ ਦਾ, ਨਾਰ! ਹਾਰ ਨ ਹੌਸਲਾ।
'ਜੇ ਕੁਛ ਸ੍ਰਮ ਦੇ ਜ਼ੋਰ ਥਕ ਕੇ ਹੁੱਟ ਕੇ
'ਦਰਸ਼ਨ ਹੋਇ ਨਸੀਬ ਸਸਤਾ ਜਾਣੀਏ;
'ਲਈਏ ਹਿੰਮਤ ਬੰਨ੍ਹ, ਸਾਹ ਕੀ ਕੱਢਣਾ:
'ਮਾਰ ਹੰਮ੍ਹਲਾ ਉੱਠ, ਰਾਧਾਂ! ਚਲੀਏ।
'ਇਹ ਓਹੋ ਹੈ ਰਾਹ ਜਿਸ ਨੂੰ ਆਇਕੇ
'ਕੀਤਾ ਆਪ ਪਵਿੱਤ ਸ਼ਹੁ ਸਿਰਤਾਜ ਨੇ:
'ਢੋਲੇ ਗੌਂਦੀ ਵਾਜ ਏਥੇ ਗੂੰਜਦੀ,
'ਮਾਹੀ ਢਾਲਾ ਸੱਦ ਕਰੇ ਗੁੰਜਾਰ ਹੈ,
'ਏਸ ਸੱਦ ਲਿਵਲਾਇ ਤੁਰੀਏ, ਪਜਾਰੀਏ!
'ਥੱਕਣ ਡਰਦਾ ਦੂਰ ਆਪੇ ਹੀ ਰਹੂ।'


www.sikhbookclub.com



ਪਰੀ ਮਹੱਲ-ਚੜ੍ਹਈ


www.sikhbookclub.com

ਇਹ ਕਹਿ ਰਾਣੀ ਉੱਠ ਅੱਗੇ ਨੂੰ ਤੁਰੀ,
ਤੁਰ ਪਈ ਰਾਧਾਂ ਨਾਲ ਬੱਧੀ ਪਜਾਰ ਦੀ।
ਦੋ ਤਿੰਨ ਘੜੀਆਂ ਹੋਰ ਪੈਂਡਾ ਕੱਟਿਆ
ਉੱਸੇ ਸ਼੍ਰਮ ਦੇ ਨਾਲ ਉੱਪਰ ਜਾਂਦਿਆਂ।
ਹੁਣ ਦਮ ਦਿੱਤੀ ਹਾਰ, ਦੇਹੀ ਮੰਨਦੀ
ਮਨ ਦਾ ਕਿਹਾ ਨ ਹੋਰ, ਮਨ ਕਹਿ ਹਾਰਿਆ।
ਛਾਯਾ ਦਿੱਸੀ ਇੱਕ ਵੱਡੇ ਬ੍ਰਿੱਛ ਦੀ,
ਇਸਦੇ ਹੇਠਾਂ ਜਾਇ ਪਈਆਂ ਲੰਮੀਆਂ।
ਦੇਖ ਅਤਿੱਥੀ ਆਇ -ਘਰੀਂ ਪਰਾਹੁਣੇ
ਬ੍ਰਿੱਛ-ਰਿਦੇ ਹੁਲਸਾਉ ਭਾਰਾ ਉਪਜਿਆ,-
ਦੇਵੇ ਸੰਘਣੀ ਛਾਉਂ, ਹੋੜੇ ਧੁੱਪ ਨੂੰ,
ਸੂਰਜ ਵਾਲਾ ਤਾਪ ਸਿਰ ਲੈ ਆਪਣੇ
ਪੱਤਾਂ ਅਪਣਜਾਂ ਨਾਲ ਕਿਰਨਾਂ ਰੋਕ ਕੇ
ਡਾਲਾਂ ਫੇਰ ਹਿਲਾਇ ਪੱਖਾ ਝੱਲਦਾ:
ਦੇਵੇ ਠੰਢੀ ਵਾਉ, ਤਪਤ ਬੁਝਾਂਵਦਾ।
ਠੰਢਕ ਮਾਨੋਂ ਆਇ ਮੱਥਾ ਚੁੰਮਦੀ,
ਸਿਰ ਨੂੰ ਚੜ੍ਹੇ ਬੁਖਾਰ ਹੇਠ ਉਤਾਰਦੀ
ਲਗ ਲਗ ਸੀਨੇ ਨਾਲ ਤਪਤ ਮਿਟਾਂਵਦੀ,
ਰਾਗੀ ਕੁਦਰਤ ਕੇਰ ਪੰਛੀ ਆ ਗਏ
ਛੇੜੇ ਇਨ੍ਹਾ ਅਲਾਪ ਮਾਨੋ ਮਾਰਦੇ
ਨੀਂਦਰ ਤਾਈਂ ਵਾਜ, ਦੇਂਦੇ ਲੋਰੀਆਂ।
ਹੁਣ ਆਇਆ ਆਰਾਮ, ਔਂਦੇ ਸਾਰ ਹੀ
ਸਾਰੀ ਦੇਹ ਪ੍ਰਵੇਸ਼ ਕਰਕੇ ਦੇਹ ਨੂੰ
ਢਿਲਿਆਂ ਕਰ ਸਹਲਾਇ, ਮਾਨੋਂ ਭਰ ਰਿਹਾ
ਮੁਠੀਆਂ ਨਾਲ ਪਿਆਰ, ਹੁੱਟਣ ਲਾਹੁੰਦਾ।
ਸਭ ਦੀ ਵੱਡੀ ਨੀਂਦ ਛੇਕੜ ਆ ਗਈ,
ਪਹਿਲੇ ਅੱਖਾਂ ਚੁੰਮ ਉਤਰੀ ਹੇਠ ਨੂੰ,
ਫਿਰ ਅੰਦਰ ਸਿਰ ਜਾਇ ਮਗ਼ਜ਼ ਪ੍ਰਵੇਸ਼ਦੀ,
ਓਥੋਂ ਸਹਿਜਾਂ ਨਾਲ ਭੇਜੇ ਖੂਨ ਨੂੰ
ਹੇਠਾਂ ਵਿੱਚ ਸਰੀਰ, ਜੋ ਸੀ ਸਿਰ ਵਿਖੇ
ਚੜਿਆ ਲੋੜੋਂ ਵੱਧ ਗਰਮੀ ਪਾਇਕੇ,
ਨਾਲ 'ਸ੍ਨਾਯੂ-ਖਿੱਚ' ਕੀਤੀ ਢਿੱਲੜੀ,
-ਪੱਠੇ ਕਹਿੰਦੇ ਲੋਕ 'ਸ੍ਨਾਯੂ ਸ੍ਰੇਣਿ' ਨੂੰ-
ਚੁਸਤੀ ਜਦ ਗਈ ਖੁੱਸ ਇਹਨਾਂ ਪੱਠਿਆਂ,
ਕੁੰਡੀ ਫੇਰੀ ਓਹ ਜੋ ਇਨ ਪੱਠਿਆਂ
ਗੰਢੇ ਸੁਰਤੀ ਨਾਲ, ਹੋਸ਼ ਜੁ ਅੰਦ੍ਰਲੀ।
ਸੱਤਾ ਸੁਰਤ ਨ ਦੇਇ ਹੁਣ ਪਈ ਹੋਸ਼ ਨੂੰ
ਹੋਸ਼ ਨ ਸੱਤਾ ਦੇਇ ਹੁਣ ਹੈ ਪੱਠਿਆਂ,
ਸੱਤਜਾ ਪੂਰੀ ਦੇਇ ਨਾਹਿੰ ਦਿਮਾਗ਼ ਨੂੰ।
ਦੇਹ ਹੋ ਗਈ ਬਿਹੋਸ਼, ਕਰੇ ਆਰਾਮ ਹੈ।

ਵਾਹ ਨੀਂ ਨੀਂਦ ਕ੍ਰਿਪਾਲ ਦਾਰੂ ਦੁੱਖ ਦਾ,
ਜੀਵਨ ਬੂਟੀ ਵਾਹ ! ਮੁਰਦੇ ਤੂੰ ਦਿਲਾਂ,
ਮੁਮਿਆਈ ਤੂੰ ਠੀਕ ਟੁੱਟੇ ਹਿਰਦਿਆਂ !
ਮਲ੍ਹਮ ਸੁਖਾਵੀਂ ਵਾਹ ਫੱਟੀ ਦੇਹ ਦੀ !
ਥੱਕੇ ਟੁੱਟੇ ਜੀਵ ਤੈਨੂੰ ਪਜਾਰੜੇ !
ਹੁੱਟੇ ਹਫ਼ ਗਏ ਲੋਕ ਪਜਾਰੇ ਤੁੱਧ ਨੂੰ !
ਤੂੰ ਲਡਿਆਵੇਂ ਓਹ ਪੈਂਡੇ ਦੁੱਸ਼੍ਰ ਨੇ
ਕੋਹੇ ਦੇ ਦੇ ਹਾਂਡ; ਤੜਫਣ ਲੁੱਛਦੇ।
ਗੋਦੀ ਪਾਇ ਖਿਡਾਇੰ ਵਜਾਕੁਲ ਹੋਣ ਜੋ
ਸੂਰਜ ਬਾਣ ਸਹਾਰ ਲੂਹ ਲੂਹ ਤੱਪਦੇ।
ਤੂੰ ਉਨ੍ਹਾਂ ਦੀ ਮੀਤ ਥੱਕੇ ਹੋਣ ਜੋ
ਤੂੰ ਉਨ੍ਹਾਂ ਤੇ ਦਜਾਲ ਮਿਹਨਤ ਕਰਨ ਜੋ,
ਦੌਲਤ ਕੋਹੇ ਲੋਕ ਤੂੰਹਿ ਬਚਾਂਵਦੀ।
ਕਰਮਾਂ ਦੀ ਜੋ ਮਾਰ ਖਾ ਖਾ ਹਾਰਦੇ
ਤੂੰ ਰਖਜ਼ਾ ਦੀ ਓਟ ਓਹਨਾਂ ਦੇਂਵਦੀ।
ਤੇਰਾ ਸਦਾ ਪਿਆਰ ਥੁੜਿਆਂ ਨਾਲ ਹੈ।
ਬਲ, ਰੁਤਬਾ ਤੇ ਮਾਲ ਤੈਨੂੰ ਮੋਹ੍ਣ ਨਾਂ,
ਤੈਨੂੰ ਮੁਹੰਦੀ ਨਾਹਿੰ ਫੁੱਲਾਂ ਸੇਜ ਹੈ,
ਸੁੰਦਰ ਸਾਫ਼ ਮਹੱਲ ਭਰੇ ਸੁਗੰਧਿ ਦੇ,
ਪਲੰਘ ਉਣੇ ਪਟ ਨਾਲ, ਮਖ਼ਮਲ ਦੇ ਵਿਛੇ
ਅਤਲਸ ਤੇ ਕਮਖ਼ਾਬ ਬਣੇ ਗਿਲਾਫ਼ ਜੋ
ਸਿਰਹਾਣਜਾਂ ਤੇ ਚਾੜ੍ਹ ਧਰੇ ਸਿਰ੍ਹਾਨੜੇ।
ਤਕੀਏ ਸਿੰਮਲਦਾਰ, ਰੇਸ਼ਮ ਵਾਲੜੇ
ਮੋਹ ਨਹੀਂ ਸਕਦੇ ਮੂਲ ਤੈਨੂੰ, ਨੀਂਦਰੇ !
ਰਾਣੀ ਰੋਂਦੀ ਬੈਠ ਗਿਣਦੀ ਤਾਰੜੇ
ਰਾਤ ਬਿਤਾਵੇ ਹਾਇ ਤੈਨੂੰ ਤੱਕਦੀ,


www.sikhbookclub.com

ਤੂੰ ਫਟਕੇਂ ਨਾ ਮੂਲ ਨੇੜੇ ਓਸਦੇ।
ਰਾਜਾ ਤਖ਼ਤ ਬਿਰਾਜ –ਜੜਿਆਂ ਹੀਰਿਆਂ–
ਪੈ ਫਿਕਰਾਂ ਦੇ ਵਿੱਚ ਸੋਚਾਂ ਸੋਚਦਾ,
ਦੇਂਦਾ ਰਾਤ ਬਿਤਾਇ ਤੈਨੂੰ ਤਾਂਘਦਾ:
ਤੂੰ ਫਟਕੇਂ ਨਾ ਪਾਸ –ਮਾਲਕ ਮੌਜ ਦੀ।
ਬੜੇ ਬੜੇ ਉਮਰਾਉ ਤੇ ਸਰਦਾਰ ਬੀ,
ਸ਼ਾਹੂਕਾਰ, ਵਪਾਰ ਕਰਨੇ ਹਾਰ ਨੇ,
ਸਕਣ ਨ ਜ਼ੋਰੀਂ ਲਜਾਇ ਤੈਨੂੰ ਨੀਂਦਰੇ!
ਹਾਜ਼ਕ ਬੜੇ ਹਕੀਮ ਲਭਦੇ ਬੂਟੀਆਂ,
ਦੇਵਣ ਘੋਟ ਪਿਲਾਇ, ਆਖਣ: ਆਵਸੀ–
ਖਿੱਚੀ ਆਪੇ ਨੀਂਦ ਦਾਰੂ ਏਸ ਦੀ,
ਪਰ ਤੂੰ ਆਵੇਂ ਨਾਂਹ ਸੱਦੀ ਬੌੜਵੀਂ:
ਬੇਹੋਸ਼ੀ ਯਾ ਊਂਘ ਚਾਹੇ ਆ ਜਏ।
ਰੋੜਾਂ ਸੰਦੀ ਸੇਜ ਜਿੱਥੇ ਹੋਂਵਦੀ,
ਮਿਹਨਤ ਦੇਹਿ ਥਕਾਇ ਜਿੱਥੇ ਦੇਹ ਨੂੰ,
ਹੋਵੇ ਚਾਹਿ ਕੰਗਾਲ ਚਾਹਿ ਅਮੀਰ ਹੋ
ਤੂੰ ਓਥੇ ਆ ਜਾਇਂ ਬਿਨ ਹੀ ਸੱਦਿਆਂ,
ਹਡ–ਰਖ ਨਾਲ ਪਿਆਰ ਤੇਰਾ ਹੈ ਨਹੀਂ।
ਵਿੱਚ ਏਸ ਸੰਸਾਰ ਤੂੰ ਇਕ ਦੇਵੀਏ!
ਹੈਂ ਨਿਰਪੱਖ ਕ੍ਰਿਪਾਲ ਪੱਕੀ ਨੇਮ ਦੀ।
ਪਾਲਣ ਅਪਣਾ ਨੇਮ ਤੂੰ ਹੁਣ ਆਗਈ।
–ਪ੍ਰੇਮ ਖਿਡਾਰੀ ਦੇਖ– ਰੱਖਣ ਮੌਤ ਤੋਂ।
ਸੂਰਜ ਕੀਤਾ ਵੈਰ ਇਹਨਾਂ ਨਾਲ ਹੈ;
ਚੜ੍ਹਾਈ ਨੇ ਧ੍ਰੋਹ ਖੂਬ ਕਮਾਇਆ,
ਪਥਰਾਂ ਰਸਤੇ ਰੋਕ ਕਹਿਰ ਗੁਜ਼ਾਰਿਆ,
ਧਰਤੀ–ਖਿੱਚ ਅਪਾਰ ਜ਼ੁਲਮ ਕਮਾਇਆ,
ਦੇਹੀ ਦਿੱਤਾ ਜੁਆਬ, ਲੱਤਾਂ ਹਾਰੀਆਂ,
ਅਪਣੇ ਸਾਰੇ ਅੰਗ ਕਿਹਾ ਨ ਮੰਨਦੇ,
ਘਾਬਰ ਗਰਮੀ ਘੇਰ ਮਾਰ ਪਛਾੜਿਆ,
ਐਸੀ ਔਕੜ ਵਿੱਚ ਪਜਾਰੀ ਨੀਂਦਰੇ,
ਤੂੰ ਆ ਲਏਂ ਸੰਭਾਲ ਪੀੜੇ ਦੁੱਖ ਦੇ।
ਜਦ ਰਚਿਆ ਸੰਸਾਰ ਸਾਈਂ ਨੇ ਤਦੋਂ
ਹੱਥ 'ਸਮੇਂ' ਦੇ ਵਾਗ ਦਿੱਤੀ ਸੀ ਗਈ,
'ਸਮੇਂ ਦੇਵ' ਤੋਂ, ਨੀਂਦ ! ਤਦ ਹੀ ਜੇ ਕਦੀ
ਤੀਜਾ ਹਿੱਸਾ ਵੰਡ ਵਕਤ ਨ ਲੈਂਦੀਓਂ,
ਮੁਕ ਜਾਂਦਾ ਸੰਸਾਰ ਕਦ ਦਾ ਹੁੱਟ ਕੇ।
ਤੂੰ ਜੀਵਨ–ਆਧਾਰ ਤਾਂਤੇ ਜੱਗ ਦਾ,
ਤੇਰਾ ਜੁਗ ਜੁਗ ਰਾਜ ਹੋ ਸੰਸਾਰ ਤੇ।
ਮਿਲੀ ਵੰਡ ਵਿਚ ਰਾਤ ਸਮੇਂ ਸੁਜਾਨ ਤੋਂ
ਤੈਨੂੰ ਰਜਾਸਤ ਖਾਸ ਰਾਜ ਕਮਾਣ ਨੂੰ।
ਫਿਰ ਤੈਨੂੰ ਨਹੀਂ ਰੋਕ ਆਵਣ ਜਾਣਦੀ
ਜਦੋਂ ਚਹੇ ਜਿਸ ਕਾਲ ਤੂੰ ਆ ਸੱਕਦੀ,
ਸੁਖਦਾਈ ਇਕ ਰਾਜ ਤੇਰਾ ਪ੍ਰਾਣੀਆਂ।
ਸਦਾ ਸਲਾਮਤ ਹੋਇ ਰਹੇ ਸੁਹੰਢਣਾ।

ਵਾਹ ਵਾ ! ਪਜਾਰੀ ਪੌਣ ਨੀਂਦਰ ਭੈਣ ਤੂੰ,
ਪਹਿਲੇ ਕੀਤਾ ਪਜਾਰ ਨਾਲ ਮੁਸਾਫਰਾਂ
ਦਿੱਤਾ ਬਹੁਤ ਅਰਾਮ ਤਪਤ ਬੁਝਾਇਕੇ,
ਫੇਰ ਲਿਆਂਦੀ ਨੀਂਦ ਏਨ੍ਹਾਂ ਪਾਸ ਸੀ।
ਨੀਂਦਰ ਲਈਆਂ ਪਾਇ ਦੋਵੇਂ ਤ੍ਰੀਮਤਾਂ
ਅਪਣੀ ਗੋਦੀ ਵਿੱਚ, –ਜਦੋਂ ਸੁਆ ਲਿਆ
ਦੂਰ ਗਿਆ ਦੁਖ ਹੋਇ ਮੁੜਪਈ ਤੂੰ ਤਦੋਂ,
ਹੋਇ ਪੂਰਬ ਰੁੱਖ ਔਂਦੀ ਪੱਛਮੋਂ,–
ਠਹਿਰ ਗਈ ਕੁਝ ਕਾਲ ਮਾਨੋਂ ਹੋ ਖੜੀ
ਫਿਰ ਪੱਛਮ ਰੁਖ਼ ਹੋਇ ਰੁਮਕੇ ਜਾਂਵਦੀ,
–ਪੂਰਬ ਤੋਂ ਹੈ ਆਇ ਪੱਛੋ ਧਾਂਵਦੀ।–
ਕੀਤਾ ਹੋਰ ਉਪਕਾਰ ਸੁਹਣੀ ਪੌਣ ਨੇ
ਸੈਨਾਂ ਬਦਲਾਂ ਚਾੜ੍ਹ ਮੋਢੇ ਆਪਣੇ
ਲੈ ਆਈ ਇਹ ਨਾਲ ਓਸ ਪਹਾੜ ਤੇ।
ਇਹਨਾਂ ਡਿਠਾ ਆਣ ਸੂਰਜ ਕਹਿਰ ਜੋ
ਵਰਤਾਯਾ ਸੀ ਢੇਰ ਸਿਰੀਂ ਮੁਸਾਫਰਾਂ,–
ਨਾਰੀਆਂ ਅਬਲਾ ਦੋਇ ਦੋਵੇ ਪ੍ਰੇਮਣਾਂ,
ਸੁਹਲ ਮਲੂਕ ਸਰੀਰ, ਮਾਰ ਥਕਾਈਆਂ।
ਡਿੱਠਾ ਨੀਂਦ ਲਗਾਇ ਇਨ੍ਹਾਂ ਬਹਾਦਰਾਂ,
ਮਾਨੋਂ ਫੁਰ ਰਹੀ ਸੋਚ ਹਿਰਦੇ ਹੈ ਇਨ੍ਹਾਂ:
'ਮੁੱਕਾ ਹੈ ਨਹੀਂ ਰਾਹ ਇਹਨਾਂ ਦਾ ਅਜੇ,
'ਜਦ ਏ ਚਲੀਆਂ ਹੋਰ ਅਗਲੀ ਵਾਟ ਤੇ

'ਸੂਰਜ ਕਰਸੀ ਤੰਗ, ਅੱਗੇ ਥੱਕੀਆਂ;
'ਥੱਕ ਹੋ ਜਾਸਣ ਚੂਰ, ਸਿਖਰ ਸੁ ਦੂਰ ਹੈ।
'ਵੇਲਾ ਪਰ ਉਪਕਾਰ ਦਾ ਸਫਲਾਈਏ।'

ਪਸਰ ਗਏ ਇਹ ਸੋਚ, ਵਿੱਚ ਅਕਾਸ਼ ਦੇ;
ਸੂਰਜ ਲਿਆ ਲੁਕਾਇ –ਅੱਗੇ ਤਣ ਗਏ;
ਗੱਜੇ ਗੜ੍ਹਕੇ ਫੇਰ ਮਾਨੋਂ ਬੋਲਦੇ:
'ਆ ਗਏ ਉਡਦੇ ਆਪ ਏਥੇ ਹਾਂ ਅਸੀਂ;
'ਆਏ ਤਪਤ ਬੁਝਾਣ ਧਰਤੀ ਜੋ ਲਈ
'ਸੂਰਜ ਕੋਲੋਂ ਖਿੱਚ ਕਿਰਨਾਂ ਨਾਲ ਹੈ।
'ਸੂਰਜ ਮਾਰੂ ਬਾਣ ਕਿਰਨਾਂ ਸੰਦੜੇ,
'ਅਸੀਂ ਬਣੇ ਹਾਂ ਢਾਲ ਝਲਸਾਂ ਆਪ ਤੇ,
'ਸਾਨੂੰ ਸਕੇ ਨ ਚੀਰ ਕਿਰਨਾਂ–ਤੀਰ ਹੈ;
'ਦੇਈਏ ਠੰਢ ਅਪਾਰ ਧਰਤੀ ਵਾਲਿਆਂ:
'ਠੰਢੀ ਰਹਿਸੀ ਪੌਣ, ਸਾਡੇ ਛਾਇਆਂ।
'ਛੱਟੇ ਠੰਢੇ ਠਾਰ ਪਾਸ ਅਸਾਡੜੇ
'ਕਰ ਦੇਸਣ ਛਿਣਕਾਉ ਹੋਈ ਲੋੜ ਜੇ।
'ਜੋ ਚੁੰਧਿਆਈ ਅੱਖ ਸੂਰਜ ਤੇਜ ਨੇ
'ਠੰਢ ਦਿਆਂਗੇ ਪਾਇ, ਤ੍ਰਾਵਤ ਦੇਵਸਾਂ।
'ਲੋੜ ਪਈ ਤੇ ਰਾਗ ਸਾਰੰਗ ਛੇੜਕੇ;
'ਸੁੰਦਰ ਕਰਕੇ ਨਾਚ ਖਿਰਨਾਂ ਵਾਲੜਾ:
'ਨਾਲੇ ਬੀਰ–ਸੰਗੀਤ ਦੱਸਾਂਗੇ ਅਸੀ:
'ਲੱਗੂ ਮੌਜ ਬਹਾਰ ਵਿੱਚ ਅਕਾਸ਼ ਦੇ।
'ਖਿੜ ਖਿੜ ਹਸੀਏ ਨਾਲ: ਲਿਸ਼ਕਾਂ ਮਾਰੀਏ;
'ਸੂਰਜ ਕੋਲੋਂ ਵੱਧ ਤੇਜ ਦਿਖਾਲੀਏ,
'ਅੱਖ ਫਰੱਕਣ ਵਿੱਚ, ਦੱਸ ਲੁਕਾਵੀਏ।
'ਢੋਲਾਂ ਦੀ ਕੜਕੁੱਟ, ਗਰਜਣ ਭੇਰੀਆਂ
'ਕੰਬ ਜਾਣਗੇ ਲੋਕ ਅਸਾਂ ਡਰਾਇ ਜੇ।'

ਬਦਲਾਂ ਵਾਲਾ ਸੱਦ ਸੁਣਿਆ ਬ੍ਰਿਛ ਨੇ
ਖੁਸ਼ੀ ਹੋਇ ਹੁਣ ਹੋਰ ਮਾਨੋਂ ਸੋਚਦਾ:
'ਅਤਿਥਜਾਂ ਸੰਦੀ ਸੇਵ ਸੋਹਣੀ ਹੋ ਗਈ,
'ਘਰ ਆਏ ਮਿਹਮਾਨ ਰਾਜ਼ੀ ਜਾਣਗੇ;
'ਪਰ ਏਨ੍ਹਾਂ ਨੂੰ ਹੋਰ ਏਥੇ ਰੱਖਿਆਂ
'ਪੈਂਡਾ ਖੋਟਾ ਹੋਇ,– ਵਾਟ ਦੁਰਾਡੜੀ,
'ਤਾਂ ਤੇ ਦਿਆਂ ਜਗਾਇ ਹੁਣ ਮੈਂ, ਪੁੰਨ ਹੈ।'

ਵਾ ਨੇ ਕੀਤਾ ਜ਼ੋਰ ਵੇਗ ਵਧਾਇਆ,
ਬ੍ਰਿਛ ਮਚਾਯਾ ਸ਼ੋਰ ਦੋਵੇਂ ਜਾਗੀਆਂ:
ਦੇਖਣ ਚਾਰ ਚੁਫੇਰ: ਠੰਢਕ ਛਾ ਰਹੀ;
ਬੱਦਲ ਘਟਾ ਅਪਾਰ ਠੱਟ ਬਨ੍ਹਾਇਕੇ
ਸੀਤਲ ਛਾਯਾ ਦੇਣ, ਸੀਤਲ ਪੌਣ ਹੈ।
ਲਖ ਏ ਸਮਾਂ ਸੁਵੱਲ ਫਿਰ ਉਹ ਚੱਲੀਆਂ।
ਹੌਲਾ ਕੁੱਝ ਸਰੀਰ ਹੁਣ ਸੀ ਹੋ ਗਿਆ,
ਅੱਕਣ ਅਤੇ ਥਕਾਨ ਘਾਬਰ ਸੀ ਘਟੀ;
ਉੱਤੇ ਛਾਈ ਠੰਢ ਛਾਯਾ ਸੰਘਣੀ:
ਹੌਲਾ ਹੋਗਜਾ ਆਪ ਪੈਂਡਾ ਐਕੁਰਾਂ।
ਹੋਈ ਪੌਣ ਸਹਾਇ, ਪਿੱਛੋਂ ਆਂਵਦੀ
ਦੇਵੇ ਧੱਕਾ ਪਿੱਠ; ਧਰਤੀ ਜ਼ੋਰ ਨੂੰ
ਏਕੁਰ ਦਏ ਘਟਾਇ, ਘਟਦਾ ਜਾਂਵਦਾ
ਚੜ੍ਹਾਈ ਦਾ ਦੁੱਖ ਉੱਪਰ ਜਾਂਦਿਆਂ।
ਕੁਛਕੁ ਸਮੇਂ ਦੇ ਬਾਦ ਸ਼ਿਖਰ ਪਹਾੜ ਤੇ
ਦੋਵੇਂ ਪਹੁੰਚੀਆਂ ਜਾਇ ਜੱਫਰ ਜਾਲਕੇ।
ਇੱਥੇ ਸੀ ਇੱਕ ਸੈਲ ਕਹੋ ਚਟਾਨ ਜਾਂ,
ਸੈਆਂ ਗਜਾਂ ਦੀ ਡੀਲ, ਉੱਚਾ ਲੰਮੜਾ,
ਚੋੜਾ ਅਤੇ ਵਿਸ਼ਾਲ ਭਾਰੀ ਡੀਲ ਦਾ;
ਵਖਰਾ ਸੀ ਨਾ ਏਹ ਅੰਦਰੋ ਅੰਦਰੀਂ
ਧਰਤੀ ਅੰਦਰ ਤੀਕ ਸੀ ਇੱਕ ਪੱਥਰਾ।
ਸਿਖਰੇ ਪੱਥਰ ਏਹ ਜੋ ਇਕਸਾਰ ਸੀ,
ਉਸ ਨੂੰ ਉਕਰ ਉਕੇਰ ਮੰਦਰ ਸੋਹਿਣਾ
ਸਮੇਂ ਪੁਰਾਣੇ ਫੇਰ ਕਿਸੇ ਬਨਾਇਆ।
ਹੈਸੀ ਇੱਕ ਦਲਾਨ, ਦੋ ਤਿੰਨ ਕੋਠੀਆਂ,
ਅੱਗੇ ਵਿਹੜਾ ਸਾਫ, ਖੁੱਲ੍ਹਾ ਸੀ ਵਡਾ।
ਚੌਫੇਰੇ ਇਕ ਕੰਧ ਓਸੇ ਪੱਥਰੋਂ
ਉਕਰ ਬਨਾਈ ਸੀਗ ਯਾ ਰੱਖ ਪੱਥਰਾਂ
ਬੀੜ ਬੀੜ ਕੇ ਠੀਕ ਵਲਗਣ ਸੀ ਵਲੀ।
ਇਸ ਵਿਹੜੇ ਵਿਚਕਾਰ ਵੱਡਾ ਕੁੰਡ ਸੀ,
ਨਿਰਮਲ ਜਲ ਦੇ ਨਾਲ ਭਰਿਆ ਸੋਹਿਣਾ।
ਛੇ ਸਤ ਪੌੜੀਆਂ ਹੇਠ ਸਨ ਇਸ ਵੇੜ੍ਹਿਓਂ,

ਵਲਗਣ ਤੋਂ ਜੋ ਬਾਰੂ ਸਨ ਲੈ ਜਾਂਦੀਆਂ।
ਇਸ ਤੋਂ ਹੇਠਾਂ ਹੋਰ ਚਾਰ ਚੁਫੇਰੜੇ
ਉਗੜਾ ਦੁਗੜਾ ਥਾਉਂ ਦੂਰਾਂ ਤੀਕ ਸੀ,
ਮਿੱਟੀ ਪੱਥਰ ਰੇਤ ਵਾਲੀ ਥਾਉਂ ਏ।
ਪੱਥਰ ਬਹੁਤ ਕੁਰਾੜ ਜਿੱਥੇ ਦੇਖਿਆ
ਪੱਥੇਰੇ ਦੇ ਹੱਥ ਖਨ ਖਨ ਪੱਥਰਾਂ;
ਮਿੱਟੀ ਕਰ ਭਰਪੂਰ ਥਾਂਉਂ ਬਣਾਇਆ।
ਇਸ ਵਿਚ ਥਾਂਓਂ ਥਾਂਇਂ ਬ੍ਰਿੱਛ ਖਰੋਟ ਦੇ
ਹਾੜੀ ਆਦਿ ਬਟੰਕ, ਖਾਵਣ ਵਾਲੜੇ
ਲਾਏ ਚਾਰ ਚੁਫੇਰ ਸਨ ਪੈ ਝੂੰਮਦੇ।
ਏਥੇ ਰਾਣੀ ਰਾਜ ਚੜ੍ਹਦੀ ਹੇਠ ਤੋਂ
ਪਹੁੰਚੀ ਹੈ ਹੁਣ ਆਣ ਹੋਈ ਹੈ ਖ਼ੁਸ਼ੀ;
ਬੈਠੀ ਇਕ ਬ੍ਰਿਛ ਹੇਠ ਕੱਢਦੀ ਸਾਹ ਹੈ।
ਪੌਣ ਵਹੇ ਹਿਵਧਾਰ ਠੰਢੀ ਠਾਰਵੀਂ,
ਲਗੇ ਪਿਆਰੀ ਫੇਰ,- ਪਾਵੇ ਜੱਫੀਆਂ।

ਉੱਚਾ ਸੀ ਇਹ ਥਾਉਂ ਡਾਢਾ ਐਤਨਾ
ਡਿੱਠਾ ਹੇਠਾਂ ਵੱਲ ਦੋਹਾਂ ਨੇ ਜਦੋਂ
ਦਿਸਿਆ ਕੀੜੀ ਵਾਂਗ ਸ਼ਹਰ ਜੁ ਆਪਣਾ।
ਚੋਟੀਆਂ ਨੀਵੀਆਂ, ਢਾਲ ਦੂਣਾਂ, ਵਾਦੀਆਂ,
ਘਾਟੀਆਂ, ਖੱਡਾਂ, ਕੂਲ੍ਹ ਝਰਨੇ ਵੱਗਦੇ
ਅਜਬ ਦਿਖਾਵਣ ਰੂਪ ਨਿੱਕਾ ਸੋਹਿਣਾ।
'ਯਾਲੀ ਭੇਡਾਂ ਨਾਲ ਹਿਲਦੇ ਭਾਸਦੇ
ਖਸਖਸ ਦਾਣੇ ਵਾਂਗ ਪੱਖੇ ਝੱਲਿਆਂ।
ਪਟੜੀ ਦਾਰ ਜੁ ਖੇਤ ਗਿਰ ਦੀ ਵੱਖੀਏ
ਦਿੱਸਣ ਪੌੜੀ ਵਾਂਙ ਪਰ ਅਤਿ ਨਿੱਕੜੇ।
ਦੂਣ ਪਰਬਤੋਂ ਪਾਰ ਕੋਹਾਂ ਤੀਕ ਹੈ
ਦਿਸਾਦੀ ਪੱਧਰ ਸਾਫ਼ ਸਾਵੀ ਲੈ ਲਹੀ,
ਪਾਣੀ ਸੰਦੇ ਰੌਅ ਇਸ ਵਿੱਚ ਜਾਂਵਦੇ,
ਚਿੱਟੀ ਚਿੱਟੀ ਧਾਰ ਵਾਂਙੂ ਭਾਸਦੇ।
ਕੱਲਰ ਕੇਰੀ ਥਾਂਉਂ ਉੱਜੜ ਜੇ ਕਿਤੇ,
ਚਿੱਟੀ ਮੈਲੀ ਲਾਲ ਹੋ ਹੋ ਭਾਸਦੀ।
ਕੋਹਾਂ ਤੀਕ ਮਦਾਨ ਨਿੱਕਾ ਹੋਇਕੇ
ਦਿੱਸੇ ਨਕਸ਼ੇ ਵਾਂਙ ਅੱਗੇ ਰੱਖਿਆ।
ਬੱਦਲ ਦਿੱਸਣ ਛਾਇ ਕਿਤੇ ਪਲੰਮਦੇ,
ਕਿਧਰੇ ਕੱਠੇ ਹੋਇ ਧੌਲੇ, ਮੈਲੜੇ
-ਉੱਤੋਂ ਦੇਖੇ ਰਾਜ- ਫਿਰ ਰਹੇ ਹੇਠ ਨੇ,
ਮਾਨੋਂ ਉੱਚੀ ਮੇਘ ਕੋਲੋਂ ਹੋ ਗਈ।
ਦਰਸ਼ਨ ਏ ਸਭ ਦੇਖ ਹੁਈ ਨਿਹਾਲ ਹੈ;
ਕੁਦਰਤ ਸੰਦੀ ਮੌਜ ਰਾਣੀ ਦੇਖ ਕੇ
ਕਰਕੇ ਰਤਾ ਅਰਾਮ ਗਦ ਗਦ ਹੋਇਕੇ
ਚਹੇ ਅੰਤਰਾ ਲੈਣ ਪਰੀ ਮਹੱਲ ਦਾ।

## ੧੨. ਪਰੀ ਮਹਿਲ-ਪਰਵੇਸ਼

ਗੋਡਿਆਂ ਤੇ ਹਥ ਰੱਖ ਉੱਠੀ ਰਾਜ ਹੈ,
ਧਰ ਸੂਰਤ ਦਾ ਧਯਾਨ ਚੱਲੀ ਸੋਹਿਣੀ:
ਪੱਥਰ ਪੌੜੀਆਂ ਫੇਰ ਆਈਆਂ ਸਾਹਮਣੇ:
ਵੇਖ ਹੋਇ ਹੈਰਾਨ ਰਾਣੀ ਆਖਦੀ:-
'ਰਾਧਾਂ ਚਿੱਤ ਨ ਡੋਲ, ਦੇਖੀਂ ਪਜਾਰੀਏ!
'ਮਾਨੁਖਾਂ ਦੇ ਹੱਥ ਕੀਤੇ ਕੰਮ ਏ
'ਮਾਨੁੱਖਾਂ ਨੇ ਏਹ ਮਰਦਾਂ ਵਾਸਤੇ
'ਰਚੀ ਹੋਇਗੀ ਥਾਂਉਂ ਕਹੇ ਮਨੁੱਖ ਦੇ।
'ਕਾਰੀਗਰੀ ਪੁਕਾਰ ਸਾਨੂੰ ਆਖਦੀ:
'ਮਾਨੁੱਖਾਂ ਦੀ ਕਾਰ ਹੋਈ ਏਸ ਥਾਂ।
'ਮਾਨਸ ਖਾਣੀ ਨਾਰ ਏਥੇ ਜੇ ਕਦੀ
'ਵਸਦੀ ਸੀ, ਉਸ ਮਾਰ ਕਿਵੇਂ ਨਾ ਖਾ ਲਏ
'ਉਹ ਮਜ਼ਦੂਰ ਮਨੁੱਖ ਜਿਨ੍ਹਾਂ ਉਕੇਰ ਕੇ
'ਐਸਾ ਸੁੰਦਰ ਥਾਉਂ ਕੀਤਾ ਤਯਾਰ ਸੀ।
'ਹੋ ਤਕੜੀ ਤੇ ਤਯਾਰ ਸਿੰਘਾਂ ਵਾਕੁਰੇ;
'ਸਿੱਖਾਂ ਜਿਉਂ ਮਨ ਵਿੱਚ ਸ਼ਰਧਾ ਧਾਰਕੇ
'ਕਰੀਏ ਚਲ ਦੀਦਾਰ ਵਾਸੀ ਓਸਦਾ,
'ਜੋ ਵੱਸੇ ਇਸ ਥਾਉਂ ਕੀਤਾ ਸੀ ਜਿਨ੍ਹੇ
'ਸਾਈਂ ਦਾ ਦੀਦਾਰ ਨੈਣੀਂ ਆਪਣੇ।'

ਇਹ ਕਹਿ ਰੱਖੇ ਪੈਰ ਪੌੜੀ ਉੱਪਰੇ।

ਗੋਲੀ ਡਰਦੀ ਜਾਇ ਸਮਝੇ: 'ਮੌਤ ਹੈ
'ਸਿਰ ਤੇ ਪਹੁੰਚੀ ਆਣ ਦੋਹਾਂ ਦੇ ਅਸਾਂ।
'ਇਸ ਦੇ ਸਿਰ ਤੇ ਭੂਤ ਚੜ੍ਹਿਆ ਪ੍ਰੇਮ ਦਾ
'ਸੁੱਝਣ ਦੇਵੇ ਅੰਤ ਕਿਸੇ ਨ ਗੱਲ ਦਾ
' ਪਰ ਮੈਂ ਗੋਲੀ-ਪਜਾਰ ਮੇਰਾ ਜ਼ੋਰ ਕੀ ?
'ਮਰਸਾਂ ਸ੍ਵਾਮਨਿ ਨਾਲ, ਧਰਮ ਨ ਹਾਰਸਾਂ।'

ਲੰਘ ਪੌੜੀਆਂ ਦੋਇ ਵਿਹੜੇ ਪੌਂਚੀਆਂ;
ਤਕ ਪਥਰੀਲਾ ਥਾਂਉਂ ਫਰਸ਼ ਸੁ ਪੱਧਰਾ,
ਵਿਚ ਇਕ ਲਹ ਲਹ ਕੁੰਡ ਭਰਿਆ ਨੀਰ ਦਾ,
ਨਿਰਮਲ, ਸੁਹਣਾ ਸਾਫ਼, ਕਹਿੰਦੀ: 'ਥਾਂਉਂ ਏ
'ਮਾਨੋਂ ਹੈਵੇ ਅੱਧ ਧਰਤਿ ਅਕਾਸ਼ ਦਾ!
'ਜਜੁੰਦਜਾਂ ਉਪਜੇ ਚਾਹ ਮਾਣਨ ਸੁਰਗ ਦੀ
'ਵੱਸੇ ਏਥੇ ਆਇ ਛੱਡ ਬਖੇੜਿਆਂ।
'ਹੈ ਏ ਠੀਕ ਉਜਾੜ ਨਿਰਜਨ ਥਾਂਉਂ ਏ;
'ਹੋਇ ਅਤੀਤ ਜਿ ਕੋਇ, ਵੱਸੇ ਏਸ ਥਾਂ।
'ਦੁਨੀਆਂ ਖੋਟੀ ਵੇਖ ਨੱਸੇ ਜੋ ਕੁਈ
'ਵੱਸੇ ਏਥੇ ਆਇ -ਏਥੇ ਸ਼ਾਂਤਿ ਹੈ।
'ਰੌਲਾ ਕੁਈ ਨ ਸ਼ੋਰ ਇੱਥੇ ਆਂਵਦਾ;
'ਗਰਮੀ ਮੂਲੋਂ ਨਾਹਿ, ਪੌਣ ਸੁਹਾਵਣੀ,
'ਧੰਦਾ ਝਗੜਾ ਦੁੱਖ ਵਾਪ੍ਰੇ ਮੂਲ ਨਾ।
'ਸ੍ਰੀਰਕ ਲੋੜਾਂ ਜੋਗ ਕੋਈ ਊਣ ਨਾ:
'ਪਾਣੀ ਨਿਰਮਲ ਸਾਫ਼, ਜਿਉਂ ਮਨ ਧੋਤਵਾਂ;
'ਫਲ ਵਾਲੇ ਹਨ ਬ੍ਰਿੱਛ ਦੇਵਣ ਖਾਣ ਨੂੰ
'ਭੋਜਨ ਹੌਲਾ ਸਾਫ ਮਿਹਨਤ ਤੋਂ ਬਿਨਾਂ,
'ਭੋਜ ਪੱਤ੍ਰ ਦੇ ਬ੍ਰਿੱਛ ਦੇਵਣ ਕਪੜੇ।
'ਕੁਟੀਆ ਰਾਖੀ ਜੋਗ ਮੀਂਹ ਤੇ ਸੀਤ ਤੋਂ
'ਬਣੀ ਖੜੀ ਹੈ ਠੀਕ ਕਾਫ਼ੀ ਲੋੜ ਨੂੰ।
'ਵਾਹਵਾਹ ਸੁਹਣਾ ਥਾਉਂ ਅਸਲ ਇਕਾਂਤ ਹੈ।
'ਛੱਡਾਂ ਰਾਜ ਬਖੇੜ, ਤਖ਼ਤੋ ਤਾਜ ਨੂੰ
'ਏਥੇ ਆਵਾਂ ਛੱਡ ਸਭ ਧੰਦਾਲ ਮੈਂ।
'ਮੈਂ ਹੋਵਾਂ ਤੇ ਮੌਜ, ਕੁੱਝ ਨ ਹੋਰ ਹੋ;
'ਪਜਾਰੇ ਸੰਦੀ ਯਾਦ, ਉਸ ਦਾ ਧਜਾਨ ਹੋ,
'ਕਰਨੇ ਨੂੰ ਕੁਈ ਕਾਰ ਹੋਵੇ ਹੋਰ ਨਾ।'

ਇਹ ਕਹਿੰਦਜਾਂ ਫਿਰ ਰਾਜ ਵੜੀ ਦਲਾਨ ਜਾ।
ਦੇਖੇ ਅਚਰਜ ਮੌਜ ਅੰਦਰ ਹੈ ਲਗੀ:
ਵਿੱਛੇ ਹਨ ਇਕ ਦਾਉ ਓਸ ਦਲਾਨ ਦੇ
ਭੋਜ ਪਤ੍ਰ ਇਸ ਡੌਲ ਬਿਸਤ੍ਰਾ ਹੋ ਜਿਵੇਂ,
ਉਪਰ ਲਾਇ ਸਮਾਧਿ ਬੈਠੀ ਹੈ ਪਰੀ;
ਸੁੰਦਰ ਪਤਲੀ ਡੀਲ, ਦੇਹੀ ਇੱਕ੍ਹਰੀ,
ਚਿਹਰਾ ਦਮਕੇ ਲਾਲ ਵਾਂਙੂ ਲਾਲ ਦੇ,
ਪਰ ਚਿਹਰੇ ਵਿਚ ਝਾਰ ਉਮਰਾ ਵਾਲੜੀ,
ਢਲਦੀ ਉਮਰ ਨਿਸ਼ਾਨ, ਹੈਸੀ ਜਾਪਦੀ।
ਸਿਰ ਤੋਂ ਨੰਗੀ ਸੀਗ, ਧੜ ਤੇ ਲੱਕ ਸੇ
-ਸੁਹਣੇ, ਪਤਲੇ, ਸਾਫ਼- ਬਸਤ੍ਰਾਂ ਵਾਕਰੇ
ਭੋਜ ਪੱਤਰਾਂ ਨਾਲ ਕੱਜ ਵਲ੍ਹੇਟੜੇ।
ਪਦਮਾਸਨ, ਬਿਨ ਡੋਲ ਲਗੀ ਸਮਾਧ ਸੀ;
ਸਾਸ ਨ ਜਾਪੇ ਆਇ, ਹਿੱਲ ਨ ਅੱਖੀਆਂ
ਪੱਥਰ-ਪੁਤਲੀ ਵਾਂਙ ਰੱਖੀ ਜਾਪਦੀ,
ਤਣਿਆ ਸੀਗ ਸਰੀਰ ਸਿੱਧਾ ਖਿੱਚਿਆ।

ਟੱਕ ਨੀਝ ਦੀ ਲਾਇ, ਰਾਣੀ ਤੱਕਿਆ,
ਸੀਸ ਨਿਵਾਇਆ ਫੇਰ ਕਹਿੰਦੀ: 'ਧੰਨ ਹੈ।'
ਫਿਰ ਤਕ ਪਿਛਲੀ ਵੱਲ ਰਾਣੀ ਦੇਖਦੀ।
ਇਸ ਨਾਰੀ ਦੇ ਨਾਲ ਪਿਛਲੀ ਲਾਂਭ ਤੇ
ਸੀਗੀ ਪੱਥਰ ਕੰਧ, ਉਸ ਵਿਚ ਲੱਗਿਆ
ਪਟੜਾ ਪੱਥਰ ਇੱਕ ਅਖਰਾਂ ਵਾਲੜਾ।
ਨੀਝ ਲਗਾ ਕੇ ਦੇਖ ਰਾਣੀ ਸਜਾਣਦੀ
ਲਿਖੇ ਗੁਰਮੁਖੀ ਸਾਫ ਦਸਖ਼ਤ ਕੰਤ ਦੇ,
ਸੰਗ ਸਿਤਾਰੇ ਨਾਲ ਉਕਰ ਜੋ ਜੜੇ,
ਪੈਣ ਚਾਨਣੇ ਨਾਲ ਲਿਸ਼ਕਾਂ ਮਾਰਦੇ,
ਜਿਉਂ ਚਾਨਣ ਲਿਸ਼ਕਾਰ ਪਾਕੇ ਅੱਖੀਆਂ
ਡਲ੍ਹਕ ਡਲ੍ਹਕ ਚਮਕਾਰ ਦੇਵਣ ਸੋਨ੍ਹੀਆਂ।
ਸੰਗ ਸਿਤਾਰੇ ਵੱਲ ਰਾਣੀ ਦੇਖਦੀ
ਉਹ ਬੀ ਮਾਨੋਂ ਦੇਖ ਰਹਿਆ ਓਸ ਨੂੰ।
ਡਾਢੇ ਹਿਤ ਚਿਤ ਨਾਲ ਰਾਣੀ ਦੇਖਕੇ
ਪੜ੍ਹਦੀ ਦਿਲ ਦੇ ਵਿੱਚ ਅੱਖਰ ਜੋ ਲਿਖੇ,
ਤਦ ਉਸ ਨੇ ਇਹ ਵਾਕ ਲੀਤਾ ਵਾਚ ਸੀ:—

ਪਉੜੀ॥
ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥ ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥ ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥ ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥ ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥
ਦਸਖਤ ਸੂਰਤ ਸਿੰਘ
ਟਹਿਲੀਆ ਸਾਧ ਸੰਗਤ

ਪੜ੍ਹਿਆ ਸਤਿਗੁਰ ਵਾਕ, ਲਿਖਿਆ ਕੰਤ ਦਾ,
ਦਸਖਤ ਲਿਆ ਪਛਾਣ ਪਜਾਰੇ ਹੱਥ ਦਾ:
ਲੱਗ ਗਈ ਹੁਣ ਤਾੜ ਟਿਕ ਕੇ ਬੱਝਵੀਂ
ਉਨ੍ਹਾਂ ਅੱਖਰਾਂ ਵਿੱਚ ਪਜਾਰੀ ਰਾਜਦੀ।
ਝਮਕਣ ਭੁੱਲੀ ਬਾਣ ਨੈਣਾਂ ਰੱਤਿਆਂ:
ਮਾਨੋਂ ਨਿਕਲੇ ਬਾਣ ਵਿੱਚੋਂ ਅੱਖਰਾਂ
ਅੱਖਾਂ ਥਾਣੀਂ ਲੰਘ ਹਿਰਦੇ ਜਾਂਵਦੇ;
ਹਿਰਦਾ ਨਿਰਮਲ ਸਾਫ਼ ਰਾਣੀ ਰਾਜ ਦਾ
ਗਿਆ ਪਰੋਚ ਓ ਨਾਲ ਤੀਰਾਂ–ਯਾਦ ਦੇ,
ਅੱਖਾਂ ਸਨ ਵਿਚਕਾਰ ਅੱਖਰਾਂ ਤੇ ਰਿਦੇ,
ਉਹ ਬੀ ਗਈਆਂ ਨਾਲ ਆਪ ਪਰੋਤੀਆਂ।
ਕ੍ਰਿਤ ਨੂੰ ਦੇਖਜਾਂ ਯਾਦ ਕਰਤੇ ਸੰਦੜੀ
ਓਹੋ ਧਾਰ ਸਰੂਪ ਆਈ ਸਾਮ੍ਹਣੇ,
ਮਾਨੋਂ ਸੂਰਤ ਸਿੰਘ ਨਜ਼ਰੀਂ ਆਗਿਆ,
ਹਿਰਦੇ ਨੇ ਉਹ ਰੂਪ ਬੰਨ੍ਹਿਆਂ ਅੰਦਰੇ,
ਸੂਰਤ ਦਾ ਦੀਦਾਰ ਸਚ ਮੁਚ ਹੋ ਰਿਹਾ।
ਹਰ ਹਰ ਅੱਖਰ ਵਿੱਚ ਕਰਤਾ ਭਾਸਦਾ,
ਹਰ ਇਕ ਘੁੰਡੀ ਵਿੱਚ ਸੂਰਤ ਦਿੱਸਦੀ
ਅਸਲੀ ਵਰਗੀ ਸਾਫ਼ ਸੂਰਤ ਸਿੰਘ ਦੀ।
ਹਿਰਦਾ ਹੋ ਕੁਰਬਾਨ ਪਜਾਰੀ ਮੌਜ ਤੇ
ਭੁੱਲ ਗਿਆ ਨਿਜ ਰੂਪ ਯਾਦ ਸਮਾ ਗਿਆ;
ਬਾਕੀ ਆਤਮ ਰੂਪ ਅਪਣਾ ਆਪ ਜੋ
ਆਤਮ ਪਜਾਰੇ ਨਾਲ ਗਿਆ ਅਭੇਦ ਹੋ।

ਬੈਠੀ ਵਿੱਚ ਸਮਾਧ ਹੈਸੀ ਉਹ ਪਰੀ,
ਦੂਜੀ ਲਗੀ ਸਮਾਧ ਰਾਣੀ ਰਾਜ ਦੀ।
ਰਾਧਾਂ ਅਚਰਜ ਹੋਇ ਬਿਟ ਬਿਟ ਤੱਕਦੀ,
ਵੇਖ ਵੇਖ ਹੈਰਾਨ ਹੁੰਦੀ ਜਾਂਵਦੀ।
ਹੈਰਾਨੀ ਇੱਕ ਖਿੱਚ ਉੱਪਰ ਨੂੰ ਕਰੇ,
ਇਸ ਦਾ ਵਧਦਾ ਜ਼ੋਰ ਹੋਸ਼ ਹਿਲਾਂਵਦਾ,
ਹਿਲ ਹਿਲ, ਉਡ ਉਡ ਹੋਸ਼ ਦੇਹੋਂ ਨਿੱਕਲੇ,
ਉਡ ਉਡ ਫਿਰਡਿਗ ਜਾਇ ਡਿਗ ਡਿਗ ਉੱਡਦੀ,
ਉਡ ਡਿਗ ਡਿਗ ਉੱਡ ਉੱਡ ਉੱਡੀ ਅੰਤ ਨੂੰ,
ਇਹ ਭੀ ਹੋਇ ਅਡੋਲ ਟਿਕ ਗਈ ਸਾਮ੍ਹਣੇ
ਮਾਨੋਂ ਹੋਰ ਸਮਾਧ ਤੀਜੀ ਹੈ ਲਗੀ।

ਸੋਮਾਂ ਠੰਢਾ ਹੋਇ ਜਿੱਥੇ ਨੀਰ ਦਾ,
ਠੰਢੀ ਹੋਵੇ ਪੌਣ ਠੰਢ ਸੁਹਾਵਣੀ,
ਬਹੀਏ ਨੇੜੇ ਜਾਇ ਜੇਕਰ ਏਸ ਦੇ
ਤਨ ਮਨ ਠੰਢਾ ਹੋਇ ਛਾਤੀ ਸੀਜਰੀ:
ਤਿੱਕੁਰ ਸੀ ਇਹ ਥਾਉਂ ਸ਼ਾਂਤਿ ਸਰੋਵਰੰ,
ਭਜਨ ਸਦਾ ਇਸ ਥਾਉਂ ਹੁੰਦਾ ਸੀ ਰਿਹਾ।
ਤਾਂਤੇ ਸਤੋ–ਪ੍ਰਭਾਵ ਸੁਹਣਾ ਛਾ ਰਿਹਾ।
ਮਾਨੋਂ ਭਰਜਾ ਸਮੁੰਦ ਸੀ ਨੱਕ ਨੱਕ ਏ
ਸ਼ਾਂਤੀ ਜਲ ਦੇ ਨਾਲ ਆਸ਼੍ਰਮ ਸੋਹਿਣਾਂ।
ਬੈਠੀ ਸੀ ਵਿਚ ਇੱਕ ਏਸ ਸਮੁੰਦ ਦੇ
ਟੁੱਭੀ ਡੂੰਘੀ ਲਾਇ ਪਹਿਲੇ ਤੋਂ ਪਰੀ,
ਦੂਜੀ ਰਾਣੀ ਰਾਜ ਲੱਦੀ ਪ੍ਰੇਮ ਦੀ
ਡੁੱਬੀ, ਰਖਦੀ ਪੈਰ ਵਿੱਚ ਸਮੁੰਦ ਦੇ;
ਤੀਜੀ ਰਾਧਾਂ ਨਾਲ ਅਚਰਜ ਹੋਂਵਦੀ
ਡੁੱਬੀ ਵਿਚ ਵਿਸਮਾਦ ਕੰਢੇ ਬੈਠਦੀ।

ਭਰਜਾ ਹੋ ਹਵਾ ਨਾਲ ਭਾਂਡਾ ਸੱਖਣਾ,
ਪੱਥਰ ਇਸ ਨੂੰ ਬੰਨ੍ਹ ਖੂਹੇ ਸੱਟੀਏ,
ਜ਼ੋਰ ਭਾਰ ਦੇ ਡੁੱਬ ਹੇਠਾਂ ਜਾਵਸੀ
ਭਾਂਡਾ ਉੱਸੇ ਥਾਉਂ ਟਿਕਿਆ ਹੀ ਰਹੂ,

ਪਰ ਜੋ ਹੈਸੀ ਪੌਣ ਉਸ ਦੇ ਅੰਦਰੇ
ਨਿਕਲ ਓਸ ਤੋਂ ਬਾਰ੍ਹ ਪਾਣੀ ਚੀਰਦੀ
ਘੜਿਓਂ ਬਾਹਰ ਹੋਇ ਉੱਪਰ ਨੂੰ ਚੜ੍ਹੂ;
ਫਿਰ ਪਾਣੀ ਤੋਂ ਬਾਰ੍ਹ ਉੱਪਰ ਨਿੱਕਲੂ;
ਵਾਯੂ ਮੰਡਲ ਵਿੱਚ ਚੜ੍ਹਦੀ ਜਾਇਗੀ,
ਜਿੰਨੀ ਹੌਲੀ ਵੱਧ ਉੱਨੀ ਜਾ ਚੜ੍ਹੂ
ਉੱਚੀ ਵਿੱਚ ਅਕਾਸ਼ ਨਕਲੀ ਪੌਣ ਏ।
ਤਿੱਕੁਰ ਭੌਜਲ ਏਹ ਸਭ ਸੰਸਾਰ ਹੈ,
ਟਿਕ ਰਹੇ ਸਾਰੇ ਜੀਵ ਇਸ ਦੀ ਥਾਹ ਤੇ
ਪਰ ਜਿਸ ਦੀ ਹੈ ਜਿੰਦ ਸ਼ਬਦ ਰਸਾਯਣੀ,
ਉਸ ਦੀ ਜੇਕਰ ਰੂਹ ਹੌਲੀ ਸੂਖਮੰ
ਨਿਕਲੇ ਕਦੇ ਜਿ ਬਾਰ੍ਹ ਦੇਹੀ ਭਾਂਡਿਓਂ,
ਮਾਰ ਉਡਾਰੀ ਉੱਚ ਉੱਪਰ ਜਾਂਵਦੀ;
ਸੂਖਮ ਹੈ ਜਿਸ ਜੋਗ ਲੋਕ 'ਉਸ ਪੌਂਚ੍ਹਦੀ।
ਜਿੰਨੀ ਹਲਕੀ ਹੋਇ ਉੱਨੀ ਜਾਣ ਲੌ
ਸੂਖਮ ਦਸ਼ਾ ਵਿਚਾਲ ਪਹੁੰਚੇ ਜਾਇਕੇ।

ਗਿਆ ਕਾਲ ਕੁਝ ਬੀਤ ਇੱਕੁਰ ਬੈਠਿਆਂ।
ਕੌਣ ਜਗਾਵੇ ਆਨ ਜੁੜਿਆਂ ਨੂੰ, ਕਹੋ।
ਰੌਲਾ ਨੇੜੈ ਨਾਹਿੰ ਜੋ ਉਖੜਾਂਵਦਾ;
ਗਰਮੀ ਏਥੇ ਨਾਹਿੰ ਜੋ ਘਬਰਾਂਵਦੀ;
ਮੱਛਰ, ਕੀਟ, ਪਤੰਗ ਡੰਗਾਂ ਵਾਲੜੇ
ਦਿੱਸਣ ਏਥੇ ਨਾਹਿੰ ਟੁੰਬ ਉਠਾਵਣੇ,
ਗ਼ਰਜ਼ਾਂ ਵਾਲਾ ਯਾਰ, ਦੁਖੀਆ ਸਾਕ ਨਾ;
ਅੱਭੜਵਾਇਆ ਦਾਸ ਇੱਥੇ ਹੈ ਨਹੀਂ;
ਕੌਣ ਜਗਾਵੇ ਆਣ ਏਨ੍ਹਾਂ ਬੈਠਿਆਂ?
ਜੇ ਹੁੰਦੀ ਇਹ ਨੀਂਦ ਕੁਦਰਤ ਆਪ ਹੀ
ਘੜੀ ਦੋ ਘੜੀ ਬਾਦ ਆਪ ਜਗਾਂਵਦੀ।
ਸਮਾਂ ਨ ਸਕਦਾ ਛੇੜ ਲੰਘੇ ਮਲਕੜੇ
ਦਬੇ ਪੈਰ ਸਾਹ ਵੱਟ ਜਿਉਂ ਹਿਮਟੀਲ ਹੋ।
ਉਲਟ ਕਰੇਂਦੀ ਪੌਣ ਮਾਨੋਂ ਝੋਲਦੀ
ਪੱਖੇ ਠੰਢੇ ਠਾਰ ਵੈਰੀ 'ਜਾਗ' ਦੇ,
ਕਿਵੇਂ ਨ ਦੇਇ ਜਗਾਇ ਇਹਨਾਂ 'ਜਾਗ' ਹੈ,
ਸੁੱਤੇ ਗੋਦੀ ਵਿੱਚ ਜੋ ਮਨ 'ਪ੍ਰੇਮ' ਦੀ।

'ਚਿੰਤਾ' ਹੈ ਇਕ ਹੋਰ ਟਹਿਲਣ 'ਜਾਗ' ਦੀ,
ਬਗਲੀ ਸੱਪ ਸਮਾਨ ਰਹਿੰਦੀ ਕੋਲ ਹੀ
ਦਿਲ ਦੇ ਬੂਹੇ ਬਾਰ੍ਹ ਦਾਉ ਤਕਾਂਵਦੀ;
ਉਹ ਬੀ ਏਥੇ ਨਾਂਹ ਸਕਦੀ ਪੌਂਚ੍ਹ ਹੈ।
ਫਿਕਰ ਪੈ ਗਿਆ ਫੇਰ ਡਾਇਣ 'ਜਾਗ' ਨੂੰ:
'ਕੌਣ ਕਰੂਗੁ ਹੁਣ ਕਾਰ —ਜੁੜੇ ਵਿਛੋੜਸੀ?'
ਸੜ ਕੇ ਗੁੱਸੇ ਨਾਲ ਧੁਖਦੀ ਬਹੁਤ ਹੀ
—ਪੇਸ਼ ਨ ਜਾਂਦੀ ਮੂਲ— ਛਿੱਥੀ ਹੋ ਗਈ
ਇੱਧਰ ਧਜਾਨੀ ਧਜਾਨ ਡੁੱਬੇ ਸੋਹਿਣੇ,
ਭੁੱਲੇ ਅਪਣਾ ਆਪ ਵਿੱਚ ਧਿਆਨ ਦੇ,
ਪਜਾਰੇ ਪਜਾਰਜਾਂ ਨਾਲ ਫਾਥੇ ਐਕੁਰਾਂ,
ਬੂੜਜੇ ਜਿੱਕੁਰ ਹੋਣ ਵਗਦੇ ਖੂਹ ਦੇ,
ਫਸੇ ਆਪ ਵਿਚਕਾਰ ਅੱਡ ਨ ਹੋਂਵਦੇ,
ਤਿਵੇਂ ਨ ਹੋਵਣ ਅੱਡ ਸੁਰਤੀ ਬੂੜੀਏ
ਫਸੇ ਧੇਅ ਦੇ ਨਾਲ ਕੱਸੇ ਪ੍ਰੇਮ ਦੇ।

ਹੇ ਹਤਿਆਰੀ ਜਾਗ ! ਚਉ ਕਰ ਬੈਠ ਜਾ
ਇਤਨੀ ਤਾਤ ਨ ਠੀਕ, ਮੰਦਾ ਸੋਚ ਨਾ !
ਤੂੰ ਬੀ ਕਰ ਆਰਾਮ ਨੀਂਦਰ ਮਾਣ ਲੈ;
ਹੋਈਓਂ ਥੱਕ ਹਿਰਾਨ ਪਲ ਭਰ ਸੌਂ ਰਹੋ;
ਘਾਬਰ ਨੂੰ ਦੇ ਛੱਡ, ਸਿਮਟੀਂ, ਖਿੰਡੀਏ !
ਵੈਰ ਨ ਹਾਇ! ਵਿਹਾਝ ਨਾਲ ਪਰੇਮੀਆਂ।
ਦੌਲਤ ਏਨ੍ਹਾਂ ਪਾਸ ਕੋਈ ਮਾਲ ਨਾ,
ਅਤਿ ਨਿਰਬਲ, ਨਿਰਮਾਨ ਮਿੱਤ੍ਰਾਂ ਵਾਂਜੜੇ,
ਫਾਕੇ ਮਾਰੇ, ਚੂਰ ਕੀਤੇ ਪੈਂਡਿਆਂ,
ਭੁੱਖੇ, ਦੀਨ, ਗ਼ਰੀਬ ਲਿੱਸੇ ਦੇਖ ਲੈ,
ਲਹੂ ਨ ਏਨ੍ਹਾਂ ਵਿਚ ਮਿੱਝ ਨ ਮਾਸ ਹੈ,
ਸੱਥਰ ਵਾਸਾ ਏਹ ਬੈਠੇ ਸੱਥਰੇ,
ਜਦ ਜਾਗਣਗੇ ਵਿੱਚ ਤੂੰ ਵੜ ਜਾਇੰਗੀ,
ਨਾਲ ਇਨ੍ਹਾਂ ਹੇ 'ਜਾਗ!' ਬੈਠੇਂ ਸੱਥਰੀਂ।
ਵੱਸ ਇਨ੍ਹਾਂ ਵਿੱਚ ਚੈਨ ਤੈਨੂੰ ਕੀ ਮਿਲੂ?
ਸੁੰਞੇ ਇਹ ਅਸਥਾਨ ਸੁੱਕੇ ਭੋਗ ਏ
ਛੱਡ; ਸੁਹਾਵੇ ਥਾਂਉਂ ਜਾਈ; 'ਜਾਗ' ਨੀ !
ਮਹਿਲਾਂ ਦੇ ਵਿਚਕਾਰ ਜਾਵੀਂ ਧੌਲਰੀਂ;


www.sikhbookclub.com

ਅੱਖਾਂ ਵਿਚ ਨਿਵਾਸ ਰਾਜੇ ਵਾਲੀਆਂ
ਜਾਂ ਰਾਣੀ ਦੇ ਨੈਣ ਵਾਸਾ ਕਰ ਲਈਂ,
ਰਾਜਿਆਂ ਉੱਤੇ ਰਾਜ 'ਜਾਗ' ! ਜਮਾਇ ਲੈ:
ਵੜ ਉਹਨਾਂ ਵਿਚਕਾਰ ਮਾਣੀਂ ਮੌਜ ਤੂੰ,–
ਅਤਲਸ ਵਾਲੀ ਸੇਜ ਮਖ਼ਮਲ ਹੋ ਵਿਛੀ
ਸਾਰੀ ਰਾਤ ਜਗਾਇ ਰਾਜੇ ਰਾਣੀਆਂ।
ਜਿਨ੍ਹਾਂ ਰਿਦੇ ਵਿਚ ਜੋਕ ਚਿੰਤਾ ਵਾਲੜੀ
ਲੱਗੀ, ਲੈਣ ਅਰਾਮ ਦੇਂਦੀ ਹੈ ਨਹੀ;
ਕਰਕੇ ਜਤਨ ਅਪਾਰ ਉਹ ਜਾਂ ਸੌਣਗੇ
ਸੁੰਦਰ ਸੇਜ ਤਿਆਰ ਉੱਪਰ ਲੇਟਕੇ
ਤੂੰ ਨੀਂਦਰ ਨੂੰ ਔਣ ਉੱਥੇ ਨਾ ਦਈਂ,
ਆਪ ਅੱਖੀਆਂ ਵਿੱਚ ਵੜਕੇ ਬੈਠਕੇ
ਸੌਂਕਣ ਵਾਲਾ ਵੈਰ ਨੀਂਦਰ ਨਾਲ ਤੂੰ
ਓਥੇ ਲਈਂ ਕਮਾਇ ਦਿਲ ਨੂੰ ਖੋਲ੍ਹਕੇ;
ਮੌਜਾਂ ਕਰੀਂ ਬਹਾਰ, ਭੋਗੀਂ ਸੁੱਖ ਤੂੰ
ਜੋ ਹੋਵਣਗੇ ਤਜਾਰ ਸੌਂਕਣ ਵਾਸਤੇ।
ਕਰ ਏਥੇ ਇਕ ਸੋਚ ਸੁੱਤੇ ਏ ਨਹੀਂ;
ਨੀਂਦ ਨ ਏਥੇ ਆਨ ਡੇਰਾ ਲਾ ਲਿਆ,
ਏ ਹਨ ਜੁੜੇ ਅਡੋਲ ਪ੍ਰੀਤਮ ਧਜਾਨ ਦੇ
ਇਹਨਾਂ ਦੀ ਨਾ ਖੋਲ੍ਹ, ਲਗੀ ਸਮਾਧ ਤੂੰ !
ਐਪਰ ਧਰਨ ਨ ਕੰਨ ਦੋਖੀ ਸਿੱਖਿਆ,
ਅਪਣਾ ਹੋਵੇ ਲਾਭ ਚਾਹੇ ਹਾਨ ਹੋ,
ਕਰਨੀ ਖੋਟੀ ਕਾਰ ਵਾਦੀ ਹੈ ਇਨ੍ਹਾਂ।
ਚੂਹਾ ਕਾਗਤ ਕੱਟ ਨਾਸ ਕਰਾਂਵਦਾ,
ਕੰਮ ਨ ਉਸ ਦੇ ਕੁੱਝ, ਖੋਟੀ ਬਾਣ ਹੈ:
ਤਿਵੇਂ ਦੁਸ਼ਟ ਇਸ 'ਜਾਗ' ਛੱਡੀ ਬਾਣ ਨਾ।
ਇਕ ਜੰਗਲ ਦੇ ਵਿਚ ਇੱਕ ਕਬੂਤਰੀ
ਰਸਤਾ ਅਪਣਾ ਭੁੱਲ ਫਿਰਦੀ ਸੀ ਪਈ,
ਬੰਨ੍ਹੀ ਸੀ ਗਲ ਨਾਲ ਚਿੱਠੀ ਏਸ ਦੇ;
ਢੂੰਡ ਰਹੀ ਸੀ ਥਾਂਉਂ ਜਿੱਥੇ ਏਸ ਨੇ
ਚਿੱਠੀ ਦੇਣੀ ਜਾਇ, ਉੱਤਰ ਲੇਵਣਾ;
ਥਕ ਇਕ ਬੂਟੇ ਟਾਣ੍ਹ ਇਹ ਸੀ ਸੌਂ ਗਈ
ਸੁੱਤੀ ਇਸ ਨੂੰ ਦੇਖ ਉੱਪਰ ਬ੍ਰਿੱਛ ਦੇ
ਥੱਕੀ, ਪੈਂਡੇ ਮਾਰ, ਭੁੱਲੀ ਰਾਹ ਤੋਂ
'ਜਾਗ' ਜਾਇਕੇ ਪਾਸ ਟਾਣ੍ਹ ਹਿਲਾਇਆ,
ਕਹਿੰਦੀ: 'ਕਰ ਕੁਝ ਹੋਸ਼ ਗੁੰਗੀ ਦੂਤਣੇ!
'ਭੁੱਲੀਓਂ ਰਸਤਾ ਆਪ ਨੇੜੇ ਪੌਂਚ੍ਹ ਕੇ,
'ਆ ਪਾਵਾਂ ਮੈਂ ਰਾਹ ਤੈਨੂੰ ਸੁਹਣੀਏਂ!'

ਅੱਗੇ ਅੱਗੇ 'ਜਾਗ' ਮਗਰ ਕਬੂਤਰੀ
ਉਡ ਆ ਪੁਜੀਆਂ ਕੋਲ ਆਸ੍ਰਮ ਪੌੜੀਆਂ,
ਕਹੇ ਜਾਗ: 'ਸੁਣ ਮੀਤ! ਏਹੋ ਥਾਉਂ ਹੈ !
'ਜਿੱਥੇ ਚਿੱਠੀ ਸੀਗ ਤੂੰ ਅਪੜਾਵਣੀ।
'ਤੂੰ ਹੁਣ ਅੱਗੇ ਲੱਗ ਸਕਾਂ ਨ ਜਾਇ ਮੈਂ
'ਇਸ ਮੰਦਰ ਦੇ ਵਿੱਚ 'ਕੱਲੀ ਮੈਂ ਕਿਵੇਂ।
'ਖੰਭਾਂ ਵਿੱਚ ਲੁਕਾਇ ਨਾਲ ਲਿਚੱਲ ਤੂੰ
'ਮੈਨੂੰ ਸੈਰ ਕਰਾਇ, ਮੰਦਰ ਏਸ ਦੀ।'

ਭੋਲੀ, ਸ਼ੁਕਰ ਗੁਜ਼ਾਰ, ਓਹ ਕਬੂਤਰੀ
ਉਸ ਨੂੰ ਨਾਲ ਲੁਕਾਇ ਅੰਦਰ ਲੈ ਗਈ।
ਇਹ ਪੰਛੀ ਸੀ ਨਿੱਤ ਏਥੇ ਆਂਵਦਾ,
ਜਦ ਜੋਗੀ ਜੀ ਆਪ ਸੀਗੇ ਜੀਂਵਦੇ।
ਜਦੋਂ ਹਠਾਂ ਨੂੰ ਤਜਾਗ ਹੋਏ ਸਿੰਘ ਸੇ
ਤਦ ਤੋਂ ਫੇਰਾ ਏਨ ਪਾਇਆ ਸੀ ਨਹੀਂ।
ਪੰਛੀ ਜਾਣੂ ਏਸ ਸੀ ਅਸਥਾਨ ਦਾ,
ਪਰੀ ਨਾਲ ਬੀ ਸਜਾਣ ਹੈਸੀ ਰੱਖਦਾ,
ਜਾ ਗੋਦੀ ਵਿਚਕਾਰ ਉਸ ਦੀ ਬੈਠਿਆ;
ਫੜ ਫੜ ਮਾਰੇ ਖੰਭ ਗੁਟ ਗੁਟ ਗਾਂਵਿਆਂ
ਗੋਦੀ ਦੇ ਵਿਚਕਾਰ ਘੁੰਮਰ ਪਾਂਵਦਾ:
ਖੰਭ ਹਿਲਾਏ ਫੇਰ ਹਿੱਲਣ ਨਾਲ ਹੀ
ਚੁੱਪ ਕਰੀਤੀ 'ਜਾਗ' ਹੇਠੋਂ ਨਿੱਕਲੀ
ਪਰੀ ਵਿੱਚ ਪਰਵੇਸ਼ ਉਸ ਨੇ ਪਾ ਲਿਆ।

ਪਹਿਲੇ ਕੁਝ ਉਚਾਰ ਸੁੰਦਰ ਹੋਇਆ
ਪਰੀ ਮੁੱਖ ਤੋਂ ਸਾਫ਼, ਸੁਣਿਆਂ ਠਾਰਦਾ,
ਭੌਰਜਾਂ ਦੀ ਗੁੰਜਾਰ ਮਿਲਵੀਂ ਹੋ ਜਿਵੇਂ;
ਕੈਸੀ ਸੀ ਉਹ ਵਾਜ? ਮਸਤੀ ਸੀ ਭਰੀ,
ਜਾਗ ਨੀਂਦ ਵਿਚਕਾਰ ਜਿਸਦਾ ਥਾਉਂ ਹੈ।


www.sikhbookclub.com



ਪਰੀ ਮਹੱਲ

ਫਿਰ ਉੱਠੇ ਦੁਇ ਹੱਥ ਵੱਲ ਅਕਾਸ਼ ਦੇ,
ਫਿਰਕੇ ਉੱਪਰ ਸੀਸ ਮੱਥੇ ਆ ਫਿਰੇ,
ਨੈਣਾਂ ਉੱਪਰ ਫੇਰ ਫਿਰਦੇ ਹੇਠ ਨੂੰ
ਛਾਤੀ ਉੱਪਰ ਆਇ, ਗੋਡੀਂ ਜਾ ਟਿਕੇ;
'ਸ਼ੁਕਰ ਸ਼ੁਕਰ' ਦੀ ਵਾਜ ਮੂੰਹੋ ਨਿੱਕਲੀ;
ਫਿਰ ਹੋਈ 'ਵਾਹ ਵਾਹ' ਮੰਦਰ ਗੂੰਜਦਾ।
ਅੱਖਾਂ ਖੁਲ੍ਹੀਆਂ ਫੇਰ ਸ਼ਾਂਤੀ ਵਾਲੀਆਂ,
ਮਾਨੋਂ ਅੰਮ੍ਰਿਤ ਨਾਲ ਹੈਸਨ ਧੋਤੀਆਂ।
ਪ੍ਰੇਮ ਨੀਰ ਸੀ ਪੂਰ ਪਲਕਾਂ ਅੰਦਰੇ
ਜਿਸ ਵਿਚ ਲਿਸ਼ਕ ਅਡੋਲ ਮਾਰਨ ਅੱਖੀਆਂ।
ਦੋ ਸੇ ਸੀਤਲ ਚੰਦ ਪਲਕਾਂ ਅੰਦਰੇ
ਅੰਮ੍ਰਿਤ ਅੰਦਰ ਬਾਰ੍ਹ, ਅੰਮ੍ਰਿਤ ਨ੍ਹਾਂਵਦੇ,
ਅੰਮ੍ਰਿਤ ਪੈਂਦੀ ਦ੍ਰਿਸ਼ ਅੰਮ੍ਰਿਤ ਵਰਸਦਾ,
ਦੇਖੇ ਜੋ ਏ ਰੰਗ ਗਿਰਦੇ ਓਸ ਦੇ
ਅੰਮ੍ਰਿਤ ਅਮਰ ਪ੍ਰਭਾਵ ਦਿੱਸੇ ਛਾਇਆ।
ਹੁਣ ਉਸ ਨਾਰ ਸੁਜਾਨ ਭਰਕੇ ਤੱਕਿਆ,
ਦੇਖੇ ਅਚਰਜ ਹੋਇ ਅਪਨੇ ਸਾਮ੍ਹਣੇ
ਅਮਰੇ ਦਿੱਸਣ ਜੀਵ ਅਮਰੋਂ ਆ ਗਏ
ਬੈਠੇ ਵਿੱਚ ਦਲਾਨ ਲਾਇ ਸਮਾਧੀਆਂ;
ਅੰਮ੍ਰਿਤ ਦ੍ਰਿਸ਼ਟੀ ਨਾਲ ਅਮਰੇ ਸਜਾਣਕੇ
ਸਿਰ ਨੂੰ ਆਪ ਨਿਵਾਇ ਤੱਕੀ ਫੇਰ ਓ।
ਤੀਜਾ ਡਿੱਠਾ ਹੋਰ ਪੰਖਿ ਪਰਾਹੁਣਾ
ਜਿਸ ਝੋਲੀ ਵਿਚ ਖੇਲ ਖੋਲੀ ਜਾਗ ਹੈ।
ਇਸ ਨੂੰ ਫੜਕੇ ਢੂੰਡ ਖੋਲ੍ਹੀ ਪੱਤ੍ਰਿਕਾ
ਦੇਖ, ਸਮਝ, ਫਿਰ ਜੋੜ ਰੱਖੀ ਲ੍ਹਾਮ ਤੇ
ਆਪ ਗਈ ਫਿਰ ਹੇਠ ਉਤਰੀ ਪੌੜੀਆਂ।
ਕੰਦ ਮੂਲ ਕੁਝ ਲਜਾਇ ਅੰਦਰ ਰੱਖਕੇ
ਸੂਰਜ ਵੰਨੇ ਵੇਖ ਉਸ ਨੇ ਜਾਣਿਆਂ:
ਦਿਨ ਹੁਣ ਢਲਦਾ ਜਾਇ ਪੱਛੋਂ ਲ੍ਹਾਮ ਨੂੰ।
ਫਿਰ ਸਹਿਜੇ ਹੀ ਤੋਰ ਅੰਦਰ ਆਵੜੀ।

ਉੱਧਰ ਰਾਣੀ ਰਾਜ ਰਾਧਾਂ ਨਾਲ ਹੀ
ਗੁਟਕ ਗੁਟਕ ਦਾ ਵਾਜ ਪੰਛੀ ਦਾ ਸੁਣੇ
ਲੰਮਾ ਲੈਕੇ ਸ੍ਵਾਸ ਅੱਖਾਂ ਖੋਲ੍ਹੀਆਂ।
ਦੇਖੇ ਹੈ ਦੀਦਾਰ ਅੱਖਾਂ ਸਾਮ੍ਹਣੇ;
ਕੰਨ ਸੁਣੇਂਦੇ ਪਾਠ 'ਬਾਵਨ ਅੱਖਰੀ'
ਜੋ ਉਹ ਪਰੀ ਸੁਜਾਨ ਕਰਦੀ ਸੀ ਪਈ।
ਤਕ ਉਸ ਰੂਪ ਪਿਆਰ ਤੇਜਸ ਵਾਲੜਾ,
ਮਿੱਠੀ ਬਾਣੀ ਵਾਜ ਸਤਿਗੁਰ ਦੀ ਸੁਣੇ
ਢੱਠੀ ਚਰਨੀਂ ਆਣ ਬਿਹਬਲ ਹੋਇਕੇ:
'ਧੰਨ ਧੰਨ' ਕਹਿ 'ਧੰਨ ਤੇਰਾ ਆਵਣਾ,
'ਕਲਜੁਗ ਵਿਚ ਵਰਤਾਇ ਸਤਜੁਗ ਰੱਖਿਆ,
'ਪਰੀ ਕਹਿਣ ਤੁਧ ਲੋਕ, ਤੂੰ ਤਾਂ ਪ੍ਰੇਮ ਦਾ
'ਦਿੱਸੇ ਦਿੱਵਜ ਸਰੂਪ- ਸਾਮਰਤੱਖ ਹੈਂ।'

ਇਹ ਸੁਣ ਸੁੰਦਰ ਬੈਨ ਬੋਲੀ ਨਾਰ ਓ:_
'ਮੂੰਹ ਭਿੰਨੇ, ਜਲ ਨੈਨ, ਲੰਮਾ ਸ੍ਵਾਸ ਲੈ-
'ਮੈਂ ਮੂਰਖ ਮਤਿਹੀਨ ਮਿੱਟੀ ਅੰਧ ਜਜੋਂ;
'ਜ਼ਮੀਂ ਕਿਰਮਾਂ ਵਾਂਗ ਵਿੱਚ ਹਨੇਰਿਆਂ,
'ਜਿਉਂ ਕੀੜੇ ਦੁਖ ਦੇਣ ਕਈ ਪ੍ਰਕਾਰ ਦੇ
'ਹੈਸੀ ਤਿਵੇਂ ਸੁਭਾਉ ਮੇਰਾ, ਜਾਣ ਲੌ।
'ਉਸ ਦਾ ਹੈ ਧਨ ਧੰਨਜ ਜਿਸ ਨੇ ਕੱਢਿਆ
'ਓਸ ਹਨੇਰਜੋਂ ਧ੍ਰੂਹ, ਆਂਦਾ ਚਾਨਣੇ;
'ਠੰਢੀ ਪੌਣ, ਪ੍ਰਕਾਸ਼ ਦੇਕੇ ਰੱਖਿਆ,
'ਉਸ ਚਾਨਣ ਦੇ ਵਿੱਚ ਮੈਨੂੰ ਜਜੁੰਦਿਆਂ,
'ਜੋ ਸੀ ਪਹਿਲੇ ਮੌਤ ਮੇਰੇ ਵਾਸਤੇ।
'ਕੀੜਾ ਐਵੇਂ ਨਾਹਿੰ ਓਨ ਨਿਵਾਜਿਆ,
'ਦਿੱਤਾ ਪਲਟ ਸੁਭਾਉ ਕੀੜੇ ਵਾਲੜਾ।
'ਧਨ ਗੁਰੁ ਨਾਨਕ ਆਪ ਸੱਚਾ ਹੈ ਗੁਰੂ
'ਧੰਨ ਧੰਨ ਸੰਤ ਸੁਜਾਨ ਗੁਰ ਦਾ ਪਜਾਰੜਾ।'

'ਸੁਣ ਤੂੰ ਧਰਮਵਤਾਰ!' ਰਾਣੀ ਆਖਿਆ:
'ਢੇਰ ਅਵਿੱਗਜਾ ਅੱਜ ਕੀਤੀ ਹੈ ਅਸਾਂ;
'ਤੂੰ ਵੱਸੇਂ ਸੁਖ ਨਾਲ ਵਿੱਚ ਇਕਾਂਤ ਦੇ
'ਇਕ ਸਾਈਂ, ਗੁਰ ਇੱਕ, ਸੰਤ ਇਕ ਤੇਰੜਾ,
'ਇਕ ਤੂ, ਇੱਕ ਇਕਾਂਤ: ਇੱਕੋ ਇੱਕ ਹੈ
'ਪਸਰ ਰਿਹਾ ਇਸ ਥਾਉਂ ਦੂਈ ਨਾਮ ਨਾ।
'ਮੈਂ ਦੁਖੀਆ ਅਜ ਏਸ ਆਸ਼੍ਰਮ ਆਪ ਦੇ

'ਪਾਇ ਪੈਰ ਅਪਵਿਤ੍ਰ, ਵਿੱਚ ਇਕਾਂਤ ਦੇ
'ਦੂਈ ਦਾ ਪਰਭਾਉ ਆਣ ਖਲੇਰਿਆ।
'ਏਥੇ ਹੀ ਨਾ ਬੱਸ, ਸ਼ੁਕਰ ਨ ਆਖਦੀ,
'ਖਿਮਾਂ ਨ ਦੋ ਹੱਥ ਜੋੜ ਮੰਗੀ ਆਪ ਤੋਂ,
'ਲਿਆ ਨ ਮੈਂ ਬਖਸ਼ਾਇ ਇਹ ਅਪਰਾਧ ਹੈ।
'ਕਰਨ ਲਗੀ ਹਾਂ ਭੁੱਲ ਹੁਣ ਇਕ ਹੋਰ ਮੈਂ
'ਰੋਕਾਂ ਅਪਣਾ ਆਪ ਰੁਕਦਾ ਹੈ ਨਹੀਂ;
'ਬਦੋ ਬਦੀ ਇਹ ਆਇ ਮੂੰਹ ਤੇ ਅੰਦਰੋਂ
'ਪੁੱਛਾਂ ਸੁੰਦਰ ਨਾਮ –ਜਿਸ ਦੀ ਆਪ ਨੇ
'ਕੀਰਤਿ ਕੀਤੀ ਅੱਤਿ– ਪੈਜ ਸਵਾਰਿਆ।'

ਇਹ ਸੁਣ ਤੱਕੀ ਨਾਰ, ਕਹਿੰਦੀ ਹੱਸਕੇ:–
'ਹੇ ਪਜਾਰੀ ਨਿਰਮਾਣ ! ਗੁਰੂ ਸੁਆਰੀਏ !
'ਮੇਰਾ ਕੁਈ ਵਿਗਾੜ ਕੀਤਾ ਤੂੰ ਨਹੀਂ;
'ਪੁੱਛੀ ਜੋ ਹੁਣ ਬਾਤ ਦਸਦਿਆਂ ਓਸਨੂੰ
'ਮੈਨੂੰ ਨਹੀਂ ਲੁਕਾਉ ਕੋਈ ਰੋਕ ਨਾ,
'ਅਣਗੁੱਝਾ ਹੈ ਨਾਮ, ਉੱਘਾ ਓਸ ਦਾ,
'ਲੋਕ ਪ੍ਰਲੋਕ ਪ੍ਰਸਿੱਧ –ਸਾਰੇ ਜਾਣਿਆ।
'ਜਿੱਥੇ ਸਕੇ ਨ ਪੌਂਚ ਕੋਈ ਨਾਮ ਹੈ,
'ਜਿੱਥੇ ਸਾਈਂ ਨਾਮ ਬੀ ਹੈ ਹੋਇਆ
'ਨਾਮੀ ਨਾਲ ਅਭੇਦ –ਨਾਮੀ ਹੋਇਆ,
'ਉੱਥੇ ਸ਼ਰਨ ਮਝਾਰ ਸੁੰਦਰ ਨਾਮ ਓ
'ਅਪਨੇ ਨਾਮੀ ਨਾਲ ਰਿਹਾ ਸਮਾਇ ਹੈ।
'ਦੈਵੀ ਮੂਰਤਿ, ਸੰਤ, ਗੁਰਮੁਖ, ਸੋਹਿਣਾ,
'ਰਾਜਯੋਗ ਪਰਬੀਨ, ਸਹਜੇ ਰੱਤਿਆ,
'ਸੂਰਤ ਸਿੰਘ ਸੁਜਾਨ ਪਰਉਪਕਾਰੀਆ,
' 'ਨਿੰਨ ਭਗਤ, ਜਗਤਾਰ ਪ੍ਰੀਤਮ ਸਭ ਦਾ।
'ਇਹ ਉਸ ਦਾ ਹੈ ਨਾਮ, ਮਿੱਠਾ ਪਜਾਰੀਏ!'

ਸੁਣਿਆਂ ਸਾਈਂ–ਨਾਮ, ਮਾਨੋਂ ਪੌਣ ਨੇ
ਲੱਖਾਂ ਜੀਭਾਂ ਨਾਲ ਪਜਾਰੇ ਨਾਮ ਨੂੰ
ਲੱਖਾਂ ਰੋਮਾਂ ਰਾਹ ਅੰਦਰ ਵਾੜਿਆ;
ਦਿਲ ਤੇ ਜਿਹੜਾ ਪੌਂਚ, ਅੱਗੇ ਲੰਘਿਆ,
ਹੋਰ ਅਗੇਰੇ ਜਾਇ ਧਸਿਆ ਅੰਦਰੇ,
ਭੇਜੀ ਜਿਨ੍ਹੇ ਬਰਾਟ ਸਾਰੇ ਕੰਬਵੀਂ;
ਥਰਹਰ ਹੋਈ ਨਾਲ ਬੜੇ ਵਿਰਾਗ ਦੀ,
ਡਲ੍ਹ ਡਲ੍ਹ ਆਯਾ ਨੀਰ ਚੜ੍ਹਿਆ ਸੀਸ ਨੂੰ
ਭਰਿਆ ਸਿਰ ਕਚਕੌਲ, ਅੱਖੋਂ ਵੱਗਿਆ,
ਡਿੱਗਾ ਚਰਨਾਂ ਵਿੱਚ ਪਰੀ ਸੁ ਓਸਦੇ:
ਪੈਰ ਪਰੀ ਇਸ ਨਾਲ ਧੋਤੇ ਸੇ ਗਏ।
ਭਰਿਆ ਸ਼ੁਕਰਾਂ ਨਾਲ ਰਾਣੀ ਦਾ ਰਿਦਾ
ਡੁੱਲਿਆਂ ਹੋ ਬੇ–ਵੱਸ; ਰਾਣੀ ਆਖਦੀ:
'ਇਸ ਦਿਨ ਤੋਂ ਬਲਿਹਾਰ ਡਿੱਠਾ ਅੱਜ ਮੈਂ
'ਪਜਾਰੀ ਦਾ ਦੀਦਾਰ ਬਣੀ ਜੁ ਪਾਤ੍ਰ ਸੀ
'ਪਤੀ–ਕ੍ਰਿਪਾ ਦਾ, ਪਾਰ ਹੋਈ ਭੈਜਲੋਂ।'

ਰਾਣੀ ਦਾ ਇਹ ਹਾਲ ਜਾਂ ਉਸ ਦੇਖਿਆ
ਸਿਰ ਚਕ ਛਾਤੀ ਨਾਲ ਲਾਕੇ ਘੁੱਟਿਆ;
ਕਹਿੰਦੀ, 'ਕੀਹ ਹੈ ਸੱਚ, ਦੇਖਾਂ ਠੀਕ ਮੈਂ
'ਸੂਰਤ ਸਿੰਘ ਦੀ ਨਾਰ ਪਜਾਰੇ ਦੀ ਪ੍ਰਿਯਾ?
'ਕੀ ਤੂੰ ਅਰਧ–ਸਰੀਰ ਸੁਹਣੇ ਸੰਤ ਦਾ,
'ਅਰਧੰਗੀ ਜਿਸ ਜੋਗ ਲੋਕੀਂ ਆਖਦੇ?
'ਆਹਾ ! ਧੰਨਜ ਸੁਭਾਗ ਮੈਂ ਹਾਂ ਹੋ ਗਈ,
'ਦੇਖ ਲਿਆ ਅਜ ਫੇਰ ਅੱਧ ਸੁਜਾਨ ਦਾ;
'ਤੇਰਾ ਹੈ ਦੀਦਾਰ ਦਰਸ਼ਨ ਓਸਦਾ।'

ਇਸ ਬਿਧਿ ਆਪੋ ਵਿੱਚ ਉੱਛਲ ਪ੍ਰੇਮ ਦਾ
ਸੋਮਾ ਕੜ ਨੂੰ ਪਾੜ ਸਿਰ ਚੜ੍ਹ ਆ ਗਿਆ
ਦੋਵੇਂ ਲਈਆਂ ਡੋਬ ਜਿਸਨੇ ਪਜਾਰੀਆਂ;
ਇਕ ਦੂਜੀ ਨੂੰ 'ਧੰਨ' 'ਧੰਨ ਧੰਨ' ਆਖਕੇ
ਦੋਵੇਂ ਜੱਫੀਆਂ ਮਾਰ ਸ਼ੁਕਰੇ ਮੱਤੀਆਂ।
'ਤੂੰ ਧਨ', 'ਤੂੰ ਧਨ' ਭੁੱਲ 'ਧੰਨ ਧੰਨ' ਆਖਕੇ
'ਤੂੰ ਤੂੰ' ਸੁਰਤ ਵਿਸਾਰ ਧੰਨ ਧੰਨ ਹੈ ਗਿਆ:
ਹੋਈਆਂ ਸ਼ੁਕਰ ਸਰੂਪ ਦੋਵੇਂ ਪਜਾਰੀਆਂ।
ਮਾਨੋਂ ਸੂਰਤ ਸਿੰਘ ਸੋਮਾਂ ਪ੍ਰੇਮ ਦਾ,
ਪਰੀ ਓਸ ਵਿਚ 'ਭਾਵ– ਗੁਰਮੁਖ' ਧਾਰਿਆ
ਰਾਣੀ ਬੀ ਉਸ ਭਾਵ ਵਿਚ ਪਤਿ ਦੇਖਦੀ,
ਦੋਹਾਂ ਇੱਕੋ ਭਾਵ ਸੋਮੇ ਇੱਕ ਤੇ


www.sikhbookclub.com

ਧਾਰਜਾ ਪੀਤਾ 'ਪ੍ਰੇਮ- ਪਾਣੀ' ਰੱਜ ਕੇ;
ਜਾਂ ਸੀ ਸੂਰਤ ਸਿੰਘ ਸ਼ੀਸ਼ਾ ਸੋਹਿਣਾ
ਦੁਹਾਂ ਦੀਆਂ ਨਜ਼ਰਾ ਇੱਕ ਸ਼ੀਸ਼ੇ ਪੌਂਚ੍ਹੀਆਂ
ਓਥੇ ਰਲ ਮਿਲ ਇੱਕ ਇਕੋ ਹੋਈਆਂ।
ਇਹ ਸਤਿਸੰਗਤ-ਪ੍ਰੇਮ, ਜੋ ਸਤਿਸੰਗੀਆਂ
ਵਿਚ ਆ ਕਰੇ ਨਿਵਾਸ,- ਕਰਦਾ ਇੱਕ ਹੈ।
ਜਿੱਕੁਰ ਜੋਧੇ ਹੋਣ ਦੋਇ ਨਿਸ਼ਾਨਚੀ,
ਲੈਕੇ ਤੀਰ ਕਮਾਨ ਦੋਵੇਂ ਬੇਧਦੇ
ਇੱਕ ਨਿਸ਼ਾਨੇ ਜੋਗ, ਤਾਂਤੇ ਹੋਂਵਦਾ
ਇੱਕ ਟਿਕਾਣੇ ਮੇਲ ਨਜ਼ਰਾਂ ਦੋਹੁ ਦਾ।
ਤਿੱਕੁਰ ਜੇਕਰ ਹੋਣ ਦੋ ਸਤਿਸੰਗੀਏ,
ਇੱਕ ਇਸ਼ਟ ਨੂੰ ਦੋਇ 'ਤੂੰ ਤੂੰ' ਆਖਦੇ,
'ਮੈਂ ਮੈਂ' ਕਰ ਕਰ ਦੂਰ 'ਤੂੰ ਤੂੰ' ਆਖਕੇ
'ਤੂੰ ਤੂੰ' ਵਿੱਚ ਨਿਵਾਸ ਦੋਵੇਂ ਪਾਉਂਦੇ।
ਇੱਕ ਟਿਕਾਣੇ ਦੋਇ ਮਿਲ ਹਨ ਜਾਂਵਦੇ:
ਸਹਿਚਾਰੀ ਹੁਇ ਮੇਲ ਸੱਕੇ ਵੀਰ ਜਜੋਂ।
'ਮੈਂ' ਜਿੱਥੇ ਨਹੀਂ ਹੋਇ ਹੋਵੇ 'ਦ੍ਵੈਤ' ਨਾ;
ਦ੍ਵੈਤ ਨਹੀਂ, ਦਿਲ ਸਾਂਝ, ਓਥੇ ਪ੍ਰੇਮ ਹੈ।
ਪਰਖ ਚੰਗੇਰੀ ਏਹ ਸੱਚੇ ਪ੍ਰੇਮ ਦੀ।
ਜਿੱਥੇ ਹੋਵੇ ਦ੍ਵੈਤ ਵਿਚ ਸਤਿਸੰਗੀਆਂ
ਓਥੇ ਨਹੀਂ ਪਰੇਮ ਕਰਦਾ ਵਾਸ ਹੈ;
'ਮੇਰੀ' 'ਮੈਂ' ਦੀ ਅੱਗ ਬਲਦੀ ਓਸ ਥਾਂ,
ਰਾਗ ਦ੍ਵੇਸ਼ ਦਾ ਧੂੰਅ ਓਥੇ ਛਾਂਵਦਾ।
ਜਦ ਆ ਪਵੇ ਵਿਹਾਰ ਪਜਾਰ ਕਰਾਂਵਦੇ;
ਮੂੰਹੋਂ ਕਹਿੰਦੇ ਪ੍ਰੇਮ 'ਸ੍ਵਾਰਥ ਮੋਹ' ਨੂੰ;
ਸ੍ਵਾਰਥ ਸਿੱਧ ਨ ਹੋਇ ਧਾਰਨ ਦ੍ਵੈਖ ਤਾਂ।
ਕਹਿੰਦੇ ਅਸੀਂ ਵਿਰੱਕ੍ਤ ਸਾਨੂੰ ਲੋੜ ਕੀ
ਕਰੀਏ ਅਸੀਂ ਪਰੇਮ ਸਾਂਈਂ ਛੱਡ ਕੇ
ਹੋਰ ਕਿਸੇ ਦੇ ਨਾਲ,- ਅਸੀਂ ਉਪੇਖਜ ਹਾਂ,
ਸੀਨੇ ਵਸਦੀ ਦ੍ਵੈਖ ਉਪੇਖਜਾ ਆਖਦੇ !
ਕਹਿੰਦੇ: 'ਹਾਂ ਉਪਰਾਮ ਅਸੀਂ ਉਦਾਸ ਹਾਂ,-
'ਛਡਿਆ ਸਾਰਾ ਮੋਹ ਨਾਲੇ ਵੈਰ ਹੈ।'
ਪਰ ਹਿਰਦੇ ਵਿਚ ਤਾਤ ਲੁਕ ਕੇ ਬੈਠਦੀ,
ਸਤਿ ਸੰਗਤ ਦਾ ਸਾਕ ਉੱਥੇ ਹੈ ਨਹੀਂ।
ਜਿੱਥੇ ਹੈ ਸਤਿਸੰਗ ਉੱਥੇ ਪਰੇਮ ਹੈ,
ਰਾਗ ਦ੍ਵੈਖ ਦਾ ਵਾਸ ਓਥੇ ਹੈ ਨਹੀਂ।
ਦੋ ਥਣ ਦੇਵਣ ਦੁੱਧ ਨਜਾਣੇ ਬਾਲ ਨੂੰ,
ਅੰਮ੍ਰਿਤ ਕਿਸ ਵਿਚ ਹੋਇ? ਵਿਹੁ ਕਿਸ ਹੋਂਵਦਾ ?
ਦੋਵੇਂ ਅੰਮ੍ਰਿਤ ਧਾਰ ਅੰਮ੍ਰਿਤ ਦੇਂਵਦੇ;
ਦੋਨਾ ਦਾ ਸਤਿਸੰਗ ਆਪੋ ਵਿੱਚ ਹੈ;
ਦੋਹਾਂ ਵਾਲੀ ਤਾਰ ਵਜਦੀ ਇੱਕ ਥਾਂ,
ਦੋਹਾਂ ਦਾ 'ਧਿਸ਼੍ਠਾਨ -ਆਸ੍ਰਾ-ਇੱਕ ਹੈ,
ਇਕੋ ਸੋਮਿਓਂ ਦੋਇ ਲੈਂਦੇ ਅੰਮ੍ਰਿਤੰ।
ਇੱਕੁਰ ਇਸ਼ਟ-ਅਧਾਰ ਇੱਕੋ ਹੋਂਵਦਾ
ਸਤਿਸੰਗੀਆਂ ਦਾ ਇੱਕ, ਇੱਕੋ ਆਸਰਾ:
ਉਸ ਤੋਂ ਸਾਰੇ ਲੈਣ ਅੰਮ੍ਰਿਤ ਪ੍ਰੇਮ ਦਾ,
ਸਭਨਾ ਵਿੱਚ ਨਿਵਾਸ ਹੋਵੇ ਪ੍ਰੇਮ ਦਾ;
ਆਪੋ ਵਿਚੀਂ ਹੋਣ ਪ੍ਰੇਮੀ ਸਾਰੜੇ;
ਮਾਣਨ ਸਾਰੇ ਰੰਗ ਸੱਚੇ ਪ੍ਰੇਮ ਦਾ;

ਏਸ ਪ੍ਰੇਮ ਦੇ ਰੰਗ ਦੋਵੇਂ ਰੱਤੀਆਂ
ਕਿਤਨੇ ਤਾਈਂ ਮੌਜ ਰਹੀਆਂ ਲੈਂਦੀਆਂ।
ਫਿਰ ਰਾਣੀ ਇਹ ਵਾਕ ਕਹਿੰਦੀ; 'ਸੰਤਣੀ !
'ਕੈਸਾ ਸੁੰਦਰ ਥਾਨ, ਕਿਹੀ ਇਕਾਂਤ ਹੈ!
'ਕੀਕੁਰ ਏਥੇ ਆਣ, ਡੇਰੇ ਪਾ ਲਏ ?
'ਤੁਸਾਂ, ਕਹੋ, ਕਿਸ ਤੌਰ ਥਾਂ ਏ ਲੱਭਿਆ।'

## ੧੩. ਪਰੀ ਮਹਿਲ-ਵਿੱਥਿਆ

ਸੁਣ ਰਾਣੀ ਦੇ ਬੈਣ ਬੋਲੀ ਸੰਤਣੀ:-
'ਇਹ ਅਤਿ ਬੁੱਢਾ ਥਾਉਂ ਬਹੁਤ ਪੁਰਾਨੜਾ।
'ਬੋਧ ਰਿਖੀ ਜਦ ਸੀਗ ਧਰਮ ਪ੍ਰਚਾਰਿਆ
'ਦੇਸ ਗਿਆ ਸਭ ਹੋਇ ਚੇਲਾ ਓਸਦਾ,
'ਰਾਜੇ ਰਾਉ ਮਰ੍ਹਾਜ ਸਾਰੇ ਹੋ ਗਏ
'ਬੋਧੀ ਸਾਰੇ ਦੇਸ, ਫੈਲੇ ਬਾਰ੍ਹ ਬੀ।

'ਉਸ ਧਰਮ ਦੇ ਇੱਕ ਅਰਹਤ ਏਸ ਥਾਂ
'ਆਕੇ ਢੂੰਡੀ ਥਾਂਉਂ ਇਹ ਏਕਾਂਤ ਦੀ;
'ਪ੍ਰੇਰਜਾ ਰਾਜਾ ਇੱਕ ਉਸ ਨੇ ਫੇਰ ਸੀ,
'ਜਿਸ ਨੇ ਇਹ ਅਸਥਾਨ ਤਦ ਬਨਵਾਇਆ।
'ਸੀਗਾ ਏਹ ਪਹਾੜ ਨਿੱਗਰ ਪੱਥਰਾ
'ਉੱਚਾ, ਵੱਡਾ ਘੇਰ ਇਸ ਦਾ ਫੈਲਿਆ
'ਚੋਟੀ ਏਸ ਪਹਾੜ ਉੱਤੇ ਥਾਉਂ ਏ
'ਨਿੱਗਰ ਅਤੇ ਕੁਰਾੜ ਨਿਰਾ ਚਿਟਾਂਨ ਹੈ।
'ਲਗੇ ਉਕੇਰੇ ਆਣ, ਉਨ੍ਹਾਂ ਉਕੇਰਕੇ
'ਮੰਦਰ ਲਿਆ ਬਣਾਇ ਦੇਖੋ ਜੋ ਤੁਸੀਂ।
'ਇੱਕੋ ਹੈ ਇਹ ਸੈਲ ਚੂਨਾ ਇੱਟ ਨਾ,
'ਗੰਢ ਨ ਕੋਈ ਮੂਲ ਹੈ ਵਿਚ ਏਸ ਦੇ।
'ਵਿਹੜਾ ਉਕਰ ਬਨਾਇ ਤਾਲ ਉਕੇਰਿਆ,
'ਉਕਰ ਉਕਰ ਦਾਲਾਨ, ਖਨਖਨ ਕੋਠੀਆਂ,
'ਫੇਰ ਪੌੜੀਆਂ ਨਾਲ ਉਕਰ ਬਨਾਈਆਂ,
'ਚਾਰ ਚੁਫੇਰੇ ਕੰਧ ਕਰੀ ਉਕੇਰਵੀਂ।
'ਇਸ ਦੇ ਬਾਹਰ ਵਾਰ ਢਲਵੀਂ ਲਾਂਭ ਤੇ
'ਜਿੱਥੇ ਉੱਤੇ ਸੈਲ ਮਿੱਟੀ ਹੈ ਪਈ
'ਫਲ ਵਾਲੇ ਫਿਰ ਪੇੜ ਲਾਏ ਓਸ ਥਾਂ।
'ਇਸ ਵਿਹੜੇ ਵਿਚਕਾਰ ਲਹਿ ਲਹਿ ਜੋ ਕਰੇ
'ਦਿਸਦਾ ਹੈਵੇ ਤਾਲ ਖਨ ਖਨ ਕੱਢਿਆ;
'ਬਰਖਾ ਪਾਣੀ ਸਾਫ਼ ਮੰਦਰ ਸਭ ਦਾ
'ਕੱਠਾ ਇਸ ਵਿਚ ਹੋਇ ਭਰਿਆ ਹੈ ਰਹੇ;
'ਵਰਤਜਾਂ ਮੁਕਦਾ ਨਾਹਿੰ, ਵਿਗੜੇ ਹੈ ਨਹੀਂ !
'ਉੱਚੀ ਹੈ ਏ ਢੇਰ ਚੋਟੀ ਹੇਠ ਤੋਂ
'ਬਰਖਾ ਦਾ ਵਰਸਾਉ ਏਥੇ ਬੁੱਤ ਹੈ,
'ਸੋਮਾ ਹੈ ਇਕ ਹੋਰ ਨੀਵਾਂ ਨੀਰ ਦਾ,-
'ਜੇ ਜਲ ਜਾਂਦਾ ਸੁੱਕ ਏਥੋਂ ਹੈ ਕਦੀ
'ਉੱਥੋਂ ਜਾਇ ਲਿਆਇ ਕੰਮ ਸਵਾਰੀਏ।
'ਇਸ ਕੁਟੀਆ ਵਿਚ ਔਹ ਦੇਖੋ ਸਾਮ੍ਹਣੇ
'ਬੋਧ ਰਿਖੀ ਦਾ ਬੁੱਤ ਬੈਠਾ ਚੌਂਕੜੀ
'ਮਾਰੇ, ਲਾਇ ਸਮਾਧ, ਹਥ ਇਕ ਵੱਖੀਏ,
'ਦੂਜਾ ਮੋਢੇ ਲਾਗ ਦਏ ਅਸੀਸ ਹੈ।
'ਚਿਰਾਂ ਤੀਕ ਇਹ ਥਾਉਂ ਵਰਤਜਾ ਬੋਧੀਆਂ।
'ਸਮਾਂ ਪਾਇ ਇਹ ਮੱਤ ਏਥੋਂ ਉੱਡਿਆ;
'ਜੈਨ ਧਰਮ ਦਾ ਜ਼ੋਰ ਏਥੇ ਹੋ ਗਿਆ,
'ਇਹ ਮੰਦਰ ਬੀ ਫੇਰ ਓਨ੍ਹਾਂ ਸਾਂਭਿਆ;
'ਬੋਧ ਰਿਖੀ ਦੇ ਨਾਲ ਉਨ੍ਹਾਂ ਉਕੇਰਿਆ
'ਵਰਧਮਾਨ ਦਾ ਬੁੱਤ, ਦੇਖੋ ਸਾਮ੍ਹਣੇ,
'ਆਸਣ ਖੂਬ ਜਮਾਇ ਹਥ ਤੇ ਹਥ ਦੇ
'ਬੈਠਾ ਲਾਇ ਸਮਾਧਿ ਅੱਖਾਂ ਤ੍ਰਾਟਕੇ।
'ਸਮਾਂ ਪਾਇ ਫਿਰ ਜੈਨ ਮੱਧਮ ਹੋ ਗਿਆ
'ਸ਼ਕਤੀ ਪੂਜਨ ਫੇਰ ਏਥੇ ਫੈਲਿਆ;
'ਸ਼ਕਤੀ ਮੂਰਤਿ ਔਹ ਦੇਖੋ ਹੈ ਖਨੀ।
'ਗੋਰਖ ਦਾ ਫਿਰ ਜ਼ੋਰ ਇੱਧਰ ਆ ਪਿਆ
'ਹਿਕਮਤ ਕਰ ਇਹ ਥਾਂ ਲੀਤਾ ਜੋਗੀਆਂ।
'ਵਰਧਮਾਨ ਦੇ ਨਾਲ ਦੇਖੋ ਨੀਝ ਲਾ
'ਗੋਰਖ ਵਾਲਾ ਬੁੱਤ ਦਿੱਸੇ ਖੰਨਿਆ,-
'ਸਿਰ ਟੋਪੀ ਹਥ ਤੂੰਬ ਹੈ ਪਦਮਾਸਨੰ,
'ਖੱਪਰ ਅਤੇ ਕੜਾਸ ਧਰਿਆ ਪਾਸ ਹੈ।
'ਫਿਰ ਏਥੇ ਸੀ ਜ਼ੋਰ ਪਾਇਆ ਰਾਜਿਆਂ,
'ਜੋ ਸੀਗੇ ਰਜਪੂਤ ਪੂਜਨ ਦੇਵੀਆਂ,
'ਡਰ ਏਨ੍ਹਾਂ ਤੋਂ ਖਾਇ ਜੋਗੀ ਸਾਧੂਆਂ
'ਦਿੱਤਾ ਬੁੱਤ ਬਨਾਇ ਕ੍ਰਿਸ਼ਨਵਤਾਰ ਦਾ
'ਨਾਲੇ ਦੇਵੀ ਬੁੱਤ ਇਕ ਖਨਵਾਇਆ।
'ਮਿਸ਼੍ਰਤ ਹੋ ਗਜਾ ਕੰਮ ਪੂਜਨ ਦੇਵੀਆਂ,
'ਦੁਰਗਾ ਪੂਜਨ ਨਾਲ ਵੈਸ਼੍ਵ ਦੇਵੀਆਂ,
'ਜੋਗੀ ਪਰ ਇਸ ਥਾਉਂ ਵਸਦੇ ਹੀ ਰਹੇ।
'ਕਠਨ ਪੌਂਚ੍ਹ ਇਸ ਥਾਉਂ, ਏਥੇ ਆਵਣਾ
'ਜਣੇ ਖਣੇ ਦਾ ਕੰਮ ਸੀਗਾ ਨਾ, ਸਖੀ !
'ਪਰ ਜੋ ਜੋਗੀ ਹੋਇ ਧਾਰੇ ਜੋਗ ਨੂੰ,
'ਦੁਨੀਆਂ ਕੂੜੀ ਜਾਣ ਚਾਹੇ ਮੈਂ ਕਰਾਂ
'ਆਸਣ ਸਾਰੇ ਸਿੱਧ, ਕਾਇਆਂ ਜਿਤ ਲਾਂ
'ਨੇਤੀ, ਧੋਤੀ ਨਾਲ ਨੌਲੀ, ਬਸਤੀਆਂ
'ਸਾਰੇ ਪ੍ਰਾਣਾਯਾਮ, ਮੁੱਦ੍ਰਾਂ, ਤ੍ਰਾਟਕਾਂ
'ਅਮਰ ਹੋਇ ਸੰਸਾਰ ਰਹਾਂ ਸਮਾਧਿ ਲਾ;

'ਸੋ ਏਥੇ ਆ ਜਾਇ ਕਰਦਾ ਜੋਗ ਸੀ।
'ਮੇਰੇ ਜੋ ਸੀ ਬਾਪ ਜੋਗੀ ਹੋ ਗਏ,
'ਲੀਤੇ ਕੰਨ ਪੜਾਇ ਮੁੰਦ੍ਰਾਂ ਪਾਈਆਂ,
'ਪੁੜਿਆ ਸੱਚ ਵਿਰਾਗ ਹਿਰਦੇ ਆਪ ਦੇ;
'ਪਰ ਗਿਰਿਆ ਸੀ ਹਾਇ! ਮਤ ਹੁਣ ਜੋਗੀਆਂ।
'ਦੇਖ ਇਨ੍ਹਾਂ ਕਰਤੂਤ, –ਘਾਬ੍ਰੇ ਮੈਂ ਪਿਤਾ,
'ਜੋ ਸੀ ਅੰਦ੍ਰੋਂ ਹੋਰ ਬਾਰ੍ਹੋਂ ਹੋਰ ਸੀ:
'–ਪੀਕੇ ਨਸ਼ੇ ਸ਼ਰਾਬ ਆਸਣ ਲਾਵਣੇ
'ਡਰ ਭੈ ਲੋਕਾਂ ਦੇਇ ਪੂਜ ਕਰਾਵਣੀ–
'ਹੋਏ ਪਿਤਾ ਉਦਾਸ, ਚਾਹੁਣ ਭੱਜਣਾ,–
'ਛੱਡੀਏ ਜੋਗੀ ਪੰਥ ਜਾਈਏ ਹੋਰਥੇ।
'ਗੁਰੂ ਸੀਗ ਬੁਧਿਮਾਨ ਭੰਗਰਨਾਥ ਜੋ
'ਉਸ ਨੇ ਦਿੱਤੇ ਭੇਜ ਏਥੇ ਤਾਤ ਜੀ।
'ਕਈ ਸਾਲ ਤਕ ਲੱਗ ਕੀਤਾ ਆਪ ਨੇ
'ਕਰੜਾ ਹੱਠ ਜੁ ਜੋਗ ਸਾਧਜਾਂ ਸਾਧਨਾ:
'ਨੌਲੀ, ਬਸਤੀ ਨਾਲ ਨੇਤੀ, ਧੋਤੀਆਂ,
'ਕਰਦੇ ਸਾਰੇ ਕੰਮ ਆਸਣ ਸਾਧਦੇ।
'ਯਮ, ਨਿਯਮਾਸਣ ਨਾਲ ਪ੍ਰਾਣਾਯਾਮ ਨੂੰ
'ਪ੍ਰਤਜਾਹਾਰ ਪਕਾਇ ਸੰਜਮ ਸਾਧਦੇ।
'ਇਸ ਬਿਧਿ ਕਿਤਨਾ ਕਾਲ ਜੱਫਰ ਜਾਲਦੇ
'ਰਹੇ ਪਿਤਾ ਇਸ ਬਾਉਂ ਭੁਲੇ ਜੱਗ ਨੂੰ।
'ਪਿਤਾ ਧਾਰ ਜਦ ਜੋਗ ਨੱਸੇ ਸੀ ਘਰੋਂ
'ਮੈਂ ਜੰਮੀ ਸਾਂ ਬਾਦ ਅਠ ਦਸ ਹੀ ਦਿਨਾਂ।
'ਮਾਤਾ ਮੇਰੀ ਪ੍ਰੇਮ, ਕਰਦੀ ਕੰਤ ਨੂੰ
'ਰੋਵੇ ਦਿਨ ਤੇ ਰਾਤ ਭਾਲ ਕਰਾਂਵਦੀ।
'ਤਿੰਨ ਬਰਸ ਦੇ ਬਾਦ ਘਰ ਨੂੰ ਤਯਾਗ ਕੇ
'ਨਿਕਲ ਤੁਰੀ ਫਿਰ ਆਪ ਢੂੰਡਣ ਕੰਤ ਨੂੰ।
'ਕਈ ਕੁ ਔਖ ਸਹਾਰ ਵਿਪਦਾ ਭੋਗਦੀ
'ਭੰਗ੍ਰਨਾਥ ਦੇ ਪਾਸ ਪਹੁੰਚੀ ਜਾਇਕੇ;
'ਲੀਤਾ ਪਤਾ ਲਗਾਇ, ਸੇਵ ਕਮਾਇਕੇ।
'ਉਥੋਂ ਧਾਈ ਮਾਰ ਪੌਂਚ੍ਹੀ ਏਸ ਥਾਂ।
'ਦੇਖ ਪਿਤਾ ਜੀ ਆਪ ਉਸ ਦੀ ਘਾਲ ਨੂੰ
'ਹੋਏ ਨਰਮ ਨ ਮੂਲ ਕਰੜੇ ਹੀ ਰਹੇ।
'ਮਾਤਾ ਨੇ ਬੀ ਹੱਠ ਛੱਡਯਾ ਮੂਲ ਨਾ,
'ਮੱਲਿਆ ਕੁਟੀ – ਦੁਆਰ ਬੈਠੀ ਪੌੜੀਆਂ;
'ਦਿਨ ਤਾਂ ਦਏ ਗੁਜ਼ਾਰ ਛਾਵੇਂ ਬੂਟਿਆਂ,
'ਰਾਤੀਂ ਸੌਂਦੀ ਹੇਠ ਪੱਥਰ ਆੜ ਦੇ।
'ਫਲ ਕੁਝ ਖਾਵੇ ਆਪ, ਮੈਨੂੰ ਦੇਂਵਦੀ।
'ਪੀ ਲੈਂਦੀ ਸੀ ਨੀਰ ਏਸੇ ਕੁੰਡ ਤੋਂ।
'ਕਦੀ ਕਦੀ ਫਿਰ ਜਾਇ ਭਿੱਛੋਂ ਮੰਗ ਕੇ
'ਲਯਾਵੇ ਅੰਨ ਖੁਰਾਕ ਦੋਹਾਂ ਵਾਸਤੇ।
'ਕਹਿਰ, ਸਿਆਲਾ, ਰਾਜ! ਸੀ ਹੁਣ ਆ ਗਿਆ।
'ਇਕ ਦਿਨ ਪਾਲਾ ਢੇਰ ਲੱਥਾ ਆਣਕੇ;
'ਜੋਤ ਜੁ ਚਿੱਟੀ ਔਹ ਦਿੱਸੇ ਸਾਮ੍ਹਣੇ,
'ਬਰਫ਼ ਪਈ ਹਿਵ ਧਾਰ ਵੱਗੀ ਪੌਣ ਆ,
'ਅਤਿ ਠੰਢੀ ਇਹ ਪੌਣ ਹਡ ਕੜਕਾਂਵਦੀ,
'ਦੰਦ ਦੰਦਾਂ ਦੇ ਨਾਲ ਕੜ ਕੜ ਵੱਜਦੇ।
'ਖਾ ਗਈ ਗਰਮੀ ਪੌਣ ਬਾਹਰੋਂ ਦੇਹਦੀ,
'ਅੰਦਰ ਵਾਲੀ ਨਿੱਘ ਹਾਰੀ ਦੇਂਦਿਆਂ
'ਖਲੜੀ ਤਾਈਂ ਨਿੱਘ, ਸਾਰੀ ਅੰਦਰੋਂ:
'ਸਰਦੀ ਅੰਦਰ ਬਾਰ੍ਹ ਸਾਰਾ ਠਾਰਿਆ;
'ਠਰਣ ਕਾਰਣੇ ਜਿੰਦ ਠੰਢੀ ਹੋ ਗਈ।
'ਜੀਵਣ ਸੰਦੀ ਨਿੱਘ, ਜੀਵਣ ਨਾਲ ਹੀ
'ਹੋਈ ਤਦੋਂ ਉਡੰਤ ਮੋਈ ਮਾਉਂ ਮੈਂ
'ਮੈਂ ਕੁਰਲਾਵਾਂ ਕੂੰਜ ਵਾਂਙੂ ਕੂਕਦੀ।
'ਜਦ ਤਕ ਮਾਤਾ ਸੀਗ ਜਿੰਦ ਸੁ ਵਾਲੜੀ
'ਉਸ ਦੀ ਮੈਨੂੰ ਨਿੱਘ ਦੇਂਦੀ ਆਸਰਾ।
'ਹੁਣ ਪਾਲੇ ਦਾ ਜ਼ੋਰ ਮੈਂ ਤੇ ਟੁੱਟਿਆ;
'ਠੰਢੀ ਮਾਤਾ ਲੋਥ ਉਹ ਤਾਂ ਖਿੱਚਦੀ
'ਮੇਰੀ ਦੇਹ ਦੀ ਨਿੱਘ ਨਿੱਕੀ ਦੇਹ ਮੈਂ।
'ਪਰੇ ਹਟਾਂ ਤਾਂ ਖਾਇ ਮੈਨੂੰ ਭੌ ਬੜਾ
'ਜੱਫੀ ਪਾਵਾਂ ਫੇਰ ਪਾਲਾ ਖਾਂਵਦਾ;
'ਮੈਂ ਰੋਵਾਂ ਕਰ ਜ਼ੋਰ ਪੱਥਰ ਪਾਟਦੇ।
'ਸੁਣ ਮੇਰਾ ਵਿਰਲਾਪ ਨਿਕਲੇ ਬਾਪੁ ਜੀ:
'ਖਬਰੇ ਕੀ ਦਿਲ ਆਇ ਕਿਸ ਨੇ ਪ੍ਰੇਰਿਆ?
'ਨੇੜੇ ਆ ਕੇ ਦੇਖ– ਮਰ ਗਈ ਮਾਤ ਹੈ;

'ਮੈਂ ਤੜਫਾਂ ਵਿਚ ਨੀਰ ਮੱਛੀ ਰੇਤ ਜਜੋਂ,
'ਪਾਲਾ ਭੰਨੇ ਹੱਡ ਥਰਥਰ ਕੰਬਦੀ।
'ਤਰਸ ਗਿਆ ਤਦ ਆਇ ਬਾਪੂ ਦੇ ਰਿਦੇ;
'ਲੈ ਗਏ ਮੈਨੂੰ ਨਾਲ ਅੰਦਰ ਆਪਣੇ:
'ਦਿਤੀ ਅੱਗ ਸਿਕਾਇ, ਮਰਨੋਂ ਰੱਖਿਆ।
'ਲੱਗੇ ਪਾਲਣ, ਰਾਜ! ਮੈਨੂੰ ਆਪ ਓ,
'ਹਿਰਦੇ ਮੇਰਾ ਮੋਹ ਪੁੜਿਆ ਆਪ ਦੇ,
'ਲੀਤਾ ਮੈਨੂੰ ਪਾਲ ਜੋਗੀ ਬਾਪ ਨੇ।
'ਜਦ ਮੈਂ ਹੁਈ ਸੁਚੇਤ ਮੈਨੂੰ ਆਖਦੇ;
' "ਇਥੇ ਬਚੜੀ !ਨਿੱਤ ਵਸਦੀ ਤੂੰ ਰਹੀਂ।"
'ਦਿੱਤਾ ਜੋਗ ਸਿਖਾਇ ਛੋਟੇ ਹੁੰਦਿਆਂ।
'ਯਮ, ਨਿਯਮਾਸਣ ਸੱਭ ਨੇਤੀ, ਧੋਤੀਆਂ
'ਰੇਚਕ, ਪੂਰਕ, ਕੁੰਭ; ਨੌਲੀ ਸਾਧਨਾ
'ਤ੍ਰਾਟਕ, ਪ੍ਰਤਜਾਹਾਰ ਕੀਤੇ ਸਾਰੜੇ।

'ਇੱਕੁਰ ਸਮਾ ਬਿਤੀਤ ਬਹੁਤਾ ਹੋ ਗਿਆ;
'ਪਿਤਾ ਹੋ ਗਏ ਬ੍ਰਿੱਧ ਜੋਬਨ ਹਾਰਿਆ।
'ਰਹਿ ਅਰੋਗ ਚਿਰ ਤੀਕ ਉਮਰਾ ਭੋਗਦੇ
'ਪਰ ਹੁਣ ਘਟਿਆ ਜ਼ੋਰ ਕੁਦਰਤ ਵਾਲੜਾ,
'ਅੰਗਾਂ ਰਹੀ ਨ ਤਾਣ ਹੋਵੇ ਜੋਗ ਨਾ।
'ਕਰਨ ਜੇ ਹੱਠ ਧਰ ਜੋਗ ਜੋਰ ਨਾ ਸਾਥ ਦੇ;
'ਜੇਕਰ ਕਰਦੇ ਨਾਂਹ ਟੁਟਦੀ ਦੇਹ ਸੀ,–
'ਟੋਟ ਨਸ਼ੇ ਦੀ ਵਾਂਙ ਦੇਹੀ ਖੁੱਸਦੀ।
'ਫਿਰ ਤਾਂ ਕਈ ਕੁ ਵਾਰ ਛਮ ਛਮ ਰੋਂਵਦੇ
'ਕਹਿੰਦੇ, "ਲੀਤਾ ਕੀ ਕੰਨ ਪੜਾਇਕੇ?
' "ਦੇਹੀ ਨੂੰ ਦੁਖ ਦੇਇ ਦੇਹੀ ਸੁੱਖ ਨੂੰ
' "ਡਿਠਾ ਕੇਵਲ ਹਾਇ! ਰੱਬ ਨਾ ਲੱਭਿਆ
' "ਉਮਰ ਭੋਗ ਲਈ ਢੇਰ ਮਿਲਿਆ ਓ ਨਹੀਂ।"

'ਜਿੱਕੁਰ ਪਜਾਰੀ ਰਾਜ! ਤੂੰ ਅਜ ਆ ਗਈ,
'ਇੱਕੁਰ ਇਕ ਦਿਨ ਆਪ ਸੂਰਤ ਸਿੰਘ ਜੀ
'ਪਰਬਤ ਕਰਦੇ ਸੈਰ ਅੱਚਣਚੇਤ ਹੀ
'ਆ ਗਜੇ ਮੰਦਰ ਵਿੱਚ, ਅੱਗੋਂ ਤਾਤ ਜੀ
'ਆਦਰ ਭਾ ਦੇ ਨਾਲ ਮਿਲੇ ਪਿਆਰਦੇ।

'ਅਸਲ ਬਾਤ ਸੀ ਏਹ ਸੂਰਤ ਦੇਖਕੇ
'ਪਜਾਰੀ ਰਾਣੇ ਕੇਰ ਵਿੰਨ੍ਹੇ ਸੇ ਗਏ:
'ਕੁਦਰਤ ਵੱਲੋਂ ਮੋਹ ਹਿਰਦੇ ਜਾਗਿਆ।
'ਫਿਰ ਬੈਠੇ ਕੁਝ ਕਾਲ ਦੋਵੇਂ ਏਸ ਥਾਂ,
'ਪਰਮਾਰਥ ਦੀ ਬਾਤ ਛਿੜੀ ਦੁਵੱਲਿਓਂ,
'ਦਿੱਤਾ ਦਿਲ–ਦੁਖ ਰੋਇ ਮੇਰੇ ਬਾਪ ਨੇ।
'ਸੁਣਕੇ ਪਿਛਲਾ ਹਾਲ ਕਸ਼ਟਾਂ ਵਾਲੜਾ,
'ਮਾਤਾ ਦੀ ਸੁਣ ਮੌਤ ਕਾਂਬਾ ਛੇੜਵੀਂ,
'ਮੇਰਾ ਸੁਣ ਕੇ ਹਾਲ ਤਰਸ ਉਪਜਾਵਣਾ,
'ਅਤਿ ਦਿਲ ਭਰਵੇਂ ਹੋਇ, ਅਖੀਂ ਨੀਰ ਲੈ
'ਆਪੇ ਪਏ ਪਸੀਜ ਸੂਰਤ ਸਿੰਘ ਜੀ;
'ਕੀਤੀ ਮਿਹਰ ਅਪਾਰ ਅਪਣੇ ਆਪ ਹੀ;
'ਦਿੱਤਾ ਖੋਲ੍ਹ ਭੰਡਾਰ ਭਗਤੀ ਭਾਵ ਦਾ
'ਜਿਸ ਵਿਚ ਗਜਾਨ ਵਿਰਾਗ ਚਲਦੇ ਮੇਲਵੇਂ।
'ਕਰਵਾਈ ਫਿਰ ਤਜਾਗ ਬਿਧਿ ਦੇ ਨਾਲ ਸੀ
'ਹਠਾਂ ਤਪਾਂ ਦੀ ਕਾਰ ਪੱਥਰ ਚਿੱਥਵੀਂ।
'ਰਾਜ ਜੋਗ ਦੀ ਕਾਰ ਦੱਸ ਨਿਖੇੜਵੀਂ,
'ਭਗਤੀ ਦਾ ਫਿਰ ਭੇਤ ਸਾਰਾ ਖੋਲ੍ਹਿਆ;
'ਸਹਜ ਜੋਗ ਦੀ ਡੌਲ ਦੱਸੀ ਖੋਲ੍ਹਕੇ:
'ਰਹਿਣਾ ਜੁੜਿਆਂ ਨਾਲ ਅਪਣੇ ਰੱਬ ਦੇ,
'ਉਸ ਤੋਂ ਅੰਤਰ ਭਾਵ ਕਦੇ ਨਾ ਟੁੱਟਣਾ:
'ਹਰਦਮ ਸ਼ੁਕਰ ਗੁਜ਼ਾਰ, ਕੁਦਰਤ ਓਸ ਦੀ
'ਤਕ ਤਕ ਹੋ ਬਲਿਹਾਰ ਉਸਨੂੰ ਪਜਾਰਨਾ।
' 'ਭਗਤਾਂ ਸਦਾ ਵਿਗਾਸ' ਸਾਨੂੰ ਦੱਸਿਆ।
'ਕਿੰਵ ਪਰਾਪਤ ਏਹ ਜਾਚਾਂ ਦੱਸੀਆਂ:
'ਬਾਣੀ ਪਾਠ ਵੀਚਾਰ ਸਾਨੂੰ ਦੱਸਿਆ,
'ਬਿਨਯ ਕਰਨ ਦੀ ਜਾਚ ਫੇਰ ਸਿਖਾ ਦਈ;
'ਸ਼ੁਕਰ ਕਰਨ ਦਾ ਵੱਲ ਬੀ ਸਮਝਾਇਆ,
'ਦਿੱਤਾ ਫੇਰ ਸਿਖਾਇ 'ਹੁਕਮ' ਅਕਾਲ ਦਾ
'ਮੰਨਣ ਹੋਵੇ 'ਜੋਗ' ਅਸਲੀ ਜੋਗ ਹੈ।
'ਜੋ ਹੈ 'ਰੱਬ ਰਜਾਇ' ਉਸ ਵਿਚ ਰੱਖਣੀ
'ਅਪਣੀ ਮਰਜ਼ੀ ਮੇਲ ਤਰਬਾਂ ਵਾਕਰੇ
'ਬਾਜ਼ ਤਾਰ ਦੇ ਨਾਲ ਸੁਰ ਜਿਉਂ ਮੇਲੀਏ।

'ਇਸ ਤੋਂ ਫਿਰ ਉਪਰੰਤ ਇਸ ਦਾ ਮੂਲ ਜੋ
'ਬਖਸ਼ਜਾ ਸਾਨੂੰ 'ਨਾਮ' ਸਾਂਈ ਰੱਬ ਦਾ।
'ਹੋਇਆ ਨਾਮ- ਨਿਵਾਸ ਸਾਡੇ ਅੰਦਰੀਂ।
'ਫਿਰ ਤਾਂ ਅਸਾਂ ਵਿਗਾਸ ਐਸਾ ਆ ਗਿਆ,
'ਖਿੜਜਾ ਅੰਦ੍ਰਲਾ ਕੌਲ ਅਤਿ ਮੁਰਝਾਇਆ,
'ਉਪਜਜਾ ਸਾਈਂ ਨਾਲ ਪ੍ਰੇਮ ਸੁਹਾਵਣਾ,
'ਰਸ ਭਰ ਆਯਾ ਨਾਮ 'ਰਾਮਰਸ'ਆਖੀਏ

'ਇੱਕੁਰ ਸੂਰਤ ਸਿੰਘ ਸਾਨੂੰ ਜੋੜਕੇ
'ਇੱਥੇ ਆਵਣ ਜਾਣ ਅਪਣਾ ਰੱਖਿਆ,
'ਲਾਈ ਵਾੜੀ ਆਪ ਪਾਲੀ ਸੋਹਿਣੀ।
'ਕੁਝ ਸਮੇਂ ਦੇ ਬਾਦ ਸਿੰਘ ਲਿਆਇਕੇ
'ਗੁਰੂ ਗ੍ਰੰਥ ਪ੍ਰਕਾਸ਼ ਕੀਤਾ ਏਸ ਥਾਂ;
'ਅੰਮ੍ਰਿਤ ਕੀਤਾ ਤਯਾਰ ਸੱਚੇ ਰੱਬ ਦਾ,
'ਦਿੱਤਾ ਅਸਾਂ ਛਕਾਇ,- ਬੇੜੇ ਚਾੜ੍ਹਿਆ।
'ਸਿੰਘਾਂ ਦੇ ਇਉਂ ਨਾਲ ਅਸਾਂ ਰਲਾਇਕੇ
'ਕੀਤਾ ਸਖੀ ! ਨਿਹਾਲ ਗ੍ਰੀਬ ਨਿਵਾਜ ਨੇ
'-ਰੁੜ੍ਹਦੇ ਸ਼ਹੁ ਦਰਿਯਾਇ, ਕਢ ਗਲ ਲਾ ਲਏ।

'ਏਸ ਤਰ੍ਹਾਂ ਕੁਛ ਕਾਲ ਸਾਨੂੰ ਬੀਤਿਆ,
'ਹਠ ਦੇ ਗੇੜ੍ਹੋਂ ਬਾਰ੍ਹ ਆ ਰਸ ਦੇਖਿਆ।
'ਹਠ ਸੀ ਮਾਨੋਂ ਜ਼ੋਰ ਕਸਰਤ ਵਾਕਰੇ,
'ਲਗਦਾ ਸੀ ਇਕ ਭਾਰ ਵਾਂਙ ਨਿਬਾਹੁਣਾ,
'ਉਹ ਹੁਣ ਹੋਇਆ ਦੂਰ 'ਸਹਿਜ' ਸਮਾਇਕੇ
'ਹੌਲੇ ਫੁੱਲਾਂ ਵਾਂਙ ਸਾਂ ਹੁਣ ਹੋ ਗਏ।
'ਟੁਕੜਾ ਚੰਨਨ ਇੱਕ ਥਾਹ ਤੇ ਨੀਰ ਦੀ
'ਬੱਧਾ ਸਿੱਕੇ ਨਾਲ ਹਿੱਲ ਨਾ ਸੱਕਦਾ;
'ਸਿੱਕਿਓਂ ਜਾਇ ਜੇ ਟੁੱਟ ਉੱਪਰ ਆਂਵਦਾ,
'ਜਿੱਕੁਰ ਹੌਲਾ ਹੋਇ ਉਹ ਸੁਖ ਮਾਣਦਾ
'ਹੱਠ ਹੇਠੋਂ ਆ ਬਾਰ੍ਹ ਸਹਜ ਅਨੰਦ ਤੇ
'ਪਹੁੰਚ, ਅਸੀਂ ਉਸ ਵਾਂਙ ਸੁਖ-ਮਨ ਹੋ ਰਹੇ।
'ਸਹਜ ਅਵਸਥਾ ਵਿੱਚ ਸਹਜੇ ਹੋ ਗਏ
'ਸੁਖੀਏ, ਸੁਖ ਭਰਪੂਰ ਅੰਗ ਅੰਗ ਹੋ ਗਿਆ।
'ਹਠ ਕਰਦੇ ਤਾਂ ਬਾਪੂ ਬੁੱਢੇ ਹੋ ਗਏ,
'ਪਰ ਪਾ ਸਹਜ-ਅਨੰਦ ਗੁਰਮੁਖ ਹੋ ਗਏ।
' 'ਅੰਤਰ ਸੁਰਤ ਗਿਆਨ' ਅਸਲੀ ਜੋਗ ਹੈ,
'ਜੁੜਨਾ ਸਾਈਂ ਨਾਲ ਸਮਝੋ ਜੋਗ ਹੈ,
'ਬਿਨ ਜੁੜਿਆਂ ਉਸ ਨਾਲ ਜੋਗ ਅਜੋਗ ਹੈ।
'ਦੇਹੀ ਨੂੰ ਹੀ ਸਾਧ ਦੇਹੀ ਮਾਂਜਿਆਂ
'ਰਹਿ ਅਰੋਗ ਕੁਛ ਕਾਲ ਉਮਰਾ ਚਹਿ ਵਧੇ,
'ਨੇਹੁੰ ਨ ਲਗਦਾ ਨਾਲ ਸਾਈਂ ਅਪਣੇ।
'ਸਾਈਂ ਨਾਲ ਜਿ ਜੋਗ ਅੰਤਰ ਹੋਂਵਦਾ
'ਜੀਵਨ-ਅਮਰ ਸੁ ਓਹ, ਉਸਨੂੰ ਪਾਇਕੇ
'ਜਰਾ ਮਰਣ ਭੁਲ ਜਾਇ ਉਸ ਅਮਰਾ ਪਦੇ।

ਯਥਾ-ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ
ਸੁਰਤਿ ਗਿਆਨੁ ॥ {ਸ:ਵਾ: ਤੇ ਵ:ਮ:੩-੪੪}

'ਇਸ ਬਿਧਿ ਪਯਾਰੀ ਭੈਣ ! ਉਮਰਾ ਭੋਗਕੇ
'ਪਿਤਾ ਗਏ ਸਚਖੰਡ ਪ੍ਰਭੁ ਧਿਆਉਂਦੇ।
'ਉਨ੍ਹਾਂ ਦਾ ਸਸਕਾਰ ਸੂਰਤ ਸਿੰਘ ਨੇ
'ਕੀਤਾ ਸੀਗਾ ਆਪ ਹੱਥੀਂ ਆਪਣੀਂ।
'ਤਿਸ ਤੇ ਮਗਰੋਂ ਇਕ 'ਕੱਲੀ ਮੈਂ ਰਹੀ;
'ਧੰਨ ਸੂਰਤ ਸਿੰਘ ਸ਼ਾਹ ਦਿੱਤਾ ਸੀ ਜਿਨ੍ਹੇ
'ਸੱਚਾ ਨਾਮ ਨਿਧਾਨ, ਸਹਿਜ ਸੁਹਾਵਣਾ
'ਨਾਲ ਪ੍ਰਭੂ ਦੇ ਪਯਾਰ, ਪਯਾਰ ਸਮਾਵਣਾ।

'ਬੀਤ ਗਿਆ ਕੁਛ ਕਾਲ ਇਸ ਰੰਗ ਰੱਤਿਆਂ
'ਭਾਣਾ ਵਰਤਜਾ ਆਣ ਸੂਰਤ ਸਿੰਘ ਜੀ
'ਤੁਰ ਗਏ ਅਗਲੇ ਦੇਸ਼ ਸਾਨੂੰ ਛਡ ਕੇ !
'ਹੋਰ ਨਾ ਕੁਝ ਹਮਸੋਸ ਜਾਣੇ ਦਾ ਉਨ੍ਹਾਂ
'-ਜਿਥੋਂ ਦਾ ਜੋ ਹੋਇ ਉੱਥੇ ਜਾਂਵਦਾ,
'ਬਿਜਲੀ ਹੇਠਾਂ ਆਇ ਦੇ ਚਮਕਾਰ ਜੇ
'ਚੜ੍ਹਦੀ ਦਿੱਸੇ ਫੇਰ ਝੱਟ ਅਕਾਸ਼ ਨੂੰ;
'ਪਾਇ ਫੁਹਾਰਾ ਜ਼ੋਰ ਪਾਣੀ ਜੇ ਚੜ੍ਹੇ
'ਡਿਗ ਪਵੇ ਫਿਰ ਹੇਠ, ਜਾਇ ਨਿਵਾਣ ਨੂੰ,
'ਆਪਣੀ ਅਪਣੀ ਥਾਂਉਂ ਸਭ ਕੁਈ ਜਾਇ ਹੈ।
'ਹੀਰਾ ਸੀ ਨਿਰਮੋਲ ਉਹ ਸਚਖੰਡ ਦਾ,
'ਪਹੁੰਚਾ ਆਪਣੇ ਲੋਕ ਨਿਜ ਅਸਥਾਨ ਨੂੰ-



 www.sikhbookclub.com

'ਮਨ ਮੇਰੇ ਅਭਿਲਾਖ ਇੱਕੋ ਰ੍ਹੈ ਗਈ:
'ਜਿਸ ਦਾਤੇ ਨੇ ਸੁੱਖ ਦਏ ਅਪਾਰ ਸੇ
'ਉਸ ਦੀ ਸਿੱਕ ਉਤਾਰ ਸੇਵਾ ਨ ਕਰੀ;
'ਸ਼ੁਕਰ ਨ ਕੀਤਾ ਰੱਜ ਪਰਸੇ ਪੈਰ ਨਾ।
'ਘਰ ਦੇ ਘਰ ਵਿਚ ਭੇਤ ਜਿਸ ਨੇ ਖੋਲ੍ਹਕੇ
'ਦੌੜਨ ਵਾਲਾ ਰੋਗ ਸੀ ਕਟ ਸੱਟਿਆ;
'ਅਪਣਾ ਆਪ ਭੁਲਾਇ ਬਣ ਕੁਝ ਹੋਰਵੇਂ
' 'ਉਸ ਹੋਰੀਂ ਤੋਂ ਹੋਰ ਲਭਣਾ ਸੁਖ ਨੂੰ'
'ਗੋਰਖ ਧੰਧਾ ਏਹ ਜਿਸ ਨੇ ਖੋਲ੍ਹਿਆ;
' 'ਅਪਣੇ ਆਪੇ ਨਾਲ ਸੱਚੇ ਹੋਵਣਾ,
' 'ਨਿਜ ਦਾ ਕਰ ਨਿਜਸੰਗ ਸੱਚਾ ਪਾਲਣਾ,
' 'ਨਿਜ ਵਿਚ ਰਹਿਕੇ ਸੁੱਖ ਨਿਜ ਦਾ ਭੋਗਣਾ,
' 'ਬਣੀ ਬਣਾਵਟ ਛੱਡ ਸਹਿਜੇ ਰੁੱਝਣਾ,
' 'ਸਾਈ ਸ਼ਰਨ ਸੁਲੱਭ ਸ਼ਰਣ ਸਮਾਵਣਾ'
'ਦਸਿਆ ਜਿਨ੍ਹੇਂ ਸੁਜਾਨ ਉਸ ਦੀ ਜੋਦੜੀ
'ਮਿੰਨਤ ਨਾ ਕੁਝ ਸੇਵ ਮੈਥੋਂ ਹੋ ਬਣੀ।
'ਉਸ ਨੂੰ ਕੁਝ ਨਾ ਲੋੜ, ਪੂਰਾ ਓ ਸਦਾ,
'ਪਰ ਮਨ ਦੀ ਇਹ ਸਿੱਕ ਮਨ ਵਿਚ ਹੀ ਰਹੀ
'ਉਹ ਉਪਕਾਰੀ ਸੰਤ ਮੂਲ ਨ ਸੇਵਿਆ।'

ਪਰੀ ਗਈ ਚੁਪ ਹੋਇ ਏ ਕੁਝ ਆਖਦੀ,
ਅਖਾਂ ਨਾਲੇ ਬੰਦ ਗਈਆਂ ਆਪ ਹੋ।

## ੧੪. ਪਰੀ ਮਹਿਲ-ਸਤਿਕਾਰ

ਇੱਧਰ ਰਾਣੀ ਰਾਜ ਸ਼ੋਭਾ ਕੰਤ ਦੀ,
ਸਿੱਖੀ ਦੇ ਉਪਕਾਰ ਹਉਮੈਂ ਤੋਂ ਬਿਨਾ,
ਧਜਾਨ ਲਾਇ ਸਾਹ ਵੱਟ ਸੁਣਦੀ ਸੀ ਰਹੀ;
ਹੁੰਦੀ ਗਈ ਨਿਹਾਲ, ਬਾਹਰ ਆਪ ਤੋਂ।
ਜੋ ਕੁਛ ਹੋਇਆ ਹਾਲ ਰਾਣੀ ਦਾ, ਸੁਣੋ:-
ਪਰੀ ਮਹਿਲ ਬਿਰਤਾਂਤ ਸੱਭ ਸੁਣੰਦਿਆਂ
ਖ਼ੁਸ਼ ਹੋ ਅਚਰਜ ਫੇਰ ਹੁੰਦੀ ਸੀ ਗਈ:
ਉਸ ਦਾ ਸੁਣ ਸੁਣ ਹਾਲ ਬਿਸਮੈ ਹੋ ਗਈ।
ਫਿਰ ਜਦ ਸੁਣਿਆਂ ਏਹ: ਗੁਰਮੁਖ ਕੰਤ ਨੇ
ਇਸ ਤੀਮੀ ਨੂੰ ਆਪ ਰਸਤੇ ਪਾਇਆ
ਗੁਰ ਦਾ ਦੱਸ ਸੁ ਭੇਤ ਪਰਦਾ ਖੋਲ੍ਹਿਆ,
ਮੋਤੀਆ ਕੀਤਾ ਦੂਰ ਆਤਮ-ਨੈਣ ਤੋਂ,
ਲਟ ਲਟ ਵਾਕੁਰ ਜੋਤਿ ਦੀਦੇ ਖੋਲ੍ਹਕੇ
ਦਿੱਤਾ ਰੱਬ ਦਿਖਾਇ ਸਾਂਈ ਸੱਚੜਾ;
ਰਾਣੀ ਵਧਦੀ ਜਾਇ ਅੰਤਰ ਆਤਮੇ
ਬਿਸਮਾਦੋਂ ਬੀ ਪਾਰ ਪਤੀ ਸੁਦੇਸ਼ ਨੂੰ।
ਜਜੋਂ ਜਜੋਂ ਸੁਣਦੀ ਪ੍ਰੇਮ ਮੂੰਹੋਂ ਓਸਦੇ,
ਜਜੋਂ ਜਜੋਂ ਸੁਣਦੀ ਸਿੱਕ ਸੇਵਾ ਵਾਲੜੀ
ਹਿਰਦੇ ਪਰੀ ਸਮਾਇ ਜੋ ਅਤਿ ਸੀ ਰਹੀ,
ਤਜੋਂ ਤਜੋਂ ਉਡਦੀ ਜਾਇ ਸੁਰਤ ਸੁ ਰਾਜ ਦੀ
ਚੇਤੇ ਵਾਲੇ ਖੰਭ ਸੁਰਤੀ ਆ ਲਗੇ:
ਬਿਸਮੈ ਦਾ ਭਰਿ ਜੋਰ ਉੱਡਦੀ ਅੰਦਰੋਂ
ਉੱਥੇ ਪਹੁੰਚੀ ਜਾਇ ਜਿੱਥੇ ਜਾਇਕੇ
ਡਿੱਠਾ ਹੈਸੀ ਰੂਪ, ਸੱਚੇ ਖੰਡ ਦਾ,
ਵੱਜਾ 'ਗੁਰ ਝਲਕਾਰ' ਜਿੱਥੋਂ ਸੀ ਤਦੋਂ,
ਗੁਰ ਚਰਨਾਂ ਦੇ ਵਿੱਚ ਜਿੱਥੇ ਕੰਤ ਨੂੰ
ਡਿੱਠਾ ਸੀ ਹਥ ਜੋੜ ਖੜਿਆ ਸਾਮ੍ਹਣੇ।
ਜਿਉਂ ਜਿਉਂ ਸੁਣਦੇ ਕੰਨ ਉਸਤਤਿ ਕੰਤ ਦੀ
ਕੱਠਾ ਹੁੰਦਾ ਜਾਇ ਮਨ ਵਿਚ ਆਪਣੇ,
ਜਜੋਂ ਜਜੋਂ ਟਿਕਦਾ ਜਾਇ ਸੁਰਤ ਤਿਆਗ ਦੀ
ਦੇਹੀ ਵਾਲਾ ਸੰਗ, ਫੜਦੀ ਕੰਤ ਦਾ।
ਜਿੱਥੇ ਇਕ ਸ਼ੁਭ ਭੈਣ ਕਦਿ ਸੀ ਲੈ ਗਈ
ਉੱਥੇ ਵਿਸਮੈਂ- ਯਾਦ ਲੈ ਗਈ ਖਿੱਚਕੇ;
ਉੱਸ ਵਿਚ ਹੁਣ ਧਿਆਨ ਦਰਸ਼ਨ ਹੋ ਰਹੇ।
ਸਮਝੋ, ਉਗਿਆ ਇੱਕ ਬ੍ਰਿਛ ਵਿਸਮਾਦ ਦਾ,
ਰਾਣੀ ਹਿਰਦੇ ਵਿੱਚ ਜੜ੍ਹ ਹੈ ਓਸਦੀ;
ਖੂਹ ਪਰੀ ਦਾ ਮੂੰਹ ਜਿਸ ਤੋਂ ਆਂਵਦਾ
'ਸ਼ੋਭਾ' ਰੂਪੀ ਨੀਰ ਜਾਂਦਾ ਧਾਇਕੇ
ਕੰਨਾਂ ਥਾਣੀਂ ਦੌੜ ਰਾਣੀ ਅੰਦਰੇ:

ਜਾ ਰਾਣੀ ਦਿਲ ਵਿਚ ਸਿੰਜਦਾ ਪਾਲਦਾ
ਉਸ ਬੂਟੇ ਨੂੰ ਓਹ, ਉਹ ਵਧ ਮੌਲਦਾ,
ਪਤੀ ਦਰਸ ਦੇ ਦੇਸ਼ ਜਾਕੇ ਪੌਂਚਦਾ;
'ਕਲੀ ਸਿੱਕ ਦੀ' ਬੰਦ ਲੱਗੀ ਓਸ ਨੂੰ,
ਖਿੜਦੀ ਓਥੇ ਜਾਇ, ਜਦ ਸਚਖੰਡ ਤੋਂ
ਕਿਰਨਾਂ ਪਾਵੇ ਤੇਜ ਸੂਰਜ ਮੇਰੁ ਦਾ;
ਤਦ ਉਹ ਬਣਕੇ ਫੁੱਲ ਲਪਟਾਂ ਮਾਰਦੀ:
ਛਾ ਜਾਏ ਆਨੰਦ ਅੰਦਰ ਬਾਹਿਰੇ।
ਯਾ ਮਾਨੋਂ ਇੱਕ ਕੁੰਡ ਅੰਮ੍ਰਿਤ ਨੀਰ ਦਾ
ਮਿਲਿਆ ਮਾਰੂ ਵਿੱਚ ਥਕੇ ਤ੍ਰਿਖਾਲੂਏ,
ਖੀਵੇ, ਖੀਵੇ, ਰੱਜ, ਪੀ ਓ ਖੀਂਵਦਾ,
ਹਟਦਾ ਮੂਲੋਂ ਨਾਹਿੰ, ਖੀਵਾ ਪੀਂਵਦਾ।
ਏਸ ਅਵਸਥਾ ਵਿੱਚ ਰਾਣੀ ਪੌਂਚੁਕੇ
ਬੈਠੀ ਹੈ ਮਦਹੋਸ਼ ਰਸ ਦਾ ਰੂਪ ਹੋ।

ਉੱਧਰ ਅਖਾਂ ਖੋਲ੍ਹ ਲਈਆਂ ਉਸ ਪਰੀ
ਦੇਖ ਜੁੜੀ ਹੁਈ ਰਾਜ ਸਮਝੀ ਭੇਤ ਨੂੰ:
ਹੈ ਬਿਰਹੋਂ ਦੀ ਚੋਟ ਖਾਧੀ ਏਸ ਨੇ,
'ਪਤੀ ਪ੍ਰੇਮ' ਵਿਚ ਲੀਨ ਹੋਵੇ ਹੋ ਰਹੀ;
ਸੁਣ ਮੈਥੋਂ ਉਪਕਾਰ ਅਪਨੇ ਕੰਤ ਦੇ
'ਯਾਦ ਕੰਤ ਵਿਚਕਾਰ ਰੱਤੀ ਪਰੇਮ ਦੀ,
ਬਿਰਤੀ ਉਸ ਦੇ ਵਿੱਚ ਲਿਵ ਹੈ ਲਾ ਰਹੀ।
ਇਹ ਕੁਝ ਕਰਕੇ ਸੋਚ ਉਮਡਜਾ ਏਸ ਦਾ
ਅਪਣਾ ਹਿਰਦਾ ਫੇਰ ਕੜ ਨੂੰ ਪਾੜ ਕੇ।
ਸੂਰਜ ਉਸਨੂੰ ਸੀਗ ਸੂਰਤ ਸਿੰਘ ਜੀ,
ਰਾਜ ਕੌਰ ਹੁਣ ਚੰਦ ਜਾਪੇ ਸੋਹਿਣਾ।
ਚੰਦਰਮਾਂ ਜਿਉਂ ਪਾਇ ਸੂਰਜ ਤੇਜ ਨੂੰ
ਦੇਂਦਾ ਅਹੇ ਪ੍ਰਕਾਸ਼ ਠੰਢਾ ਮਿੱਠੜਾ,
ਪਯਾਰੇ ਵਾਲੀ ਨਾਰ ਤਿੱਕੁਰ ਭਾਸਦੀ,
ਜਿਸ ਵਿਚ ਹੈ ਪਰਕਾਸ਼ ਸੂਰਤ ਸਿੰਘ ਦਾ।
ਏਸ ਪਰੀ ਮਨ ਵਿੱਚ ਮਿਲਵੀਂ ਸੇਧ ਤੇ
ਸੂਰਜ ਨਾਲੇ ਚੰਦ ਚਮਕੇ ਦੋਇ ਆ।
ਕੌਤਕ ਵਿੱਚ ਅਕਾਸ਼ ਵਰਤੇ ਆ ਜਦੋਂ
ਇੱਕ ਸੇਧ ਵਲ ਹੋਣ ਸੂਰਜ ਚੰਦ੍ਰਮਾਂ,
ਦੁਹਾਂ ਤੋਂ ਪੈਂਦੀ ਖਿੱਚ ਤਦੋਂ ਸਮੁੰਦ ਨੂੰ,-
ਉਛਲੇ ਹਦੋਂ ਵੱਧ ਚੜ੍ਹਦਾ ਕੰਢਿਓਂ,
ਕਹਿੰਦੇ ਵਡੀ ਜ੍ਵਾਰ ਚੜ੍ਹਦੀ ਧਾਂਵਦੀ।
ਤਿਵੇਂ ਪਰੀ ਹੁਣ ਦੇਖ ਸੂਰਜ, ਚੰਦ ਨੂੰ
ਇੱਕ ਸੇਧ ਵਲ ਠੀਕ, ਵਾਂਙ ਸਮੁੰਦ ਦੇ
ਉਛਲੀ ਹੱਦੋਂ ਲੰਘ- ਬੰਨੇ ਟੱਪਦੀ।
ਪ੍ਰੇਮ ਸਰੂਪੀ ਖਿਚ ਤਿਸ ਨੇ ਖਿੱਚ ਕੇ
ਉਹ ਉਮਗਾਇਆ ਚਿੱਤ ਅੱਤਿ ਉਛਾਲਿਆ,
ਚੜ੍ਹਕੇ ਸਿਰ ਦੇ ਵਿੱਚ ਅੱਖਾਂ ਰਾਹ ਓ
ਵਗ ਤੁਰਿਆ ਇਕ ਵਾਰ ਵੱਡੀ ਜ੍ਵਾਰ ਜਜੋਂ:
ਗੱਲਾਂ ਗਈਆਂ ਭਿੱਜ ਚਿਹਰਾ ਭਿੱਜਿਆ,
ਫਿਰ ਛਾਤੀ ਕੁਝ ਦੇਹ ਭਿੱਜ ਤ੍ਰਿਬੁਡੀਆਂ।
ਉਹ ਪਯਾਰੇ ਦੀ ਯਾਦ ਸੱਚੇ ਸੰਤ ਦੀ,
ਉਹ ਉਸ ਦੇ ਉਪਕਾਰ ਕਿਰਪਾ ਦੇ ਭਰੇ,
ਧਾਰਣ ਦਿਵਯ ਸਰੂਪ ਫਿਰਦੇ ਸਾਮ੍ਹਣੇ।

ਡਾਢਾ ਹੈਸੀ ਪ੍ਰੇਮ ਇਸ ਦੇ ਚਿੱਤ ਨੂੰ;
ਨਾਲੇ ਗਯਾਨ ਪ੍ਰਕਾਸ਼ ਸਹਿਜ ਸੁਹਾਵਣਾ,-
ਅੰਦਰ 'ਦਾਨਾ ਪ੍ਰੇਮ' ਲਹਿਰਾਂ ਮਾਰਦਾ।
ਸੱਚ ਕਿਹਾ ਹੈ ਆਪ ਸੱਚੇ ਸਤਿਗੁਰੂ
ਸੁੰਦਰ ਸਤਿ ਉਪਦੇਸ਼ ਭਿੰਨਾ ਪ੍ਰੇਮ ਦਾ:

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥
{ਬਾਵਨ ਅਖਰੀ-੧੬}

ਸਤਿਸੰਗੀ ਦਾ ਪ੍ਰੇਮ ਜਿਸ ਨੂੰ ਐਤਨਾ,
ਕਿਤਨਾ ਹੋਗੁ ਵਧੀਕ ਗੁਰ ਦਾ ਓਸ ਨੂੰ,
ਕਿਤਨਾ ਜਾਣੋਂ ਵੱਧ ਸਾਈ ਪ੍ਰੇਮ ਸੀ;
ਸਾਈਂ, ਗੁਰ ਤੇ ਸੰਤ ਇਸ ਦੇ ਪ੍ਰੇਮ ਨੇ
ਕੀਤੇ ਸਨ ਪਰਸਿੰਨ, ਤਦੇ ਅਨੰਦ ਸੀ।
ਪਹਿਲਾਂ ਹੀ ਓ ਨਾਰ ਪ੍ਰੇਮ ਸਮੁੰਦ ਸੀ,
ਜਦ ਹੁਣ ਲਹਿਰਾ ਯਾਦ ਦਿੱਤਾ ਆਣਕੇ
ਚੁੱਪ ਜੀਭ ਗਈ ਹੋਇ, ਅੱਖਾਂ ਮੀਟਕੇ,
ਰੱਬ ਆਪਣੇ ਵਿੱਚ ਹੋ ਗਜੀ ਗੁੰਮ ਓ।
ਉੱਧਰ ਚੁੱਕੀ ਪੌਂਚੁ ਸੁਰਤ ਜੋ ਰਾਜ ਦੀ

ਯਾਦ ਨਾਲ ਸਚਖੰਡ, ਸੁਣ ਸੁਣ ਕੰਤ ਦੀ
ਸ਼ੋਭਾ ਨਿਰਮਲ ਸਾਫ਼ ਸੱਚੋ ਸੱਚ ਦੀ,
ਪਰਤ ਮੁੜੀ ਹੁਣ ਫੇਰ ਅਪਣੇ ਦੇਸ਼ ਨੂੰ।
ਸ਼ੋਭਾ ਵਾਲਾ ਖੂਹ ਜਦੋਂ ਖੜੋ ਗਿਆ
ਸਿੰਜ ਰਿਹਾ ਸੀ ਜੋਇ ਬੂਟੇ ਯਾਦ ਨੂੰ;
ਸਿਫ਼ਤ ਨੀਰ ਦੀ ਆਡ ਪਾਣੀ ਦੇਇ ਨਾ;
ਜੜ੍ਹੀਂ ਨ ਪਹੁੰਚੇ ਨੀਰ ਚੜ੍ਹੇ ਨਾ ਡਾਲੀਆਂ,
ਸਿਮਟ ਗਿਆ ਓਹ ਫੁੱਲ ਉਸਦਾ ਖੇੜਿਆ।
ਵਿਸਮਾਦੋਂ ਤਦ ਹੇਠ ਰਾਣੀ ਆ ਗਈ,–
ਆਈ ਅਪਣੇ ਥਾਂਉਂ, ਸੁਰਤੀ ਰਾਜ ਦੀ
ਧਾਰਯਾ 'ਸਿਕ' ਸਰੂਪ, ਫਿਰ ਉਸ ਨਾਰ ਦਾ
ਸ਼ੁਕਰ ਸ਼ੁਕਰ ਦਾ ਭਾਵ ਹਿਰਦੇ ਉੱਛਲੇ;–
'ਧੰਨ, ਧੰਨ' ਮੂੰਹੋਂ ਆਖ, ਨੈਣੋਂ ਕੇਰਦੀ
ਮੋਤਯਾਂ ਵਰਗੇ ਹੰਝ, ਗਲ੍ਹਾਂ ਉੱਪਰੇ
ਲਿਸ਼ਕਣ ਚਾਂਦੀ ਵਾਂਙ ਚਮਕਾਂ ਮਾਰਦੇ।
ਫਿਰ ਲੈ ਲੰਮਾ ਸਾਹ ਮੂਹੋਂ ਆਖਦੀ:
'ਧੰਨ ਧੰਨ ਪਤੀ ਕ੍ਰਿਪਾਲ! ਦਰਸ਼ਨ ਅੱਜ ਤੂੰ
'ਦਿੱਤਾ ਹੈ ਦਿਖਲਾਇ ਅਪਣੇ ਪਾਤ੍ਰ ਦਾ
'ਜਿਸਨੇ ਤੈਥੋਂ ਰੱਜ ਅੰਮ੍ਰਿਤ ਪਾਇਆ।
'ਤੂੰ ਸੈਂ ਸ਼ਹੁ ਦਰਿਯਾਉ ਅੰਮ੍ਰਿਤ ਨੀਰ ਦਾ
'ਵਹਿੰਦਾ ਵਿਚ ਜਹਾਨ ਭਰਦਾ ਟੋਭਿਆਂ,
'ਸਰ, ਛੰਭ ਅਤੇ ਤਲਾਉ ਨਿਵਿਆਂ ਜੋ ਕੁਈ:
'ਏ ਹੈ ਗਹਿਰ ਗੰਭੀਰ ਸੂੱਛ ਸਰੋਵਰੰ
'ਭਰਿਆ ਅੰਮ੍ਰਿਤ ਨਾਲ ਤੈਥੋਂ ਸੁਥਰਾ,
'ਇਸ ਵਿਚ ਸੀਤਲ ਠੰਢ ਮਿੱਠਤ ਸ੍ਵਾਦ ਦੀ
'ਤੇਰੇ ਗੁਣ ਦਾ ਸਾਫ਼ ਝਲਕਾ ਦੇ ਰਹੀ:
'ਤੇਰਾ ਹੀ ਹੈ ਰੰਗ ਝਲਕਾ ਤੁੱਧ ਦਾ।
'ਧੰਨ ਤੂੰ! ਜਿਸਨੇ ਆਪ ਮੈਨੂੰ ਪ੍ਰੇਰਕੇ
'ਆਂਦਾ ਏਥੇ ਖਿੱਚ, ਪੀਵਾਂ ਰੱਜ ਕੇ
'ਮਿੱਠਾ ਅੰਮ੍ਰਿਤ ਨੀਰ ਤੇਰਾ ਸੰਚਿਆ।'

ਇਹ ਕਹਿ ਡਿੱਠਾ ਫੇਰ ਉਸ ਦੇ ਵੱਲ ਨੂੰ;
ਢੱਠੀ ਦੂਜੀ ਆਨ ਚਰਨੀਂ ਓਸ ਦੇ
ਮਾਨੋਂ ਉਸ ਦੇ ਪੈਰ ਕੂਲ੍ਹਾਂ ਜਾਣੀਆਂ;
ਸ਼ਾਂਤਮਈ ਜਲ ਧਾਰ ਜਿਥੋਂ ਵਹਿ ਰਹੀ;
ਅੱਖਾਂ ਵਾਲੇ ਬੁੱਕ ਇਸ ਨੇ ਅੱਡ ਕੇ
ਦਿੱਤੇ ਲਏ ਲਗਾਇ,– ਪੀਵਾਂ ਰੱਜਕੇ।

ਤ੍ਰਬਕ ਉਸ ਦੇਵੀ ਨਾਰ ਅੱਖਾਂ ਖੋਲ੍ਹੀਆ,
ਡਿੱਠਾ ਅਚਰਜ ਹਾਲ, ਛੇਤੀ ਨਾਲ ਹੀ
ਸਿਰ ਚਕ ਛਾਤੀ ਲਾਇ ਬੋਲੀ ਕੰਬਕੇ:–
'ਕੀ ਕੀਤਾ ਅੰਧੇਰ, ਮੇਰੇ ਪੂਜ ਜੀ!
'ਕੈਸਾ ਉਲਟਾ ਭਾਰ ਮੈਂ ਸਿਰ ਚਾੜ੍ਹਿਆ।
'ਤੂੰ ਪਜਾਰੀ ਹੈਂ ਨਾਰ ਸੂਰਤ ਸਿੰਘ ਦੀ;
'ਉਪਕਾਰੀ ਦੀ ਅੱਧ ਅਰਧ ਸਰੀਰ ਤੂੰ;
'ਤੇਰਾ ਕਰਨਾ ਮਾਨ ਮੈਨੂੰ ਸੀ ਬਣੇ:
'ਉਸ ਦੀ ਹੋਕੇ ਪ੍ਰੇਯ ਮੈਨੂੰ ਤੂੰ ਨਿਵੇਂ!
'ਤੇਰਾ 'ਪ੍ਰੇਮ ਪ੍ਰਵਾਨ' ਸਖੀ! 'ਪ੍ਰਵਾਨ ਤੂੰ',
'ਫਿਰ ਤੂੰ ਚਲਕੇ ਆਪ ਆਈ ਏਸ ਥਾਂ,
'ਤੁਰ ਤੇਰੇ ਮੈਂ ਦ੍ਵਾਰ ਆਵਾਂ ਜੋਗ ਏ।
'ਪਰ ਤੂੰ ਧਰਮਸਥਾਨ ਇਹ ਥਾਂ ਜਾਣਕੇ
'ਕਈ ਵਲਿੱਖਾਂ ਚੀਰ ਤੁਰਕੇ ਆਇਓਂ,
'ਇੱਕ ਕਦਮ ਧਰ ਜਾਣ ਵਿਚ ਸਤਿਸੰਗ ਦੇ
'ਅਸ੍ਵਮੇਧ ਦੇ ਤੁੱਲ ਫਲ ਹੈ ਓਸਦਾ,
'ਲੱਖਾਂ ਐਸੇ ਜੱਗ ਕੀਤੇ ਅੱਜ ਤੂੰ
'ਤੁਰਕੇ ਜੋ ਸਤਿਸੰਗ ਆਈ ਆਪ ਹੈਂ।
'ਮੈਂ ਨ ਗਈ ਇਕ ਵਾਰ ਤੁਰਕੇ ਸੰਗਤੀ;–
'ਤੁਰਕੇ ਨਾ ਇਕ ਵਾਰ ਮੇਰੇ ਪੈਰ ਏ
'ਗਏ ਕਦੀ ਸਤਿਸੰਗ, ਪਾਪੀ ਏ ਹੁਏ;
'ਧਰਮੀ ਤੇਰਾ ਸੀਸ ਪੈਰ ਨ ਸੂੱਛ ਏ
'ਦਿੱਤਾ ਕਿਵੇਂ ਨਿਵਾਇ ਪੈਰੀਂ ਮੇਰਿਆਂ!
'ਫਿਰ ਤੂੰ ਸਜਨੀ! ਆਹਿੰ ਰਾਣੀ ਦੇਸ਼ ਦੀ–
'ਰਾਜਾ ਰੱਬ ਸਰੂਪ ਲੋਕੀਂ ਆਖਦੇ;–
'ਮੈਂ ਪਰਜਾ ਦਾ ਜੀਵ ਨਿਉਣਾਂ ਮੁੱਝ ਨੂੰ
'ਬਣਦਾ ਤੇਰੇ ਪਾਸ ਤੈਨੂੰ ਨਾ ਬਣੇ।
'ਸੇਵਾ ਕਰੀ ਨ ਰੱਜ ਮੈਂ ਗੁਰ, ਸੰਤ ਦੀ,
'ਤੂੰ ਸੇਵਾ ਤੇ ਪਜਾਰ ਸੰਦੀ ਔਧ ਹੈਂ
'ਤੂੰ ਵੱਡੀ ਸਭ ਡੌਲ ਆਦਰ ਜੋਗ ਹੈਂ,

'ਸਭ ਤਰ੍ਹਾਂ ਤੂੰ ਜਾਣ ਨੀਵੀਂ ਮੈਂ ਅਹਾਂ,
'ਇਹ ਸਾਰਾ ਕੁਝ ਸੋਚ ਹਿਰਦਾ ਕੰਬਦਾ;
'ਤੈਥੋਂ ਸੀਸ ਨਿਵਾਇ ਚੁਕਿਆ ਭਾਰ ਮੈਂ
'ਅਨਇੱਛਤ ਪਰ ਢੇਰ, ਬਖਸ਼ੀਂ ਰਾਣੀਏਂ !'

ਇਹ ਕਹਿ ਨੀਵੀਂ ਹੋਇ ਰਾਣੀ ਵੱਲ ਨੂੰ
ਹੱਥ ਪਸਾਰੇ ਦੋਇ ਤਦ ਉਸ ਨਾਰ ਨੇ।

'ਗੁਰੂ, ਗੁਰੂ' ਮੁਖ ਆਖ ਰਾਣੀ ਹੈ ਬਚੇ;
ਉਹ ਫੜਦੀ, ਉਹ ਦੂਰ ਹਟਦੀ ਜਾਂਵਦੀ।
ਇੱਕੁਰ ਆਪਸ ਵਿੱਚ ਭਿੱਜਾ ਪ੍ਰੇਮ ਦਾ
ਨਿਮ੍ਰਤ ਵਾਲਾ ਘੋਲ ਮਾਨੋਂ ਮੱਚਿਆ:
ਇਕ ਦੂਜੀ ਨੂੰ ਦੋਇ ਵੱਡਾ ਜਾਣਕੇ
ਅਪਨ ਆਪ ਨੂੰ ਨਿੰਮ੍ਰ ਲਖਲਖਨਜੁੰਦੀਆਂ
ਅਚਰਜ ਬਣ ਗਈ ਮੌਜ ਵਿਚ ਸਤਿਸੰਗ ਦੇ,
ਝਗੜੇ ਦੇਖੋ ਆਣ ਪੈਰ ਪਸਾਰਿਆ।
ਪਰ ਨ ਤਮੋ ਗੁਣ ਕਾਰ, ਗੁੱਸਾ, ਕ੍ਰੋਧ ਨਾ,
ਵੈਰ ਨ ਕਸਤ ਨ ਹੋਰ ਕੁਝ ਬੀ ਮਾੜ ਸੀ;
ਦੋਹੀਂ ਲਾਂਭੀ ਪ੍ਰੇਮ ਛਾਈ ਨਿੰਮ੍ਰਤਾ।

ਇਸ ਝਗੜੇ ਨੂੰ ਵੇਖ ਉੱਠੀ ਰਾਧਕਾਂ,
ਕਹਿੰਦੀ, 'ਸੁਾਮਨਿ, ਰਾਜ ! ਸੁਣਿਓ ਬੇਨਤੀ,–
'ਤੂੰ ਰਾਣੀ ਉਹ ਸੰਤਿ ਦੋਵੇਂ ਪੂਜਜ ਹੋ;
'ਚਰਨ ਫੜਨ ਦੀ ਕਾਰ ਮੂਲ ਨ ਆਪ ਦੀ,
'ਦਾਸਾਂ ਦਾ ਇਹ ਹੱਕ ਹੱਕ ਪਰਾਇਆ
'ਬਣਦਾ ਖੁਹਣਾ ਨਾਹਿੰ ਰਾਣੀ, ਸੰਤ ਨੂੰ
'ਚਰਨ ਫੜਨ ਦੀ ਕਾਰ ਮੇਰੀ ਦਾਸ ਦੀ,
'ਮੈਨੂੰ ਦੇਵੋ ਸੌਂਪ ਮੇਰਾ ਕੰਮ ਜੀ !
' 'ਝਗੜਾ ਰਾਣੀ ਸੰਤ' ਦਾਸੀ ਮੇਟਸੀ।'
ਇਹ ਕਹਿਕੇ ਝਟ ਉੱਠ ਮੱਥਾ ਟੇਕਦੀ,
ਛੂੰਹਦੀ ਚਰਨ ਸੁ ਚਾਰ ਹੱਥਾਂ ਨਾਲ ਓ।
ਦੋਵੇਂ ਲਾਵਣ ਵਾਹ ਹਟੀਏ ਹੋ ਪਰੇ;
ਪਰ ਰਾਧਾਂ ਵਿਚ ਜ਼ੋਰ ਗਈ ਨ ਪੇਸ਼ ਕੋ।
ਝਗੜਾ ਲਿਆ ਸਮੇਟ ਦਾਸੀ ਮਾਲਕਾਂ।
ਵਾਹ, ਸਤਿਸੰਗਤ ਵਾਹ ! ਝਗੜੇ 'ਨੋਖੜੇ
ਹੋਣ ਨਿਬੇੜੇ ਵਾਹ, ਵਾਹ ਨਿਆਉਂ ਹੈ,
ਹੋਂਦਾ ਹੈ ਸਭ ਨੇਕ ਵਿਚ ਸਤਿਸੰਗ ਦੇ:
ਹਾਂ, 'ਕੀਨਾ' ਤੇ 'ਵੈਰ' ਮੂਲ ਨ ਹੋਂਵਦੇ,–
ਤਮੋਂ ਗੁਣੀ ਦੀ ਕਾਰ ਉੱਥੇ ਹੋਇ ਨਾ।

ਇੱਕੁਰ ਕਰਕੇ ਪ੍ਰੇਮ ਤ੍ਰਿੰਨੇ ਬੈਠੀਆਂ।
ਰਾਣੀ ਫਿਰ ਹਥ ਜੋੜ ਕਹਿੰਦੀ, 'ਸੰਤਣੀ !
'ਸੁਣ ਪਜਾਰੀ ਹੁਣ ਹਾਲ ਮੈਂ ਸਿਰ ਬੀਤਿਆ,
'ਫਿਰ ਦੱਸੀਂ ਤੂੰ ਆਪ ਕੀ ਹੁਣ ਮੈਂ ਕਰਾਂ?
'ਮੈਂ ਮੂਰਖ ਨੂੰ ਜਾਚ ਕੋਈ ਹੈ ਨਹੀਂ।'

ਇਹ ਕਹਿ ਵਿੱਥਜਾ ਕੁੱਲ ਬੀਤੀ ਦੱਸਦੀ,
ਪਤੀ ਸਮੇਂ ਦੇ ਹਾਲ ਦੱਸੇ ਖੋਲ੍ਹਕੇ,
ਉਸ ਦੇ ਮਗਰੋਂ ਫੇਰ ਜੋ ਕੁਝ ਬੀਤਿਆ।
ਸੁਣ ਸੁਣ ਰਾਣੀ-ਹਾਲ ਪਰੀ ਹਿਰਾਨ ਹੋ
ਦੇਖ 'ਪਤਿਬ੍ਰਤ-ਪ੍ਰੇਮ' ਬਿਸਮਯ ਹੋਂਵਦੀ
ਮੁਖ ਤੋਂ ਕਹਿੰਦੀ 'ਧੰਨ, ਸਫਲ ਜਨੰਮ ਹੈ।'
ਦਿਲ ਵਿਚ ਕੰਘੀ ਮਾਰ, ਅਪਣੇ ਆਪ ਨੂੰ
ਕਹਿੰਦੀ, 'ਤੈਨੂੰ ਧਿੱਕ ! ਜਾਣੇਂ ਮੂਲ ਨਾਂ
'ਕੀ ਹੈ ਕਾਰ ਪਰੇਮ, ਕਿੱਕੁਰ ਪਾਲੀਏ !
'ਇਹ ਪੱਕੀ ਉਸਤਾਦ ਸ਼ਾਲਾ-ਪ੍ਰੀਤ ਦੀ,
'ਪਰਮ-ਖਿਡਾਰੀ ਏਹ ਹੈ 'ਪਿੜ-ਪ੍ਰੇਮ' ਦੀ
'ਜਿੱਤੀ ਬਾਜ਼ੀ ਏਨ ਪੱਕੇ ਦਾਉ ਲਾ,
'ਸਿਰ ਅਪਣੇ ਤੇ ਖੇਡ, ਖੇਡੀ ਮਾਲ ਤੇ;
'ਰੱਖਜਾ ਕੁੱਝ ਨ ਵਾਂਢ ਇਸ ਨੇ ਪ੍ਰੇਮ ਤੋਂ।
'ਧੰਨ ਮੇਰੇ ਹਨ ਭਾਗ; ਦਰਸ਼ਨ ਏਸ ਦਾ
'ਕੀਤਾ ਅੱਜ ਪ੍ਰਤੱਖ ਨੈਣੀਂ ਆਪਣੇ।
'ਸੁਣਿਆਂ ਸੀ ਮੈਂ ਨਾਮ 'ਧਰਮ ਪਤਿਬ੍ਰੱਤਾ';
'ਅਖੀਂ ਡਿੱਠਾ ਅੱਜ ਬੈਠਾ ਸਾਮ੍ਹਣੇ।
'ਸੁਣਿਆਂ ਸੀ ਮੈਂ ਪ੍ਰੇਮ ਸੰਤਾਂ ਸੰਗ ਦਾ;
'ਧਾਰ ਸਰੀਰ ਪ੍ਰਤੱਖ ਆਯਾ ਸਾਮ੍ਹਣੇ।
'ਪਰਮਾਰਥ ਦਾ ਪ੍ਰੇਮ ਪੋਥੀਂ ਵਾਚਿਆ;
'ਡਿੱਠਾ ਅੱਖੀਂ ਰੱਜ ਹੈ ਮੈਂ ਆਪਣੀ:
'ਅੰਦਰ ਦੀ ਹੁਈ ਸਿੱਕ ਪੂਰੀ ਅੱਜ ਹੈ।
'ਪਰ ਨਾ ਅਚਰਜ ਬਾਤ? ਨਹੀਂ ਅਨੋਖੜੀ,
'ਸੂਰਤ ਸਿੰਘ ਦੀ ਨਾਰ ਹੁੰਦੀ ਘੱਟ ਕੀ?

'ਯੋਗ ਨਾਰ ਹੈ ਏਹ ਸੁਾਮੀ ਯੋਗ ਦੀ;
'ਸੀ ਜੇਹਾ ਭਰਤਾਰ ਤੇਹੀ ਨਾਰਿ ਹੈ
'ਜੋੜੀ ਸੱਚੇ ਢਾਲ ਸਾਜੀ ਰੱਬ ਨੇ।
'ਜਸੋਂ ਭਰਤਾ ਤਸੋਂ ਨਾਰ ਇੱਕੋ ਵੰਨ ਦੇ।'

ਇੱਕੁਰ ਮਨ ਦੇ ਨਾਲ ਗਿਣਦੀ ਗੇਣਤੀ
ਸੁਣਦੀ ਜਾਂਦੀ ਨਾਲ ਰਾਣੀ ਵਿੱਥਿਆ;
ਵਿਚ ਵਿਚ ਮੂੰਹੋਂ 'ਵਾਹ' ਕਹਿੰਦੀ ਸੀ ਪੁਰੀ;
ਤ੍ਰਪ ਤ੍ਰਪ ਕਿਰਦੇ ਹੰਝੁ ਨੈਣੋਂ ਸੇ ਕਦੀ।
ਉੱਧਰ ਰਾਣੀ ਹਾਲ ਅਪਣਾ ਆਖਦੀ
ਪਹੁੰਚੀ ਛੇਕੜ ਤੀਕ ਕਥਾ ਸੁਣਾਉਂਦੀ।
ਬਾਗ਼ ਵਿਖੇ ਦਾ ਹਾਲ ਖ਼ਤ ਕਹਿਲੂਰ ਦਾ
ਕਹਿ ਚੁੱਕੀ ਹੁਣ ਰਾਜ ਸਾਰਾ ਬੀਤਿਆ।
ਅਜ ਤੋਂ ਪਹਿਲੀ ਰਾਤ ਵਾਲਾ ਹਾਲ ਜੋ
ਲਗੀ ਕਹਿਣ ਫਿਰ ਰਾਜ ਮਾਫ਼ੀ ਮੰਗਕੇ,
ਜੋੜੇ ਦੋਵੇਂ, ਹੱਥ ਖਿਮਾ ਤਕਾਂਵਦੀ,
ਇਹ ਬਿਨਤੀ ਮੁਖ ਆਖ ਕਰਦੀ ਜੋਦੜੀ-

'ਕਹਿ ਕਹਿ ਅਪਣੇ ਦੁੱਖ ਦਿਤਾ ਦੁੱਖ ਮੈਂ
'ਤੈਨੂੰ ਪਜਾਰੀ ਅੱਜ ਏਥੇ ਆਇਕੇ
'ਤਦੇ ਨ ਕਰਦੇ ਸਾਧ ਗ੍ਰਿਹਸਤੀ ਸੰਗ ਹੈਂ;
'ਕਾਰਨ ਏਹੋ ਹੋਗੁ: ਗ੍ਰਿਹਸਤੀ ਫੋਲਕੇ
'ਅਪਣੇ ਬੀਤੇ ਦੁੱਖ ਰਿਦਾ ਹਿਲਾਂਵਦੇ।
'ਗੁਰਮੁਖ ਦਾ ਜੀ ਸਾਫ਼ ਨਿਰਮਲ ਹੋਂਵਦਾ
'ਪਾਰੇ ਦੇ ਡਲੁ ਵਾਂਙ ਸਦਾ ਅਡੋਲਵਾਂ;
'ਦੁਖੀਏ ਅਪਣੇ ਹਾਲ ਤੱਤੇ ਅੱਗ ਜਹੋਂ
'ਇੱਟਾਂ ਵਾਂਙੂ ਮਾਰ ਸਾੜ ਹਿਲਾਂਵਦੇ।
'ਦਿੱਤਾ ਤਿਉਂ ਹੈ ਖੋਭ ਮੈਂ ਅਜ ਆਪ ਨੂੰ;
'ਕੀਤਾ ਹੈ ਅਪਰਾਧ -ਬੜੀ ਅਵੱਗਿਆ।
'ਜਿਸ ਹਿਰਦੇ ਪਰਵੇਸ਼ ਹੁਣ ਤਕ, ਪਜਾਰੀਏ !
'ਬਿਨ ਚੇਤੇ ਭਗਵੰਤ ਕੀਤਾ ਨਾ ਕਿਸੇ,
'ਜੋ ਸੀ ਬਣਿਆਂ ਠੀਕ ਮੰਦਰ ਰੱਬ ਦਾ,-
'ਉੱਥੇ ਅਪਣੇ ਦੁੱਖ ਮੈਂ ਅਜ ਵਾੜਕੇ
'ਕੀਤੇ ਹਨ ਅਪਰਾਧ, ਦੁਹੁੰ ਤੋਂ ਬੇਮੁਖੀ:
'ਇਕ ਤੈਨੂੰ ਵਿਖਜੇਪ ਦਿੱਤਾ ਸੰਤ ਨੂੰ;
'ਦੂਜੇ ਸਾਂਈਂ ਜੋਗ ਤੇਰੇ ਸੰਗ ਤੋਂ
'ਦੇਕੇ ਏਹ ਵਿਖਜੇਪ ਮਿਲੇ ਵਿਛੋੜਿਆ।
'ਬਖਸ਼ਣ ਅਚਰਜ ਨਾਹਿੰ ਤੇਰਾ ਸੰਤਣੀ !
'ਪਰ ਦੁਰਲਭ ਹੈ ਢੇਰ ਬਖਸ਼ਿਸ਼ ਰੱਬ ਦੀ।
'ਅਪਣੇ ਸਾਰੇ ਪਾਪ ਸਾਂਈਂ ਬਖਸ਼ਦਾ,
'ਪਰ ਕੋਈ ਜੇ ਆਇ ਪਾਵੇ ਵਿੱਥ ਹੈ
'-ਉਸਦੀ ਸੰਤ ਉਲਾਦ, ਬਾਲ ਪਿਆਰੁਏ,
'ਲੈ ਗੋਦੀ ਵਿਚਕਾਰ ਜਦੋਂ ਖਿਡਾਂਵਦਾ,
'ਜੇ ਕੋਈ ਉਸ ਕਾਲ ਛੇੜੇ ਆਣਕੇ
'ਪਾ ਦੇਵੇ ਵਿਚ ਵਿੱਥ- ਔਖਾਂ ਬਖਸ਼ੀਏ।
'ਤੂੰ ਤੇ ਰੱਬ ਕ੍ਰਿਪਾਲ ਰਹਿੰਦੇ ਹੋ ਜੁੜੇ
'ਘੜੀ, ਪਹਿਰ, ਦਿਨ ਰਾਤ, ਵਿਛੜੋ ਨਾ ਕਦੀ;
'ਮੈਂ ਪਾਪਣ ਨੇ ਆਇ ਦੁੱਖ ਸੁਣਾਇਕੇ
'ਪਾ ਦਿਤਾ ਵਿਚ ਭੰਗ ਮੇਲ ਤੁਸਾਡੜੇ,
'ਸੁਰਤ ਤੁਹਾਡੀ ਵੱਲ ਅਪਣੀ ਖਿੱਚ ਕੇ।
'ਪਰ ਕੀ ਕਰਾਂ ਸੁਜਾਨ ! ਤੇਰੀ ਮੇਰੁ ਨੇ,-
'-ਤੈਂ ਜੋ ਕੀਤੀ ਮੇਰੁ ਮੇਰੇ ਹਾਲ ਤੇ-
'ਕਰ ਦਿੱਤੀ ਹਾਂ ਓਸ ਬਹੁਤ ਦਲੇਰ ਮੈਂ,
'ਜਿਸ ਕਰਕੇ ਅਪਰਾਧ ਕਰਦੀ ਜਾਂਵਦੀ;
'ਜਾਣਾਂ ਸਮਝਾਂ ਠੀਕ, ਟਲਦੀ ਫੇਰ ਨਾ।
'ਮੱਥਾ ਤੇਰਾ ਸਾਫ਼, ਪਵੇ ਨ ਤੀਉੜੀ;
'ਜਿਉਂ ਜਿਉਂ ਦੇਖਾਂ ਏਹ ਲਾਡ ਲਡਾਉਂ ਮੈਂ,
'ਲੈਂਦੀ ਜਾਵਾਂ ਖੁੱਲ੍ਹ ਦੁੱਖ ਸੁਨਾਂਦੀ

'ਮੈਂ ਮਿਤ ਵਾਲੀ, ਜੀਵ, ਭੁੱਲਣਹਾਰ ਹਾਂ,
'ਕੀਤੇ ਪਾਪ ਅਨੇਕ ਭਾਵੇਂ ਢੇਰ ਮੈਂ,
'ਪਰ ਗਿਣਤੀ ਦੇ ਵਿੱਚ ਮਿੱਤੋਂ ਬਾਰੁ ਨਾ;
'ਮਿਤ ਵਾਲੇ ਦੀ ਕਾਰ ਮਿਤ ਵਿਚ ਹੋਂਵਦੀ।
'ਸਾਈਂ ਅਮਿਤ, ਅਪਾਰ ਉਸ ਦੀ ਮੇਰੁ ਬੀ
'ਹੈ ਮਿੱਤੋਂ ਨਿਤ ਬਾਰੁ ਅੰਤ ਨ ਪਾਵੀਏ,-
'ਤੂੰ ਸਾਈਂ ਦੇ ਨਾਲ ਲੱਗੀ ਹੈਂ ਸਦਾ
'ਅਮਿਤੇ ਸਾਗਰ ਵਿੱਚ ਪਜਾਰੀ ਹੈਂ ਖੜੀ;
'ਛੱਟੇ ਦਿਹ ਦੋ ਚਾਰ ਸਾਗਰ ਓਸ ਤੋਂ,
'ਬੁਝ ਜਾਵੇ ਮੈਂ ਅੱਗ ਪਾਪਾਂ ਸੰਦੜੀ।

'ਬਹੁਤੇ ਮੇਰੇ ਪਾਪ, ਗਿਣਤਜੋਂ ਬਾਰ੍ਹ ਨਾ,
'ਤੂੰ ਗਿਣਤੀ ਤੋਂ ਪਾਰ, ਬਖਸ਼ੀਂ ਸਾਰੜੇ।
'ਤੂੰ ਕਿਰਪਾਲੂ ਅੱਤਿ ਕਿਰਪਾ ਹੈਂ ਕਰੇਂ,
'ਇਸ ਧੀਰਜ ਨੂੰ ਪਾਇ ਰੁਕਦੀ ਹਾਂ ਨਹੀਂ।
'ਨੀਚ ਪੁਣੇ ਦੇ ਏਹ ਲੱਛਣ ਹੋਂਵਦੇ:
'ਜਿਉਂ ਜਿਉਂ ਲਾਈਏ ਮੂੰਹ ਚੜ੍ਹਦੇ ਸੀਸ ਨੂੰ,
'ਪਰ ਵਡਿਆਂ ਦਾ 'ਧੀਰ' ਧਰਮ ਸੁ ਹੋਂਵਦਾ,
'ਲੈਂਦੇ ਸਦਾ ਸਹਾਰ ਛੁੱਦ੍ਹਾਂ ਲਾਡ ਨੂੰ।
'ਸੁਣ ਤੂੰ ਧਰਮ-ਸਰੂਪ ਬਖਸ਼ੀਂ ਔਗਣਾਂ,
'ਕੱਲ ਰਾਤ ਦਾ ਹਾਲ ਜ਼ਿਕੁਰ ਬੀਤਿਆ,
'ਜੇਕਰ ਦਿਆਂ ਸੁਣਾਇ ਲਗਦੇ ਹੱਥ ਮੈਂ:
'ਜਿੱਥੇ ਬਖਸ਼ੇ ਓਹ ਬਖਸ਼ੀਂ ਏਹ ਬੀ।'

# ੧੫. ਪਰੀ ਮਹਿਲ-ਪਹਿਲੜੀ ਰਾਤ

ਸੁਣ ਕਹਿੰਦੀ ਓ ਨਾਰ: 'ਪਜਾਰੀ ਰਾਣੀਏਂ !
'ਐਸੇ ਵਾਕ ਨ ਆਖ, ਹਿਰਦਾ ਛੇਦ ਨਾ;
'ਕਹੁ ਅਪਨਾ ਬਿਰਤਾਂਤ ਬੀਤੀ ਰਾਤ ਦਾ।'
'ਸ਼ੁਕਰ, ਸ਼ੁਕਰ' ਮੁਖ ਆਖ ਰਾਣੀ ਬੋਲਦੀ:-

'ਸੂਰਜ ਲਈ ਵਲ੍ਹੇਟ ਚਾਦਰ ਨੂਰ ਦੀ;
'ਲੁੱਕ ਗਿਆ ਫਿਰ ਆਪ ਧਰਤੀ ਓਲ੍ਹੜੇ।
'ਲੁਕਣਮੀਟਿ ਦੀ ਖੇਡ ਜਾਰੀ ਹੈ ਸਦਾ
'ਰਾਤ ਦਿਵਸ ਵਿਚਕਾਰ ਆਦਿ ਜੁਗਾਦਿ ਤੋਂ:
'ਦਾਈ ਧਰਤੀ ਠੀਕ ਵਿੱਚ ਖਿਲਾਰੀਆਂ।
'ਦੂਰ ਨ ਲੁਕਦੇ ਜਾਇ ਦਾਈਓਂ ਹੋ ਪਰੇ,
'ਉਸ ਦੇ ਉਹਲੇ ਹੋਇ ਲੁਕਣ ਖਿਲਾਰੀਏ।
'ਦਿਨ ਲੁਕਦਾ ਜਦ ਜਾਇ ਦਾਈ ਓਲ੍ਹੜੇ,
'ਮਗਰੇ ਆਵੇ ਰਾਤ ਲਭਦੀ ਭਾਲਦੀ:
'ਫਿਰ ਲੁਕਦੀ ਜਦ ਰਾਤ ਦਿਨ ਉਸ ਭਾਲਦਾ
'ਇੱਕ ਦੂਜੇ ਨੂੰ ਦੋਇ ਸੱਕੇ ਲੱਭ ਨਾ;
'ਇਸ ਬਿਧਿ ਚਲਦੀ ਖੇਡ ਮੁਕਦੀ ਹੈ ਨਹੀਂ।
'ਇੱਕ ਦੂਏ ਦੇ ਹੱਥ ਜਿਸ ਦਿਨ ਆ ਗਏ,
'ਖੇਡ ਜਾਇ ਮਤ ਮੁੱਕ ਦਿਖੇ ਜੁ ਪੱਸਰੀ।
' 'ਜਿੰਦ' 'ਮੌਤ' ਵਿਚ ਖੇਡ ਏਸੇ ਭਾਂਤ ਦੀ
'ਚਲ ਰਹੀ ਹੋਵੇ, ਭੇਤ ਅਸੀਂ ਨ ਜਾਣਦੇ।
'ਇੱਕੁਰ ਕਲ੍ਹ ਦੀ ਸੰਝ ਦਿਨ ਜਦ ਲੁੱਕਿਆ
'ਪੂਰਬ ਵੱਲੋਂ ਰਾਤ ਆਈ ਭਾਲਦੀ:
'ਇਸ ਦੀ ਸੂਰਤ ਵੇਖ ਹੁਈ ਹਿਰਾਨ ਮੈਂ;
'ਖਿੜਨੇ ਲੱਗਾ ਚਿੱਤ ਦਿਨ ਦਾ ਘੁੱਟਿਆ।
'ਜਿਉਂ ਚਾਨਣ ਨੂੰ ਪਾਇ ਪੁਤਲੀ ਅੱਖ ਦੀ,
'ਸੁੰਗੜ ਜਾਂਦੀ ਠੀਕ ਹੋਵੇ, ਫੇਰ ਓ
'ਵਿੱਚ ਹਨੇਰੇ ਜਾਇ ਫੈਲੇ ਚੌੜ੍ਹ ਹੈ,
'ਦੇਖ ਹਨ੍ਹੇਰੀ ਰਾਤ ਖਿੜ ਪਜਾ ਓਕਰਾਂ
'ਮੇਰਾ ਰਿਦਾ ਗ਼ਰੀਬ ਜੋ ਸੀ ਘੁੱਟਿਆ
'ਦਿਨ ਦਾ ਚਾਨਣ ਪਾਇ ਬਹੁਤਾ ਵਿੱਤ ਤੋਂ,-
'ਦਿਨ ਨੂੰ ਬੁਝਿਆ ਦਿੱਲ ਖਿੜਿਆ ਰਾਤ ਨੂੰ
'ਦਿਨ ਨੂੰ ਸੂਰਜ, ਨੀਲ ਅੰਬਰ ਦਿੱਸਦਾ
'ਇਹ ਧਰਤੀ ਅਸਮਾਨ ਧਰਤੀ ਵਾਲੜਾ;
'ਇਸਬਿਨ ਵਿਚ ਅਸਮਾਨ ਦਿੱਸੇ ਕੁੱਝ ਨਾ।
'ਮਾਨੋਂ ਪੁਤਲੀ ਵਾਂਙ ਰਚਨਾ ਸੁੰਗੜੇ
'ਚਾਨਣ ਵਿਚ ਲੁਕ ਜਾਇ, -ਪਰਦਾ ਚਾਨਣਾ:
'ਪਰ ਜਦ ਹੋਵੇ ਦੂਰ ਤਿੱਖਾ ਚਾਨਣਾ
'ਖਿੜ ਪਏ ਰਚਨਾ ਸੱਭ ਪੁਤਲੀ-ਅੱਖ ਜਜੋਂ;
'ਪੁਤਲੀ ਖਿੜਦਜਾਂ ਨਾਲ ਖਿੜਦਾ ਹੈ ਰਿਦਾ:
'ਰਚਨਾ, ਹਿਰਦਾ, ਨੈਣ, ਤਿੰਨੇ ਵਿਗਸਦੇ,
'ਰੱਖੇ ਸੇ ਜੁ ਸੁੰਗੇੜ ਤਿੱਖੇ ਤੇਜ ਨੇ।
'ਕੁਦਰਤ ਅੰਦਰ ਬਾਰ੍ਹ ਖਿੜ ਪਜੀ ਸੀ ਜਦੋਂ
'ਘਾਬਰ ਹੋਈ ਦੂਰ, ਰੌਲਾ ਸੌਂ ਗਿਆ।
'ਭਿੰਨੀ ਭਿੰਨੀ ਤ੍ਰੇਲ ਉਤਰੀ ਉਪਰੋਂ;
'ਮਾਨੋਂ ਨਿੱਝਰ ਧਾਰ ਵਰਖਾ ਪ੍ਰੇਮ ਦੀ
'ਲੱਗੀ ਅੰਦਰ ਬਾਰ੍ਹ ਹੋਵਨ ਸੋਹਿਣੀ;
'ਮਲ੍ਹਮ ਵਾਂਗ ਇਹ ਠੰਡ ਫੱਟੀਂ ਪਾਂਵਦੀ।
'ਅੱਕ ਗਏ ਥਕ ਟੁੱਟ ਭਟਕੇ ਜੋ ਦਿਨੇ

'ਲੱਗੇ ਲੈਣ ਅਰਾਮ 'ਨ੍ਹੇਰੇ ਵਿੱਚ ਓ।
'ਆਨ ਹਨੇਰੇ ਓਹ ਕੁਝ ਹੁਣ ਦੱਸਿਆ
'ਰਖਿਆ ਸੀ ਜੁ ਲੁਕਾਇ ਦਿਨ ਦੇ ਚਾਨਣੇ:
'ਏਸ ਹਨੇਰੇ ਆਨ ਓ ਕੁਝ ਠਾਰਿਆ
'ਜੋ ਚਾਨਣ ਦੇ ਤੇਜ ਤਪਦਾ ਸੀ ਰਿਹਾ।
'ਏਸ ਹਨੇਰੇ ਆਨ ਕਰੇ ਅਡੋਲ ਓ
'ਦਿਨ ਦੇ ਚਾਨਣ ਵਿੱਚ ਰਹੇ ਜੁ ਡੋਲਦੇ:
'ਜਿਨ੍ਹਾਂ ਚਾਨਣੇਂ ਨੀਂਦ ਦਿੱਤੀ ਲੈਣ ਨਾ
' 'ਨ੍ਹੇਰੇ ਨੇ ਹੁਣ ਆਇ ਥੱਪ ਸੁਆ ਦਏ:
'ਪਰ ਜਾਗੇ ਹੁਣ ਓਹ ਕੁੱਠੇ ਪ੍ਰੇਮ ਦੇ
'ਰਹੇ ਚਾਨਣੇ ਵਿੱਚ ਸੁੱਤੇ ਭਾਸਦੇ।
'ਮੈਂ ਆਲਸ ਦੀ ਪੰਡ ਬੀ ਤਦ ਜਾਗਕੇ
'ਕੁਦਰਤ ਦੇਖ 'ਨਕੂਲ ਸਮਾਂ ਸੁਹਾਵਣਾ,
'ਮਿਹਣੇ ਵਾਲੀਆਂ ਦੂਰ ਅੱਖਾਂ ਦੇਖ ਕੇ,
'ਚੜ੍ਹੀ ਚੁਬਾਰੇ ਛੱਤ ਉੱਤੇ ਮੈਲ੍ਹ ਦੇ,
'ਜਿੱਥੇ ਲੀਤਾ ਸੱਦ ਮੈਨੂੰ ਤਾਰਿਆਂ
'ਡਲ੍ਹਕ ਅੱਖ ਦੀ ਨਾਲ ਸੈਨਤ ਮਾਰਕੇ,
'-ਗੱਲਾਂ ਅੱਖਾਂ ਨਾਲ ਕਰਦੇ ਤਾਰੜੇ-।
'ਦੇਖਾਂ ਵਿੱਚ ਅਕਾਸ਼ ਝਮਕਣ ਅੱਖੀਆਂ
'ਮਿਹਣਾ ਦੇਣ ਨੇ ਏਹ ਮੈਨੂੰ ਪ੍ਰੇਮ ਦਾ;
'ਸਗੋਂ ਕਰਦੀਆਂ ਪਜਾਰ ਦੁਖੀਏ ਦੋ ਜਿਵੇਂ
'ਰਲਕੇ ਕਰਦੇ ਪ੍ਰੇਮ ਦੁੱਖ ਵੰਡਾਂਵਦੇ।

'ਲੋਕੀਂ ਸਾਨੂੰ, ਹਾਇ ! ਮਿਹਣੇ ਮਾਰਦੇ,
'ਕਹਿੰਦੇ ਏ ਚਮਗਿੱਦ ਨਿਕਲਨ ਨਾ ਦਿਨੇ
'ਜਾਗਣ ਚਾਮਚੜਿੱਕ ਵਾਙੂ ਰਾਤ ਨੂੰ।
'ਵੱਸ ਨਹੀਂ ਕੁਝ ਬਾਤ ਅਪਣੇ ਹੈ ਰਹੀ।
'ਸੂਰਜ ਲੁਕਦਾ ਰਾਤ ਇਹ ਤਾਂ ਠੀਕ ਹੈ;
'ਪਰ ਲੱਖਾਂ ਤੇ ਕ੍ਰੋੜ ਸੂਰਜ ਸੋਹਿਣੇ
'ਰਾਤ ਪਈ ਚੜ੍ਹ ਪੈਣ ਡਲ੍ਹਕਾਂ ਮਾਰਦੇ।
'ਭਾਸਣ ਨਿੱਕੇ ਏਹ ਤਾਰੇ ਸੋਹਿਣੇ;
'ਵਿੱਥ ਦੁਰੇਡੀ ਵਿੱਚ ਸਾਡੇ ਤੇ ਇਨ੍ਹਾਂ
'ਨਿੱਕੇ ਕੀਤੇ 'ਵਿੱਥ' ਨੈਣ ਅਕਾਸ਼ ਏ।
'ਕੁਦਰਤ ਪਾਈ ਵਿੱਥ ਸ਼ੈਤ ਇਸ ਕਾਰਣੇ,
'ਮਿੱਠਾ ਹੋਵੇ ਤੇਜ ਐਦਾਂ ਕੀਤਿਆਂ?
'-ਕਦੇ ਕਦੇ ਵਿਥ ਨਾਲ ਮਿੱਠਤ ਹੈ ਵਧੇ-।
'ਰਾਤੀਂ ਛੁਟਦਾ ਸੰਗ ਸੂਰਜ ਇੱਕ ਦਾ,
'ਪਰ ਲੱਖਾਂ ਦਾ ਮੇਲ ਰਾਤੀ ਹੋਂਵਦਾ:
'ਨਾਲ ਇਨ੍ਹਾਂ ਸਤਿਸੰਗ ਸਾਡਾ ਹੋਂਵਦਾ।

'ਹੀਰਜਾਂ ਵਾਂਙੂ ਏਹ ਡਲ੍ਹਕਾਂ ਮਾਰਦੇ,
'ਸੀਤਲ ਦੇਵਣ ਸਾਫ਼ ਮਿੱਠਾ ਚਾਨਣਾ;
'ਗੁੰਬਜ਼ ਨੀਲਾ ਸਾਫ਼ ਇਨ੍ਹਾਂ ਫਬਾਇਆ
'ਥਾਲ ਕਿਹਾ ਗੁਰ ਆਪ ਨੀਲੇ 'ਕਾਸ਼ ਨੂੰ:
'ਤਾਰਜਾਂ ਜੜਤ ਜੜਾਉ ਵਾਲਾ ਥਾਲ ਹੈ।
'ਭਿੰਨੀ ਹੋਵੇ ਰੈਣ ਨਿਰਮਲ ਅੰਬਰਾਂ:
'ਸਮਾਂ ਬਣੇ ਅਦਭੁੱਤ ਮਨ ਨੂੰ ਮੋਹਿਣਾ।
' 'ਕੁਦਰਤ' ਮਾਨੋਂ ਆਪ ਇਕਾਗਰ ਹੋਂਵਦੀ
'ਪਾ ਸ਼ਾਂਤੀ ਏਕਾਂਤ ਠੰਢ ਸੁਹਾਵਣੀ
'ਪਰਤੇ ਸਾਂਈਂ ਵੱਲ, ਕਰੇ ਉਪਾਸਨਾ,
'ਸਦਕੇ ਹੋ ਹੋ ਆਪ ਕਰਦੀ ਆਰਤੀ।
'ਮਾਨੋ 'ਕੁਦਰਤ' ਆਪ ਬਣਕੇ ਆਰਤੀ
'ਕਰੇ ਆਰਤੀ ਆਪ ਹੱਥੀਂ ਆਪਣੇ:
'-ਕਰਨੇ ਵਾਲੀ ਵੱਖ ਰਹੀ ਨ ਜਾਪਦੀ-
'ਡਿੱਠੀ ਪਹਿਲੀ ਵੇਰ ਸ੍ਰੀ ਗੁਰ ਨਾਨਕੰ
'ਕੁਦਰਤ ਕਰਦੀ ਐਉਂ ਸੁੰਦਰ ਆਰਤੀ
'ਹੁਣ ਵੇਖਣ ਦੀਦਾਰ ਇਸ ਦਾ ਸਾਰੜੇ।
'ਭਗਤ ਭਰੇ ਵਿਚ ਭਾਵ ਪੜ੍ਹ ਓ ਆਰਤੀ;
'ਵੇਖ ਵੇਖ ਰਚਿ ਰੰਗ ਸਿਫਤ ਸਲਾਹ ਦੇ
'ਕਰਦੇ ਰਲਦੇ ਜਾਣ ਵਿੱਚੇ ਆਰਤੀ,-
'ਹੋਕੇ ਆਰਤ ਰੂਪ ਵਿਚ ਪਰੇਮ ਦੇ
'ਗੁੰਮ ਆਰਤੀ ਵਿੱਚ ਹੁੰਦੇ ਜਾਂਵਦੇ।

'ਏਸ ਮੌਜ ਦੀ ਖਿੱਚ ਵੱਜੀ ਆ ਰਿਦੇ।
'ਮੈਂ ਦੇਖਣ ਨੂੰ ਰਾਤ ਸੁੰਦਰ ਆਰਤੀ
'ਧੁਰ ਛਤ ਹੋ ਏਕਾਂਤ ਬੈਠੀ ਜਾਇਕੇ;
'ਵੇਖਾਂ ਹੁੰਦੀ ਏਹ ਕੁਦਰਤ-ਆਰਤੀ,
'ਤਾਰੇ, ਚੰਦ, ਅਕਾਸ਼, ਪੌਣ, ਬਨਸਪਤੀ

'ਦਿੱਸਣ ਪੜ੍ਹਦੇ ਓਹ –ਓਹੋ ਆਰਤੀ–
'ਕੀਤੀ ਜੋ ਸੀ ਆਪ ਸਤਿਗੁਰ ਸੋਹਿਣੇ।
'ਦੇਖਾਂ ਨਿਰੀ ਨ ਏਹ, ਕੰਨੀ ਮੈਂ ਸੁਣਾਂ:
'ਮਾਨੋ ਲੱਗੀ ਜੀਭ ਸੱਭੋ ਗਾਂਵਦੇ
'–ਕਰਦੇ ਪੜ੍ਹਦੇ ਨਿੱਤ ਅਪਣੇ ਨੇਮ ਤੇ–
'ਗੁਰ ਨਾਨਕ ਦੀ ਓਹ 'ਕੁਦਰਤ ਆਰਤੀ'।
'ਯਾਦ ਗਿਆ ਤਾਂ ਆਇ ਮੈਨੂੰ ਓਹ ਸਮਾਂ
'ਜਦੋਂ ਪਤੀ ਜੀ ਆਪ ਏਹੋ ਆਰਤੀ
'ਰਾਤ ਸਮੇਂ ਨੂੰ ਨਿੱਤ, ਪੜ੍ਹਦੇ ਪ੍ਰੇਮ ਲਾ
'ਲੀਨ ਜਾਂਵਦੇ ਹੋਇ ਕੁਦਰਤ ਨਾਲ ਹੀ:
'ਮਾਨੋਂ ਬਣਦੇ ਆਪ ਹਿੱਸਾ ਇੱਕ ਓ
'ਇਸ ਕੁਦਰਤ ਦਾ ਆਪ –ਹਿੱਸਾ ਆਰਤੀ !
'ਡਲ੍ਹ ਡਲ੍ਹ ਆਯਾ ਨੀਰ ਨੈਣੀਂ ਮੇਰਿਆਂ,
'ਡਲ੍ਹ ਡਲ੍ਹ ਮੈਨੂੰ ਵੇਖ ਡਲ੍ਹਕਣ ਤਾਰੜੇ।
'ਠੰਢੀ ਉੱਠੀ ਪੌਣ ਮੇਰੇ ਅੰਦਰੋਂ,
'ਬਣਕੇ ਠੰਢਾ ਸਾਹ ਨਿਕਲੀ ਸੀਨਿਓਂ।
'ਸਿਰ ਵਿਚ ਕੋਈ ਖਿੱਚ ਵੱਜੀ ਫੇਰ ਆ
'ਬਾਕੀ ਦੇਹ ਨਿਢਾਲ ਲੱਗੀ ਹੋਵਣੇ।
'ਕੁਦਰਤ ਠੰਢੀ ਠਾਰ ਉੱਤੋਂ ਦੇ ਰਹੀ
'ਠੰਢੀ ਨਰਮ ਫੁਹਾਰ ਭਿੰਨੀ ਤ੍ਰੇਲ ਦੀ,
'ਜਿਸ ਦੀ ਠੰਢਕ ਪਾਇ ਜੁੜਦੀ ਜਾਉਂ ਮੈਂ।
'ਅਮਰੀ ਆਈ ਨੀਂਦ ਮਾਨੋਂ ਸੌਂ ਗਈ;
'ਓਸ ਨੀਂਦ ਵਿਚਕਾਰ ਵਰਤਜਾ ਕੌਤਕੰ:
'ਉਲਟ ਗਿਆ ਸਭ ਸਾਜ ਕੁਦਰਤ ਵਾਲੜਾ।
'ਪਕੜ ਜਿਵੇਂ ਸਰਪੋਸ਼ ਪਰਤ ਉਲਟਾਈਏ
'ਇੱਕੁਰ ਡੱਬਾ ਏਹ ਧਰਤ ਅਕਾਸ਼ ਦਾ
'ਉਲਟ ਗਿਆ ਸਿਰ ਮੂਧ ਹੇਠਾਂ ਉੱਪਰੋਂ।
'ਜਿੱਥੇ ਸੀ ਅਸਮਾਨ ਧਰਤੀ ਹੋ ਗਈ;
'ਧਰਤਿ ਵਾਂਙ ਅਸਮਾਨ ਹੋਯਾ ਹੇਠ ਨੂੰ।
'ਸਹਿਜੇ ਆਈ ਹੇਠ ਤਿਲਕ ਬਿ ਆਪ ਮੈਂ
'ਵਿੱਚ ਓਸ ਅਸਮਾਨ ਜੋ ਹੁਣ ਭੂਮ ਸੀ।
'ਸੰਭਲ ਅਪਣਾ ਆਪ ਉੱਠੀ ਫੇਰ ਮੈਂ;
'ਨੀਲੀ ਦੇਖ ਜ਼ਮੀਨ ਹੁਈ ਹਿਰਾਨ ਸਾਂ,
'ਸਾਰੇ ਤਾਰੇ ਐਉਂ ਉਸ ਪਰ ਸੇ ਧਰੇ
'ਜਿੱਕੁਰ ਹੀਰੇ ਹੋਣ ਵਿੱਥਾਂ ਤੇ ਪਏ।
'ਮੈਂ ਆਖਾਂ: ਅਸਮਾਨ ਕੁੱਝ ਨ ਚੀਜ਼ ਸੀ;
'ਨਜ਼ਰ ਹੱਦ ਦੀ ਏਹ ਨੀਲ ਜੁ ਭਾਸਦਾ;
'ਪਰ ਹੁਣ ਕਿਉਂ ਹੈ ਏਹ ਨਿੱਗਰ ਭਾਸਦਾ;
'ਥਾਲ ਵਾਂਗ ਏ ਸਾਫ਼ ਪੱਧ੍ਰਾ ਜਾਪਦਾ।
'ਅਲੰਕਾਰ ਸੀ ਏਹ ਤਾਂ ਇਕ ਥਾਲ ਦਾ,
'ਜਿਸ ਵਿਚ ਸੀ ਵਿਸਮਾਦ ਬੰਨ੍ਹ ਵਿਖਾਲਿਆ
'ਸਤਿਗੁਰ ਜੀ ਨੇ ਆਪ ਵਿਚ ਉਸ ਆਰਤੀ
'ਜੋ ਕੁਦਰਤ ਵਿਚ ਨਿੱਤ ਹੈਵੇ ਹੋ ਰਹੀ।
'ਮੇਲ ਰਿਦਾ ਇਸ ਨਾਲ ਗੁਰਮੁਖ ਸੋਹਿਣੇ
'ਇਹ ਉਚ ਭਾਵੀ ਆਪ ਨਿਰਗੁਣ ਆਰਤੀ
'ਕਰਦੇ ਮਨ ਚਿਤ ਲਾਇ ਲਿਵ–ਲਯ ਹੋਂਵਦੇ।
'ਪਰ ਫਿਰ ਆਈ ਸੋਚ ਖ਼ਬਰੇ ਦੇਖਦੀ
'ਸੁਪਨਾ ਹੋਵਾਂ ਏਹ, ਹਾਂ ਮੈਂ ਨੀਂਦਰੀਂ।
'ਪਰ ਫਿਰ ਦੇਖਾਂ ਕੀਹ: ਫੈਲਜਾ ਨੀਲ ਓ
'ਓਹੋ ਵਿਥਾਂ ਫੇਰ ਦਿੱਸਣ ਵਜਾਪੀਆਂ;
'ਤਾਰਜੋਂ ਤਾਰਾ ਦੂਰ ਦੂਰੋ ਦੂਰ ਹੈ।
'ਅਪਣੇ ਤਾਈਂ ਫੇਰ ਡਿੱਠਾ ਆਪ ਮੈਂ
'ਇਕ ਤਾਰੇ ਦੇ ਪਾਸ ਮੈਂ ਹੈਵਾਂ ਖੜੀ;
'ਇਸ ਦੇ ਉੱਪਰ ਜਾਇ ਕੀ ਮੈਂ ਦੇਖਿਆ:
'ਇਕ ਹੈ ਬੜਾ ਚਿਟਾਨ ਗੋਲ ਸੁਹਾਵਣਾ
'ਚਿੱਟਾ, ਚਮਕੇ ਚੰਦ ਦੇਂਦਾ ਚਾਂਦਨੀ;
'ਦਿੱਸੇ ਇੱਕ ਨਿਸ਼ਾਨ ਇਸ ਵਿਚ ਐਕੁਰਾਂ,
'ਜਿੱਕੁਰ ਬੂਹਾ ਹੋਇ ਕਿਸੇ ਮਕਾਨ ਦਾ;
'ਪਰ ਛੁਹਿਆਂ ਨਾ ਛੋਹ ਨਿੱਗਰ ਜਾਪਦੀ।
'ਬੂਹਾ ਖੁੱਲ੍ਹਾ ਫੇਰ ਇਹ ਸੀ ਅੰਦਰੋਂ,
'ਫਿਰ ਤਾਂ ਦਿਸਿਆ ਐਉਂ ਮੰਦਰ ਹੈ ਜਿਵੇਂ।
'ਬੂਹਾ ਖੁੱਲ੍ਹਾ ਦੇਖ ਅੰਦਰ ਮੈਂ ਵੜੀ
'ਜਿੱਥੇ ਤੇਜ ਪ੍ਰਕਾਸ਼ ਤਿੱਖਾ ਬਿੱਜ ਤੋਂ,
'ਸੀਤਲ, ਚਿੱਟਾ ਸਾਫ਼, ਵਾਂਙੂ ਦੁੱਧ ਸੀ;
'ਫ਼ਰਸ਼ ਸੁ ਪਾਰੇ ਵਾਂਙ ਕੰਧਾਂ ਛੱਤ ਸੇ।
'ਮਾਨੋਂ ਕਰਕੇ ਕੈਦ ਬਿਜਲੀ ਹੈ ਕਿਸੇ

'ਘੋਲ ਕਲੀ ਦੇ ਵਾਂਙ ਏਥੇ ਫੇਰਿਆ
'ਪੋਚਾ ਚਾਰ ਚੁਫੇਰ ਸਾਰੇ ਅੰਦਰੇ।
'ਡਿੱਠੇ ਫੇਰ ਮਨੁੱਖ ਏਥੇ ਤੀਵੀਂਆਂ,
'ਦੇਹੀਆਂ ਨਿਰਮਲ ਸਾਫ਼ ਦਿੱਸਣ ਐਕੁਰਾਂ
'ਮਾਨੋਂ ਸੱਚੇ ਪਾਇ 'ਚਾਨਣ' ਢਾਲਿਆ,
'ਹਥ ਫੇਰੋ ਬਿਨ ਰੋਕ ਦੇਹੀ ਵਿੱਚ ਦੀ
'ਲੰਘ ਹੋਂਵਦਾ ਪਾਰ ਬਿਨ ਅਟਕਾਉ ਦੇ।
'ਨੂਰ ਇਨ੍ਹਾਂ ਤੋਂ ਝਾਰ ਝਰਨੇ ਵਾਕਰੇ
'ਡਿਗਦਾ ਦਿੱਸੇ ਐਉਂ ਚਾਨਣ ਵੱਗਦਾ,
'ਜਾਂ ਜਿਉਂ ਪਏ ਫੁਹਾਰ ਕਿਸੇ ਫੁਹਾਰਿਓਂ,
'ਜਾਂ ਹੋਵੇ ਜਿਉਂ ਚੰਦ —ਦੁਾਲੇ ਚਾਂਦਨੀ।
'ਖ਼ਬਰੇ ਸੀ ਏ ਨੂਰ ਕਿਹੜੀ ਭਾਂਤ ਦਾ
'ਪਰਛਾਵੇਂ ਨਾ ਮੂਲ ਦਿੱਸਣ ਪੈ ਰਹੇ।
'ਸੂਰਜ ਤਾਰੇ ਚੰਦ ਏਥੇ ਸਨ ਨਹੀਂ
'ਫਿਰ ਅਚਰਜ ਸੀ ਏਹ ਸਾਰੇ ਚਾਨਣਾ,-
'ਐਸਾ ਚਾਨਣ ਏਸ ਧਰਤੀ ਤੇ ਨਹੀਂ।
'ਫਿਰ ਦੇਖਾਂ ਮੈਂ ਕੀਹ ਲਗਾ ਦਿਵਾਨ ਹੈ;
'ਸੰਗਤ ਜੁੜੀ ਅਪਾਰ ਪਾਰਾਵਾਰ ਨਾ।
'ਬਾਲਕ ਬੁੱਢਾ ਕੋਇ ਦਿੱਸੇ ਵਿੱਚ ਨਾ,
'ਸੱਭੇ ਭਾਸਣ ਜੁਾਨ ਚਿਹਰੇ ਸੋਉ ਸੇ;
'ਸੁੰਦਰ ਸੀਤਲ ਸ਼ਾਂਤਿ ਵਸਦੀ ਚੇਹ੍ਰਿਓਂ।
'ਪਲ ਮਗਰੋਂ ਮੈਂ ਕੰਨ ਸੁਣਦੇ ਸੇ ਸੁਰਾਂ,
'ਐਸਾ ਹੋਵੇ ਰਾਗ ਸੁਣਿਆਂ ਨਾ ਕਦੇ;
'ਨਾ ਵਾਜਾ ਨਾ ਸਾਜ਼, ਤਬਲਾ, ਕੈਂਸੀਆਂ
'ਪਰ ਸੁਰ ਆਵੇ ਸਾਫ਼ ਜੀ ਰਸ ਦੇਵਣੀ,
'ਇਹ ਸੀ ਅਜਬ ਅਲਾਪ ਪਹਿਲੋਂ ਹੋ ਰਿਹਾ।
'ਸਾਰੀ ਸੰਗਤ ਫੇਰ ਦਿੱਸੀ ਗਾਂਵਦੀ,
'ਗਾਉਂ ਰਹੀ ਸੀ ਇੱਕ ਸ਼ਬਦ ਸੁਹਾਵਣਾ,
'ਸ਼ਬਦ[1] ਪਿਆਰਾ ਓਹ ਇਹ ਸੀ ਭੈਣ ਜੀ:-

[1] ਪਰਤਿਪਾਲ ਪ੍ਰਭ ਕ੍ਰਿਪਾਲ ਕਵਨ ਗੁਨ ਗਨੀ ॥ ਅਨਿਕ ਰੰਗ ਬਹੁ ਤਰੰਗ ਸਰਬ ਕੋ ਧਨੀ ॥੧॥ ਰਹਾਉ ॥ ਅਨਿਕ ਗਿਆਨ ਅਨਿਕ ਧਿਆਨ ਅਨਿਕ ਜਾਪ ਜਾਪ ਤਾਪ ॥ ਅਨਿਕ ਗੁਨਿਤ ਧੁਨਿਤ ਲਲਿਤ ਅਨਿਕ ਧਾਰ ਮੁਨੀ ॥੧॥ ਅਨਿਕ ਨਾਦ ਅਨਿਕ ਬਾਜ ਨਿਮਖ ਨਿਮਖ ਅਨਿਕ ਸ੍ਵਾਦ ਅਨਿਕ ਦੋਖ ਅਨਿਕ ਰੋਗ ਮਿਟਹਿ ਜਸ ਸੁਨੀ ॥ ਨਾਨਕ ਸੇਵ ਅਪਾਰ ਦੇਵ ਤਟਹ ਖਟਹ ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ ਸਗਲ ਫਲ ਪੁਨੀ ॥੨॥

'ਫਿਰ ਮੈਂ ਨੈਣ ਪਸਾਰ ਵਾਹ ਵਾਹ! ਦੇਖਿਆ
'ਬੈਠੇ ਕੰਤ ਸੁਜਾਨ ਵਿੱਚ ਵਿਚਾਲੜੇ,
'ਮਾਨੋਂ ਦੇਣ ਉਪਦੇਸ਼ ਤਨ ਮਨ ਠਾਰਵਾਂ।
'ਦੇਖਦਿਆਂ ਮੈਂ ਨੈਣ ਦਰਸ਼ਨ ਜਾ ਖੁਭੇ;
'ਦਰਸ਼ਨ ਸੰਦੀ ਤ੍ਰੇਹ ਲੱਗੀ ਬੌੜ੍ਹ ਸੀ।
'ਮਾਰੂ ਥਲ ਦੇ ਵਾਂਙ, ਪੀਵਣ ਅੱਖੀਆਂ,-
'ਇੱਕੋ-ਸਾਹੀ ਡੀਕ ਲਾਕੇ ਪੀਂਦੀਆਂ,
'ਡੰਝ ਨ ਮੱਠੀ ਹੋਇ, ਵਧਦੀ ਪੀਂਦੀਆਂ।
'ਪਜਾਸੇ ਨੈਣਾਂ ਹੋਰ ਕਰੀ ਬਿਅੱਦਬੀ;
'ਦਿੱਤਾ ਨਿਵਣ ਨ ਸੀਸ, ਮਾਨੋਂ ਆਖਦੇ:-
'ਜਦੋਂ ਨਿਵੇਂਗਾ ਸੀਸ, -ਉਹਲਾ ਆਪਣਾ-
'ਦਰਸ਼ਨ ਅਸਾਂ ਵਿਚਾਲ ਵਿਥ ਆ ਜਾਇਗੀ;
'ਸਾਡੇ ਵਿੱਚ ਨ ਤਾਬ ਝੱਲਣ ਵਿੱਥ ਦੀ।
'ਇਕ ਟਕ ਇਕ ਚਿਤ ਲਾਇ ਪੁਤਲੀ ਵਾਂਗ ਮੈਂ
'ਰਹੀ ਦੇਖਦੀ ਕੰਤ ਪੁਤਲੀ ਬੰਨ੍ਹ ਕੇ।
'ਚਿਤ ਵਿਚ ਆਵੇ ਚਾਉ ਅੱਗੇ ਜਾਇਕੇ
'ਦਿਲ ਦਾ ਸਾਰਾ ਹਾਲ ਦਿਆਂ ਸੁਣਾਇ ਮੈਂ
'ਪਾੜ ਕਲੇਜਾ ਹਾਇ ! ਰੱਖਾਂ ਸਾਮ੍ਹਣੇ,
'ਰੋ ਰੋ ਚਰਨਾਂ ਧੋਇ ! ਹ੍ਰਿਦਾ ਪੰਘਾਰਕੇ
'ਸਾਰਾ ਦੇਵਾਂ ਡੋਲ੍ਹ ਅੱਗੇ ਕੰਤ ਦੇ,
'ਦਿਲ ਤੋਂ ਖਾਲੀ ਹੋਇ ਜਾਉਂ ਸਮਾਇ ਮੈਂ
'ਏਨ੍ਹਾਂ ਚਰਨਾਂ ਵਿੱਚ ਵਾਂਙ ਅਕਾਸ਼ ਦੇ।
'ਪਰ ਏਹ ਪਜਾਸੇ ਨੈਣ ਦਿਲ ਨੂੰ ਹੋੜਦੇ,
'ਕਹਿਣ ਬਿਅਦਬੀ ਏਹ ਵੱਡੀ ਹੋਇਗੀ:
'ਦਰਸ਼ਨ-ਆਗਜਾ ਪ੍ਰੇਮ ਕੇਵਲ ਦੇਂਵਦਾ;
'ਕੀਤਾ ਜੇ ਕੁਝ ਹੋਰ ਇਹ ਬੀ ਜਾਇ ਨਾ
'ਹੱਥੋਂ ਖੁੱਸ ਸੁ ਦਾਤ ਦਰਸ਼ਨ ਵਾਲੜੀ।
'ਨੈਣਾਂ ਦੀ ਏ ਪੰਦ ਸੁਣ ਸੁਣ ਮੈਂ ਰੁਕਾਂ,

[1] ਇਹ ਸ਼ਬਦ ਭੈ: ਮ: ੫ ਵਿਚ ਹੈ, ਪੜਤਾਲ ਘਰ ੩.ਹੈ।

'ਪਰ ਮੈਂ ਬੰਨ੍ਹ ਨਜ਼ੀਰ ਸਾਈਂ ਦੇਖਦੀ।
'ਅਸਲ ਵਿੱਚ ਹੁਣ ਔਖ ਡਾਢਾ ਪੈ ਗਿਆ,–
'ਅੰਗ ਅੰਗ ਦੀ ਫੁੱਟ ਘਰ ਵਿਚ ਪੈ ਗਈ,
'ਚਾਹੁਣ ਨੈਣ ਦਿਦਾਰ ਹੋਵੇ ਕੰਤ ਦਾ
'ਮੱਥਾ ਚਾਹੇ ਨੀਉਂ ਪਰਸਾਂ ਪੈਰ ਮੈਂ
'ਕੰਨ ਚਾਹੁਣ ਸੁਣ ਲੈਣ ਸ੍ਵਾਮੀ ਸਿੱਖਿਆ,
'ਛਾਤੀ ਚਾਹੇ ਰੱਜ ਲਾਵਾਂ ਪੈਰ ਮੈਂ
'ਸੀਨੇ ਨਾਲ, ਪਿਆਰ ਘੁਟ ਘੁਟ ਕੇ ਕਰਾਂ,
'ਹਥ ਚਾਹੁਣ ਕੁਝ ਸੇਵ ਕਰੀਏ ਕੰਤ ਦੀ;
'ਚਰਨ ਪਰਸ ਇਕ ਵਾਰ ਹੋਇ ਸਕਾਰਥੇ;
'ਪੈਰ ਚਾਹੁਣ ਮਾਲੂਮ ਰਸਤਾ ਹੋ ਪਵੇ,
'ਸਾਈਂ ਸੰਦੇ ਰਾਹ ਤੁਰੀਏ ਨਿੱਤ ਹੀ,
'ਚਲੀਏ ਉਸ ਦੇ ਦੇਸ ਤੁਰ ਤੁਰ ਜਾਵੀਏ।
'ਇੱਕੁਰ ਹਰ ਇਕ ਅੰਗ ਸ੍ਵਾਰਥ ਲੱਗਿਆ,
'ਅਪਣੀ ਅਪਣੀ ਚਾਹ ਚਾਹੇ ਪੂਰਨੀ।
'ਪਰ ਏ ਚੰਚਲ ਨੈਣ ਤਿੱਖੇ ਸੱਭ ਤੋਂ
'ਕਿਸੇ ਹੋਰ ਦੀ ਪੇਸ਼ ਦੇਂਦੇ ਜਾਣ ਨਾ।
'ਸਭਨਾਂ' ਅੰਗਾਂ ਹੋੜ ਲੱਗੇ ਆਪ ਏ
'ਚੋਗ ਦਰਸ ਦੀ ਖਾਣ, ਦਰਸ਼ਨ ਪੀਣ ਨੂੰ,
'ਪੰਛੀ ਡਾਢੇ ਵਾਂਙ ਆਪਾ ਪਾਲਦੇ।
'ਕੀ ਕੁਝ ਆਖਾਂ ਖੋਲ੍ਹ ਦਿਲ ਦੇ ਹਾਲ ਮੈਂ,
'ਦਰਸ਼ਨ ਦੀ ਤਾਸੀਰ ਨੈਣਾਂ ਰਾਹ ਤੋਂ
'ਦਿਲ ਤੇ ਹੋਈ ਅੱਤਿ ਮਸਤਜ਼ਾ ਏ ਗਿਆ,
'ਗਿਆ ਆਪ ਨੂੰ ਭੁੱਲ, ਮੈਂ ਬੀ ਭੁੱਲੀਆਂ,
'–ਮੋਹਿਤ ਹੋਏ ਨੈਣ, ਠੱਗੀ ਮੈਂ ਗਈ।
'ਬਿਰਦ ਆਪਣਾ ਕੰਤ ਭੁੱਲੇ ਮੂਲ ਨਾ
'ਕਰਕੇ ਮਿਹਰ ਅਪਾਰ ਉੱਠੇ ਆਸਣੋਂ,
'ਨੇੜੇ ਨੇੜੇ ਆਇ ਫੜਿਆ ਹੱਥ ਤੋਂ,
'ਲੱਗੇ ਖਿੱਚ ਉਠਾਣ ਨਾਲ ਪਿਆਰ ਦੇ;
'ਮੈਂ ਵਿਚ ਰਹੀ ਨ ਤਾਬ ਤਾਂ ਮੈਂ ਤੁਰਤ ਹੀ
'ਡਿੱਗੀ ਚਰਨਾਂ ਵਿੱਚ, –ਅਦਬ ਪਰੇਰਿਆ
'ਪਰ ਤਿਸ ਦਇਆ ਸਰੂਪ ਪਰ–ਉਪਕਾਰੀਏ
'ਬਦੋ ਬਦੀ ਚਕ ਫੇਰ, ਦੇਇ ਦਿਲਾਸੜੇ
'ਮੂੰਹ ਤੋਂ ਕੁੱਝ ਅਸੀਸ ਆਖੀ ਮੋਹਿਣੀ,
'ਸਮਝ ਨ ਆਏ ਵਾਕ, ਮੈਂ ਬਿਸਮਾਦ ਸਾਂ।
' 'ਪਰੀ ਮ੍ਹੈਲ' ਇਕ ਵਾਕ ਚੇਤੇ ਰ੍ਹੈ ਗਿਆ:
'ਹੋਰ ਗਿਆ ਸਭ ਭੁੱਲ ਉਸ ਛਿਨ ਦਾ ਕਿਹਾ।
'ਫਿਰ ਕੁਝ ਪਲ ਦੇ ਬਾਦ ਬੋਲੇ ਕੰਤ ਜੀ,
'ਪਤਾ ਨਹੀਂ ਕੇ ਕਿੰਵ ਪਰ ਇਸ ਵਾਰ ਦੇ
'ਸਮਝ ਪੈ ਗਏ ਵਾਕ ਚੇਤੇ ਰ੍ਹੈ ਗਏ–
' 'ਇਹ ਇਕ ਸੁੰਦਰ ਲੋਕ ਜਿਥੇ ਰਸੀਅੜੇ
' 'ਕੀਰਤਨ ਕਰਨ ਅਪਾਰ ਸਾਈਂ ਰੱਬ ਦਾ,
' 'ਕਦੀ ਕਦੀ ਏ ਸੱਦ ਸੱਚੇ ਖੰਡ ਤੋਂ
' 'ਖਿੱਚ ਪ੍ਰੇਮ ਦੀ ਮਾਰ ਮੈਨੂੰ ਲਜਾਂਵਦੇ।
' 'ਏ ਸਭ ਦਿੱਵਜ ਸਰੂਪ ਰੱਤੇ ਪ੍ਰੇਮ ਦੇ
' 'ਕਰਦੇ ਸਿਫ਼ਤ ਸਲਾਹ ਸੱਚੇ ਰੱਬ ਦੀ:
' 'ਸਿਖ ਲੈ ਸਿਫ਼ਤ ਸਲਾਹ ਏਥੇ ਸੰਥਿਆ।
' 'ਜਿਸਨੂੰ ਸਿਫਤ ਸਲਾਹ ਬਖਸ਼ੇ ਰਬ ਹੈ
' 'ਪਤਸਾਹੀ ਪਤਸਾਹ ਸੋਈ ਹੋਂਵਦਾ।'
'ਇਉਂ ਕਹਿ ਹੋ ਗਏ ਚੁੱਪ ਬੁਤ ਜਯੋਂ ਹੋਂਵਦਾ
'ਮੇਰੇ ਨੈਣ ਚਕੋਰ ਦਰਸ਼ਨ–ਚੰਦ ਤੇ
'ਮਸਤੇ ਹੱਦੋਂ ਲੰਘ, ਛੱਪਰ ਢੈ ਪਏ।
'ਮਿਟਦੇ ਨੈਣਾਂ ਵਿੱਚ ਕੀ ਮੈਂ ਦੇਖਿਆ
'ਉਲਟ ਰਿਹਾ ਸਭ ਖੇਲ ਪਹਿਲੀ ਵਾਕਰੇ,
'ਧਰਤੀ ਅਰ ਆਕਾਸ਼ ਥਾਂਵੇਂ ਆ ਗਏ:
'ਮੈਂ ਫਿਰ ਉੱਤੋਂ ਡਿੱਗ ਹੇਠਾਂ ਆ ਪਈ।
'ਡਿੱਗੀ ਚਾਣ ਅਚੱਕ ਸਟ ਏ ਖਾਇਕੇ
'ਮੇਰੀ ਖੁੱਲ੍ਹੀ ਜਾਗ, ਪਰ ਕੰਨ ਗੂੰਜਦੇ:
' 'ਪਤਸਾਹੀਂ ਪਤਸਾਹ' ਮੁੜ ਮੁੜ ਆਖਦੇ;
' 'ਸਿਖ ਲੈ ਸਿਫਤ ਸਲਾਹ ਏਥੋਂ ਸਿੱਖਿਆ',
' 'ਪਰੀ ਮੈਲ੍ਹ' ਏ ਵਾਕ ਕੰਨੀਂ ਗੂੰਜਦੇ।
'ਰਾਤ ਗਈ ਸੀ ਬੀਤ ਪਿਛਲਾ ਪੈਰੁ ਸੀ,
'ਮੰਦ ਮੰਦ ਸੀ ਪੌਣ ਪੱਖੇ ਝੋਲਦੀ:
'ਨਰਮ ਹੁਈ ਸੀ ਦੇਹ ਨਿਰਬਲ ਜਾਪਦੀ
'ਮਾਨੋਂ ਆਤਮ–ਜੀਵ ਦੇਹੋਂ ਅੱਡ ਹੋ
'ਰਿਹਾ ਮਾਣਦਾ ਸੈਲ, ਹੁਣ ਫਿਰ ਆਇਕੇ

'ਖੁੱਲ੍ਹੇ ਢੱਗੇ ਵਾਂਙ ਦੇਹੀ ਗੱਡ ਨੂੰ
'ਚੁਕਣੋਂ ਚਿੱਤ ਚੁਰਾਇ ਜਿਸ ਵਿਚ ਹੋਂਵਦਾ।
'ਹੱਥ ਹਿਲਾਵਾਂ ਪੈਰ ਹਿੱਲਣ ਨਾ ਰਤੀ;
'ਸੱਤਾ ਆਤਮ ਨਾਹਿਂ ਮਾਨੋਂ ਦੇਂਵਦਾ।
'ਇੱਕੁਰ ਪਈ ਨਿਢਾਲ ਪਰ, ਵਿਚ ਸ਼ਾਂਤਿ ਦੇ
'ਬੀਤ ਗਈ ਜੋ ਰਾਤ ਬਾਕੀ ਸੀ ਰਹੀ।
'ਟਾਂਵਾਂ ਟਾਂਵਾਂ ਕੋਇ ਸੀ ਲਟਕੰਦੜਾ
'ਮੇਰੀਆਂ ਆਸਾਂ ਵਾਂਙ ਤਾਰਾ ਰੁ ਗਿਆ।
'ਦੂਰੋਂ ਆਈ ਵਾਜ ਪਜਾਰੀ ਜੰਗਲੋਂ–
'ਸਤਿਗੁਰ ਜੀ ਦਾ ਵਾਕ ਪ੍ਰੇਮੀ ਸਿੰਘ ਕੋ
'ਆਸਾ ਰਾਗ ਵਿਚਾਲ ਗਾਵੇ ਸੋਹਿਣਾ।
'ਖ਼ਬਰ ਨਹੀਂ ਸੀ ਕੌਣ, ਕਿਉਂ ਸੀ ਗਾ ਰਿਹਾ !
'ਪਈ ਉਥਾਉਂ, ਨਿਢਾਲ ਉੱਸੇ ਹੀ ਤਰ੍ਹਾਂ
'ਸੁਣਿਆਂ ਮੈਂ ਚਿਤ ਲਾਇ, ਓ ਏ ਵਾਕ ਸੀ:–

ਗੁਨੁ ਅਵਗੁਨੁ ਮੇਰੋ ਕਛੁ ਨ ਬੀਚਾਰੋ ॥ ਨਹ ਦੇਖਿਓ ਰੂਪ ਰੰਗ ਸੀਗਾਰੋ ॥ ਚਜ ਅਚਾਰ ਕਿਛੁ ਬਿਧਿ ਨਹੀ ਜਾਨੀ॥ ਬਾਹ ਪਕਰਿ ਪ੍ਰਿਅ ਸੇਜੈ ਆਨੀ ॥੧॥ ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ॥ ਕਰੁ ਮਸਤਕਿ ਧਾਰਿ ਰਾਖਿਓ ਕਰਿ ਅਪੁਨਾ ਕਿਆ ਜਾਨੈ ਇਹੁ ਲੋਕੁ ਅਜਾਨਾ ॥੧॥ ਰਹਾਉ ॥ ਸੁਹਾਗੁ ਹਮਾਰੋ ਅਬ ਹੁਣਿ ਸੋਹਿਓ ॥ ਕੰਤੁ ਮਿਲਿਓ ਮੇਰੋ ਸਭੁ ਦੁਖੁ ਜੋਹਿਓ ॥ ਆਂਗਨਿ ਮੇਰੈ ਸੋਭਾ ਚੰਦ ॥ ਨਿਸਿ ਬਾਸੁਰ ਪ੍ਰਿਅ ਸੰਗਿ ਅਨੰਦ ॥੨॥ ਬਸਤ੍ਰ ਹਮਾਰੇ ਰੰਗਿ ਚਲੂਲ ॥ ਸਗਲ ਆਭਰਣ ਸੋਭਾ ਕੰਠਿ ਫੂਲ ॥ ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ ॥ ਦੁਸਟ ਦੂਤ ਕੀ ਚੂਕੀ ਕਾਨਿ ॥੩॥ ਸਦ ਖੁਸੀਆ ਸਦਾ ਰੰਗ ਮਾਣੇ ॥ ਨਉ ਨਿਧਿ ਨਾਮੁ ਗ੍ਰਿਹ ਮਹਿ ਤ੍ਰਿਪਤਾਨੇ ॥ ਕਹੁ ਨਾਨਕ ਜਉ ਪਿਰਹਿ ਸੀਗਾਰੀ ॥ ਥਿਰੁ ਸੋਹਾਗਨਿ ਸੰਗਿ ਭਤਾਰੀ ॥੪॥੨॥'[੧]

## ੧੫.ਪਰੀ ਮਹਿਲ–ਉੱਚੜ ਪੈੜੇ

ਰਾਜ ਕੌਰ ਕੁਝ ਠੈਰ੍ਹ ਫਿਰ ਇਉਂ ਬੋਲਦੀ:–
'ਸ਼ਬਦ ਪ੍ਰੇਮ ਦਾ ਏਹ ਜਦ ਹੋ ਮੁਕਿਆ,
'ਰਾਤ ਗਈ ਸਭ ਬੀਤ ਤਾਰੇ ਬੀ ਛਿਪੇ,
'ਪੰਛੀ ਚੋਹ–ਚੁਹਾਇ ਕਰਨੇ ਲੱਗ ਪੈ,
'ਤਦ ਅੱਖਾਂ ਮੈਂ ਖੋਲ੍ਹ ਡਿੱਠੀ ਰਾਧਕਾਂ
'ਬੈਠੀ ਮੇਰੇ ਪਾਸ ਮੈਨੂੰ ਤਾਂਘਦੀ।
'ਜਾਗਦਿਆਂ ਮੈਂ ਸਾਰ ਇਸ ਨੂੰ ਆਖਿਆ:
' 'ਚਲ ਰਾਧਾਂ ਉੱਠ ਚੱਲ ਪਰੀ ਮਹੱਲ ਨੂੰ।'
'ਏ ਨਾ ਮੰਨੇ ਮੂਲ ਆਖੇ, 'ਭੌ ਬੜਾ
' 'ਉੱਥੇ ਜਾਂਦਜਾਂ ਆਇ, ਜਾਣਾ ਮੌਤ ਹੈ।'

'ਇਸਦਾ ਕੀ ਸੀ ਦੋਸ਼ ਲੋਕਾਂ ਵਿੱਚ ਏ
'ਫੈਲ ਰਹੀ ਸੀ ਗੱਲ: ਵਸਦੀ ਹੈ ਪਰੀ,
'ਉਸ ਉਚੇ ਹੈ ਮੈਲ੍ਹ ਪਰਬਤ ਚੋਟੀਏ,
' 'ਜੋ ਜਾਵੇ, ਉਸ ਮਾਰ ਓਥੇ ਰੱਖਦੀ।'

' 'ਪਰੀ' ਕਹਿਣ ਡਰ ਖਾਣ! ਹੈ ਅੰਧੇਰ ਏ।
'ਪਰੀ ਨ ਦੇਵੇ ਦੁੱਖ, ਕਵੀ ਨ ਆਖਦੇ,
'ਆਖਣ: ਡੈਣਾਂ, ਭੂਤ, ਹਨ ਦੁਖ ਦੇਵਣੇ।
' 'ਪਰੀ ਮਹਲ' ਇਸ ਆਖ ਡਰਦੇ ਲੋਕ ਹੈਂ !
'ਡਰਦੇ ਰਹਿੰਦੇ ਦੂਰ ਭਰਮ ਭੁਲਾਵੜੇ,
'ਪਰ ਇਸ ਭ੍ਰਮ ਦਾ ਸੁੱਖ ਤੁਹਾਨੂੰ ਹੈ ਰਿਹਾ,–
'ਬਣੀ ਰਹੀ ਏਕਾਂਤ –ਸਦਾ ਏਕਾਂਤ ਹੈ,
'ਕੋਇ ਨ ਦੇਵੇ ਦੁੱਖ ਏਥੇ ਆਇਕੇ।
'ਇਕ ਮੇਰਾ ਡਰ ਦੂਰ ਰਤਾ ਕੁ ਹੋਇਆ:
'ਦਿੱਤਾ ਆਨ ਕਲੇਸ਼ ਮਹੀਓਂ ਅੱਜ ਹੈ।
'ਪਰ ਮੇਰੇ ਨਾ ਵੱਸ ਆਗਯਾ ਕੰਤ ਦੀ
'ਬਣਕੇ ਆਗੂ ਰਾਹ ਏਥੇ ਲੈ ਅਈ
'–ਪਰਉਪਕਾਰੀ ਸੰਤ ਮੇਰਾ ਕੰਤ ਹੈ–।'

ਸੁਣ ਏ ਸਭ ਬਿਰਤਾਂਤ ਬੋਲੀ ਸੰਤਣੀ:–
'ਵਾਹ ਪਜਾਰੀ ਤੂੰ, ਵਾਹ ਤੇਰਾ ਕੰਤ ਹੈ !
'ਵਾਹਵਾ ਤੇਰਾ ਪ੍ਰੇਮ ਵਾਹਵਾ ਭਾਗ ਹੈਂ,
'ਵਾਹਵਾ ਤੇਰਾ ਧਜਾਨ ! ਲੱਗਾ ਕੰਤ ਤੇ,
'ਜਿਸ ਦੇ ਲਾਕੇ ਖੰਭ ਲਏਂ ਉਡਾਰੀਆਂ।
'ਦੇਖੇਂ ਜਾਇ ਸਰੂਪ ਸੱਚੇ ਸੰਤ ਦਾ।
'ਧਰਮ ਪਤਿੱਬ੍ਰਤ ਧੰਨ, ਤੂੰ ਹੈ ਪਾਲਿਆ।
' 'ਸਤੀ' ਕਹਿਣ ਹੈ ਜੋਗ ਤੈਨੂੰ ਪਜਾਰੀਏ !

[੧] ਇਹ ਸ਼ਬਦ ਆਸਾ ਮਹਲਾ ੫ ਦਾ ਹੈ।

‘ਸਤੀ ਮੁਏ ਪਿਰ ਨਾਲ ਮਰਦੀ ਆਪ ਹੈ;
‘ਤੂੰ ਅਪਣੇ ਸਤ ਨਾਲ ਰਖਿਆ ਜੀਉਂਦਾ
‘-ਸਦਾ ਜੀਂਵਦਾ-ਕੰਤ, ਜਿਸ ਨੂੰ ਹੋਰਨਾਂ
‘ਜਾਣ ਲਿਆ ਸੀ ਓਹ ਮਰ ਹੁਣ ਹੈ ਗਿਆ।
‘ਲੀਤਾ ਦਰਸ ਨਿਹਾਲ ਤੂੰ ਨਿਜ ਕੰਤ ਦਾ
‘-ਆਤਮ ਦਰਸ ਅਪਾਰ- ਜੋ ਨਾ ਹੋ ਸਕੇ,
‘ਤੂੰ ਡਿਠਾ ਕਈ ਵਾਰ, ਤੂੰ ਹੈਂ ਸੰਤਣੀ।
‘ਸਤੀ ਹੁਈ ਤੂੰ ਠੀਕ ਰੱਖਜਾ ਹੈ ਜਿਨ੍ਹੈਂ
‘ਜੀਉਂਦਾ ਅਪਨੇ ਨਾਲ ਅਪਨਾ ਕੰਤ ਹੈ:
‘ਓਹ ਮਰਦੇ ਜਲ ਅੱਗ ਦੋਵੇਂ ਦੰਪਤੀ,
‘ਤੁਸੀਂ ਦੁਏ ਸਦ ਜੀਵ ਜੀਉਂਦੇ ਜਾਗਦੇ।
‘ਉਹ ਜਲ ਜਾਂਦੀ ਨਾਲ ਧੋਖੇ ਮੇਲ ਦੇ,
‘ਤੂੰ ਧੋਖੇ ਨੂੰ ਮੇਟ ਰਖਿਆ ਜੀਂਵਦਾ
‘ਪਰਦਾ ਮੌਤ ਉਘੇੜ ਡਿੱਠਾ ਸਾਮ੍ਹਣੇ।
‘ ‘ਕਾਲ’ ‘ਵਿੱਥ’ ਦਾ ਨਾਸ਼ ਕੀਤਾ ਆਪ ਤੈਂ;
‘ਯਾਦ, ਧਜਾਨ ਦੇ ਨਾਲ ਰਹੀਓਂ ਤੂੰ ਮਿਲੀ।
‘ਸੱਚੀ ਕੰਤ-ਸਮਾਲ੍ਹ ਸ਼ੀਲ ਸੰਤੋਖ ਦੀ
‘ਪਾਕੇ ਪੀਡੀ ਗੰਢ ਵਿਛੜੀ ਤੂੰ ਨਹੀਂ:
‘ ‘ਸਤੀ’ ਕਹਿਣ ਤੁਹਿ ਜੋਗ ਸਦਾ ਸੁਹਾਗਣੇ।
‘ਤੇਰਾ ਅਚਰਜ ਪਜਾਰ ਜਗ ਵਿਚ ਪਜਾਰੀਏ!
‘ਵਿਛੁੜਨ ਦਿੱਤਾ ਨਾਹਿ ਵਿਛੁੜੇ ਪਜਾਰੁਏ।
‘ ‘ਸੱਚਾ ਆਸ਼ਿਕ’ ਤੁੱਧ ਕਹਿਣਾ ਹੈ ਬਣੇ।’

ਰਾਣੀ ਬੋਲੀ ਫੇਰ ਸੀਸ ਨਿਵਾਇ ਕੇ:-
‘ਮੈਂ ਹਾਂ ਅਧਮ ਅਜਾਣ ਬੌੜੁ ਨਿਮਾਣੀਆਂ;
‘ਇਹ ਸਭ ਕੰਤ-ਪ੍ਰਤਾਪ, ਉਸ ਦੀ ਹੈ ਦਯਾ
‘ਕਲਗਜਾਂ ਵਾਲਾ ਆਪ ਅੰਦਰ ਓਸਦੇ
‘ਬੈਠਾ, ਜਿਉਂ ਤਸਵੀਰ ਸ਼ੀਸ਼ੇ ਹੋਂਵਦੀ;
‘ਸਤਿਗੁਰ ਦੇ ਰੰਗ ਨਾਲ ਰੰਗਜਾ ਕੰਤ ਸੀ-,
‘ਜੋਧਾ, ਸੰਤ, ਸੁਜਾਨ, ਅਕਲਾਂ ਕੋਟ ਓ
‘ਪੰਡਤ, ਕਵੀ, ਸੁਦੇਸ਼ ਰੱਖਜਕ ਰਾਜ ਦਾ;
‘ਪੰਥੋਂ ਸੀ ਕੁਰਬਾਨ ਹਰਦਮ ਜਾਂਵਦਾ:
‘ਹੋਕੇ ਰਾਣਾ ਆਪ ਸਦਾ ਨਿਵਾਜਦਾ
‘ਜਿਸ ਨੂੰ ਜਾਣੇ ਸਿੱਖ ਗੋਬਿੰਦ ਸਿੰਘ ਦਾ।
‘ਪਜਾਰੀ ਦਯਾ-ਸਰੂਪ ! ਖਾ ਨ ਭੁਲੇਖੜਾ,
‘ਜਿਸਨੇ ਰਖਿਆ ਖਿੱਚ ਮੇਰੇ ਚਿੱਤ ਨੂੰ
‘ਇਹ ਸਭ ਉਸਦੀ ਦਾਤ ਜਿਸ ਲੜ ਲਾ ਲਈ
‘ਮੈਂ ਤੁਲ ਭੁੱਲਣਹਾਰ ਿ’ਛੋੜੀ ਫੇਰ ਨਾ,
‘ਉਸਦੇ ਗਾਵੋ ਗੀਤ ਕਰੋ ਸਲਾਹੁਤਾਂ,
‘ ‘ਬਾਂਹ ਗਹੇ ਕੀ ਲਾਜ’ ਹੈ ਜੁ ਨਿਬਾਹੁੰਦਾ।’

ਰਾਧਾਂ ਬੋਲੀ ਫੇਰ ਦੋ ਹਥ ਜੋੜਕੇ:
‘ਤੇਰੇ ਦਹਨ ਗੁਲਾਬ, ਮੇਰੀ ਸ੍ਵਾਮਣੀ !
‘ਬਖਸ਼ੀਂ, ਮੇਰੀ ਭੁੱਲ ਟੁੱਕਾਂ ਬਾਤ ਜੇ।
‘ਏਥੇ ਹੈ ਗੁਲਜ਼ਾਰ ਲੱਗੀ ਪ੍ਰੇਮ ਦੀ,
‘ਉੱਚਾ ਇਹ ਅਸਥਾਨ ਝਿਕਲੀ ਧਾਰ ਤੋਂ;
‘ਧਰਮ ਕਾਰਣੇ ਏਹ ਉੱਚਾ ਫੇਰ ਹੈ:
‘ਧਰਤੀ ਲਾਗੇ ਪੌਣ ਭਾਰੀ ਹੋਂਵਦੀ
‘ਜਿਉਂ ਜਿਉਂ ਉੱਪਰ ਜਾਉ ਹੌਲੀ ਹੋਂਵਦੀ-
‘ਮਾੜੀ ਹੋ ਨ ਹਵਾੜ, ਮਾੜੀ ਗੰਧ ਨਾ,
‘ਸੁਥਰੀ, ਮੈਲੋਂ ਸਾਫ਼, ਹਲਕੀ, ਸੀਤਲੰ
‘ਹੋਵੇ, ਏਥੇ ਪੌਣ ਨਿਰੀ ਅਰੋਗਤਾ।
‘ਤਿੱਕੁਰ ਇਹ ਸਤਿਸੰਗ ਵਾਲਾ ਥਾਉਂ ਜੋ
‘ਦੁਨੀਆਂ ਨਾਲੋਂ ਉੱਚ ਉੱਚਾ ਢੇਰ ਹੈ,
‘ਝਗੜੇ ਝਾਂਜਜੋਂ ਸਾਫ਼, ਸੁਥਰਾ ਰੌਲਿਓਂ,
‘ਆਤਮ-ਮੰਡਲ ਏਹ ਹੌਲਾ ਸੋਹਿਣਾ।
‘ਆਤਮ-ਕੁਸ਼ਲ, ਅਨੰਦ ਏਥੇ ਵੱਸਦੇ,
‘ਹੈ ਇਹ ਥਾਂ ਅਕਸੀਰ, ਰੂਹ-ਅਕਸੀਰ ਹੈ।
‘ਇਥੇ ਆਕੇ ਆਪ ਪਿੱਛਾ ਭੁੱਲਿਆ
‘ਭੁੱਲਣ ਹੀ ਹੈ ਜੋਗ, ਸਚੀ ਗਲ ਹੈ।
‘ਪਰ ਮਾਂ ਰੋਂਦੀ ਹੋਗ ਵਣ ਵਣ ਭਾਲਦੀ
‘ਲਿੱਲਾਂ ਦੇਂਦੀ ਮੈਲ੍ਹ ਸਾਰਾ ਢੂੰਡਦੀ।
‘ਤੜਥਲ ਮਚਿਆ ਹੋਗੁ ਨਗਰੀ ਸਾਰੜੀ;
‘ਪਤ ਪਤ ਭਾਲਜਾ ਹੋਗੁ ਸਾਨੂੰ ਸਾਰਿਆਂ।
‘ਤੂੰ ਗੁੱਡੀ ਦੇ ਵਾਂਙ ਚੜ੍ਹੀਓਂ ਉੱਪਰੇ,
‘ਪਹੁੰਚੀ ਉੱਚੀ ਉੱਡ ਉਤਲੇ ਆ ਘਰੀਂ,
‘ਇੱਥੇ ਤੇਰਾ ਜ਼ੋਰ ਜਾਇ ਨ ਝੱਲਿਆ।
‘ਪਿੱਛੇ ਖਿੱਚੇ ਕੌਣ ਤੈਨੂੰ ਸੋਹ੍ਣੀਏ !

'ਡਾਢਾ ਜਿਗਰਾ ਧਾਰ ਹਿੰਮਤ ਬੰਨ੍ਹਕੇ
'ਮੂੰਹ ਤੋਂ ਐਨੀ ਬਾਤ ਕਹਿੰਦੀ ਮੈਂ ਡਰਾਂ,
'ਬਿਨਤੀ ਕਰ ਪਰਵਾਨ, ਹੇਠਾਂ ਚੱਲੀਏ।
'ਦੇਖ ਪਿਛਾਂਹਾਂ ਤੱਕ ਸੂਰਜ ਵੱਲ ਨੂੰ,
'ਕੱਟੀ ਗੁੱਡੀ ਵਾਂਙ ਡਿਗਦਾ ਜਾਂਵਦਾ;
'ਛੇਤੀ ਹੀ ਲੁਕ ਜਾਇ ਰਾਹ ਭੁਲਾਵਸੀ;
'ਰਾਹੀ ਮਜਲ ਨ ਪਹੁੰਚ ਜੇੜ੍ਹੇ ਹੈਂ ਗਏ;
'ਰਹੇ 'ਧਵਾਟੇ ਰਾਹ ਸੋ ਘਬਰਾਣਗੇ।
'ਭੈ ਦਾ ਪੁੱਤ ਹਨੇਰ ਫਿਰ ਛਾ ਜਾਇਗਾ
'ਲੱਕੜਬੱਗੇ, ਸ਼ੇਰ, ਚੀਤੇ ਜੰਗਲੀਂ
'ਫਿਰਸਨ ਫੇਰ ਬਘਜਾੜ ਖਾਜੇ ਭਾਲਦੇ।
'ਉੱਲੂ ਬੋਲੂ ਫੇਰ ਬੋਲੀ ਸੈਂਮੂਵੀਂ
'ਜਾਇ ਕਲੇਜਾ ਬੈਠ ਸੁਣਕੇ ਵਾਜ ਓ
'ਚੁਪ ਧਾਰਕੇ ਤ੍ਰਾਸ ਸਿਰ ਤੇ ਘੁੰਮਸੀ।
'ਰਸਤਾ ਦਿਊ ਨ ਰਾਹ ਠੇਡੇ ਲਾਇਗਾ,-
'ਅੱਖਾਂ ਭੁਲ ਭੁਲ ਜਾਣ ਥਹੁ ਤੋਂ ਹਾਰੀਆਂ।
'ਸਿਰ ਤਲਵਾਯਾਂ ਏਹ ਪਰਬਤ ਗਾਖੜਾ,
'ਰਸਤਾ ਨ ਪਗਡੰਡਿ; ਸੈਲਾਂ ਪੱਥਰਾਂ
'ਚਾਰੋਂ ਪਾਸੇ ਘੇਰ ਕੀਤਾ ਔਖੜਾ
'ਉਤਰਾਈ ਦਾ ਰਾਹ ਕਰੜਾ ਬੌੜ੍ਹ ਹੀ।
'ਸੂਰਜ ਆਪ ਪ੍ਰਕਾਸ਼ ਪੁੰਜ ਪ੍ਰਕਾਸ਼ ਦਾ
'ਰਾਤ ਆਈ ਨੂੰ ਦੇਖ ਚਲਿਆ ਹੇਠ ਨੂੰ।
'ਵਧ ਹਾਂ ਅਸੀਂ ਮੁਥਾਜ ਚਾਨਣ ਦੇ ਸਦਾ,
'ਹੇਠਾਂ ਜਾਣਾ ਜੋਗ ਸਾਨੂੰ ਵੱਧ ਹੈ।
'ਬੱਕਰਿਆਲੇ ਵੇਖ ਅਜਾ ਸਮੇਟ ਕੇ,
'ਅੱਯਾਲੀ ਨੂੰ ਪੇਖ ਭੇਡਾਂ ਸਾਂਭ ਕੇ,
'ਗੁੱਜਰ ਦੇ ਵਲ ਤੱਕ ਗਊਆਂ ਮੇਲ ਕੇ,
'ਮਾਹੀਆਂ ਵੰਨੇ ਝਾਕ ਮਝੀਆਂ ਮੋੜ ਕੇ,
'ਵਾਗੀ ਹਰ ਪਰਕਾਰ ਵੱਗਾਂ ਜੋੜ ਕੇ,
'ਪੈ ਗਏ ਘਰ ਦੇ ਰਾਹ, ਉਤਰਨ ਹੇਠ ਨੂੰ,
'ਤੂੰ ਕਿਤ ਸੋਚੇਂ ਲੱਗ ਜਾਵਣ ਭੁੱਲੀਓਂ?
'ਵੱਡੀ ਆਖੀ ਗੱਲ ਮੂੰਹੋਂ ਨਿੱਕਿਓਂ;
'ਪਰ ਤੂੰ ਲਾਈ ਮੂੰਹ ਤਾਂਹੀਓਂ ਬੋਲਦੀ;
'ਵੱਡੇ ਛੋਟੇ ਬੋਲ ਬਖਸ਼ੀਂ ਰਾਣੀਏਂ !

ਸੁਣ ਏ ਤ੍ਰਿੱਖੇ ਬੈਨ ਅਦਬ ਪਰੇਮ ਦੇ
ਲੱਦੇ ਡਰ ਦੇ ਨਾਲ, ਸਿੱਖਜਾ ਵਾਲੜੇ
ਲੰਮੇ ਲੈਕੇ ਸਾਹ ਰਾਣੀ ਵੇਖਿਆ
ਗੋਲੀ ਨੂੰ, ਅਖ ਫੇਰ ਨਾਲ ਨਿਰਾਸ ਦੇ
ਕਹਿੰਦੀ; 'ਆਖਜਾ ਸੱਚ ਸਿਰੀ ਕਬੀਰ ਨੇ:-

ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ ॥ ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ ॥੧੧੬॥ {ਸ: ਕਬੀਰ}

'ਜੋ ਤੂੰ ਆਖਜਾ ਸੱਚ ਰਾਧਾਂ ਪਜਾਰੀਏ !
'ਪਰ ਪੋਹੇ ਨਾ ਰੰਚ ਮੇਰੇ ਚਿੱਤ ਨੂੰ,
'ਸਾਈਂ ਸੱਚੇ ਆਪ ਏਥੇ ਭੇਜਿਆ,
'ਮੈਂ ਆਈ ਸਾਂ ਨਾਹਿੰ ਅਪਣੇ ਆਪ ਹੀ:
'ਜਿੱਥੇ ਭੇਜੇ ਓਹ ਸੋ ਬੈਕੁੰਠ ਹੈ।
'ਸਾਈਂ ਦੇਵੇ ਵਾਸ ਵਿਚ ਬੈਕੁੰਠ ਦੇ;
'ਕਰਕੇ ਉਸਦਾ ਤਜਾਗ ਨਿਕਲਾਂ ਬਾਰ੍ਹ ਮੈਂ,-
'ਉਸ ਤੋਂ ਵੱਡੀ ਦੱਸ ਕੌਣ ਬਿਅੱਦਬੀ?
'ਸਾਈਂ ਹੁਕਮੋਂ ਬਾਰ੍ਹ ਜੋ ਹੈ ਹੋਵਣਾ
'ਉਹੀ ਨਰਕ ਪੈ ਜਾਣ, ਹੁਕਮ ਬਿਕੁੰਠ ਹੈ।'

ਫੇਰ ਪਰੀ ਵਲ ਤੱਕ ਰਾਣੀ ਬੋਲਦੀ:-
'ਹੇ ਪਜਾਰੀ ਸੰਤਰੂਪ ! ਕੁਈ ਸੁਣਾ ਦਿਓ
'ਡਾਢੀ ਸੁਹਣੀ ਗੱਲ ਬੀਤੀ ਕੰਤ ਦੀ !'

ਸੁਣਕੇ ਅਚਰਜ ਨਾਲ ਬੋਲੀ ਸੰਤਣੀ:-
'ਰਾਜ ਕੌਰ ਸੁਣ ਬਾਤ ਪ੍ਰੇਮਣ ਤੂੰ ਬੜੀ,
'ਪ੍ਰੇਮ ਨਿਬਾਹੇਂ ਸੱਚ ਪੂਰਾ ਸੂੱਛ ਤੂੰ;
'ਪਰ ਇਕਾਂਤ ਵਿਚ ਵਾਸ ਤੈਨੂੰ ਜੋਗ ਨਾ।
'ਤੂੰ ਰਾਣੀ ਜਗ-ਸ੍ਵਾਮਿ ਤੇਰੀ ਧੌਣ ਤੇ
'ਪਰਜਾ ਵਾਲਾ ਭਾਰ ਸਾਰਾ ਹੈ ਪਿਆ;
'ਹੁੱਸੇ ਜੰਤੂ ਵਾਂਙ ਇਸਤੋਂ ਨੱਸਣਾ,
'ਤੈਨੂੰ ਬਣਦਾ ਨਾਹਿੰ ਰੱਬ ਪਿਆਰੀਏ !
'ਇਸਦਾ ਕਰ ਨਿਰਬਾਹ ਪ੍ਰੇਮ ਨਿਬਾਹਿੰ ਜੇ
'ਤਦ ਇਹ ਪ੍ਰੇਮ ਸੁਜਾਨ ਹੈ ਸੁਖਦਾਇਕੌਂ,

'ਜੇ ਛਡ ਬੈਠੇਂ ਏਹ ਹੋਕੇ ਬਾਵਲੀ,
'ਵਾਉ ਵਰੋਲੇ ਵਾਂਙ ਘੁੰਮਣ ਵਾਪਰੇ,
' 'ਬਾਵਲ ਪਣਾ ਨ ਪ੍ਰੇਮ' ਏ ਤੂੰ ਜਾਣ ਲੈ।
'ਨਿਰਮਲ ਸ੍ਵੱਛ ਪ੍ਰੇਮ ਖਿੱਚੇ ਚਿੱਤ ਨੂੰ
'ਪਜਾਰੇ ਵੰਨੇ ਖਿੱਚ ਦੇਵੇ ਉੱਚਤਾ;
'ਕੇਂਦਰ ਸੁਹਣੇ ਨਾਲ ਖਿੱਚੀ ਰੱਖਦਾ,
'ਦੇਵੇ ਗੁਾਚਣ ਨਾਹਿੰ ਸਗੋਂ ਓਚਾਂਵਦਾ
'ਸੁਰਤੀ ਨੂੰ ਰਸ ਨਾਲ ਭਰਿਆਂ ਰੱਖਦਾ;
'ਮਲਨਿ ਨ ਬੁੱਧੀ ਹੋਇ, ਇਹ ਬੀ ਜਾਣ ਲੈ।
'ਫੇਰ ਹੋਰ ਇਕ ਗੱਲ ਤੂੰ ਹੈ ਸਜਾਣਨੀ:-
'ਛੱਡ ਦਏਂ ਜੇ ਰਾਜ ਖੂੰਜੇ ਜਾ ਬਹੇਂ,
'ਜੋਗੀ ਜਾਵੇਂ ਹੋਇ ਇੰਦ੍ਰੇ ਮਾਰ ਕੇ
'ਦਰਗਹ ਨਾਹਿੰ ਕਬੂਲ ਮੂਲੋਂ ਤੂੰ ਪਵੇਂ,
'ਗ੍ਰਿਹਸਤ ਮਾਹਿੰ ਨਿਰਬਾਣ ਜੇ ਤਾਂ ਤੂੰ ਰਹੇਂ,
'ਇਕ ਪਾਸੇ ਵਿਚ ਪ੍ਰੇਮ ਪਿਰੁਮ ਰਸ ਪੀਂਵਦੀ,
'ਦੂਜੇ ਪਾਸੇ ਰਾਜ ਸੇਵਾ ਜਾਣਕੇ
'ਅਪਣੇ ਪਜਾਰੇ ਜੋਗ ਕਰਦੀ ਜੇ ਰਹੇਂ,
'ਤੇਰਾ ਪ੍ਰੇਮ ਕਬੂਲ ਹੋਸੀ ਪਜਾਰੀਏ !
'ਸੋਭਾ ਪਾਵੇਂ ਫੇਰ ਸੱਚੇ ਪਾਸ ਜਾ'।

'ਸੋਭਾ ਨਾ ਦਰਕਾਰ' ਰਾਣੀ ਆਖਦੀ:
'ਜੋਗ ਨ ਕਰਨਾ ਸਿੱਧ, ਮੁਕਤੀ ਲੋੜ ਨਾ;
'ਚਾਹੁੰ ਨ ਜਾਂ ਬੈਕੁੰਠ, ਸੁਰਗੇ ਪੌਂਚੁ ਜਾਂ,
'ਨਰਕੋਂ ਡਰਦੀ ਨਾਂਹ, ਬਚਣਾ ਨਾ ਚਹਾਂ,
'ਚੌਰਾਸੀ ਲੱਖ ਜੂਨ, ਉਸ ਤੋਂ ਨਾ ਡਰਾਂ;
'ਮਾਤ ਲੋਕ ਪਾਤਾਲ ਜੇ ਵਿਚ ਵਾਸ ਹੋ,
'ਅੱਧ ਅਕਾਸ਼ੇ ਮੱਧ ਟੰਗੀ ਜੇ ਰਹਾਂ;
'ਉਡਦੀ ਫਿਰਾਂ ਹਵਾਇ, ਡੁੱਬਾਂ ਸਾਗਰੇ,
'ਮੈਨੂੰ ਨਾ ਪਰਵਾਹ ਕਿਸੇ ਹਿ ਗੱਲ ਦੀ।
'ਸੁੱਖੋਂ ਸਦਾ ਅਚਾਹ, ਦੁੱਖੋਂ ਨਾ ਡਰਾਂ;
'ਦੁਖ ਸੁਖ ਦੇ ਵਿਚਕਾਰ 'ਵਸਥਾ ਆਖੀਏ
'ਉਸ ਤੋਂ ਬੀ ਹਥ ਧੋਇ ਬੇ ਪਰਵਾਹਿ ਹਾਂ।
'ਦੁਖ ਸੁਖ ਜਿੱਤੇ ਹੋਣ ਦੋਵੇਂ ਹੀ ਰਲੇ
'ਦੋਵੇਂ ਮੂਲੋਂ ਨਾਹਿੰ ਕਿਧਰੇ ਹੋਣ ਜੇ
'ਓਥੋਂ ਬੀ ਨਿਰਚਾਹ ਮੈਂ ਬੇਲੋੜੀਆਂ।
'ਕਿਤੇ ਰਵ੍ਹਾਂ, ਕਿਸ ਹਾਲ 'ਵਸਥਾ ਮੈਂ ਕਿਸੇ,
'ਕੰਤ ਨ ਭੁੱਲੇ ਸੰਤ ਵਿਸਰੇ ਚੇਤਿਓਂ,-
'ਇਹ ਮੇਰਾ ਬੈਕੁੰਠ ਮੁਕਤੀ ਜਾਣਦੀ
'ਦੀਨ ਦੁਨੀ ਹੈ ਏਹ, ਲੋਕ ਪ੍ਰਲੋਕ ਹੈ।
'ਕੰਤ ਸਵਾਰੀ ਮੀਤ ! ਦੱਸ ਉਪਾਉ ਤੂੰ
'ਜਿਸ ਬਿਧਿ ਵਿਸਰੇ ਨਾਹਿੰ ਮਾਲਕ ਅੰਦਰੋਂ;
'ਬਹਿਕੇ ਵਿਚ ਸਤਿਸੰਗ ਜਿਸ ਦੇ ਨਾਲ ਮੈਂ
'ਗੁਰੂ ਹਜ਼ੂਰੀ ਵਿੱਚ ਕੀਤਾ ਨੇਮ ਏ:-
' 'ਤੇਰੀ ਹਰਦਮ ਦਾਸ ਤੇਰੀ ਤੇਰੀਆਂ;
' 'ਜਦ ਤਕ ਦੇਹੀ ਸਾਸ ਤਦ ਤਕ ਤੇਰੀਆਂ;
' 'ਜਦ ਦੇਹੀ ਨਿਰਸਾਸ ਭੀ ਤਦ ਤੇਰੀਆਂ;
' 'ਜਿੱਥੇ ਹੋਵੇ ਵਾਸ ਉੱਥੇ ਤੇਰੀਆਂ;
' 'ਮੈਂ ਵਿਚ ਮੈਂ ਦਾ ਵਾਸ ਜਦ ਤਕ ਹੀ ਰਹੁ
' 'ਤੇਰੀ ਹੋਸਾਂ ਦਾਸ ਤੇਰੀ ਤੇਰੀਆਂ;
' 'ਮੈਂ ਸਮਝੂੰ ਜਦ ਤੀਕ ਮੈਂ ਹਾਂ ਮੈਂ ਅਜੇ
' 'ਤਦ ਤਕ ਮੈਂ ਸਿਰਤਾਜ ਤੂੰਹੋਂ ਹੋਹਿੰਗਾ:
' 'ਮੈਂ ਜਾਵਾਂ ਜਦ ਭੁੱਲ ਅਪਣੇ ਆਪ ਨੂੰ
' 'ਪਾਲੀਂ ਤਦ ਤੂੰ ਅੰਗ, ਅੰਕ ਸਮਾ ਲਵੀਂ,
' 'ਰੱਖੀਂ ਅਪਣੇ ਨਾਲ 'ਛੋੜੀਂ ਨਾ ਕਦੇ।'
'ਸੋ ਹੇ ਦਇਆ ਸਰੂਪ ! ਦਿਹ ਉਪਦੇਸ਼ ਓ
'ਐਸੀ ਸਿਖ ਮਤਿ ਦੇਹ ਮੇਰਾ ਨੇਮ ਏ
'ਨਿਭ ਜਾਵੇ ਸਿਰ ਤੋੜ ਭੰਗ ਨ ਆ ਪਏ।'

ਸੁਣ ਏ ਡਾਢਾ ਪ੍ਰੇਮ ਕੰਬੀ ਸੰਤਣੀ;
ਦੇਹ ਹਿੱਲੀ ਦਿਲ ਨਾਲ ਸਾਰਾ ਹਿੱਲਿਆ;
ਲੂੰ ਕੰਡੇ ਗਜੇ ਹੋਇ, ਕੰਬੀ,ਰੋ ਪਈ।
ਸਾਤ੍ਵਕ ਹੋ ਗਏ ਭਾਵ ਸਾਰੀ ਦੇਹ ਤੇ।
ਗਦ ਗਦ ਕੰਠ, ਹਨੇਰ ਛੱਲੇ ਬੰਨ੍ਹਕੇ
ਅੱਖਾਂ ਅੱਗੇ ਗੋਲ ਚੱਕਰ ਲਾਂਵਦਾ।
ਸੁਣੀ ਨ ਡਿੱਠੀ ਸੀਗ ਪੜ੍ਹੀ ਨ ਮੂਲ ਸੀ
ਐਸੀ ਦਸ਼ਾ ਪਰੇਮ ਉਨ੍ਹ ਅੱਗੇ ਕਦੀ।
ਹੋ ਬਿਹਬਲ ਹਿਤ ਨਾਲ ਚੱਕਰ ਖਾਇਕੇ
ਪਈ ਮੂਰਛਾ ਖਾਇ ਪੈਰੀਂ ਰਾਜ ਦੇ;

ਕਹਿੰਦੀ: 'ਪੁਤਲੀ ਪ੍ਰੇਮ, ਪ੍ਰੇਮ ਇਸ ਆਪਣੇ
'ਮੈਨੂੰ ਲੇਹੁ ਸਮਾਇ, ਦਾਸੀ ਤੇਰੀਆਂ !
'ਤੇਰੀ ਹੋਵਾਂ ਦਾਸ ਤੇਰੀ ਤੇਰੀਆਂ।'
ਰਾਜਕੌਰ ਬੀ ਆਪ ਉਹ ਕੁਝ ਆਖਦੀ
ਗਈ ਗੁੰਮ ਸੀ ਹੋਇ ਗਦ ਗਦ ਹੋਂਵਦੀ:
ਰਗ ਰਗ ਰੇਸ਼ੇ ਵਿੱਚ ਭਾਵ-ਪਰੇਮ ਨੇ
ਧਾ ਕੀਤਾ ਪਰਵੇਸ਼, ਪ੍ਰੇਮ ਉਛਾਲਿਆ
ਪ੍ਰੇਮ ਆਪ ਗਈ ਹੋਇ, ਜਿੱਕੁਰ ਲੂਣ ਦੇ
ਖਾਵੇ ਵਿੱਚ ਜੁ ਚੀਜ਼ ਸਿੱਟੀ ਜਾਂਵਦੀ
ਲੂਣ ਹੁਵੰਦੜੀ ਜਾਇ, ਚੂਨੇ ਵਾਕਰੇ
ਜਿਸਦੇ ਪਰਬਤ ਵਿੱਚ ਜੋ ਕੁਝ ਦੱਬੀਏ
ਪੱਥਰ ਹੋ ਹੀ ਜਾਇ ਚੂਨੇ ਸੰਦੜਾ।

ਰਾਧਾਂ ਦੇਖੇ ਪਾਸ ਹਾਲ ਹਵਾਲ ਏ
ਹੋ ਹਰਾਨ ਦਿਲ ਵਿੱਚ ਤੱਕੇ ਬਾਰੂ ਨੂੰ,-
ਡੁਬਦਾ ਦੇਖੇ ਸੂਰ, ਢਲਦੀ ਛਾਂਉਂ ਨੂੰ;
ਪੈਂਡਾ ਕਰੜਾ ਦੇਖ ਵੇਲਾ ਸੋਚਦੀ;
ਰਾਣੀ ਦੇਖ ਪ੍ਰੇਮ ਵਿਚ ਮਸਤਾਨਿ ਹੈ,
ਪਰੀ ਹੁਈ ਬੇਹੋਸ਼ ਡਿੱਗੀ ਸਾਮ੍ਹਣੇ।
ਸੋਚੇ ਰਾਧਾਂ, ਤ੍ਰਾਸ ਜੀ ਵਿਚ ਖਾਂਵਦੀ,
ਫਸ ਗਈ ਘੁੰਮਣਘੇਰ ਏ ਅਣਤਾਰੁਣੀ;
ਨਿਕਲ ਨ ਜਾਣੇ ਵੱਲ ਬਾਹਾਂ ਮਾਰਦੀ।
ਮਾਤਾ ਦਾ ਡਰ ਖਾਇ ਇਸਦੇ ਚਿੱਤ ਨੂੰ
ਗੁੱਸੇ ਹੋਊ ਰੱਜ, ਜਦ ਏ ਜਾਣਸੀ
'ਰਾਧਾਂ ਹੈਸੀ ਨਾਲ, ਜਾਂਦੀ ਦੱਸ ਬੀ
'ਗਈ ਨ ਕੁੱਝ ਹਵਾਲ ਮਹਿਲਾਂ ਵਿੱਚ ਸੀ।'
ਫਿਰ ਡਰ ਖਾਵੇ ਹੋਰ ਦਿਆਂ ਜਗਾਇ ਜੇ
ਏਨ੍ਹਾਂ ਨੂੰ ਹਠ ਧਾਰ, ਹੋਊ ਪਾਪ ਏ।
ਮੁੜ ਮਾਤਾ ਦਾ ਤ੍ਰਾਸ ਜੀ ਵਿਚ ਉੱਠਦਾ,
ਮਚਿਆ ਹੋਊ ਸ਼ੋਰ ਧੌਲਰ ਅੰਦਰੇ,
ਲਿੱਲਾਂ ਦੇਂਦੀ ਮਾਉਂ ਰੋਂਦੀ ਹੋਇਗੀ;
ਕੱਖ ਪਲਾਹੀਂ ਹੱਥ ਪਾਇ ਵਿਲੱਕਦੀ।
ਮਾਤਾ ਦਾ ਦੁਖ ਦੂਰ ਕਰਨਾ ਲੋੜੀਏ;-
ਏ ਹੋਵੇਗਾ ਪੁੰਨ ਲੈਣਾ ਚਾਹੀਏ।

ਇਸ ਬਿਧਿ ਫਾਥੀ ਸੋਚਿ ਸੋਚੋਂ ਨਿੱਕਲੀ
ਦਿੱਤੀ ਟੁੰਬ ਜਗਾਇ ਰਾਣੀ, ਸੰਤਣੀ।
ਦੋਵੇਂ ਉਠਦਜਾਂ ਸਾਰ ਬਿਹਬਲ ਹੋਇਕੇ
ਗਲ ਮਿਲ ਮਿਲ ਗਲ ਫੇਰ ਇੱਕੋ ਹੋਈਆਂ;
ਘੁਟ ਘੁਟ ਡਾਢੇ ਜ਼ੋਰ ਵਿੱਚ ਪਿਆਰ ਦੇ
ਚਾਹੁਣ ਦੇਹੀ ਵਿੱਥ ਵਿੱਚੋਂ ਜੇ ਹਟੇ,
ਰੂਹਾਂ ਹੋ ਇਕ ਜਾਣ ਦੂਈ ਨਾ ਰਹੇ,
ਪਰ ਏਹ ਦੇਹੀ ਆਪ ਵਿੱਚ ਵਿਚਾਲੜੇ
ਚਖਦੀ ਸ੍ਵਾਦ ਅਪਾਰ ਰੂਹਾਂ ਮੇਲ ਦਾ।
ਦੇਹੀ ਦੇਹੀ ਨਾਲ ਜਦ ਮਿਲ ਸੀ ਰਹੀ,
ਆਤਮ ਆਤਮ ਵਿੱਚ ਘੁਲਮਿਲ ਸੀ ਰਿਹਾ
ਮੇਲੂ ਸੀ ਵਿਚ ਪ੍ਰੇਮ ਜਨਕ ਅਨੰਦ ਦਾ,
ਜਿਸ ਨੇ ਡੋਬੀਆਂ ਦੋਇ ਅਨੰਦ ਸਰੂਰਵੇਂ।
ਦੁੱਧ ਚੌਲ ਦਾ ਮੇਲ ਕੈਸਾ ਹੋ ਗਿਆ;
ਖੀਰ ਬਣੀ ਅਦਭੁਤ ਪਰ ਓ ਰਾਧਕਾਂ
ਰੇਤ ਪਈ ਹੈ ਪਾਸ ਰੜਕਾਂ ਮਾਰਵੀਂ।
ਇਹ ਡਰ ਮਾਰੀ ਨਾਰ ਜਾਣੇ ਮੂਲ ਨਾ
ਨਿੰਡਰਿਆਂ ਦਾ ਪ੍ਰੇਮ ਪ੍ਰੇਮ ਅਭੈ ਪਦਾ।
ਇਸ ਸੁੱਖੋਂ ਬੀ ਏਨ ਫਿਰ ਘਬਰਾਇਕੇ
ਦਿੱਤਾ ਟੁੰਬ ਉਖੇੜ, ਕਹਿੰਦੀ, 'ਰਾਣੀਏਂ !
'ਹੁਣ ਤਾਂ ਕਰ ਕੁਝ ਹੋਸ਼ ਆਈ ਰਾਤ ਹੈ।'
ਗਲਵਕੜੀ ਹੁਣ ਦੂਰ ਛੇਤੀ ਹੋ ਗਈ,
ਪਰ ਨਾ ਹੋਏ ਹਵਾਸ ਪੂਰੇ ਕੈਮ ਸੇ।
ਜਿੱਥੇ ਹੈ ਸ਼ਤਰੰਜ ਸੱਚੇ ਪ੍ਰੇਮ ਦੀ
ਵਿਛੀ, ਨ ਓਥੇ ਹੋਰ ਚਲਦੀ ਖੇਡ ਹੈ।
ਖੇਡ ਨਹੀਂ ਏ ਪ੍ਰੇਮ ਹਰ ਕੁਈ ਖੇਡ ਲੈ;
ਜਿੱਥੇ ਰਾਜ-ਪਰੇਮ, ਸਿੱਕਾ ਹੋਰ ਦਾ
ਉੱਥੇ ਚਲਦਾ ਨਾਹਿੰ -ਖੋਟਾ ਮੰਨੀਏਂ।
ਪ੍ਰੇਮ ਨਹੀਂ ਹੈ ਰਾਜ ਕੂੜੇ ਜੱਗ ਦਾ।
ਹੁਣ ਦੋਵੇਂ ਕੁਝ ਕਾਲ ਸੱਤਾ ਹੀਨ ਜਜੋਂ;
ਬੈਠੀਆਂ ਸਨ ਵਿਚ ਸ਼ਾਂਤਿ ਮਸਤੀ ਸੁੱਛ ਦੇ।
ਜਿੱਕੁਰ ਲੱਖ ਤਰੰਗ ਵਿੱਚ ਸਮੁੰਦ ਦੇ
ਉੱਠਣ ਭਾਂਤੋ ਭਾਂਤ ਛਿਨ ਛਿਨ ਵੱਟਦੇ,


www.sikhbookclub.com

ਤਿਉਂ ਵਿਚ ਸਾਗਰ ਪ੍ਰੇਮ ਜਦੋਂ ਮਿਲਾਪ ਹੋ
ਉੱਠਣ ਅਨਿਕ ਤਰੰਗ ਕਈ ਇਕ ਰੰਗ ਦੇ,
ਪਰ ਇਕ ਲਹਿਰ ਅਨੰਦ ਉਹਨਾਂ ਹੇਠਵੇਂ
ਰਹਿੰਦੀ ਬਣਕੇ ਨੀਂਹ ਵਾਕਰ ਹੈ ਸਦਾ।
ਇਕ ਰਸ ਰਹੇ ਅਨੰਦ, ਵਿਲਮਨ ਆਂਵਦੀ,
ਚਹਿ ਬਹੁ ਭਾਂਤ ਤਰੰਗ ਵੰਨੋ ਵੰਨ ਦੇ
ਹੁੰਦੇ ਏਸ ਅਨੰਦ, ਰੂਪ ਵਟਾਂਵਦੇ।
ਹੁਣ ਸੀ ਇੱਕ ਟਿਕਾਉ ਅੰਦਰ ਡੋਬਵਾਂ
ਦੋਵੇਂ ਜਿਸ ਵਿਚਕਾਰ ਸਨ ਮਦ ਮੱਤੀਆਂ।
ਕੁੱਝਕੁ ਚਸੇ ਉਡੀਕ ਕੰਟਕ ਰਾਧਕਾਂ
ਫੇਰ ਹਿਲਾਵੇ ਛੇੜ ਕਹਿੰਦੀ: 'ਜਾਗ ਪੌ,
'ਹੋਸ਼ ਕਰੋ ਹੁਣ ਰਾਜ ! ਆਈ ਰਾਤ ਹੈ।'
ਕੰਡੇ ਨਾਲ ਗੁਲਾਬ੍ਹ ਜਿੱਕੁਰ ਹੋਂਵਦੇ,
ਦੁੱਖ, ਵਿਛੋੜੇ, ਦ੍ਰੋਹ, ਮਿੱਤ੍ਰ ਵਿਛੋੜਵੇਂ,
ਇੱਕੁਰ ਹੁੰਦੇ ਨਾਲ ਸਦਾ ਪਰੇਮ ਦੇ।
ਇਉਂ ਰਾਧਾਂ ਦਾ ਪਜਾਰ ਜਾਪੇ ਰਾਜ ਨੂੰ।
ਪੱਥਰ ਛਾਤੀ ਰੱਖ ਮਾਨੋਂ ਰਾਜ ਸੀ
ਲੰਮਾਂ ਲੈਕੇ ਸ੍ਵਾਸ ਬੋਲਣ ਚਾਹੁੰਦੀ:
ਪਰ ਮੱਧਮ ਹੈ ਵਾਜ ਨੀਵੀਂ ਅੱਤਿ ਹੀ;
ਮਾਨੋਂ ਸੰਘ ਨ ਦੇਇ ਨਿਕਲਣ ਵਾਜ ਨੂੰ।
ਸਹਿਜੇ 'ਹੱਛਾ' ਆਖ ਸਿਰ ਹਥ ਫੇਰਕੇ
ਫਿਰ ਮੱਥੇ ਹਥ ਫੇਰ ਅੱਖਾਂ ਪੂੰਝੀਆਂ,
ਕਹਿੰਦੀ, 'ਪ੍ਰੇਮਣ-ਕੰਤ ! ਕੰਤ ਸਵਾਰੀਏ !
'ਮਿਲ ਵਿਛੁੜਨ ਦੀ ਖੇਡ ਹਰਦਮ ਹੋ ਰਹੀ:
'ਕਰੋ ਖੁਸ਼ੀ ਹੁਣ ਆਪ ਹੇਠਾਂ ਚੱਲੀਏ।'

## ੧੭. ਪਰੀ ਮਹਿਲ-ਗੁੱਝੇ ਭੇਤ

'ਚਲੋ ਚਲੀ ਦਾ ਸਾਜ' ਕਹਿੰਦੀ ਸੰਤਣੀ,
'ਰਚਿਆ ਸਾਈਂ ਆਪ ਓੜਕ ਚੱਲਣਾ।
'ਦਿਲ ਨਾ ਚਾਹੇ ਜਾਣ ਦੇਵਾਂ ਆਪ ਨੂੰ;
'ਪਰ ਸੋਚਾਂ ਜਦ ਹਾਲ ਰਾਣੀ-ਮਾਤ ਦਾ,
'ਦਿਲ ਧਿਰਕਾਰੇ ਹਾਇ ਅਪਣੇ ਵਾਸਤੇ
'ਦੇਵੇਂ ਦੁੱਖ ਮਹਾਨ ਮਾਤਾ ਬ੍ਰਿੱਧ ਨੂੰ?
'ਸੋ ਪਜਾਰੀ ! ਹੁਣ ਜਾਹ ਅਪਣੇ ਮੈਲ੍ਹ ਨੂੰ;
'ਖੁਸ਼ੀ ਨਾਲ ਹੁਣ ਜਾਹ 'ਪ੍ਰੇਮ 'ਵਤਾਰੀਏ !
'ਪਰ ਕੁਝ ਆਹਿ ਅਮਾਨ ਸੂਰਤ ਸਿੰਘ ਦੀ
'ਰੱਖੀ ਮੇਰੇ ਪਾਸ, ਉਹ ਲੈ ਜਾਉ ਤੂੰ।
'ਬੈਠਣਾ ਕਰਦੇ ਆਪ ਏਥੇ ਆ ਕਦੇ,
'ਕਰਦੇ ਸਨ ਸਤਿਸੰਗ ਸਾਨੂੰ ਤਾਰਦੇ,
'ਕਈਕੁ ਵੇਰੀ ਆਪ 'ਖੰਡੂ ਸਮਾਧ ਲਾ
'ਬੈਠੇ ਰਹਿੰਦੇ ਲੀਨ ਰੱਬੀ ਮਸਤੀਆਂ;
'ਕਈਕੁ ਵੇਰੀ ਉੱਤ੍ਰ ਲਿਖਦੇ ਬੈਠਕੇ,
'ਧਰਮ ਵਿਸ਼ੇ ਦੇ ਸ੍ਵਾਲ ਕਰਦੇ ਹੱਲ ਸੇ;
'ਕਈ ਕੁ ਸੰਤਾਂ-ਪੱਤ੍ਰ ਏਥੇ ਆਂਵਦੇ,
'ਪੁਛਦੇ ਗੂੜ੍ਹੇ ਭੇਤ ਧਰਮ ਗਿਆਨ ਦੇ,
'ਸੂਰਤ ਸਿੰਘ ਸੁਜਾਨ ਲਿਖਦੇ ਏਸ ਥਾਂ
'ਬੈਠ ਉਨ੍ਹਾਂ ਦੇ ਜ੍ਵਾਬ ਸੁੰਦਰ ਸੋਹਿਣੇ।
'ਔਣ ਜਾਣ ਇਸ ਥਾਂਉਂ ਉਹਨਾਂ ਦਾ, ਸਖੀ !
'ਜਾਣੇ ਹੋਰ ਨ ਕੋਇ ਬਿਨ ਸਤਿਸੰਗੀਆਂ।
'ਸੋ ਪਜਾਰੀ ! ਪ੍ਰਿਯ ਕੰਤ ਕਈ ਕੁ ਜੋ ਲਿਖੇ
'ਪਏ ਉਤਾਰੇ ਪਾਸ ਮੇਰੇ ਅੰਦਰੇ,-
'ਓ ਲੈ ਜਾ ਤੂੰ ਨਾਲ ਪੜ੍ਹੀਂ ਚਿਤਾਰਕੇ,
'ਦਸਖਤ ਤੇਰੇ ਕੰਤ ਸਿੰਘ ਸੁਜਾਨ ਦੇ।
'ਸਾਈਂ ਵਾਲੇ ਭੇਤ ਜੀਵਨ-ਗੁੰਝਲਾਂ;
'ਗੋਰਖ ਧੰਦੇ ਢੇਰ ਇਸ ਸੰਸਾਰ ਦੇ
'ਖੋਲ੍ਹ ਧਰੇ ਹਨ ਸਾਫ਼, ਜੀਕੂੰ ਜੰਦਰੇ
'ਕੁੰਜੀ ਦੇਵੇ ਖੋਲ੍ਹ ਸਹਿਜੇ ਸੌਖਿਆਂ।'

ਇਹ ਕਹਿ ਅੰਦਰ ਜਾਇ ਲਜਾਈ ਸੰਤਣੀ
ਬਸਤਾ ਇਕ, ਰੁਮਾਲ ਲਾਲ ਵਲ੍ਹੇਟਿਆ।
ਪਿਖ ਪਜਾਰੇ ਦੀ ਚੀਜ਼ ਰਾਣੀ ਉੱਠਕੇ
ਗਲ ਪੱਲਾ ਹੱਥ ਜੋੜ ਅੱਖਾਂ ਨੀਵੀਆਂ
ਕਰਕੇ ਸੀਸ ਨਿਵਾਇ ਗੋਡੇ ਟੇਕਕੇ।
ਕੀਤੀ ਦੰਡ ਪ੍ਰਣਾਮ -ਮੱਥਾ ਟੇਕਦੀ

'ਸ਼ੁਕਰ ਸ਼ੁਕਰ', ਮੂੰਹ ਆਖ ਕਹਿੰਦੀ, 'ਧੰਨ ਤੂੰ',
'ਦਿੱਤਾ ਅੱਜ ਮਿਲਾਇ, ਪਜਾਰੀ ਸੰਤਣੀ;
'ਮੈਨੂੰ ਹਿਰਦਾ-ਕੰਤ, ਮੇਰੇ ਸੰਤ ਦਾ,
'ਜਿਸਦੇ ਕਾਰਣ ਕੰਤ ਸੀਗੇ ਸੰਤ ਜੀ।
'ਮਨ ਅਪਣਾ ਉਹ ਸੌਂਪ ਏਨ੍ਹਾਂ ਕਾਗਤਾਂ
'ਰੱਖ ਗਏ ਇਸ ਲੋਕ; ਧੰਨ ਸੁਜਾਨ ਜੀ !
'ਮੈਂ ਜਾਣਾ ਅਜ ਫੇਰ ਮਿਲਿਆ ਹੈ ਪਤੀ।
'ਪਾਤੀ ਪਤੀ ਸਮਾਨ ਬਿਰਹੋਂ ਹੋਂਵਦੀ।'

ਸ਼ੁਕਰ ਸ਼ੁਕਰ ਦਿਲ ਧਾਰ 'ਸ਼ੁਕਰ' ਉਚਾਰਕੇ,
ਬਸਤਾ ਅਦਬ ਸੁ ਨਾਲ ਲੈ ਸਿਰ ਰੱਖਿਆ।
ਕੀਤਾ ਸ਼ੁਕਰ ਉਚਾਰ ਕਿੰਨੀ ਵਾਰ ਹੀ
ਉਸ ਪਜਾਰੀ ਦਾ ਫੇਰ, ਬਖਸ਼ਜਾ ਸੀ ਜਿਨ੍ਹੇ
ਸਾਈਂ ਦਾ ਭੰਡਾਰ ਬੜਾ ਅਮੁੱਲਵਾਂ।
ਹੁਣ ਬੀ ਰਾਧਾਂ ਟੁੰਬ ਫਿਰ ਹੈ ਆਖਦੀ:
'ਚਲੋ ਘਰਾਂ ਨੂੰ ਦੇਰ ਬਾਲ੍ਹੀ ਹੋ ਗਈ।'

ਪਰ ਹੁਣ ਫੜਕੇ ਬਾਂਹ ਬੋਲੀ ਸੰਤਣੀ:-
'ਬਾਕੀ ਹੈ ਇਕ ਹੋਰ ਭੇਤ ਜੁ ਜਾਪਦਾ
'ਮੇਰੇ ਰਿਦੇ ਅਮਾਨ ਵਾਂਙੂ ਰੱਖਿਆ,-
'ਉਹ ਰਾਣੀ ਜੀ ਆਪ ਸੁਣਨਾ ਧਜਾਨ ਦੇ,
'ਫਿਰ ਹੇਠਾਂ ਦੀ ਵੱਲ ਜੰਮ ਜੰਮ ਜਾਵਣਾ।'

ਫੜ ਰਾਣੀ ਦੀ ਬਾਂਹ ਅੰਦਰ ਲੈ ਗਈ;
ਵਿੱਚ ਇਕਾਂਤ ਬਿਠਾਇ ਕਹਿੰਦੀ, 'ਪਜਾਰੀਏ !
'ਤੂੰ ਕੱਲੀ ਹੈਂ, ਹੀਣ ਸੰਗਤ ਮੇਲ ਤੋਂ;
'ਜਗ ਜੀਵਨ ਅਤਿ ਔਖ ਬਿਨ ਸਤਿਸੰਗ ਦੇ:
'ਸਤਿਸੰਗਤ ਨੂੰ ਪਾਇ ਸਫਲੇ ਜੀਵਨਾ।'

ਲੰਮਾ ਲੈਕੇ ਸਾਹ ਰਾਣੀ ਨੇ ਕਿਹਾ:-
'ਹੈ ਸਤਿਸੰਗ ਇੱਕ ਹਰਦਮ ਮੈਂਡੜਾ,
'ਮੈਂ ਤੇ ਉਸ ਦੀ ਯਾਦ ਰਲਕੇ ਬੈਠੀਏ,
'ਕਰੀਏ ਇਹ ਸਤਿਸੰਗ ਹੋਰ ਨ ਭਾਲੀਏ;
'ਹਾਂ ਪਜਾਰੇ ਦਾ ਪ੍ਰੇਮ ਕੋਈ ਪਜਾਰੂਆ
'ਭਿੱਜਾ ਉਸ ਦੇ ਪ੍ਰੇਮ ਮੈਨੂੰ ਜੇ ਮਿਲੇ
'ਉਸ ਦਾ ਕਰਨਾ ਸੰਗ ਪਜਾਰਾ ਜਾਪਦਾ:
'ਸੋ ਇਕ ਮਿਲੀਓਂ ਅੱਜ ਤੂੰ ਹੈਂ ਪਜਾਰੀਏ !
'ਤੇਰੀ ਹਾਂ ਮੈਂ ਦਾਸ, ਤੇਰੇ ਪਾਸ ਮੈਂ
'ਆਯਾ ਕਰਸਾਂ ਆਪ ਚਲ ਸਤਿਸੰਗ ਨੂੰ।
'ਹੁਣ ਜਦ ਆਊਂ ਫੇਰ ਆਊਂ 'ਕੱਲੜੀ;
'ਨਾਲ ਨ ਹੋਊ ਕੋਇ ਟੁੰਬਣ ਵਾਲੜਾ।'

ਸ਼ਾਂਤਮਈ ਤਦ ਵਾਕ ਆਖੇ ਸੰਤਣੀ:-
'ਮੈਂ ਰਹਿਣਾ ਏਕਾਂਤ, ਉਮਰ ਬਿਤਾਵਣੀ
'ਇੱਸੇ ਥਾਂ ਤੇ ਵੱਸ,- ਆਗਜਾ ਸੀ ਇਹੋ,
'ਕੀਨੀ ਵਡਿਆਂ ਆਪ ਮੈਨੂੰ, ਪਜਾਰੀਏ !
'ਤੇਰਾ ਆਵਣ ਜਾਣ ਹੋਇਆ ਬੌਤ੍ਰ ਜੇ,
'ਤੇਰੇ ਕਾਰਣ ਹੋਰ ਸੱਜਣ ਬੀ ਕਈ
'ਲੱਗ ਜਾਣਗੇ ਆਣ, ਰਹੂ ਇਕਾਂਤ ਨਾ:
'ਆਗਜਾ ਹੋਊ ਭੰਗ ਪਜਾਰੇ ਤਾਤ ਦੀ।
'ਦੁਰਗਮ ਪਰਬਤ, ਔਖ ਚੜ੍ਹਨਾ ਏਸ ਦਾ;
'ਤੂੰ ਕੋਮਲ ਸੁਕੁਮਾਰ ਲਾਡੀਂ ਹੈਂ ਪਲੀ,
'ਇਤਨਾ ਕਸ਼ਟ ਸਹਾਰ ਨਿਤ ਦਾ ਅਵਣਾ
'ਝੱਲਿਆ ਜਾਊ ਨਾਹਿੰ, ਔਖੀ ਹੋਇੰਗੀ।
'ਤੀਜੇ ਤੂੰ ਹੈਂ ਨਾਰ ਸੱਚੇ ਸੰਤ ਦੀ
'ਪ੍ਰੇਮ ਭਗਤਿ ਦਾ ਰੂਪ ਧਰਮ ਸ਼ਿੰਗਾਰੀਏ !
'ਤੂੰ ਮੇਰੇ ਤੁਰ ਆਇੰ, ਚੜ੍ਹਦਾ ਭਾਰ ਹੈ
'ਇਉਂ ਮੇਰੇ ਸਿਰ ਢੇਰ -ਮੈਂ ਨਾ ਆ ਸਕਾਂ-
'ਹੀਯਾ ਨ ਪੈਂਦਾ ਏਹ ਕਰਾਂ ਬਿਅੱਦਬੀ।
'ਭਾਵੇਂ ਸੂਰਤ ਸਿੰਘ ਏਥੇ ਆਂਵਦੇ,
'ਚੜ੍ਹਦਾ ਮੈਂ ਸਿਰ ਭਾਰ ਹੋਇ ਬਿਅੱਦਬੀ;
'ਪਰ ਸਕਦੀ ਨਾ ਟਾਲ ਮਰਜ਼ੀ ਸੰਤ ਦੀ।
'ਸੁਣ ਹੁਣ ਗੁੱਝਾ ਭੇਤ ਲੁਕਵੀਂ ਗੱਲ ਦਾ
'ਜੋ ਮੈਨੂੰ ਸੀ ਆਪ ਰਾਣੇ ਦੱਸਿਆ,
'ਮੇਰੇ ਪਾਸ ਅਮਾਨ ਵਾਂਙੂ ਜੋ ਪਿਆ;
'ਅਪਣੀ ਲਓ ਸੰਭਾਲ 'ਮਾਨਤ ਰਾਜ ਜੀ

ਤੋਰੋ ਕੀਆ ਤੁਝਹਿ ਕਿਆ ਅਰਪਉ

{ਧਨਾ: ਰਵਿ:}

'ਇਹ ਸੱਚੇ ਹਨ ਵਾਕ ਸਦਾ ਅਟੱਲਵੇਂ,

'ਇਸ ਆਸ਼ੇ ਅਨੁਸਾਰ ਦੇਵਾਂ ਆਪ ਦੀ
'ਆਪ ਜੋਗ ਹਾਂ ਚੀਜ਼ ਵਾਂਙੂ ਮਾਲੀਆਂ–

'ਕਾਲੇ ਬਨ ਦੇ ਮੁੱਢ ਦੱਖਣ ਲਾਂਭ ਨੂੰ,
'ਉਸ ਪਰਬਤ ਦੇ ਪਾਸ ਜਿੱਥੇ ਜੰਗਲੀ
'ਗੁਲਾਬਾਸ਼ਿ ਦੇ ਪੇੜ ਆਪੇ ਉੱਗਦੇ,
'ਸੱਜੇ ਪਾਸੇ ਜਾਇ ਪੱਥਰ ਵੱਡੜੇ
'ਉੱਚੇ ਬੜੇ ਚਿਟਾਨ ਵਾਂਙੂ ਜੋ ਖੜੇ;
'ਡਿੱਗੇ ਪਾਣੀ ਧਾਰ ਏਹਨਾਂ ਵਿੱਚ ਦੀ,
'ਸਿਰ ਟਕਰਾਵੇ ਨੀਰ ਨਾਲ ਸੁ ਪੱਥਰਾਂ;
'ਮਾਨੋਂ ਉਤਰੇ ਹੇਠ ਲਹਿੰਦਾ ਪੌੜੀਆਂ;
'ਦੋ ਪੱਥ੍ਰਾਂ ਵਿਚ ਹੋਇ ਖਾਂਦਾ ਪੇਚ ਹੈ;
'ਫਿਰ ਡਿਗਦਾ ਵਿਚ ਸੈਲ ਟੱਕਰ ਖਾਂਵਦਾ,
'ਐਉਂ ਪਟਕਦਾ, ਪੇਚ ਖਾਂਦਾ, ਡਿੱਗਦਾ,
'ਸੱਟਾਂ ਖਾਂਦਾ ਢੇਰ ਬਣਦਾ ਝੱਗ ਹੈ;
'ਡਿਗਦਾ ਹੇਠਾਂ ਜਾਇ ਧਾਇਆ ਖੱਡ ਨੂੰ;
'ਕਾਲੇ ਸਾਰੇ ਰੰਗ ਓਸ ਕਿਨਾਰੜੇ
'ਜਿਤਨੇ ਸੈਲ ਚਿਟਾਨ ਖੜੇ ਡਰਾਵਣੇ।
'ਇਕ ਚਿੱਟਾ ਦੁਧ ਵਾਂਙ ਖੜਾ ਚਿਟਾਨ ਹੈ
'ਰਤਨ ਜੋਤ ਹੈ ਫੇਰ ਉਗਦੀ ਦੁਾਲੜੇ।
'ਇੱਥੇ ਜਾਵੇਂ ਜੋਇ ਖੱਬੀ ਲਾਂਭ ਨੂੰ
'ਪਾਣੀ ਤੋਂ ਕੁਛ ਦੂਰ ਰੱਖੀ ਹੈ ਸਿਲਾ:
'ਏਸ ਸਿਲਾ ਨੂੰ ਇੱਕ ਸਰਕਾ ਜੇ ਦਿਓਂ
'ਖੁੱਲ੍ਹ ਜਾਏਗਾ ਰਾਹ ਨਿੱਕਾ, ਰਾਜ ਜੀ !
'ਅੰਦਰ ਜਾਵੀਂ ਲੰਘ 'ਨ੍ਹੇਰਾ ਆਵਸੀ।
'ਲੈ ਦੀਵਾ ਇਕ ਨਾਲ, ਬਾਲੀਂ ਓਸ ਥਾਂ।
'ਖੱਬੇ ਪਾਸੇ ਜਾਇ ਦਸ ਵੀ ਪੈਰ ਤੇ
'ਇਕ ਆਵੇਗਾ ਫੇਰ ਬੂਹਾ ਵੱਜਿਆ,
'ਖਟ ਖਟਕਾਂਵੀਂ ਏਹ, ਅੰਦਰੋਂ ਆਇਗੀ
'ਗੂੰਜ ਭਰੀ ਇਕ ਵਾਜ ਵਾਂਙ ਗੁਟਾਰ ਦੇ
' 'ਅਕੁਲ ਨਿਰੰਜਨ' ਫੇਰ, ਤੂੰ ਮੁਖ ਆਖਣਾ,
'ਤਿੰਨ ਵਾਰ ਏ ਵਾਕ ਜਦ ਤੂੰ ਆਖਸੇਂ
'ਬੂਹਾ ਜਾਸੀ ਖੁੱਲ੍ਹ, ਲੰਘੀਂ ਅੰਦਰੇ।
' 'ਸੈਭੰ' 'ਸੈਭੰ', ਵਾਕ ਫੇਰ ਉਚਾਰਦੀ
'ਤੁਰੀ ਜਈਂ ਤੂੰ ਆਪ ਅੱਗੇ ਵੇਖਸੇਂ
'ਇੱਕ ਆਵੇਗਾ ਸਿੰਘ ਨਾਲ ਲਿਜਾਇਗਾ;
'ਜਾ ਪਹੁੰਚੇਂ ਸਤਿਸੰਗ ਵਿੱਚ ਪਿਆਰੀਏ।
'ਇਹ ਸਤਿਸੰਗ ਦਿਵਾਨ ਲਗਦਾ ਰੋਜ਼ ਹੈ;
'ਇਸ ਦੀ ਰੱਖੀ ਨੀਂਹ ਸੂਰਤ ਸਿੰਘ ਨੇ:
'ਹੁੰਦਾ ਹੈ ਸਤਿਸੰਗ ਤਦ ਤੋਂ ਏਸ ਥਾਂ
'ਜਦ ਤੋਂ ਏਸ ਪਹਾੜ ਸਿੱਖੀ ਆ ਗਈ।
'ਤਾਰੇ ਕਈ ਸੁਜਾਨ ਸੂਰਤ ਸਿੰਘ ਨੇ
'ਰਸੀਏ ਹਰਿ ਦੇ ਰੰਗ ਸੋਹਣੇ ਰੰਗਕੇ।
'ਸੋ ਸਭ ਏਥੇ ਆਨ ਜੁੜਦੇ ਸੋਹਿਣੇ,
'ਕਰਦੇ ਹਨ ਸਤਿਸੰਗ, ਜਿਕੁਰ ਦੱਸਿਆ
'ਰਾਣੇ ਜੀ ਨੇ ਆਪ ਉਹਨਾਂ ਜੋਗ ਸੀ।
'ਏ ਸਭ ਹਨਗੇ ਸੰਤ ਸੱਚੇ ਸਿੰਘ ਏ,
'ਗ੍ਰਿਸਤੀ ਹਨਗੇ ਏਹ ਕਰਦੇ ਕਾਰ ਹੈਂ:
'ਕੁਝ ਏਥੋਂ ਦੇ ਲੋਕ ਕੁਝ ਝਿਕ ਤੋਂ ਅਏ।
'ਰਾਤ ਅਰਧ ਜਦ ਬੀਤ ਪਜਾਰੀ, ਜਾਂਵਦੀ
'ਤਿਨ-ਪਹਿਰੇ ਤਕ ਸੱਭ ਪੌਂਚਣ ਏਸ ਥਾਂ।
'ਦਿਨ ਚੜ੍ਹਦੇ ਤਕ ਫੇਰ ਸਤਿਸੰਗ ਹੋਂਵਦਾ।
'ਫਿਰ ਸਾਰੇ ਚੁੱਪ ਚਾਪ ਉੱਥੋਂ ਜਾਂਵਦੇ,
'ਅਪਣੇ ਕੰਮੀਂ ਲੱਗ ਦਿਵਸ ਗੁਜ਼ਾਰਦੇ।
'ਇਸ ਸਤਿਸੰਗ ਵਿਚਾਲ ਸਾਰੇ ਆਂਵਦੇ
'ਪੂਰੇ ਭਾਂਡੇ ਸੰਤ ਪ੍ਰੇਮੀ ਰੱਬ ਦੇ।
'ਏ ਹੈ ਸਾਰੀ ਕਾਰ ਸੂਰਤ ਸਿੰਘ ਦੀ,
'ਜਿਸ ਨੇ ਏ ਸਤਿਸੰਗ ਰਚਿਆ ਸੋਹਿਣਾ
'ਪੂਰਾ ਸੀ ਉਹ ਆਪ ਕੀਤੇ ਪੂਰੜੇ
'ਕਈ ਅਪੂਰੇ ਲੋਕ ਗੁਰ ਪਥ ਪਾਇਕੇ।
'ਪੂਰਨ ਗੁਰੂ ਗਰੰਥ ਸਤਿਗੁਰ ਸਾਡੜੇ,
'ਏਨ੍ਹਾਂ ਦੇ ਲੜ ਲਾਇ ਤਾਰੇ ਸੱਭ ਸੇ।
'ਜਦ ਜਾਵੇਂ ਤੂੰ ਆਪ ਓਥੇ ਪਜਾਰੀਏ !
'ਰਾਜੀ ਹੋਵਣ ਸੱਭ ਤੈਨੂੰ ਵੇਖਕੇ।
'ਇਥੋਂ ਸਭ ਭੰਡਾਰ ਫਿਰ ਮਿਲ ਜਾਇਗਾ।

'ਤੂੰ ਕਹਿਆ ਸੀ ਆਪ ਤੈਨੂੰ ਸੀ ਕਿਸੇ
'–ਜਦ ਤੂੰ ਗਈਓਂ ਲੋਕ ਦਰਸ਼ਨ ਰੱਬ ਦੇ–

'ਝਾਕਾ ਕੰਤ ਦਿਖਾਲ ਦਿੱਤਾ ਸੋਹਿਣਾ,
'ਫਿਰ ਉਸ ਨੇ ਏ ਵਾਕ ਤੈਨੂੰ ਆਖਿਆ–
' 'ਕਰ ਓਹੋ ਹੀ ਕਾਰ ਕਰਦਜਾਂ ਸੀ ਜਿਨੂੰ
' 'ਸੂਰਤ ਸਿੰਘ ਸੁਜਾਨ ਪਹੁੰਚਾ ਜਾਇਕੇ
' 'ਸੱਚ ਖੰਡ ਵਿਚਕਾਰ, ਤਾਂ ਤੂੰ ਪਹੁੰਚਸੇਂ
' 'ਉਸ ਪਜਾਰੇ ਦੇ ਪਾਸ, ਕਦੇ ਨ ਵੱਛੁੜੇਂ।'
'ਉਹ ਰਸਤਾ ਸੁਣ ਰਾਜ ! ਉੱਥੋਂ ਪਾਇੰਗੀ।
'ਦੇਖੋ ਸਤਿ ਉਪਦੇਸ਼ ਕੀ ਹੈ ਆਖਦਾ:–

ਪ੍ਰਸ਼ਨ–
"ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥?"
ਉੱਤਰ–
"ਸਾਧਸੰਗਤਿ ਪਾਈ ਪਰਮ ਗਤੇ ॥"
{ਮਲਾ: ਰਵਿ:}

'ਜਿਸ ਸ਼ੈ ਦੀ ਤੂੰ ਲੋੜ ਮਨ ਵਿਚ ਜਾਣਦੀ,
'ਸੋ ਪਾਵੇਂਗੀ ਠੀਕ ਓਥੋਂ ਜਾਇਕੇ।

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥ {ਸੋਰ: ਮ: ੫}

'ਜਦ ਪਹੁੰਚੇਂ ਸਤਿਸੰਗ, ਆਗਜਾ ਪਾਇਕੇ
'ਜੈਸੀ ਉਥੋਂ ਹੋਇ, ਤੈਸਾ ਤੂੰ ਕਰੀਂ।'

ਇਹ ਕਹਿ ਹੋਈ ਚੁੱਪ ਤਦ ਓ ਸੰਤਣੀ:–
'ਸੁਰਖ਼ੂ ਹੋਈਆਂ ਅੱਤਿ –ਸ਼ੁਕਰ ਅਕਾਲ ਦਾ–
'ਦੇਕੇ ਅੱਜ ਅਮਾਨ ਸੱਚੇ ਸੰਤ ਦੀ
'ਭਾਰ ਗਿਆ ਹੈ ਲੱਥ ਜੋਸੀ ਮੈਂ ਸਿਰੇ'।
ਉੱਧਰ ਮਨ ਚਿਤ ਲਾਇ ਸੁਣਕੇ ਰਾਜ ਬੀ
ਹੋਈ ਪਰਮ ਪ੍ਰਸੰਨ ਸ਼ੁਕਰੇ ਭਿੱਜਕੇ।
ਸੁਣ ਕਹਿੰਦੀ ਮੁਖ, 'ਵਾਹ ! ਵਾਹ ਵਾ ਪਜਾਰੀਏ !
'ਵਾਹ ਪਜਾਰੇ ਦੀ ਠੀਕ ਪ੍ਰੇਮਣ ਤੂੰ ਅਹੇਂ,
'ਕੀਤਾ ਪਰਉਪਕਾਰ ਹੱਦੋਂ ਵੱਧਕੇ
'ਦਿੱਤਾ ਰਾਹੁ ਦਿਖਾਲ ਹੈ ਸਤਿਸੰਗ ਦਾ।
'ਮਨ ਅਰਪਾਂ ਸਿਰ ਦੇਉਂ ਸਰਬਸ ਦੇ ਦਿਆਂ;
'ਕੁਝ ਨ ਰੱਖਾਂ ਵਾਂਞ ਤੈਥੋਂ ਪਜਾਰੀਏ !
'ਹਾਂ ਮੈਂ ਅਧਮ ਅਜੋਗ ਜੋਗੀ ਨਾ ਕਿਸੇ।
' 'ਲੈਣਾ' ਸਿੱਖੀ ਇਕ 'ਸ੍ਵਾਰਥ' ਪੀਰ ਤੋਂ
'ਹੋਰ ਨ ਪੜ੍ਹਿਆ ਕੋਇ ਅੱਖਰ ਮੂਲ ਮੈਂ,
'ਗੁਰੂ ਕਹਿਣ ਪਰ ਆਪ ਸੁੰਦਰ ਵਾਕ ਏ:–

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ {ਵਡ: ਮ: ੧}

'ਸ਼ੁੱਕਰ ਵਾਲੀ ਅੱਖ ਇੱਕੋ ਗੱਲ ਮੈਂ
'ਮੂੰਹੋਂ ਕਹਿਣੀ ਸਿੱਖ, 'ਸ਼ੁਕਰ' ਉਚਾਰਦੀ:
'ਹੋਰ ਨਿਕਾਰੀ ਜੋਗ ਕਿਸੇ ਨ ਗੱਲ ਦੇ।'

ਇਹ ਕਹਿ ਬੇਵਸ ਹੋਇ ਪੈਰੀਂ ਪੈ ਗਈ:
ਝੱਲ ਨ ਸਕੀ ਸਰੀਰ ਅਪਣੇ ਪੈਰ ਤੇ।
ਪਰ ਉਸ ਪਰੀ ਸੰਭਾਲ ਸਿਰ ਨੂੰ ਚੁੱਕ ਕੇ
ਛਾਤੀ ਨਾਲ ਲਗਾਇ ਮੁਖ ਤੋਂ ਆਖਿਆ––

ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥ {ਸੁਖਮਨੀ}
ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ ॥
{ਵਾ: ਸਾ: ਮ: ੩}

ਹੁਣ ਏਨ੍ਹਾਂ ਦਾ ਹਾਲ ਕਹੀਏ ਹੋਰ ਕੀ,
ਸਮਝ ਲਵੋ ਚਿਤ ਲਾਇ ਸੋਚ ਵਿਚਾਰਕੇ,
ਸੋਚਜਾਂ ਬਣਦਾ ਠੀਕ ਕਹਿਣਾ ਨਾ ਬਣੇ।
ਦੋ ਵੱਲੀ ਹੈ ਸੁੱਖ ਮੌਜਾਂ ਦੇ ਰਿਹਾ,––
ਇੱਕ ਅਮੋਲਕ ਦਾਤ ਪਾਕੇ ਹੋ ਰਹੀ
ਪੁਤਲੀ ਸ਼ੁਕਰ–ਪਰੇਮ –ਧੰਨੀ ਆਪ ਹੋ;
ਦੂਜੀ ਦੇਇ ਅਮਾਨ ਸ਼ੁਕਰਾਂ ਵਿੱਚ ਹੈ।
ਦੋਵੇਂ ਸ਼ੁਕਰ ਗੁਜ਼ਾਰ ਪਰ ਰੰਗ ਵੱਖਰੇ,
ਗੰਗ ਜਮਨ ਦਾ ਜਾਣੁ ਸੰਗਮ ਹੋ ਰਿਹਾ।
ਕੋਈ ਜਾਣੇ ਦੋਇ ਫੁੱਲ ਗੁਲਾਬ ਦੇ
ਇਕ ਸ਼ੀਸ਼ੇ ਤੇ ਪਾਇ ਦੋ ਵੰਨ ਆਪਣੇ
ਰਲ ਮਿਲ ਇੱਕੋ ਹੋਇ ਇਕ ਰੰਗ ਦੇ ਰਹੇ।
ਪਰ ਅਪਣੇ ਹੀ ਆਣ ਕੰਟਕ ਵੱਜਦੇ।
ਰਾਧਾਂ ਦੇਂਦੀ ਵਾਜ ਕਹਿੰਦੀ ਕੂਕਦੀ:
'ਸੂਰਜ ਚੁਕਿਆ ਡੁੱਬ ਥੱਲੇ ਲੱਥਿਆ;
'ਰਾਣੀ ਬਾਹਰ ਆਉ ਆਈ ਰਾਤ ਹੈ।'

ਲੰਮੇ ਲੈਂਦੀਆਂ ਸਾਹ ਦੋਵੇਂ ਉੱਠੀਆਂ
ਘੁਟ ਘੁਟ ਮਿਲਦੀਆਂ ਘੁੱਟ ਜੱਫੀ ਪਾਂਦੀਆਂ,

ਦੋਵੇਂ ਆਈਆਂ ਬਾਰ੍ਹ ਹਥ ਵਿਚ ਹੱਥ ਲੈ;
ਵਿਦਾ ਲੱਗੀਆਂ ਹੋਣ ਆਪੋ ਵਿੱਚ ਓ।
ਕੁਛ ਫਲ ਫੇਰ ਖ਼ੁਆਲ ਨੀਰ ਪਿਲਾਇਕੇ
ਕਰਕੇ ਤਾਜ਼ਿਆਂ ਦੇਹ, ਗਲੇ ਲਗਾਇਕੇ
ਬਾਹਰ ਆਸ਼੍ਰਮ ਆਇ ਲਹਿਕੇ ਪੌੜੀਆਂ
ਕੀਤੀਆਂ ਪਰੀ ਵਿਦਾਇ ਰਾਣੀ, ਰਾਧਕਾਂ।

ਸਤਿ-ਸੰਗਤ ਦੇ ਮੀਤ ਤਿੰਨੇ ਐਕੁਰਾਂ
ਵਿਛੁੜ ਗਏ ਉਸ ਆਨ ਜਿਕੁਰ ਹੋਂਵਦਾ
ਸੂਰਜ ਪਿਆ ਵਿਦਾਅ ਪੱਛੋਂ ਲਾਂਭ ਨੂੰ:
ਨਿਉਂ ਨਿਉਂ ਕਰੇ ਸਲਾਮ ਆ ਰਹੀ ਸੰਝ ਨੂੰ,
ਮੁੜ ਮੁੜ ਪਾਵੇ ਝਾਤ ਬਦਲਾਂ ਵਿੱਚ ਦੀ,
ਭਰ ਭਰ ਅੱਖਾਂ ਫੇਰ 'ਪਹੁ' ਨੂੰ ਦੇਖਦਾ:
'ਪਹੁ' ਤੱਕੇ ਹੈ ਆਪ ਪੱਛੋਂ ਓਸ ਨੂੰ,
ਇੱਕੁਰ ਆਪੋ ਵਿੱਚ ਝਾਕੇ ਲੈਂਦਿਆਂ
ਸੂਰਜ ਉਹਲੇ ਹੋਇ ਛਿਪ ਹੈ ਜਾਂਵਦਾ:
ਤਿੱਕੁਰ ਰਾਣੀ ਰਾਜ ਉਹਲੇ ਹੋ ਗਈ।

ਕੁਟੀ ਵਿਖੇ ਮੁੜ ਆਇ ਬੈਠੀ ਸੰਤਣੀ,
ਭੁੱਲ ਗਈ ਸੀ ਯਾਦ ਦਿਲੋਂ ਕਬੂਤਰੀ;
ਹੁਣ ਫਿਰ ਚੁਗਦੀ ਵੇਖ ਚੇਤਾ ਆ ਗਿਆ।
ਕਹਿੰਦੀ ਮਨ ਵਿਚ ਸੋਚ: 'ਪੰਛੀ ਬੀ ਕਿਹੇ
'ਹਨਗੇ ਚਤੁਰ, ਸੁਜਾਨ, ਚੇਤਜਾਂ ਵਾਲੜੇ।
'ਜਦ ਅਸਿਂ ਜੋਗੀ ਸੇਇ ਤਦ ਤਾਂ ਨਾਥ ਜੀ
'ਭੇਜਜਾ ਕਰਦੇ ਏਹ ਪੰਛੀ ਏਸ ਥਾਂ
'ਇਸਦੇ ਗਲ ਵਿਚ ਬੰਨ੍ਹ ਨਿਜ ਸੰਦੇਸੜੇ।
'ਪਰ ਜਦ ਦੇ ਸਿੰਘ ਹੋਇ ਛਡਿਆ ਸੀ ਅਸਾਂ
'ਜੋਗੀ ਸੰਦਾ ਵੇਸ ਤਦ ਤੋਂ ਫੇਰ ਨਾ
'ਭੇਜਜਾ ਕੁਈ ਸੰਦੇਸ ਸਾਨੂੰ ਨਾਥ ਨੇ।
'ਪੰਛੀ ਸੀ ਅਜ ਏਹ ਚਲਿਆ ਹੋਰਥੇ,
'ਪਰ ਭੁੱਲਾ ਉਹ ਰਾਹ, ਪਿਛਲੀ ਯਾਦ ਨੇ
'ਲੈ ਆਂਦਾ ਇਸ ਥਾਉਂ, ਤਾਂਤੇ ਤੋਰੀਏ
'ਅਪਨੇ ਜਾਵੇ ਦੇਸ਼ ਕਰਨੇ ਕਾਰ ਨੂੰ।'

ਇਹ ਕਹਿ ਓਹੋ ਪੱਤ੍ਰ ਗਲ ਨੂੰ ਬਨ੍ਹ ਕੇ
ਦਿੱਤਾ ਤੁਰਤ ਉਡਾਇ ਵਿੱਚ ਅਕਾਸ਼ ਦੇ।

ਫਿਰ ਹੁਣ ਅੰਦਰ ਆਇ ਕੰਧਾਂ ਵੇਖਦੀ
ਪੜ੍ਹਦੀ ਮਨ ਚਿਤ ਲਾਇ ਸ਼ਬਦ ਸੁਹਾਵਣੇ
ਉਕਰੇ ਮਰਮਰ ਸੰਗ ਜਿਹੜੇ ਵਿੱਚ ਸੇ,
ਜੜਵਾਏ ਵਿਚ ਕੰਧ ਚਾਰੋਂ ਪਾਸੜੇ
ਸੂਰਤ ਸਿੰਘ ਸੁਜਾਨ ਜਜੁੰਦਿਆਂ ਆਪਣੇ,
ਰਹਿਣ ਨਿਸ਼ਾਨੀ ਏਹ ਏਸੇ ਗੱਲ ਦੀ
ਕੇ ਸਿੱਖਾਂ ਨੇ ਅੰਤ ਮੰਦਰ ਏਸ ਨੂੰ
ਦਿੱਤਾ ਆਣ ਬਣਾਇ ਮੰਦਰ ਰੱਬ ਦਾ।

ਫਿਰ ਸੋਚੇ ਮਨ ਨਾਲ ਦਿਨ ਦੀ ਵਿੱਥਿਆ,
ਸੋਚਾਂ ਸੋਚੇ ਫੇਰ, ਸੋਚੇ ਘਾਬਰੇ;
ਛੇਕੜ ਕਹੇ 'ਰਜਾਇ ਸੀ ਏ ਰੱਬ ਦੀ;
'ਹੁਕਮੇ ਅੰਦਰ ਖੇਲ ਸੱਭ ਵਰੱਤਿਆ।'
ਇਸ ਸੋਝੀ ਨੇ ਆਣ ਸੋਚਾਂ ਕੱਢੀਆਂ;
ਦਿੱਤਾ ਹ੍ਰਿਦਾ ਬਨਾਇ ਤਖਤਾ ਸਾਫ਼ ਸੀ,
ਬਰਫ਼ ਜਿਵੇਂ, ਜਾਂ ਹੋਇ ਕੋਰਾ ਕਾਗਤੰ।
ਜਿੱਕੁਰ ਵਗਦੀ ਵਾਉ ਡਾਢੇ ਜ਼ੋਰ ਦੀ,
ਦੇਂਦੀ ਆਣ ਹਿਲਾਇ ਸਾਗਰ-ਚੁੱਪ ਨੂੰ,–
ਲਹਿਰਾਂ ਪੈਣ ਹਜ਼ਾਰ ਉੱਚੀ ਭਾਰੀਆਂ;
ਉਥਲ ਪਥੱਲ ਜਹਾਜ਼ ਥੱਪੜ ਲਾਂਦੀਆ;
ਸ਼ੋਰ ਉਠੇ ਅਤਿ ਜ਼ੋਰ, ਸਾਗਰ ਵਿੱਚ ਹੈ।
ਝੱਗ ਬਣੇ ਸਿਰ ਆਇ, ਜੰਤੂ ਜੀਵ ਜੋ
ਵਸਦੇ ਪਾਣੀ ਵਿੱਚ ਘਾਬਰ ਜਾਂਵਦੇ।
ਪਰ ਜਦ ਪੌਣ ਖੜੋਇ ਮੂਲੋਂ ਜਾਂਵਦੀ,
ਸਾਗਰ ਦਾ ਰਿੜਕੀਣ ਉਥਲ ਪਥੱਲਣਾ,
ਲਹਿਰਾਂ ਦੇ ਜੁ ਪਹਾੜ ਉੱਚੇ ਉੱਠਣੇ
ਮਿਟ ਜਾਵਨ ਖਿਨ ਵਿੱਚ, ਤਲ ਤਦ ਸਾਫ਼ ਹੋ,
ਲਹਿਰ ਨ ਹੋਵੇ ਸ਼ੋਰ, ਤਾਂ ਹੋ ਜਾਂਵਦਾ
ਨਿਰਮਲ ਸਾਫ਼ ਸਮੁੰਦ ਖੜਾ ਅਡੋਲਵਾਂ।
ਇਕੁਰ ਉਸਦੀ ਬ੍ਰਿਤਿ ਹੁਈ ਅਡੋਲਵੀਂ,
ਪਹਿਲੇ ਵਾਂਙੂ ਫੇਰ ਟਿਕਿਆ ਚਿੱਤ ਸੀ
ਅਪਣੇ ਵਿਚ ਓ ਆਪ ਇਸਥਿਤ ਹੋਇਕੇ
ਸਾਈਂ ਚਰਨ ਸੰਭਾਲ ਸ਼ਰਨੀ ਪੈ ਰਹੀ।
ਜੀਵਨ ਮੁਕਤੀ ਸੁੱਖ ਸੀ ਓ ਮਾਣਦੀ

ਜਿਸਨੂੰ ਕਹੋ ਇਕਾਂਤ ਇਹ ਸੀ ਮਾਣਦੀ।
ਜਿਸਨੂੰ ਕਹੋ ਤਿਆਗ ਇਨ੍ਹ ਸੀ ਧਾਰਿਆ।
ਜਿਸਨੂੰ ਕਹੋ ਅਤੀਤ ਅਸਲ ਅਤੀਤ ਏ,
ਇਹ ਵਸਦੀ ਬਨ ਵਿੱਚ ਨਿਰਜਨ ਥਾਂਉਂ ਤੇ,
ਇਸਨੇ ਛਡਿਆ ਮੋਹ ਸਭ ਸੰਸਾਰ ਦਾ;
ਇਕ ਸਾਂਈਂ ਇਕ ਆਪ ਹੋਰ ਨ ਜਾਣਦੀ;
ਅਸਲੀ ਬਾਨ ਪਰੱਸਤ ਅਸਲ ਸਨਜਾਸ ਸੀ
ਇਸਨੇ ਧਾਰਜਾ ਠੀਕ, ਵੱਸੇ ਇਕੱਲੜੀ।
ਇਸਨੂੰ ਕਹਿਣਾ ਤਜਾਗ ਬਣਦਾ ਸੋਭਦਾ;
ਕਹੁ ਵਿਰੱਕੁ ਇਸ ਜੋਗ ਮੁਨਿਵਰ ਏਸ ਨੂੰ,
ਪੂਰਨ ਸਦਾ ਵਿਰਾਗ 'ਪਰ ਵੈਰਾਗ' ਹੈ
ਇਸ ਵਿਚ ਪੂਰਨ ਹੋਇ ਠਾਠਾਂ ਮਾਰਦਾ।
ਰਹੀ ਨਿਰਾਸਾ ਹੋਇ ਛੱਡੇ ਆਸਰੇ,
ਮਾਨਸ ਸੰਦੀ ਟੇਕ ਰੱਖੀ ਏਸ ਨਾ,
ਆਸਰਿਆਂ ਤੋਂ ਏਹ ਰਹੇ ਨਿਰਾਸਰੀ,
ਰੱਖਜਾ ਰੱਬ ਅਧਾਰ ਇੱਕੋ ਆਸਰਾ,
ਉੱਚੇ ਵਿਚ ਸਤਿਸੰਗ ਓ ਅਣਡਿੱਠਵੇਂ
ਰਹੀ ਜੁੜੀ ਤੇ ਮੌਜ ਸੱਚੀ ਮਾਣਦੀ।

ਪਰ ਇਹ ਅਤਿ ਦਾ ਤਜਾਗ ਡਾਢਾ ਗਾਖੜਾ
ਪਹਿਲੇ ਬਣੇ ਸੁਭਾਵ ਤੋਂ ਉਨ ਧਾਰਿਆ।
ਸਤਿਗੁਰ ਨੇ ਏਕਾਂਤ ਦੱਸੀ ਐਕੁਰਾਂ:-
ਵਸਦਜਾਂ ਵਿਚ ਸੰਸਾਰ ਸਾਈਂ ਨਾਲ ਹੋ
-ਜੁੜੇ ਰਿਹਾ ਹਰ ਆਨ- ਹੈ ਜੋ ਜੀਵਨਾ
ਅੰਦਰਲੀ ਏਕਾਂਤ, ਬੀ ਏਕਾਂਤ ਏ।

'ਸੋ ਇਕਾਂਤੀ ਜਿਸੁ ਰਿਦਾ ਥਾਇ ॥' {ਬਸੰਤ ਮ: ੫}

## ੧੯. ਮਾਤਾ ਵਿਰਲਾਪ

ਕਰਦਜਾਂ ਮਾਰੋ ਮਾਰ ਪੂਰਬ ਲਾਂਭ ਤੋਂ
ਦਿਨ ਦੇ ਰਾਜੇ ਆਇ ਤਹਤ ਜਮਾ ਲਿਆ,
ਤਖਤ ਸੁਨਹਿਰੀ ਬੈਠ ਕਿਰਨਾ ਮਾਰਦਾ
ਜਿੱਕੁਰ ਹੁੰਦੇ ਤੀਰ, ਮਾਰ ਉਡਾਂਵਦਾ
ਧੁੰਦ ਹਵਾੜ ਕੁਹੀੜ ਧਰਤੀ ਛਾਈਆਂ।
ਅੰਧੇਰਾ ਹੁਣ ਛੱਡ ਰੜੇ ਮਦਾਨ ਨੂੰ
ਨੱਸ ਗਿਆ ਡਰ ਖਾਇ ਇਸਦੇ ਤੇਜ ਤੋਂ
ਗੁਫਾਂ, ਕੋਠੀਆਂ, ਤੰਗ, ਪਰਬਤ ਕੰਦਰਾਂ,
ਲੁਕਿਆ ਇਹਨੀਂ ਥਾਂਉਂ ਸੁੰਗੜ ਸੈਂਮ੍ਹਿਆਂ।
ਚੱਕਰਵਰਤੀ ਰਾਜ ਸੂਰਜ ਦੇਵ ਦਾ
ਫੈਲ ਗਿਆ ਸਭ ਦੇਸ, ਡੰਕਾ ਵੱਜਿਆ।
ਥਲ ਵਾਂਙੂ ਅਸਮਾਨ ਮਾਨੋ ਹੈ ਰੜਾ।
ਜਿਸ ਪਰ ਵਹੇ ਸਮੁੰਦ ਤੇਜ ਪ੍ਰਕਾਸ਼ ਦਾ।
ਉਲਟਾ ਸੁੰਦਰ ਖੇਲ: ਹੇਠਾਂ ਜਲ ਵਹੇ,
ਉੱਤੇ ਥਲ ਸਰਪੋਸ਼ ਵਾਂਙੂ ਰੱਖਿਆ।
ਤਿੱਖਾ ਚਾਨਣ ਸਾਫ਼ ਡਲ੍ਹਕਾਂ ਮਾਰਦਾ
ਭਰਿਆ ਵਿੱਚ ਅਕਾਸ਼ ਠਾਠਾਂ ਮਾਰਦਾ,
ਇਸਦਾ ਮੋਲ੍ਹੇ-ਧਾਰ ਇਕ ਰਸ ਬੱਝਵਾਂ
ਲੱਥਾ ਹੇਠਾਂ ਮੀਂਹ ਸਾਰੀ ਭੂਮਿ ਤੇ।
ਕੋਠੇ, ਕੰਧਾਂ ਹੇਠ, ਵਿੱਚੀਂ ਵੇੜ੍ਹਿਆਂ,
ਸ਼ਹਿਰਾਂ, ਸੜਕਾਂ, ਬਾਗ਼, ਨਦੀਆਂ, ਜੰਗਲੀਂ
ਨਕਾ ਨੱਕ ਭਰਪੂਰ ਚਾਨਣ ਹੋ ਗਿਆ।
ਉੱਚੇ ਪਰਬਤ ਬੈਠ ਇਸ ਵਿਚ ਨ੍ਹਾਂਵਦੇ;
ਬੈਠੇ ਸਾਵੇ ਬ੍ਰਿੱਛ ਟੁਭੀਆਂ ਮਾਰਕੇ,
ਚਾਨਣ ਮੋਲ੍ਹੇ ਧਾਰ ਪੈ ਪੈ ਉੱਪਰੋਂ
ਤਿਲ੍ਹਕ ਧਰਾ ਨੂੰ ਜਾਇ ਉਸ ਪੁਰ ਫੈਲਦਾ।
ਪਾਣੀ-ਹੜ ਜਦ ਆਇ ਸਭ ਕੁਝ ਠਾਰਦਾ
ਪਰ ਇਸ ਚਾਨਣ ਕਾਂਗ ਜੱਗ ਤਪਾਇਆ,-
ਧਰਤੀ ਤਪ ਗਈ ਤਾਪ ਜਿੱਕੁਰ ਹੋਂਵਦਾ;
ਬ੍ਰਿੱਛ ਤਪੇ ਦੇ ਦੇਸ, ਪੌਣ ਤਪਾਤੀਆਂ।
ਏਸ ਤਪਤ ਤੋਂ ਫੇਰ ਘਾਬਰ ਫੈਲਰੀ,
ਠੰਢੀਂ ਥਾਂਈਂ ਜਾਇ ਲੋਕੀਂ ਬੈਠਦੇ;
ਐਪਰ ਬਿਰਹੋਂ ਤੀਰ ਖਾਧੇ ਸੀ ਜਿਨ੍ਹਾਂ
ਏਸ ਤਪਤ ਦੇ ਵਿੱਚ ਪ੍ਰੀਤਮ ਭਾਲਦੇ;
ਉਹਨਾਂ ਦੀ ਓ ਢਾਲ ਭੱਜੀ ਅੰਦਰੋਂ
ਜੋ ਗਰਮੀ ਦੀ ਰੋਕ ਕਰਦੀ ਸੀ ਕਦੀ:

ਗਰਮੀ ਦੇ ਬੀ ਤੀਰ ਪੈ ਗਜੇ ਝੱਲਣੇ।
ਰਾਜ ਕੌਰ ਦੀ ਮਾਂਉਂ ਰਾਣੀ ਬ੍ਰਿਧ ਬੀ
ਲਗੀ ਸਹਿਣ ਏ ਤੀਰ ਬਿਰਹੋਂ ਵਾਲੜੇ।
ਤੜਕ ਸਵੇਰੇ ਜਾਗ ਕਰ ਲਜਾ ਮਾਉਂ ਨੇ
ਨਿੱਤਨੇਮ ਦਾ ਪਾਠ ਨਾਲ ਪਰੇਮ ਦੇ।
ਨੌਂ ਦਸ ਘੜੀਆਂ ਤੀਕ ਬੈਠ ਉਡੀਕਦੀ
'ਰਾਜ ਕੌਰ ਹੁਣ ਆਇ, ਹੁਣ ਹੈ ਆਂਵਦੀ।'
ਰੋਟੀ ਹੋ ਗਈ ਤਜਾਰ, ਲੰਗਰ ਵਾਲਿਆਂ
ਦਿੱਤਾ ਆ ਸੰਦੇਸ਼ 'ਲੰਗਰ ਤਜਾਰ ਹੈ'।
ਹੁਣ ਅਕੁਲਾਈ ਮਾਂਉਂ ਧੀ ਨੂੰ ਤਾਂਘਦੀ:
ਅਪਨੇ ਕਮਰੇ ਵਿੱਚ ਬਚੜੀ ਹੈ ਨਹੀਂ,
ਜੋ ਸੀ ਖਾਸ ਦੀਵਾਨ ਉਹ ਬੀ ਸੱਖਣਾ,
ਪਾਠ ਕਰਨ ਦਾ ਥਾਂਉਂ ਖਾਲੀ ਹੈ ਪਿਆ,
ਧੁਰ ਕੋਠੇ, ਸਿਰ ਛੱਤ ਕਿਧਰੇ ਹੈ ਨਹੀਂ
ਫੋਲਜਾ ਮਹਲ ਤਿ ਬਾਗ਼, ਪਤ ਪਤ ਭਾਲਿਆ;
ਲੱਭੀ ਕਿਧਰੇ ਨਾਂਹ, ਹੁੱਟੀ ਭਾਲਦੀ।
ਫਿਰ ਦੌੜੇ ਅਸਵਾਰ ਵਲ ਸਮਾਧ ਦੇ,
ਕਿਰਨ ਜਿਵੇਂ ਪਰਤਾਇ ਚਿੱਟੀ ਚੀਜ਼ ਤੋਂ
ਪਰਤ ਅਏ ਸਿਰ ਫੇਰ ਕਹਿੰਦੇ 'ਹੈ ਨਹੀਂ'।
'ਬੁਤ ਸੂਰਤ ਸਿੰਘ ਪਾਸ' ਭੱਜੇ ਫੇਰ ਏ;
ਪੱਥਰ ਨੂੰ ਵਜ ਮੇਖ ਮੁੜਦੀ ਜਿੱਕੁਰਾਂ
ਮੁੜ ਆਏ, ਕਹਿੰ 'ਨਾਂਹ ਰਾਣੀ ਓਸ ਥਾਂ'।
ਬਾਗ਼ ਬੜੇ ਫਿਰ ਜਾਇ ਪਤ ਪਤ ਢੂੰਡਿਆ,
ਦਿੱਤਾ ਸਾਫ਼ ਜਵਾਬ ਸਾਰੇ ਬਾਗ਼ ਨੇ,
ਕੰਨਾਂ ਨੂੰ ਹੱਥ ਲਾਇ ਬੂਟੇ ਆਖਦੇ—
'ਸਾਇਂ ਸਾਇਂ ਸੈਂ ਸਾਂਇ ਦਿਸੀ ਨਾਂ ਅਸਾਂ
'ਅੰਮੀ ਦੀ ਦਿਲ ਨੂਰ ਮਾਲਕ ਆਪਣੀ'।
ਖਾਲੀ ਜਦ ਇਹ ਭਾਲ ਸਾਰੀ ਹੋ ਗਈ,
ਸਿਰ ਆਸਾ ਦਾ ਨਾਲ ਚਿੱਥਜਾ ਸੀ ਗਿਆ:
ਅਈ ਨਿਰਾਸਾ ਧਾਇ ਹੁਣ ਸੀ ਪੁੱਜਕੇ
ਲਿਆ ਵਲੂੰਧਰ ਏਸ ਮਾਤਾ ਦਾ ਰਿਦਾ।
ਛੱਲੇ ਸਾਵੇ ਗੋਲ ਘੇਰੇ ਖਾਂਵਦੇ
ਅੱਖਾਂ ਅੱਗੇ ਆਇ ਭੌਂਦੇ, ਦੌੜਦੇ।
ਹਿਲਿਆ ਸਾਰਾ ਮੈਲੁ ਅੱਖਾਂ ਅੱਗਿਓਂ;
ਦੁਨੀਆਂ ਹਿੱਲੀ ਨਾਲ ਜਿਵੇਂ ਭੁਚਾਲਵੀਂ।
ਰਾਣੀ ਦੇਖੇ ਐਉਂ ਮਾਨੋਂ ਜੱਗ ਏ
—ਯਖ਼ ਜਜੋਂ ਗਰਮੀ ਨਾਲ— ਢਲਨੇ ਲੱਗਿਆ।
ਅੱਖਾਂ ਦਾ ਹੁਣ ਤੌਰ ਹੋਇਆ ਹੋਰਵੇਂ;
ਜਦ ਬ਼ਦਲਜਾ ਅੱਖ-ਤੌਰ ਬਦਲਜਾ ਦ੍ਰਿਸ਼ਜ ਬੀ।
ਮਿੱਤ ਨ ਦਿੱਸੇ ਕੋਇ, ਸੱਭੇ ਓਪਰੇ।
ਹਿਰਦੇ ਦਾ ਆਧਾਰ ਹੈਸੀ ਆਸ ਏ:
'ਬਚੜੀ ਅੱਖਾਂ-ਨੂਰ ਮੇਰੇ ਪਾਸ ਹੈ'
ਸੋ ਹੁਣ ਲਭਦੀ ਨਾਹਿੰ ਹਿਰਦਾ ਡਿੱਗਿਆ
ਧੜ ਧੜ ਕਰਦਾ ਮੈਲੁ ਕੋਈ ਹੋ ਜਿਵੇਂ
ਥੰਮ੍ਹ ਟੁਟੇ ਤੇ ਡਿੱਗ ਟੁਕੜੇ ਹੋਂਵਦਾ।

ਹਾਇ ਨਿਰਾਸਾ ਡੈਣ ! ਢਾਰਸ ਖਾਣੀਏਂ !
ਆਸਾ ਦੀ ਗੁਲਜ਼ਾਰ ਲੂਹੇਂ ਤੂੰ ਸਦਾ
ਦੁਨੀਆਂ ਝੂਠੀ ਭਾਸ ਬੁਰੀ ਲਗਾ ਦਏਂ;
ਹਿਰਦੇ ਦੇਵੇਂ ਘੋਲ ਮਹੁਰਾ ਐਕੁਰਾਂ
ਸਭ ਕੁਝ ਲੱਗੇ ਵਿੱਖ ਅੰਮ੍ਰਿਤ ਹੋ ਰਹੇ।
ਜਦੋਂ ਨਿਰਾਸਾ ਆਇ ਦਿਲ ਨੂੰ ਨੱਪਦੀ
ਪਹਿਲੇ ਜੀਵ ਉਦਾਸ ਹੁੰਦਾ ਜੱਗ ਤੋਂ,
ਅਪਣੇ ਆਪੋਂ ਫੇਰ ਧੋਵੇ ਹੱਥ ਹੈ।
ਲੱਗਸੁ ਕੌੜਾ ਜ਼ਹਰ ਅਪਣਾ ਆਪ ਜਾਂ
ਇਸਤੋਂ ਖਾਵੇ ਲਾਜ, ਚਾਹੇ ਮੇਟਣਾ
ਇਸਦਾ ਹੀ ਖੁਰ ਖੋਜ, ਆਖੇ: 'ਹਾਇ ਮੈਂ
'ਕਿਉਂ ਹੋਯਾ ਸੁਰਜੀਤ ਸੁਰਤਾਂ ਵਾਲੜਾ ?
'ਹਨ ਸੁਖੀਏ ਏ ਬ੍ਰਿਛ, ਪੱਥਰ ਨੀਰ ਏ
'ਸੁਰਤ ਨ ਏਨ੍ਹਾਂ ਵਿੱਚ ਦੁਖੀ ਨ ਹੋਂਵਦੇ।
'ਹੇ ਰੱਬਾ ! ਕਰ ਮੇਰੂ ਵੱਟਾ ਇਟ ਹੀ
ਮੈਨੂੰ ਦੇਹਿ ਬਣਾਇ, ਛੁੱਟਾਂ ਮੈਂ ਕਿਵੇਂ।'
ਅੰਮ੍ਰਿਤ ਅਪਣਾ ਆਪ, ਵਿਚ ਵਿਸ ਘੋਲਦੀ
ਆਇ ਨਿਰਾਸਾ ਡੈਣ —ਡਾਢੀ ਏ ਬੁਰੀ।
ਕੂਹ ਕੂਹ ਮਾਰੇ ਓਹ ਜੀਵ ਅਮੌਤ ਨੂੰ,
ਉਹ ਮਾਰੇ, ਇਹ ਨਾਹਿੰ ਮਰਦਾ; ਲੁੱਛਦਾ
ਜਜੂਣ, ਮਰਣ ਵਿਚਕਾਰ ਹੋ ਅਧਮੋਇਆ,

ਹਰਦਮ ਟੁਟ ਟੁਟ ਭੱਜ, ਤੜਫੇ ਐਕੁਰਾਂ
ਟੁੱਟਾ ਕੰਨਖਜੂਰ ਜੀਕੂੰ ਹੋਂਵਦਾ;
ਐਕੁਰ ਬੁਰਾ ਹਵਾਲ ਪਹਿਲੋਂ ਹੈ ਕਰੇ,
ਲਏ ਨਿਰਾਸਾ ਘੁੱਟ ਮਗਰੋਂ ਹੈ ਗਲਾ:
ਜਿਸਨੇ ਮਾਤਾ ਅੱਜ ਲੀਤੀ ਘੇਰ ਹੈ।

ਹੋਵੇ ਜਦੋਂ ਅਰੋਗ ਸ਼ੇਰ ਡਰਾਵਣਾ
ਕੀ ਮਾਨੁਖ ਕੀ ਜੰਤੁ ਰਹਿੰਦੇ ਵਿੱਥ ਤੇ,
ਪਰ ਜਦ ਜ਼ਖਮੀ ਹੋਇ ਓਹੋ ਸ਼ੇਰ ਹੈ
ਡਿੱਗੇ ਹੋ ਬੇਵੱਸ, ਨਿੱਕੀ ਕੀੜੀਆਂ
ਆ ਆ ਮਾਰਨ ਡੰਗ, ਟੁਕ ਟੁਕ ਖਾਂਦੀਆਂ;
ਤਿਵੇਂ ਗਿਆ ਸੀ ਟੁੱਟ ਹਿਰਦਾ ਮਾਉਂ ਦਾ
ਵਾਂਗ ਸ਼ੇਰਨੀ ਸੀਗ ਜੋ ਬਲ ਵਾਲੜਾ।
ਘਾਇਲ ਹਿਰਦਾ ਏਹ 'ਸੰਸੇ' ਵੇਖਿਆ,
ਕੀੜੀ ਵਾਂਙੂ ਦੌੜ ਆਇਆ ਖਾਣ ਨੂੰ।
ਵੜ ਮਾਤਾ ਦਿਲ ਵਿੱਚ ਫੱਟਜਾ ਜੋ ਸਿਗਾ,
ਵਧਿਆ ਜਾਕੇ ਚੱਕ ਚੀਸਾਂ ਪਾਵਣਾਂ।
ਸੋਚ ਲੱਥੜੀ ਮਾਉਂ ਤੜਫੀ; ਉੱਠੀਆ
ਜਿੱਕੁਰ ਕੀੜੀ-ਡੰਗ ਫੱਟੇ ਜੀਵ ਨੂੰ
ਦੇਵੇ ਹੈ ਤੜਫਾਇ ਕਰੇ ਵਿਆਕੁਲਾ।
ਸੰਸੇ ਨੇ ਹੁਣ ਚੱਕ ਹਿਰਦੇ ਮਾਉਂ ਨੂੰ
ਆਣ ਮਾਰਿਆ ਏਹ 'ਮਤਾਂ ਕਲੂਰ ਦਾ
'ਰਾਜਾ ਕਰਕੇ ਧ੍ਰੋਹ ਰਾਤੀਂ ਸੁੱਤਿਆਂ
'ਪੁਤ੍ਰੀ ਮੇਰੀ ਚੁੱਕ ਦੇਸੀਂ ਲੈ ਗਿਆ।'
ਪੇਚਤਾਬ ਹੁਣ ਖਾਇ ਅੰਦਰੋਂ ਜ਼ੋਰ ਦਾ
ਉੱਠੀ ਰੋਹ ਵਿਚਕਾਰ ਭਬਕਾਂ ਮਾਰਦੀ।
ਜਿਉਂ ਜਿਉਂ ਵੱਜੇ ਡੰਗ ਸੰਸੇ ਏਸ ਦਾ
ਤਿਉਂ ਤਿਉਂ ਰਾਣੀ ਸੀਸ ਚੜ੍ਹਦਾ ਰੋਹ ਸੀ:
ਸੈਨਾਪਤੀ ਬੁਲਾਇ ਕਹਿੰਦੀ: 'ਝਬ ਹੀ
'ਫੌਜਾਂ ਕਰੋ ਤਿਆਰ ਜਾਉ ਕਲੂਰ ਨੂੰ
'ਲਜਾਵੋ ਬਚੜੀ ਖੋਹ, ਉਸਦੇ ਪੰਜਿਓਂ।'

ਹੁਕਮ ਪਾਇ ਸਿਰ ਨਜਾਇ ਬਖਸ਼ੀ ਜਾਂਵਦਾ:
ਤੋਰੇ ਕੁਝ ਅਸਵਾਰ ਰਸਤਜਾਂ ਵੱਲ ਨੂੰ,
ਪੂਰਬ ਪੱਛਮ ਓਰ ਭਾਲ ਕਰਾਂਵਦਾ
ਕੁਝ ਭੇਜੇ ਬਨ ਵਿੱਚ ਚਿੱਟੀ ਧਾਰ ਨੂੰ,
ਕੁਝ ਕਾਲੇ ਬਨ ਵੱਲ ਕੁੱਝ ਹਿਠਾੜ ਨੂੰ;
ਬਨ ਪਰਬਤ ਸਭ ਥਾਉਂ ਹੁੰਦੀ ਢੂੰਡ ਹੈ।

ਸ਼ਿਖਰੇ ਬੈਠੀ ਉਹ ਪਰੀ ਮਹਲ ਤੇ:
ਏ ਢੂੰਡਣ ਸਭ ਹੇਠ ਹੋਏ ਬਾਉਲੇ।
ਬਖਸ਼ੀ ਨੇ ਜਾਸੂਸ ਸਜਾਣੇ ਚੋਣਵੇਂ
ਚੁਪਕੇ ਦਿੱਤੇ ਟੋਰ ਵੱਲ ਕਲੂਰ ਦੀ।
ਉੱਧਰ ਜਾਕੇ ਆਪ ਸੈਨਾ ਨੂੰ ਇਹੋ
ਦਿੱਤਾ ਹੁਕਮ ਸੁਣਾਇ: 'ਕਰੋ ਤਿਆਰੀਆਂ,
'ਅੱਖ ਫੋਰ ਦੀ ਦੇਰ ਜਿੰਨੀ ਦੇਰ ਨਾ
'ਲੱਗਣ ਦੇਵੋ ਮੂਲ, ਹੋਵੋ ਤਜਾਰ ਜਾ।'
ਕਰੀ ਹਰਾਵਲ ਤਜਾਰ ਛੇਤੀ ਸੱਭ ਤੋਂ;
ਸਰਹੱਦੀ ਜੋ ਫੌਜ ਉਸਨੂੰ ਆਗਿਆ
ਤਜਾਰ ਰਹਿਣ ਦੀ ਨਾਲ ਬਖਸ਼ੀ ਭੇਜਦਾ।
ਤਜਾਰ ਕਰਾਕੇ ਸਭ ਹੁਕਮ 'ਨੁਸਾਰ ਓ
ਕੁਝ ਚਿਰ ਦੇ ਸੀ ਬਾਦ ਬਖ਼ਸ਼ੀ ਆ ਗਿਆ,
ਕਹਿੰਦਾ, 'ਮਾਤਾ ! ਸ਼ੰਕ ਦਿਲੋਂ ਮਿਟਾਇ ਦੇ:
'ਰਾਇ ਕਲੂਰਾ ਨਾਂਹ ਰਾਣੀ ਲੈ ਗਿਆ;
'ਰਾਜਾ ਹੈ ਨਹੀਂ ਦੇਸ਼ ਦਿੱਲੀ ਹੈ ਗਿਆ;
'ਦਿਨ ਕੁਝ ਬੀਤੇ ਹੈਨ ਤੁਰ ਉਸਨੂੰ ਗਿਆਂ।
'ਆਯਾ ਉਧਰੋਂ ਇਕ ਹੈ ਇਤਬਾਰੀਆ;
'ਪੱਕੀ ਹੈ ਇਹ ਸੋਇ ਜੋ ਮੈਂ ਆਖਦਾ:
'ਰੋਕ ਲਈ ਮੈਂ ਫੌਜ ਮਾਤਾ, ਓਧਰੋਂ।
'ਭੇਜੇ ਸਨ ਜਾਸੂਸ ਆਏ ਰਸਤਿਓਂ
'ਪੱਕੀ ਲੈ ਕੇ ਸਾਰ ਓਹਬੀ ਮਾਉਂ ਜੀ !
'ਫੌਜ ਖੜੀ ਤਈਆਰ ਧਾਵੇ ਵਾਸਤੇ
'ਹੁਕਮ ਕਰੋ ਜੇ ਆਪ ਬੋਲਾਂ ਕੂਚ ਮੈਂ;
'ਪਰ ਇਹ ਹੈ ਨਹਿ ਠੀਕ, ਨੀਤੀ ਸੋਚ ਲੌ,
'ਰਾਣੀ ਓਥੇ ਨਾਂਹ, ਹੁਕਮ ਦਸਾਵਣਾ।
'ਮੇਰੀ ਜਾਚੇ, ਮਾਤ ! ਰਾਣੀ ਹੋਇਗੀ
'ਬੈਠੀ ਕਿਧਰੇ ਲੁੱਕ ਅੱਗੇ ਵਾਂਗੁਰੇ।'

ਸੁਣ, ਲੈ ਲੰਮਾ ਸਾਹ; ਕਹਿੰਦੀ, 'ਬੱਚੀਏ
'ਘੱਤੇਂ ਵਖਤਾਂ ਵਿੱਚ ਬੁੱਢੀ ਮਾਉਂ ਨੂੰ

'ਜਾ ਲੁਕੀਓਂ ਕਿਸ ਠਾਉਂ ਦਸ ਜਾ ਆਣਕੇ।'
'ਬਖ਼ਸ਼ੀ ! ਭੇਜੋ ਫੌਜ ਸਾਰੇ ਜੰਗਲੀਂ,
'ਢੂੰਡ ਕਰੋ ਉਸ ਭਾਲ ਲੱਭੋ ਕੰਦਰੀਂ।'

ਸਿਰ ਨੀਵਾਂ ਕਰ ਓਹ ਮੱਥਾ ਟੇਕਕੇ
ਟੁਰ ਗਯਾ ਛੇਤੀ ਨਾਲ ਭਾਲ ਕਰਾਂਵਦਾ।
ਦਿਨ ਚਲਿਆ ਹੈ ਬੀਤ ਇੱਕੁਰ ਢੂੰਢਦੇ,
ਲੱਭੀ ਕਿਧਰੇ ਨਾਂਹਿ ਲੱਭਣ ਜੋਗੜੀ।
ਮਚਣਾ ਜਦੋਂ ਤੂਫਾਨ ਹੋਵੇ, ਓਸਤੋਂ
ਪਹਿਲੇ ਤਪਸ਼ ਮਹਾਨ ਗਰਮੀ ਹੋਂਵਦੀ,
ਫੇਰ ਨਿਰਾਸਾ ਵਾਂਙ ਵਾਉ ਅਡੋਲ ਹੋ;
ਹੋ ਜਾਵੇ ਚੁਪ ਚਾਪ ਹਿੱਲੇ ਪੱਤ ਨਾ।
ਪੰਛੀ ਤਰਸਨ ਸਾਹ ਖੁੱਲਾ ਆਵਹੇ;
ਘਰਕਣ ਜੀਭਾਂ ਕੱਢ, ਹਿੱਲੇ ਪੌਣ ਨਾ।
ਫਿਰ ਕੁਝ ਬੱਦਲ ਵਾਂਙ ਘੱਟੇ ਖੇਹ ਦਾ
ਤੁਰਦੇ ਪਰਬਤ ਵਾਂਙ ਦਿੱਸੇ ਆਂਵਦਾ,
ਝੱਖੜ ਪੈਂਦਾ ਝੁੱਲ ਖੇਹ ਉਡਾਂਵਦਾ।
ਵਗੇ ਹਨੇਰੀ ਜ਼ੋਰ ਘੋਪਾ ਛਾਂਵਦਾ
ਮਚ ਜਏ ਅੰਨ੍ਹ ਅਨ੍ਹੇਰ ਚਾਰ ਚੁਫੇਰੜੇ;
ਮੂੰਹ ਅੱਖੀਂ ਘਰ ਬਾਰ ਗਰਦਾ ਹੈ ਭਰੇ।
ਬੁੱਲੇ ਵਗਦੇ ਜ਼ੋਰ ਬੂਟੇ ਪੱਟਦੇ;
ਬੋਹਲ ਜਾਂਦੇ ਉੱਡ, ਡਿੱਗਣ ਆਦਮੀ:
ਥਲ ਦੇ ਟਿੱਬੇ ਰੇਤ ਥਾਂਉਂ ਵਟਾਉਂਦੇ।
ਕੁਝਕ ਰਹਿਕੇ ਜ਼ੋਰ ਝੱਖੜ ਦਾ ਘਟੇ
ਫਿਰ ਕਿਣਮਿਣ ਕੁਝ ਹੋਇ ਬਰਖਾ ਆਂਵਦੀ;
ਇਕੁਰ ਰਾਣੀ ਮਾਤ ਹਿਰਦੇ ਆਪਣੇ
ਤਪਤ ਸਹਾਰੀ ਅੱਤਿ ਧੀਅ ਉਡੀਕਦੀ;
ਫੇਰ ਨਿਰਾਸਾ ਆਇ ਕੀਤੀ ਸੱਖਣੀ,
ਫਿਰ ਢੂੰਡਣ ਦਾ ਵੇਗ –ਭਾਲਣ ਵਾਲੜਾ–
ਚੜ੍ਹਿਆ ਕਰਕੇ ਜ਼ੋਰ ਜਿਵੇਂ ਹਨ੍ਹੇਰੀਆਂ
ਘਾਬਰ ਘਾਬਰ ਫੇਰ ਕਰਦੀ ਹੀਲੜੇ,
ਪੇਸ਼ ਨ ਗਈ ਉਸ ਮੂਲ ਲੱਭਾ ਖੋਜ ਨਾ।
ਡਾਲੀ ਡਾਲੀ ਪੱਤ ਹਾਰੀ ਢੂੰਡ ਕੇ,
ਰਹੀ ਹਰੋਲੀ ਪਾਇ ਝੱਖੜ ਵਾਂਗਰੇ,
ਮੁਸ਼ਕ ਨ ਕਿਧਰੋਂ ਹੱਥ, ਆਈ ਧੀਅ ਦੀ।
ਕਿੰਨੇ ਮਰਦ ਜੁਆਨ ਫਿਰਦੇ ਭਾਲਦੇ,
ਜੰਗਲ, ਸ਼ਹਿਰ, ਉਜਾੜ ਖੱਡੀਂ, ਪਰਬਤੀਂ
ਲੋੜ੍ਹਾ ਹੋਯਾ ਪੈਰ੍ਹ ਢੂੰਡਾਂ ਢੂੰਡਦੇ।
ਰੋਟੀ ਪਾਣੀ ਅੰਨ ਚੱਖਜਾ ਨਾ ਕਿਸੇ;
ਭੁੱਖੇ ਡਾਬ੍ਹ ਲੈਣ ਨੌਕਰ ਗੋਲੀਆਂ;
ਮਚਿਆ ਸੀ ਤੜਥੱਲ ਸੁੱਝੇ ਕੁੱਝ ਨਾਂ,
ਹਿਰਦੇ ਜਿਉਂ ਭੁੰਚਾਲ ਕੰਬਣ ਸੱਭ ਦੇ।
ਝੱਖੜ ਡਾਢੇ ਵਾਂਙ ਬੌਰੀ ਹੋਇਕੇ
ਨਿਕਲੀ ਮਾਤਾ ਬਾਰ੍ਹ ਮਹਿਲੋਂ ਘਾਬਰੀ,
ਦਸ ਵੀ ਗੋਲੀਆਂ ਨਾਲ ਮਗਰੇ ਚੱਲੀਆਂ।
ਜਿਉਂ ਭਾਲਣ ਨੂੰ ਆਪ ਨਿਕਲੇ ਸ਼ੇਰਨੀ
ਘੁਰਿਓਂ ਜਾਇਸੁ ਗੁਆਚ ਬੱਚਾ ਜੇ ਕਦੇ।
ਦਿਲ ਵਿਚ ਰੁਹ ਤੇ ਰੰਜ ਭਰਿਆ ਮਾਉਂ ਦੇ,
ਨਾਲੇ ਹੈ ਉਮੈਦ ਲੱਭ ਲਿਔਣ ਦੀ,
ਨਾਲੇ ਕੁੱਝ ਨਿਰਾਸ ਲੱਭੂ ਹੈ ਨਹੀਂ,
ਵਿੱਛੋੜੇ ਦਾ ਸੱਲ ਵਜਦਾ ਨਾਲ ਹੈ,
ਵਹਿਮ ਉਠੇ ਹੈ ਨਾਲ ਅੰਦਰ ਚਿੱਤ ਦੇ,–
ਹੈ ਕੁਝ ਗੁੱਝਾ ਭੇਤ ਧੀ ਨਾ ਮਿਲਨ ਦਾ
ਆਪੇ ਹੁਈ ਨ ਗੁੰਮ ਅੱਗੇ ਵਾਕਰੇ,
ਐਨੇ ਚਿਰ ਦੇ ਤੀਕ ਲੁਕੀ ਨ ਸੀ ਕਦੀ।
ਜਦ ਸੋਚੇ ਕੇ ਆਪ ਕਿਧਰ ਹੈ ਲੁਕੀ,
ਤਦ ਤਾਂ ਉੱਠੇ ਮੋਹ, ਬਿਰਹੋਂ ਸੱਲ੍ਹਦਾ।
ਜਦ ਸੋਚੇ ਕੁਈ ਦ੍ਰੋਹ ਕਰਕੇ ਲੈ ਗਿਆ,
ਰੋਹ ਚੜ੍ਹੇ ਕਰ ਜ਼ੋਰ ਸਿਰ ਨੂੰ ਜੋਸ਼ ਦਾ,
ਫੁੰਡੇ ਬਾਘੇ ਵਾਂਙ ਤ੍ਰਿੱਖੀ ਹੋਇਕੇ
ਬੌਰੀ ਗੁੱਸੇ ਨਾਲ ਫਿਰਦੀ ਭਾਲਦੀ:
ਘਾਟੀ, ਖੱਡ, ਉਜਾੜ ਚੜ੍ਹਦੀ ਚੋਟੀਆਂ,
ਲਹਿੰਦੀ ਚੜ੍ਹਦੀ ਹੋਰ ਫੇਰੇ ਖਾਂਵਦੀ,
ਰਹੀ ਢੂੰਡਦੀ ਮਾਉਂ ਧਰਤੀ ਕੱਛਦੀ।
ਸੂਰਜ ਵਿੱਚ ਅਕਾਸ਼ ਇਸਨੂੰ ਦੇਖਦਾ
ਅਪਣਾ ਦੇਇ ਪ੍ਰਕਾਸ਼ ਲੱਭਣ ਵਾਸਤੇ,
ਥਕ ਹੁਣ ਹੋਇ ਨਿਰਾਸ ਉਹ ਭੀ ਚੱਲਿਆ।

ਗੋਲੀਆਂ ਨੌਕਰ ਦਾਸ ਹਾਰੇ ਸੱਭ ਸੇ,
ਮਮਤਾ ਮਾਰੀ ਮਾਉਂ ਥੱਕੀ ਮੂਲ ਨਾ।
ਕਰੇ ਹੋਂਦ ਅਣਹੋਂਦ ਨੇਮ ਏ ਪ੍ਰੇਮ ਦਾ,-
ਜਿੱਥੇ ਕੁੱਝ ਨ ਹੋਇ ਪ੍ਰੇਮ ਰਚਾਂਵਦਾ।
ਆਸ ਆਸਰਾ ਓਟ ਜਿੱਥੇ ਹੋਇ ਨਾ,
ਉੱਥੇ ਹੋਇ ਜਿ ਪ੍ਰੇਮ ਫੇਰ ਬਨ੍ਹਾਂਵਦਾ
ਵਿੱਚ ਨਿਰਾਸਾ ਆਸ ਪੱਕੀ ਸੋਹਿਣੀ।
ਹੋਣਹਾਰ ਕਹਿ ਆਪ 'ਬਸ ਹੁਣ ਹੋਰ ਨਾਂ'
ਓਥੇ ਕਹਿੰਦਾ ਪ੍ਰੇਮ 'ਲੱਗੇ ਹੀ ਰਹੋ
'ਲਗਨ ਨ ਕਰੋ ਤਿਆਗ, ਪਿੱਛਾ ਨਾ ਛਡੋ।'
ਜਿੱਥੇ ਹੋਵੇ ਪ੍ਰੇਮ ਨੀਂਦਰ, ਭੁੱਖ ਤੇ
ਹੁੱਟਣ, ਹੋਣ ਨਿਰਾਸ, ਭੈ ਤੇ ਮੌਤ ਬੀ
ਪੋਹ ਨ ਸਕਦੇ ਮੂਲ ਥਿੰਧੇ ਨੀਰ ਜਜੋਂ।
ਮਮਤਾ ਮਾਰੀ ਮਾਉਂ -ਟੁੱਟੀ ਆਸ ਤੋਂ,
ਨੱਪੀ ਵਹਿਮਾਂ ਨਾਲ, ਖਿੱਚੀ ਧੂਹ ਦੀ
ਵਾਉ ਵਰੋਲੇ ਵਾਂਙ ਫਿਰਦੀ ਢੂੰਡਦੀ-
ਹਾਰੀ ਹੈ ਨਹੀਂ ਮੂਲ, ਛਡਦੀ ਭਾਲ ਨਾ।

ਗੜਗੜ ਕਰਦਾ ਇੱਕ ਡਿੱਗੇ ਉੱਪਰੋਂ
-ਖਰ੍ਹਵੇ ਪਥਰਾਂ ਵਿੱਚ ਸਿਰ ਟਕਰਾਉਂਦਾ
ਚਿੱਟਾ ਚਾਂਦੀ ਵਾਂਗ ਸਾਰਾ ਝੱਗ ਹੀ-
ਨਾਲਾ ਨਿੱਕਾ ਤੇਜ ਪਾਣੀ ਸੀਤ ਦਾ।
ਜਿੱਕੁਰ ਕੋਈ ਹੋਇ ਘਾਬਰ ਮਾਰਿਆ
ਸਿਰਪਟ ਨੱਠਾ ਜਾਇ ਅਟਕ ਜਿ ਆ ਪਵੇ
ਰੁਕਦਾ, ਨਠਦਾ ਫੇਰ ਚਹਿ ਅਕੁਲਾਉਂਦਾ,
ਫਿਰ ਕਾਹਲਾ ਹੋ ਢੇਰ ਨੱਠੇ ਜ਼ੋਰ ਦਾ,
ਤਿੱਕੁਰ ਨਾਲਾ ਏਹ ਕਾਹਲਾ ਆਉਂਦਾ
-ਰੁਕ ਰੁਕ ਪੱਥ੍ਰਾਂ ਨਾਲ ਤਿਰਛੇ ਜੋ ਖੜੇ
ਬਹੁਤ ਬਿਸੁਰੇ ਬਿਡੌਲ ਰੋਕੀ ਰਾਹ ਨੂੰ-
ਅਟਕੇ, ਨਿਕਲੇ, ਡਿੱਗ ਅੱਗੇ ਧਾਂਵਦਾ,
ਫਿਰ ਡਿੱਗੇ ਖਾ ਸੱਟ ਝੱਗ ਬਣਾਉਂਦਾ;
ਝੱਗੋ ਝੱਗ ਸਰੂਪ ਧੌਲਾ ਹੋਇਆ
ਦਿਨੇ ਰਾਤ ਲੈ ਝੱਗ ਵਗਦਾ ਓਸ ਥਾਂ।
ਇੱਥੇ ਅੰਮੀਂ ਪੌਂਚੁ ਉਸਨੂੰ ਵੇਖਦੀ
ਡਾਢੀ ਨੀਝ ਲਗਾਇ ਪੱਥਰ ਹੋ ਜਿਵੇਂ,
ਕਹਿੰਦੀ: 'ਕੁਦਰਤ ਨਾਲ ਹੈ ਵੇ ਨਾਲਿਆ !
'ਪੇਸ਼ ਨ ਜਾਂਦੀ ਮੂਲ ਤੇਰੀ ਬੀ ਕੁਈ।
-'ਵੱਸ ਕਿਸੇ ਦੇ ਨਾਹਿੰ ਕੁਦਰਤ ਖੇਡ ਹੈ-!
'ਸਿਰ ਟਕਰਾਵੇਂ ਰੋਇ ਮਾਰੇਂ ਧਾਹੀਆਂ !
'ਨਿਤ ਪ੍ਰਤਿ ਏਹੋ ਕਾਰ ਤੇਰੀ ਹੋ ਰਹੀ !
'ਸੌ ਜੀਵਾਂ ਵਿਚਕਾਰ ਤੇਰੇ ਵਾਂਗ ਮੈਂ
'ਸਿਰ ਟਕਰਾਵਾਂ ਰੋਇ ਲਿੱਲਾਂ ਦੇਂਵਦੀ।
'ਮੇਰੀ ਵੰਨੇ ਵੇਖ ਧੁਰ ਤੋਂ ਉੱਕਿਆ !
'ਹਿਰ ਗਏ ਮੇਰੇ ਲੇਖ ਲੇਖਾ ਮੁੱਕਿਆ,
'ਸੌਖ ਸਬੀਲੀ ਕਾਲ ਹੈ ਹੋ ਚੁੱਕਿਆ;
'ਅੰਤ ਸਮਾਂ ਹੁਣ ਸ਼ੈਤ ਆ ਹੈ ਢੁੱਕਿਆ।
'ਤੇਰਾ ਹੰਝੂ-ਨੀਰ ਕਦੇ ਨ ਰੁੱਕਿਆ
'ਮੇਰੇ ਨੈਣੋਂ ਹੰਝ ਕਦੇ ਨ ਸੁੱਕਿਆ।
'ਦੁੱਖਾਂ ਦਾ ਹਾਇ ਦੌਰ ਜਾਰੀ ਹੋ ਪਿਆ,
'ਤੇਰੇ ਵਾਂਙੂ ਕੀਹ ਟੁਰਿਆ ਹੀ ਰਹੂ?
'ਤੇਰੀ ਏਹ ਅਵਾਜ਼ ਦੁਖੀਆ ਸੈਮੁਵੀਂ
'ਮੇਰੇ ਹਿਰਦੇ ਨਾਲ ਵੱਜੇ ਐਕੁਰਾਂ
'ਜਿੱਕੁਰ ਵੱਜਣ ਸਾਜ਼ ਦੋ ਸੁਰ ਹੋ ਰਹੇ।
'ਇੱਕੁਰ ਕੱਢਣ ਵਾਜ -ਸੁਣਕੇ ਵਾਜ ਨੂੰ
'ਤੇਰੀ ਰੋਣੀ ਅੱਤ- ਤਰਬਾਂ ਮੇਰੀਆਂ।
'ਹੁਣ ਪਾਵਾਂ ਮੈਂ ਵੈਣ ਏਥੇ ਬੈਠਕੇ
'ਲੰਮੀ ਝੀਣੀ ਵਾਜ ਨਾਲ ਰਲਾਇਕੇ:
'ਦੋ ਦੁਖੀਏ ਇਕ ਹੋਇ ਰੋਵਣ ਸੋਹਿਣੇ।'

ਇਹ ਕਹਿੰਦਜਾਂ ਘਬਰਾਇ ਚੜ੍ਹਿਆ ਜਾ ਸਿਰੇ,
ਦਿਲ ਤੋਂ ਚੜ੍ਹਿਆ ਖ਼ੂਨ ਸਿਰ ਨੂੰ ਨਾਲ ਹੀ।
ਸਿਰ ਵਿੱਚੋਂ ਫਿਰ ਖਾਇ ਧੱਕਾ ਅੰਦਰੋਂ
ਦੋ ਹਿੱਸੇ ਗਜਾ ਹੋਇ ਇਕ ਰੁਕ ਅੰਦਰੇ,
ਦੂਜਾ ਪਾਣੀ ਹੋਇ ਖਾਰੇ ਵੰਨ ਦਾ
ਵਗ ਤੁਰਿਆ ਬੰਨ੍ਹ ਧਾਰ ਦੋਹੀਂ ਅੱਖੀਓਂ।
ਰੋ ਰੋ ਕਹਿੰਦੀ 'ਹਾਇ ! ਧਰਾ ਕੁਰਾੜਿ ਹੈ,
'ਪੀੜਾ ਪਰਬਤ ਅਤਿ, ਹੌਲੀ ਪੌਣ ਹੈ,
'ਹੈ ਉੱਚਾ ਅਸਮਾਨ, ਕਿੱਥੇ ਜਾਉਂ ਮੈਂ?

‘ਕਿੱਥੇ ਜਾਉਂ ਸਮਾਇ, ਹੋਵਾਂ ਦੂਰ ਮੈਂ,
‘ਇਨ੍ਹਾਂ ਧੰਦਿਓਂ ਪਾਰ, ਉਹਲੇ ਹੋ ਰਹਾਂ?
‘ਜਾਂ ਮਿਟ ਜਾਵਾਂ ਮੂਲੁ ਹੋਵਾਂ ਮੂਲੁ ਨਾ,
‘ਅਨਹੋਈ ਹੋ ਨਿੱਤ ਦੁੱਖਾਂ ਤੋਂ ਛੁਟਾਂ
‘ਹੋਇਆਂ ਘੇਰਨ ਜੋਇ ਦੁੱਖ ਡਰਾਵਣੇ।
‘ ‘ਹੋਣਾ’ ਲੱਭਣ ਲੋਕ, ਮੰਗਣ ‘ਹੋਵਣਾ’,
‘ਪਰ ‘ਹੋਣੇ’ ਦੇ ਡੰਗ ਤਿੱਖੇ ਸੱਪ ਤੋਂ।
‘ਜੇ ‘ਅਣਹੋਣੀ’ ਹੋਇ ਛੁੱਟਾਂ ‘ਹੋਣ’ ਤੋਂ,
‘ਖ਼ਬਰੇ ਇਸਦੇ ਡੰਗ ਲੱਗਣ ਫੇਰ ਨਾ।
‘ਕਿਸ ਬਿਧ ਹੋ ਛੁਟਕਾਰ ਮੇਰਾ ‘ਹੋਂਦ’ ਤੋਂ ?
‘ਰਸਤਾ ਕੋਈ ਨਾਹਿੰ, ਫਸੀ ਕੁਥਾਂਉਂ ਹਾਂ।
‘ਮੈਂ ਹੋਈਆਂ ਅਣਚਾਹ ਇਸ ਹੁਣ ‘ਹੋਣ’ ਤੋਂ।
‘ ‘ਹੋਣ’ ਦਾਤਿਆ ! ਸਾਂਭ ਅਪਣੀ ਦਾਤ ਏ।
‘ਜਦ ਤੁੱਠੇ ਸੇ ਆਪ ਆਖਜਾ ‘ਮੰਗ ਲੈ!’
‘ਮੈਂ ਮੰਗਿਆ ‘ਇਹ ਹੋਣ’ ਦਿੱਤਾ ਤੁੱਠ ਤੈਂ !’
‘ਪਰ ਖਾਧੀ ਮੈਂ ਭੁੱਲ ਏ ਨਾ ਮੰਗਿਆ,–
‘ਦੁਖੋਂ ਖਾਲੀ ‘ਹੋਂਦ’ ਬਖਸ਼ੀਂ ਦਾਤਿਆ !
‘ਬੇਸ਼ਰਤੀ ਇਹ ਮੰਗ ਮੰਗੀ ਆਪ ਤੋਂ,
‘ਮਿਲ ਗਈ ਮੈਨੂੰ ਏਹ ਦੁੱਖ ਵਲ੍ਹੇਟੜੀ।
‘ਹੁਣ ਪਛੁਤਾਵਾਂ ਹਾਇ! ਅਪਣੀ ਮੰਗ ਤੇ।
‘ਹੇ ਦਾਤੇ ਕਿਰਪਾਲ! ਕਿਰਪਾ ਏ ਕਰੋ:
‘ਏਸ ਦਾਤ ਨੂੰ ਮੋੜ ਮੈਥੋਂ ਲੈ ਲਵੋ।
‘ਮੈਨੂੰ ਕਰੁ ‘ਅਣਹੋਂਦ’ ਮੈਂ ਭਰ ਪਾ ਲਿਆ;
‘ਜਾਂ ਦੇਵੋ ਇਕ ਹੋਰ ਵਰ ਮੈਂ ਸੋਹਿਣਾ,
‘ਬਿਨ ਕੰਡੇ ਦੇ ਫੁੱਲ ਏਸੇ ਹੋਂਦ ਦਾ
‘ਮੈਨੂੰ ਹੋਇ ਨਸੀਬ –ਖਾਲੀ ਦੁੱਖ ਤੋਂ।
‘ਜਾਂ ਕਰ ਦੇ ਇਕ ਹੋਰ ਮੈਂ ਤੇ ਮੇਰੂ ਤੂੰ !
‘ਬਚੜੀ ਤਾਈਂ ਨਿੱਤ ‘ਹੋਣ’ ਨਸੀਬ ਹੋ।
‘ਜਿੱਕੁਰ ਵਗਦਾ ਨੀਰ ਵਿਚ ਦਰਿਆਉ ਦੇ
‘ਉਹ ਹੋਵੇ ਦਰਿਯਾਉ ਏਸੇ ‘ਹੋਣ’ ਦਾ;
‘ਮੈਂ ਉਸਤੋਂ ਹੋ ਦੂਰ ਵਾਂਙੂ ਨੀਰ ਦੇ
‘ਪਾਇ ਵਿਛੋੜਾ ਠੰਢ ਯਖ ਜਿਉਂ ਹਾਂ ਜਮੀ;
‘ਸਦਾ ਮੇਲ ਦੀ ਨਿੱਘ ਧੁਰ ਤੋਂ ਭੇਜਕੇ
‘ਮੈਨੂੰ ਦੇਹਿ ਪੰਘਾਰ ਪੰਘਰੇ ‘ਹੋਂਦ’ ਏ
‘ਵਹਿਕੇ ਢੁਲਮਿਲ ਜਾਇ ਓਸੇ ਨਾਲ ਹੀ;
‘ਮੇਰੀ ਮੁੱਕੇ ‘ਹੋਣ’, ਮੈਂ ਫਿਰ ਨਾ ਹੁਵਾਂ;
‘ਪਰ ਧੀ ਦੀ ਉਹ ਹੋਂਦ ਜੀਉਂਦੀ ਹੀ ਚਲੇ
‘ਜਾਰੀ ਦਿਨ ਤੇ ਰਾਤ ਨਦੀਆਂ ਵਾਂਙ ਹੋ।
‘ਹਾਂ, ਹੋਵੇ ਸੁਖਰੂਪ ਹੋਂਦ ਅਨੰਦ ਮੈ[੧]।

ਕੂਲ੍ਹ ਵੰਨੇ ਫੇਰ ਤਕ ਕੇ :-

‘ਹੇ ਦੁਖਿਆਰੀ ਕੂਲ੍ਹ ! ਪਤਾ ਬਤਾਇ ਤੂੰ,
‘ਡਿੱਠੀ ਕਿਧਰੇ ਹੋਇ ਮੇਰੀ ਲਾਡਲੀ ?
‘ਧੋਤੇ ਹੋਵਸ ਪੈਰ ਤੈਂ ਵਿਚ ਆਇਕੇ,
‘ਦਿੱਤਾ ਹੋਵਸ ਡੋਬ ਅਪਣਾ ਹੱਥ ਹੀ
‘ਤੇਰੇ ਪਾਣੀ ਵਿੱਚ –ਤੂੰ ਜੋ ਚਮਕਦਾ।
‘ਨਹੀਂ ਤਾਂ ਮੈਨੂੰ ਦੱਸ ਤੈਨੂੰ ਹੈ ਕਿਵੇਂ
‘ਹੋਈ ਚਮਕ ਨਸੀਬ? ਇਹ ਨਾ ਹੋਰਥੇ।’

ਫਿਰ ਇਕ ਭਰਕੇ ਬੁੱਕ ਰਾਣੀ ਸੁੰਘਦੀ,
ਬਚੜੀ ਵਾਲੀ ਗੰਧ ਆਇ ਨ, ਆਖਦੀ:–
‘ਏਧਰ ਆਈ ਨਾਹਿੰ ਜਿੰਦੜੀ ਮੇਰੜੀ।’

ਸਖੀਆਂ ਗੋਲੀਆਂ ਨਾਲ ਸਮਝਣ ਸਾਰੀਆਂ,
‘ਬਉਰੀ ਹੋ ਗਈ ਮਾਉਂ, ਹਿੱਲੀ ਹੋਸ਼ ਹੈ।’

ਉੱਚੇ ਪਰਬਤ ਵੱਲ ਬਿਟ ਬਿਟ ਵੇਖਦੀ
ਅੰਮਾਂ ਹੋਇ ਹਿਰਾਨ ਹੱਸੀ, ਰੋ ਪਈ,

ਫਿਰ ਪਰਬਤ ਵਲ ਦੇਖ, ਕਹਿੰਦੀ, ‘ਦੱਸ ਤੂੰ
‘ਡਿਠੀ ਜੇ ਤੂੰ ਹੋਇ ਕਿਧਰੇ ਸੋਹਿਣੀ?’
ਪਰ ਉਹ ਜੜ੍ਹ ਚਿਤ ਹੀਨ ਸਮਝੇ ਕੁੱਝ ਨਾ।
ਬਿਜਲੀ, ਹੋਰ ਤੁਫਾਨ, ਮੀਂਹ ਹਨੇਰੀਆਂ,
ਸਾਰੇ ਬਿਰਹੋਂ ਵਿੱਚ ਵਿਛੁੜੇ ਸੱਜਣੋਂ
ਲਭਦੇ ਫਿਰਦੇ ਨਿੱਤ ਥਾਉਂ ਕੁਥਾਉਂ ਤੇ,
ਹਥ ਨ ਪਜਾਰੇ ਆਣ, ਪਰ ਏ ਭਾਲਦੇ।
ਪਜਾਰੇ ਲੱਭਣ ਨਾਹਿੰ, ਹਾਰੇ ਏ ਨਹੀਂ।
ਲੱਭਣ ਦੀ ਧੁਨਿ ਏਹ ਨਿਤ ਦੀ ਧਾਰਕੇ
ਕਰਦੇ ਮਾਰੋ ਮਾਰ ਫਿਰਦੇ ਭਾਲਦੇ।
ਉੱਚ, ਨਿਵਾਣ, ਸਮੁੰਦ, ਸ਼ਹਿਰੀਂ, ਪੱਧਰੀਂ।
ਸਭ ਥਾਂ ਕਰਦੇ ਭਾਲ ਪੁੱਛਾਂ ਪੁੱਛਦੇ।

[੧] ਆਨੰਦ ਮਯ।

ਤਿੱਕੁਰ ਕਈ ਇਕ ਵਾਰ ਆ ਕੇ ਏਸ ਥਾਂ
ਇਨ੍ਹਾਂ ਪਰਬਤਾਂ ਪਾਸ ਮਾਨੋ ਪੁੱਛਦੇ:
ਕਹਿੰਦੇ 'ਦੇਵੋ ਦੱਸ ਸਜਨਾਂ ਦਾ ਪਤਾ।'
ਇਹ ਪਰਬਤ ਜੜ੍ਹ ਮੌਨ ਬੋਲੇ ਮੂਲ ਨਾ:
ਓਹ ਗੁੱਸਾ ਦਿਲ ਖਾਇ ਇਸਨੂੰ ਮਾਰਦੇ:
ਜਿਗਰਾ ਇਸਦਾ ਪਾੜ ਖੱਡਾਂ ਕੀਤੀਆਂ,
ਚਮੜੀ ਸਦਾ ਉਧੇੜ ਭੇਜਣ ਸਾਗਰੇ
ਸਬਜ਼ੀ ਦੇਣ ਉਡਾਇ ਜੜ੍ਹ ਤੋਂ ਪੁੱਟਦੇ,
ਬਰਫ਼ ਨਾਲ ਹੈ ਠਾਰ ਇਸਨੂੰ ਗਾਲਿਆ,
ਕਿਰਨਾਂ ਦੀ ਦੇ ਮਾਰ ਇਸਨੂੰ ਢਾਲਿਆ,
ਪਰ ਏ ਜੜ੍ਹ ਜੀ ਹੀਨ ਬੋਲਜਾ ਮੂਲ ਨਾ!
ਢੱਠਾ ਬਿਜਲੀ ਸੱਟ, ਬਰਫ਼ਾਂ ਖਾਰਿਆ,
ਪਰ ਜੋ ਧਾਰੀ ਚੁੱਪ ਮੋਨੀਆਂ ਵਾਲੜੀ,
ਛੱਡੀ ਉਹ ਨਾ ਮੂਲ, ਦੁੱਖ ਸਹਾਰਦਾ।
ਐਸੇ ਕਠਨ ਕਠੋਰ ਚੁੱਪੂ ਭਗਤ ਤੋਂ
ਭੋਲੀ ਰਾਣੀ ! ਹਾਇ ਪੁਛਦੀ ਤੂੰ ਪਤੇ,
ਤੈਨੂੰ ਦੱਸੇ ਕੀ ਜੁ ਕਦੇ ਨ ਬੋਲਿਆ !
ਬਕ ਬਕ ਪਰਬਤ ਨਾਲ ਹਾਰੀ ਅੰਤ ਨੂੰ:
ਕਹਿੰਦੀ, 'ਦੱਸੇ ਕੌਣ ਬਚੜੀ ਦਾ ਪਤਾ?'
ਪੱਛੋਂ ਨੂੰ ਮੂੰਹ ਮੋੜ ਡੁਬਦਾ ਵੇਖਦੀ
ਅਪਣਜਾਂ ਆਸਾਂ ਵਾਂਙ ਸੂਰਜ ਦੇਵਤਾ:
ਕਹਿੰਦੀ, 'ਸੂਰਜ ਰਾਜ ਅਰਸ਼ੀਂ ਤੂੰ ਫਿਰੇਂ,
'ਸਾਰੇ ਜਗ ਨੂੰ ਦੇਖ ਤੂੰ ਹੈਂ ਜਾਣਦਾ,
'ਜਾਂਦਾ ਜਾਂਦਾ ਇੱਕ ਦੱਸੀਂ ਗੱਲ ਤੂੰ,
'ਬੱਚੜੀ ਦੇਖੀ ਹੋਇ ਮੈਂਡੀ ਜੇ ਕਿਤੇ?
'ਤੈਥੋਂ ਉਸਦਾ ਲੁੱਕ ਹੋ ਨਹੀਂ ਸੱਕਦਾ,
'ਦੇਖੀ ਹੈ ਤੂੰ ਪੱਕ, ਸ਼ਾਲਾ ਦੱਸ ਦੇ।'

ਸੂਰਜ ਉੱਤਰ ਕੀਹ ਇਸਨੂੰ ਦੇਂਵਦਾ,
ਅੱਖਾਂ ਮਾਰੇ, ਮਾਰ ਮੁੜ ਮੁੜ ਮਾਰਦਾ,
ਜਿੱਕੁਰ ਅੱਖਾਂ ਮਾਰ ਮਚਲਾ ਬਾਲਕਾ
ਚਿੱਘੀ ਕਰੇ ਮਖੌਲ ਅਪਣੀ ਮਾਉਂ ਨੂੰ,
ਇੱਕੁਰ ਕਰਦਾ ਏਹ ਹੇਠਾਂ ਜਾਂਵਦਾ;
ਰਾਣੀ ਸਮਝੇ ਨਾਹਿੰ ਏਸ ਮਖੌਲ ਨੂੰ,
ਛੇਕੜ ਨੀਵਾਂ ਹੋਇ ਹਟਿਆ ਝਮਕਣੋਂ।
ਮਾਨੋਂ ਇਸ ਦੇ ਮੋਹ੍ਰ ਹਿਰਦੇ ਪੈ ਗਈ,
ਹੁਣ ਦੇਵੇਗਾ ਦੱਸ ਪਤਾ ਬਤਾਵਸੀ;
ਪਰ ਹੋਈ ਹੈ ਸਾਫ਼ ਕੁਝ ਨ ਦੱਸਣੀਂ
ਕੋਰੇ ਕਾਗਤ ਵਾਂਙ ਟਿੱਕੀ ਏਸ ਦੀ;
ਹੁੰਦਾ ਜਿਵੇਂ ਦਿਮਾਗ਼ ਕੋਰਾ ਬੁੱਧੀਓਂ
ਚੂਹੇ ਦੌਲੇ ਸ਼ਾਹ ਸੰਦਾ, ਸੱਖਣਾ,-
ਅਕਲ ਨ ਜਿਨ੍ਹਾਂ ਦਿਮਾਗ਼ ਸਾਰੀ ਹੈ ਵੜੀ,
ਜਿੱਥੇ ਤਰਕ ਵਿਤ੍ਰੇਕ ਪਾਵੇ ਪੈਰ ਨਾ,
ਅਨ ਲਿਤੜਾਏ ਵਾਂਙ ਕਿਸੇ ਮਦਾਨ ਦੇ
ਦੱਸ ਨ ਸਕਦੇ ਸਾਫ਼ ਖੋਜਾਂ ਤੇ ਖੁਰੇ,
ਤਿੱਕੁਰ ਕੋਰਾ ਸੂਰ ਹੁੰਦਾ ਹੀ ਗਿਆ,
ਲਹਿੰਦਾ ਪੱਛੋਂ ਜਾਇ, ਪਤਾ ਨ ਦੇਂਵਦਾ।
ਯਾ ਸਮਝੋ ਕੇ ਅੰਤ ਆਯਾ ਵੇਖਕੇ
'ਅੰਤ ਮਤੇ' ਦਾ ਵਾਕ ਸ਼ੈਤ ਵਿਚਾਰਦਾ,
ਦਿਲ ਨੂੰ ਕੀਤਾ ਸਾਫ਼ ਸੂਰਜ ਰਾਜ ਨੇ
ਪੂਰਨ ਹੋਇ ਵਿਰੱਕੁ ਮੋਹ ਤਿਆਗਕੇ,
ਰਾਗ ਦ੍ਵੈਖ ਤੋਂ ਸਾਫ਼ ਫੁਰਨੇ ਜਿੱਤਕੇ
ਇਸ ਧਰਤੀ ਤੋਂ ਚੱਲ ਸੂਰਜ ਸੀ ਗਿਆ।
ਪਿੱਛੇ ਇੱਕ ਨਿਸ਼ਾਨ ਪੀਲੇ ਰੰਗ ਦਾ
ਦਿੱਸੇ ਵਿੱਚ ਅਕਾਸ਼, ਦਸਦਾ ਗੱਲ ਏ:
ਹੁੰਦਾ ਸੀਗਾ ਸੂਰ ਕਦੀ ਅਕਾਸ਼ ਤੇ।
ਟਿੱਕੀ ਕੋਰੀ ਦੱਸ ਵੇਲੇ ਅੰਤ ਦੇ
ਦੱਸਿਆ ਪਤਾ ਨਿਸ਼ਾਨ ਇਸਨੇ ਨਾ ਕੁਈ
ਮਾਤਾ ਕਰ ਵਿਰਲਾਪ ਹਾਰੀ ਪੁੱਛਦੀ।

ਦੱਸ ਹੇ ਭੋਲੀ ਮਾਇ ! ਸੱਭੇ ਜਾ ਰਹੇ
ਅਪਣੇ ਅਪਣੇ ਰਾਹ ਅਪਣੀ ਚਾਲ ਤੇ,
ਕਿਹੜਾ ਕਰੇ ਸਹਾਇ ਤੇਰੀ, ਭੋਲੀਏ !
ਸੂਰਜ ਡੁਬਦਾ ਵੇਖ ਰੋਈ ਫੇਰ ਓ,
ਛੰਮ ਛੰਮ ਵਸਦਾ ਮੀਂਹ, ਮਾਨੋਂ ਛੁੱਟ ਪੈ
ਨੀਰ-ਫੁਹਾਰੇ ਦੋਇ ਬਿਰਹੋਂ ਬਾਗ਼ ਦੇ।
ਪਾਨੀ ਭਰੀਆਂ ਨਾਲ ਅੱਖਾਂ ਵੇਖਦੀ
ਇਕ ਦੇ ਦੋ ਦੋ ਹੋਇ ਨਜ਼ਰੀਂ ਆਂਵਦੇ:

ਦੋ ਪਰਬਤ ਦੋ ਕੂਲ੍ਹ ਦੋ ਦੋ ਗੋਲੀਆਂ
ਇਕ ਤੋਂ ਦੋ ਦੋ ਹੋਇ ਦੂਹਰੇ ਭਾਸਦੇ:
ਛੱਲੇ ਸਾਵੇ ਰੰਗ ਉਡਦੇ ਦਿੱਸਦੇ।

ਹਾ, ਬਿਰਹੋਂ ਦੇ ਨੀਰ ! ਪਾਇ ਭੁਲੇਖੜਾ
ਕੀ ਕੀਤਾ ਤੂੰ ਹਾਲ ਸਾਫ਼ ਨਜ਼ੀਰ ਦਾ?
ਫਿਰ ਬਿਹਬਲ ਅਤਿ ਹੋਇ ਰਾਣੀ ਗਾਂਵਦੀ,
ਚਾਹੇ ਮੇਰੀ ਵਾਜ ਉਡਕੇ ਪਹੁੰਚ ਪੈ
ਕੰਨੀਂ ਬਚੜੀ ਜਾਇ, ਕਿਧਰੇ ਹੋਇ ਜੇ
ਸੁਣਦੀ ਮੇਰੀ ਵਾਜ, ਪਰਬਤ ਜੰਗਲੀਂ।

ਵਿਖਮ ਪਦ-

ਦੱਸ ਟਿਕਾਣਾ ਧੀਏ ! ਜਾਇ।
ਹਾਰੀ ਹਰ ਥਾਂ ਭਾਲ ਕਰੇਂਦੀ,
ਗਿਰ ਟੋਲੇ ਸਭ ਸ਼ਹਿਰ ਗਿਰਾਇਂ ।
ਡਾਵਾਂ ਡੋਲ ਡਾਲੀਆਂ ਪੱਤੇ
ਪਤਾ ਨ ਕੋਈ ਦਏ ਬਤਾਇ ।
ਬਨ ਨ ਪਿਆ ਬਨ ਕੋਲੋਂ ਉੱਤਰ,
ਪੌਣ ਨ ਕੋਈ ਰਿਵੀ ਲਿਆਇ ।
ਸੁੰਧਕ ਸੰਧਕ ਦੀ ਨਾ ਮਿਲਦੀ,
ਮਲਦੀ ਤਲੀਆਂ ਹੈ ਬਨਰਾਇ ।
ਸਾਂ ਸਾਂ ਕਰਦੀ ਸੋਇ ਨ ਦੇਂਦੀ,
ਸੋਇ ਰਹੀ, ਕਿਨ੍ਹ ਲਈ ਉਡਾਇ ?
ਪੁਤਲੀ ਕਿਸੇ ਨ ਅੱਖੀਂ ਡਿੱਠੀ,
ਕਿਸੇ ਗਵਾਈ ਨਜ਼ਰ ਲਗਾਇ ?
ਬਟੂਏ ਨਜ਼ਰ ਵਿਖੇ ਸਾਂ ਰਖਦੀ,
ਕਿਵ ਗ਼ਾਇਬ?ਹਾ, ਨਜ਼ਰ ਨ ਆਇ ।
ਜਾਵੇ ਕੋਇ ਨ ਆਵੇ ਓਥੋਂ
ਆਵਾ ਗਵਨ ਭਈ ਸਭ ਥਾਇ ।
ਥਹੁ ਬਿਨ ਭਾਲ ਭੁਲੇਵੇ ਘੱਤੇ;
ਨਜ਼ਰ ਨਿਸ਼ਾਨੇ ਬਿਨ ਅਕੁਲਾਇ ।
ਚਿੰਤਾ ਹਾਰ ਗਲੇ ਦਾ ਹੋਈ,
ਮਨ ਦੀ ਮਣੀ ਮੁੜਕਦੀ ਜਾਇ ।
ਟਿਕਾਂ ਨ ਬਾਝ ਟਿਕਾਣਾ ਲੱਭੇ,
ਰੱਖੀਂ ਟੇਕ ਆਪ ਹੁਣ ਆਇ ।
ਆ ਕਿਧਰੋਂ ਕਹ, 'ਅੰਮੀ ਆਈਆਂ'
ਗੋਦੀ ਬੈਠ ਗਲਵੱਕੜੀ ਪਾਇ ।

ਪਰ ਪਹੁੰਚੇ ਨਾ ਵਾਜ ਪਰਬਤ ਉੱਪਰੇ,
ਧੱਕੇ ਖਾਕੇ ਵਾਜ ਪਰਬਤ ਨਾਲ ਹੈ
ਦੂਹਰੀ ਹੋ ਪਰਤਾਇ ਥਰ ਥਰ ਗੂੰਜਦੀ
ਮੁੜਕੇ ਆਈ ਫੇਰ ਕੰਨੀ ਆਪਣੇ:
ਧੀ ਤਕ ਸਕੇ ਨ ਪੌਂਚ ਧੱਕੇ ਖਾਂਵਦੀ;
ਮੁੜ ਮੁੜ ਦੂਹਰੀ ਹੋਇ ਆਇ ਪਰੱਤ ਕੇ।

ਸੂਰਜ ਡੁੱਬੇ ਬਾਦ ਫਿਰ 'ਪਹੁ' ਆ ਗਈ:
ਤਖ਼ਤ ਚਿੱਟੜੇ ਬੈਠ ਪਜਾਜ਼ੀ ਭਾਹ ਦੇ,
ਬੱਗਾ ਪਹਿਨ ਲਿਬਾਸ, ਚਿੱਟਾ ਤਾਜ ਪਾ
ਟੰਗੇ ਚਿੱਟੇ ਫੁੱਲ ਉਸ ਵਿਚ ਸੋਂਹਦੇ,
ਚਿੱਟੇ ਲਗੇ ਕਹਾਰ ਤਖ਼ਤ ਉਠਾਵਣੇ,
ਬੈਠੀ ਉੱਪਰ ਆਪ 'ਪਹੁ' ਹੈ ਸੋਹਿਣੀ
ਗਈ ਮਲਕੜੇ ਆਇ ਮਿੱਠਤ ਵਾਲੜੀ।
ਪਹੁ ਆਈ ਨੂੰ ਵੇਖ ਰਾਣੀ ਰੋ ਪਈ
ਅੱਗੇ ਨਾਲੋਂ ਵੱਧ ਲੰਮੇ ਸ੍ਵਾਸ ਲੈ:
ਕਹਿੰਦੀ, 'ਊਸ਼ਾ ਪ੍ਰਕਾਸ਼ ! ਸੰਧੀ ਕਾਲ ਤੂੰ
'ਰਾਤ ਦਿਨੇ ਵਿਚਕਾਰ ਜਿਹੜੀ ਵਿਥ ਹੈ,
'ਦੋ ਵੇਲੇ ਤੂੰ ਆਇ ਭਰਦੀ ਥਾਉਂ ਓ,
'ਤੇਰਾ ਧਰਮ ਮਿਲਾਪ ਤੂੰ ਨਿਤ ਮੇਲਦੀ;
'ਦਿਨ ਨੂੰ ਮੇਲੇਂ ਰਾਤ, ਰਾਤ ਦਿਨੇਂ ਤਈਂ।
'ਦਿਨ ਤੇ ਰਾਤ ਵਿਚਾਲ ਕੇਡੀ ਵਿੱਥ ਹੈ
'ਪਰ ਤੂੰ ਸਮਝੇਂ ਤੁੱਛ ਓਸ ਸੁ ਵਿੱਥ ਨੂੰ
'ਆਪ ਹੋਇ ਵਿਚਕਾਰ ਦੁਹਾਂ ਮਿਲਾਂਵਦੀ।
'ਹੇ ਉਪਕਾਰ ਸਰੂਪ ਸੀਤਲ ਸੁੱਛੀਏ!
'ਮੈਨੂੰ ਦੇਹਿ ਮਿਲਾਇ ਬਚੜੀ ਮੇਰੜੀ।
'ਭਾਵੇਂ ਕਿਧਰੇ ਹੋਇ ਕਿੱਡੀ ਵਿੱਥ ਤੇ,
'ਤੈਨੂੰ ਔਖ ਨ ਮੂਲ ਮੇਲ ਕਰਾਵਣਾ:
'ਕਰਮ ਤੁਧੇ ਦਾ ਮੇਲ ਮੇਲਣ ਹਾਰੀਏ !'

ਪਹੁ ਸੁਣਕੇ ਇਹ ਬੈਨ ਮਾਨੋਂ ਬੋਲਦੀ,
-ਲਗੀ ਨ ਕੋਈ ਜੀਭ, ਇਸਦੀ ਚੁੱਪ ਹੀ
ਦੇਵੇ ਇਹ ਵਿੱਖਜਾਂਨ ਚੁੱਪ ਚੁਪਾਤੜੀ,
ਜਿਉਂ ਕੁਦਰਤ ਹੈ ਗੁੰਗ ਪਰ ਹੈ ਬੋਲਦੀ-
ਕਹਿੰਦੀ: 'ਜ਼ਾਮਨ ਠੀਕ ਮੈਂ ਦਿਨ ਰਾਤ ਦੀ,
'ਵਿਥ ਮੇਲਾਂ ਮੈਂ ਠੀਕ ਆਪ ਵਿਚਾਲ ਹੋ।



 www.sikhbookclub.com

'ਪਰ ਦੋਵੇਂ ਇਕ ਥਾਉਂ ਸਕਾਂ ਲਿਆਇ ਨਾ,
'ਪਾੜਾ ਸਕਦੀ ਮੇਲ ਵਿਚ ਵਿਛੁੰਨਿਆਂ,
'ਇਕ ਥਾਂ ਸਕਾਂ ਲਿਆਇ ਵਿਛੁੜੇ ਮੈਂ ਨਹੀਂ।
'ਏ ਸੰਜੋਗਾਂ ਵੱਸ ਉਹੋ ਮਿਲਾਂਵਦੇ,
'ਪਾਵਣ ਵਿੱਥ ਵਿਜੋਗ, ਉਹੋ ਵਿਛੋੜਦੇ।
'ਭਾਰੂ ਉੱਪ੍ਰ ਵਿਜੋਗ ਮੂਲੋਂ ਮੈਂ ਨਹੀਂ,
'ਪਰ ਵਿਛੁੜਜਾਂ ਦੇ ਵਿੱਚ ਜ਼ਾਮਨ ਹੋਇਕੇ
'ਪੈਣ ਨ ਦੇਂਦੀ ਵਿੱਥ ਮੇਲੀ ਰੱਖਦੀ।'

ਏ ਕੁਝ ਸਮਝ ਨਿਰਾਸ ਹੋਈ ਹੋਰ ਸੀ,
ਡਾਢਾ ਠੰਢਾ ਸਾਹ ਮਾਤਾ ਖਿਚਿਆ,
ਨਿਕਲ ਗਿਆ ਝਟ ਬਾਰ੍ਹ ਰੁਕੇ ਨ ਅੰਦਰੇ,
ਅੰਦਰ ਬਲੇ ਤੰਦੂਰ ਬਿਰਹੋਂ ਅੱਗ ਦਾ,
ਸਕੇ ਨ ਸੇਕ ਸਹਾਰ ਤੜਫੇ, ਨਿੱਕਲੇ:
ਖਿਚ ਖਿਚ ਮਾਤਾ ਜ਼ੋਰ ਲਾਕੇ ਖਿੱਚਦੀ
ਠੰਢੀ ਜਾਕੇ ਪੌਣ ਅੰਦਰ ਠਾਰਦੇ,
ਪਰ ਉਸ ਲੱਗੇ ਸੇਕ ਅੰਦਰ ਜਾਂਦਿਆਂ,
ਸੜਨੋਂ ਡਰਦੀ ਓਹ ਕਾਹਲੀ ਨਿੱਕਲੇ:
ਇੱਕੁਰ ਕਾਹਲੇ ਸ੍ਵਾਸ ਮਾਂ ਦੇ ਹੋ ਗਏ।

ਹੁਣ ਗੁੱਸਾ ਘਟ ਹੋਇ –ਮਨ ਨੂੰ ਚਿੰਤ ਦੇ
ਹੱਥੀਂ ਸੌਂਪ ਸੁ ਆਪ ਕਿਧਰੇ ਉੱਡਿਆ,
ਨਾਲੇ ਉਡਿਆ ਜ਼ੋਰ ਮਾਤਾ ਅੰਦਰੋਂ।
ਬਹੁਤ ਨਿਸੱਤੀ ਹੋਇ ਨਿਰਬਲ ਅੱਤਿ ਹੋ
ਉੱਠੀ ਛੱਡ ਉਥਾਉਂ, ਤ੍ਰੂਪ ਤ੍ਰੂਪ ਕੇਰਦੀ
ਤਪਦੇ ਤਪਦੇ ਹੰਝ ਤੱਤਾ ਮੀਂਹ ਜਜੋਂ
ਸੜਦਾ ਡਿੱਗੇ ਆਪ, ਧਰਤੀ ਸਾੜਦਾ।

ਕਰਦੀ ਮਾਂ ਵਿਰਲਾਪ ਪੱਥਰ ਪਾਟਦੇ,
ਜੀਵ ਜੰਤੁ ਹਨ ਬਾਰ੍ਹ ਰੁੱਡੋਂ ਆਇਕੇ
ਚਿੰਤਾ ਕੁੱਠੀ ਮਾਤ ਵਲ ਸਭ ਵੇਖਦੇ,
ਫਿਰ ਗਿੱਚੀ ਨੂੰ ਸਿੱਟ ਪੂਛ ਹਿਲਾਇਕੇ
ਪਿਛਲੇ ਪੈਰਾਂ ਭਾਰ ਐਕੁਰ ਬੈਠਦੇ
ਮਾਨੋਂ ਦਰਦ ਵੰਡਾਣ ਵਿਛੁੜੀ ਮਾਉਂ ਦਾ।
ਲਿੱਲਾਂ ਲੈਂਦੀ ਕੂਕ ਢਾਹਾਂ ਮਾਰਦੀ
ਕੁਰਲਾਵੇ, ਵਿਰਲਾਪ ਮਾਤਾ ਹੈ ਕਰੇ,
ਕੂੰਜ ਜਿਵੇਂ ਕੁਰਲਾਇ ਵਿਛੜੀ ਬੱਚਿਓਂ,
ਨਾਲੇ ਰੋਂਦੀਆਂ ਜਾਣ ਸੱਭੇ ਗੋਲੀਆਂ
ਧੌਣਾਂ ਨੀਵੀਆਂ ਸੱਟ, ਹੰਝੂ ਵਰਸਦੇ।

ਉੱਧਰ ਨਗਰੀ ਵਿੱਚ ਖਲਬਲ ਪੈ ਰਹੀ।
ਸਭ ਫੌਜੀ, ਸਭ ਦਾਸ ਜੋ ਸਰਕਾਰ ਦੇ,
ਸਭ ਵਾਸੀ ਜੋ ਸ਼ੈਰ੍ਹ, ਹੱਟੀ ਵਾਲੜੇ,
ਕਿਰਤੀ ਤੇ ਮਜ਼ਦੂਰ ਹਰ ਕੰਮ ਵਾਲੜੇ,
ਧੰਦੇ ਸਾਰੇ ਛੱਡ, ਘਰਾਂ ਤਿਆਗ ਕੇ
ਲਭਦੇ ਫਿਰਦੇ ਜਾਇ ਰਾਣੀ ਰਾਜ ਨੂੰ।
ਬਨ, ਬੂਹੀਆਂ ਤੇ ਬੇਟ, ਬੇਲੇ, ਬਾਉਲੀ
ਪੱਧਰ, ਪੰਥ, ਪਹਾੜ, ਪਰੇ ਪਰੇਡੜੇ,
ਖੱਡਾਂ, ਘਾਟੀ, ਢਾਲ, ਦਰੇ ਤਿ ਵਾਦੀਆਂ,
ਗੁਫ਼ਾ ਕੰਦਰਾ, ਖੋਖ, ਲੁਕੀਆਂ ਥਾਂਵਦੀ
ਕਖ ਕਖ, ਪਤ ਪਤ ਢੂੰਡ ਸਾਰੇ ਹੋ ਗਈ।
ਰਾਣੀ ਲੱਭੀ ਨਾਂਹ ਥਹੁ ਨਾ ਲੱਗਿਆ,
ਦਿਨ ਤੋਂ ਲਗੀ ਭਾਲ ਹੁਣ ਤਕ ਹੋ ਰਹੀ:
ਕਿਸੇ ਪਾਸਿਓਂ ਕੁੱਝ ਸੁੰਧਕ ਨਾ ਪਈ,
ਕਿਸੇ ਨ ਕੋਈ ਖੋਜ ਮੁਸ਼ਕ ਨ ਪਾਇਕੇ
ਦਸਿਆ ਆਕੇ ਹਾਲ, ਜੀ ਨ ਧਰਾਇਆ।

ਰਾਣੀ ਤਾਂ ਹੁਣ ਵੈਣੁ ਡੂੰਘੇ ਪੈ ਗਈ,
ਪਰਜਾ ਤੇ ਸਭ ਦਾਸ ਕਰਦੇ ਸ਼ੱਕ ਏ:
ਰਲ ਗਜਾ ਬੇਈਮਾਨ ਹੋਕੇ ਮੰਤਰੀ
ਨਾਲ ਰਾਇ ਕਹਲੂਰ, ਵੱਢੀ ਖਾਇਕੇ,
ਰਾਣੀ ਦਈ ਉਠਾਇ ਸੁੱਤੀ ਰਾਤ ਨੂੰ,
ਬਖਸ਼ੀ ਨੂੰ ਬੀ ਓਨ੍ਹ ਟਪਲਾ ਮਾਰਿਆ।
ਇੱਕੁਰ ਕਰਨ ਵਿਚਾਰ ਸੰਝਾਂ ਦੇ ਸਮੇਂ
ਕੱਠੇ ਬੈਠੇ ਲੋਕ ਸਾਰੇ ਸ਼ਹਿਰ ਤੋਂ
ਬਾਹਰ ਵਿੱਚ ਮਦਾਨ, ਆਖਣ, 'ਧ੍ਰਿਗ ਹੈ
'ਸਾਡੇ ਜੀਵਨ ਜੋਗ, ਰਾਣੀ ਜੇ ਗਈ
'ਫੜੀ ਕਲੂਰੇ ਦੇਸ਼ ਬੰਦੀ ਪੈ ਗਈ;
'ਕੱਟ ਮਰਾਂਗੇ ਆਪ ਜੀਵਾਂਗੇ ਨਹੀਂ,
'ਏ ਲਗਵਾਇ ਕਲੰਕ ਅਪਣੇ ਰਾਜ ਨੂੰ।
'ਐਸੀ ਧਰਮ–'ਵਤਾਰ ਪਰਜਾ ਪਜਾਰੜੀ

'ਦੇਵੀ ਜਿਦ੍ਹਾ ਸਰੂਪ, ਪਰ-ਉਪਕਾਰਣੀ,-
'ਉਹ ਜਾਵੇ ਵਿਚ ਕੈਦ ਸਾਡੇ ਹੁੰਦਿਆਂ !
'ਜਾਂ ਲਜਾਵਾਂਗੇ ਕੱਢ ਉਸ ਨੂੰ ਕੈਦ ਤੋਂ,
'ਮਰ ਜਾਵਾਂਗੇ ਨਾਲ ਜੰਗ ਮਚਾਇ ਜਾਂ।'

ਇਹ ਸੀ ਅਚਰਜ ਬਾਤ ਢੱਠੇ ਲੋਕ ਬੀ,
ਬੀਰਾਂ ਵਾਂਙੂ ਬੋਲ ਬੋਲਣ ਜੋਸ਼ ਦੇ।
'ਦੇਸ਼-ਭਗਤਿ' ਦੀ ਗੰਧਿ ਕਿਧਰੇ ਸੀ ਨਹੀਂ,
ਤੁਰਕਾਂ ਨੇ ਭੰਨ ਧੌਣ ਦਿੱਤੀ ਖੂਬ ਸੀ;
ਸ੍ਵਾਰਥ ਅਪਨਾ ਮੁੱਖ ਹਿੰਦੀ ਰੱਖਦੇ;
'ਦੇਸ਼-ਪਜਾਰ' ਕੇ 'ਕੌਮ ਪਜਾਰ' ਨ ਮੂਲ ਸੀ,
ਤਾਹਜੋਂ ਤਾਂ ਸੀ ਦੇਸ਼ ਪਿੱਛੇ ਪੈ ਗਿਆ।
ਪਰ ਪਿਛਲੇ ਮਹਾਰਾਜ ਸਿਖੀ ਪਾਇਕੇ,
ਕਰ ਕਰਕੇ ਉਪਦੇਸ਼ ਪਰਜਾ ਆਪਣੀ,
ਕਰ ਕਰ ਚੰਗੇ ਕੰਮ ਦੇਸ਼ ਪਿਆਰ ਦੇ
ਦਿੱਤਾ ਸੀਗ ਜਗਾਇ ਦੀਵਾ ਪਜਾਰ ਦਾ;
ਦੇਸ਼ ਕੌਮ ਦਾ ਪਜਾਰ ਪ੍ਰਜਾ ਸਿਖਾਲਿਆ।
ਫਿਰ ਸੂਰਤ ਸਿੰਘ ਰਾਜ ਸਮਝਾਂ ਵਾਲੜੇ
ਇਮ ਤੋਂ ਵਧਕੇ ਕਾਰ ਪਰ ਉਪਕਾਰ ਦੀ
ਕਰ ਕਰ,ਪਰਜਾ ਸੱਭ ਅਪਣੇ ਉੱਪਰੇ
ਲਈ ਬਣਾ ਕੁਰਬਾਨ ਜਾਨਾਂ ਵਾਰਨੀ।
ਭਾਵੇਂ ਸੀ ਇਹ ਰਾਜ ਛੋਟਾ ਬੌਤ੍ਰ ਹੀ
ਅਰ ਰਸਤੇ ਤੋਂ ਦੂਰ ਪਰਬਤ ਲਾਂਭ ਤੇ,
ਪਰ ਸੂਰਤ ਸਿੰਘ ਰਾਉ ਵੱਡੇ ਰਾਜ ਜਜੋਂ
ਕਰਦਾ ਸੀ ਪਰਬੰਧ ਅਪਣੇ ਰਾਜ ਦਾ।
ਪਰਜਾ ਇਸ ਨੂੰ ਰਾਉ ਨਿਰਾ ਨ ਜਾਣਦੀ,
'ਪਿਤਾ ਪਿਤਾ' ਕਹਿ 'ਤਾਤ' ਸੱਭ ਪਿਆਰਦੇ।
ਜੇ ਕੁਝ ਕਾਲ ਪ੍ਰਯੰਤ ਰਹਿੰਦਾ ਜੀਂਵਦਾ
ਸਾਰੀ ਪਰਜਾ ਸਿੰਘ ਸ਼ੇਰ ਬਣਾਇਕੇ,
ਧਰਮੀ ਕਰਕੇ, ਦੇਸ਼ ਸੇਵਾ ਪੰਥ ਦੀ
ਵਿੱਚ ਲਗਾਣੀ ਸੀਗ,- ਬਲ ਫੈਲਾਉਣਾ।
ਪਰ ਨਾ ਦਿੱਤਾ ਸਾਥ ਇਸ ਨੂੰ ਔਧ ਨੇ:
ਆਪ ਗਿਆ ਸਚਖੰਡ, ਪਰ ਨਿਜ ਧਾਮ ਨੂੰ
ਪਰਜਾ ਹਿਰਦੇ ਵਿੱਚ ਉੱਕਰ ਸੀ ਗਿਆ।
ਬੱਧੀ ਏਸ ਪਰੇਮ ਸਾਰੀ ਏ ਪ੍ਰਜਾ
ਲੜਨ ਮਰਨ ਨੂੰ ਤਜਾਰ ਹੁਣ ਸੀ ਹੋ ਰਹੀ,
ਦੰਦ ਕਰੀਚਨ ਢੇਰ ਮੰਤ੍ਰੀ ਉਪਰੇ।
ਕੁਰਲਾਵੇ ਜਜੋਂ ਕੂੰਜ ਉੱਧਰ ਮਾਉਂ ਸੀ
ਫਿਰਦੀ ਬਨ ਬਨ ਵਿੱਚ ਹੋਈ ਬਾਵਰੀ।
ਫਿਰਦੀ ਫਿਰਦੀ ਅੰਤ ਆਈ ਓਸ ਥਾਂ
ਜਿੱਥੇ ਨਾਲਾ ਹੋਰ ਉੱਤੋਂ ਡਿੱਗਦਾ
ਕੁੰਡ ਜਿਹੇ ਵਿਚਕਾਰ ਪੈਂਦਾ ਆਇਕੇ,
ਤਿਲ੍ਹਕ ਡਿਗੇਂਦਾ ਹੇਠ ਸਿਰ ਤਲਵਾਇਆਂ।
ਇੱਥੇ ਬੈਠੀ ਆਣ, ਬਹਿ ਵਿਰਲਾਪਦੀ।
ਗੋਲਿਆਂ ਫੜਕੇ ਫੇਰ ਛੱਟੇ ਮਾਰਕੇ
ਇਸ ਦਾ ਧੋਵਣ ਮੂੰਹ ਠੰਢਕ ਪੈ ਜਏ;
ਪਰ ਅੰਦਰਲੀ ਅੱਗ ਕਹਿੰਦੀ ਨੀਰ ਨੂੰ:
'ਅਪਣਾ ਆਪ ਸੰਭਾਲ ਮਤ ਤੂੰ ਠਾਰਦਾ
'ਮੈਨੂੰ, ਤਪੇਂ ਨ ਆਪ, ਤਪ ਉਡ ਜਾਇਂ ਨਾਂ।'

ਨੀਲੀ ਪਹਿਨ ਪੁਸ਼ਾਕ ਕੁਦਰਤ ਨਿੱਖਰੀ
ਜੜੀ ਤਾਰਿਆਂ ਨਾਲ ਚੁੰਨੀ ਓਢ ਕੇ।
ਚਾਰ ਪਹਿਰ ਦੇ ਬਾਦ ਤਾਰੇ ਸਭ ਹੀ
-ਸੂਰਜ ਚੜ੍ਹੇ ਗੁਆਚ ਜਿਹੜੇ ਸੇ ਗਏ
ਜਿਨ੍ਹਾਂ ਟੋਲਦੀ ਰਾਤ ਮਗਰੇ ਸੀ ਗਈ-
ਲੱਭ ਪਏ ਹੁਣ, ਦੇਖ ਖਿੜ ਪਜੀ ਰਾਤ ਹੈ,
ਮੰਦ ਭਾਗ, ਪਰ ਮਾਉਂ ਦਿੱਸੇ ਰੋਂਵਦੀ।
ਚਾਰ ਪਹਿਰ ਗਏ ਬੀਤ ਲੱਭੀ ਨਾ ਅਜੇ
ਤਾਰਾ ਅੱਖੀਂ ਏਸ, ਦਿਲ ਦਾ ਚਾਨਣਾ:
ਵਿਛੜੇ ਸਾਰੇ ਲੋਕ ਹਨ ਹੁਣ ਆ ਮਿਲੇ:
ਵੱਛੇ ਮਿਲ ਗਈ ਗਾਂ, ਪੰਛੀ ਮਾਪਿਆਂ,
ਭਰਤਾ ਮਿਲਿਆ ਨਾਰ, ਮਾਤਾ ਪੁੱਤ ਨੂੰ,
ਭੈਣਾਂ ਮਿਲ ਗਏ ਵੀਰ ਪਜਾਰੇ ਪਜਾਰਿਆਂ,
ਇਕ ਮਿਲੀ ਨਹਿਂ ਧੀਅ ਵਿਛੁੜੀ ਮਾਉਂ ਨੂੰ।


www.sikhbookclub.com

# ੧੯. ਮਾਤਾ ਵਿਰਲਾਪ-ਮਿਲਾਪ

ਚਾਂਦੀ ਟੁਕੜਾ ਸਾਫ਼ ਚਿੱਟਾ ਚਾਂਦੀਓਂ
ਸੀਤਲ ਮਿੱਠੇ ਤੇਜ ਵਾਲਾ ਨੂਰ ਹੈ,
ਮਾਨੋ ਕਰ ਇਸ਼ਨਾਨ ਪਾਰੇ ਤਾਲ ਤੋਂ
ਨਿਖਰ, ਡਲ੍ਹਕ, ਝਲਕਾਰ ਸੋਣ੍ਹੇ ਮਾਰਦਾ
ਚੜ੍ਹਿਆ ਪੂਰਾ ਚੰਦ ਵਿੱਚ ਅਕਾਸ਼ ਦੇ।
ਇਸ ਦਾ ਪਜਾਰਾ ਰੂਪ, ਠੰਢਾ ਤੇਜ ਹੈ,
ਮਿੱਠਾ ਵਾਂਙ ਉਧਾਰ ਜੇੜ੍ਹਾ ਨਾ ਪਵੇ
ਦੇਣਾ ਮੁੜਕੇ ਫੇਰ, ਮਿਲਦਾ ਰ੍ਹੈ ਸਦਾ।
ਠੰਢਾ ਹੈ ਇਹ ਚੰਦ ਖਾਲੀ ਨਿੱਘ ਤੋਂ,
ਜਲ ਤੇ ਪੌਣ ਹਵਾੜ ਆਖਣ; ਨਾਂ ਉਥੇ
ਹਠ ਜੋਗੀ ਦੇ ਵਾਂਙ ਸੁੰਨ ਸਮਾਧ ਹੈ।
ਚਾਨਣ ਅਪਣਾ ਨਾਹਿੰ ਜੋ ਏ ਦੇਂਵਦਾ,
ਸੂਰਜ ਦਾ ਲਿਸ਼ਕਾਰ ਪਰਤੇ ਪੈ ਇਤ੍ਹੋਂ,
ਤਾਂਹੀਏਂ ਸੀਤਲ ਸਾਫ਼ ਇਸਦਾ ਤੇਜ ਹੈ;
ਦਿੱਤੀ ਏਸ ਵਿਛਾਇ ਚਾਦਰ ਚਾਂਦਨੀ,
-ਭੇਜੇ ਮੋਲ੍ਹੇਧਾਰ ਉੱਤੋਂ ਨੂਰ ਏ,
ਧਰਤੀ ਵਿੱਚ ਅਕਾਸ਼ ਭਰ ਗਜਾ ਚਾਨਣਾ--
ਚਿੱਟੀ ਹੇਠ ਵਿਛਾਇ ਨੀਲੀ ਉੱਪ੍ਰ ਲੈ
ਲੱਗਾ ਖੇਡਣ ਵਿੱਚ ਪੁਤ ਏ ਰਾਤ ਦਾ।
ਲੀਲ੍ਹਾ ਵਿੱਚ ਲੰਗੂਰ ਕਪੜੇ ਪੈਨ੍ਹ ਕੇ
ਜ਼ਰੀ ਜੜਤ ਦੇ ਨਾਲ ਜਦ ਹਨ ਨੱਚਦੇ,
ਤਿੱਲੇ ਵਿੱਚੋਂ ਖੁੱਸ ਤਾਰਾਂ ਢੇਂਦੀਆਂ
ਤਿਉਂ ਚੰਦੋਂ ਚਮਕਾਰ ਦੇ ਦੇ ਢੇਂਦੀਆਂ
ਰਿਸ਼ਮਾਂ, ਠੰਢੀਆਂ ਠਾਰ ਮਾਤਾ ਅੱਖੀਆਂ।
ਪਾਵਨ ਮਿੱਠੀ ਠੰਢ ਮਲੂਮ ਸੁਠੰਢੜੀ,
ਕਰ ਪ੍ਰਤੀਤ ਏ ਠੰਢ ਮਾਤਾ ਠੈਰ੍ਹ ਕੇ
ਦੇਖੇ ਚਾਰ ਚੁਫੇਰ ਕਿੱਥੋਂ ਆਂਵਦਾ
ਏ ਦਿਲ-ਠਾਰ ਸੁਹਾਉ, -ਦਾਰੂ ਠਾਰਵਾਂ।
ਨੈਣ ਉਚਾਏ ਫੇਰ ਤੱਕੇ ਚੰਦ ਨੂੰ।
ਮਾਂ ਅਪਣੀ ਦੀ ਗੋਦ ਜਿਕੁਰ ਲਾਡਲੇ
ਬਹੁਤੇ ਹੋਵਣ ਬਾਲ ਇਕ ਦਮ ਆਂਵਦੇ,
ਵੜ ਗੋਦੀ ਵਿਚ ਧਾਇ ਰੌਲਾ ਪਾਂਵਦੇ,
ਇੱਕੁਰ ਕਿਰਨਾਂ ਢੇਰ ਰਲਕੇ ਆਈਆਂ,
ਖਿਲਬਿਲ ਦਿਤੀ ਪਾਇ ਨੈਣਾਂ ਵਿੱਚ ਆ;
ਘਬਰਾਈਆਂ, ਮਗਨਾਰ, ਕੁੱਝਕ ਭਾਰੀਆਂ
ਅੱਖਾਂ ਗਈਆਂ ਹੋਇ ਅੱਥ੍ਰੂ ਨ੍ਹਾਤੀਆਂ।
ਪੁਤਲੀ ਦੇ ਫਿਰ ਰਾਹ ਕਿਰਨਾਂ ਹੇਠ ਨੂੰ
ਲਹਿ ਲਹਿ ਹੇਠਾਂ ਹੋਇ ਦਿਲ ਵਿਚ ਪੌਂਚੀਆਂ,
ਸੜੇ ਜ਼ਖਮ ਜਿਉਂ ਤੇਲ ਜਾਕੇ ਲੱਗੀਆਂ;
ਠੰਢ ਪਈ ਕੁਝ ਹੋਸ਼ ਅੰਦਰ ਸੰਭਲੀ।
ਆਖੇ, 'ਦਾਰੂ ਕੀਹ ਬਾਕੀ ਹੈ ਰਿਹਾ?
'ਹੇ ਚੰਦਾ ! ਤੂੰ ਦੂਰ ਤੜਕੇ ਹੋਇਓਂ?
'ਹੁਣ ਮੁੜ ਆਇਓਂ ਫੇਰ ਇੱਕ ਇਕੱਲੜਾ।
'ਬਚੜੀ ਤੇ ਤੂੰ, ਰਾਤ ਦੋ ਸੇ ਵੱਸਦੇ
'ਮੇਰੇ ਹਿਰਦੇ ਵਿੱਚ ਦੋਹੀਂ ਅੱਖੀਆਂ।
'ਵਿਛੜੇ ਸਾਓ ਦੋਇ ਭਜਾਗਾ ਮੁੱਝ ਤੋਂ,
'ਤੂੰ ਮੁੜ ਆਇਓਂ ਆਪ ਇੱਕ ਇਕੱਲੜਾ;
'ਕਿੱਥੇ ਛੱਡੀ ਭੈਣ? ਦੱਸੀਂ ਚਿੱਟਿਆ !
'ਕੀਕਰ ਸਕਿਓਂ ਆਇ ਮੇਰੇ ਸਾਮ੍ਹਣੇ
'ਛੱਡ ਭੈਣ ਪਰਦੇਸ ਕਿਧਰੇ ਵਿੱਥ ਤੇ?
'ਹੁਣ ਖੇਡੇਂ ਤੂੰ ਚਾਲ ਮੇਰੇ ਨਾਲ ਹੈਂ,
'ਦੋਹੀਂ ਅੱਖੀਂ ਆਪ ਇੱਕੋ ਤੂੰ ਵੜੇਂ !
'ਮੇਰੀਆਂ ਅੱਖਾਂ ਦੋਇ ਕੀਕੁਰ ਇਕ ਨੂੰ
'ਦੇਖ ਕਰਨ ਸੰਤੋਖ? ਦੂਜੀ ਲਜਾਇ ਦੇ।
'ਜਾਂ ਇਕ ਮੇਰੀ ਅੱਖ ਚੰਦਾ ! ਕੱਢ ਲੈ।
'ਦੋ ਅੱਖਾਂ ਦੇ ਨਾਲ ਤੈਨੂੰ ਇੱਕ ਨੂੰ,
'ਦੇਖ ਨ ਆਵੇ ਚੈਨ ਸੁੱਖ ਨ ਹੋਂਵਦਾ:
'ਬੇ-ਅਣਖਾ ਤੂੰ ਵੀਰ ਅਪਣੀ ਭੈਣ ਦਾ।'

ਗੁੱਸਾ ਕਰੇ ਨ ਚੰਦ ਭੋਲੇ ਬਾਲ ਜਜੋਂ:
ਕਿਰਨਾਂ ਚਿਹਰੇ ਭੇਜ ਪਜਾਰ ਕਰਾਂਵਦਾ।

ਰਾਣੀ ਕਹਿੰਦੀ ਫੇਰ 'ਖਿੜਿਐਂ ਸੋਣ੍ਹਿਆ !
'ਖਿੜੇ ਮੁੱਖੜੇ ਵਾਂਙ ਰਿਦਾ ਖਿੜਾਇ ਦੇ;
'ਬਚੜੀ ਮੇਰੀ ਮੇਲ, ਕਿਤੋਂ ਲਿਆਇ ਦੇ।
'ਪਏ ਚਾਂਦਨੀ ਠੀਕ ਮੈਂ ਤੇ ਤੁੱਧ ਦੀ;


'ਸੀਤਲ ਤੇਜ ਸੁਹਾਉ ਦੇਂਦੀ ਠੀਕ ਹੈ;
'ਪਰ ਹੁਣ ਰਹਿੰਦੀ ਬਾਰੁ ਚਿਹਰੇ ਉੱਪਰੇ।
'ਉਹ ਜੋ ਦੂਜਾ ਚੰਦ ਅਪਣੀ ਚਾਂਦਨੀ
'ਠੰਢਕ ਨਾਲ ਸੁਹਾਉ ਅੰਦਰ ਭੇਜਦਾ,
'ਹਿਰਦੇ ਉਸ ਦੀ ਠੰਢ ਜਦ ਹੈ ਹੋਂਵਦੀ,
'ਤਦ ਤੂੰ ਦਿਲ ਨੂੰ ਠਾਰ ਤੂੰ ਭੀ ਠਾਰਦਾ,
'ਹੁਣ ਉਸ ਠਾਰਨ ਜੋਗ ਚੰਦਾ ਤੂੰ ਨਹੀਂ!'

ਹੇਠਾਂ ਦੇਖੇ ਫੇਰ ਖੰਨੇ ਹੈ ਜ਼ਿਮੀਂ।
ਮੁੜ ਮੁੜ ਖਿੱਚੇ ਚੰਦ ਰਾਣੀ ਨੀਝ ਨੂੰ,
ਚੰਦ ਦਏ ਲਿਸ਼ਕਾਰ ਚਿੱਟੀ ਝਾਲ ਦੇ,
ਲਹਿ ਲਹਿ ਕਰਦਾ ਨੂਰ ਹੇਠਾਂ ਭੇਜ ਕੇ
ਖਿੱਚੇ ਉਪਰ ਨੀਝ ਮਾਤਾ ਵਾਲੜੀ।
ਮਾਤਾ ਸਕੇ ਨ ਦੇਖ ਦਰਸ ਇਕੱਲੜਾ,
ਜਦ ਦੇਖੇ ਤਦ 'ਹਾਇ' ਮੂੰਹੋਂ ਆਖਕੇ
ਕਹਿੰਦੀ, 'ਦੇਖੇ ਲੋਕ ਤੈਨੂੰ ਸੋਹਣਿਆਂ !
'ਮੇਰਾ ਸੋਹਣਾ ਚੰਦ ਕਿਧਰੇ ਲੋਪ ਹੈ;
'ਉਸਦੀ ਲਗੀ ਉਡੀਕ, ਕਿਧਰੋਂ ਚਾੜ੍ਹ ਦੇ।'

ਫੇਰ ਭਟਕਦੀ ਨੀਝ ਮਾਤਾ ਦੀ ਉਠੀ
ਹੇਠਾਂ, ਉੱਪਰ, ਹੇਠ, ਉੱਪਰ ਹੋਂਵਦੀ
ਚੰਦੋਂ ਬੀ ਟੁਕ ਹੋਰ ਉੱਪਰ ਨੂੰ ਗਈ,
ਕਹਿੰਦੀ 'ਜਿਸ ਪਰਕਾਸ਼ ਦਿੱਤਾ ਏਸ ਨੂੰ
'ਉਹ ਕਹਿੰਦੇ ਹਨ ਰੱਬ ਇੱਕੋ ਇੱਕ ਹੈ।
'ਮੇਰੇ ਭਾਗਾਂ ਵਿੱਚ ਰਹਿ ਗਜਾ ਇੱਕ ਜੇ,
'ਕਿਉਂ ਨਾ ਦੇਖਾਂ ਓਹ ਕਾਰਨ ਜੋ ਅਹੇ
'ਦੁਖ ਸੁਖ ਦਾ ਇਕ, ਆਪ ਸਦਾ ਸੁਤੰਤਰਾ:
'ਕਹਿੰਦੇ ਹਨ ਉਹ ਉੱਚ ਸਭ ਤੋਂ ਉੱਚ ਹੈ।'

ਉੱਚੀ ਟੋਲੇ ਥਾਉਂ ਵਿੱਚ ਅਕਾਸ਼ ਦੇ
ਭਲਾ ਪਵੇ ਜੇ ਦਿੱਸ ਸੱਚਾ ਚੰਦ ਓ।
ਇੱਕੁਰ ਮੱਧ ਅਕਾਸ਼ ਵਿੱਚ ਪੁਲਾੜ ਦੇ
ਸੁੰਨ ਸੱਖਣੀ ਵਿੱਚ ਮਾਤਾ ਦੇਖਦੀ,
ਢੂੰਡੇ ਚੰਦ ਦਾ ਚੰਦ ਨੀਝ ਲਗਾਇਕੇ।
ਨਜ਼ਰ ਗਈ ਇਉਂ ਬੱਝ ਉਸਦੀ ਉੱਪਰੇ

ਮਨ ਬੀ ਮਗਰੇ ਲੱਗ ਕੱਠਾ ਹੋ ਗਿਆ,
ਮੱਧਮ ਪੈ ਗਏ ਸ੍ਵਾਸ ਮਨ ਦੇ ਨਾਲ ਹੀ
ਜਿਵੇਂ ਬੈਠਵਾਂ ਤਾਲ, ਧੀਮੀ ਲੈ ਜਿਵੇਂ।
ਮੱਧਮ ਅੱਤ ਅਵਾਜ਼ ਆਈ ਦੂਰ ਤੋਂ,
ਕੰਨਾਂ ਇਸਦੀ ਟੇਕ ਲੀਤੀ ਅੰਦਰੋਂ,
ਦਿਲ ਦੇ ਮਗਰੇ ਲਗ ਦਿਲ ਵਿਚ ਜਾ ਮਿਲੇ।
ਪਤਲੀ ਸੋਨੇ ਤਾਰ ਵਾਂਙੂ ਵਾਜ ਏ,
ਲਚਕ ਲਹਿਰ ਲਿਸ਼ਕਾਰ ਦੇਂਦੀ ਆ ਰਹੀ;
ਦਿਲ ਨੂੰ ਬੀ ਕੁਛ ਟੇਕ ਇਸਦੀ ਆ ਗਈ।
ਸਮਝ ਨ ਆਵੇ ਸਾਫ ਕੀ ਸੀ ਵਾਜ ਏ
ਪਰ ਦੇਵੇ ਤਾਸੀਰ ਦਿਲ ਨੂੰ ਠਾਰਵੀਂ।
ਇਸ ਨੂੰ ਸਮਝਣ ਵੱਲ ਮਾਤਾ ਨਾ ਪਈ,
ਪਰ ਇਸਦੀ ਤਾਸੀਰ ਪਰਬਲ ਪੈ ਗਈ
ਮਗਨ ਓਸ ਵਿਚ ਹੋਇ ਉੱਪਰ ਵੇਖਦੀ,
ਭਲਾ ਪਵੇ ਜੇ ਦਿੱਸ ਚੰਦ ਦਾ ਚੰਦ ਓ।
ਨਜ਼ਰ ਗਈ ਹੁਣ ਚੀਰ ਮੱਧ ਅਕਾਸ਼ ਨੂੰ
ਕਾਲਾ ਕਾਲਾ ਝੂੰਮ ਨੀਲੇ ਰੰਗ ਦਾ
ਵਿੰਨ੍ਹ ਲਿਆ ਕਟ ਚੀਰ ਲਗੀ ਨਜ਼ੀਰ ਨੇ।
ਤਕਦਜਾਂ ਇਸ ਦੇ ਪਾਰ ਬੱਝੀ ਨੀਝ ਹੈ,
ਪਾਣੀ ਵਾਂਙੂ ਸ੍ਵੱਛ ਪਹਿਲੇ ਚੰਦ ਦਾ
ਚਿੱਟਾ ਚਾਨਣ ਸੀਗ ਰਾਣੀ ਦੇਖਿਆ,
ਪਰ ਚਿੱਟਾ ਦੁੱਧ ਵਾਂਙ ਚਾਨਣ ਹੋਰ ਸੀ
ਦਿਸਿਆ ਮਾਤਾ ਜੋਗ ਗਗਨੋਂ ਪਾਰ ਜਾ।
ਏਸ ਫਰਕ ਨੂੰ ਦੇਖ ਰਾਣੀ ਲੱਭਦੀ
ਕਿੱਥੇ ਹੈ ਉਹ ਚੰਦ ਜਿਸ ਇਹ ਚਾਂਦਨੀ
ਰੱਖੀ ਅਹੇ ਪਸਾਰ ਗਗਨਾਂ ਓਲ੍ਹੜੇ?
ਪਰ ਨਾ ਦਿੱਸੇ ਚੰਦ ਜਿਸਦੀ ਚਾਨਣੀ
ਦਿੱਸ ਰਹੀ ਸੀ ਸਾਫ਼ ਹੁਣ ਤਾਂ ਮਾਤ ਨੂੰ।
ਪਰ ਹੁਣ ਕੌਤਕ ਹੋਰ ਰਾਣੀ ਵੇਖਦੀ:
ਵਾਂਙ ਦੁੱਧ ਦੀ ਧਾਰ ਸੂਖਮ ਬੋੜ੍ਹ ਹੀ
ਹੇਠਾਂ ਉਤਰੀ ਧਾਰ ਏਸ ਪ੍ਰਕਾਸ਼ ਦੀ,
ਫਿਰ ਹੋਕੇ ਦੋ ਫਾੜ ਆਈ ਹੇਠ ਨੂੰ
ਦੋਹਾਂ ਅੱਖਾਂ ਵਿੱਚ ਲੰਘੀ ਆਣਕੇ;



ਮਿਲਾਪ


www.sikhbookclub.com

ਇੱਕੁਰ ਭੁੱਖੀ ਨੀਝ ਦੇਖ ਨ ਸੱਕਦੀ,
ਪਰ ਕੰਨਾਂ ਨੇ ਵਾਜ ਲਈ ਪਛਾਣ ਸੀ:
ਦੇਹ ਨੇ ਧੀ ਦੀ ਛੋਹ ਲਈ ਸਿਆਣ ਸੀ।
ਏਹੋ ਹੋ ਗਈ ਬੱਸ, ਦੇਖਣ ਲੋੜ ਨਾ।
ਘੁੱਟ ਗਲੇ ਦੇ ਨਾਲ ਮਾਤਾ ਲਾਉਂਦੀ,
ਘੁਟ ਘੁਟ ਚੰਬੜ ਨਾਲ ਹੋਵੇ ਵੱਖ ਨਾ।
ਇੱਕੁਰ ਵਿੱਚ ਪਿਆਰ ਸਮਾਂ ਬਿਤੀਤਿਆ।
ਏਸ ਮੇਲ ਵਿਚ ਸ੍ਵਾਦ ਐਂਨਾ ਆਇਆ,
ਸਮਾਂ ਜੁ ਹਰਦਮ ਤੋਰ ਜਾਰੀ ਰੱਖਦਾ,
ਖੜਾ ਨ ਮੂਲੋਂ ਹੋਇ ਠਹਿਰੇ ਨਾ ਕਦੀ,
ਘੜੀਕੁ ਮਾਨੋ ਥੰਮ੍ਹ ਉੱਥੇ ਠੈਰ੍ਹਿਆ;
ਰੋਕੇ ਘੋੜੇ ਏਨ ਅਪਣੇ ਰੱਥ ਦੇ,
ਇਕ ਟਕ ਨੀਝ ਲਗਾਇ ਦੇਖੇ ਮੇਲ ਨੂੰ।
ਇਸ ਨੂੰ ਦਰਸ਼ਨ-ਸ੍ਵਾਦ ਵੀ ਕੁਛ ਆ ਗਿਆ

ਏ ਦੋਵੇਂ ਬੇਹੋਸ਼ ਪਜਾਰ-ਗਲੱਕੜੀ
ਤੱਕਣ ਮੂਲੋਂ ਨਾਹਿਂ- ਦੇਖੇ ਕੌਣ ਹੈ?
ਫਿਰ ਕੁਛ ਸੁਰਤ ਸਮ੍ਹਾਲ ਏਨ੍ਹਾਂ ਤੱਕਿਆ,
ਤਕਦਜਾਂ ਏਹਨਾਂ ਦੇਖ ਮਾਨੋਂ ਲਾਜ ਖਾ
ਸਮਾਂ ਉੱਠਿਆ ਦੌੜ ਸਿਰਪਟ ਨੱਸਿਆ।
ਸਮਾਂ ਕਹੇ ਕੁਛ ਕਾਲ ਮੈਂ ਸਾਂ ਅਟਕਿਆ
ਲੋਕੀਂ ਕਹਿਣ ਕਿ ਠੀਕ ਬੀਤੀ ਸੀ ਘੜੀ,
ਇਹਨਾਂ ਭਾਣੇ ਇੱਕ ਚਸਾ ਨ ਲੰਘਿਆ।
ਇੱਕੁਰ ਆਪੋ ਵਿੱਚ ਮਿਲ ਮਿਲ ਜਾਣਿਆਂ
ਰਾਣੀ-ਮਾਂ ਨੇ ਠੀਕ ਬਚੜੀ ਆ ਗਈ:

ਠੰਢ ਪਈ ਦਿਲ ਵਿੱਚ ਪੀ ਪੀ ਮੇਲ ਨੂੰ।
ਮੂੰਹ ਭਰਿਆ ਜੇ ਹੋਇ ਬੋਲ ਨ ਸੱਕੀਏ,
ਇੱਕੁਰ ਪੀਂਦੀਆਂ ਪਜਾਰ ਬੋਲ ਨ ਸੱਕੀਆਂ।
ਹੁਣ ਜਦ ਗਈਆਂ ਰੱਜ ਤਦ ਹੀ ਚੁੱਕਿਆ
ਛਾਤੀ ਨਾਲੋਂ ਸੀਸ, ਪਰ ਮਾਂ-ਟੇਕ ਲੈ
ਗੋਡਿਆਂ ਤੇ ਹੱਥ ਰੱਖ ਹੁਈ ਅਡੋਲਵੀਂ,
ਮਾਂ ਨੇ ਦੋਵੇਂ ਹੱਥ ਨਾਲ ਪਿਆਰ ਦੇ
ਗੱਲ੍ਹਾਂ ਠੋਡੀ ਦੇਇ ਨਜ਼ਰ ਜਮਾ ਲਈ,
ਲੰਮਾ ਲੈਕੇ ਸਾਹ, ਕਹਿੰਦੀ: 'ਬੱਚੀਏ !
'ਕੀ ਕੁਝ ਹੋਇਆ, ਖੇਲ ਵਰਤਜਾ ਅੱਜ ਕੀ?'
ਹਸ ਕਹਿੰਦੀ ਧੀ 'ਮਾਉਂ ! ਚਲੀਏ ਮੈਲ੍ਹ ਨੂੰ;
'ਉੱਥੇ ਬੈਠ ਇਕਾਂਤ ਦੱਸੂੰ ਵਿੱਥਿਆ।
'ਠੰਢ ਉਤਰ ਪਈ, ਰਾਤ ਜਾਂਦੀ ਬੀਤਦੀ,
'ਤੂੰ ਥੱਕੀਂ ਹੈਂ ਢੇਰ ਮੈਨੂੰ ਢੂੰਡਦੀ;
'ਪਰ ਤੂੰ ਡਰ ਕਰ ਦੂਰ ਰਾਜੀ ਮੈਂ ਰਹੀ,
'ਬਿਪਤਾ ਔਕੜ ਨਾਹਿਂ ਕੋਈ ਸੀ ਪਈ।
'ਇਹ ਬੀ ਸੀ ਇੱਕ ਖੇਲ ਸਾਈਂ ਵੱਲ ਤੋਂ,
'ਰਚਿਆ ਸੀ ਉਨ ਆਪ ਮੇਰੇ ਵਾਸਤੇ।
'ਜਿਸ ਦਾ ਸੁੱਖ ਮਹਾਨ ਮੈਨੂੰ ਹੋਇਗਾ,
'ਆਪ ਜੋਗ ਬੀ ਹੋਗ ਨਾਲੇ ਮਾਉਂ ਜੀ!
'ਮੇਰੇ ਕਾਰਣ ਦੁੱਖ ਹੋਇਆ ਆਪ ਨੂੰ
'ਭਾਵੇਂ ਬਹੁਤਾ ਅੱਜ, ਮਾਤਾ ਮੇਰੀਏ !
'ਪਰ ਮੇਰੇ ਨਾ ਵੱਸ ਹੈਵੇ ਕੁੱਝ ਬੀ।
'ਇਕ ਤਾਂ ਮੈਨੂੰ ਨਿੱਤ ਐਕੁਰ ਜਾਪਦਾ,-
'ਮੈਂ ਪੂਰੀ ਹਾਂ ਨਾਹਿਂ ਵਿਚ ਇਸ ਦੇਹ ਦੇ।
'ਉੱਤੋਂ ਸਾਈਂ-ਤਜਾਗ ਘਾਇਲ ਕੀਤੀਆਂ,-
'ਸੁਰਤ ਵਿਲੱਖਣ ਰੰਗ ਮੇਰੀ ਹੋ ਰਹੀ:
'ਨੇਕੀ ਪੁੰਨ ਕਿ ਪਾਪ ਸਭ ਨੂੰ ਭੁੱਲਕੇ
'ਸਭ ਤੋਂ ਬੇ-ਪਰਵਾਹ, ਕੇਵਲ 'ਯਾਦ' ਦੀ
'ਫੜ ਡੋਰੀ ਹਿਤ ਨਾਲ ਲਟਕੀ ਏ ਰਹੇ।
'ਜਿੱਧਰ ਜਾਵੇ ਡੋਰ ਖਿੱਚੀ ਉੱਪਰੋਂ,
'ਖਿੱਚੀ ਨਾਲੇ ਜਾਉਂ ਪੁਤਲੀ ਵਾਂਗ ਮੈਂ।
'ਮੇਰੀ ਮਰਜ਼ੀ ਸੀਗ ਜਿਹੜੀ ਆਪਣੀ
'ਨਿੱਕੀਆਂ ਤਾਰਾਂ ਢਾਂਙ ਆਪ ਨ ਬੋਲਦੀ;
'ਜੋ ਕੁਝ ਬੋਲੇ ਬਾਜ਼ ਓਹੋ ਬੋਲਦੀ;
'ਉਸ ਦੇ ਆਸ਼੍ਰਿਤ ਹੋਇ ਉਸ ਦੀ ਹੋ ਰਹੀ,
' 'ਸਾਈਂ ਮਨਸ਼ਾ' ਜਾਣ ਮਨਸ਼ਾ ਆਪਣੀ,
'ਮਾਤਾ ! ਪੁਤਲੀ ਢਾਂਙ ਸਾਂਈਂ ਸਾਮ੍ਹਣੇ
'ਕਰਾਂ ਉਹੋ ਹੀ ਕਾਰ ਜੋ ਉਹ ਚਾਹੁੰਦਾ।
'ਮੈਨੂੰ ਅਪਣਾ ਆਪ ਓਪ੍ਰਾ ਭਾਸਦਾ,
'ਸਾਂਈਂ ਵਾਲਾ ਆਪ ਦਿੱਸੇ ਆਪਣਾ।
'ਓਪ੍ਰੇ ਤੋਂ ਉਪਰਾਮ ਹੋਈ ਮੈਂ ਰਹਾਂ,


www.sikhbookclub.com

'ਅਪਣੇ ਨਾਲ ਪਿਆਰ ਕਰਾਂ ਨ ਰੱਜਦੀ।
'ਬੱਧੀ ਉਸ ਦੇ ਪ੍ਰੇਮ ਭਵਾਂ ਉਦਾਲੜੇ,
'ਜਿੱਕੁਰ ਫੁੱਲਾਂ ਦੁਾਲ ਭੌਣ ਭੰਬੀਰੀਆਂ,-
'ਤਿਲਮਿਲ ਕਰ ਕਰ ਉੱਡ, ਉਡ ਉਡ ਭੌਂਦੀਆਂ,
'ਦੂਰ ਨ ਸੱਕਣ ਜਾਇ, ਡਰਨ ਵਿਛੋੜਿਓਂ;
'ਸੱਕਣ ਨ ਉੱਪਰ ਬੈਠ ਅਦਬ ਸਵਾਰੀਆਂ,
'ਅਪਣਾ ਆਪ ਨ ਯਾਦ, ਯਾਦ ਇਕ ਫੁੱਲ ਦੀ,
'ਹਰਦਮ ਬਿਹਬਲ ਹੋਇ ਦਮਦਮ ਭੌਂਦੀਆਂ,
'ਭੌਂਦੀਆਂ ਲੈਣ ਨ ਸਾਹ ਪ੍ਰੇਮ ਪ੍ਰਵੇਧੀਆਂ।
'ਇਸ ਬਿਧ ਮਾਤਾ ਹੋਇ ਸਾਈਂ ਨਾਲ ਮੈਂ
'-ਖੰਭ ਯਾਦ ਦੇ ਨਾਲ ਗਿਰਦੇ ਓਸਦੇ-
'ਭੌਂਦੀ ਲਵਾਂ ਨ ਸਾਹ,- ਭੁਲੀ ਆਪ ਤੋਂ।
'ਠਹਿਰਨ ਭੌਣ ਨ ਵੱਸ ਲੱਗੀ ਟੇਵ ਹੈ।
'ਮੈਂ ਚਾਹਾਂ ਜੇ ਮਾਉਂ ! ਮੰਡਲ ਏਸ ਤੋਂ
'ਹੋਸ਼ ਕਰਾਂ ਆ ਬਾਰੁ, ਆ ਨਾ ਸੱਕਦੀ !
'ਭੰਬਰ ਪਏ ਦੇ ਵਾਂਗ ਚੱਕਰ ਖਾ ਰਹੀ,
'ਮੁੜਨ ਵਧਣ ਨਾ ਵੱਸ ਅਪਨੇ ਹੈ ਰਿਹਾ।'

ਭੋਲੀ ਰਾਣੀ ਰਾਜ ਹੋਈ ਪ੍ਰੇਮ ਹੈ,
ਏਸ ਦਸ਼ਾ ਨੂੰ ਆਪ ਅਜੇ ਨ ਜਾਣਦੀ
ਕੀ ਹੈ ਇਸ ਦਾ ਨਾਮ ਕੀ ਪਰਣਾਮ ਹੈ।
ਨਾ ਜਾਣਨ ਦੀ ਏਹ ਦਸ਼ਾ ਸੁਹਾਵਣੀ;
ਅਜਬ ਅਵਿਦਜਾ ਏਹ,- ਹੋਕੇ ਚਾਨਣੇ
ਜਾਣੇ ਮੂਲੋਂ ਨਾਹ ਏਹ ਹੈ ਚਾਨਣਾ।
ਚਾਨਣ ਹੋਈ ਆਪ ਕੂਕੇ ਚਾਨਣਾ;
ਚਾਨਣ ਲਭਦੀ ਜਾਇ ਵਧਦੀ ਚਾਨਣੇ;
ਅਜੇ ਨ ਜਾਣੇ ਆਇ ਚਾਨਣ ਹੈ ਗਿਆ।
ਨੇੜੇ ਹੁੰਦੀ ਜਾਇ ਕਾਰਣ ਓਸਦੇ
ਜੋ ਚਾਨਣ ਦਾ ਆਪ ਚਾਨਣ ਪੂਰਨੰ।
ਸ਼ੁਭ 'ਨਾ ਜਾਨਣ' ਏਹ, 'ਜਾਣ' ਨ ਜਾਣੀਏਂ।
ਧ੍ਰਿਗ ਉਸ 'ਜਾਣਨ' ਜੋਗ ਜਾਣਜਾ ਹੈ ਨਹੀਂ
ਫਿਰ ਜਾਣੇ ਕਿ ਠੀਕ ਮੈਂ ਹੈ ਜਾਣਿਆ।
ਉਹ 'ਜਾਣਨ' ਕਿਸ ਕੰਮ ਜਾਣੇ ਹੀ ਬਿਨਾਂ
ਜੋ ਜਾਣੇ ਕਿ ਜਾਣ ਸਭ ਕੁਝ ਹੈ ਲਿਆ।

ਇੱਕੁਰ ਪ੍ਰੇਮ ਸਰੂਪ ਪ੍ਰੀਤੀ ਪ੍ਰੇਮ ਦੀ
ਮਿਲੀ ਪ੍ਰੇਮ ਦੇ ਨਾਲ ਰਾਣੀ ਰਾਜ ਸੀ।
ਕਰ ਗੱਲਾਂ ਮਾਂ ਨਾਲ ਦੋਵੇਂ ਉੱਠੀਆਂ।
ਚਲੀਆਂ ਵੱਲ ਮਹੱਲ ਪਰ ਹੁਣ ਓਧਰੋਂ
ਹੋਰ ਆਏ ਕੁਛ ਦਾਸ ਨਾਲ ਸਵਾਰ ਬੀ
ਗਈ ਪਾਲਕੀ ਪੌਂਚੁ ਘੱਲੀ ਮੈਲੁ ਤੋਂ।
ਇਸ ਵਿਚ ਦੋਵੇਂ ਬੈਠ ਮਹਿਲੀਂ ਪੌਂਚੀਆਂ।
ਰਾਣੀ ਅਪਣੇ ਖਾਸ ਪਾਸੇ ਨੂੰ ਗਈ,
ਅੰਮਾਂ ਬੜੇ ਦਲਾਨ ਬੈਠੀ ਜਾਇਕੇ,
ਰਾਧਾਂ ਪਾਸ ਬਹਾਲ ਉਸ ਨੂੰ ਝਾੜਦੀ।
ਫਿਰ ਉਸਤੋਂ ਸਭ ਹਾਲ ਪੁੱਛੇ ਹੋਣ ਦਾ
ਨਾਲ ਰਾਜ ਦੇ ਆਪ, ਦੱਸ ਨ ਜਾਣ ਦਾ।
ਉਸ ਨੇ ਦੋ ਹਥ ਜੋੜ ਅਪਣੀ ਬੇ-ਬਸੀ
ਦੱਸੀ ਮਾਤਾ ਜੋਗ ਜਿੱਕੁਰ ਓ ਗਈ।
ਨਾਲ ਰਾਜ ਦੇ ਆਪ ਬੱਧੀ ਪ੍ਰੇਮ ਦੀ।
ਫੇਰ ਓਸਨੇ ਹਾਲ ਜੋ ਕੁਝ ਦੇਖਿਆ
ਸਾਰਾ ਅੰਮੀਂ ਜੋਗ ਖੋਲ੍ਹ ਸੁਣਾਇਆ:
ਪਰ ਗੁੱਝੇ ਜੋ ਭੇਤ ਗੱਲਾਂ ਨਿੱਕੀਆਂ
ਸਮਝ ਸਕੀ ਸਿ ਨ ਆਪ ਸੱਕੀ ਦੱਸ ਨਾ?

ਫਿਰ ਮਾਤਾ ਨੇ ਦਾਨ ਕਰ ਸਿਰ ਵਾਰਨੇ
ਦਿੱਤਾ ਬਹੁਤ ਇਨਾਮ ਨੌਕਰ ਚਾਕਰਾਂ।
ਸ਼ਹਿਰ ਵਿਖੇ ਭੰਡਾਰ ਭਾਰਾ ਹੋਇਆ।
ਘਰ ਘਰ ਮੰਗਲ ਸਾਜ ਖੁਸ਼ੀਆਂ ਹੋਈਆਂ।
ਅੱਧੀ ਹੋਈ ਰਾਤ ਵਿਹਲੀ ਹੋਇਕੇ
ਵਖਰੀ ਧੀ ਦੇ ਪਾਸ ਬਹਿ ਕੇ ਪੁੱਛਦੀ:
'ਸਾਰਾ ਦੱਸ ਹਵਾਲ ਮੈਨੂੰ ਬੱਚੀਏ !'
ਧੀ ਨੇ ਸਾਰਾ ਹਾਲ ਦੱਸ ਸੁਣਾਇਆ।
'ਗੁਫ਼ਾ' ਜੁ ਵਾਲੀ ਗੱਲ ਸੀ ਸਤਿਸੰਗ ਦੀ,
ਕੀਤਾ ਸੀ ਇਕਰਾਰ, ਦੱਸੀ ਸੋ ਨਹੀਂ।
ਇਸ ਬਿਧਿ ਘੜੀ ਕੁ ਬਾਦ ਦੋਵੇਂ ਓਸ ਥਾਂ
ਸੈਂ ਗਈਆਂ ਗਲ ਲੱਗ ਥਕ ਕੇ ਹੁੱਟੀਆਂ।
ਰਾਤ ਜੁ ਜਾਗੇ ਰਾਤ, ਜਿੰਨੀ ਸੀ ਅਜੇ,

ਤੁਰ ਗਈ ਪੱਛੋਂ ਰਾਹ ਜਾਂਦੀ ਅੰਤ ਨੂੰ
ਸੱਭੇ ਗਈ ਜਗਾਇ ਸੁਆਏ ਆਪਣੇ,—
ਮਤਾਂ ਦਿਵਸ ਫਿਰ ਆਇ ਸੁੱਤੇ ਵੇਖਕੇ
ਆਲਸ ਦੇਵੇ ਭੇਜ ਹੱਡੀਂ ਸੁੱਤਿਆ,
ਜੋ ਕਰਕੇ ਪਰਵੇਸ਼ ਹੱਡੀਂ ਬ੍ਹੈ ਰਹੇ,
ਵਿੱਚ ਦਲਿੱਦਰ ਰੱਖ, ਦੇਕੇ ਆਕੜਾਂ,
ਦੇਇ ਉਬਾਸੀਆਂ ਨਾਲ, ਅੰਗ ਭਨਾਂਵਦਾ।

## ੨੦. ਦਰਬਾਰ

ਕੁਆਰੀ ਕੰਨਜਾ ਵਾਂਙ ਭੋਲੀ ਭਾਲੜੀ,
ਬਿਨਾ ਸ਼ਿੰਗਾਰ ਬਨਾਉ, ਸਿੱਧੀ, ਸਾਦੜੀ,
ਪਰ ਸੁਥਰੀ ਤੇ ਸਾਫ਼, ਮੈਲ ਅਛੋਹਿੜੀ,
ਠੰਢਾ ਤੇ ਗੰਭੀਰ ਜਿਸ ਪਰਭਾਉ ਹੈ,
ਪਹੁੰਚੀ ਆਣ 'ਸਵੇਰ', ਫਬਦੀ ਐਕੁਰਾਂ
ਮੋਤੀ ਜਿਉਂ ਅਨਵਿੱਧ ਸੁੱਚੇ ਹੋਂਵਦੇ।
ਅੱਗੇ ਅੱਗੇ ਦੂਤਿ ਠੰਢਕ ਜਾਂਵਦੀ,
ਫ਼ੁਾਰਾ ਜਿਸਦੇ ਹੱਥ ਪਰ ਨਾ ਦਿੱਸਦਾ,
ਕਰਦੀ ਜੋ ਤਿਨਕਾਉ ਸਹਜੇ ਜਾ ਰਹੀ।
ਤੁਪਕੇ ਇਸਦੇ ਸਾਫ਼ ਛਿਣਕੇ ਜੋ ਪਏ
ਫੁੱਲਾਂ ਪੱਤਜਾਂ ਘਾਹ ਉੱਤੇ ਦਿੱਸਦੇ,
ਲੋਕੀਂ ਆਖਣ ਤ੍ਰੇਲ ਹੈਵੇ ਏ ਪਈ,
ਨਾਲੇ ਨਾਲੇ ਜਾਇ 'ਨ੍ਹੇਰਾ ਰਾਤ ਦਾ
ਉਸਦੇ ਮਗਰੇ ਆਇ ਰਹੀ ਸਵੇਰ ਹੈ।
ਇੱਕੋ ਜੇਹਾ ਸਾਫ਼ ਜਿਸਦਾ ਚਾਨਣਾ,
ਕਰਦੀ ਲਾਡ ਪਿਆਰ ਪਤਿਆਂ, ਡਾਲੀਆਂ,
ਹਰ ਬੂਟੇ, ਫੁਲ ਨਾਲ ਆਈ ਸ੍ਵੇਰ ਏ;
ਫਲ ਬ੍ਰਿਛ ਫਲੀਆਂ ਘਾਹ ਸਭ ਨੂੰ ਸ੍ਵਾਰਦੀ
ਪਸਰ ਗਈ ਚੌਫੇਰ, ਪਾਣੀ ਤੇਲ ਜਜੋਂ।
ਪੰਛੀ ਕਰਦੇ ਕੇਲ ਚੋਹ ਚਹੁੱਕਦੇ,
ਭਰਦੇ ਵਿੱਚ ਉਮਾਹ ਆਈ ਦੇਖਕੇ।
'ਨ੍ਹੇਰਾ ਇਸ ਵਿਚ ਨਾਂਹਿ, ਤਿੱਖਾ ਤੇਜ ਨਾ,
ਮੱਧਮ ਮੰਦ ਸੁਹਾਉ, ਤਪਸ਼ ਨ ਵੱਟ ਹੈ,
ਠੰਢੀ ਪਜਾਰੀ ਪੌਣ ਰੁਮਕੇ ਦੇਂਵਦੀ।
ਹਸਮੁਖ ਖਿੜਿਆ ਦੇਖ ਮੱਥਾ ਸ੍ਵੇਰ ਦਾ
ਕੁਦਰਤ ਦਾ ਪਰਭਾਉ ਹੈ ਇਸ ਵੇਲੜੇ
ਪੈਂਦਾ ਕਿਹਾ ਅਡੋਲ ਚੁੱਪ ਸੰਗੀਤਵਾਂ।
ਬੈਠੀ ਚੁੱਪ ਅਡੋਲ ਨੈਣ ਦੁ ਮੀਟਕੇ
—ਚਿੜੀ ਚੁਹੱਕੀ ਵਾਜ ਸੁਣਕੇ ਰਾਜ ਨੇ
ਮੀਟੇ ਨੈਣਾਂ ਖੋਲ੍ਹ ਤੱਕ ਚੁਫੇਰੜੇ
ਲੰਮਾ ਲੈਕੇ ਸਾਹ ਐਦਾਂ ਆਖਿਆ:—

ਉਠੀ ਝਾਲੂ ਕੰਤੜੇ ਹਉ ਪਸੀ ਤਉ ਦੀਦਾਰੁ ॥
ਕਾਜਲੁ ਹਾਰੁ ਤਮੋਲ ਰਸੁ ਬਿਨੁ ਪਸੇ ਹਭਿ ਰਸ ਛਾਰੁ ॥
{ਮਾਰੂ ਡ: ਮ: ੫}

'ਤੈਂ ਬਾਝੋਂ ਹੇ ਲਾਲ ! ਜੱਗ ਇਕੱਲੀਆਂ।
'ਮੈਥੋਂ ਚੰਗੇ ਫੁੱਲ ਜਦ ਅੱਖ ਖੋਲ੍ਹਦੇ,
'ਇਕ ਦੂਜੇ ਨੂੰ ਦੇਖ਼ ਖਿੜਦੇ ਜਾਂਵਦੇ।
'ਮੈਂ ਇਸ ਵੇਲੇ ਜਾਗ ਕਿਸਨੂੰ ਦੇਖਕੇ
'ਖਿੜਾਂ? ਦੱਸ ਮੈਂ ਲਾਲ ! ਮੈਂ ਇਕਲਾਪੀਆਂ।
'ਚਾਰ ਚੁਫੇਰੇ ਭੇਜ ਦੂਤ ਨਜ਼ੀਰ ਦੇ
'ਟੋਲਾਂ ਤੈਨੂੰ ਲਾਲ ! ਦਿੱਸੇਂ ਤੂੰ ਨਹੀਂ।
'ਰਾਜ ਭਾਗ ਪਰਤਾਪ ਮਿਲਿਆ ਸੱਭ ਹੈ,
'ਤੇਰੇ ਬਾਝੋਂ ਏਹ ਬੇ-ਰਸ ਹੋ ਰਿਹਾ
'ਜਿੱਕੁਰ ਬਿਨਾਂ ਸੁਗੰਧ 'ਸ਼ੱਬੋ' ਹੋ ਜਏ।
'ਸੁਹਣੇ ਚੰਗੇ ਏਹ ਸੱਭੇ ਹੈਨਗੇ,
'ਪਰ ਤੂੰ ਵਾਂਙ ਸੁਗੰਧ ਵਿੱਚੋਂ ਉੱਡਿਓਂ।'
ਪਾਸੋਂ ਕਹਿੰਦੀ ਪੌਣ 'ਰਾਣੀ ਭੋਲੀਏ !
'ਉੱਡ ਜਿਵੇਂ ਖੁਸ਼ਬੋਇ ਕਿੱਥੇ ਓ ਗਿਆ?
'ਬਣਕੇ ਅਤਰ ਗੁਲਾਬ ਤੇਰੇ ਅੰਦਰੇ,
'ਸ਼ੀਸ਼ੇ ਵਿੱਚ ਬਿਰਾਜ ਬੈਠਾ ਦੇਂਵਦਾ
'ਮਿੱਠੀ ਪਜਾਰੀ ਗੰਧ ਮਸਤੀ ਵਾਲੜੀ।'

ਇਹ ਸੁਣ ਚੁੱਪ-ਅਵਾਜ ਮੱਧਮ ਪੌਣ ਦੀ
ਅੱਖਾਂ ਮੀਟੇ ਫੇਰ ਅੰਦਰ ਵੇਖਦੀ,—

ਬਿਰਹੋਂ ਵਾਲੇ ਖਜਾਲ ਦਿਲ ਦੇ ਹੇਰਵੇ
ਐਧਰ ਉਧਰ ਦੌੜ ਕਿਧਰੇ ਜਾ ਲੁਕੇ;
ਸ਼ੀਸ਼ੇ ਵਾਂਙੂ ਸਾਫ਼ ਨਿਰਮਲ ਚਿੱਤ ਤੇ
ਬੈਠਾ ਸੀ ਸਿਰਤਾਜ ਸਾਈਂ ਸੋਹਿਣਾ।
ਟਿਕ ਗਜੀ ਇਸ ਦੀਦਾਰ ਵਿਸਮਯ ਹੋਂਵਦੀ।
ਇਹ ਰੁੱਝੀ ਇਸ ਰੰਗ ਦਿਨ ਦਾ ਓਧਰੋਂ
ਬਚਪਨ ਗਿਆ ਬਿਤੀਤ –ਰਹੀ ਸਵੇਰ ਨਾ।

ਕਈ ਜੀਵ ਕਈ ਸਾਲ ਉਮਰਾ ਭੋਗਦੇ,
ਦਿਨ ਦੀ ਉਮਰਾ ਚਾਰ ਪਹਿਰੀਂ ਮੁੱਕਦੀ;
ਫਿਰ ਜੰਮੇ ਫਿਰ ਮੌਤ; ਇੱਕਰ ਨਿੱਤ ਹੀ
ਤੁਰੀ ਜਾਇ ਰੜਖੇੜ, ਮੁਕਦੀ ਨਾ ਕਦੇ।
ਚਹੁੰ ਪਹਿਰਾਂ ਦੇ ਵਿੱਚ ਉਮਰਾ ਤਿੰਨ ਏ
ਬਚਪਨ, ਜੋਬਨ, ਬ੍ਰਿੱਧ ਭੋਗ ਬਿਤਾਂਵਦਾ।
ਸ੍ਵੇਰੇ ਹੋਵੇ ਬਾਲ ਭੋਲਾ ਖੇਡਦਾ,
ਸੂਰ ਚੜ੍ਹੇ ਹੋ ਜ੍ਵਾਨ ਹਰਿ ਕੰਮ ਸਾਧਦਾ,
ਢਲਦਾ ਲੌਢੇ ਪੈਰੁ ਬੁੱਢਾ ਹੋਂਵਦਾ;
ਰਾਤੀ ਮਾਨੋਂ ਮੌਤ ਇਸਨੂੰ ਘੇਰਦੀ,
ਕਬਰ ਹਨੇਰਾ ਹੋਇ ਮੂੰਹ ਨੂੰ ਅੱਡ ਕੇ
ਇਸ ਨੂੰ ਲਏ ਉਤਾਰ ਹੇਠਾਂ ਆਪਣੇ।
ਏਸ ਮੌਤ ਦੀ ਛਾਉਂ ਹੇਠਾਂ ਨੱਪਿਆਂ
ਚਾਰ ਕੁ ਬੀਤਣ ਪੈਰੁ ਇਸਨੂੰ ਰਾਤ ਦੇ।
ਰਾਤ ਮਰੇ ਰਬ ਫੇਰ ਇਨੂੰ ਜਿਵਾਲਦਾ।
ਇਕੁਰ ਜੀਉ ਮਰ ਜੀਉ ਚਲਦਾ ਦੌਰ ਹੈ।

ਅਜ ਜਦ ਦਿਨ ਦਾ ਕਾਲ ਬਚਪਨ ਵਾਲੜਾ
ਲੰਘ ਗਿਆ ਸੀ, ਫੇਰ ਸੂਰਜ ਆ ਗਿਆ;
ਇਸ ਦੇ ਤਿੱਖੇ ਤੀਰ ਰਾਧਾਂ ਖਾਇਕੇ
ਤ੍ਰਹਕ ਉਠੀ ਕਹਿ: 'ਹਾਇ ਦੋਵੇਂ ਆ ਗਏ
'ਦਿਨ ਤੇ ਸੂਰਜ ਨਾਲ ਇੱਕੋ ਵਾਰ ਹੀ।
'ਅੱਜ ਨ ਹੁਈ ਸਵੇਰ ਕੇ ਹਡ ਰੱਖ ਮੈਂ
'ਸੌ ਸੌ ਪਾਸੇ ਮਾਰ ਦਈ ਲੰਘਾਇ ਹੈ?'
ਭੰਨ ਆਕੜਾਂ ਨਾਲ ਲਏ ਉਬਾਸੀਆਂ,।
ਹੱਥੀਂ ਚੁਟਕੀਆਂ ਮਾਰ 'ਹਰਿ ਹਰਿ' ਆਖਦੀ
ਆਲਸ ਨਾਲ ਫਸਾਦ ਰਾਧਾਂ ਚੁੱਕਿਆ।
ਆਲਸ ਨੇ ਹਡ ਭੰਨ ਕੀਤੇ ਦੂਰ ਸੇ,
ਕਰਕੇ ਇਉਂ ਬਲ–ਹੀਨ ਬੈਠਾ ਆਪ ਸੀ,
ਸਾਰੀ ਦੇਹ ਨੂੰ ਮੱਲ ਵਾਂਙੂ ਮੱਲ ਦੇ।
'ਹਰਿ ਹਰਿ' ਮੂੰਹੋਂ ਆਖ ਰਾਧਾਂ ਕੱਢਦੀ
ਇਸ ਨੂੰ ਆਕੜ ਭੰਨ, ਮਾਰ ਉਬਾਸੀਆਂ
ਅੱਖਾਂ ਦਬ ਦਬ ਮੀਟ ਫਿਰ ਫਿਰ ਖੋਲ੍ਹਕੇ;
ਉਹ ਨਿਕਲੇ ਨਾ ਐਉਂ ਪਾਰਾ ਜਿੱਕੁਰੇ
ਬੈਠਾ ਅੰਗਾਂ ਵਿੱਚ ਨਿਕਲਣ ਭੁੱਲਦਾ।
ਕੁਝ ਚਿਰ ਘੁਲਕੇ ਘੋਲ ਢੱਠੀ ਰਾਧਕਾਂ:
ਲੰਮੀ ਪੈਰ ਪਸਾਰ ਅੱਖਾਂ ਮੀਟਕੇ
ਪਿਠ ਲਗੇ ਮਲ ਵਾਂਙ ਲੇਟੀ ਫੇਰ ਹੈ।
ਨੀਂਦਰ ਆਵੇ ਨਾਹਿੰ, ਉੱਠ ਨ ਬੈਠਦੀ,
ਪਲਸੇਟੇ ਹੀ ਮਾਰ ਭੰਨੇ ਆਕੜਾਂ।
ਸੂਰਜ ਹੁੰਦਾ ਜਾਇ ਉੱਚਾ ਹੋਰ ਹੈ
ਗੋਡੇ ਗੋਡੇ ਦੇਹੁੰ ਚੜ੍ਹਦਾ ਆਉਂਦਾ।
ਰਾਧਾਂ ਲੇਟੀ ਵੇਖ ਸੂਰਜ ਆਖਦਾ:
'ਦੇਖ ਲਈ ਮੈਂ ਆਣ ਸੁੱਤੀ ਤੂੰ ਪਈ,
'ਆਲਸ ਤੇਰੇ ਹੱਡ ਵੜਿਆ ਹੀ ਰਹੂ;
'ਅੱਜ ਰਹੇਂਗੀ ਨਾਰ ! ਭੰਨਦੀ ਆਕੜਾਂ,
'ਦਿਨੇ ਸੌਣ ਦੀ ਲਾਜ ਆਊ ਵੱਖਰੀ;
'ਅਜੇ ਬਚਣ ਦਾ ਦਾਉ ਹੈ, ਤੂੰ ਉੱਠ ਪੌ।'
ਇਸ ਮਿਹਣੇ ਦੇ ਨਾਲ ਤਿੱਖੀ ਧੁੱਪ ਨੇ
ਦਿੱਤੀ ਅੰਤ ਉਠਾਲ ਢਿੱਲੀ ਰਾਧਕਾਂ;
ਗਈ ਸ਼ਨਾਨ–ਸਥਾਨ, ਜਾਕੇ ਦੇਖਦੀ:
ਟਹਿਲਣ ਸਾਜ ਸਮਾਨ ਕੀਤਾ ਤਜਾਰ ਹੈ।
ਰਾਧਾਂ ਨੇ ਫਿਰ ਏਹ ਦਿੱਤੀ ਆਗਿਆ:
'ਡੱਕਾ ਦੇਵੋ ਛੱਡ ਬਾਰੂੰ ਕੂਲ੍ਹਦਾ।'

ਲੱਗ ਪਿਆ ਜਲ ਔਣ ਅੰਦਰ ਕੁੰਡ ਦੇ,
ਕਰ ਦਿੱਤਾ ਭਰਪੂਰ: ਦੂਜੇ ਰਾਹ ਤੋਂ
ਵਾਧੂ ਧਾਰਾ ਨੀਰ ਬਾਹਰ ਜਾਂਵਦੀ।
ਮਾਨੋਂ ਆਵੇ ਨੀਰ ਲਭਦਾ ਰਾਜ ਨੂੰ:
ਸੇਵਾ ਕਰਾਂ ਬਣਾਇ ਸਫਲੇ ਆਵਣਾ,

ਪਰ ਰਾਣੀ ਨਾ ਦੇਖ ਮਨੋਂ ਨਿਰਾਸ ਹੋ;
ਦੂਜੇ ਰਸਤਜੋਂ ਬਾਰੁ ਜਾਂਦਾ ਰੋਂਵਦਾ।
ਖੁਰੇ ਆਪਣੇ ਜਾਇ ਨ੍ਹਾਤੀ ਰਾਧਕਾਂ,–
ਛੇਤੀ ਛੇਤੀ ਆਪ ਪਹਿਲੇ ਰਾਜ ਤੋਂ
ਹੋ ਜਾਵਾਂ ਮੈਂ ਤਜਾਰ ਝੱਲਾਂ ਲਾਜ ਨਾ।
ਸੋ ਹੋਕੇ ਹੁਣ ਤਜਾਰ ਪਹੁੰਚੀ ਰਾਧਕਾਂ
ਜਿੱਥੇ ਰਾਣੀ ਰਾਜ ’ਰਾਜੇ ਸੋਹਿਣੀ।
ਮੱਲਕੜੇ ਜਾ ਪਾਸ ਬੈਠੀ ਰਾਧਕਾਂ,
ਅਤਿ ਸੁਰ ਮਿੱਠੀ ਨਾਲ ਗਾਇ ਅਸੀਸ ਏ:–
‘ਜੈ ਜੈ ਜੁਗ ਜੁਗ ਰਾਜ ਜਾਗੀਂ ਰਾਣੀਏਂ !
‘ਬਣਿਆਂ ਰਹੇ ਸਮਾਜ ਜਾਗੀਂ ਰਾਣੀਏਂ !
‘ਸਿਰ ਤੇ ਸੋਹੇ ਤਾਜ ਜਾਗੀਂ ਰਾਣੀਏਂ !
‘ਕਲਗੀ ਰਹੇ ਬਿਰਾਜ ਜਾਗੀਂ ਰਾਣੀਏਂ !
‘ਅਟਲ ਰਹੇ ਸਭ ਰਾਜ ਸਤਿਗੁਰ ਪੱਖੀਏ !
‘ਸਵਰਣ ਸਾਰੇ ਕਾਜ ਜਾਗ ਸੁਲੱਖੀਏ !
‘ਰਹੇ ਰਹਮ ਰਬ ਛਾਜ ਰਾਮ ਸੁ ਰੱਖੀਏ !
‘ਜਾਗ ਸੁ ਲਾਜ ਜਹਾਜ ਤਕ ਜਗ ਅੱਖ਼ੀਏਂ।’
ਸੁਣ ਇਹ ‘ਲੋਰੀ–ਜਾਗ’ ਜਾਗੀ ਸੋਹਿਣੀ।
ਜਾਗੀ ਕੀ, ਗਈ ਟੁੱਟ ਅਪਣੇ ਧਜਾਨ ਤੋਂ:
ਜੁੜੀ ਜੰਦਰੇ ਨਾਲ ਕੁੰਜੀ ਵਾਕੁਰਾਂ
ਖੂਬ ਵਲੇਵੇਂ ਮਾਰ ਸੀ ਜੋ ਅੰਦਰੋਂ
ਅਪਣੇ ਸ੍ਵਾਮੀ ਨਾਲ ਵਿੱਚ ਧਿਆਨ ਦੇ,
ਦਿੱਤਾ ਰਾਧਾਂ ਤੋੜ ਆ ਅਨਭੋਲੜੇ।
ਲੰਮਾ ਲੈਕੇ ਸਾਹ ਕਹਿੰਦੀ: ‘ਗੋਲੀਏ।
‘ਲੱਗੀ ਆਣ ਪਰੇਮ ਵਿੰਨ੍ਹੀ ਚਿੱਤ ਨੂੰ,
‘ਕਿਵੇਂ ਸਮਝ ਪੈ ਜਾਇ ਤੈਨੂੰ ਪੀੜ ਦੀ।’
ਮਾਨੋਂ ਸੀ ਇਹ ਗਾਲ੍ਹ ਪ੍ਰੇਮਣ ਨਾਰ ਦੀ।
ਇੰਨਾ ਹੀ ਕਹਿ ਵਾਕੁ, ਮੂੰਹੋਂ ਹੱਸਦੀ,
ਰੋਂਦੀ ਨੈਣਾਂ ਨਾਲ ਤੁਰ ਪਜੀ ਨ੍ਹਾਵਣੇਂ,–
ਬੈਠੀ ਕੰਢੇ ਜਾਇ ਸੁਹਣੇ ਹੌਜ਼ ਦੇ।
ਪਾਣੀ ਨਿਰਮਲ ਸਾਫ਼ ਪ੍ਰੇਮੀ ਸੇਵ ਦਾ,
ਹੋਇ ਉਤਾਵਲ ਏਸ ਰਾਣੀ ਰੂਪ ਨੂੰ
ਲੀਤਾ ਵਿੱਚ ਸਮਾਇ ਚਾਨਣ ਆਸਰੇ।
ਹੁਣ ਹੋ ਗਈਆਂ ਦੋਇ ਏਥੇ ਰਾਣੀਆਂ,–
ਇਕ ਕਿਨਾਰੇ ਹੌਜ਼ ਬੈਠੀ ਸੋਹਿਣੀ,
ਦੂਜੀ ਹੈ ਵਿਚ ਹੌਜ਼ ਕਰਦੀ ਕਾਰ ਓ
ਜੋ ਕਰਦੀ ਹੈ ਕਾਰ ਕੰਢੇ ਬੈਠੜੀ।
ਰਾਣੀ ਦੀ ਬੀ ਨੀਝ ਇਸਤੇ ਪੈ ਗਈ,
ਕਹਿੰਦੀ ਜੀ ਨੂੰ, ‘ਸੋਚ, ਭੌਜਲ ਜੱਗ ਹੈ,
‘ਤੂੰ ਪਰਛਾਵੇਂ ਵਾਂਙ ਡੁੱਬੀ ਵਿੱਚ ਹੈਂ,
‘ਸਾਈਂ ਬੈਠਾ ਤੀਰ ਇਸਤੋਂ ਵੱਖਰਾ।’

ਦਾਤਣ ਆਦਿਕ ਕਾਰ ਕਰਕੇ ਸਾਰੜੀ
ਰਾਣੀ ਕਪੜੇ ਪੈਨ੍ਹ ਮਲਮਲ ਸਾਫ ਦੇ
ਵੜੀ ਹੌਜ਼ ਦੇ ਵਿੱਚ ਕਰਨ ਸ਼ਨਾਨ ਨੂੰ:
ਵੜ ਗਈ ਰਾਧਾਂ ਨਾਲ ਮਲਦੀ ਦੇਹ ਨੂੰ।
ਦੇਹ ਤੋਂ ਸੂਖਮ ਮੈਲ ਭਰੀ ਸੁਗੰਧਿ ਦੀ
ਲਹਿ, ਜਲ ਕਰੇ ਪਵਿੱਤ੍ਰ, ਓ ਖੁਸ਼ ਹੋਂਵਦਾ
ਲੈ ਲੈ ਦਾਤ ਅਮੋਲ ਨਿਕਲੇ ਬਾਰੁ ਨੂੰ।
ਭਾਗਾਂ ਵਾਲੀ ਕੂਲ ਜਿਸ ਨੂੰ ਹੋਂਵਦੀ
ਏ ਸ਼ੈ ਸਦਾ ਨਸੀਬ ਪਾਵਨ ਹੌਜ਼ ਦੀ,
ਜਿੱਥੇ ਕੁੱਠੀ–ਪ੍ਰੇਮ ਰਾਣੀ ਰਾਜ ਦੀ
ਹੁੰਦੀ ਹੈ ਨਿਤ ਸੇਵ –ਸਫਲੀ ਸੇਵ ਹੈ।
ਨ੍ਹਾਇ ਧੋਇ ਸਵਧਾਨ ਰਾਣੀ ਹੋਇਕੇ
ਯਾਤ੍ਰਾ ਬੁੱਤ ਸਮਾਧ ਕਰਦੀ, ਫੇਰ ਓ
ਆਈ ਅਪਣੇ ਦ੍ਵਾਰ, ਅੱਗੋਂ ਮਾਉਂ ਨੇ
ਲਾ ਬਚੜੀ ਗਲ ਨਾਲ ਕਹਿਆ, ‘ਰਾਣੀਏਂ।
‘ਅੱਜ ਰਾਜ ਦਰਬਾਰ ਹੈ ਵੇ ਲੱਗਣਾ;
‘ਕਲਗੀ ਜਿਗਾ ਲਗਾਇ ਮੁਕਟ ਸਜਾਇਕੇ,
‘ਚਲ ਬਹੀਂ ਦਰਬਾਰ ਕਾਜ ਨਿਬਾਹੁਣੇ।’

ਪਾ ਗਲਵਕੜੀ ਰਾਜ ਅੰਮੀ ਧੌਣ ਨੂੰ
ਧਰ ਛਾਤੀ ਤੇ ਸੀਸ ਅੱਖਾਂ ਮੀਟਕੇ,
ਕਹਿੰਦੀ, ‘ਅੰਮੀਂ ਸੱਚ ! ਕਲਗੀ ਪੈਨ੍ਹ ਲਾਂ ?
‘ਕਲਗੀਆਂ ਵਾਲਾ ਇੱਕ ਕਲਗੀ ਵਾਲੜਾ
‘ਦਸਮ ਗੁਰੂ ਹੈ ਆਪ, ਉਸ ਨੂੰ ਸੋਹਿੰਦੀ,
‘ਮੈਂ ਮੱਥੇ ਲਾ ਲੇਉਂ? ਹਊ ਬਿਅੱਦਬੀ।


www.sikhbookclub.com

'ਆਖੇ ਹੈ ਨੰਦ ਨਾਲ –ਸਗ ਗੁਰਦ੍ਵਾਰ ਮੈਂ–
'ਉਸ ਗੁਰਮੁਖ ਤੋਂ ਢੇਰ ਨੀਵੀਂ ਮੈਂ ਅਹਾਂ,
'ਨੀਵੀਂ ਹੋਕੇ ਫੇਰ ਕਲਗੀ ਪੈਨ੍ਹ ਲਾਂ !
'ਏ ਗਲ ਹਾਸੀ ਜੋਗ, ਕਰਨੀ ਨਾ ਬਣੇ।
'ਸਾਈਂ ਸਿਰ ਦੇ ਤਾਜ ਮੇਰੇ ਕੰਤ ਜੀ
'ਕਲਗੀ ਪਹਿਨਣ ਨਾਂਹ, ਸਨ ਓ ਆਖਦੇ:–
'–ਏ ਹੈ ਖਾਸ ਨਿਸ਼ਾਨ ਸਤਿਗੁਰ ਸੰਦੜਾ
'ਧਾਰਨ ਅਸਾਂ ਨ ਜੋਗ ਅਸੀਂ ਜੁ ਦਾਸ ਹਾਂ'–।
'ਸਾਈਂ ਡਰਦਾ ਐਉਂ ਅਦਬ ਸਵਾਰਿਆ
'ਮੈਨੂੰ ਡਰਨਾ ਢੇਰ ਮਾਤਾ! ਚਾਹੀਏ।'

ਇਹ ਕਹਿੰਦੀ ਦੇ ਨੈਣ ਭਰ ਭਰ ਡੁੱਲ ਪੈ,
ਤ੍ਰਪ ਤ੍ਰਪ ਕਰਦੇ ਡਿੱਗ ਛਾਤੀ ਮਾਉਂ ਤੇ
ਧਾਰ ਬੰਨ੍ਹ ਕੇ ਹੇਠ ਤਿਲਕੇ ਜਾਂਵਦੇ।
ਮੱਥਾ ਚੁੰਮੇ ਮਾਂਉਂ ਹੰਝੂ ਪੂੰਝਦੀ,
'ਲਾਲੀ ! ਨਾ ਤੂੰ ਰੋਇ' ਕਹਿੰਦੀ, ਪਜਾਰ ਦੇ।
'ਪਰ ਜਿਗਹਾ ਲੈ ਲਾਇ, ਇਸ ਵਿਚ ਦੋਸ਼ ਨਾ।'
ਉੱਤ੍ਰ ਦੇਸ਼ ਦੀ ਪੌਣ ਵਾਂਙੂ ਸ੍ਵਾਸ ਲੈ
ਕਹਿੰਦੀ ਰਾਣੀ ਰਾਜ:– 'ਸ੍ਵਾਮੀ ਲਾਉਂਦੇ
'ਜਿਗ੍ਹਾ ਸੀਸ ਤੇ ਆਪ, ਢੁਕਦੀ ਸੀ ਉਨ੍ਹਾਂ,
'ਅਹੁ ਤਕ ਅੰਮੀ ਆਪ ਬੈਠੇ ਸੋਹਿੰਦੇ–
'ਓਹਨਾਂ ਵਾਲੀ ਚੀਜ਼ ਮੈਨੂੰ ਧਾਰਨੀ
'ਕਦੀ ਨਹੀਂ ਹੈ ਜੋਗ– ਮੈਂ ਜੋ ਦਾਸ ਹਾਂ।'

ਫਿਰ ਮਾਤਾ ਗਲ ਲਾਇ ਕਹਿੰਦੀ, 'ਪਜਾਰੀਏ !
'ਮਾਲਾ ਲੜੀਆਂ ਦਾਰ ਮੋਤੀਆਂ ਵਾਲੜੀ
'ਉਹ ਲੈ ਸੀਸ ਸਜਾਇ ਇਸ ਵਿਚ ਦੋਸ਼ ਨਾ।
'ਪਹਿਨੀਂ ਨਾਲ ਪੁਸ਼ਾਕ ਤੂੰ ਦਰਬਾਰ ਦੀ;
'ਹੋ ਜਾ ਤੁਰਤ ਤਿਆਰ ਵੇਲਾ ਦੂਰ ਨਾ।'

ਧੀ ਹੈ ਮਸਤ ਧਿਆਨ ਅਪਣੇ ਕੰਤ ਦੇ;
ਅੰਮੀ ਲਗੀ ਸਜਾਣ ਪੁਤਲੀ ਧੀਅ ਦੀ;
ਰਾਧਾਂ ਗੋਲੀ ਨਾਲ ਲਗੀ ਪਿਨ੍ਹਾਵਣੇ
ਜ਼ਰੀਦੋਜ਼ ਕਮਖ਼ਾਬ ਵਾਲੇ ਕੱਪੜੇ
ਇੱਕੁਰ ਕਰਨ ਤਿਆਰ ਜਿੱਕੁਰ ਮੂਰਤੀ
ਮੂਰਤ–ਪੂਜ ਸਜਾਇ ਫਬਨਾ ਲਾਂਵਦਾ।
ਫਿਰ ਅੰਦਰ ਦੇ ਰਾਹ ਮਾਤਾ ਲੈ ਗਈ
ਵਿੱਚ ਖਾਸ–ਦੀਵਾਨ, ਜਿੱਥੇ ਲੱਗਿਆ
ਸੀ ਅਜ ਦਾ ਦਰਬਾਰ, ਸਜਿਆ ਸੋਹਿਣਾ।
ਤਖਤ ਸੁਹਾਵਾ ਇਕ ਸੁੰਦਰ ਸੀ ਲਗਾ,
ਜਿਸ ਤੋਂ ਥੋੜੀ ਦੂਰ ਸੱਭ ਅਮੀਰ ਸੇ
ਆਪੋ ਅਪਣੀ ਥਾਂਉਂ ਬੈਠੇ ਲਾ ਸਭਾ।
ਰਾਣੀ ਦੀ ਸੁਣ ਸੋਇ ਪਹਿਲੇ ਔਣ ਤੋਂ
ਹਥ ਜੋੜ ਸਿਰ ਨਜਾਇ ਸੱਭ ਖੜੇ ਗਏ।
ਜਦ ਜਾਣੀ ਕਿ ਰਾਜ ਆਈ, ਸਾਰਿਆਂ
'ਜੈਤਸਿਰੀ ਮਹਾਰਾਜ ! ਰਾਜ ਘਣੋ ਰਹੋ,
'ਮੁਜਰੋ ਸ੍ਰੀ ਮਹਾਰਾਜ ! ਰਾਜ ਰਾਜੇਸ਼੍ਵਰੀ,
'ਜੁਗ ਜੁਗ ਹੋਵੇ ਰਾਜ, ਹੋ ਚਿਰਜੀਵਣੇ,
'ਮੁਜਰੋ ਹੋ ਮਹਾਰਾਜ !' ਆਦਿਕ ਆਖਿਆ।
ਚਾਂਦੀ ਮੜ੍ਹਿਆ ਸਾਫ਼ ਤਖ਼ਤ ਸੁਹਾਵਣਾ
ਜਿਸ ਪੁਰ ਕੁਰਸੀ ਇੱਕ ਸੋਨੇ ਦੀ ਸਜੀ,
ਜੜੀ ਨਗਾਂ ਦੇ ਨਾਲ ਉੱਤੇ ਸੀ ਧਰੀ।
ਇਸ ਪੁਰ ਰੇਸ਼ਮ ਸਾਫ਼ ਵਧੀਆ ਭਾਂਤ ਦਾ
ਨਰਮ ਗੁਦੇਲਾ ਇੱਕ ਹੈਸੀ ਰੱਖਿਆ;
ਹੇਠ ਬੈਠਣੇ ਥਾਂਉਂ, ਪਿੱਛੇ ਢੋਇ ਦੀ,
ਬਾਹੀ ਨਾਲ ਸਜਾਇ ਲਾਇਆ ਹੋਰ ਸੀ।
ਇਸ ਕੁਰਸੀ ਦੀ ਡੌਲ ਐਸੀ ਸੀ ਬਣੀ
ਸਿੰਘਾਸਨ ਜਿਸ ਲੋਕ ਓਦੋਂ ਆਖਦੇ।
ਇਸ ਪਰ ਸ੍ਰੀ ਮਹਾਰਾਜ ਰਾਣਾ ਬ੍ਰਿਧ ਜੀ
ਦਰਬਾਰਾਂ ਦੇ ਰੋਜ ਹੁੰਦੇ ਬੈਠਦੇ।
ਸਿੰਘਾਸਨ ਦੇ ਪਾਸ ਚੌਕੀ ਹੋਰ ਸੀ,
ਇਸ ਤੋਂ ਉੱਚੀ ਕੁੱਝ ਚਾਂਦੀ ਦੀ ਬਣੀ:
ਇਸ ਪਰ ਲੋੜ ਸਮਾਨ ਜਾਂਦਾ ਰੱਖਿਆ:
ਮੰਤ੍ਰੀ ਤਖ਼ਤੋਂ ਹੇਠ ਹੁੰਦਾ ਸੀ ਖੜਾ
ਕਰਦਾ ਅਰਜ਼ ਗੁਜ਼ਾਰ ਜੈਸਾ ਹੋ ਸਮਾਂ।
ਰਾਜਿਆਂ ਵੇਲੇ ਵਿੱਚ ਪਰਦਾ ਸੀ ਨਹੀਂ;
ਰਾਣੀ ਕਾਰਨ ਮਾਂਉਂ ਪਰਦਾ ਤਾਨਿਆ
ਮਾਤਾ ਚਾਹੇ ਨ ਧੀਅ ਪਰਦੇ ਤੋਂ ਬਿਨਾ



ਦਰਬਾਰ

 www.sikhbookclub.com

ਬੈਠੇ ਵਿਚ ਦਰਬਾਰ, ਲਗੇ ਟਪਾਰ ਨਾ।
ਨਾਲੇ ਸੀ ਏ ਸੋਚ ਪਰਦਾ ਪ੍ਰੇਮ ਦਾ
ਇਸ ਪਰਦੇ ਵਿਚਕਾਰ ਬਣਿਆ ਰ੍ਹੈ ਸਕੂ।
ਅਜ ਹੈਸੀ ਇਕ ਖਾਸ ਦਿਨ ਦਰਬਾਰ ਦਾ,
ਜਦੋਂ ਮੀਰ ਉਮਰਾਉ, ਉਹਦੇਦਾਰ ਸੇ
ਨਜ਼ਰਾਂ ਭੇਟਾਂ ਆਪ ਆਕੇ ਦੇਂਵਦੇ।
ਰੋਜ਼ ਜੁ ਹੁੰਦੀ ਕਾਰ ਸੀ ਸਰਕਾਰ ਦੀ
ਉਹ ਪੜਦੇ ਵਿਚ ਬੈਠ ਕਰਦੀ ਮਾਉਂ ਸੀ,-
ਧੀ ਦੀ ਲਾਕੇ ਛਾਪ ਕਾਰਜ ਤੋਰਦੀ।
ਉਹ ਮੱਤੀ ਸੀ ਪ੍ਰੇਮ, ਸੀ ਘਟ ਆਂਵਦੀ;
ਰਹਿੰਦੀ ਵਹਿਣਾਂ ਵਿੱਚ ਫਾਥੀ ਆਪਣੇ।
ਪਰਦੇ ਕਾਰਣ ਏਹ ਪਰਦਾ ਸੀ ਨਿਭੇ;
ਕਿਸੇ ਨ ਹੋ ਮਲੂਮ ਕਾਰਜ ਕੌਣ ਹੈ
ਪਰਦੇ ਉਹਲੇ ਬੈਠ ਕਰਦਾ ਰਾਜ ਦਾ।
ਮੰਤ੍ਰੀ ਵਿਚ ਇਸ ਭੇਤ ਸਾਂਝੀਵਾਲ ਸੇ
ਯਾ ਰਾਧਾਂ ਜਿਹੇ ਦਾਸ ਨਿਜ ਰਣਵਾਸ ਦੇ।

ਅਜ ਆਈ ਹੈ ਆਪ ਰਾਣੀ ਸੁੰਦਰੀ,
ਚੀਨੀ ਪੁਤਲੀ ਵਾਂਙ ਵਿਚ ਦਰਬਾਰ ਦੇ
ਸਜੀ ਬਾਦਲੇ ਵਿੱਚ ਜ਼ਰੀ ਲਿਬਾਸ ਦੇ;
ਵੰਨੋ ਵੰਨ ਸੁਰੰਗ ਪੋਸ਼ਿਸ਼ ਰਾਜਸੀ।
ਗਹਿਣੇ ਰਤਨ ਅਮੋਲ ਵਾਲੇ ਪੈਨ੍ਹਕੇ
ਜਿਕੁਰ ਹੋਵੇ ਚੰਦ ਘੇਰਯਾ ਪੀਂਘ ਨੇ
ਘਿਰੀ ਗੋਲੀਆਂ ਨਾਲ ਆਸ਼੍ਰੇ ਮਾਉਂ ਦੇ
ਰਾਣੀ ਪਹੁੰਚੀ ਆਇ ਰਾਜ ਸਿੰਘਾਸਣੇ।
ਸੁਣਿਆਂ ਮੁਜਰਾ ਆਣ ਸਭ ਦਰਬਾਰ ਦਾ
ਫਿਰ ਡਿਠਾ ਹਿਤ ਨਾਲ ਪਤੀ ਸਿੰਘਾਸਨੰ,
ਅੱਖਾਂ ਦੇ ਵਿਚ ਨੀਰ ਭਰ ਭਰ ਆਇਆ;
ਦਿੱਤਾ ਆਣ ਕੰਬਾਇ ਪਿਛਲੀ ਯਾਦ ਨੇ
ਜਦ ਰਾਣਾ ਜੀ ਆਪ ਸਜਦੇ ਏਸ ਥਾਂ,
ਉਹ ਨਕਸ਼ਾ ਸੁੱਧ ਸਾਫ ਬਣਿਆ ਸਾਮ੍ਹਣੇ:-
ਦਿੱਸੇ ਸਾਂਈ ਆਪ ਬੈਠਾ ਜ਼ਾਹਿਰਾ;
ਮਾਨੋਂ ਤੇਜਸਤਾਪ ਵਾਲਾ ਸੂਰ ਹੈ,
ਹੋਕੇ ਠੰਢਾ ਠੀਕ ਪਰ ਪਰਕਾਸ਼ ਹੈ
ਜਿਉਂ ਦਾ ਤਿਉ ਹੀ ਕੈਮ, ਹੰਭਲਾ ਮਾਰਕੇ
ਉਸਤੇ ਬੈਠਾ ਆਪ -ਰਾਣਾ ਸੋਹਿਣਾ।
ਉਸ ਚਾਨਣ ਵਿਚਕਾਰ ਅਪਣੇ ਰੂਪ ਦਾ
ਦੇਂਦਾ ਸਾਫ਼ ਦਿਦਾਰ ਰਾਣਾ ਬੈਠਿਆ
ਰਾਣੀ ਨੂੰ ਗਯਾ ਭਾਸ ਸਚ ਮੁੱਚ ਵਾਕੁਰੇ।
ਹੋ ਬੇਵਸ ਹਿਤ ਨਾਲ ਮੱਥਾ ਟੇਕਦੀ
ਮਾਨੋਂ ਪਰਸੇ ਪੈਰ ਸਾਈਂ - ਆਪਣੇ।
ਮਾਤਾ ਫੇਰ ਸੰਭਾਲ ਸਿਰ ਨੂੰ ਪਜਾਰਕੇ
ਹੌਲੀ ਕਹਿ: 'ਕਰ ਹੋਸ਼ ਸਮਾਂ ਸੰਭਾਲ ਲੈ।'
ਪੂੰਝੇ ਰਾਣੀ ਨੈਣ ਨਾਲ ਰੁਮਾਲ ਦੇ।
ਫਿਰ ਹਥ ਅਪਣਾ ਦੇਹਿ ਪਜਾਰਾਂ ਵਾਲੜਾ
ਲੈ ਪਹੁੰਚੀ ਧੀ ਨਾਲ ਪਾਸ ਸਿੰਘਾਸਣੇ।
ਸਿੰਘਾਸਨ ਨੂੰ ਫੇਰ ਨਿਉਂ ਨਿਹੁੜਾਇਕੇ
ਰਾਣੀ ਹੋਇ ਸੁਚੇਤ ਪਾਸ ਖੜੋ ਗਈ,
ਜੀ ਵਿਚ ਆਖੇ, 'ਬੈਠ ਤਖ਼ਤ ਸੁ ਕੰਤ ਦੇ
'ਕਰਾਂ ਬਿਅਦਬੀ ? ਹਾਇ ਹਾਏ ਕੀ ਕਰਾਂ?'
ਫੇਰ ਸੰਭਾਲਜੁਸ ਆਪ ਅਪਣੇ ਆਪ ਨੂੰ
ਸਾਵਧਾਨ ਹੋ, ਤੇਜ ਵਾਲੇ ਰੰਗ ਆ
ਖੜੀ ਖੜੀ ਨੇ ਸੈਨ ਕੀਤੀ ਦਾਸਿ ਨੂੰ,
ਉਸ ਨੇ ਕਰੀ ਵਜ਼ੀਰ ਸੈਨਤ ਸੀ ਉਹੋ,
ਫਿਰ ਹਰ ਇੱਕ ਅਮੀਰ ਆਵੇ ਉਠਕੇ
ਹਥ ਵਿਚ ਮੋਰ੍ਹ ਇਕ ਰੱਖ ਪਰਦੇ ਵਿਚ ਥੀਂ
ਅੰਦਰ ਕਰਦਾ ਹੱਥ,- 'ਨਜ਼ਰ' ਉ ਆਪਣੀ
ਕਰਦਾ ਅੱਗੇ ਪੇਸ਼ ਰਾਣੀ ਰਾਜ ਦੇ,
ਉਹ ਦੇਂਦੀ ਹੱਥ ਲਾਇ, ਅਪਣੇ ਮੋੜਦਾ
ਪਿੱਛੇ ਤਾਈਂ ਹੱਥ; ਦੂਜਾ ਆਂਵਦਾ।
ਇੱਕੁਰ ਨਜ਼ਰਾਂ ਪੇਸ਼ ਜਦ ਹੋ ਚੁੱਕੀਆਂ,
ਦਿੱਤੇ ਗਏ ਇਨਾਮ ਸਭਨਾਂ ਜੋਗ ਸੇ
ਖ਼ਿਲਅਤ ਤੇ ਸਿਰੁਪਾਉ ਨਕਦੀ ਆਦਿ ਬੀ;
ਅਹਿਲਕਾਰ ਸਨਮਾਨ ਇੱਕੁਰ ਪਾ ਗਏ।

ਮੁਲਾਕਾਤ ਦਾ ਏਹ ਹੀ ਦਰਬਾਰ ਸੀ,-
ਨਜ਼ਰਾਂ ਕਰ ਮਨਜ਼ੂਰ ਦੇਣ ਇਨਾਮ ਦਾ।
ਇਹ ਦਿਨ ਸ਼੍ਰੀ ਮਹਾਰਾਜ ਆਪ ਬਣਾਇਆ,

ਸਾਰੇ ਦੇਸ਼ ਅਮੀਰ ਅਰ ਪਤਵੰਤੜੇ
ਆਕੇ ਹੁੰਦੇ ਪੇਸ਼ ਮਿਲਦੇ ਰਾਉ ਨੂੰ।
ਵਰ੍ਹੇ ਦਿਨਾਂ ਜੋ ਕਾਰ ਕਰਦੇ ਦਾਸ ਸੇ
ਹਿਤ ਤੇ ਨੇਕੀ ਨਾਲ ਨਾਲ ਇਮਾਨ ਦੇ,
ਉਹਨਾਂ ਮਿਲੇ ਇਨਾਮ ਉਲਟ ਇਮਾਨ ਦਾ।
ਸੋ ਸਭ ਪੂਰੀ ਕਾਰ ਕੀਤੀ ਰਾਜ ਨੇ;
ਪਰ ਦਿਲ ਵਿੱਚ ਪਰੇਮ ਜਿਸ ਵਿੱਚ ਸੀ ਰਿਹਾ
ਸਿੰਘਾਸਨ ਪਰ ਧਜਾਨ ਬੱਝਾ ਕੰਤ ਦਾ।
ਉੱਧਰ ਸਾਰੀ ਕਾਰ ਰਸਮ ਰਸੂਮ ਦੀ
ਪੂਰੀ ਰਹਿ ਸਵਧਾਨ ਕੀਤੀ ਐਕੁਰਾਂ
ਸਕਿਆ ਕੁਈ ਪਛਾਣ ਨਾ ਇਸ ਭੇਤ ਨੂੰ;
ਰਾਣੀ ਦੋ ਤਿੰਨ ਕੰਮ ਕੀਤੇ ਕੀਕੁਰਾਂ
ਇੱਕੋ ਵੇਲੇ ਵਿੱਚ ਸੋਧ ਸੁਧਾਰਕੇ।
ਕਰਕੇ ਸਾਰੇ ਕੰਮ ਪਰਦੇ ਅੰਦਰੇ,
ਕਰਦੀ ਫਿਰ ਪਰਣਾਮ ਸਾਈਂ ਆਪਣੇ
ਬੈਠਾ ਕੁਰਸੀ ਮੱਲ ਜੋ ਸੀ ਧਜਾਨਿਆ,
ਸਿਰ ਚੱਕੇ ਨਾ ਆਪ, ਧਰ ਤੋਂ ਮਾਉਂ ਨੇ
ਨਾਲ ਜ਼ੋਰ ਦੇ ਚੱਕ ਫੇਰ ਉਠਾਲਿਆ,
ਫਿਰ ਗਲ ਲਾਕੇ ਆਪ ਅੰਦਰ ਲੈ ਗਈ।
ਦਿੱਤੇ ਬਸਤ੍ਰ ਵਧਾਇ ਭੂਖਨ ਐਕੁਰਾਂ,
ਸਾਂਗੀ ਧਾਰਜਾ ਸਾਂਗ ਜਿਵੇਂ ਉਤਾਰੀਏ।
ਫਿਰ ਮਾਤਾ ਨੇ ਪਾਸ ਬੈਠ, ਬਿਠਾਇਕੇ;
ਖਾਧਾ ਭੋਜਨ ਆਪ, ਓਸ ਖੁਲਾਇਆ,
ਗ੍ਰਹੀਆਂ ਭੰਨ ਭੰਨ ਦੇਇ ਧੀ ਨੂੰ ਐਕੁਰਾਂ,
ਮਾਨੋਂ ਨਿੱਕਾ ਬਾਲ ਬੱਚੀ ਹੈ ਅਜੇ।
ਫਿਰ ਥੋੜੇ ਚਿਰ ਬਾਦ ਪਲੰਘ ਲਿਟਾਇਕੇ
ਦਿੱਤੀ ਬੱਚੀ ਸੁਆਲ ਥੱਕੀ ਜਾਣਕੇ,
ਅਪਣੇ ਅੰਦਰ ਜਾਇ ਸੁੱਤੀ ਆਪ ਬੀ।
ਲੇਟੀ ਨਿੱਸਲ ਹੋਇ ਰਾਧਾਂ ਬੀ ਸਖੀ।

## ੨੧. ਪਤੀ ਦੇ ਪੱਤ੍ਰ

ਕੁਝ ਚਿਰ ਨਿੱਸਲ ਹੋਇ ਪਲੰਘੇ ਲੇਟਕੇ,
ਮਾਤਾ ਸੁੱਤੀ ਜਾਣ ਉੱਠੀ ਜਾਗਦੀ
ਰਾਜ ਕੌਰ, ਜਿਸ ਨੀਂਦ ਦਿਨੇ ਨ ਆਂਵਦੀ,
ਰਾਧਾਂ ਲਈ ਜਗਾਇ ਕਹਿੰਦੀ: 'ਪਜਾਰੀਏ !
'ਉਠ ਨਿਜ ਲੰਗਰ ਜਾਹ, ਐਸੀ ਕਾਰ ਤੂੰ
'ਕਰ, ਖਾਲੀ ਹੋ ਜਾਇ ਨੌਕਰ ਚਾਕਰੋਂ,
'ਅੰਦਰ ਰਹੇ ਨ ਕੋਇ; ਪਰ ਏ ਬੀ ਪਤਾ
'ਲੱਗੇ ਉਹਨਾਂ ਨਾਂਹਿ, ਮੈਂ ਹੈ ਆਖਿਆ।'

ਗੋਲੀ ਸੁਣ ਇਹ ਵਾਕ ਲੰਗਰ ਨੂੰ ਗਈ
ਰਾਣੀ ਦੂਜੇ ਰਾਹ ਅੰਦਰ ਨਾਲ ਦੇ
ਗੁਰੂ ਗ੍ਰੰਥ ਪਰਕਾਸ਼ ਜਿਥੇ ਹੋਂਵਦਾ
ਚਲੀ ਗਈ ਸੀ ਆਪ ਚੁੱਪ ਚੁਪਾਤ ਹੀ।
ਇਹ ਸੀ ਭਜਨ-ਸਥਾਨ ਲੁਕਵਾਂ ਰਾਜ ਦਾ:
ਬਿਨ ਰਾਣੀ ਦੇ ਹੋਰ ਕੁਈ ਨ ਆਂਵਦਾ।
ਇਸ ਕੁਟੀਆ ਵਿਚ ਜਾਇ ਰਾਣੀ ਆਪਣੀ
ਹੱਥੀਂ ਫਰਸ਼ ਸੁ ਸਾਫ਼ ਕੀਤਾ ਆਪ ਹੀ,
ਫੇਰ ਵਿਛਾਈ ਕੱਢ ਨਵੀਂ ਵਿਛਾਇਕੇ,
ਸੁਥਰਾ ਹੋਰ ਬਨਾਇ ਸੁਥਰਾ ਥਾਉਂ ਓ;
ਗੁਲਦਸਤੇ ਤੇ ਫੁੱਲ ਬੀੜ, ਲਗਾਂਵਦੀ।
ਚੌਂਕੀ ਧੋਤੀ ਆਪ ਫਿਰ ਪਰਸ਼ਾਦ ਦੀ।
ਫਿਰ ਰਾਧਾਂ ਨੂੰ ਸੱਦ ਨਾਲ ਲਿਜਾਇਕੇ
ਕੀਤਾ ਮੁੜ ਇਸ਼ਨਾਨ, ਬਦਲੇ ਕੱਪੜੇ।
ਫਿਰ ਅੰਦਰ ਦੇ ਰਾਹ ਲੰਗਰ ਜਾ ਵੜੀ
ਮੂੰਹ ਤੋਂ ਕਰਦੀ ਜਾਪ ਜਪੁ ਨੀਸਾਣ ਦਾ।
ਹਥੀਂ ਅਪਣੀ ਫੇਰ- ਆਪ ਤ੍ਰਿਹਾਵਲਾ
ਕੀਤਾ ਤਜਾਰ ਪ੍ਰਸ਼ਾਦਿ ਪਾਠ ਕਰੇਂਦਿਆਂ।
ਰਾਧਾਂ ਹੋਈ ਬੁੱਤ ਅਚਰਜ ਹੋਂਵਦੀ
ਦੇਖੇ ਸਾਰੀ ਕਾਰ, ਡਰਦੀ ਬੋਲਣੋਂ।
ਹੋਇਆ ਜਦੋਂ ਕੜਾਹ ਤਜਾਰ ਪ੍ਰਸ਼ਾਦਿ ਸੀ,
ਇਸਨੂੰ ਪਾ ਕੇ ਥਾਲ ਆਪੇ ਚੁੱਕ ਕੇ


www.sikhbookclub.com

ਅੰਦ੍ਰੂ ਅੰਦ੍ਰੀ ਰਾਹ ਗੁਰੂ ਦੇ ਮੰਦਰੇ
ਪਹੁੰਚੀ ਰਾਣੀ ਜਾਇ, ਚੌਂਕੀ ਉੱਪਰੇ
ਦਿੱਤਾ ਰੱਖ ਅਡੋਲ ਥਾਲ ਪ੍ਰਸਾਦਿ ਦਾ।
ਲੰਗਰ ਸਾਂਭ ਬੁਹਾਰ ਮਗਰੋਂ ਰਾਧਿਕਾਂ
ਬੂਹੇ ਖੋਲ੍ਹ, ਬੁਲਾਇ ਸੌਂਪਜਾ ਟੈਲ੍ਹਣਾਂ।
ਉਧੱਰ ਰਾਣੀ ਰਾਜ ਅੰਦੋਂ ਮਾਰਕੇ
ਮੰਦਰ-ਬੂਹਾ ਆਪ ਹੁਈ ਨਚਿੰਤ ਹੈ।
ਤਖਤ ਉਪਰ ਕਾਲੀਨ ਫੇਰ ਵਿਛਾਇਆ ।
ਫੇਰ ਪੰਘੂੜੇ ਪਾਸ ਸਤਿਗੁਰ ਵਾਲੜੇ
ਅਦਬ ਨਾਲ ਹਥ ਜੋੜ ਆਪ ਖੜੋ ਗਈ,
ਗਲ ਪੱਲਾ ਅੱਖ ਬੰਦ ਨਿੰਮ੍ਰਤ ਹੋਇਕੇ
ਅਰਦਾਸਾ ਲੈ ਸੋਧ ਬਿਨਯ ਉਚਾਰਦੀ:
'ਹੇ ਸਤਿਗੁਰ ਤੂੰ ਸ਼ੁੱਧ ਪਰਮ ਪਵਿੱਤਰੰ,
'ਘਟ ਘਟ ਵਜਾਪਕ ਪੂਰ 'ਨੰਤ ਨਿਰੰਜਨੰ,
'ਨਿਰ ਵਿਕਾਰ, ਨਿਰਮੈਲ, ਰਹਿਤ ਦਵੰਦ ਤੋਂ,
'ਮੈਂ ਪਾਪਣ ਮਤਿ ਹੀਨ ਮਾਯਾ ਮੱਤੀਆਂ,
'ਮੂਲੋਂ ਮੈਲੀ, ਮੰਦ, ਮਨ ਦੀ ਉੱਚੀਆਂ,
'ਮਤਿ ਦੀ ਨੀਵੀਂ, ਨੀਚ, ਕਰਮੋਂ, ਮੂੜ੍ਹ ਹਾਂ,
'ਮੈਂ ਇਸ ਜੋਗੀ ਨਾਂਹਿ ਮੈਲੇ ਹੱਥ ਏ
'ਤੇਰੇ ਚਰਨੀਂ ਲਾਇ ਕਰਾਂ ਬਿਅੱਦਬੀ,-
'ਤੇਰੇ ਗਜਾਨ ਭੰਡਾਰ ਤੇਰੀ ਜੋਤਿ ਦਾ
'ਅਮਿਤ ਖਜ਼ਾਨਾਂ ਏਹ ਸ੍ਰੀ ਗੁਰੂ ਗ੍ਰੰਥ ਜੀ,
'ਸੱਚੇ ਗੁਰ ਦਾ ਰੂਪ ਵਿਦਤ ਸਰੂਪ ਹੈ,
'ਮੈਂ ਮਤਿ ਹੀਨੀ ਨਾਰ ਕਰਮੋਂ ਹੀਣੀਆਂ
'ਦਰਸ਼ਨ ਲੋਚਾਂ ਜੀਅ, ਪਰਸਨ ਚਾਹੁੰਦੀ,
'ਸੇਵਾ ਦੀ ਹੈ ਸਿੱਕ ਸਿਕਦੇ ਜੀਅ ਨੂੰ
'ਲੱਗੀ ਹਦੋਂ ਵੱਧ, ਦਰਸ਼ਨ ਦੇ ਦਿਓ ।
'ਮੈਂ ਇਸ ਜੋਗੀ ਨਾਂਹ ਤੇਰੇ ਸਾਮ੍ਹਣੇ
'ਇੱਕੁਰ ਆਖੇ ਬੋਲ ਮੂੰਹੋਂ ਬੋਲਕੇ
'ਨੀਵੇਂ ਦਿਲਦੇ ਖਜਾਲ ਨਿੱਕੇ ਮੂੰਹ ਤੋਂ
'ਸ਼ਰਨ ਆਪਦੀ ਵਿੱਚ ਕਰਾਂ ਉਚਾਰ ਮੈਂ:
'ਪਰ ਧਰਕੇ ਮੈਂ ਟੇਕ ਤੇਰੀ ਮੇਰੂ ਦੀ
'ਮੰਗਾਂ ਦੋ ਹਥ ਜੋੜ ਗੁਰ ਦਾ ਦਰਸ਼ਨੰ
'ਦਿਹੁ ਮੈਨੂੰ ਦੀਦਾਰ ਤਾਰਨਹਾਰ ਜੀ ।
'ਹਾਂ ਮੈ ਅਧਮ, ਅਜਾਣ, ਖੋਟੀ, ਮਾੜੀਆਂ;
'ਲੂੰ ਲੂੰ ਔਗੁਣ ਨਾਲ ਹਾਂ ਭਰਪੂਰ ਮੈਂ
'ਪਰ ਤੇਰੀ ਕਿਰਪਾਲ ! ਤੇਰੀ ਤੇਰੀਆਂ,
'ਖਰੀ ਕਿ ਖੋਟੀ ਸਾਫ਼, ਸਾਈਂ ! ਤੇਰੀਆਂ,
'ਮੈਲੀ, ਮਾੜੀ, ਮੂੜ੍ਹ, ਮਾਲਕ ! ਤੇਰੀਆਂ
'ਭੁੱਲ ਭਰੀ, ਭਗਵਾਨ ! ਭੀ ਹਾਂ ਤੇਰੀਆਂ;
'ਗੁਣਾਂ ਗੁਆਚੀ ਗੰਢ, ਗੋਲੀ ਤੇਰੀਆਂ;
'ਤੇਰੇ ਜੋਗ ਨ ਮੂਲ ਤੇਰੀ ਤੇਰੀਆਂ;
'ਬੁਰੀ ਭਲੀ ਮਤਿਹੀਨ ਤੇਰੀ ਤੇਰੀਆਂ।
'ਜਿੱਕੁਰ ਕਰਕੇ ਮੇਰੁ ਐਬ ਨ ਤੱਕ ਕੇ
'ਭੇਜੇ ਸੀ ਤੈਂ ਆਪ ਸੱਚੇ ਸਤਿਗੁਰੂ
'ਅਸਾਂ ਡੁਬਦਿਆਂ ਵਿੱਚ ਤਾਰਨ ਵਾਸਤੇ;
'ਓਦੋਂ ਜਿੱਕੁਰ ਆਪ ਸਾਨੂੰ ਕੱਜਕੇ
'ਪਾਪਾਂ ਤੋਂ ਕਰ ਦੂਰ, ਦਾਯਾ ਆਪਣੀ
'ਕਿਰਪਾ ਦ੍ਰਿਸ਼ਟੀ ਨਾਲ ਆਪੇ ਸੀ ਕਰੀ,
'ਇਕੁੱਰ ਨਾਂਹਿ ਚਿਤਾਰ ਔਗੁਣ ਮੈਂਡੜੇ,
'ਦਿਹੁ ਗੁਰ ਦਾ ਦੀਦਾਰ - ਗੁਰੂ ਗਰੰਥ ਦਾ;
'ਮੈਨੂੰ ਹੋਹਿ ਦਿਦਾਰ ਸ਼ਬਦ ਸਰੂਪ ਦਾ ।
'ਅੱਫਲ ਜਾਂਦੀ, ਹਾਇ ! ਸਿੱਖਜਾ ਲੋਚਦੀ
'ਤੜਫਾਂ ਮੱਛੀ ਵਾਂਙ ਜਲ ਦੇ ਵਾਸ ਨੂੰ;
'ਹੇ ਜਜੋਤੀ ਉਪਦੇਸ਼ ਦਰਸ਼ਨ ਦੇਹ ਤੂੰ !
'ਅਪਣੀ ਕਰ ਦੇ ਮੇਰੁ ਸੇਵਾ ਸੌਂਪ ਦੇ,
'ਆਗਜਾ ਦੇ ਕਿਰਪਾਲ ਟਹਿਲਾ ਮੈਂ ਕਰਾਂ,
'ਸੱਚਾ ਹੋਇ ਪ੍ਰਕਾਸ਼ ਹੇ ਗੁਰ ਆਪਦਾ ।
'ਮੈਲੀ ਜਿੱਕੁਰ ਪੌਣ ਜਦ ਹੋ ਜਾਂਵਦੀ,
'ਬਿਜਲੀ ਬੱਦਲ ਆਇ ਮੈਲੀ ਪੌਣ ਨੂੰ
'ਔਗੁਣ ਚਿੱਤ ਨ ਧਾਰ ਕਰਦੀ ਓਸ ਨੂੰ
'ਜਿੱਕੁਰ ਸੀਤਲ, ਸਵੱਛ, ਹਲਕੀ, ਸੋਹਿਣੀ;
'ਉੱਕਰ ਆਵੇ ਆਪ ਛੁਹ ਲਾ ਆਪਣੀ
'ਕਰੀਓ ਸਤਿਲ, ਸਾਫ, ਪਾਵਨ ਮੈਂ ਕਰੋ।'
ਇੱਕੁਰ ਬਿਨਯ ਉਚਾਰ ਸੀਸ ਨਿਵਾਇਕੇ
ਪਰਦੇ ਨੂੰ ਲਜਾ ਚੁੱਕ ਸੀਸ ਨਿਵਾਇਆ;

ਭਰ ਅੱਖਾਂ ਜਲ ਨਾਲ ਸਿਰ ਤੇ ਚੁੱਕਿਆ,
ਕੀਤਾ ਫੇਰ ਪ੍ਰਕਾਸ਼ ਗੁਰੂ ਗਰੰਥ ਦਾ।
ਫਿਰ ਕਰ ਬਿਨਯ ਉਚਾਰ ਤਾਬਜਾ ਬੈਠਕੇ
ਇਕ ਘੰਟੇ ਤਕ ਲੱਗ ਪਾਠ ਉਚਾਰਿਆ;
ਫਿਰ ਪਾਕੇ ਰੁਮਾਲ ਹੇਠਾਂ ਬੈਠ ਕੇ
ਕੀਤਾ ਪਾਠ ਅਨੰਦ ' ਰਦਾਸਾ ਸੋਧਿਆ।
ਕਰ ਮਰਿਯਾਦਾ ਸੱਭ ਸਿੱਖੀ ਵਾਲੜੀ
ਸਾਈਂ ਵਾਲੀ ਚੀਜ਼,- ਬਸਤਾ ਕਾਗਤਾਂ
ਲਜਾ ਧਰਿਆ ਗੁਰ ਪਾਸ ਚਰਨਾਂ ਵਿੱਚ ਹੀ।
ਫਿਰ ਅਰਦਾਸਾ ਸੋਧ ਗੁਰੂ ਧਿਆਇਆ;
ਇਕ ਮਨ ਇਕ ਚਿਤ ਹੋਇ ਬਿਨਯ ਉਚਾਰਦੀ;
ਮੰਗਦੀ ਏਹੋ ਦਾਨ; 'ਬਖਸ਼ੋ ਆਗਿਆ,
'ਪਤੀ ਖ਼ਜ਼ਾਨਾ ਖੋਲ੍ਹ ਦੇਖਾਂ ਤੇ ਪੜ੍ਹਾਂ,
'ਕਿਰਤਾਰਥ ਹੋ ਜਾਉਂ ਪੜ੍ਹ ਪੜ੍ਹ ਏਸ ਨੂੰ।'

ਇਕੁਰ ਆਗਜਾ,ਪਾਇ ਗੁਰੂ ਮਨਾਇਕੇ
ਬਸਤਾ ਖੋਲ੍ਹੇ ਨਾਰ ਕੁੱਠੀ ਪ੍ਰੇਮ ਦੀ।
ਜਦ ਦੇਖੇ ਭਰ ਨੈਣ ਅੱਖਰ ਕੰਤ ਦੇ,
ਜਲ ਭਰ ਆਏ ਨੈਣ ਹਿੱਲਜਾ ਕਾਲਜਾ।
ਹਰ ਹਰ ਅੱਖਰ ਵਿੱਚ ਲੇਖਕ ਕੰਤ ਦੀ,
ਸੁਹਣੀ ਸੂਰਤ ਆਪ ਬੈਠੀ ਭਾਸਦੀ।
ਫਿਰ ਫੜਿਆ ਇਕ ਪੱਤ੍ਰ, ਪੜ੍ਹਦੀ ਓਸ ਨੂੰ,
ਉਸ ਵਿਚ ਲਿਖਿਆ ਲੇਖ ਜਿਸਦਾ ਭਾਵ ਏ:-

### ੧. ਪਤ੍ਰ-ਸ਼ੋਕ

{ਉਤਾਰਾ ਪੱਤ੍ਰਕਾ ਮਾਈ ਕਰਮ ਕੌਰ ਵੰਨੇ, ਠੱਟੀਆਂ ਵਾਲੀ, ਜਿਸ ਦਾ ਪੁੱਤ੍ਰ ਸ਼ੇਰ ਸਿੰਘ ਇਕ ਜੁਧ ਵਿਚ ਤੁਰਕਾਂ ਦੀ ਕੈਦ ਪੈ ਗਿਆ ਅਤੇ ਉਹਨਾਂ ਮਾਰ ਘੱਤਿਆ ਆਹਾ}

ਗੁਰੂ ਸੁਆਰੀ ਆਪ ਮਾਤਾ ਪਜਾਰੀਏ!
ਸ਼ੇਰ ਸਿੰਘ ਦੀ ਮੌਤ ਪਹੁੰਚੀ ਆ ਅਸਾਂ;
ਤੂੰ ਰਹੀਓਂ ਜਗ ਵਿੱਚ ਇੱਕ ਇਕੱਲੜੀ।
ਰੋਣ ਆਇ ਚਿਤ ਸੋਚ ਤੇਰੇ ਹਾਲ ਨੂੰ;
ਪਰ ਰੋਵਣ ਦੀ ਨਾਹਿੰ ਮਾਤਾ! ਥਾਂਉ ਏ।
ਤੇਰੇ ਪਤੀ ਸ਼ਹੀਦ ਹੋਏ ਜੂਝਦੇ,
ਦੋ ਪੁਤ ਸਫਲੇ ਜੰਗ ਸਨਮੁਖ ਜੂਝਕੇ;
ਧੀ ਬੀ ਜੁੱਧ ਮਦਾਨ ਹੁਈ ਸ਼ਹੀਦ ਸੀ;
ਹੁਣ ਛੋਕੜ ਦਾ ਲਾਲ, ਦੀਪਕ ਵੰਸ਼ ਦਾ,
ਉਜੱਲ ਕਰਦਾ ਵੰਸ਼, ਸੁਹਣਾ ਜੂਝਿਆ।
ਇੱਕੁਰ ਜੇ ਪਰਵਾਰ ਸਾਰਾ ਨਾ ਰਹੇ
ਸਭ ਕੁਈ ਦੁਖੀਆ ਹੋਇ, ਠੱਲ੍ਹੇ ਚਿੱਤ ਨਾ,
ਪਰ ਸਤਿਗੁਰ ਦੇ ਸਿੰਘ ਸ੍ਵਾਰੇ ਰੱਬ ਦੇ,
ਰਾਜ਼ੀ ਰਹਿਣ, ਰਜ਼ਾਇ ਮਰਜ਼ੀ ਮੇਲਦੇ;
ਝਾਗਣ ਦੁਖ ਦੀ ਨੈਂਇ ਬਹੁਲਜਾਂ ਮਾਰਕੇ,
ਹੁੰਦੇ ਨਹੀਂ ਉਦਾਸ ਲੋਕਾਂ ਵਾਕੁਰੇ।
ਫਸਿਆ ਦੁਨੀਆਂ ਵਿੱਚ ਸਭ ਕੋ ਹੈ ਦੁਖੀ,
ਨਿਕਲਣ ਸੰਦਾ ਰਾਹ ਦੁੱਖੀਂ ਵੇੜ੍ਹਿਆ;
ਹਾਂ, ਦੁਨੀਆਂ ਤੋਂ ਰਾਹ ਜਾਇ ਜੁ ਦੀਨ ਨੂੰ
ਔਖਾ ਹੈ ਵੇ ਓਹ ਭਰਿਆ ਕੰਡਿਆਂ।
ਪੰਧਾਊ ਇਸ ਹੋਇ ਕਸ਼ਟ ਨ ਮੰਨੀਏ,
ਦੇਵੇ ਏਹ ਪੁਚਾਇ ਜਦ ਧੁਰ ਅੰਤ ਤੇ
ਤਦ ਇਸਦਾ ਉਪਕਾਰ ਕਰਕੇ ਜਾਣੀਏ;
ਕਰੀਏ ਸ਼ੁਕਰ ਮਹਾਨ ਸੱਚੇ ਰੱਬ ਦਾ।
ਤੈਂ ਪੁਰ ਗੁਰੂ ਕ੍ਰਿਪਾਲ ਪਜਾਰੀ ਸੰਤਣੀ!
ਕੀਤੀ ਮਿਹਰ ਅਪਾਰ ਲਿਆ ਕਬੂਲ ਹੈ
ਤੇਰਾ ਸਭ ਪਰਵਾਰ ਦ੍ਵਾਰੇ ਆਪਣੇ।
ਤੂੰ ਧਨ! ਧਰਮੀ ਕੰਤ ਤੇਰਾ ਧੰਨ ਸੀ,
ਸਾਰੀ ਨਾਲ ਔਲਾਦ ਤੇਰੀ ਧੰਨ ਹੈ,
-ਦੇਸ਼, ਪੰਥ ਦੇ ਕੰਮ ਜੋੜ੍ਹੀ ਆ ਗਈ;
ਤੇਰਾ ਸਭ ਪਰਵਾਰ ਸਫਲਜਾ ਅੰਮੀਏ!
ਤੂੰ ਨ ਇਕੱਲੀ ਜੱਗ ਸਾਰਾ ਪੰਥ ਹੀ
ਤੈਨੂੰ ਕਹਿੰਦਾ 'ਮਾਉਂ' ਵਡ ਪਰਵਾਰੀਏ!
ਗੁਰੂ ਰਹੇ ਅੰਗ ਸੰਗ ਤੇਰੇ ਨਿੱਤ ਹੀ,
ਨਿਸਚਾ ਰਹੇ ਅਡੋਲ- ਭ੍ਰੋਸਾ ਬੱਝਵਾਂ;
ਦੁਖ ਨੂੰ ਦਾਰੂ ਜਾਣ, ਧਜਾਵੇਂ ਰੱਬ ਨੂੰ;
ਇੱਕੁਰ ਰਹੇਂ ਅਰੋਗ ਨਿਰਮਲ ਆਤਮਾ।
ਮਿੱਠੇ ਜਗ ਦੇ ਭੋਗ ਕੌੜੇ ਅੰਤ ਨੂੰ;

ਕੌੜੇ ਦੀਨ - ਵਿਹਾਰ ਮਿੱਠੇ ਅੰਤ ਨੂੰ।
ਜਿਸ ਦਾ ਮਿੱਠਾ ਅੰਤ ਮਿੱਠਾ ਹੈ ਉਹੋ
ਕੌੜਾ ਜਿਸ ਦਾ ਅੰਤ ਮਿੱਠਾ ਓ ਨਹੀਂ।
ਗੁਰ ਨਾਨਕ ਜੀ ਐਉਂ ਆਪ ਉਚਾਰਦੇ -

ਵੇਖੁ ਜਿ ਮਿਠਾ ਕਟਿਆ ਕਟਿ ਕੁਟਿ ਬਧਾ ਪਾਇ ॥
ਖੁੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ ॥
ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲਲਾਇ ॥
ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ ॥
ਨਾਨਕ ਮਿਠੈ ਪਤਰੀਐ ਵੇਖਹੁ ਲੋਕਾ ਆਇ ॥
{ਵਾਰ ਮਾਝ ਮ:੧-੧੧}

ਵਡ ਪਰਵਾਰੀ ਮਾਂਉਂ ! ਦਾਰੂ ਪੀ ਲਵੀਂ
ਕੌੜਾ ਕੱਟੇ ਰੋਗ ਲੁਕੀ ਨ ਬਾਤ ਏ।
ਮਿੱਠਾ ਖਾਕੇ ਚਿੱਤ ਪਸਰੇ ਏਸ ਥਾਂ:
ਕੌੜਾ ਖਾਕੇ ਸੂਗ ਆਵੇ ਜੱਗ ਤੋਂ।
ਕੌੜਾ ਮਾਨੋਂ ਧੱਕ ਏਥੋਂ ਕੱਢਦਾ,-
ਕੌੜੇ ਦਾ ਉਪਕਾਰ ਤਾਂਤੇ ਮੰਨੀਏਂ।
ਮਿੱਠਾ ਦੁਨੀਆਂ ਨਾਲ ਬੰਨ੍ਹ ਬਹਾਲਦਾ,
ਨਦੀ ਨੀਰ ਦੇ ਵਾਂਙ ਤ੍ਰੇਹ ਵਧਾਉਂਦਾ।

ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ ॥
ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿ ਸੁਕ ॥
ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ ॥
{ਵਾਰ ਮਾਝ ਮ: ੧-੨੩}

ਕੌੜੇ ਹੁੱਜਾਂ ਮਾਰ ਤੈਨੂੰ ਧੱਕਿਆ
ਅਗੋਂ ਸਾਈਂ ਆਪ -ਤੁਸ ਤੈਂ ਉੱਪਰੇ-
ਖਿਚਿਆ ਅਪਣੀ ਵੱਲ ਫੜ ਅਪਨਾ ਲਿਆ।
ਪੰਥ ਕਰੇ ਅਰਦਾਸ ਤੇਰੇ ਵਾਸਤੇ
ਸਿੱਖੀ ਸਿਦਕ ਨਿਬਾਹ ਤੇਰਾ ਹੋਵਸੀ।
ਜਿੱਕੁਰ ਰਹੀ ਅਡੋਲ ਨਿਸਚੇ ਅੱਜ ਤੂੰ
ਇੱਕੁਰ ਅੰਤ ਪ੍ਰਯੰਤ ਸਾਂਈਂ ਰੱਖਸੀ।
ਤੇਰੇ ਹਾਂ ਸਭ ਦਾਸ, ਕੋਈ ਸੇਵ ਜੇ
ਮੇਰੇ ਜੋਗੀ ਹੋਇ ਸੇਵਕ ਜਾਣਕੇ
ਦੱਸੀਂ ਮਾਤਾ ਆਪ, ਤੇਰਾ ਪੁੱਤ੍ਰ ਮੈਂ,
ਗੁਰੂ, ਪੰਥ ਦਾ ਦਾਸ, ਸੇਵਕ ਦਾਸ ਹਾਂ।
ਤਰਲਾ ਦਿਨ ਤੇ ਰਾਤ ਲੱਗਾ ਹੈ ਇਹੋ,
ਅਪਣੇ ਖੇੜੇ ਵਿੱਚ ਰੱਖਣ ਮੈਂ ਗੁਰੂ।
ਪੁੱਤ ਗਏ ਪਰਲੋਕ ਤੇਰੇ ਜੋ ਚਲੇ
ਅਸੀਂ ਉਨ੍ਹਾਂ ਦੇ ਦਾਸ ਬੈਠੇ ਪਾਸ ਤੈਂ।
ਫਤੇ ਵਾਹਿਗੁਰੂ ਬੋਲ ਫਤੇ ਗਜਾਂਵਦਾ
ਸੂਰਤ ਸਿੰਘ ਇਕ ਦਾਸ ਪੰਥ ਕ੍ਰਿਪਾਲ ਦਾ,
ਬੈਠਾ ਪਰਬਤ ਧਾਰ ਦੇਸੋਂ ਦੂਰ ਹੈ।

ਪੜ੍ਹਕੇ ਰਾਣੀ ਰਾਜ ਦਿਲ ਨੂੰ ਆਖਦੀ:
'ਧਨ ਤੂੰ ਪਤੀ ਸੁਜਾਨ ਪਜਾਰਾਂ ਵਾਲੜਾ,
'ਭਰਿਆ ਨਿੰਮ੍ਰਤ ਨਾਲ ਰਾਜਾ ਹੋਇਕੇ,
'ਧੰਨ ਏ ਪੰਥ ਸੁਜਾਨ ਭਰਿਆ ਪ੍ਰੇਮ ਦਾ
'ਇਕ ਤੁਲ ਰਾਜਾ ਰੰਕੁ ਵਰਤਣ ਵਿੱਥ ਨਾ।
'ਕੁਰਬਾਨੀ ਹੈ ਅੱਤਿ ਧਰਮੀ ਪਜਾਰ ਹੈ;
'ਦੁਖ ਦੀ ਨਾ ਪਰਵਾਹ ਸੁਖ ਦੀ ਚਾਹਿ ਨਾ;
'ਸਿੱਖੀ ਸਿਦਕ ਨਿਬਾਹ ਧੁਨ ਇਕ ਹੈ ਲਗੀ'।
ਫਿਰ ਪੜ੍ਹਦੀ ਇਕ ਹੋਰ ਚਕ ਕੇ ਪੱਤ੍ਰਿਕਾ,
ਜਿਸ ਦਾ ਹੈਸੀ ਭਾਵ ਇਸ ਪਰਕਾਰ ਦਾ:-

## ੨. ਪਤ੍ਰ-ਹਮਦਰਦੀ

{ਭਾਈ ਤਾਰੂ ਸਿੰਘ ਜੀ ਸ਼ਹੀਦ ਦੀ ਭੈਣ ਵੱਲ ਚਿੱਠੀ, ਉਸ ਦੀ ਮਾਤਾ ਦੇ ਚਲਾਣੇ ਪਰ।}

ਸੰਤ ਵੀਰ ਦੀ ਭੈਣ ! ਵੀਰ ਪਿਆਰੀਏ !
ਵੀਰ ਵਿਛੋੜੇ - ਤੀਰ ਨਾਲ ਵਿਨ੍ਹੀਵੀਏਂ।
ਵੀਰਾਂ ਦੇ ਸਤਿਕਾਰ ਨਾਲ ਸਕਾਰੀਏ।
ਵੀਰ- ਪਿਜਾਰ ਪਰਵਾਨ- ਕਰਿ ਇਸ ਵੀਰ ਦਾ
ਰੰਗਿਆ ਰਬ-ਰੰਗ ਨਾਲ ਤੇਰਾ ਵੀਰ ਸੀ
ਜਿਸਨੇ ਸਭ ਪਰਵਾਰ ਉਸ ਰੰਗ ਰੰਗਿਆ।
ਧੰਨ ਪਿਤਾ ਧਨ ਮਾਉਂ ਜਿਨ੍ਹ ਤੋਂ ਲਾਲ ਦੋ
ਦੋਵੇਂ ਭੈਣ ਭਿਰਾਉ ਉਪਜੇ ਸੇ ਤੁਸੀਂ।
ਪਜਾਰਾ ਤੇਰਾ ਵੀਰ ਘਾਲਾਂ ਘਾਲਕੇ
ਪੌਂਚੁਜਾ ਸੀ ਸਚਖੰਡ ਵਿਚ ਅਮਰਾ ਪੁਰੀ।
ਕੰਨੀ ਪਈ ਅਵਾਜ਼ ਸਾਡੇ ਹੈ ਹੁਣੇ,
ਬ੍ਰਿੱਧਾ ਤੇਰੀ ਮਾਤ ਸੱਚੀ ਸਿੰਘਣੀ

ਸਿੱਖੀ ਸਿਦਕ ਨਿਬਾਹ ਸਚਖੰਡ ਜਾ ਬਸੀ।
ਫ਼ਖ਼ਰ ਪੰਥ ਦਾ ਓਹ ਕੁਲਦਾ ਦੀਪ ਓ,
ਦਸਵੇਂ ਗੁਰ ਦੀ ਓਹ ਹੈਸੀ ਪੁੱਤਰੀ।
ਜਿਸਨੇ ਕਤ ਕਤ ਸੂਤ ਘਰ ਦਾ ਤੋਰਿਆ
ਸਾਰਾ ਖਰਚ ਖਰੂਚ, ਪਰ ਨਾ ਹੋੜਿਆ
–ਸਗਮਾ ਉੱਦਮ ਦੇਇ– ਅਪਣੇ ਪੁੱਤ ਨੂੰ,
'ਬਚੜਾ ! ਕਾਰ ਕਮਾਇ ਖੱਟੀ ਖੱਟਕੇ
'ਸਿੱਖਾਂ ਦੇ ਜੁ ਖੁਲਾਇ, ਮੈਂ ਪਰਸੰਨ ਹਾਂ।'
ਕੀਤਾ ਸਫਲ ਜਨੰਮ ਅਪਣਾ ਓਸ ਨੇ।
ਤੈਂ ਬੀ ਪਜਾਰੀ ਭੈਣ ! ਹੱਥ ਵਟਾਇਆ
ਅਪਣੀ ਮਾਂ ਦਾ ਨਾਲ, ਇੱਕੁਰ ਵੀਰ ਨੇ
ਪੰਥ–ਸੇਵ ਵਿਚ ਓਹ ਘਾਲੀ ਘਾਲਣਾ
ਜਿਸ ਜੇਹੀ ਕੇ ਘਾਲ ਘਾਲੀ ਨਾ ਕਿਸੇ।
ਰਹਿਣਾ ਨਾਮ ਅਰੂੜ੍ਹ, ਬਾਣੀ ਰੱਤਿਆਂ,
ਡਾਢੇ ਜੱਫਰ ਜਾਲ ਸੇਵ ਨਿਬਾਹੁਣੀਂ !
ਫਿਰ ਪੈਣਾ ਵਿਚ ਕੈਦ ਧਰਮ ਨ ਹਾਰਨਾ !
ਕੇਸਾਂ ਸ੍ਵਾਸਾਂ ਨਾਲ ਜੈਸੇ ਸੀ ਕਿਹਾ
ਦਿੱਤਾ ਧਰਮ ਨਿਬਾਹ, ਵਾਹਵਾ ਸਿੰਘ ਜੀ!
ਵਾਹ ਤਾਰੂ ਸਿੰਘ ਵਾਹ ਸਿਦਕਾਂ ਵਾਲਿਆ !
ਦਿੱਤੀ ਅਪਣੀ ਜਿੰਦ ਧਰਮ ਨ ਹਾਰਿਆ !
ਉਸਤੋਂ ਵਧਕੇ ਮਾਉਂ ਨਾਲੇ ਭੈਣ ਤੂੰ
ਹੋਇਆ ਲਾਲ ਸ਼ਹੀਦ ਖੇਡਜਾ ਜਿੰਦ ਤੇ,
ਤੁਸਾਂ ਨ ਮਾਰੀ ਢਾਹ, ਡੋਲੇ ਨਾ ਤਦੋਂ
ਕਤਲ– ਹਨੇਰੀ ਅੱਤਿ ਝੁਲਦੀ ਸੀ ਜਦੋਂ।
ਗੁਰ ਦੀ ਆਗਜਾ ਜਾਣ ਐਦਾਂ ਸਜਾਣਿਆਂ,–
ਗੁਰ ਸੇਵਾ ਨੇ ਲਾਲ ਹੈ ਪਰਵਾਨਿਆ,–
ਗੁਰ ਜਗਵੇਦੀ ਸੰਤ ਹੋਇਆ ਹੈ ਬਲੀ !
ਕਿਸੇ ਨਿਕਾਰੇ ਰੋਗ ਦੇਹੀ ਅੰਤ ਨੂੰ
ਖਾਣਾ ਹੈਸੀ ਆਇ ਲੈਣਾ ਮਾਰ ਸੀ;–
ਉਹ ਦੇਹੀ ਗੁਰ ਕਾਰ ਸਫਲੀ ਲੱਗ ਕੇ;
ਕਰ ਗਈ ਇੱਕ ਨਜ਼ੀਰ ਕਾਇਮ ਆਪਣੀ।
ਦਿਓ ਢੰਡੋਰਾ ਜੱਗ ਹੋਕਾ ਦੇ ਦਿਓ:
'ਸਿੰਘਣੀ ਜਣੇ ਜਿ ਪੂਤ ਐਸਾ ਪੂਤ ਹੋ
'ਜੈਸਾ ਤੇਰੀ ਮਾਉਂ ਜਣਿਆ ਪੂਤ ਸੀ।'
ਧੰਨ ਧੰਨ ਐਸੀ ਮਾਉਂ ਪਜਾਰਨ ਵਾਲੜੀ
ਤੈਨੂੰ ਕਲਿਆਂ ਛੱਡ ਗਈ ਪ੍ਰਲੋਕ ਹੈ,
ਗਈ ਗੁਰੂ ਦੇ ਦ੍ਵਾਰ ਸੱਚੇ ਖੰਡ ਓ।
ਮੈਂ ਕੀ ਲਿਖਾਂ ਬਨਾਇ ਸਿੱਖਜਾ ਆਪ ਨੂੰ
ਪਰ ਦਿਲ ਪਜਾਰ ਉਬਾਲ ਰੁਕਦਾ ਹੈ ਨਹੀਂ।
ਭਾਣਾ ਮੰਨੀਂ ਭੈਣ ਸੱਚੇ ਸ਼ਾਹ ਦਾ;
ਭਾਣਾ ਮੰਨਣ ਵਿਚ ਬਣਨਾ ਸਿੰਘਣੀ।
ਇਸ ਵਿਚ ਭੀ ਕੁਝ ਭੇਤ ਗੁਰਦਾ ਜਾਣਨਾ
ਲੀਤੀ ਸੱਦ ਜੁ ਮਾਉਂ ਤੇਰੇ ਪਾਸ ਤੋਂ।
ਤੂੰ ਹੁਣ ਜਿੱਕੁਰ ਸੇਵ ਅਪਣੇ ਪੰਥ ਦੀ
ਕਰਦੀ ਹੈਂ ਨਿਤ ਨਿੱਤ ਕਰਦੀ ਹੀ ਰਹੀਂ।
ਦੁਨੀਆਂਦਾਰਾਂ ਵਿਚ ਹਿਸਾ ਸਾਡੜਾ
ਦੁਨੀਆਂ ਦਾਰਾਂ ਵਾਂਙ ਭੈਣੇ ਹੈ ਨਹੀਂ,
ਨਾਮ ਜਪਣ ਦੀ ਕਾਰ, ਨੇਕੀ ਜੀਵਣਾ,
ਬਦਲਾ ਮੂਲੋਂ ਨਾਂਹ ਲਭਣਾ ਏਸ ਥਾਂ;
ਸਾਂਈਂ ਤੇ ਧਰ ਟੇਕ ਟਿਕਣਾ ਓਸਤੇ,
ਉਸਦਾ ਲੈਣਾ ਪਜਾਰ, ਸਾਡੀ ਕਾਰ ਹੈ।
ਇਹ ਤਾਂ ਪਿੜ ਹੈ ਇਕ ਜਿੱਥੇ ਰੱਬ ਨੇ
ਸਾਨੂੰ ਦਿੱਤਾ ਭੇਜ ਥਾਪੀ ਕੰਡ ਦੇ
ਸਾਡਾ ਧਰਮ ਨ ਮੂਲ ਡਰਨਾ ਦੁੱਖ ਤੋਂ,
ਸਾਡਾ ਧਰਮ ਨ ਮੂਲ ਸੁੱਖੀਂ ਡੁੱਬਣਾ,
ਸਾਡਾ ਧਰਮ ਨ ਮੂਲ ਬਦਲੇ ਲੋੜੀਏ,
ਸਾਡਾ ਧਰਮ ਨ ਮੂਲ ਪਲਟਾ ਚਾਹੀਏ,
ਨੇਕੀ ਕਰਕੇ ਆਪ ਲੋਕਾਂ ਪਾਸ ਤੋਂ।
ਗੁਰ ਕੀ ਕਰਨੀ ਕਾਰ ਘੋਲ ਘੁਲਾਵਣੇ,
ਪਿੱਠ ਨ ਲੱਗੇ ਮੂਲ, ਪਿੜ ਨੂੰ ਜਿੱਤ ਕੇ
ਜਦ ਸਦ ਭੇਜੇ ਆਪ ਮੁੜ ਘਰ ਜਾਵਣਾ।
ਸੱਚੇ ਸਤਿਗੁਰ ਆਪ ਕਿੱਕੁਰ ਭਾਖਦੇ:–

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥ ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥ ਵਾਤ ਵਜਨਿ ਟੰਮਕ ਭੇਰੀਆ॥ ਮਲ ਲਥੇ ਲੈਦੇ ਫੇਰੀਆ ॥

ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ
ਜੀਉ ॥੧੮॥ ਸਭ ਇਕਠੇ ਹੋਇ ਆਇਆ ॥ ਘਰਿ
ਜਾਸਨਿ ਵਾਟ ਵਟਾਇਆ ॥ ਗੁਰਮੁਖਿ ਲਾਹਾ ਲੈ
ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥੧੯॥
{ਸਿਰੀ ਰਾਗੁ ਮ: ੫}

ਵੀਰਾਂ ਪਜਾਰੀ ਭੈਣ! ਭੈਣ ਪਜਾਰੀਏ!
ਦੁਖ ਸੁਖ ਕਰਕੇ ਇੱਕ ਸਦ ਹੀ ਜਾਣਨੇ;
ਕੀ ਕਰਨੀ ਪਰਵਾਹ ਸੁਖ ਇਸ ਲੋਕ ਦੇ,
ਹਰਦਮ ਉੱਚ ਨਿਗਾਹ ਗੁਰ ਤੇ ਆਪਣੇ,
'ਗੁਰਗੁਰ' ਕਰਕਰ 'ਵਾਹ' ਕਰਦੇ ਨੇਕੀਆਂ
ਜਗਤ ਨਦੀ ਅਸਗਾਹ ਤਰਨੀ ਹੈ ਅਸਾਂ;
ਇੱਕੋ ਰਖਣੀ ਚਾਹ ਸਾਈਂ ਪਜਾਰ ਦੀ
ਜਿਸਦੀ ਆਗਜਾ ਪਾਇ ਆਏ ਏਸ ਥਾਂ।
ਇਸ ਜਗ ਦੇ ਜੋ ਸੁੱਖ ਸਾਨੂੰ ਸੁੱਖ ਨਾਂ;
ਸਾਡੇ ਘਰ ਦੇ ਸੁੱਖ ਉਹਨਾਂ ਸਾਮ੍ਹਣੇ
ਏ ਹਨ ਸਾਰੇ ਤੁੱਛ, ਫਸਣਾ ਕੀ ਇਨ੍ਹਾਂ।
ਇੱਕੁਰ ਬੇ ਪਰਵਾਹ ਦੁਨੀਆਂ ਸੁੱਖ ਤੋਂ,
ਅੰਦਰ ਰਖ ਸੁਖ ਵਿੱਚ ਉੱਚੀ ਟੇਕ ਲੈ
ਰਖਕੇ ਸਦਾ ਨਿਗਾਹ ਸਾਈਂ ਆਪਣੇ,
ਪਿੜ ਜਿੱਤਣ ਦੀ ਕਾਰ ਕਰਨੀ ਹੈ ਅਸਾਂ,
ਚੜ੍ਹਦੀ ਕਲਾ ਸੁ ਰੰਗ ਰਹਿਣਾ ਹੈ ਸਦਾ।
'ਕੌਲ ਖੇੜਿਆਂ ਵਿੱਚ ਰੱਖਣ ਰੱਬ ਜੀ'
ਸਿੱਖੀ ਸਿਦਕ ਨਿਬਾਹ ਐਦਾਂ ਮੰਗਣਾਂ।
ਸਿੱਖੀ ਦੀ ਤਲਵਾਰ, ਸਿਦਕੀ ਢਾਲ ਜੇ
ਬਖਸ਼ੇ ਗੁਰ ਤਾਂ ਜਿੱਤ ਪਿੜ ਲੈ ਜਾਵਣਾ
ਪਿੱਠ ਨ ਅਸਾਂ ਲਵਾਇ ਖੇਡ ਨ ਹਾਰਨੀ,
ਨਿਤ ਨਿਤ ਇਹ ਅਰਦਾਸ ਬਿਨਤੀ ਆਖੀਏ:
'ਸਿੱਖੀ ਦੇਵੀਂ ਦਾਨ ਸਿਦਕ ਦਿਵਾਵਣਾ।'
ਮੇਰੀ ਪਜਾਰੀ ਭੈਣ ਸਿਦਕਾਂ ਵਾਲੀਏ !
ਆ ਕਰੀਏ ਅਰਦਾਸ ਮੂਹਰੇ ਰੱਬ ਦੇ:
'ਅਪਨੀ ਕਿਰਪਾ ਧਾਰ ਬਦੀਓਂ ਰੱਖ ਲੈ,
'ਅਪਨੀ ਸੇਵਾ ਆਪ ਆਪ ਕਰਾਵਣੀ,
'ਮਨ ਨੀਵਾਂ, ਮਤਿ ਦੇਇ ਉੱਚੀ ਆਪਨੀ,
'ਆਪੇ ਬਣੀਂ ਸੰਜੋਅ ਸਾਡੀ, ਪਜਾਰਿਆ!
'ਹਰਦਮ ਵਾਸਾ ਆਪ ਸਾਡੇ ਨਾਲ ਹੀ
'ਰੱਖੀਂ ਗੁਰ ਕਿਰਪਾਲ! ਛੱਡੀਂ ਨਾ ਅਸਾਂ,
'ਏਥੇ ਓਥੇ ਆਪ ਵਿਸਰੀਂ ਨਾ ਅਸਾਂ,
'ਸਾਨੂੰ ਮੌਜ ਬਹਾਰ ਦੁਖ ਸੁਖ ਇੱਕ ਹੋ।'

ਗੁਰ ਬਖਸ਼ੇ ਇਹ ਦਾਤ ਤੈਨੂੰ, ਵੀਰ ਜਜੋਂ
ਅਪਣੀ ਮਾਤਾ ਵਾਂਙ ਤੂੰ ਬੀ ਭੈਣ ਜੀ !
ਜਿਣ ਬਾਜੀ ਘਰ ਜਾਇਂ, ਖੇਡੇਂ ਰੱਬ ਦੀ
ਜਾ ਗੋਦੀ ਦੇ ਵਿੱਚ ਸੇਵ ਕਮਾਇਕੇ
ਪੰਥ ਧਰਮ ਦੀ, ਨਾਲ ਰਸੀਆ ਨਾਮ ਹੋ।

ਅਤਿ ਕਸ਼ਟਾਂ ਦਾ ਕਾਲ ਹੈ ਹੁਣ ਲੰਘਿਆ
ਪੰਥ ਉੱਪ੍ਰਲੇ ਦਾਉ ਚੜ੍ਹ ਹੁਣ ਹੈ ਪਿਆ।
ਬਹਿ ਰਹੀ ਸਾਡੀ ਧਾਕ ਹੈ ਹੁਣ ਭੈਣ ਜੀ!
ਸ਼ੁਕਰ ਕਿ ਇਹ ਸਭ ਕਾਲ ਡਿੱਠਾ ਹੈ ਤੁਸਾਂ,
ਦੇਖ ਗਈ ਹੈ ਮਾਉਂ ਤੁੱਧ ਸੁਲੱਖਣੀ;
ਘਾਲ ਸ਼ਹੀਦਾਂ ਕੇਰ ਪੈ ਰਹੀ ਥਾਂਉਂ ਹੈ।
ਇਹ ਛੋਟਾ ਹੈ ਵੀਰ ਤੁਹਾਡਾ ਟੈਲ੍ਹੀਆ,
ਜੇ ਕੁਝ ਹੋਵੇ ਟੈਲ੍ਹ ਇਸ ਦੇ ਗੋਚਰੀ,
ਪਜਾਰੀ ਪਜਾਰੀ ਭੈਣ ! ਸਦਕੇ ਵੀਰ ਦੇ
ਲਿਖ ਭੇਜੀਂ ਤੂੰ ਆਪ ਸ਼ੰਕਾ ਨਾ ਕਰੀਂ।
ਮੇਰੀ ਫਤੇ ਗਜਾਇ ਦੇਵੀਂ ਪੰਥ ਨੂੰ;
ਸਭ ਮਾਈਆਂ ਨੂੰ ਨਾਲ ਜੋ ਵਿਚ ਜਾ ਦਲਾਂ
ਨਾਲ ਭਰਾਵਾਂ ਆਪ ਸੇਵ ਕਮਾਂਦੀਆਂ।
ਲੇਖਕ ਸੂਰਤ ਸਿੰਘ ਸੇਵਕ ਆਪ ਦਾ।

ਇਹ ਪੜ੍ਹ ਦੂਜਾ ਪੱਤ੍ਰ ਦਿਲ ਨੂੰ ਆਪਣੇ
ਕਹਿੰਦੀ, 'ਵਾ ਵਾ ਭੈਣ ! ਵਾ ਵਾ ਵੀਰ ਦੀ !
'ਤਾਰੂ ਸਿੰਘ ਦੀ ਭੈਣ ! ਵੀਰ-ਸ਼ਹੀਦ ਦੀ !
'ਉਸ ਸੱਚੇ ਸਿੰਘ ਨਾਲ ਰਲਕੇ ਚੁੰਘਿਆ
'ਇਕ ਛਾਤੀ ਤੋਂ ਦੁੱਧ ਇੱਕੋ ਗੋਦ ਹੀ
'ਪਲੀਓਂ, ਖੇਡਾਂ ਖੇਡ ਵਿਹੜੇ ਇੱਕ ਹੀ।
'ਤੇਰਾ ਜੇ ਦੀਦਾਰ ਹੋਵੇ ਮੁੜ ਨੂੰ
'ਖ਼ਬਰੇ ਮੈਂ ਨਿਭ ਜਾਉਂ ਸਿਦਕ ਸਲਾਮਤੇ।

'ਹੇ ਸੰਤੋ ! ਹੇ ਸਿੰਘ ਸਿਦਕਾਂ ਵਾਲਿਓ !
'ਸਿੰਘਣੀਓਂ ਹੇ ਸ਼ੇਰਿ ਸ਼ੇਰਾਂ ਜਾਈਓ !
'ਮੈਂ ਇਕ ਨੀਚ ਅਜਾਣ ਤੁਹਾਡੇ ਆ ਰਲੀ
'ਕਿਣਕਾ-ਸਿਦਕ ਸੁਜਾਨ ਅਪਣੇ ਹਿੱਸਿਓਂ
'ਸਿੱਖੀ ਬੀ ਕੁਝ ਨਾਲ ਬਖਸ਼ੋ ਮੁੱਝ ਨੂੰ
'ਬੇੜੀ ਦੇ ਸੰਗ ਲੱਗ ਪੱਥਰ ਮੈਂ ਤਰਾਂ।'

### ੩. ਪੱਤ੍ਰ-ਮੌਤ

ਠੰਢਾ ਲੈਕੇ ਸਾਹ ਫਿਰ ਇਕ ਪੱਤ੍ਰ ਲੈ
ਖੋਲ੍ਹਜਾ ਜਦ ਤਾਂ ਓਹ ਐਦਾਂ ਬੋਲਿਆ,
ਮਾਨੋਂ ਉਸ ਵਿਚ ਭਾਵ ਭਰਿਆ ਏਹ ਸੀ:-
ਡਰ ਨਾ ਮੌਤੋਂ ਮੂਲ ਬੁਰੀ ਨ ਚੀਜ ਏ।
ਸੋਚ ਅਵਸਥਾ ਆਪ ਪਹਿਲੀ ਆਪਣੀ,
ਜਦ ਮਾਤਾ ਦੇ ਕੁੱਖ ਪੁੱਠਾ ਸੀ ਪਿਆ
ਓਦੋਂ ਡਰਦਾ ਹੋਗੁ ਜੰਮਣ ਕੋਲੜੋਂ;
ਪਰ ਤੂੰ ਹੈਸੇਂ ਮੂੜ੍ਹ ਜਾਣੇ ਭੇਤ ਨਾ।
ਜੰਮਣ ਵਾਲਾ ਦੁੱਖ ਜਦੋਂ ਸਹਾਰ ਕੇ
ਆ ਜੰਮਜੋਂ ਜਗ ਵਿੱਚ ਮਰਿਓਂ ਕੁੱਖ ਤੋਂ।
ਬਰਕਤ ਜੋ ਜਗ ਵਿੱਚ ਸਾਰੀ ਪਾਇਕੇ
ਪਲ ਹੋਇਓਂ ਮਾਨੁੱਖ ਅਕਲਾਂ ਵਾਲੜਾ,
ਆਖੇਂ: 'ਮੈਂ ਸਰਦਾਰ ਸਾਰੇ ਜੱਗ ਦਾ।'
ਕੁੱਖੋਂ ਆਈ ਮੌਤ ਜੰਮਜੋਂ ਜੱਗ ਤੇ;
ਜਦੋਂ ਮੌਤ ਫਿਰ ਆਇ ਏਥੋਂ ਮਾਰਸੀ
ਦਸ਼ਾ ਹੋਇਗੀ ਹੋਰ ਜਮਸੇਂ ਹੋਰਥੇ।
ਇਸ ਨੂੰ 'ਮੌਤ' ਨ ਆਖ 'ਜੰਮਣ' ਆਖ ਤੂੰ।
ਏਸ ਜਗਤ ਦਾ ਕੁੱਖ ਹੱਦਾਂ ਵਾਲੜਾ
ਮੌਤ ਛੁਡਾਵੇ ਆਇ, ਦਸ਼ਾ ਪਲੱਟ ਸੀ;
ਜਨਮ ਹੋਇਗਾ ਏਹ ਜਾਣੋ ਮੌਤ ਜੋ:
ਦਸ਼ਾ ਹੋਇਗੀ ਹੋਰ ਪਰ ਤੂੰ ਹੋਵਸੇਂ
ਰੱਬੀ ਆਊ ਬੁਧਿ ਉਜ਼ਲ ਜੇ ਗਿਓਂ।
'ਮੌਤ ਨਾ ਬੁਰੀ ਬਲਾਇ ਜਨਮ ਨਵੀਨ ਹੈ'
ਇਹ ਜਦ ਆਵੇ ਸੂਝ, ਕਿਧਰੇ ਖਾਇਕੇ
ਮਹੁਰਾ, ਮਾਰ ਨ ਜਿੰਦ ਸੁਖ ਨੂੰ ਲੋਚਦਾ;
ਆਤਮ ਕੀਤਜਾਂ ਘਾਤ ਸੁਖ ਨਾ ਹੋਂਵਦਾ।
ਪਕ ਕੇ ਟੁੱਟੇ ਫਲ ਜੋ ਨਿਜ ਬ੍ਰਿੱਛ ਤੋਂ,
ਉਹ ਪਾਵੇ ਹੈ ਮੁੱਲ ਮਿੱਠਾ ਹੋਇ ਓ।
ਇੱਕੁਰ ਰੱਬ ਰਜ਼ਾਇ ਤੋੜੇ ਆਣਕੇ
ਜਦੋਂ, ਤਦੋਂ ਹੀ ਜਾਣ ਮੌਤ ਸੁਹਾਵਣੀ।
ਜਦ ਜੀਵੇਂ ਜਗ ਵਿੱਚ ਰੂਹ ਨੂੰ ਆਪਣੀ
ਸਦਾ ਰੱਖ ਤੂੰ ਸਾਫ਼, ਮੈਲੀ ਨਾ ਕਰੀਂ;
ਮੈਲੀ ਕਰਦਜਾਂ ਭਾਰ ਵਧਦਾ ਮੈਲ ਦਾ,
ਮੈਲ ਨ ਦੇਵੇ ਫੇਰ ਉੱਠਣ ਏਸ ਨੂੰ,
ਜਦੋਂ ਮੌਤ ਆ ਘੇਰ ਦੇਹੋਂ ਕੱਢਸੀ
ਤਦ ਉਸ ਲੱਕੜ ਵਾਂਙ -ਜਿਸ ਨੂੰ ਬੰਨ੍ਹਕੇ
ਸਿੱਕਾ ਸਿਟੀਏ ਨੀਰ ਡੁਬਦੀ ਹੇਠ ਨੂੰ,
-ਡੁਬਦੀ ਤੇਰੀ ਜਿੰਦ ਲੱਦੀ ਮੈਲ ਦੀ।
ਮੈਲੋਂ ਰੱਖੇਂ ਸਾਫ਼ ਹੌਲੀ ਤਾਂ ਰਹੇ;
ਜਦ ਛੁੱਟੇਗੀ ਦੇਹ ਹੌਲੀ ਹੋਣ ਦੇ
ਕਾਰਨ, ਉੱਚੀ ਉੱਠ ਉੱਚੀ ਜਾਇਗੀ।
ਨਵਾਂ ਜਨਮ ਏ ਜਾਣ, ਜਾਣ ਨ ਮੌਤ ਏ।
ਇਹ ਪੜ੍ਹ ਹੋਇ ਹਿਰਾਨ ਕਹਿੰਦੀ: 'ਵਾਹ ਜੀ!
'ਵਾਹ ਸ੍ਵਾਮੀ ਜੀ ਵਾਹ! ਕੈਸੇ ਆਪ ਹੋ
'ਦੇਖਣ ਵਾਲੇ ਪਾਰ ਅਤੇ ਉਰਾਰ ਦੇ।'
ਫਿਰ ਮੂੰਹੋਂ ਕਹਿ 'ਧੰਨ' ਹੋਰ ਇਕ ਚਾ ਲਿਆ
ਬਸਤੇ ਵਿੱਚੋਂ ਪੱਤ੍ਰ, ਪੜ੍ਹਦੀ ਓਸਨੂੰ,
ਜਿਸ ਵਿਚ ਹੈਸੀ ਭਾਵ ਇਸ ਪਰਕਾਰ ਦਾ:-

### ੪. ਪਤ੍ਰ-ਪਰਮਾਰਥ ਦਾ ਰਾਹ

ਪ੍ਰਸ਼ਨ-
ਦੱਸ ਮੀਤ ਇਕ ਗੱਲ ਮੈਨੂੰ ਖੋਲ੍ਹਕੇ,
ਚੜਹਾਈ ਦੇ ਵਾਂਗ ਰਸਤਾ ਸਾਰੜਾ
ਹੈਵੇ ਦੁਰਗਮ, ਦੂਰ? ਕੇ ਕੁਝ ਸੌਖ ਹੈ?
ਉੱਤਰ-
ਉਤਰਾਈ ਨਾ ਆਇ, ਪੱਧਰ ਨਾਂ ਕਿਤੇ,
ਚੜ੍ਹਾਈ ਧੁਰ ਤੀਕ; ਔਖਾ ਰਾਹ ਹੈ।


www.sikhbookclub.com

ਪ੍ਰਸ਼ਨ
ਸਾਹ ਕੱਢਣ ਦੀ ਠਾਰ੍ਹ ਕੋਈ ਆਂਵਦੀ ?
ਸਮਾਂ ਸੁਖਾਂ ਦਾ ਦੱਸ ਮਿਲਦਾ ਹੈ ਕਿਤੇ ?

ਉੱਤਰ–
ਤੜਕਜੋਂ ਸੰਝਾਂ ਤੀਕ ਸਾਰਾ ਦੇਹੁੰ ਹੀ
ਪੈਂਡਾ ਕਰਨਾ ਜਾਣ, ਠਹਿਰਨ ਨਾ ਕਿਤੇ;
ਅੱਡਾ, ਸ਼ਹਿਰ, ਸਰਾਂਇ ਕੋਇ ਨ ਆਂਵਦੀ;
ਵੇਲਾ ਕਰਨ ਅਰਾਮ ਹੱਥ ਨ ਲੱਗਦਾ।

ਪ੍ਰਸ਼ਨ–
ਹੁੱਸ ਜਾਇ ਜੇ ਕੋਇ, ਦਮ ਟੁਟ ਜਾਇ ਜੇ
ਆਹੇ ਕੁਈ ਉਪਾਉ ਬਚਣੇ ਦਾ ਕਹੋ
ਕੇ ਡਿੱਗੇ ਹੈ ਹੇਠ ਜਾਇ ਰਸਾਤਲੇ ?

ਉੱਤਰ–
ਠਾਹਰ ਕੋਈ ਨਾਂਹਿ, ਠਹਿਰਣ ਹੈ ਨਹੀਂ,
ਚੱਲਣ ਰੁਕੇ ਨ ਮੂਲ ਭਾਵੇਂ ਹੁੱਟ ਜਾ,
ਹੁੱਸਣ–ਦਾਰੂ ਇੱਕ ਇੱਕੋ ਜਾਣੀਏ:
ਨਜ਼ਰ ਨਿਸ਼ਾਨਾ ਛੱਡ ਭਟਕੇ ਨਾ ਕਿਤੇ,
ਟਿਕੀ ਰਹੇ ਟਕ ਬੰਨ੍ਹ ਵਾਂਙੂ ਸ਼ੇਰ ਦੇ।
ਜੇ ਕਿਧਰੇ ਹਿਲ ਜਾਇ ਤੁਰਤੇ ਬੰਨ੍ਹ ਲੌ
ਹੁਸੱਣ ਹੋਵੇ ਦੂਰ, ਬੱਝੇ ਹੌਸਲਾ।
ਸਾਵਧਾਨ ਰਹੁ ਨਿੱਤ ਦਮ ਨ ਟੁੱਟਸੀ।

ਇਸ ਨੂੰ ਪੜ੍ਹਦੀ ਫੇਰ ਦੂਜੀ ਵਾਰ ਸੀ,
ਪੂਰੀ ਸਮਝ ਨ ਆਇ ਕਹਿੰਦੀ, 'ਵਾਹ ਜੀ !
'ਇਸ ਵਿਚ ਕੋਈ ਭੇਤ ਰੱਖੇ ਆਪ ਨੇ,
'ਸਮਝੇ ਕੁਈ ਸੁਜਾਨ ਸਮਝਾਂਵਾਲੜਾ'।
ਇਹ ਕਹਿ ਇਸ ਨੂੰ ਰੱਖ ਚੁਕਦੀ ਹੋਰ ਨੂੰ;
ਉਸਨੂੰ ਪੜ੍ਹਦੀ ਖੋਲ੍ਹ ਓ ਇਉਂ ਆਖਦਾ:–

### ੫. ਪਤ੍ਰ–ਉੱਚੇਰੇ ਲੋਕ

ਰਹੇਂ ਜਿ ਖ਼ਲਕਤ ਵਿੱਚ, ਖ਼ਲਕਤ ਜੇਡੜਾ,
ਧੌਣ ਉਚੇਰੀ ਕੱਢ ਉੱਚਾ ਨਾ ਟੁਰੇਂ,
ਅਪਣਾ ਆਪ ਜਿਤਾਇ ਜਣਾਵੇਂ ਨਾਂ ਰਤੀ,
ਬੇ ਮਾਲੂਮਾਂ ਕਾਲ ਸੌਖਾ ਬੀਤਸੀ,
ਖ਼ਲਕਤ ਵਾਲਾ ਹਾਲ ਤੇਰਾ ਹੋਵਸੀ,
ਜਿੱਕੁਰ ਓਨ੍ਹਾਂ ਨਾਲ ਸਧਾਰਣ ਬੀਤਦੀ
ਤਿੱਕੁਰ ਤੇਰੇ ਨਾਲ ਤੇਹੀ ਲੰਘਸੀ।
ਪਰ ਜੇ ਉੱਚੀ ਧੌਣ ਖ਼ਲਕੋਂ ਕੱਢਸੇਂ,
ਲੋਕਾਂ ਦੇ ਸਿਰ ਨਾਲ ਮੋਢਾ ਮੇਲਸੇਂ,
ਉਂਗਲ ਤੇਰੀ ਵੱਲ ਸਭ ਦੀ ਹੋਵਸੀ,
ਬਣੇਂ ਨਿਸ਼ਾਨਾ ਫੇਰ ਫੰਡਿਆ ਜਾਵਸੇਂ;
ਲੋੜ ਬਿਲੋੜੇ ਲੋਕ ਫੁੰਡਣ ਆਣਕੇ;
ਚਾਂਦਮਾਰਿ ਦੇ ਚੰਦ ਵਾਂਗੂ ਵਿੰਨ੍ਹੀਏ;
ਇੱਕੁਰ ਸੱਟਾਂ ਖਾਇ ਦੁਖ ਦਿਲ ਹੋਂਵਦਾ !
ਬਚਣੇ ਦੀ ਇਕ ਡੌਲ ਸਿੱਖੇਂ ਜੇ ਕਦੀ
ਤਦ ਬੀਤੇਗਾ ਕਾਲ ਰੋਵਣ ਤੋਂ ਬਿਨਾਂ।
ਦੇਖ ਪਰਬਤਾਂ ਵੱਲ ਉੱਚੇ ਜੋ ਖੜੇ
ਸਿੱਖਜਾ ਦੇਵਣ ਏਹ ਬਹੁਤ ਅਮੁੱਲਵੀਂ;
ਜਜੂੰਦੇ ਮੋਏ ਏ ਮਾਨੋਂ ਆਖਦੇ:
'ਜਜੂੰਦੇ ਮਰਕੇ ਮੀਤ ਜੀਵਨ ਕੱਟੀਏ;
'ਦੇਈਏ ਆਪ ਲੁਟਾਇ ਪਹਿਲੋਂ ਲੋਟੀਓਂ'।
ਪਰਬਤ ਉੱਚੇ ਏਹ ਪ੍ਰਭੁ ਜੀ ਨੇ ਰਚੇ
ਖੜੇ ਸਿਰਾਂ ਨੂੰ ਕੱਢ, ਪਰ ਏ ਦੇਖਣਾ:
ਬਰਖਾ, ਬਰਫ਼ਾਂ, ਧੁੰਦ, ਗੜਿਆਂ ਨਾਲ ਹੈ
ਏਥੇ ਪੈਂਦਾ ਆਣ ਪਾਣੀ ਢੇਰ ਹੈ;
ਸਿਰ ਤੇ ਲਏ ਕਬੂਲ ਪਰਬਤ ਨੀਰ ਨੂੰ
ਪਰ ਝਟ ਦੇਵੇ ਤੋਰ ਲੋਕਾਂ ਵਾਸਤੇ,
ਖ਼ੁਸ਼ਕ ਮਦਾਨਾਂ ਵੱਲ ਇਸ ਨੂੰ ਰੋੜ੍ਹਦਾ
ਤਾਂ ਜੋ ਪਰਉਪਕਾਰ ਜਾਕੇ ਏ ਕਰੇ:
ਪਰਬਤ ਦਾ ਏ ਦਾਨ ਦੇਸ ਵਸਾਉਂਦਾ।
ਜੋ ਪਾਣੀ ਰਹਿ ਜਾਇ ਪਰਬਤ ਜਜ਼ੂਰਿਆ
ਉਹ ਬੀ ਸੋਮੇਂ ਪਾੜ ਪਰਬਤ ਕੱਢਦਾ;
ਜੀਵ ਜੰਤੁ ਮਾਨੁੱਖ ਸਭ ਦੀ ਤ੍ਰੇਹ ਨੂੰ
ਦੇਵੇ ਜਾਇ ਬੁਝਾਇ ਮਿੱਠਾ ਨੀਰ ਏ:
ਬਣ ਨਦੀਆਂ ਦਾ ਨੀਰ ਖੇਤੀ ਪਾਲਦਾ।
ਜੋ ਬਾਕੀ ਕੁਝ ਹੋਰ ਪਰਬਤ ਮੇਉਂਦਾ,


www.sikhbookclub.com

ਉਸਤੋਂ ਪਰਬਤ ਰਾਜ ਰੁੱਖ ਉਗਾਂਵਦਾ,-
ਵੱਡੇ ਭਾਰੇ ਰੁੱਖ ਦਜਾਰਾਂ ਚੀਲ੍ਹਦੇ,
ਜਿਨ੍ਹਾਂ ਨਾਲ ਮਾਨੁੱਖ ਮਹਿਲ ਉਸਾਰਦੇ।
ਫਿਰ ਐਸੇ ਕਈ ਹੋਰ ਰੁੱਖ ਉਗਾਂਵਦਾ,
ਕਾਠ ਜਿਨ੍ਹਾਂ ਦਾ ਢੇਰ ਕਾਜ ਸੁਆਰਦਾ।
ਵਾਹੀਓਂ ਬਿਨਾਂ ਉਗਾਇ ਦੇਂਦਾ ਫੁੱਲ ਹੈ
ਦੇਣ ਸੁਗੰਧੀ, ਰੰਗ, ਮੋਹਣ ਜੱਗ ਨੂੰ।
ਬੂਟੀਆਂ ਅੰਤੋਂ ਪਾਰ ਦਾਰੂ ਵਾਲੀਆਂ
ਐਸੀਆਂ ਧਰੇ ਉਗਾਇ ਰੋਗਾਂ ਵਾਸਤੇ,
ਜੋ ਅੰਮ੍ਰਿਤ ਦੇ ਵਾਂਙ ਖਾਧੇ ਪੋਂਦ੍ਹੀਆਂ।
ਵੈਦ ਹਕੀਮਾਂ ਜੋਗ ਪਰਬਤ ਬੂਟੀਆਂ
ਮੂੜੀ ਜਾਣੋ ਰਾਸ, ਦੌਲਤ, ਮਾਲ ਹੈ;
ਇਨ੍ਹਾਂ ਬੂਟੀਆਂ ਬਾਝ ਇੱਕੁਰ ਵੈਦ ਹੈ
ਜਿੱਕੁਰ ਰਾਸੋਂ ਬਾਝ ਹੋਵੇ ਬਾਣੀਆਂ।
ਫਿਰ ਅੰਮ੍ਰਿਤ ਫਲ ਏਹ ਮਾਲੀ ਤੋਂ ਬਿਨਾਂ
ਆਪੇ ਦੇਇ ਉਗਾਇ ਮਿਹਨਤ ਲੋੜ ਨਾ।
ਨਿਉਜ਼ੇ ਤੇ ਅਖਰੋਟ ਬੂੰਕ ਸੁਹਾਵਣੇ,
ਭਾਂਤਿ ਭਾਂਤਿ ਦੇ ਹੋਰ ਫਲ ਹਨ ਮੌਲਦੇ।
ਥੋੜ੍ਹੀ ਮਿਹਨਤ ਨਾਲ ਏਥੇ ਹੋਂਵਦੇ
ਨਸ਼ਪਾਤੀ, ਬਾਦਾਮ, ਸਿਉ, ਖੁਰਮਾਨੀਆਂ।
ਇਹ ਸਾਰੇ ਭੰਡਾਰ ਪਰਬਤ ਦੇਂਵਦਾ
ਮੁੱਲ ਨ ਮੰਗਦਾ ਕੁੱਝ ਵੱਟਾ ਕੁੱਝ ਬੀ,
ਕਰਦਾ ਨਹੀਂ ਹਿਸਾਨ, ਰਖਦਾ ਯਾਦ ਨਾ।
ਫਿਰ ਇਹ ਅਪਣਾ ਆਪ ਲੋਕਾਂ ਵਾਸਤੇ
ਖਾਰ ਖਾਰ ਕੇ ਨਿੱਤ ਅਰਪਨ ਹੈ ਕਰੇ।
ਟੁਕੜੇ ਹੋ ਹੋ ਆਪ ਘਸ ਰਗੜੀਜ ਕੇ
ਵੱਟੇ, ਬਜਰੀ, ਰੇਤ ਹੋ ਹੋ ਟੁੱਟਦਾ;
ਰੇਤੋਂ ਭਲ ਹੋ ਜਾਇ ਨਦੀਆਂ ਦੇ ਵਿਖੇ,
ਪੱਧਰ ਥਾਈਂ ਜਾਇ ਵਿਛੇ ਜੁ ਪੈਲੀਆਂ,
ਦੇਵੇ ਡਾਢਾ ਜ਼ੋਰ, ਧਰਤੀ ਸੌਰਦੀ,
ਖੇਤੀ ਪਾ ਏ ਜ਼ੋਰ ਹੁੰਦੀ ਢੇਰ ਹੈ।
ਪੱਥਰ ਨਦੀਆਂ ਰੋੜ੍ਹ ਨਾਲ ਰੁੜ੍ਹੀਂਵਦੇ,
ਜਾਇ ਮਦਾਨਾਂ ਕੋਲ ਕੰਮੀਂ ਆਂਵਦੇ।
ਕਲੀਆਂ ਵੱਟੇ ਸਾੜ ਕਲੀ ਬਨਾਂਵਦਾ;
ਰਾਜ ਲਗਾਵੇ ਏਹ ਰਚੇ ਇਮਾਰਤਾਂ।
ਏਥੇ ਹੀ ਨਾ ਜਾਣ ਪਰਬਤ ਠੈਰ੍ਹਦਾ
ਅੰਦਰ ਆਪਣਾ ਪਾੜ ਅਰਪਨ ਹੈ ਕਰੇ।
ਖਾਣਾਂ ਅਕਸਰ ਹੋਣ ਪਰਬਤ ਦੇ ਵਿਖੇ
ਸੋਨਾਂ, ਚਾਂਦੀ, ਲੋਹ, ਤਾਂਬਾ ਤੇ ਕਲੀ,
ਸਿੱਕਾ, ਜਿਸਤ ਅਨੇਕ ਧਾਤਾਂ ਅੰਦਰੋਂ
ਪਰਬਤ ਕੁੱਖੋਂ ਬਾਰ੍ਹ ਅਕਸਰ ਔਂਦੀਆਂ।
ਛੁਪੀਆਂ ਏ ਹਨ ਵਿੱਚ ਹੇਠਾਂ ਅੰਦਰੇ
ਜਦ ਪਰਬਤ ਤੋਂ ਜਾਇ ਧਾਤਾਂ ਮੰਗੀਏ,
ਪਾੜ ਆਪਣਾ ਆਪ ਪਰਬਤ ਦੇਂਵਦਾ,
ਮੱਥੇ ਪਾਏ ਨ ਵੱਟ, ਕਰੇ ਹਿਸਾਨ ਨਾ।
ਭਾਂਤਿ ਭਾਂਤਿ ਦੇ ਹੋਰ ਪੱਥਰ ਸੋਹਿਣੇ
ਮਰ ਮਰ ਸੰਗ, ਮੂਸਾਇ, ਮੁੱਲਾਂ ਵਾਲੜੇ
ਆਪੇ ਵਿਚੋਂ ਦਾਨ ਪਰਬਤ ਦੇਂਵਦਾ,
ਪੱਥਰ-ਘਾੜਾ ਜਾਇ ਮੰਗੇ ਹੈ ਜਦੋਂ।
ਇਸਤੋਂ ਵਧਕੇ ਹੋਰ ਅਪਣੇ ਆਪ ਦੀ
ਮਣੀ ਮੁਕਟ ਜੋ ਚੀਜ਼ ਮੁੱਲੋਂ ਬਾਹਿਰੀ
ਹੀਰੇ, ਰਤਨ ਅਪਾਰ ਲਾਲ ਤੇ ਲਸਨੀਏ
ਲੱਭਣਹਾਰੇ ਜੋਗ ਪਰਬਤ ਦੇਂਵਦਾ।
ਨੀਲਮ ਤੇ ਪੁਖਰਾਜ, ਪੰਨੇ, ਚੂਨੀਆਂ,
ਸਭ ਪਰਬਤ ਦੀ ਦਾਤ ਦੁਨੀਆਂ ਜੋਗ ਹੈ।
ਦਾਤਾ ਬਣਿਆਂ ਇਉਂ ਪਰਬਤ ਰਾਜ ਹੈ,
ਦੇਂਦਾ ਦੇਂਦਾ ਜਾਇ, ਮੰਗੇ ਨਾ ਕਦੀ।
ਉੱਚ ਹੋਣ ਦੀ ਲਾਜ ਰੱਖੀ ਏਸ ਨੇ,
ਅਪਣੇ ਲਈ ਇ ਮੌਤ ਮਰਦਾ ਸੋਹਿਣੀ
ਪਰਉਕਾਰਾਂ ਜੋਗ ਸਦ ਹੀ ਜੀਵਦਾ;
ਬਲੀਦਾਨ ਹੈ ਰੂਪ ਇਸਦੀ ਹੋਂਦ ਦਾ
ਫਬਿਆ ਉੱਚਾ ਹੋਣ ਇਸਦਾ ਸੋਹਿਣਾ।

ਤੂੰ ਹੇ ਮਿੱਤ੍ਰ ਸੁਜਾਨ! ਜਿਸ ਨੂੰ ਰੱਬ ਨੇ
ਕੀਤਾ ਉੱਚਾ ਆਪ ਖ਼ਲਕਤ ਆਮ ਤੋਂ
ਦਾਤਾ ਪਦ ਤੇ ਖੇਡ ਦੇਵਚਹਾਰ ਹੋ।
ਜਾਚਕ ਭਾਵ ਨ ਧਾਰ ਬਿਰਤੀ ਵਿੱਚ ਤੂੰ।

ਦੇਵਣਹਾਰ ਦਤਾਰ, ਲੈਣੋਂ ਸੰਗਣਾ;
ਦੇਂਦਜਾਂ ਕਦੇ ਨ ਰੋਸ ਗੁੱਸਾ ਖਾਵਣਾ;
ਦੇਕੇ ਕਦੀ ਹਿਸਾਨ ਕਰਨਾ ਨਾ ਰਤੀ,
ਦੇਕੇ ਮੂਲੋਂ ਯਾਦ ਕਦੀ ਨ ਰੱਖਣਾ ।
'ਮੈਂ ਦਾਤਾ' ਹੰਕਾਰ ਨਹੀਂ ਫੁਰਾਵਣਾ;
ਹੋ ਸੁਰਤਾ, ਨਿਸ਼ਕਾਮ, ਦਾਤ ਕਰਾਵਣਾ ।
ਸ਼ਫਲ ਉਚਾਈ ਐਉਂ ਨਹੀਂ ਤਾਂ ਰੋਗ ਹੈ,
ਕਈ ਤਰ੍ਹਾਂ ਦੇ ਦੁੱਖ ਪੈਦਾ ਏ ਕਰੇ ।
ਅਫ਼ਲ ਝੰਟਲੇ ਵਾਂਙ ਉੱਚਾ ਹੋਵਸੇਂ,
ਸਿਮੰਲ ਵਾਂਙ ਬਿਰੱਸ ਉੱਚਾ ਹੋਵਸੇਂ,
ਉੱਚਾ ਗੁੱਡੀ ਵਾਂਙ ਐਵੇਂ ਉੱਡ ਕੇ
ਟੁੱਟ ਰਸਾਤਲ ਵਿੱਚ ਰੁਲਸੇਂ ਬੇ ਪਤਾ ।
ਚੀਲ੍ਹ ਉਡਾਰੀ ਮਾਰ ਚੜ੍ਹੇ ਅਕਾਸ਼ ਤੇ,
ਡਿੱਗੇ ਮੁਰਦਾ ਵੇਖ ਧ੍ਰਿਗ ਉਚਾਣ ਨੂੰ !
ਉੱਚਾ ਪਰਬਤ ਵਾਂਙ ਸੱਜਣ ! ਹੋਵਣਾ,
ਉੱਚਾ ਬੱਦਲ ਵਾਂਙ ਹੋਣਾ ਲੋੜੀਏ,
ਉੱਚਾ ਵਾਂਙੂ ਚੰਦ ਹੋਣਾ ਸੋਹਿਣਾ;
ਉੱਚਾ ਸੂਰਜ ਵਾਂਙ ਹੋਣਾ ਹੈ ਫਬੇ ।
ਉੱਚਾ ਧ੍ਰੂ ਦੇ ਵਾਂਙ ਬਣਦਾ ਵਾਹੁ ਵਾ !
ਅਟਲ ਖੜੋਤਾ, ਦੇਖ, ਵਿੱਚ ਅਕਾਸ਼ ਦੇ,
ਤਾਰਿਆਂ ਸਭਾ ਵਿਚਾਲ ਬਣਿਆਂ ਕੇਂਦ੍ਰ ਜੋ ।
ਸਾਰੇ ਘੁੰਮ ਘੁੰਮ ਜਾਣ ਦੁਾਲੇ ਏਸ ਦੇ;
ਅਟਲ ਏਸ ਦਾ ਸਾਜ ਹੈ ਉਪਕਾਰੀਆ ।
'ਸੱਚ-ਉਚਾਈ' ਪਾਇ ਉੱਚਾ ਹੋਵਣਾ;
ਰਹਿ ਨਿਸ਼ਕਾਮ ਨ੍ਰਿਲੇਪ ਦਾਤਾਂ ਦੇਣੀਆਂ ।
ਦਾਤਾ ਪਦ ਦੀ ਪੌਂਚ੍ਹ ਕਰੀਂ ਪਰਾਪਤੰ
ਫਿਰ ਦੁਖ ਕੱਟਣ ਹਾਰ ਜਗ ਦਾ ਤੂੰ ਬਣੇਂ;
ਜੈਸੇ ਸਤਿਗੁਰ ਆਪ ਹੈ ਫੁਰਮਾਇਆ:-

> ਓਇ ਦਾਤੇ ਦੁਖ ਕਾਟਨਹਾਰ ॥
> ਜਾ ਕੈ ਸੰਗਿ ਤਰੈ ਸੰਸਾਰ ॥

{ਸੁਖਮਨੀ}

ਐਉਂ ਉਚਾਈ ਧਾਰ ਜੇ ਤੈਂ ਧਾਰਣੀ,
ਨਾਹਿੰ ਤਾਂ ਨੀਵਾਂ ਹੋਇ ਜੀਵਨ ਕੱਟ ਲੈ,
ਜਿੱਕੁਰ ਖੂਣੀਆਂ ਕੱਟ ਤੁਰੀਆਂ ਜੱਗ ਤੋਂ;
ਮਰ ਮਿਟ ਗਜੇ ਓ ਵਾਂਙ ਘਾਸ ਕਿ ਫੂਸ ਦੇ ।

ਇਹ ਰਖ, ਲੰਮਾ ਸਾਹ ਲੈਕੇ ਆਖਦੀ:-
'ਕੌਣ ਕਰੇ ਆ ਮੁੱਲ ਇਸ ਉਪਦੇਸ਼ ਦਾ,
'ਦਾਤਾ ਪਦ ਦੀ ਉੱਚ ਅੰਦਰ ਆ ਵਸੇ
'ਤਾਂ ਦੁੱਖ ਕੱਟਣ ਹਾਰ ਹੋਵੇ ਜੱਗ ਦਾ ।
'ਜਿਸਦੀ ਬਿਰਤੀ ਵਿੱਚ ਜਾਚਕ ਅੰਸ ਹੈ
'ਉਹ ਦੁਖ ਕੱਟਣਹਾਰ ਹੋ ਨਹੀਂ ਸਕਦਾ ।'

ਫਿਰ ਵਾਹਵਾ ਮੂੰਹ ਆਖ ਫੜਦੀ ਹੋਰ ਹੈ
ਕਾਗਤ ਸੁੰਦਰ ਇਕ ਜਿਸ ਦਾ ਭਾਵ ਏ:-

### ੬. ਪਤ੍ਰ-ਪਰਮਾਰਥਕ ਗੁਣ

ਜੇ ਗੁਣ ਲੱਭਾ ਕੋਇ ਰੱਖ ਸੰਭਾਲਕੇ;
ਇਸ ਦੀ ਲੈ ਖੁਸ਼ਬੋਇ, ਇਸ ਤੋਂ ਲੈ ਖੁਸ਼ੀ
'ਰਸ' ਤੇ 'ਰਸੀਆ' ਹੋਇ 'ਗੁਣ' ਤੇ 'ਤੂੰ' ਦੁਏ,
ਤੀਜੀ ਹੋਰ ਨ ਚੀਜ਼ ਨਾਲ ਰਲਾਈਓ
ਤਾਂ ਫਿਰ ਮੌਜ ਬਹਾਰ ਅੰਦਰ ਵਾਪਰੂ:-
ਗੁਣ ਦੀ ਮਸਤੀ ਵਿੱਚ ਮੱਤਾ ਤੂੰ ਰਹੇਂ ।
ਗੁਣ ਦਾ ਸਿੱਧਾ ਸ੍ਵਾਦ ਤੈਨੂੰ ਆਵਸੀ ।
ਗੁਣ ਹੈ ਤੇਰਾ ਮਿੱਤ ਸੱਚਾ ਮਿੱਤ ਹੈ,
ਹਿਰਦੇ ਜਿਸ ਦਾ ਵਾਸ ਤੇਰੇ ਹੋ ਰਿਹਾ:
ਇਸ ਦੇ ਨਾਲ ਨਿਬਾਹ ਅਪਣਾ ਪ੍ਰੇਮ ਤੂੰ,
ਜਿਵੇਂ ਪਤਿਬ੍ਰਤ ਨਾਰ ਭਰਤਾ ਸੁੱਖ ਨੂੰ
ਮਾਣੇ ਹੋਇ ਪ੍ਰਸੰਨ ਤੱਕਿ ਨ ਹੋਰਥੇ ।
ਤਿਉਂ ਗੁਣ ਨਾਲ ਪਰੇਮ ਕਰ ਸੁਖ ਪਾਵਸੇਂ,
ਗੁਣ ਦਾ ਅਪਣਾ ਸ੍ਵਾਦ ਜੇ ਤੂੰ ਮਾਣਸੇਂ,
ਇਹ ਤਦ ਖੰਭਾਂ ਵਾਂਙ ਤੈਨੂੰ ਚੱਕ ਕੇ
ਸਾਈਂ ਚਰਨਾਂ ਵਿੱਚ ਜਾਇ ਪੁਚਾਵਸੀ ।

ਗੁਣ ਦੀ ਜੋ ਖੁਸ਼ਬੋਇ ਇਸ ਦੀ ਆਪਣੀ,
ਜਿਹੜੀ ਮੌਜ ਅਪਾਰ ਇਸ ਵਿਚ ਹੋਂਵਦੀ,
ਮਾਣੇਂ ਨਾਂ ਤੂੰ ਓਹ, ਗੁਣ ਨੂੰ ਵੇਚਦੇਂ,
ਵਿਕ ਕੇ ਕਦਰ ਜੁ ਹੋਇ, ਰਸ ਉਸਦੇ ਰਸੇਂ
ਤਾਂ ਆਪੇ ਦਾ ਸ੍ਵਾਦ ਤੂੰ ਨਾ ਮਾਣਸੇਂ,

ਓਪ੍ਰਾ ਆਊ ਸ੍ਵਾਦ ਦਿੱਤਾ ਦਾਤਿਆਂ।
ਕਦਰ ਕਰਨ ਜੋ ਲੋਕ ਸ਼ੋਭਾ ਦੇਣ ਜੋ
ਓਪ੍ਰਾ ਇਸ ਦਾ ਸ੍ਵਾਦ ਬਾਹਰੋਂ ਆਂਵਦਾ,
ਇਹ ਨਹੀਂ ਗੁਣ ਦਾ ਸ੍ਵਾਦ ਇਹ ਤਾਂ ਸ਼ੋਭ ਦਾ।
ਸ਼ੋਭਾ ਬਦਲੇ ਵੇਚ ਗੁਣ ਨੂੰ ਆਪਣੇ
ਦੱਸ ਕਰੇਂਗਾ ਕੀਹ ਓਪ੍ਰਾ ਸ੍ਵਾਦ ਏ;
ਦੋ ਪੈਸੇ ਦਾ ਅੰਨ ਖਾਧਯਾਂ ਰੱਜੀਏ;
ਸ਼ੋਭਾ ਨਾਲ ਨ ਰੱਜ ਮੂਲੋਂ ਆਂਵਦਾ।
ਫਿਰ ਇਕ ਬਿਪਤਾ ਹੋਰ ਸ਼ੋਭਾ ਲਜਾਂਵਦੀ
ਬਿਨ ਕਾਰਣ ਆ ਲੋਕ ਨਿੰਦਯਾ ਵਜਾਪਦੇ,-
ਸੜਨ ਈਰਖਾ ਵਿੱਚ, ਸਾੜਨ ਨਿੰਦ ਕੇ।
ਜਦ ਤਕ ਸ਼ੋਭਾ ਨਾਹਿੰ ਸੜਦਾ ਕੋ ਨਹੀਂ;
ਸ਼ੋਭਾ ਮੀਂਹ ਦੇ ਨਾਲ ਡੱਡੂ ਵਾਕਰੇ
ਨਿੰਦਕ ਨਿੱਕਲ ਆਣ ਅਪਣੇ ਆਪ ਹੀ।
ਹਰਦਮ ਦਿਲ ਨੂੰ ਖੋਹ ਲਗਦੀ ਫੇਰ ਹੈ,
ਕਿਵੇਂ ਬਣੀ ਰਹਿ ਜਾਇ ਸ਼ੋਭਾ ਜੋ ਬਣੀ,
ਪਰ ਇਹ ਰਹੇ ਬਿਦਾਗ਼ ਔਖੀ ਗੱਲ ਹੈ;
ਅਣਹੋਈ ਲਾ ਊਜ ਨਿੰਦਕ ਨਿੰਦਦੇ।
ਫਿਰ ਜੋ ਕਰਦੇ ਜੱਸ, ਉਪਰੋਂ ਆਖਦੇ,
ਦਿਲੋਂ ਨ ਭਿਜਦਾ ਕੋਇ ਦੁਖ ਨਾ ਵੰਡਦਾ:
ਹਰੀ ਹਰੀ ਦੇ ਯਾਰ ਸੁਕਿਆਂ ਦੌੜਦੇ,
ਜੋ ਸ਼ੋਭਾ ਦੇ ਨਾਲ ਬਣਦੇ ਯਾਰ ਆ।
'ਫੋਕੀ ਸ਼ੋਭਾ' ਪਾਇ ਗਲ ਵਿਚ ਜੇ ਪਟਾ
ਜਾਈਏ ਪ੍ਰਭੁ-ਦਰਬਾਰ ਮਾਨ ਨ ਪਾਵੀਏ।
ਖੋਟਾ ਪੈਸਾ ਏਹ ਸਚਖੰਡ ਵਿੱਚ ਹੈ,
ਚਲਦਾ ਮੂਲੋਂ ਨਾਂਹ, ਬਾਹਿਰ ਸਿੱਟੀਏ।

ਸ਼ੋਭਾ ਦਾ ਬੀ ਤਯਾਗ ਕਰਨਾ ਸੌਖ ਨਾ,
ਪਰ 'ਸਚ-ਸ਼ੋਭਾ' ਹੋਰ ਜੋ ਸੁਖਦਾਇਨੀ;
ਸੱਚ ਧਾਰਿਆਂ ਏਹ ਆਪੇ ਆਂਵਦੀ
ਏਥੈ ਓਥੇ ਏਹ ਕਰਿ ਮੁਖ ਉੱਜਲਾ।
ਤਾਂਤੇ ਪੱਕ ਪਛਾਣ ਗੁਣ ਨੂੰ ਵੇਚਣਾ
ਸ਼ੋਭਾ ਸੰਦੇ ਭਾਇ ਘਾਟੇਵੰਦ ਹੈ।
ਨਾਪਾ ਰੱਖੇਂ ਜੋਇ ਅੰਦਰ ਸਾਂਭ ਕੇ
ਦੇਵੇ ਨਿੱਤ ਸੁਗੰਧਿ ਤੈਨੂੰ ਮਿੱਤਰਾ;-
ਵੇਚੇਂ ਕੌਡਾਂ ਭਾਇ, ਕੌਡਾਂ ਕੰਮ ਕੀ?

ਜੇ ਗੁਣ ਵੇਚੇਂ ਫੇਰ ਬਦਲੇ ਮਾਲ ਦੇ,
ਧਨ ਦੌਲਤ ਦੇ ਲੱਗ ਲਾਲਚ ਵਿੱਚ ਤੂੰ;-
ਧਨੀਆਂ ਦ੍ਵਾਰੇ ਜਾਇ ਇੱਝਾ ਹੋਵਸੇਂ,
ਉਹਨਾਂ ਦੇ ਗੁਣ ਗਾਇ ਜੇਕਰ ਤੂੰ ਨਹੀਂ,
ਪੈਸਾ ਤੈਨੂੰ ਓਹ ਕਦੀ ਨ ਦੇਣਗੇ।
ਜੇ ਤੂੰ ਨੀਵਾਂ ਹੋਇ ਉਨ੍ਹਾਂ ਸਲਾਹਿਸੇਂ
ਪੈਸੇ ਤਾਂ ਮਿਲ ਜਾਣ, ਐਪਰ ਅੰਦ੍ਰਲਾ
ਨਸ਼ਾ ਜੁ ਹੈ ਭਰਪੂਰ ਉਹ ਗੁਮ ਜਾਵਸੀ।
ਕਹਿੰ 'ਅਮੁੱਲ ਗੁਣ' ਆਪ ਸੱਚੇ ਸਤਿਗੁਰੂ ;
ਤੂੰ ਵੇਚੇ ਹੈਂ ਮੁੱਲ! ਕੱਚ ਵਪਾਰ ਏ।
ਗੁਣ ਦੀ ਲਹਿਰ-ਮਹੱਕ ਉੱਡੇ ਵੇਚਿਆਂ;
ਥੋਥਾ ਹੋਵੇ ਜੀਅ, ਘਟਦਾ ਚੈਨ ਹੈ।
ਖੁੱਲ੍ਹ ਆਪਣੀ ਦੂਰ ਮਨ ਦੀ ਹੋਂਵਦੀ,
ਘਰ ਦੇ ਢੱਗੇ ਵਾਂਙ ਜੋਇਆ ਹੀ ਰਹੇ
ਪੰਡਾਂ ਢੋ ਢੋ ਹਾਇ ਲੋਕਾਂ ਵਾਲੀਆਂ,-
ਮਰ ਮੁਕਦਾ ਹੈ ਜੀਵ ਐਕੁਰ ਕੀਤਿਆਂ।
ਗੁਣ ਦੀ ਅਸਲੀ ਮੌਜ ਗੁਣ ਤੋਂ ਮਾਣੀਏ,
ਨਿਕਲੇ ਬਾਰ੍ਹ ਨ ਸੋਇ, ਇਹ ਨਾ ਵੇਚੀਏ।
ਜਿੱਕੁਰ ਅਤਰ ਜੁ ਬੰਦ ਸ਼ੀਸ਼ੇ ਰੱਖੀਏ,
ਰਹੇ ਸਲਾਮਤ ਗੰਧ ਵਿਗੜੇ ਏ ਨਹੀਂ।
ਪਰ ਚਾਨਣ ਵਿਚ ਲਜਾਇ ਨੰਗਾ ਰੱਖਿਆਂ
ਤੇਲ ਬਰੋਜ਼ਾ ਅੱਡ, ਚਿਟਕ ਹੁ ਜਾਂਵਦਾ।
ਦੀਪਕ ਦਿਓ ਜਗਾਇ ਘਰ ਦੇ ਅੰਦ੍ਰ ਜੇ
ਬੂਹੇ ਦੇਵੋ ਮਾਰ ਚਾਨਣ ਬੌਤ੍ਹ ਹੋ;
ਜੇ ਬੂਹੇ ਦਿਓ ਖੋਲ੍ਹ ਚਾਨਣ ਫੈਲਦਾ
ਅੰਦਰ ਜਾਂਦਾ ਘੱਟ ਪਹਿਲੇ ਨਾਲੜੋਂ।
ਇੱਕੁਰ ਗੁਣ ਦੀ ਮੌਜ ਗੁਣ ਦੀ ਆਪਣੀ
ਸਿੱਧੀ ਇਸਤੋਂ ਮਾਣ, ਇਸਨੂੰ ਵੇਚਕੇ
ਧਨ ਸ਼ੋਭਾ ਲੈ ਮੁੱਲ, ਸੌਦਾ ਨਾ ਕਰੀਂ।
ਗੁਣ ਨੂੰ ਅੰਦਰੋਂ ਕੱਢ ਸਿਟਕੇ ਹੋਰਥੇ
ਓਥੋਂ ਲੈ ਖ਼ੁਸ਼ਬੋਇ ਇਦ੍ਹੀ ਪਰੱਤਵੀਂ,


www.sikhbookclub.com

ਅਸਲੀ ਸ੍ਵਾਦ ਨ ਓਹ, ਗੁਣ ਦਾ ਆਪਣਾ,
ਲਗਦਾ ਮਿੱਠਾ ਫੇਰ ਪਰ ਓ ਓਪਰਾ।
–ਉਸ ਵਿਚ ਮਾਯਾ ਮੇਲ ਰਲਦਾ ਹੈ ਰਲਾ–।
ਤਾਂਤੇ ਗੁਣ ਨੂੰ ਪਾਇ ਗੁਣ ਦੀ ਮੌਜ ਲੈ।
ਹੋਰ ਕਿਸੇ ਨੂੰ ਲੱਭ ਸ਼ੋਭਾ ਮਾਲ ਜਾਂ
ਗੁਣ ਦੇ ਨਾਲ ਰਲਾਇ, ਗੁਣ ਨੂੰ ਓਪਰਾ
ਕਰਕੇ ਲੱਭ ਨ ਮੌਜ ਮੈਲੀ ਹੋਹਿਗੀ
ਰਹੁ ਸੁ ਮਾਇਆ ਨਾਲ ਮਿਲਿਆ ਮੇਲ ਤੈਂ।
ਗੁਣ ਨੂੰ ਪਾਕੇ ਫੇਰ ਬੱਝਾ ਤੂੰ ਰਹੇਂ,
ਹਥ ਵਿਚ ਹੁੰਦਜਾਂ ਦੀਪ ਪੈਣ ਭੁਲਾਵੜੇ,
ਬੁੱਧ ਸਾਫ਼ ਵਿੱਤ੍ਰੇਕ ਕਰ ਨਾ ਸੱਕਸੀ,
ਇਹ ਸੁਖ ਗੁਣ ਦਾ ਸੀ ਕਿ ਸ਼ੋਭਾ ਵਾਲੜਾ
ਜਾਂ ਮਾਯਾ ਸੀ ਹੋਰ ਲੱਗੀ ਲਾਗ ਦਾ।
ਇਕ ਲਾਭ ਫਿਰ ਹੋਰ ਤੈਨੂੰ ਹੋਹਿਗਾ
ਜੇ ਤੂੰ ਗੁਣ ਦੀ ਮੌਜ ਗੁਣ ਤੋਂ ਮਾਨਸੇਂ;
ਗੁਣ ਦੇ ਰਸ ਨੂੰ ਜਾਣ ਲਵੇਂ ਪਛਾਣ ਤੂੰ;
ਮਾਯਾ ਦੇ ਰਸ ਵੱਖ ਲਵੇਂ ਸਿਆਣ ਤੂੰ
ਫਰਕ ਦੁਹਾਂ ਦਾ ਠੀਕ ਸਮਝੇ ਆਵਸੀ।
ਫਰਕ ਸਮਝ ਕੇ ਫੇਰ ਰਸ ਮਾਯਾ ਵਿਖੇ
ਬਿਰਤੀ ਖਚਤ ਨ ਹੋਇ ਸੱਕੇਗੀ ਕਦੀ।
ਇੱਕੁਰ ਗੁਣ ਦੀ ਮੌਜ ਜਾਂ ਪਕ ਜਾਵਸੀ
ਮਾਯਾ ਦਾ ਰਸ ਫੇਰ ਫਿੱਕਾ ਹੋਵਸੀ।
ਤਦ ਜੇਕਰ ਉਪਕਾਰ ਗੁਣ ਦੀ ਸਾਂਝ ਨੂੰ
ਅਧਿਕਾਰੀ ਦੇ ਨਾਲ ਕਿਧਰੇ ਤੂੰ ਕਰੇਂ,
ਸ਼ੋਭਾ, ਸੁਰਤ, ਮਾਲ, ਮੋਹ ਨ ਸੱਕਸੀ
ਤੈਨੂੰ ਮੂਲੋਂ ਮੀਤ! ਰਹੇਂ ਅਡੋਲ ਤੂੰ।
ਗੁਣ ਦੀ ਕਰਕੇ ਸਾਂਝ ਗੁਣ ਦੀ ਮੌਜ ਨੂੰ
ਲੁਟਦਾ ਰਹਿਸੇਂ ਐਉਂ ਜਿੱਕੁਰ ਦੀਪ ਤੋਂ
ਦੀਵਾ ਹੋਰ ਜਗਾਇ ਘਟਦਾ ਕੁੱਝ ਨਾ।
ਗੁਣ ਦੇ ਰਸੀਏ ਆਪ ਪੱਕੇ ਹੋਂਵਦੇ,
ਥਿੰਧੇ ਘਟ ਦੇ ਵਾਂਙ ਮਾਯਾ ਨੀਰ ਤੋਂ
ਸਦਾ ਰਹਿਣ ਨਿਰਲੇਪ ਭਿੱਜ ਨ ਜਾਂਵਦੇ;
ਪਰ ਕਰਕੇ ਉਪਕਾਰ ਰਹਿ ਨਿਰਲੇਪਵੇਂ।

ਰਸ ਜੋ ਗੁਣ ਵਿਚਕਾਰ ਉਸਨੂੰ ਮਾਣੀਏ;
ਰਸ ਜੋ ਕਦਰਾਂ ਵਿੱਚ ਗੁਣ ਦੀ ਹੋਂਵਦਾ,
ਪਾਈਏ ਨਹੀਂ ਸੁਆਦ ਇਸ ਦਾ ਜੇ ਕਦੇ
ਤਦ ਸਿੱਧਾ ਰਸ ਸ੍ਵਾਦ ਰਸ ਤੋਂ ਮਾਣੀਏਂ।

ਇਸ ਕਾਗ਼ਤ ਨੂੰ ਰੱਖ ਸਾਹ ਇੱਕ ਖਿੱਚਕੇ
ਕਹਿੰਦੀ 'ਸੁਖ ਦੇ ਭੇਤ ਅਸਲੀ ਸੁੱਖਦੇ
'ਕੀਕੂੰ ਦੱਸੇ ਖੋਲ੍ਹ ਹਨਗੇ ਕੰਤ ਨੇ।'
ਇਹ ਕਹਿ ਵਾਚੇ ਹੋਰ ਜਿਸਦਾ ਭਾਵ ਏ–

੭. ਪੱਤ੍ਰ–ਬਾਣੀ, ਨਾਮ, ਤਿਆਗ

ਦੱਸ ਦਿਲਾ! ਇਹ ਬਾਤ ਸੁਣਿਆ ਅੱਜਕੀ
ਉਸ ਸਾਧੂ ਤੋਂ ਜਾਇ ਜੰਗਲ ਵਿੱਚ ਤੂੰ?
'ਕਾਨ੍ਹ ਸਿਮਰਾਂ ਨਾਮ? ਬਾਣੀ ਕਜੋਂ ਪੜ੍ਹਾਂ?
'ਸਿਫਤ, ਸਲਾਹਾਂ, ਗੀਤ ਗਾਂਵਾਂ ਕਾਸਨੂੰ?
'ਹੁਣ ਮੈਂ ਹੋਇਆਂ ਆਪ ਸਿਧ, ਸੁਧ, ਪੂਰਨੰ।
'ਡਰ ਹੋਏ ਤੇ ਦੂਰ ਸੋਟਾ ਸਿੱਟੀਏ,
'ਇੱਕੁਰ ਸਾਰੀ ਘਾਲ ਹੁਣ ਸਟ ਦੇਵੀਏ'।
ਸੁਣ ਏ ਬਚਨ ਅਸਾਰ ਆਲਸ ਵਾਲੜੇ,
ਵਾਚ ਗਿਆਨੀ–ਵਾਕ ਜੋ ਹੈ ਆਖਦਾ,
ਦਸ ਮਨ ਮੇਰੇ ਸਾਫ਼ ਤੈਂ ਕੀ ਸੋਚਿਆ?
ਕੀ ਤੂੰ ਆਕੀ ਹੋਇ ਰੱਬੋਂ ਆਪਣੇ
ਧਾਰ ਰਿਦੇ ਏ, 'ਮੋਠ– ਕੋਰੜ' ਹੋਵਣਾ?
ਕੇ ਕਰਕੇ ਵਿੱਤ੍ਰੇਕ ਗਲ ਨੂੰ ਖੋਲ੍ਹਣਾ;
ਸਮਝ ਆਪਣੀ ਸਾਫ਼ ਇਉਂ ਹੈ ਰੱਖਣੀ?

ਮਨ ਦਾ ਉੱਤਰ–

'ਜਾਣਨ' ਹੈਵੇ ਗ੍ਯਾਨ, ਕੇਵਲ ਜਾਣਨਾ,
'ਭਗਤੀ ਵਾਲਾ ਪ੍ਰੇਮ' ਹੈਵੇ ਪ੍ਰਾਪਤੀ:
ਸਫਲ ਗ੍ਯਾਨ ਹੈ ਏਹ ਅਸਲਿ ਪੁਚਾਂਵਦਾ।
ਇਕ ਹੈ ਚੁੰਚ ਗਿਆਨ, ਬਹਿਸਾਂ ਵਾਸਤੇ
ਜਿਸਨੂੰ ਸਿਖਦੇ ਲੋਕ ਕਰਨੀ ਹੀਨ ਜੋ।
ਇਹਨਾਂ ਨਹੀਂ ਵਿਵੇਕ ਅਸਲੀ ਪਾਇਆ;
ਨਾ ਹਿਰਦੇ ਵੈਰਾਗ ਆਇਆ ਹੈ ਕਦੇ:
ਨਾ ਸਾਈਂ ਦੀ ਖਿੱਚ ਡਿੱਠੀ ਹੈ ਇਨ੍ਹਾਂ।


www.sikhbookclub.com

ਜਦ ਆਈ ਹੈ ਸੂਝ ਇਨ੍ਹਾਂ ਗਿਆਨ ਦੀ
ਰੋਟੀ ਛੱਡੀ ਨਾਹਿੰ ਮੂਲੋਂ ਖਾਵਣੀ,
ਕਪੜੇ ਛੱਡਣ ਨਾਹਿੰ ਪਾਣੀ ਪੀਵਣਾ,
ਰਸ ਕਸ ਭੋਗਣ ਭੋਗ, ਸੌਂਦੇ ਜਾਗਦੇ।
ਇਹ ਸਭ ਭੋਗ ਸਰੀਰ ਛੁੱਟੇ ਮੂਲ ਨਾ;
ਮਨ ਨੂੰ ਮਨ ਵਿਚ ਲੀਨ ਕਰਨੇ ਵਾਲੜੇ
ਕਿਸ ਬਿਧਿ ਛੱਡਣ ਜੋਗ ਬਣਨ 'ਅਭਜਾਸ' ਹੈਂ।

ਜਦ ਗਜਾਨੀ ਨੂੰ ਗਾਲ ਕੋਈ ਕੱਢਦਾ
ਹਿਰਦਾ ਹੋਇ ਮਲੂਲ ਗੁੱਸਾ ਆਂਵਦਾ।
ਜੋ ਹਿਰਦਾ ਖਾ ਸੱਟ ਮੈਲਾ ਹੋਂਵਦਾ
ਸਾਫ਼ ਕਰਨ ਦੀ ਲੋੜ ਉਸ ਨੂੰ ਢੇਰ ਹੈ।
ਜਿੱਥੇ ਲਗਦਾ ਰੋਗ ਦੱਸੋ ਸੋਚਕੇ,
ਦਾਰੂ ਦੀ ਨਾ ਲੋੜ ਉਥੇ ਹੋਂਵਦੀ?
ਮੈਲ-ਰੋਗ ਨੂੰ ਦੂਰ ਬਾਣੀ ਹੈ ਕਰੇ,
ਨਾਮ ਕਰੇਂਦਾ ਸਾਫ਼ ਦਿਲ ਨੂੰ ਜੋੜਦਾ,
ਨਾਮ ਤੇ ਬਾਣੀ ਲੋੜ ਕਿੱਕੂੰ ਹੈ ਨਹੀਂ?
ਜਦ ਰੋਵਣ ਦੀ ਵਾਜ ਪਿੱਟਣ ਸੱਦ ਨੂੰ
ਸੁਣਕੇ ਹੋਣ ਨਰਾਜ ਗਜਾਨੀ ਲੋਕ ਜੋ
ਤਦ ਸਿਧ ਹੋਵੇ ਏਹ ਸਮਤਾ ਨਾ ਅਜੇ
ਆਈ ਇਹਨਾਂ ਕੋਲ ਤਾਂਤੇ ਲੋੜ ਹੈ,
ਕਰਨ ਅਜੇ ਅਭਜਾਸ ਸਮਤਾ ਪਾਣ ਨੂੰ।
ਸੁਣ ਜਗਿਆਸੂ ਸਿੱਖ ! ਸੁਣ ਅਭਜਾਸੀਏ !
ਜਦ ਤਕ ਹੋਵੇ ਦੇਹ ਵਿਚ ਸੰਸਾਰ ਦੇ,
ਜਦ ਤਕ ਕ੍ਰਿਯਾ ਸਥੂਲ ਚਲੇ ਦੇਹ ਦੀ,
ਜਦ ਤਕ ਆਤਮ ਵਾਸ ਦੇਹੀ ਪਿੰਜਰੇ,
ਜਦ ਤਕ ਖਾਣਾ ਅੰਨ, ਚਲਦੇ ਪ੍ਰਾਣ ਹੈਂ,
ਜਦ ਤਕ ਫੁਰਨੇ ਹੋਣ ਫੇਰਾ ਪਾਂਵਦੇ,
ਜਦ ਤਕ ਸੁਖ ਤੇ ਦੁੱਖ ਹੋਇ ਪ੍ਰਤੀਤ ਹੈ
ਤਦ ਤਕ ਇਸਦੀ ਲੋੜ ਮਿਟਦੀ ਹੈ ਨਹੀਂ।
ਭਲਿਓਂ ਬੁਰਿਓਂ ਜੇਇ ਧੋਤੇ ਹੱਥ ਹੈਂ,
ਖਾਣੋਂ ਪੀਣੋਂ ਤਜਾਗ ਪੂਰਨ ਹੋ ਗਿਆ,
ਗਾਲੀ ਧੱਪਾ ਖਾਇ ਆਦਰ ਪਾਇਕੇ
ਇਕ ਰਸ ਰਹਿੰਦਾ ਚਿੱਤ, ਸੋਨੇ ਲੋਹ ਨੂੰ
ਇਕ ਤੁਲ ਜਾਣੇ ਬ੍ਰਿੱਤ ਅੰਮ੍ਰਿਤ ਵੇਹੁ ਨੂੰ
ਇਕ ਤੁਲ ਜਾਣੇ ਗ੍ਰੈਣੁ ਕਰਨੋਂ ਨਾ ਜਚੇ
ਤਦ ਬੀ ਮਿਟੇ ਨਾ ਨਾਮ ਅੰਦਰ ਵੱਸਿਆ।

ਲੋਕੀਂ ਆਖਣ ਐਉਂ ਹਉਮੈ ਟੁੱਟਿਆਂ
ਫਿਰ ਨਹੀਂ ਮੂਲੋਂ ਲੋੜ ਸਾਨੂੰ ਨਾਮ ਦੀ;
ਗੁਰੂ ਕਹਿਣ ਪਰ ਵਾਕ ਇਸਤੋਂ ਹੋਰਵੇਂ,
ਕਰੇ ਨ ਕੁਈ ਵਿਚਾਰ ਸਤਿਗੁਰ ਵਾਕ ਦੀ:-

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ ॥ {ਵਡ: ਮ: ੩}

ਜਿੱਥੇ ਹਉਮੈ ਹੋਇ ਉੱਥੇ ਨਾਮ ਦਾ
ਵਸਣਾ ਔਖਾ ਆਹਿ, ਮਿਹਨਤ ਲੋੜੀਏ।
ਜਦ ਝਗੜਾ ਮਨ ਨਾਲ ਸੱਥਾਂ ਪਾਇਕੇ
ਮਨ ਹੀ ਮੰਝ ਸਮਾਇ ਹੁਉਮੈਂ ਨਾ ਰਹੀ,
ਤਦ ਹੋਵੇ ਹੈ ਵਾਸ ਵਸੇ ਜੁ ਅੰਦਰੇ
ਹਉਮੈ ਮਿਟਿਆਂ ਨਾਮ ਅੰਦਰ ਨਾਮ ਦਾ।
ਉਹ ਸੰਪੂਰਨ ਨਾਮ ਅਸਲੀ ਨਾਮ ਹੈ,
'ਨਾਮੀ' ਨਾਲ ਅਭੇਦ ਕਰਦਾ ਹੈ ਉਹੋ।
ਬੱਧਾ ਹਉਮੈ ਵਿੱਚ ਕਰੜਾ ਕੱਸਿਆ
ਚੁੰਚ ਗਿਆਨੀ ਵਾਕ ਜੇ ਕੁਈ ਆਖਦਾ:
'ਬਾਣੀ ਨਾਮੁ ਤਿਆਗੁ, ਜਾਣੋਂ ਆਪ ਨੂੰ
'ਪੂਰਨ ਬ੍ਰਹਮ ਸਰੂਪ' ਕੂੜ ਕਮਾਂਵਦਾ,
ਗੁਰੂ ਵਾਕ ਪ੍ਰਤਿਕੂਲ ਉਹ ਹੈ ਆਖਦਾ।
ਹਉਮੈਂ ਹੋਯਾਂ ਦੂਰ ਹੀ ਤਾਂ ਵੱਸਦਾ
ਅੰਦਰ ਸੱਚਾ ਨਾਮ, ਨਾਮ ਅਛੱਲ ਜੋ।
ਤਦੋਂ ਓਸਦਾ ਤਜਾਗ ਕੀਕੂੰ ਹੋ ਸਕੇ ?
ਹਉਮੈਂ ਵੇਲੇ ਨਾਮ ਸਾਧਨ ਰੂਪ ਹੈ,
ਹਉਮੈਂ ਹੋਇਆ ਦੂਰ ਸਿੱਧੀ ਰੂਪ ਹੋ
ਸਦਾ ਨਿਰੰਤਰ ਵਾਸ ਹਿਰਦੇ ਪਾਂਵਦਾ,
ਨਾਮੀ ਨਾਲ ਅਭੇਦ ਕਰਦਾ ਨਾਮ ਹੈ।

### ੮. ਪਤ੍ਰ-ਏਕਾਂਤ

ਏਕਾਂਤ ਕਹੋ ਏਕਾਂਤ, ਕੀ ਏਕਾਂਤ ਹੈ?
ਦੋ ਭਾਂਤੀ ਏਕਾਂਤ ਗੁਰਮੁਖ ਆਖਦੇ।
ਰਹਿਣਾ ਜੰਗਲ ਵਿੱਚ ਨਦੀ ਕਿਨਾਰੜੇ,

ਪਰਬਤ ਧਾਰਾ ਕੁੱਖ ਵਿੱਚ ਉਜਾੜ ਦੇ,
ਜਿੱਥੇ ਦੂਜਾ ਕੋਲ ਹੋਇ ਨ ਆਦਮੀ;
ਖਾਵਣ ਪੀਵਣ ਸੋਣ ਪਹਿਨਣ ਵਾਸਤੇ
ਮਾਨੁਖ ਉੱਪਰ ਹੋਇ ਆਸ੍ਰਾ ਮੂਲ ਨਾ;
ਪਵੇ ਨ ਆ ਇਹ ਲੋੜ: ਕੋਈ ਆ ਮਿਲੇ,
ਪਰਚਾਈਏ ਦਿਲ ਚੱਲ ਮਿਲਕੇ ਮਿੱਤਰਾਂ।
ਆਪੇ ਹੋਵੇ ਮਿੱਤ੍ਰ ਅਪਣੇ ਆਪ ਦਾ:
ਆਪੇ ਹੋਵੇ ਦਾਸ ਅਪਣੇ ਆਪ ਦਾ।
ਪਰ ਵਿਚ ਇਸ ਏਕਾਂਤ ਦੁਰਘਟ ਵੱਸਣਾ।
ਜੇ ਕੁਈ ਹਠ ਨੂੰ ਧਾਰ ਰਹੇ ਇਕੱਲੜਾ
-ਲਿਵ ਤੇ ਰਸ ਤੋਂ ਹੀਨ ਵਹਿਸ਼ਤ ਛਾਉਂਦੀ।

ਜੇ ਸਿਰ ਤੇ ਹੁਇ ਰੱਬ ਉਸ ਪੁਰ ਆਸ ਹੋ
ਉਸ ਵਿਚ ਹੋ ਲਿਵਲੀਨ, ਖਿੜਿਆ ਕੌਲ ਹੋ
ਤੇ ਪ੍ਰਾਪਤ ਸਤਿਸੰਗ ਹੋ ਅਣਦਿੱਸਣਾ;
ਉਹ ਵਸ ਇਸ ਏਕਾਂਤ ਹੈਵੇ ਸੱਕਦਾ।
ਉਸਦੀ ਕੁਦਰਤ ਸੇਵ ਕਰਦੀ ਆਪ ਹੈ
ਗੁੰਗੇ ਬੂਟੇ ਬ੍ਰਿੱਛ ਛਾਇਆ ਦੇਂਵਦੇ,
ਠੰਢਕ ਦੇਵਣ ਨਾਲ ਕਰਨ ਹਿਸਾਨ ਨਾ;
ਨਾਲੇ ਭੋਜਣ ਦੇਣ ਫਲ ਫੁਲ ਆਪਣੇ;
ਮਿਹਣਾ ਮਾਰ ਹਿਸਾਨ ਕਦੀ ਨ ਚਾੜ੍ਹਦੇ।
ਕੂਲ੍ਹਾਂ ਚਸ਼ਮੇ ਨੀਰ ਖੁੱਲ੍ਹਾਂ ਦੇਂਵਦੇ
ਮੱਥੇ ਪਾਣ ਨ ਵੱਟ ਠੰਢਾਂ ਵਾਲੜੇ।
ਚਿੜੀਆਂ ਗਾਵਣ ਰਾਗ ਗੀਤ ਸੁਣਾਂਦੀਆਂ;
ਚਿੱਘੀ, ਟਿਚਕਰ, ਛੇੜ ਕਰਨ ਮਖੌਲ ਨਾ।
ਨੱਚੋ, ਟੱਪੋ, ਗਾਓ, ਹੱਸੋ ਰੋ ਪਵੋ,
ਮਿਹਣਾ ਕੁਈ ਨ ਦੇਇ ਉੱਥੇ ਆਇਕੇ।
ਨੰਗੇ ਫਿਰੋ ਉਘਾੜ ਗੁਆਂਢੀ ਨੰਗੜੇ
ਮੈਲੀ ਅੱਖ ਨ ਵੇਖ ਤਿਊੜੀ ਪਾਂਵਦੇ।
ਅਪਣੇ ਰਹੋ ਸੁਭਾਵ, ਚਿੱਤ ਅਡੋਲਵੇਂ,
ਜਿਸਨੂੰ ਸਕੇ ਨ ਮੋਹ ਉੱਥੇ ਕੋਇ ਬੀ।
ਪਜਾਰ ਕਰੇ ਨਾ ਕੋਇ ਦਰਦ ਵੰਡਾਂਵਦਾ,
ਓਪ੍ਰੇ ਜਿੱਕੁਰ ਹੋਣ ਬੂਟੇ ਬ੍ਰਿਛ ਹੈਂ,
ਤਿਉਂ ਓਪਰਿਆਂ ਵਿੱਚ ਰਹਿਕੇ ਓਪਰਾ
ਦਿਨ ਜਾਂਦੇ ਹਨ ਬੀਤ, ਖਿੜਿਆਂ ਅੰਦਰੋਂ।
ਪਰ ਰਸੀਆ ਹੋ, ਫੇਰ ਰਹੇ ਇਕਾਂਤ ਹੈ,
ਅਤਿ ਵਿਰਲੇ ਸੰਸਾਰ, ਦੁਰਗਮ ਖੇਡ ਹੈ:
ਜੇ ਹਠ ਕਰਕੇ ਐਉਂ ਰਹੇ ਇਕਾਂਤ ਕੋ
ਤਪੀਆਂ ਹੋਵੇ ਓਹ, ਰਸੀਆ ਨਾ ਹੁਏ।

ਹਾਂ ਜੇ ਹੋਵੇ ਕੋਲ ਵਸਦਾ ਪਿੰਡ ਕੋ
ਉੱਥੋਂ ਆਵੇ ਅੰਨ, ਪੀਵਣ, ਪੈਨ੍ਹਣਾ,
ਛੇਤਰ ਲੱਗੇ ਹੋਣ ਲੰਗਰ ਚੱਲਦੇ,
ਹੋ ਜਾਵਣ ਸੁਖ ਨਾਲ ਲੋੜਾਂ ਪੂਰੀਆਂ,
ਦਿਲ ਪਰਚਾਵੇ ਆਇ ਕੋਈ ਬਾਲਕਾ,
ਇਹ ਨਹੀਂ ਹੈ ਏਕਾਂਤ ਉਤਲੀ ਭਾਂਤ ਦੀ।
ਇਹ ਹੋਣਾ ਹੈ ਲਾਭ ਜਗ ਦੇ ਦੁੱਖ ਤੋਂ,
ਸਹਿਲ ਜ਼ਿੰਦਗੀ ਜੀਣ ਦਾ ਇਹ ਰਾਹ ਹੈ।
ਛੱਡ ਜਿਨ੍ਹਾਂ ਨੂੰ ਆਪ 'ਕਾਂਤ ਸਹੇੜਨੀ,
ਸੱਦ ਉਨ੍ਹਾਂ ਨੂੰ ਪਾਸ ਫੇਰ ਬਿਠਾਵਣਾ,
ਆਸ੍ਰਾ ਰਖਣਾ ਫੇਰ ਉਹਨਾਂ ਉੱਪਰੇ
ਖਾਵਣ ਪੀਵਣ ਆਸ ਪੂਰਨ ਆ ਉਹੋ।
ਏਸ ਤਰ੍ਹਾਂ ਦਾ ਵਾਸ ਵਿੱਚ ਇਕਾਂਤ ਜੋ
ਉੱਪਰਲੀ ਏਕਾਂਤ ਤੋਂ ਹੈ ਵੱਖਰਾ।

ਫਿਰ ਇਕ ਹੈਵੇ ਹੋਰ ਡੌਲ ਇਕਾਂਤ ਦੀ:
ਜਿੱਕੁਰ ਕੰਨਜਾਂ ਕੋਇ ਧਰਮ 'ਨੁਸਾਰ ਹੋ
ਕਰਦੀ ਧਰਮ ਬਿਵਾਹ ਨਾਲ ਮ੍ਰਿਯਾਦ ਦੇ,
ਧਰਮ ਪਤਿੱਬ੍ਰਤ ਪਾਲ, ਜਾਣੇ ਕੰਤ ਨੂੰ
ਕੇਵਲ ਇੱਕ ਮਨੁੱਖ ਵਿਚ ਸੰਸਾਰ ਦੇ,
ਜਤ ਸਤ ਲਏ ਨਿਬਾਹ, ਧਰਮੀ ਆਖੀਏ।
ਤਿੱਕੁਰ ਵਿਚ ਸੰਸਾਰ, ਰਹਿ ਕੇ ਜੇ ਕੁਈ
ਕਰਦਾ ਸਾਰੀ ਕਾਰ ਗ੍ਰਿਹਸਤ ਵਿਹਾਰ ਦੀ;
ਕਰਦਾ ਕੁਈ ਨ ਕੰਮ ਖੋਟਾ ਹੈ ਬੁਰਾ;
ਧਰਮਾਂ ਵਾਲੇ ਕੰਮ, ਕਰੇ ਜੁ ਕੰਮ ਓ।
ਪੁੰਨ ਦਾਨ ਉਪਕਾਰ ਸਹਿਜਿ ਨਿਬਾਹੁੰਦਾ;
ਮਾਤਾ ਪਿਤਾ ਦੀ ਸੇਵ ਭੈਣਾਂ ਭ੍ਰਾਵ ਦੀ,

ਮਿੱਤ੍ਰਾਂ ਨਾਲ ਨਿਬਾਹ ਕਰਦਾ ਹੈ ਸਹੀ।
ਪਰ ਹਿਰਦਾ ਇਕ ਠਾਂਉਂ ਹੈਵੇ ਰੱਖਦਾ;
ਜੁੜਿਆ ਰਹਿ ਜੇ ਨਾਲ ਸਾਈਂ ਨਾਲ ਓ:
ਸੁਖ ਸਾਈਂ ਦੇ ਮੇਲ ਦਾ ਜੋ ਹੋਂਵਦਾ
ਉਸ ਵਿਚ ਚਿੱਤ ਪ੍ਰਸੰਨ ਡੁਬਾ ਰੱਖਦਾ;
ਵਿਸ਼ੇ ਸੁਖਾਂ ਤੋਂ ਉੱਠ ਉੱਚਾ ਅੰਦਰੋਂ;
ਰੱਬ ਯਾਦ ਦੇ ਨਾਲ ਜੁੜਿਆ ਜੋ ਰਹੇ
ਲਿਵ ਵਿਚ ਰੱਖੇ ਵਾਸ ਓ ਏਕਾਂਤੀਆ।
ਗੁਰੂ ਗ੍ਰੰਥ ਜੀ ਆਪ ਇੱਕੁਰ ਭਾਖਦੇ:-

ਸੋ ਇਕਾਂਤੀ ਜਿਸੁ ਰਿਦਾ ਥਾਇ ॥ {ਬਸੰਤ ਮ: ੫}

ਲੋਕੀ ਸੌਂਦੇ ਰਾਤ ਇਹ ਬੀ ਸੋਂਵਦਾ।
ਸੁਤਿਆਂ ਦੇਣ ਬਿਤਾਇ ਲੋਕੀਂ ਰਾਤ ਨੂੰ,
ਪਰ ਏਕਾਂਤੀ ਜਾਗ ਰਾਤੀਂ ਬੈਠਦਾ:
ਇਕ ਹੁੰਦਾ ਹੈ ਆਪ, ਸਾਈਂ ਇੱਕ ਹੋ,
ਇਕ ਹੁੰਦੀ ਹੈ ਯਾਦ ਸਾਈਂ ਵਾਲੜੀ,
ਇਕ ਹੁੰਦੀ ਹੈ ਰਾਤ ਮਾਂਉਂ ਇਕਾਂਤ ਦੀ,-
ਉਸ ਵੇਲੇ ਉਹ ਬੈਠ ਹਰਿ-ਲਿਵ ਲਾਂਵਦਾ
ਘਰ ਵਿਚ ਇਉਂ ਏਕਾਂਤ ਪ੍ਰਾਪਤ ਓਸਨੂੰ।
ਦਿਨ ਜਦ ਨੇੜੇ ਆਇ ਸੌਂਦਾ ਫੇਰ ਏ,
ਲੋਕੀਂ ਮੂਹਰੇ ਜਾਗ ਇਸਨੂੰ ਦੇਖਦੇ
ਸੁੱਤਾ ਲੰਮੀ ਤਾਣ ਦਿਨ ਹੈ ਆ ਗਿਆ।
ਇੱਕੁਰ ਦੁਨੀਆਂ ਵਿੱਚ ਕੁਈ ਨ ਜਾਣਦਾ
ਇਸ ਦੇ ਦਿਲ ਦਾ ਹਾਲ ਕਾਰ ਜੁ ਰਾਤ ਦੀ।
ਲੁਕਿਆ ਲਾਲੀ ਵਾਂਙ ਵਿੱਚ ਤ੍ਰਬੂਜ਼ ਦੇ;
ਢਕਿਆ ਸਬਜ਼ੀ ਨਾਲ, ਰੱਤਾ ਅੰਦਰੋਂ।
ਏਕਾਂਤੀ ਹੈ ਏਹ ਦੂਜੀ ਭਾਂਤ ਦਾ।
ਲੱਭੇ ਜੋ ਜਗ ਵਿੱਚ ਪਹਿਲੀ ਭਾਂਤ ਦੇ,
ਲੱਭੂ ਕੋਈ ਨਾਂਹਿ 'ਕਾਂਤੀ ਐਸੜਾ:
ਬੀਜ ਨਾਸ਼ ਨਾ ਹੋਇ, ਦੁਰਲਭ ਐਪਰਾ।
ਦੂਜੀ ਭਾਂਤ ਇਕਾਂਤ ਸੌਖੀ ਓਸ ਤੋਂ,
ਲਭਦੀ ਇਹ ਬੀ ਘੱਟ, ਨਿਜ ਨੂੰ ਰੱਖਦੇ
ਏਕਾਂਤੀ ਵਿਚ ਲੁੱਕ, ਜਿਵੇਂ ਪਤਿਬ੍ਰਤਾ
ਬਿਨ ਸਾਂਈਂ, ਤਨ-ਆਪ ਰਖੇ ਲੁੱਕੋਇਕੇ।
ਇਨ੍ਹਾਂ 'ਕਾਂਤੀਆਂ ਚਿੱਤ ਇਹੋ ਵਿਚਾਰ ਹੈ:-
ਜਿੱਕੁਰ ਆਵੇ-ਅੱਗ ਦੱਬੀ ਜੇ ਰਹੇ
ਆਵਾ ਜਾਂਦਾ ਪੱਕ ਕੱਚਾ ਨਾ ਰਹੇ;
ਲੰਬ ਜਿ ਨਿਕਲੇ ਬਾਰ੍ਹ ਆਵੇ ਵਿੱਚ ਥੋਂ
ਆਵਾ ਪਿੱਲਾ ਹੋਇ ਔਤਰ ਜਾਂਵਦਾ।
ਜਿੱਕੁਰ ਕੋਈ ਬੀਜ ਧਰਤੀ ਬੀਜਿਆ
ਕਜਿਆ ਉਗਦਾ ਠੀਕ ਨੰਗਾ ਨਾ ਉਗੇ,
ਉਗੇ ਤੇ ਪੰਛੀ ਖਾਣ ਐਵੇਂ ਜਾਂਵਦਾ।
ਤਿੱਕੁਰ ਜਾਣਨ ਓਹ ਧਰਤੀ ਦੇਹ ਨੂੰ:-
ਇਸ ਵਿਚ ਰੱਖਣ ਬੀਜ ਢੱਕੀ; ਸਿੰਜਦੇ
ਪਾਣੀ ਨਾਲ ਹਮੇਸ਼, ਏ ਕੁਝ ਸੋਚਦੇ:
ਜਦੋਂ ਮੌਤ ਦੀ ਤ੍ਰੇਲ ਰਸਤਾ ਦੇਇਗੀ
ਜਾ ਸ੍ਵਾਮੀ ਦੇ ਦੇਸ਼ ਲੱਗੂ ਐਕੁਰਾਂ
ਜਿਵੇਂ ਪਨੀਰੀ ਪੁੱਟ ਹੋਈ ਤਯਾਰ ਜੋ
ਜਾ ਲਾਈਏ ਹੈ ਖੇਤ ਪਹਿਲੀਓਂ ਲਾਂਭੜੇ,
ਉੱਥੇ ਹੋਵੇ ਬ੍ਰਿੱਛ ਫਲਦਾ ਮੌਲਦਾ।
ਇਕੁਰ ਡਰਨ, ਹੰਕਾਰ ਕਰਨ ਨ ਲੁੱਕਦੇ
ਇਉਂ ਏਕਾਂਤੀ ਏਹ ਹੁੰਦੇ ਹੈਨਗੇ
ਪਰ ਲਭਦੇ ਹਨ ਘੱਟ ਲੁਕਣੇ ਕਾਰਣੇ
ਪਰਮਾਰਥ ਸੰਬੰਧ ਜੇਕਰ ਛੱਡਕੇ
ਸੰਸਾਰਕ ਬਿਵਹਾਰ ਮੂਜਬ ਸੋਚੀਏ,
ਤਦ ਹੈਵੇ ਇਕ ਹੋਰ ਰੂਪ ਇਕਾਂਤ ਦਾ:
ਸੰਸਾਰਕ ਜੋ ਲੋਕ ਜਦ ਹੋ ਲਾਂਭ ਤੇ
ਬੈਠਣ ਕੁੱਝਕੁ ਕਾਲ ਕਹਿਣ ਇਕਾਂਤ ਹੈ।
ਇੱਕੁਰ ਕੁਝਕੁ ਇਕੱਲ ਉਨ੍ਹਾਂ ਇਕਾਂਤ ਹੈ
ਅਭਿਆਸੀ ਕੇ ਸਾਧ ਯਾ ਕੁਈ ਸੰਤ ਹੋ
ਰਹਿੰਦਾ ਦੁਨੀਆਂ ਵਿੱਚ ਭਲਾ ਕਰਾਂਵਦਾ,
ਉਪਕਾਰੀ ਉਪਕਾਰ ਕਰਦਾ ਸੋਹਿਣੇ,
ਉਨੂੰ ਬਿ ਪੈਂਦੀ ਲੋੜ ਹੈ ਏਕਾਂਤ ਦੀ,
ਕਦੇ ਕਦੇ ਓ ਲਾਂਭ ਹੁੰਦਾ ਭੀੜ ਤੋਂ,
ਦਿਲ-ਖਿੰਡਾਉ ਨੂੰ ਦੂਰ ਕਰਨੇ ਵਾਸਤੇ,
ਜੋ ਲੋਕਾਂ ਦੀ ਭੀੜ ਮੇਲਾਂ ਪਾਂਵਦੀ।
ਪਰਮਾਰਥ ਵਿਚ ਮੂਲ ਇਸ ਏਕਾਂਤ ਦਾ:

ਰਿਦਾ ਰਹੇ ਇਕ ਠਾਂਉਂ ਸਦਾ ਇਕਾਂਤੀਆ।
ਇਸ ਇਕਾਂਤ ਦਾ ਸ੍ਵਾਦ ਐਦਾਂ ਮੋਹਿੰਦਾ,
ਹੋ ਜਾਵਣ ਨਿਰਸ੍ਵਾਦ ਦੂਜੇ ਸ੍ਵਾਦ ਜੋ।
ਅੰਦਰ ਇੱਕ ਉਚਾਣ ਆਕੇ ਵਾਪਰੇ।
ਓ ਰੱਖੇ ਏਕਾਂਤ ਵਿੱਚੇ ਰਹੰਦਿਆਂ।
ਦਸ ਕੇ 'ਮੈਂ ਏਕਾਂਤ' ਲੋਕਾਂ ਵਿੱਚ ਏ
ਜੋ ਆਵੇ ਹੈ ਸ੍ਵਾਦ ਨਹੀਂ ਇਕਾਂਤ ਦਾ
ਅਪਨ ਪ੍ਰਸੰਸਾ ਆਪ ਕਰਕੇ ਪਾਵਣਾ
ਲੋਕਾਂ ਕੋਲੋਂ ਸ੍ਵਾਦ, ਨਹੀਂ ਇਕਾਂਤ ਤੋਂ।

ਇਸਨੂੰ ਧਰਕੇ ਫੇਰ ਪੜ੍ਹਦੀ ਹੋਰ ਹੈ
ਐਦਾਂ ਦਾ ਸੀ ਭਾਵ ਉਸ ਵਿਚ ਦੱਸਿਆ:-

### ੯. ਪਤ੍ਰ-ਰਸ ਸਰੀਰਕ

ਪ੍ਰਸ਼ਨ-

ਪਰਮਾਰਥ ਨੂੰ ਪਾਇ ਧਰਮ ਸੰਭਾਲੀਏ;
ਕਰ ਕਰ ਤਰਲੇ ਢੇਰ ਖੁੱਲ੍ਹੇ ਸੁਝ ਹੈ;
ਡਿਗ ਡਿਗ ਪਈਏ ਫੇਰ ਸੰਭਲ ਨ ਸੱਕੀਏ;
ਕੀਹ ਕਾਰਣ ਇਸ ਵਿਚ ? ਦੱਸੋ ਖੋਲ੍ਹ ਕੇ।

ਉੱਤਰ-

ਇਹ ਔਖੀ ਹੈ ਬਾਤ ਮੇਰੇ ਵਾਸਤੇ;
ਸਮਝ ਨ ਸਕਾਂ ਆਪ ਉੱਤਰ ਕੀ ਦਿਆਂ ?
ਪਰ ਜੋ ਸੁਣੇ ਬ੍ਰਿਤਾਂਤ ਵਡਿਆਂ ਪਾਸ ਤੋਂ ;
ਉਹ ਕਹਿ ਕਰਾਂ ਬਿਆਨ ਸਕਾਂ ਲੁਕਾਇ ਨਾ।
ਇਸ ਮਾਨੁਖ-ਤਨ ਵਿੱਚ ਰਸ ਇਕ ਖਿੱਚ ਹੈ,
ਸਭ ਕੋਈ ਇਸ ਖਿੱਚ ਬੱਧਾ ਹੈ ਪਿਆ।
ਹਰ ਕੋਈ ਹਰ ਕੰਮ ਕਰਦਾ ਐਉਂ ਹੈ:-
ਕਿਸੇ ਤਰ੍ਹਾਂ ਰਸ ਆਇ ਰਸ-ਮੱਤਾ ਰਹਾਂ।
ਰਸ ਵਿਸ਼ਿਆਂ ਦੇ ਤੇਜ਼, ਮਿੱਠੇ ਅੱਤ ਹੀ;
ਸੱਭ ਲੁਭਾਏ ਲੋਕ ਵਿਸ਼ਿਆਨੰਦ ਹੈਂ,
ਤ੍ਰਿੱਖਾ ਇਨ੍ਹਾਂ ਸੁਆਦ ਛੁਟਣਾ ਔਖ ਹੈ।
ਪਰ ਇਸ ਰਸ ਦਾ ਅੰਤ ਚੰਗਾ ਹੈ ਨਹੀਂ,
ਬਹੁਤ ਭੋਗਿਆਂ ਭੋਗ ਰੋਗ ਵਿਆਪਦੇ,
ਮਨ ਹੋ ਜਾਇ ਮਲੀਨ ਨਾਲੇ ਨਿੱਰਬਲਾ:-

ਭੋਗੀ ਕਉ ਦੁਖੁ ਰੋਗ ਵਿਆਪੈ ॥ {ਬਸੰਤ ਮ: ੧}

ਵਾਂਙ ਕਸੁੰਭੇ ਰੰਗ ਤ੍ਰਿਖਾ ਭੋਗ ਦਾ,
ਪਰ ਏ ਮੁਕਦਿਆਂ ਸਾਰ ਫਿੱਕਾ ਹੋਂਵਦਾ
ਟੋਟ ਵਾਪਰੇ ਦੇਹ, ਹ੍ਰਿਦਾ ਉਟਾਟਰਾ,
ਮਨ ਵਿਚ ਵਧੇ ਖਿੰਡਾਉ, ਆਲਸ ਨਾਲ ਹੈ।
ਧੋਖਾ ਇਸ ਵਿਚ ਹੋਰ ਲਗਦਾ ਇੱਕ ਹੈ:
ਅਸੀਂ ਜਾਣੀਏਂ ਏਹ ਰਸ ਹੈ ਆਂਵਦਾ
ਦੂਏ ਤੋਂ ਪਰ ਠੀਕ ਗਲ ਹੈ ਐਕੁਰਾਂ
ਇਹ ਜੋ 'ਅਪਣਾ ਆਪ' ਰਸ ਦਾ ਰੂਪ ਹੈ।
ਫਿਰ ਇਕ ਹੋਰ ਸਿਧਾਂਤ ਬੀ ਹੈ ਸੁੱਝਦਾ,
ਜੋ ਭਰਥਰਿ ਨੇ ਐਉਂ ਹੈਵੇ ਦੱਸਿਆ:-
ਅਸੀਂ ਨ ਭੋਗੀਏ ਭੋਗ, ਉਲਟੇ ਭੋਗਦੇ
ਭੋਗੇ ਜਾਈਏ ਆਪ ਭੋਗਾਂ ਤੋਂ ਅਸੀਂ।
ਤਾਂਹੀਓਂ ਸਜਾਣੇ ਲੋਕ ਇਸ ਨੂੰ ਛਡਦੇ,
ਪਰ ਛੱਡਣ ਹੈ ਔਖ ਸੌਖੀ ਖੇਡ ਨਾ।
ਤਾਂਤੇ ਇਸ ਦਾ ਪੋਲ ਸਜਾਣੇ ਖੋਲ੍ਹਦੇ,
ਦੇਂਦੇ ਅੰਤ ਦਿਖਾਇ ਵਿਸ਼ਿਆਨੰਦ ਦਾ;
ਫਿਰ ਇਕ ਹੋਰ ਅਨੰਦ ਇਸ ਨੂੰ ਦੱਸਦੇ,
ਪਾ ਵਿਚ ਓਸ ਅਨੰਦ ਇਸ ਤੋਂ ਕੱਢਦੇ,-
ਉਹ ਹੈ ਰਸ ਸਤਿਸੰਗ ਭਜਨਾਨੰਦ ਹੈ।
ਭਜਨਾਨੰਦ ਵਿਚ ਆਇ 'ਰਸ' ਨਿਜ ਆਪਣਾ
ਵਿਸ਼ਯ ਰਸੋਂ ਉਪਰਾਮ ਇਹ ਰਸ ਹੈ ਕਰੇ
ਅਪਣੇ ਵਿੱਚ ਲਗਾਇ ਲੈਂਦਾ ਏ ਜਦੋਂ।
ਸਤਿਸੰਗਤ ਦੇ ਪੱਜ ਕਈ ਇਕ ਸ੍ਵਾਦੜੇ
ਸਤਗੁਣ ਨਾਲ ਸਬੰਧ ਕਰਕੇ ਆਂਵਦੇ,
ਲੈਂਦੇ ਏਹ ਫਸਾਇ ਫਿਰ ਇਸ ਜੀਵ ਨੂੰ।
ਸਤੋਗੁਣੀ ਦੇ ਕਾਣ ਮਾੜੇ ਹੋਣ ਨਾ,
ਮਾੜੇ ਕਹਿ ਨ ਸਕੇਇ ਇਹਨਾਂ ਨੂੰ ਕੁਈ,
ਪਰ ਤਦ ਬੀ ਏ ਪਾਣ ਪੜਦਾ ਜੀਵ ਤੇ।
ਇਸ ਵਿਚ ਬੀ ਜੋ ਨਾਹਿੰ ਫਸਦਾ ਜੀਵ ਹੈ,
ਸ਼ੁੱਧ ਰਾਮਰਸ ਵਿੱਚ ਲੱਗਾ ਜੋ ਰਹੇ,
ਧਰਮ ਪਟੜੀਓਂ ਓਹ ਡਿਗਦਾ ਹੈ ਨਹੀਂ:
ਸਹਜੇ ਸਹਜੇ ਜਾਇ ਮਜਲੇ ਪੌਂਚ੍ਹਦਾ।

ਉਸ ਨਾ ਉਪਜੇ ਰਾਗ ਰਸ ਕਸ ਵਾਲੜਾ,
ਕੋਈ ਪਕੜ ਨ ਘੇਰ ਉਸ ਨੂੰ ਮਾਰਦੀ।
ਰਾਗ ਸਦਾ ਹੀ ਹੋਇ ਬਾਧਕ ਪੰਥ ਦਾ,
ਰਾਗ਼ ਲਿਆ ਜਦ ਜਿੱਤ ਬਾਧਕ ਨਾ ਰਿਹਾ।
ਭੈ ਮਰਬੇ ਦਾ ਫੇਰ ਲਗਦਾ ਹੈ ਨਹੀਂ,
ਜੀਵਣ ਸੰਦੀ ਚਾਹ ਪਕੜ ਨ ਸੱਕਦੀ,
ਲੋਕ ਪ੍ਰਲੋਕ ਬਿਕੁੰਠ- ਇੱਛਾ ਨਾ ਰਹੇ;
ਝਲਕੇ ਤਦ ਫਿਰ ਆਇ ਅਪਣਾ ਆਪ ਜੋ
ਅਪਣੇ ਆਪੇ ਵਿੱਚ ਅਪਣੇ ਆਪ ਤੋਂ:
ਖੀਵਾ ਤੇ ਹੁਸ਼ਿਆਰ ਰਹਿੰਦਾ ਫੇਰ ਏ।
ਇਸ ਸੋਝੀ ਨੂੰ ਪਾਇ ਅਨੁਭਵ ਖੁੱਲ੍ਹਦਾ,
ਲਟਲਟ ਘਟ ਵਿਚ ਦੀਪ ਬਲੇ ਗਿਆਨ ਦਾ:
ਸਾਈਂ ਵਾਲਾ ਰਾਹ ਇਸਦੇ ਚਾਨਣੇ
ਰੌਸ਼ਨ ਰਹੇ ਹਮੇਸ਼ ਠੁਹਕਰ ਨਾ ਲਗੇ
ਸੱਚੇ ਸਦਾ ਅਨੰਦ ਰਹੀਏ ਮੱਤੜੇ।
ਤਾਂਤੇ ਪਜਾਰੇ ਜਿੱਤ ਰਸ ਕਸ ਦੇਹ ਦੇ,
ਇੱਕੋ ਦਿਲ ਵਿਚ ਧਾਰ ਪ੍ਰੇਮ ਅਕਾਲ ਦਾ,
ਸਿਲਾ ਅਲੂਣੀ ਚੱਟ ਅਨ-ਰਸ ਤਜਾਗਕੇ,
ਸਾਈਂ ਦਾ ਰਸ ਪਾਇ ਰਸੀਆ ਹੋ ਰਹੀਂ।
ਦੇਹਿ-ਰਸ ਪਾ ਜੇ ਜ਼ੋਰ ਤੈਨੂੰ ਘੇਰਿਆ,
ਲੀਤਾ ਵਿੱਚ ਫਸਾਇ ਮਿੱਠੇ ਮੱਖ ਜਜੋਂ,
ਰਾਗ ਦ੍ਵੈਖ ਫਿਰ ਘੇਰ ਨਿਕਲਨ ਨਾ ਦਿਊ।

ਏ ਪੜ੍ਹ ਰਖਦੀ ਫੇਰ ਠੰਢਾ ਸ੍ਵਾਸ ਲੈ
ਪੜ੍ਹਦੀ ਸੀ ਇਕ ਹੋਰ ਨਿੱਕਾ ਪੱਤਰਾ:-
ਜਿਸ ਵਿਚ ਸੀਗਾ ਲੇਖ ਨਿੱਕਾ ਜੇਹਿਆ
ਇਸ ਪ੍ਰਕਾਰ ਦਾ ਭਾਵ ਉਸ ਵਿਚ ਲਿੱਖਿਆ-

### ੧੦. ਪਤ੍ਰ-ਸਾਰ ਤੇ ਦੀਦਾਰ

ਉਸਦੀ ਤੈਨੂੰ ਸਾਰ ਓਦੋਂ ਆਵਸੀ,
ਅਪਣੀ ਜਦ ਤੂੰ ਸਾਰ ਭੁੱਲ ਵਞਾਵਸੇਂ।
ਉਸ ਦਿਨ ਹੋਇ ਦੀਦਾਰ ਤੈਨੂੰ ਮੀਤ ਦਾ,
ਲੈਸੇਂ ਜਿਸ ਦਿਨ ਫੇਰ ਮੂੰਹ ਤੂੰ ਆਪ ਤੋਂ।
ਹਾਂ, ਆਪੇ ਦਾ ਕੇਂਦ੍ਰ ਜਿਸ ਦਿਨ ਲੱਭ ਲੈਂ
ਟਿਕ ਜਿਸ ਦਿਨ ਤੂੰ ਜਾਇਂ ਕੇਂਦਰ ਇੱਸ ਤੇ,
ਇਸਤੇ ਪੈਰ ਜਮਾਇ ਘੁੰਮ ਜੇ ਤੂੰ ਸਕੇਂ
ਘੁੰਮਸੀ ਤੇਰੇ ਨਾਲ ਸੱਭ ਘੁਮਾਇਆ।
ਇਹ ਪੜ੍ਹ ਰਖਦੀ ਹੋਰ ਇਕ ਸੀ ਚਾਉਂਦੀ
ਪੜ੍ਹਦੀ ਮਨ ਚਿਤਲਾਇ ਜਿਸ ਦਾ ਭਾਵ ਏ:-

### ੧੧. ਪਤ੍ਰ-ਸੰਸਾਰ ਕਿਵੇਂ ਬਨ ਗਿਆ?

'ਅਸਤੀ, ਭਾਂਤੀ, ਪ੍ਰੇਯ' ਓਸ ਸੁ ਰੱਬ ਦੇ
'ਸ਼ੁੱਧ-ਲਛਣ' ਹਨ ਠੀਕ ਸਜਾਣੇ ਆਖਦੇ
ਪ੍ਰੇਯ ਅਰਥ ਹੈ:-ਪ੍ਰੇਮ, ਪ੍ਰੇਮ ਅਨੰਦ ਹੈ।
ਤਾਂਤੇ ਪ੍ਰਭੂ ਪਰੇਮ ਪ੍ਰੇਮ ਸਰੂਪ ਹੈ;
ਪ੍ਰੇਮ ਵਿਖੇ ਇਹ ਨੇਮ ਹੋਵੇ ਹੈ ਸਦਾ:-
'ਕੋਈ ਕਰੇ ਪਰੇਮ ਉਸ ਦੇ ਨਾਲ ਹੈ,
'ਕਿਸੇ ਨਾਲ ਉਹ ਪ੍ਰੇਮ ਕਰਦਾ ਆਪ ਹੈ,
'ਪਜਾਰੇ' 'ਪ੍ਰੇਮੀ' ਦੋਇ ਚਹਿਯੇ ਪ੍ਰੇਮ ਨੂੰ।
ਪ੍ਰੇਮ ਕਰੇ ਪਰਕਾਸ਼ ਅਪਣੇ ਰੂਪ ਦਾ
ਰਚੀ ਜਾਇ ਤਦ ਆਪ ਰਚਨਾਂ ਸੋਹਿਣੀ;
ਕਰਦਾ ਆਪ ਪਿਆਰ ਉਸ ਦੇ ਨਾਲ ਓ;
ਉਹ ਉਸ ਨਾਲ ਪਰੇਮ ਕਰਦੀ ਫੇਰ ਹੈ।
'ਪ੍ਰੇਮੀਆਂ' 'ਪਜਾਰਜਾਂ' ਬਾਝ ਪ੍ਰੇਮ ਕਿਵੇਂ ਰਹੇ ?
ਇਸ ਕਾਰਣ ਏ ਜੱਗ ਰਚਿਆ ਜਾਂਵਦਾ।
ਪ੍ਰਭੁ ਨਿਰਗੁਣ ਨਿਰਚਾਹ ਉਸ ਨੂੰ ਲੋੜ ਨਾ,
ਪਰ 'ਪ੍ਰਿਯ' ਰੂਪ ਜੁ ਓਸ ਉਦ੍ਹਾ ਪ੍ਰਕਾਸ਼ ਏ;-
ਜੀਵ ਜਗਤ ਸੰਸਾਰ ਜਾਂਦੇ ਨੇ ਰਚੇ:
ਰਚਕੇ ਉਹ ਨਿਰਲੇਪ, ਪਰਰੰਗ ਮਾਣਦਾ;
ਪ੍ਰੇਮ ਕਰੇ ਤੇ ਪ੍ਰੇਮ ਕੀਤਾ ਜਾਂਵਦਾ।
ਸਤਿਗੁਰ ਨੇ ਹੈ ਵਾਕ ਬੀ ਫੁਰਮਾਇਆ:-

ਜੱਤ੍ਰ ਤੱਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ॥
{ਜਾਪ ਪਾ: ੧੦}

### ੧੦. ਪਤ੍ਰ-ਪ੍ਰੇਮ ਪ੍ਰਕਾਸ਼

ਜਗ ਦਾ ਕਾਰਨ ਪ੍ਰੇਮ, ਪ੍ਰੇਮ ਅਧਾਰ ਹੈ:
ਪ੍ਰੇਮ ਜਗਤ ਦੀ ਓਟ, ਆਸਰਾ ਪ੍ਰੇਮ ਹੈ,
ਪ੍ਰੇਮ ਸ਼ਕਤਿ ਹੀ ਨਿੱਤ ਇਸ ਨੂੰ ਤੋਰਦੀ।
ਪੂਰਨ 'ਪ੍ਰੇਮ-ਸਰੂਪ' ਆਪ ਅਕਾਲ ਹੈ,-

ਅਸਤੀ ਭਾਂਤੀ ਪ੍ਰੇਯ ਉਸ ਨੂੰ ਆਖਦੇ,
ਉਸ ਦਾ ਪਏ ਪ੍ਰਕਾਸ਼ ਚਮਕਾਂ ਮਾਰਦਾ।
ਸੂਖਮ ਤੇ ਅਸਥੂਲ ਜੈਸੇ ਥਾਉਂ ਤੇ
ਪੈਂਦਾ ਏਹ ਪ੍ਰਕਾਸ਼ ਦੇਂਦਾ ਰੰਗ ਓ।
ਰੰਗ ਰੰਗ ਦਾ ਰੰਗ ਚਮਕੇ ਪ੍ਰੇਮ ਦਾ।
ਸੂਖਮ ਅਤੇ ਸਥੂਲ ਸੂਖਮ ਅੱਤਿ ਹੋ
ਹੋਵੇ ਬਹੁਤ ਸਥੂਲ ਕਈ ਕੁ ਭਾਂਤਿ ਦਾ
ਫੈਲ ਰਿਹਾ ਹੈ ਪ੍ਰੇਮ ਜਗਤ ਅਧਾਰ ਹੋ।

੧

ਪਹਿਲਾ 'ਪ੍ਰਭੂ ਸਰੂਪ' ਹੋਵੇ ਪ੍ਰੇਮ ਦਾ
ਸਾਰਾ ਇਹ ਸੰਸਾਰ ਜਿਸ ਨੇ ਸਾਜਿਆ,
ਪਾਲ, ਸੰਭਾਲੇ ਨਿੱਤ ਫਿਰ ਹੈ ਲੈ ਕਰੇ।
ਸ੍ਰਿਸ਼ਟੀ ਨਾਲ ਪਿਆਰ ਪੂਰਾ ਓ ਕਰੇ,
ਫਿਰ ਹੈ ਸਦਾ ਨ੍ਰਿਲੇਪ, ਖੇਡ ਅਨੋਖੜੀ:
ਅਪਣੇ ਵਿੱਚ ਅਡੋਲ ਪੂਰਨ 'ਨੰਦ ਹੈ।

੨

ਪ੍ਰੇਮ ਜੁ 'ਪ੍ਰਭੂ ਸਰੂਪ', ਉਸੁ ਨੇ ਆਪਣੇ
ਪਜਾਰੇ ਰਚੇ ਅਨੂਪ, ਉੱਚੇ, ਸੋਹਿਣੇ,
ਓਹ ਕਰਦੇ ਹਨ ਪਜਾਰ ਪ੍ਰਭੂ ਨੂੰ ਆਪਣੇ,
ਪ੍ਰਭੂ ਫਿਰ ਓਨ੍ਹਾਂ ਜੋਗ ਕਰਦਾ ਪਜਾਰ ਹੈ।
ਹਉਮੈਂ ਜਿਨ੍ਹਾਂ ਨ ਦਾਗ਼ ਦੇਂਦੀ ਆਪਣਾ
ਪੂਰਨ ਪ੍ਰੇਮ ਪ੍ਰਕਾਸ਼ ਓਨ੍ਹਾਂ ਵਿਚ ਹੈ,
ਰੱਖੇ ਉਨ੍ਹਾਂ ਮਿਲਾਇ ਨਾਲ ਅਕਾਲ ਦੇ;
ਵਿੱਥ ਨ ਰੱਖੇ ਕੋਇ ਦੋਹਾਂ ਵਿੱਚ ਹੈ:
ਇਹ 'ਅਧਜਾਤਮ ਪ੍ਰੇਮ' 'ਪ੍ਰੇਮ ਰੁਹਾਨਵੀ'।
ਗੁਰ ਨਾਨਕ ਵਿਚ ਵਾਸ ਇਸਦਾ ਪੂਰਨੈਂ।
ਪੈਗ਼ੰਬਰ ਅਵਤਾਰ ਵਿਚ ਬੀ ਲਿਸ਼ਕਦਾ,
ਕਰਦਾ ਕਾਰਜ ਤਿੰਨ ਓਨ੍ਹਾਂ ਵਿੱਚ ਹੈ:-
ਪਹਿਲੇ ਪ੍ਰਭੁ ਦੇ ਨਾਲ ਮੇਲੀ ਰੱਖਦਾ;
ਦੂਜੇ ਉਨ੍ਹਾਂ ਅਨੰਦ ਰੱਖੇ ਅੰਦਰੋਂ,
ਤੀਜੇ ਸਿਸ਼ਟੀ-ਪਜਾਰ ਉਹਨਾਂ ਅੰਦਰੇ
ਪਾ ਕੇ ਅਤਿ ਉਪਕਾਰ ਸਦਾ ਕਰਾਂਵਦਾ,-
ਰਖਦਾ ਫਿਰ ਨਿਰਲੇਪ ਮਾਯਾ ਮੇਲ ਤੋਂ।
ਬਣਕੇ 'ਦਯਾ-ਸਰੂਪ' ਦਿਲ ਵਿਚ ਬੈਠਦਾ,
ਇਥੋਂ ਨਰਮ ਪ੍ਰਕਾਸ਼ ਏ ਹੈ ਦੇਂਵਦਾ
ਸ਼ਰਧਾ ਵਾਲਿਆਂ ਜੋਗ ਤਾਰੇ ਹੈ ਉਨ੍ਹਾਂ।

੩

ਏਸ ਪ੍ਰੇਮ ਨੂੰ ਪਾਇ ਜੋ ਉਚ ਹੋ ਗਏ
-ਪਾਰ ਗਿਰਾਮੀ ਲੋਕ- ਉਹਨਾਂ ਵਿੱਚ ਬੀ
ਆ ਵਸਦਾ ਹੈ ਪ੍ਰੇਮ ਇੱਸੇ ਭਾਂਤਿ ਦਾ।
ਇਸ ਨੂੰ 'ਗੁਰਮੁਖ-ਪ੍ਰੇਮ' ਕਹਿਣਾ ਹੈ ਬਣੇ:
ਜਗਿਆਸੂ ਦੇ ਜੋਗ ਗੁਰਮੁਖ ਤੋਂ ਮਿਲੇ।
ਜਗਿਆਸੂ ਦਿਲ ਧਾਰ ਸ਼ਰਧਾ ਆਪਣੇ
ਇਨ੍ਹਾਂ ਪਾਸ ਜੋ ਆਣ ਏ ਹਨ ਦੇਂਵਦੇ
ਆਤਮ ਬਲ ਤੇ ਹੋਰ ਆਤਮ ਸਿੱਖਿਆ।
ਸ਼ਰਧਾਲੂ ਇਸ ਨਾਲ ਪ੍ਰਭੂ ਨੂੰ ਪਾਂਵਦੇ।
ਇਸ ਤੋਂ ਸੂਖਮ ਪ੍ਰੇਮ 'ਧਜਾਤਮ ਪ੍ਰੇਮ ਹੈ,
ਉਸ ਤੋਂ ਸੂਖਮ ਪ੍ਰੇਮ ਪ੍ਰਭੂ ਸਰੂਪ ਹੈ,
ਉਪਰ ਜਿਸ ਦਾ ਹਾਲ ਹੋਵੇ ਲਿੱਖਿਆ।

੪

ਫਿਰ ਜਗਿਆਸੂ ਵਿੱਚ ਸ਼ਰਧਾ ਜੋ ਬਸੇ
ਉਹ ਬੀ ਹੋਵੇ ਪ੍ਰੇਮ 'ਸ਼ਰਧਾ' ਨਾਮ ਹੈ।
ਪ੍ਰੇਮ ਇਹ 'ਸ਼ਰਧਾ ਰੂਪ' ਵਿਚ ਜਗਿਆਸੂਆਂ
ਲੈਂਦਾ ਜਦੋਂ ਨਿਵਾਸ, ਭਗਤਿ ਕਰਾਂਵਦਾ।
ਗੁਰਮੁਖ ਨਾਲ ਪਿਆਰ ਕਰਦੇ ਹੈਨ ਓ,
ਗੁਰ ਨਾਨਕ ਸੰਗ ਪ੍ਰੇਮ ਕਰਦੇ ਫੇਰ ਓ,
ਕਰਦੇ ਹਨ ਓ ਪ੍ਰੇਮ ਫਿਰ ਕਰਤਾਰ ਨੂੰ।
ਸਤਿਸੰਗਤਿ ਵਿਚ ਵਾਸ ਏਹ ਕਰਾਂਵਦਾ,
ਗੁਰਮੁਖ ਨਾਲ ਮਿਲਾਪ ਇਹੋ ਕਰਾਂਵਦਾ,
ਦੇਂਦਾ ਇਹੋ ਮਿਲਾਇ ਗੁਰ-ਅਵਤਾਰ ਨੂੰ,
ਜਿਸ ਦੀ ਬਾਣੀ ਨਾਲ ਭਰਮ ਟੁਟਾਂਵਦੇ:
ਧਾਰ 'ਨਾਮ' ਦਾ ਰੂਪ ਲੈਂਦਾ ਪ੍ਰੇਮ ਹੈ।
ਮੇਲੇ ਹੈ ਪ੍ਰਭੁ ਨਾਲ 'ਨਾਮ-ਪਰੇਮ' ਏ।
'ਸ਼ਰਧਾ ਰੂਪੀ ਪ੍ਰੇਮ' 'ਗੁਰਮੁਖ-ਪ੍ਰੇਮ' ਤੋਂ
ਹੁੰਦਾ ਕੁਝ ਸਥੂਲ, ਪਰ ਹੋ ਜਾਂਵਦਾ
ਸੂਖਮ ਵਧਦਾ ਨਿੱਤ, ਪ੍ਰਭੂ ਤਕ ਪੌਂਚਦਾ।


www.sikhbookclub.com

੫

ਇਕ ਸੁਣ ਹੋਰ ਪਰੇਮ ‘ਆਤਮ-ਪ੍ਰੇਮ’ ਹੈ,
ਅਪਣੇ ਆਪੇ ਨਾਲ ਹੁੰਦਾ ਪ੍ਰੇਮ ਏ।
ਖ਼ੁਦਗ਼ਰਜ਼ੀ ਨਹੀਂ ਰੂਪ ਏਸ ਸੁ ਪ੍ਰੇਮ ਦਾ।
ਆਤਮ ਦੀ ਕਲਿਆਣ ਅਪਣੀ ਚਾਹੁਣੀ,
ਉਚ ਆਚਰਨ, ਵੀਚਾਰ ਅਪਣੇ ਰੱਖਣੇ,
ਆਪਾ ਨਿਰਮਲ ਸਾਫ਼ ਮੈਲੋਂ ਰੱਖਣਾ,
ਪ੍ਰਭੂ-ਪ੍ਰੇਮ ਦੇ ਨਾਲ ਇਸ ਨੂੰ ਰੰਗਣਾ,
ਇਹ ਹੈ ਇਸਦਾ ਰੂਪ ਸੁੰਦਰ ਸੋਹਿਣਾ।

੬

‘ਦਾਨ-ਪ੍ਰੇਮ’ ਇਕ ਹੋਰ ਰੂਪ ਪਰੇਮ ਦਾ,
ਇਸ ਦਾ ਹੋਇ ਨਿਵਾਸ ਦਾਤਜਾਂ ਵਿਚ ਹੈ।
ਨਾਮ ਦਾਨ ਤੇ ਗਜਾਨ ਦੇਣਾ ਦਾਨ ਜੋ
‘ਗੁਰਮੁਖ ਦਾਤੇ’-ਜਾਣ- ਦਾ ਏ ਕੰਮ ਹੈ।
ਵਿਦਵਾਨਾਂ ਦਾ ਦਾਨ, ਵਿਦਜਾ ਦੇਵਣੀ,
ਸ਼ੁਭ ਮਤ ਦੇਣੀ ਦਾਨ, ਮਾਯਾ ਦਾਨ ਜੋ
ਮਾਯਾ-ਦਾਨੀ ਲੋਕ ਦਾਤਾਂ ਦੇਂਵਦੇ।
ਦਾਤਾ ਹੋ ਜਿਸ ਜੋਗ ਉੱਸੇ ਭਾਂਤਿ ਦਾ
ਕਰਦਾ ਹੈ ਓ ਦਾਨ ਦਾਨੀ ਹੋਇਕੇ।
ਪਰ ਜਿੰਨਾ ਨਿਸ਼ਕਾਮ ਹੁੰਦਾ ਦਾਨ ਹੈ
ਉੱਨਾਂ ਸੂਖਮ ਏਹ ਜਾਣੋ ਪ੍ਰੇਮ ਹੈ,
ਆਤਮ ਸਾਧਨ ਵਿੱਚ ਕਰੇ ਸਹਾਯਤਾ।

੭

‘ਦਾਨ-ਪ੍ਰੇਮ’ ਦਾ ਰੂਪ ਹੈ ਇਕ ਹੋਰਵੇਂ
‘ਪਰ-ਸ੍ਵਾਰਥ’ ਦਾ ਪ੍ਰੇਮ ਉਸਨੂੰ ਆਖੀਏ।
ਬਿਰਤੀ ਪਰ-ਉਪਕਾਰ ਹੈ ਜੋ ਧਾਰਨੀ
ਇਸ ਦਾ ਪ੍ਰਿਥਮ ਸਰੂਪ ਏ ਹੈ ਜਾਣਨਾ।
ਸ੍ਰਿਸ਼ਟੀ ਪਰ-ਉਪਕਾਰ ਨਾਲ ਜੁ ਸੇਵਣੀ
-ਦੇਸ਼ ਕੌਮ ਦੀ ਹੱਦ ਦਿਲੋਂ ਵਿਸਾਰ ਕੇ-
ਦੂਜਾ ਇਸ ਦਾ ਰੂਪ ਏ ਹੈ ਜਾਣਨਾ।
ਦੇਸ਼, ਕੌਮ, ਕੁਲ ਨਾਲ ਨਾਲ ਬਿਰਾਦਰੀ
ਕਰਨਾ ਪਰ-ਉਪਕਾਰ ਤੀਜਾ ਰੂਪ ਹੈ।
‘ਜਾਣ ਪ੍ਰਭੂ ਦੀ ਵੰਸ਼ ਹਰ ਮਾਨੁੱਖ ਨੂੰ
‘ਅਪਣੇ ਜਾਣ ਭਿਰਾਉ ਸੁਖ ਜੋ ਦੇਵਣਾ’
ਆਸਤਕ ਮਨ ਦਾ ਭਾਵ ਇਸ ਵਿਚ ਹੋਂਵਦਾ,
ਰੁਖ਼ ਪ੍ਰਭੂ ਸੱਚੇ ਵੱਲ ਝੁਕਿਆ ਹੈ ਰਹੇ।
ਪਰ ਖ਼ਲਕਤ ਸੰਗ ਪ੍ਰੇਮ ਪ੍ਰਭੂ ਭੁਲਾਇਕੇ।
ਕਰਨੇ ਦੀ ਜੋ ਕਾਰ ਉਸ ਵਿਚ ਅੰਤ ਨੂੰ
ਮਨ ਥਕ ਮੋੜਾ ਖਾਇ ਪਰ ਉਪਕਾਰ ਤੋਂ।

੮

ਮੋਹ-ਮਮਤਾ ਇਕ ਰੂਪ ਇਸ ਦਾ ਹੋਰ ਹੈ।
ਜੀਵਾਂ ਦੇ ਵਿਚਕਾਰ ਆਪੋ ਵਿੱਚ ਦਾ
ਰਖਦਾ ਸਦਾ ਨਿਵਾਸ, ਕਾਰਜ ਤੋਰਦਾ
ਮਾਵਾਂ ਪਾਲਣ ਬਾਲ ਇਸ ਦੀ ਬੱਧੀਆਂ,
ਭੈਣ ਲਡਾਵੇ ਵੀਰ ਮੋਹੀ ਏਸ ਦੀ।
ਮਿੱਤ੍ਰ ਮਿੱਤ੍ਰ ਦਾ ਪਜਾਰ, ਸਖੀ ਸਹੇਲੀਆਂ,
ਨਾਰ ਭਤਾਰ ਪਿਆਰ ਆਪੋ ਵਿੱਚ ਏ
ਆਸ਼ਕ ਤੇ ਮਾਸ਼ੂਕ ਵਾਲਾ ਪਜਾਰ ਏ।

੯

ਇਸ ਤੋਂ ਉਤਰੇ ਹੇਠ ‘ਸ੍ਵਾਰਥ-ਮੋਹ’ ਦੀ
ਫਿਰ ਆਵੇਗੀ ਥਾਂਉਂ ਬਹੁਤ ਸਥੂਲਵੀਂ।
ਕਰਨਾ ਮੋਹ ਪਿਆਰ ਸ੍ਵਾਰਥ ਰੱਖਕੇ
ਇਹ ਹੁੰਦਾ ਹੈ ਮੋਹ ਹਉਮੈ ਨਾਲ ਹੀ,
ਦੂਜੇ ਨਾਲ ਨ ਮੋਹ ਹੁੰਦਾ ਏਹ ਹੈ।
ਮਤਲਬ ਕਰਨੇ ਸਿੱਧ ਦਾ ਏ ਹੀਲੜਾ।
ਪੁੱਠਾ ਪਾਸਾ ਏਹ ਮਾਨੋ ਪ੍ਰੇਮ ਦਾ
ਹੋ ਵਿਪਰੀਤ ਸਰੂਪ ਭੁੱਲਜੇ ਆਪ ਤੋਂ।
ਫਿਰ ਕਰ ਬਹੀਏ ਕੰਮ ਉਲਟੇ ਪ੍ਰੇਮ ਤੋਂ
ਦੂਏ ਨੂੰ ਦੁਖ ਦੇਇ ਸ੍ਵਾਰਥ ਸਾਧੀਏ।

੧੦

ਇਸ ਮੋਹ ਦੀ ਇਕ ਹੋਰ ਬਦਲੇ ਡੌਲ ਹੈ,
ਭੋਗਾਂ ਦੇ ਆਧੀਨ ਜੋ ਕਰ ਸੱਟਦਾ।
ਬਦਲ ਜਦੋਂ ਤੋਂ ਪ੍ਰੇਮ ਬਣਿਆਂ ਮੋਹ ਸੀ,
ਦ੍ਰਿਸ਼ਟਮਾਨ ਵਲ ਪਜਾਰ ਵਧਦਾ ਸੀ ਗਿਆ।
ਵਧਦਾ ਮੋਹ ਇਸ ਡੌਲ ਕਈ ਇਕ ਵਾਰ ਹੈ,


www.sikhbookclub.com

ਵਿਸ਼ੇ ਵਿਕਾਰਾਂ ਵਿੱਚ ਡੋਬੀ ਰੱਖਦਾ।
'ਵਿਸ਼ੇ ਵਿਕਾਰ-ਪਿਆਰ' ਨਸ਼ੇ ਸ਼ਰਾਬ ਜਜੋਂ
'ਅਪਣੇ ਆਪਿਓਂ ਭੁੱਲ' ਦੇਵਿਚ ਪਾਂਵਦਾ।

੧੧

ਪਸ਼ੂ ਬ੍ਰਿਤੀ ਦਾ ਪ੍ਰੇਮ ਹੈ ਇਹ ਯਾਰ੍ਹਵਾਂ,
ਪਸ਼ੂਆਂ ਦੇ ਵਿਚਕਾਰ ਕਰੇ ਨਿਵਾਸ ਜੋ।
ਅਪਣੀ ਅਪਣੀ ਭਾਂਤਿ ਅਪਣੀ ਜਾਤ ਦੇ
ਪਸ਼ੂ ਪੰਖੀ ਸਭ ਜੰਤ ਕਰਦੇ ਮੋਹ ਏ।
ਕਰਦੇ ਤਾਂ ਹਨ ਮੋਹ ਪਰ ਨਹਿਂ ਜਾਣਦੇ:
ਹਨ ਬੱਧੇ ਇਸ ਨਾਲ ਸੱਭੇ ਜੀਵ ਓ।
ਇਹ ਹੁੰਦਾ ਹੈ ਮੋਹ ਠੁੱਲ੍ਹਾ ਬੌਤ੍ਰ ਹੀ।
ਫਿਰ ਜੋ ਜਾਯਾਂ ਨਾਲ ਕਰਦੇ ਪ੍ਰੇਮ ਓ,
ਸਮਾ ਪਾਇ ਭੁਲ ਜਾਇ ਰਹੇ ਨ ਯਾਦ ਹੈ।
ਅੰਸ਼ ਬੁੱਧ ਦੀ ਬੌਤ੍ਰ ਇਸ ਵਿਚ ਘੱਟ ਹੈ।
ਇੱਕੁਰ ਜਾਣੋ ਪ੍ਰੇਮ ਦਾ ਪਰਕਾਸ਼ ਜੋ
ਥੂਲ-ਮਨਾਂ ਤੇ ਆਇ ਮੋਟਾ ਹੋ ਗਿਆ।

੧੨

'ਬ੍ਰਿੱਤ ਬਨਸਪਤਿ ਪ੍ਰੇਮ!' ਹੈਵੇ ਬਾਰ੍ਹਵਾਂ।
ਇਕ ਦੂਏ ਤੋਂ ਦੂਰ ਬੂਟੇ ਬ੍ਰਿਛ ਜੋ
ਖੜੇ ਪਲ ਰਹੇ ਹੈਨ ਝੂਮ ਝੁਮਾਂਵਦੇ,
ਪਰ ਇਕ ਦੂਏ ਨਾਲ ਹਿਤ ਦੀ ਖਿੱਚ ਹੈ
ਅਸਰ ਜੁ ਬੇ-ਮਾਲੂਮ ਹੈ ਉਹ ਰੱਖਦੀ।
ਕਿਸੇ ਬਾਗ਼ ਤੋਂ ਚੱਕ ਬੂਟੇ ਹੋਰਥੇ
ਲੈ ਜਾਵੇ ਜੇ ਕੋਇ ਤਦੋਂ ਸਹਾਰਦੇ
ਵਿੱਛੋੜੇ ਦੇ ਦੁੱਖ ਕੁੱਝਕੁ ਕਾਲ ਏ,
ਬਾਜ਼ੇ ਵੇਲੇ ਓਹ ਕੁਝ ਕੁਮਲਾਂਵਦੇ।
ਉੱਪਰ ਵਲ ਨੂੰ ਹੋਰ ਸੂਰਜ ਵੱਲ ਨੂੰ
ਖਿੱਚ ਇਨ੍ਹਾਂ ਦੇ ਵਿੱਚ ਵਸਦੀ ਹੈ ਸਦਾ।
ਚਾਨਣ ਗਰਮੀ ਨਾਲ ਕਰਦੇ ਪਯਾਰ ਏ,
ਪਾਣੀ ਤਾਈਂ ਖਿੱਚ ਹਨ ਏ ਲੇਂਵਦੇ।
ਏਸ ਤਰਾਂ ਇਕ ਖਿੱਚ ਹੋਕੇ ਪ੍ਰੇਮ ਹੈ
ਵਿੱਚ ਬਨਸਪਤਿ ਵਯਾਪ ਰਹਿਆ ਦਿੱਸਦਾ।
ਬਹੁਤ ਥੂਲ ਹੈ ਏਹ ਏਥੇ ਹੋ ਗਿਆ।

੧੩

ਫਿਰ 'ਜੜ੍ਹ ਸ੍ਰਿਸ਼ਟੀ-ਪ੍ਰੇਮ' ਹੈਵੇ ਤੇਰ੍ਹਵਾਂ।
ਇੱਕ ਦੂਏ ਵਲ ਖਿੱਚ ਤਤ ਸੰਸਾਰ ਦੇ
ਕਈ ਇਕ ਹਾਲਾਂ ਵਿੱਚ ਹਨਗੇ ਰੱਖਦੇ।
ਆਕਰਖਣ ਹੈ ਰੂਪ ਇਸ ਦਾ ਏਸ ਥਾਂ।
ਸਾਰਾ ਜੋ ਬ੍ਰਹਮੰਡ ਆਸ੍ਰੇ ਖਿੱਚ ਦੇ
ਖਿੱਚਜਾ ਰਹੇ ਹਮੇਸ਼ ਏਸੇ ਖਿੱਚ ਦਾ।
ਜੜ੍ਹਤਾ ਹੈ ਪਰਧਾਨ ਵਿਚ ਇਸ ਪ੍ਰੇਮ ਦੇ।
ਚੁੰਬਕ ਪੱਥਰ ਵਿੱਚ ਵੀ ਇਕ ਖਿੱਚ ਹੈ,
ਤੱਤਾਂ ਤੱਤਾਂ ਵਿਚ ਕਈ ਇਕ ਡੌਲ ਹੋ
ਖਿੱਚ ਰਹੀ ਹੈ ਵ੍ਯਾਪ ਸਾਰੇ ਦੇਖ ਲੌ।
ਅਣੂ ਪ੍ਰਮਾਣੂ ਵਿੱਚ ਵਯਾਪੀ ਖਿੱਚ ਹੈ।
ਸ਼ਕਤੀ ਕਈ ਇਕ ਧਾਰ 'ਨੌਖੀਆਂ ਹਾਲਤਾਂ
-ਬਿਜਲੀ ਮਿਕਨਾਤੀਸ- ਪ੍ਰੇਮ ਪ੍ਰਕਾਸ਼ ਦੀ।

ਆਰਯ ਭੱਟ ਸੁਜਾਨ ਕਾਂਸ਼ੀ ਨਾਥ ਨੇ
ਕਿਹਾ 'ਨਿਰਾਸ੍ਰੇ ਏਹ ਧਰਤੀ ਹੈ ਤੁਰੇ'।
ਜਦੋਂ ਸਥੂਲੀ ਹੋਰ ਨਹੀਂ ਹੈ ਆਸਰਾ,
ਇੱਕੋ ਖਿੱਚ ਸੁ ਆਪ ਆਸ੍ਰਾ ਹੈ ਬਣੀ।
ਸੂਰਜ ਤਾਰੇ ਚੰਦ ਖਿਚੇ ਘੁੰਮਦੇ।
ਤਾਂਤੇ ਸਗਲ ਬ੍ਰਹਮੰਡ ਏਸ ਪ੍ਰੇਮ ਨੇ
ਸੂਖਮ ਤੇ ਅਸਥੂਲ ਕਈ ਕੁ ਰੂਪ ਲੈ
ਬੱਧਾ ਹੈ ਮਰਿਯਾਦ ਅੰਦਰ ਸੋਹਿਣਾ।
ਹੁਣ ਦੇਖੋ ਕਰ ਸੋਚ ਸਾਰੀ ਕਾਰ ਏ
ਤੁਰੇ ਆਸਰੇ ਪ੍ਰੇਮ ਅਨਿਕ ਸਰੂਪ ਲੈ।
ਪ੍ਰਭੁ ਜੋ 'ਪ੍ਰੇਮ ਸਰੂਪ' ਅਪਣੇ ਪ੍ਰੇਮ ਦੇ
ਕਾਰਨ ਸ੍ਰਿਸ਼ਟੀ ਆਪ ਬਣਿਆ ਸੋਹਿਣਾ।
ਸ੍ਰਿਸ਼ਟੀ ਦੀ ਮਰਿਯਾਦ ਸਾਰੀ ਪ੍ਰੇਮ ਦੇ
ਆਸ਼੍ਰਿਤ ਤੁਰਦੀ ਜਾਇ ਬੱਧੀ ਪ੍ਰੇਮ ਦੀ।
ਜੜ੍ਹ ਵਸਤਾਂ ਦਾ ਮੇਲ ਕਾਰਣ ਪ੍ਰੇਮ ਦੇ,
ਕਾਰਣ ਹੀ ਏ ਫੇਰ ਹੈ ਬਨਰਾਇ ਦਾ,
ਜੀਵ ਜੰਤੁ ਸਭ ਹੋਰ ਆਸ਼੍ਰਿਤ ਪ੍ਰੇਮ ਦੇ;


www.sikhbookclub.com

ਮਾਨੁੱਖਾਂ ਦੇ ਵਿੱਚ ਏਹੋ ਪ੍ਰੇਮ ਹੈ
ਲੈਕੇ ਕਈ ਸਰੂਪ ਦਿੱਸੇ ਵਜਾਪਿਆ।
ਸਾਰੀ ਹੀ ਮਰਿਯਾਦ ਤੋਰੇ ਪ੍ਰੇਮ ਹੈ।
ਸੰਤ ਭਗਤ ਅਵਤਾਰ ਗੁਰਮੁਖ ਸੋਹਿਣੇ,
ਇੱਸੇ ਦਾ ਪਰਕਾਸ਼ ਨਜ਼ਰੀ ਆਂਵਦੇ।
ਹੇਠੋਂ ਸਿਖ਼ਰੇ ਤੀਕ ਕੌਤਕ-ਪ੍ਰੇਮ ਹੈ,
ਖੇਡ ਅਨੂਠੀ ਪ੍ਰੇਮ ਰਹਿਆ ਖੇਡ ਹੈ।
ਤਾਂਹੀਓਂ ਹੈਵੇ ਆਪ ਸਤਿਗੁਰ ਆਖਿਆ:

ਜੱਤ੍ਰ ਤੱਤ੍ਰ ਦਿਸਾਵਿਸਾ ਹੋਇ ਫੈਲਿਓ ਅਨੁਰਾਗ॥
ਪੁੰਨਾਂ-ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਿਸਾਲੁ॥

ਫਿਰ ਪੜ੍ਹਦੀ ਕਈ ਹੋਰ ਪੱਤਰ ਕੰਤ ਦੇ,
ਕਹਿੰਦੀ: 'ਗੁੰਝਲ ਢੇਰ ਜਾਪੇ ਹੈ ਪਈ,
'ਸਮਝ ਨ ਮੇਰੀ ਸਾਫ਼ ਪਕੜ ਨ ਸੱਕਦੀ
'ਏਨ੍ਹਾਂ ਦੇ ਸਭ ਭਾਵ ਡੂੰਘੇ ਜਾਪਦੇ।
'ਹੈਸੀ ਐਸਾ ਕੰਤ ਮੇਰਾ ਬੁੱਧਿ ਦਾ
'ਪੂਰਾ ਕੋਟ, ਜਿ ਆਪ ਹੈਸੀ ਲਿੱਖਦਾ
'ਡਾਢੇ ਡੂੰਘੇ ਭੇਤ,- ਗੁੱਝੇ ਮਾਮਲੇ,
'ਜਿਹੜੇ ਆਗੂ ਰਾਹ ਮੈਨੂੰ ਜਾਪਦੇ,
'ਪਰ ਮੈਂ ਅਜੇ ਅਜਾਣ ਸਮਝ ਨ ਸੱਕਦੀ।
'ਸਤਿਸੰਗਤ ਵਿਚ ਜਾਉਂ ਦੀਪਕ ਜੋ ਬਲੇ,
'ਉਸ ਚਾਨਣ ਨੂੰ ਪਾਇ ਫਿਰ ਜੇ ਮੈਂ ਪੜ੍ਹਾਂ
'ਖਬਰੇ ਤਾਂ ਆ ਜਾਇ ਸੋਝੀ ਅੰਦ੍ਰਲੀ।'
ਇੱਕੁਰ ਸੋਚ ਵਿਚਾਰ ਜੋੜੇ ਸੱਭ ਓ,
ਬਸਤਾ ਉਵੇਂ ਵਲ੍ਹੇਟ ਥਹੁਸਿਰ ਸਾਂਭਿਆ।
'ਸਤਿਸੰਗ ਹੋਵਣ ਬਾਦ ਬਾਕੀ ਮੈਂ ਪੜ੍ਹਾਂ',
ਇਕੁਰ ਸੋਚ ਵਿਚਾਰ ਰਾਣੀ ਸੀ ਕਰੇ।
ਅੱਖਾਂ ਨੂੰ ਫਿਰ ਮੀਟ ਹੱਥ ਦੁ ਜੋੜ ਕੇ
ਭਰ ਸ਼ੁਕਰਾਨੇ ਨਾਲ ਸ਼ੁਕਰ ਗੁਜ਼ਾਰਦੀ
ਡਿੱਗੀ ਚਰਨਾਂ ਵਿੱਚ ਬਿਨੈ ਉਚਾਰਦੀ:-

ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥ ਹਮ ਪਾਪੀ ਹਮ ਪਾਪੀ ਨਿਰਗੁਣ ਦੀਨ ਤੁਮ੍ਾਰੇ ਰਾਮ ॥ ਹਮ ਪਾਪੀ ਨਿਰਗੁਣ ਦੀਨ ਤੁਮ੍ਾਰੇ ਹਰਿ ਦੈਆਲ ਸਰਣਾਇਆ ॥ ਤੂ ਦੁਖ ਭੰਜਨੁ ਸਰਬ ਸੁਖਦਾਤਾ ਹਮ ਪਾਥਰ ਤਰੇ ਤਰਾਇਆ ॥ ਸਤਿਗੁਰ ਭੇਟਿ ਰਾਮ ਰਸੁ ਪਾਇਆ ਜਨ ਨਾਨਕ ਨਾਮਿ ਉਧਾਰੇ ॥ ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥੪॥੪॥

{ਵਡਹੰਸ ਮ: ੪}

ਹਮ ਬਾਰਿਕ ਕਛੂਅ ਨ ਜਾਨਹ ਗਤਿ ਮਿਤਿ ਤੇਰੇ ਮੂਰਖ ਮੁਗਧ ਇਆਨਾ ॥ ਹਰਿ ਕਿਰਪਾ ਧਾਰਿ ਦੀਜੈ ਮਤਿ ਊਤਮ ਕਰਿ ਲੀਜੈ ਮੁਗਧੁ ਸਿਆਨਾ ॥

{ਜੈਤਸਰੀ ਮ: ੪}

ਬਿਨੈ ਉਚਾਰਨ ਬਾਦ ਤਾਬਜਾ ਬੈਠਕੇ
ਪ੍ਰੇਮ ਨਾਲ ਗੁਰ ਪਾਠ ਕੀਤਾ ਰਾਜ ਨੇ।
ਫਿਰ ਦੋਵੇਂ ਹਥ ਜੋੜਿ ਲੈਕੇ ਆਗਿਆ
ਕੀਤਾ ਟਹਿਲਾ ਆਪ ਸ੍ਰੀ ਗੁਰ ਗ੍ਰੰਥ ਦਾ।
ਫਿਰ ਦੋਵੇਂ ਹੱਥ ਜੋੜ ਅੱਖਾਂ ਮੀਟਕੇ
ਕਰਦੀ ਬਿਨੈ ਉਚਾਰ ਨਿੰਮ੍ਰਤ ਵਾਲੜੀ:-
'ਧੰਨ ਪ੍ਰਭੂ ਜੀ ਧੰਨ ਮੈਂ ਅਤਿ ਨੀਚ ਦੀ
'ਬਿਨਤੀ ਸੁਣਕੇ ਆਪ ਆਕੇ ਬਾਹੁੜੇ।
'ਮੇਰੇ ਵਰਗੀ ਨੀਚ ਭੁੱਲਣ ਵਾਲੜੀ,
'ਮੂਰਖ, ਅਧਮ, ਅਜਾਣ ਅਦਬੋਂ ਘੁੱਥੜੀ,
'ਸ਼ਰਧਾ ਹੀਣੀ, ਮੂੜ੍ਹ, ਸਿਦਕੋਂ ਸੱਖਣੀ,
'ਸਿੱਖੀ ਵਿਚ ਨਿਆਣ ਚੰਚਲ ਬਾਲੜੀ,
'ਜਪ ਤਪ ਦਯਾ ਵਿਹੂਣ, ਰਹਿਤ ਜੁ ਸੰਜਮੋਂ,
'ਪੁੰਨ ਧਰਮ ਨਾ ਲੇਸ਼, ਖਾਲੀ ਨੇਕੀਓਂ,
'ਹੋਰ ਨਹੀਂ ਹੈ ਕੋਇ ਵਿਚ ਸੰਸਾਰ ਦੇ;
'ਮੈਂ ਐਸੀ ਤੇ ਆਪ ਭਏ ਕ੍ਰਿਪਾਲ ਹੋ।
'ਬਖਸ਼ਜਾ ਗੁਰ ਦੀਦਾਰ ਤੱਕੇ ਪਾਪ ਨਾ।
'ਅਪਣੀ ਕਿਰਪਾ ਧਾਰਿ ਕਿਰਪਾ ਨਾਲ ਹੀ
'ਮੂਰਖ ਤੇ ਮੈਂ ਨੀਚ ਬਖਸ਼ ਬਣਾ ਲਈ
'ਪਾਤਰ ਦਰਸ਼ਨ ਜੋਗ ਸ੍ਰੀ ਗੁਰ ਗ੍ਰੰਥ ਦੇ।
'ਮੇਰੇ ਕਰਮ ਕੁਚੀਲ, ਲਾਇਕ ਏਸ ਦੇ
'ਬਲਦੇ ਭਾਂਬੜ ਵਿੱਚ ਮੈਨੂੰ ਸੱਟੀਏ;
'ਪਰ ਰਹਿਮਤ ਦੇ ਨਾਲ ਮੈਂ ਤੇ ਆਪ ਨੇ
'ਓਸ ਅੱਗ ਵਿਚਕਾਰ ਮੇਰੀ ਥਾਂਉਂ ਤੇ
'ਮੇਰੇ ਦਿੱਤੇ ਸਾੜ ਕਰਮ 'ਨ ਖੋਟੜੇ।

'ਪਾਵਨਤਾ ਦਾ ਭੇਜ ਅੰਮ੍ਰਿਤ ਆਪ ਨੇ
'ਕੀਤੀ ਪਤਿਤ ਪੁਨੀਤ, ਪਾਵਨ ਪਜਾਰਿਆ!
'ਦਿੱਤਾ ਫੇਰ ਦਿਖਾਇ ਦਰਸ਼ਨ ਸੋਹਿਣਾ,
'ਕਰ ਦਰਸ਼ਨ ਗੁਰ ਨਾਲ –ਦਿਲ ਨੂੰ ਖੋਲ੍ਹਕੇ–
'ਕੀਤੇ ਬਚਨ ਬਿਲਾਸ ਪਾਈ ਸਿੱਖਿਆ।
'ਧੰਨ ਜੀ ਧੰਨ ਅਕਾਲ ਪੁਰਖ ਕ੍ਰਿਪਾਲ ਜੀ,
'ਕਰਨਾ ਪਤਿਤ ਪੁਨੀਤ ਬਿਰਦ ਇਹ ਹੈ ਤੁਸਾਂ।
'ਕਰੁ ਆਗਜਾ ਕਿਰਪਾਲ ਤੇਰੇ ਰੂਪ ਦਾ
'ਹਿਤ ਚਿਤ ਨਾਲ ਪਰੇਮ 'ਸ੍ਵਾਰਾ ਮੈਂ ਕਰਾਂ।
'ਬਖਸ਼ ਆਗਿਆ ਏਹ ਮੇਰੇ ਹੱਥ ਏ
'ਸੇਵਾ ਕਰਨ ਪੁਨੀਤ ਬਖਸ਼ੀ ਆਪ ਦੀ।
'ਕਿਰਪਾ ਕਰ ਹੋ ਜਾਣ ਹੱਥ–ਕਮਾਂਵਦੇ
'ਸੇਵਾ–ਪਰਮ ਪਵਿੱਤ੍ਰ ਤੇਰੇ ਜੋਗ ਏ।
'ਮੈਂ ਇਸ ਜੋਗੀ ਨਾਂਹ ਮੂਲੋਂ ਸੀ ਕਦੇ,
'ਇਹ ਤੇਰੀ ਸਭ ਮੇਰੁ ਤੇਰੀ ਹੈ ਕ੍ਰਿਪਾ।
'ਖ਼ਤੇ ਕਮਾਵਨ ਵਿੱਚ ਅਸੀਂ ਨ ਚੁੱਕਦੇ,
'ਬਖਸ਼ਣ ਵਿੱਚ ਕ੍ਰਿਪਾਲ ਆਪ ਅਭੁੱਲ ਹੋ।
'ਸ਼ੁਕਰ ਸ਼ੁਕਰ ਲਖ ਵਾਰ ਕ੍ਰੋੜਾਂ ਵਾਰ ਹੀ
'ਤੇਰਾ ਸ਼ੁਕਰ ਉਚਾਰ ਕਰਦੀ ਮੈਂ ਰਹਾਂ
'ਲੂੰ ਲੂੰ ਸ਼ੁਕਰ ਤ੍ਰਿਬੁੱਡ ਤੇਰੇ ਹੀ ਰਹੇ:
'ਬਖਸ਼ੀਂ ਸ਼ੁਕਰ ਹਮੇਸ਼ 'ਸ਼ੁਕਰ ਪਿਆਰਿਆ!'

ਇਹ ਕਰ ਬਿਨੈ ਉਚਾਰ ਮੁਖ ਤੋਂ ਗਾਂਵਦੀ
ਸਤਿਗੁਰ ਦਾ ਇਹ ਵਾਕ ਨਾਲ ਰਹਾਇ ਦੇ:–

ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥
ਹਰਿ ਕਿਰਪਾ ਕਰਿਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ॥ {ਸ: ਵਾ: ਵ: ਮ. ੩–੨੯}

ਫਿਰ ਕਰਕੇ ਸਭ ਸੇਵ ਗੁਰੂ ਗਰੰਥ ਦੀ,
ਪੌਢਾਏ ਹਿਤ ਨਾਲ ਸੁਹਣੀ ਪਾਲਕੀ।
ਕੁਣਕਾ ਛਕ ਕੇ ਆਪ ਛਾਂਦਾ ਆਪਣਾ,
ਬੂਹੇ ਦਿੱਤੇ ਖੋਲ੍ਹ, ਸੱਦੀ ਰਾਧਕਾਂ,
ਦਿੱਤੀ ਆਗਿਆ ਏਹ ਇਸ ਪਰਸ਼ਾਦ ਨੂੰ
ਵੰਡੋ ਸਾਰੇ ਮੈਲ੍ਹ, ਕੁੱਝ ਨ ਦੱਸਣਾਂ।
ਇੱਕੁਰ ਹੁਏ ਖ਼ਿਤੀਤ ਕੁਛ ਦਿਨ ਰਾਜ ਦੇ
ਰੰਗ ਰਤੜੀ ਖਿਚ ਵਿੱਚ ਆਹਰੇ ਆਪਣੇ।

# ੨੨. ਟੋਟ

ਬਦਲ ਲਏ ਦਿਨ ਤੌਰ ਇਕ ਦਿਨ ਆਪਣੇ,
ਸੂਰਜ ਪੱਛੋਂ ਜਾਇ ਹੇਠ ਪਲੰਮਦਾ
ਛਿਪਿਆ ਵਿਚ ਅਸਮਾਨ ਤਿੱਤਰ ਖੰਭਵੇਂ
ਖਿਲਰ ਸੁਨਹਿਰੀ ਕੇਸ ਬੱਦਲ ਸੇ ਗਏ,
ਵਿਚ ਵਿਚ ਕਾਲੀ ਲੀਕ ਵਾਂਙੂ ਹੋਰ ਸੇ
ਤਿਉੜੀ ਮੱਥੇ ਵਾਂਙ ਪਏ ਅਕਾਸ਼ ਤੇ।
ਰਾਣੀ ਦੇਖ ਅਕਾਸ਼ ਦੋ ਰੰਗ ਵਿੱਚ ਹੈ
ਤੌਰ ਬਤੌਰੀ ਹੋਇ ਮੱਥਾ ਵੱਟਦੀ,
ਬੁੱਲ੍ਹ ਟੁਕ, ਪਲਕਾਂ ਖਿੱਚ ਆਕੜ ਭੰਨਦੀ,
ਮਾਨੋਂ ਲੱਗੀ ਟੋਟ ਅਮਲਾਂ ਵਾਲੜੀ,
ਟੁੱਟੀ ਸੀ ਹੁਣ ਆਇ ਮਸਤੀ ਚਿੱਤ ਦੀ।
ਆਂਦਾ ਗਜਾਨੀ ਅੱਜ ਸੀ ਇਕ ਮਾਉਂ ਨੇ,
ਖੱਟਾ ਟੀਟ ਗਿਆਨ ਓਸ ਸੁਣਾਇਆ।
ਇਸ ਤੋਂ ਹੋਇ ਉਦਾਸ ਰਾਣੀ ਆ ਗਈ
ਪਿਛਲੇ ਰਸਤੇ ਬਾਰੁ ਇੱਕ ਇਕੱਲੜੀ,
ਗਈ ਬਾਗ਼ ਨੂੰ ਚੁੱਪ ਧਾਰ, ਉਦਾਸ ਹੋ,
ਕੱਲੀ ਬਹਿ ਗਈ ਜਾਇ, ਵਾਪ੍ਰੀ ਟੋਟ ਹੈ।
ਲੰਮੇ ਲੈ ਹੁਣ ਸਾਹ, ਰਾਣੀ ਕੱਢਦੀ
ਹਾਵੇ ਨਾਲ ਹਵਾੜ ਦਿਲ ਦੇ ਆਪਣੇ:–
'ਆ! ਵਾ! ਹਾ! ਹਾ! ਹਾਇ! ਮੌਤ ਅਮੋਤੀਏ !
'ਤੈਨੂੰ ਲਿਆ ਵਿਆਹ 'ਸਮੇਂ' ਸੁਚੇਤ ਨੇ,
'ਉਹ ਸੀ ਬਲੀ ਮਹਾਨ ਸਭ ਦੇ ਉੱਪਰੇ,
'ਤੂੰ ਬੀ ਰਲਕੇ ਨਾਲ ਡਾਢੀ ਹੋ ਗਈ।
'ਸਮੇਂ ਮੌਤ ਦਾ ਜੋੜ ਜੁੜਿਆ ਹੈ ਕਿਹਾ,–
'ਜੁੜਿਆਂ ਦਾ ਇਕ ਨਾਮ ਬਣਿਆਂ 'ਕਾਲ' ਹੈ:
'ਵਹੁਟੀ ਗਭਰੂ ਦੋਇ ਹੋਏ ਇੱਕ ਹੋ।
'ਕਾਲ ਕਹੋ ਤਾਂ 'ਮੌਤ' ਸਮਝੀ ਜਾਇ ਹੈ,


www.sikhbookclub.com

'ਕਾਲ ਕਹੋ ਤਾਂ ਫੇਰ ਸਮਝਜੇ ਹੈ 'ਸਮਾਂ'।
'ਇਸ ਧੋਖੇ ਨੇ ਹਾਇ! ਮਾਰਜਾ ਜੱਗ ਨੂੰ!
'ਸਮਾਂ ਅਹੇ ਚਿਰਜੀਵ, ਇਹੋ ਸੁਭਾਉ ਹੈ
'ਹਰ ਇਕ ਵਸਤੂ ਜੋਗ 'ਮੁੱਦਤ' ਦੇਂਵਦਾ।
'ਪਰ ਇਹ ਔਤ੍ਰੀ ਮੌਤ ਜੰਮੀ ਨਾ ਕਦੇ
'ਜੀਵੇ ਮੂਲੋਂ ਨਾਂਹ ਜਿੰਦੋਂ ਸੱਖਣੀ,-
'-ਵਿੱਚ ਮੌਤ ਦੇ ਮੌਤ ਕੇਵਲ ਜੀਂਵਦੀ-
'ਆਪ ਮੌਤ ਹੈ ਮੌਤ, ਜਿੱਥੇ ਜਾ ਪਵੇ
'ਜੀਵਨ ਕਰਦੀ ਨਾਸ਼ ਦੇਂਦੀ ਰ੍ਹੈਣ ਨਾ,
'ਕਰਦੀ ਸਦਾ ਵਿਨਾਹ ਉਲਟਾ ਕੰਤ ਤੋਂ।
'ਪਤੀ ਨਾਰਿ ਦੇ ਵਿੱਚ ਧਰਤ ਅਕਾਸ਼ ਦਾ
'ਫਰਕ ਪਿਆ ਹੈ ਏਹ, ਵਜਾਹੇ ਕਾਸ ਨੂੰ !
'ਆਤਿ ਕੁਟਲਾ ਏ ਨਾਰ ਪਤੀ ਸੁਭਾਵ ਨੂੰ
'ਲੀਤਾ ਇਸ ਨਹੀਂ ਮੂਲ ਸੈਲ ਅਭਿੱਜਵੀ;
'ਉਲਟਾ ਉਸਦਾ ਨਾਮ ਲਾਕੇ ਆਪ ਨੂੰ
'ਕਰਦੀ ਪੁੱਠੇ ਕੰਮ ਪਤੀ ਸੁਭਾਵ ਤੋਂ।
'ਮਾਨੋ ਸੀ ਦਰਿਯਾਉ ਵਗਦਾ ਕਾਲ ਏ
'ਉਸ ਵਿਚ ਮਹੁਰਾ ਮੌਤ ਆਕੇ ਹੈ ਰਲੀ,
'ਮਹੁਰਾ ਤੇ ਦਰਿਯਾਉ ਰਲਕੇ ਹੈਂ ਮਿਲੇ।
'ਜੋ ਕੁਝ ਦੇਇ ਬਨਾਇ ਰਚੇ ਉਗਾ ਧਰੇ
'ਸਮਾਂ ਸੁਚੇਤ ਪ੍ਰਬੀਨ ਉਸ ਨੂੰ ਮੌਤ ਏ
'ਦਾਉ ਪਾਇਕੇ ਮਾਰ ਪਾਰ ਬੁਲਾਂਵਦੀ।
'ਸਾਜਣ ਸੰਦੀ ਕਾਰ ਸਮਾਂ ਕਮਾਂਵਦਾ;
'ਜੀਵਣ ਮੌਲਣ ਜੋਗ ਮੁੱਦਤ ਦੇਂਵਦਾ
'ਢਾਵਣ ਵਾਲੇ ਆਰੂ ਲੱਗੀ ਮੌਤ ਹੈ।
'ਇਸਦਾ ਅਪਣਾ ਰੂਪ ਕੋਝਾ ਬੌਤੂ ਹੈ,
'ਸੁੰਦਰ ਵੇਖੇ ਚੀਜ਼ ਸਕਦੀ ਝੱਲ ਨਾ;-
' 'ਮੈਥੋਂ ਸੁਹਣਾ ਕੋਇ ਰਹੇ ਨ ਜੀਂਵਦਾ,
' 'ਮਤਾਂ ਸਮੇਂ ਨੂੰ ਮੋਹਿ ਖੋਹੇ ਮੁਝ ਤੋਂ।'
'ਏਸ ਤਰ੍ਹਾਂ ਦੀ ਤਾਤ ਲੱਗੀ ਏਸਨੂੰ
'ਹੈ ਸੁਹਣਜਾਂ ਦੇ ਨਾਲ, ਉਹਨਾਂ ਮੇਟਦੀ।
'ਕੋਝੀ ਕੋਈ ਚੀਜ਼ ਸਮਾਂ ਬਣਾਂਵਦਾ,
'ਤਦੋਂ ਮੌਤ ਏ ਸੋਚ: 'ਮੇਰੇ ਜੇਹਿਆ,
' 'ਹੋਰ ਨ ਕੋਈ ਹੋਇ', ਉਸ ਨੂੰ ਮੇਟਦੀ।
'ਘੜਨ, ਭੰਨਣ ਦੀ ਖੇਡ ਐਦਾਂ ਹੋ ਰਹੀ।
'ਅਤਿ ਤ੍ਰਿਖੀ ਹੈ ਚਾਲ ਸਮੇਂ ਸੁ ਏਸ ਦੀ,
'ਉਡਦਾ ਵਾਂਙੂ ਪੌਣ ਹੈ ਏ ਧਾਂਵਦਾ;
'ਇਸ ਕਾਹਲੀ ਵਿਚਕਾਰ ਮਾਨੋਂ ਏਸ ਨੂੰ
'ਦਿਸਦਾ ਕਈ ਇਕ ਵਾਰ ਹੈ ਨਾ ਕੁੱਝ ਬੀ।
'ਮੌਤ ਜਾਣਦੀ ਭੇਤ ਹੈ ਇਸ ਗੱਲ ਦਾ,
'ਵਾਗਾਂ ਦੀ ਏ ਮੋੜ ਹੈਵੇ ਫੇਰਦੀ
'ਅਪਨੇ ਸ੍ਵਾਰਥ ਵੱਲ- ਘੜਿਆ ਭੰਨਦੀ:
'ਜੀਵਨ ਕਰਦਿਆਂ ਅੰਤ ਮ੍ਹੁਰ ਨ ਆ ਦਿਲੇ।
'ਫਿਰ ਮਾਰੀ ਇਹ ਨਾਂਹਿਂ ਮਰਦੀ ਮੌਤ ਹੈ,
'ਦੁਨੀਆਂ ਮਾਰੇ ਏਹ ਆਪ ਅਮੌਤ ਹੈ।
'ਹੋਰ ਨ ਕੋਈ ਮੌਤ ਸਾਜੀ ਹੈ ਗਈ
'ਜਿਹੜੀ ਇਸਦਾ ਆਇ ਨੱਪੇ ਗਾਟੜਾ।
'ਪਤੀ ਨਾਮ ਦਾ ਫ੍ਰੇਬ ਖੇਡੇ ਮੌਤ ਏ,
'ਕਾਲ ਰਖਕੇ ਨਾਮ ਲੋਕਾਂ ਮਾਰਦੀ।
'ਅਜ ਤਕ ਦੁਨੀਆਂ ਵਿਚ ਜੋ ਸੀ ਜੰਮਿਆਂ
'ਕਸਰ ਸੁਨੁੱਪਣ ਵਿੱਚ ਉਸ ਦੇ ਸੀ ਰਹੀ।
'ਅੰਤ ਸਮੇਂ ਨੇ ਆਇ ਦੇਹੀ ਮੋਹਿਣੀ
'ਐਸੀ ਰਚੀ ਬਨਾਇ ਫਬਨਾਂ ਵਾਲੜੀ
'ਪਹਿਲੇ ਹੁਈ ਨ ਸੀਗ ਐਸੀ ਬੀ ਕਦੇ।
'ਇਸ ਦੇਹੀ ਵਿਚ ਲਾਲ ਮੇਰੇ ਪਾ ਲਿਆ
'ਡੇਰਾ ਅਪਣਾ ਆਣ, ਬਨ ਬਨ ਏ ਪਵੇ।
'ਤੱਕ ਇਹ ਮੌਤ ਕਰਾਲ ਭੁੱਲੀ ਡੰਗ ਨੂੰ-
'ਭੁੱਲੀ ਅਪਣੀ ਬਾਣ ਤਾਤਾਂ ਵਾਲੜੀ,
'ਦੇਖ ਦਰਸ ਹੈਰਾਨ ਹਕਿ ਬਕਿ ਰ੍ਹੈ ਗਈ,
'ਅਪ੍ਰੇਮਣ ਏ ਆਪ ਪਰ ਦਿਲ ਏਸ ਦੇ
'ਪ੍ਰੇਮ ਉਪਜਿਆ ਆਣ ਨਾਲ ਉਸ ਲਾਲ ਦੇ,
'ਐਸਾ ਵਧਿਆ ਏਹ,- ਮੋਹੀ ਹੀ ਰਹੇ।
'ਕਈ ਵੇਰ ਇਨ ਸੋਚ ਸੋਚੀ ਏਹ: 'ਮੈਂ
' 'ਇੱਕ ਵੇਰ ਗਲ ਲਾਇ ਮਿਲਾਂ ਸੁਜਾਨ ਨੂੰ',
'ਪਰ ਇਹ ਮੌਤ ਅਮੌਤ ਪਕ ਸੀ ਜਾਣਦੀ,
'ਜਦ ਮੈਂ ਗਲ ਦੇ ਨਾਲ ਲਾਇਆ ਲਾਲ ਏ,

' 'ਬਰਫ਼ ਗਲੇ ਜਿਉਂ ਸੇਕ ਤਿਉਂ ਗਲ ਜਾਵਸੀ;
' 'ਐਸਾ ਬੁਰਾ ਸਰੀਰ ਹੈ ਮੈਂ ਪਾਇਆ
' 'ਜਿਸ ਨੂੰ ਲੱਗੇ ਏਹ ਰਹਿੰਦਾ ਓ ਨਹੀਂ।'
'ਅਪਣਾ ਜਾਣ ਸੁਭਾਵ ਮਾਰਨ ਵਾਲੜਾ
'ਹਿਯਾ ਨ ਕਰਦੀ ਏਹ ਜੱਫੀ ਪਾਣ ਦਾ।
'ਕੁੱਝ ਦੁਰੇਡੀ ਵਿੱਥ ਤੇ ਰਹਿ ਵੇਖਦੀ;
'ਹੁੰਦੀ ਸਦਾ ਨਿਹਾਲ ਪਿਖ ਪਿਖ ਲਾਲ ਨੂੰ,

'ਡਰਦੀ ਨੇੜ ਨ ਆਇ ਮਤਾਂ ਸੁਜਾਨ ਏ
'ਗੁੰਮ ਨ ਜਾਵੇ ਹੋਇ ਮੇਰੇ ਛੋਹਿਆਂ।
'ਮਾਨੋਂ ਮੇਰੇ ਲਾਲ ਭੈੜੀ ਮੌਤ ਦੇ
'ਭੰਨ ਦਿੱਤੇ ਸਨ ਡੰਗ ਦੁੱਖਾਂ ਵਾਲੜੇ।
'ਮੋਹੀ ਹੋਈ ਮੌਤ ਰਤਾ ਨ ਸੋਚਦੀ,–
'ਸਾਂਈਂ ਨਾਲ ਅਭੇਦ ਹਰਦਮ ਏ ਰਹੇ
'ਬ੍ਰਿਤੀ 'ਯਾਦ' ਦੇ ਨਾਲ ਪ੍ਰੋਤੀ ਰੱਖਦਾ,
'ਮੇਰਾ ਇਸ ਦਾ ਜੋੜ ਬਣਸੀ ਕੀਕੁਰਾਂ ?
'ਮੈਂ ਭੈੜੀ ਤੇ ਨੀਚ, ਦੁਸ਼ਟ ਡਰਾਉਣੀ,
'ਕਾਲ ਪਤੀ ਦੀ ਨਾਰ, ਨੀਵੀਂ ਓਸ ਤੋਂ;

'ਇਹ ਹੈ ਸਮਿਓਂ ਪਾਰ –ਅਮਰ ਸੁਹਾਵਣਾ,
'ਦੇਵਤਿਆਂ ਸਿਰਤਾਜ– ਉਨ੍ਹਾਂ ਸ਼ਿਰੋਮਣੀ,
'ਕਾਲ ਰਹਿਤ ਅਨਕਾਲ ਜਿਦ੍ਹਾ ਸਰੂਪ ਹੈ
'ਉਸ ਦੇ ਚਰਨਾਂ ਵਿੱਚ ਇਸ ਦਾ ਵਾਸ ਹੈ,
'ਇਸਦਾ ਮੇਰਾ ਮੇਲ ਕੀਕੁਰ ਹੋ ਸਕੂ ?
'ਜੇ ਮੈਂ ਇਸ ਨੂੰ ਛੋਹ ਲਾਵਾਂ ਆਪਣੀ
'ਇਹ ਉਡ ਅਪਣੇ ਲੋਕ ਪਹਿਲੇ ਪੌਂਚ ਜਾ।
'ਏਸ ਮੌਤ ਦੇ ਖੰਭ ਸੜ ਬਲ ਜਾਂਵਦੇ
'ਉਸ ਰਸਤੇ ਦੇ ਵਿੱਚ ਮਜਲੋਂ ਹੀ ਉਰੇ।
'ਖੋਟੀ ਇਸ ਦੀ ਨੀਝ ਜਦ ਮੈਂ ਦੇਖਦੀ,

'ਭਾਵੇਂ ਭਰੀ ਪਿਆਰ ਸਾਈਂ ਨਾਲ ਸੀ,
'ਕਾਂਬਾ ਹਿਰਦਾ ਖਾਇ ਜਾਂਦੀ ਤ੍ਰੈਕੁ ਮੈਂ:
'ਦੁਸ਼ਟਾਂ ਦਾ ਹੈ ਪਜਾਰ ਮਾੜਾ ਵੈਰ ਤੋਂ।
'ਹਾ! ਇਸ ਦੁਸ਼ਟਾ ਅੰਤ ਜਿਗਰਾ ਹਾਰਿਆ,–
'ਪਤੀ ਗਲੇ ਨੂੰ ਲੱਗ ਪਜਾਸ ਬੁਝਾਣ ਨੂੰ
'ਵਧੀ ਓਸ ਦੀ ਵੱਲ ਭਜਾਨਕ ਤ੍ਰੈਕੁਵੀਂ;
'ਓਹ ਸੋ ਸੂੱਛ ਪਵਿੱਤ੍ਰ ਪਾਵਨ ਪੂਰੜੇ,
'ਇਸ ਚੂੜੀ ਦੇ ਨਾਲ ਛੁਹਣਾ ਆਪਣਾ
'ਜਾਣਨ ਮਾੜਾ ਅੱਤਿ; ਇਸ ਦੇ ਨਾਮ ਤੋਂ
'ਸਦਾ ਰਹਾਵਣ ਦੂਰ ਨਿਕਟ ਨ ਆਂਵਦੇ
' 'ਕਾਲ ਰਹਿਤ' ਦੇ ਦਾਸ ਮਿਲੇ ਅਕਾਲ ਨੂੰ,
'ਪਰਛਾਵੇਂ ਤੋਂ ਦੂਰ ਰਹਿੰਦੇ ਮੌਤ ਦੇ;
'ਮੌਤ ਨ ਸੱਕੇ ਵਜਾਪ ਉਹਨਾਂ ਪਜਾਰਿਆਂ।

'ਜਦ ਇਹ ਆਸਾ ਧਾਰ ਅੱਗੇ ਨੂੰ ਵਧੀ
'ਪਰਛਾਵੇਂ ਤੋਂ ਦੂਰ ਰਹਿਕੇ ਓ ਹਟੇ।
'ਵਧਦੀ ਅੱਗੇ ਜਾਇ ਮਾੜੀ ਮੌਤ ਏ,
'ਉਹ ਹਟਦੇ ਹੀ ਜਾਣ ਵਧਦੀ ਏ ਗਈ।
'ਇੱਕੁਰ ਉੱਡੇ ਓਹ, ਅਪਣੇ ਦੇਸ ਨੂੰ,
'ਮਗਰੇ ਉੱਡੀ ਏਹ, ਪਰ ਨਾ ਜਾ ਸਕੀ
'ਸਾਈਂ ਵਾਲੇ ਦੇਸ, ਜਿੱਥੇ ਕਾਲ ਬੀ
'ਸਕਦਾ ਕਦੀ ਨ ਪੌਂਚ ਰਹੇ ਉਰੇਡੜਾ।
'ਪਹੁੰਚੇ ਓਹ ਉਸ ਦੇਸ, ਦੇਸ ਅਦੇਸ ਜੋ।

'ਹੇ ਤੈਂ ਦੁਸ਼ਟਾ ਮੌਤ! ਪਾਪ ਕਮਾਇਆ;
'ਸਕੀਓਂ ਨਾ ਉਸ ਪਾਏ, ਗਈਓਂ ਦੇਖਣੋਂ
'ਸੁਹਣੀ ਸੂਰਤ ਓਹ ਜਿਸ ਨੂੰ ਪਜਾਰਦੀ:
'ਵੈਰ ਕਮਾਇਓ ਹਾਇ! ਮੇਰੇ ਨਾਲ ਬੀ।
'ਤੇਰੇ ਮਾਰੇ ਮਾਹ ਮੈਂ ਸਨ ਮੂਲ ਨਾ
'ਕੀਤਾ ਨਹੀਂ ਵਿਗਾੜ ਤੇਰਾ ਮੌਤ ! ਮੈਂ!
'ਮੇਰਾ ਕਿਉਂ ਨੁਕਸਾਨ ਕਤਿਾ ਭੈੜੀਏ !
'ਲਾਲ ਗਿਆ ਹੈ ਦੂਰ ਮੈਥੋਂ ਉੱਡਕੇ,
'ਸੂਰਜ ਦਾ ਬੀ ਨੂਰ ਘਟਿਆ ਜਾਪਦਾ,
'ਤਾਰੇ ਚੰਦ ਪ੍ਰਕਾਸ਼ ਮੱਧਮ ਪੈ ਗਏ।
'ਕਿੱਥੇ ਢੂੰਡਾਂ ਲਾਲ ਕਿੱਥੋਂ ਲੱਭ ਲਾਂ?
'ਮੈਂ ਬੱਧੀ ਵਿਚ ਕਾਲ, ਕਾਲੋਂ ਪਾਰ ਓ,
'ਕੀਕਰ ਉਸ ਦੇ ਦੇਸ ਜਾਕੇ ਅੱਪੜਾਂ ?
'ਕਿੱਕੁਰ ਆਖਾਂ ਆਉ ਫਿਰ ਇਸ ਥਾਉਂ ਤੇ
'ਜਿੱਥੇ ਰਹਿਣ ਚੰਡਾਲ ਵਰਗੇ ਮੌਤ ਦੇ:
'ਪਿਆ ਵਿਛੋੜਾ ਅੱਤਿ ਮਿਟਦਾ ਜੋ ਨਹੀਂ।
'ਵਿੱਥ ਪਈ ਅਸਗਾਹ ਟੱਪੀ ਜਾਇ ਨਾ:


www.sikhbookclub.com

'ਦਿੱਸੇ ਕੁਈ ਨ ਰਾਹ, ਕੀਕੁਰ ਮੈਂ ਤੁਰਾਂ,
'ਕੀਕੁਰ ਤੋੜਾਂ ਜਾਲ ਖੋਟੇ ਕਾਲ ਦਾ,
'ਜਿਸ ਵਿਚ ਫਾਥੀ ਹਾਇ! ਛੁਟਣ ਨ ਜਾਣਦੀ?
'ਜਾਵਾਂ ਮੈਂ ਸਤਿਸੰਗ ਪੁੱਛਾਂ ਜਾਇਕੇ,
'ਦੱਸਣ ਕੁਈ ਇਲਾਜ ਮਾਰਾਂ ਮੌਤ ਨੂੰ;
'ਦੇਵਾਂ ਅਲਖ ਚੁਕਾਇ ਮੈਂ ਇਸ ਮੌਤ ਦੀ:
'ਸਕੇ ਵਿਛੋੜਾ ਪਾਇ ਨਾ ਵਿਚ ਪਜਾਰਿਆਂ।

'ਮੌਤ ਨ ਸਕਦੀ ਤਾਣ ਪਰਦਾ ਹੈ ਕਦੇ
'ਪ੍ਰੀਤਮ ਪ੍ਰੇਮੀ ਵਿੱਚ,- ਸਨਮੁਖ ਰੈਣ੍ਹ ਓ।
'ਏਸ 'ਸਮੇਂ' ਮਤਹੀਨ 'ਵਹੁਟੀ' ਆਪਣੀ
'ਅਪਣੇ ਸਿਰੇ ਚੜ੍ਹਾਇ ਅਪਣੇ ਆਪ ਨੂੰ
'ਵਿੱਚ ਭੁਲੇਖੇ ਘੱਤ ਟਪਲਾ ਖਾ ਲਿਆ
'ਮੈਨੂੰ ਬੀ ਦੁਖ ਅੱਤਿ ਦਿੱਤਾ ਏਸ ਨੇ।
'ਦਿਓ ਦੁਹਾਈ ਏਹ ਸਾਰੇ ਜੱਗ ਤੇ:
'ਕੁਟਲਾ ਨਾਰਿ ਅਧੀਨ ਕੋਈ ਆਦਮੀ
'ਹੋਇ ਨ ਪਿੱਛੇ ਲੱਗ, ਪਾਪ ਕਮਾਇ ਨਾ।

'ਹਾਇ ਗਿਓਂ ਵੇ ਲਾਲ! ਕਿਹੜੇ ਦੇਸ ਤੂੰ ?
'ਕਿਸ ਨੂੰ ਪੁੱਛਾਂ ਹਾਲ ਤੇਰਾ ਸੋਣ੍ਹਿਆਂ !
'ਚੱਲਾਂ ਕਿਹੜੀ ਚਾਲ ਲੱਭੇਂ ਕਿੱਕੁਰਾਂ?
'ਬਿਲ ਲਾਵਾਂ ਦਿਨ ਰਾਤ ਬਹੁੜੀਂ ਬੇਲੀਆ!
'ਲੈ ਬੇਲੀ ਆ ਸਾਰ ਉਮਰ ਬਿਲਾ ਰਹੀ।

'ਉਸ ਗਜਾਨੀ ਨੇ ਗਜਾਨ ਕੇਡਾ ਘੋਟਿਆ;
'ਧੀਰਜ ਦੇਵਣ ਕਾਣ ਗੱਪਾਂ ਮਾਰੀਆਂ,
'ਪੰਡਤ ਬੜਾ ਪ੍ਰਬੀਨ ਪੜ੍ਹਿਆ ਪੋਥੀਆਂ
'ਪੰਡ ਇਲਮ ਦੀ ਚੱਕ ਹੈ ਬਉਰਾਨਿਆ
'ਵਿਦਜਾ ਦੇ ਬਨ ਵਿੱਚ ਭੁੱਲੀ ਪੈ ਰਿਹਾ।
'ਤਰਕ ਵਿਤਰਕਾਂ ਤੀਰ ਆਮ੍ਹੋ ਸਾਮ੍ਹਣੇ
'ਆਪ ਚਲਾਵੇ ਓਹ ਦਿਲ ਤੇ ਆਪਣੇ,
'ਉਸ ਨੇ ਲੀਤਾ ਭੰਨ ਦਿਲ ਇਉਂ ਆਪਣਾ;
'ਭੱਜੇ ਘਟ ਦੇ ਵਾਂਙ ਘਟ ਵਿਚ ਓਸਦੇ
'ਟਿਕੇ ਨ ਨੀਰ ਪਰੇਮ ਚੋ ਚੋ ਜਾਂਵਦਾ।
'ਉਹ ਕੀ ਜਾਣੇ ਪ੍ਰੇਮ -ਹਿਤ- ਕੀ ਹੋਂਵਦਾ;
'ਪਾਟੇ ਹਿਰਦੇ ਵਿੱਚ ਹਿਤ ਦਾ ਨੀਰ ਜੋ
'ਘੜੇ ਤਰੇੜੇ ਵਾਂਙ ਟਿਕਦਾ ਹੈ ਨਹੀਂ,
'ਉਹ ਕੀ ਜਾਣੇ ਪੀੜ ਘੜੇ ਸਬੂਤ ਦੀ
'ਕਿਣਕੇ ਕਿਣਕੇ ਵਿੱਚ ਜਿਸ ਦੇ ਨੀਰ ਹੈ
'ਖਿਚਿਆ ਖਿੱਚ ਅਪਾਰ ਸਾਰੇ ਰੌਂ ਰਿਹਾ।
'ਦਰਦ ਬਿਦਰਦਾਂ ਜੋਗ ਕਦੇ ਨ ਪੋਹਿੰਦਾ।
'ਅਖਰਾਂ ਪਾਸੋਂ ਬੁੱਧਿ ਪਾਈ ਪੰਡਿਤਾਂ;
'ਅੱਖਰ ਨਾਲ ਪਿਆਰ ਕਰ ਨਾ ਜਾਣਦੇ।
'ਮਤਲਬ ਦੇ ਫਿਰ ਯਾਰ ਨਿਰੇ ਪੜ੍ਹਾਕੂਏ;
'ਸ੍ਵਾਰਥ ਰਖਦੇ ਮੁੱਖ ਕੋਰੜ ਮੋਠ ਏ।
'ਮੈਨੂੰ ਆਖੇ ਝੂਠ ਦੁਨੀਆਂ ਝੂਠ ਹੈ,
' 'ਰਚੀ ਬਣੀ ਹੈ ਨਾਹਿੰ, ਮੂਲੋਂ ਮਿੱਥਿਆ,
' 'ਤਿੰਨੇ ਕਾਲ ਅਸੱਤਿ ਹੋਈ ਹੋਇ ਨਾ।'
'ਧਨ ਦੌਲਤ ਤੇ ਮਾਲ ਕਿਉਂ ਫਿਰ ਜੋੜਦਾ?
'ਮੇਰਾ ਨਹੀਂ ਵਿਗਾੜ ਹੈ ਵਿਚ ਏਸਦੇ,
'ਸੁਣਿਆ ਧੀਰਜ ਧਾਰ ਸਭ ਵਿਰਤੰਤ ਮੈਂ।
'ਪਰ ਜਦ ਆਖੇ ਏਹ, 'ਝੂਠੇ ਕੰਤ ਜੀ,
' 'ਝੂਠਾ ਹੈਸੀ ਵਾਸ ਦੁਨੀਆਂ ਵਿਚ ਦਾ;
' 'ਝੂਠਾ ਤੇਰਾ ਪ੍ਰੇਮ ਸਭ ਕੁਝ ਮਿੱਥਿਆ'
'ਭੜਕ ਉੱਠੀ, ਹਾ! ਅੱਗ ਮੇਰੇ ਕਾਲਜੇ !
' 'ਮਿਥਿਆ ਮੇਰਾ ਕੰਤ! ਕਲਪ ਕਪੋਲ ਸੀ?'
'ਇਹ ਅਨਹੋਣੀ ਬਾਤ ਮੰਨਾਂ ਨਾ ਕਦੇ।
'ਮੈਂ ਝੂਠੀ, ਮੈ ਪ੍ਰੇਮ ਹੋਊ ਮਿੱਥਿਆ,
'ਪਰ ਸ੍ਵਾਮੀ ਤੇ ਮੇਰੁ ਉਸਦੀ ਸੱਚ ਸੇ।
'ਉਹ ਹੈ ਸੱਤਿ ਸਰੂਪ ਕਦੇ ਅਸੱਤਿ ਨਾ।
'ਗਜਾਨੀ! ਤੂੰ ਉਪਦੇਸ਼ ਉਹਨਾਂ ਨੂੰ ਕਰੀਂ
'ਹਿਰਦੇ ਜਿਨ੍ਹਾਂ ਪਰੇਮ ਹੈ ਨਹੀਂ ਵੱਸਦਾ।
'ਖਾਰੀ ਹੋਇ ਜ਼ਮੀਨ ਰੇਤੇ ਵਾਲੜੀ,
'ਬਾਰਾਂ ਮਾਸੀ ਔੜ ਜਿੱਥੇ ਲੱਗਦੀ,
'ਓਥੇ ਜਾ ਕੇ ਬੀਜ ਜ੍ਵਾਹਾਂ, ਏਹ ਫਲੂ।
'ਜਿੱਥੇ ਵਸਦਾ ਮੀਂਹ ਸਦਾ ਪਰੇਮ ਦਾ;
'ਛੰਮ ਛੰਮ ਵਗਦੀ ਧਾਰ ਨੈਨੋਂ ਨੀਰ ਦੀ;
'ਠੰਢੀ ਵਹੇ ਹਵਾਇ ਲੰਮੇ ਸ੍ਵਾਸ ਦੀ

‘ਦੁਖਾਂ ਸੁਖਾਂ ਹਲ ਵਾਹ ਸੁਹਾਗਾ ਫੇਰਿਆ,
‘ਜਿੱਥੇ ਬੀਜਿਆ ਬੀਜ ਪਜਾਰੀ "ਯਾਦ" ਦਾ,
‘ਮੌਲ ਰਿਹਾ ਰੰਗ ਲਾਇ, ਲਿਵ ਵਿਚ ਹੈ ਫਲੇ,
‘ਉਥੇ ਤੇਰਾ ਗਜਾਨ ਜੂਾਸਾਂ ਰੂਪ ਜੋ
‘ਬੀਜਜਾ ਫੁਟ ਸੜ ਜਾਇ ਮੌਲੇ ਨਾ ਕਦੇ।

‘ਝੂਠਾ ਹੈ ਜੇ ਜੱਗ ਹੋ ਪਜਾ ਝੂਠੜਾ;
‘ਤੂੰ ਬੀ ਸੱਚਾ ਨਾਹਿੰ ਵਿਚ ਇਸ ਜੱਗ ਦੇ।
‘ਤੇਰਾ ਬੀ ਜੋ ਗਜਾਨ ਜੂਠਾ ਹੋਵਸੀ।
‘ਸਭ ਦੀ ਕਹਿਣੀ ਝੂਠ ਜੇ ਤੂੰ ਦੱਸਦਾ
‘ਤੇਰੀ ਕਹਿਣੀ ਝੂਠ ਆਪੇ ਹੋ ਗਈ।
‘ਪਰ ਸੁਣ; ਮਿੱਥਜਾਵਾਦ ਕਥਨੇ ਵਾਲੜੇ!
‘ਮੇਰਾ ਪਜਾਰਾ ਕੰਤ ਮਿਥਿਆ ਹੈ ਨਹੀਂ,
‘ਤਿੰਨ ਕਾਲ ਓ ਸੱਚ, ਸੱਚ ਸਮਾਇਆ।
‘ਰੱਬ ਸੱਚ ਹੈ ਸੱਚ ਤਿੰਨੇ ਕਾਲ ਹੀ,
‘ਉਹ ਹੈ ਬੰਦਾ-ਰੱਬ ਉਹ ਬੀ ਸੱਚ ਹੈ।
‘ਨਿਹਚਲ ਤੇ ਅਬਿਨਾਸ਼ ਵਾਂਕੂ ਰੱਬ ਦੇ।
‘ਸਤਿਗੁਰ ਸੱਚਾ ਆਪ ਐਦਾਂ ਆਖਦਾ

ਨਿਹਚਲੁ ਸਚੁ ਖੁਦਾਇ ਏਕੁ ਖੁਦਾਇ
ਬੰਦਾ ਅਬਿਨਾਸੀ ॥ {ਮਾਰੂ ਡਖਣੇ ਮ: ੫}

‘ਥਿਰ ਹੈ ਮੇਰਾ ਕੰਤ ਸੇਵਕ ਰੱਬ ਦਾ

ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ॥
{ਮਾਰੂ ਡਖਣੇ ਮ: ੫}

‘ਨਿਹਚਲ ਮੈਂ ਸਿਰਤਾਜ ਸੇਵਕ ਸੱਚ ਦਾ,
‘ਅਬਿਨਾਸੀ ਮੈਂ ਲਾਲ, ਵਸਦਾ ਨਾਲ ਮੈਂ,
‘ਭੈੜਿਆ! ਸੁਰਮਾ ਪ੍ਰੇਮ ਤੈਨੂੰ ਜੇ ਮਿਲੇ
‘ਅੱਖੀਂ ਲਵੇਂ ਜਿ ਪਾਇ ਮੋਤੀਆ ਮੌਤ ਦਾ
‘ਤੇਰਾ ਹੋਵੈ ਦੂਰ, ਤੂੰ ਬੀ ਦੇਖ ਲੈਂ
‘ਪ੍ਰੀਤਮ ਅਪਣਾ ਸੱਚ ਸਦ ਸਦ ਜੀਂਵਦਾ।
‘ਸੜ ਜਾਵਣ ਏ ਕੰਨ ਸੁਣਿਆਂ ਹੈ ਜਿਨ੍ਹਾਂ-
‘ ‘ਸੁਾਮੀ ਮਿਥਿਆ ਆਹਿ’, ਮੈਂ ਉਸ ਜੀਭ ਨੂੰ
‘ਜਿਸਤੋਂ ਨਿਕਲਜਾ ਵਾਕ ਕੀ ਆਖਾਂ ਕਿ ਓ
‘ਮਿੱਥਜਾ ਵਦ ਵਦ ਵਾਕ ਮਿੱਥਜਾ ਹੋ ਰਹੀ।

‘ਪਰਮੇਸ਼ਰ ਜੇ ਬ੍ਰਿੱਛ ਕਰਕੇ ਮੰਨੀਏ,
‘ਟਹਿਣੇ ਗੁਰੂ ਸਰੂਪ ਕਰਕੇ ਜਾਣੀਏ,
‘ਟਹਿਣੀ ਪੱਤਜਾਂ ਵਾਂਙ ਲੱਗਾ ਕੰਤ ਹੈ,
‘ਲੱਗਾ ਸੱਚੇ ਨਾਲ ਸੱਚਾ ਹੋ ਰਿਹਾ।
‘ਸਮਝਣ ਖ਼ਾਤਰ ਐਉਂ ਜੇਕਰ ਮੰਨੀਏ
‘ਉਸ ਸੱਚੇ ਦਾ ਪ੍ਰੇਮ ਕੀਕੂੰ ਬੰਧ ਹੈ?
‘ਜੇ ਹੋਵੇ ਇਹ ਬੰਧ, ਮੈਂ ਬੰਧ ਚਾਹੁੰਦੀ।
‘ਬੰਧ ਪਿਉਂਦ ਦੇ ਵਾਂਙ ਚਰਨੀ ਕੰਤ ਦੇ
‘ਲੱਗੀ ਹੀ ਲਗ ਜਾਉਂ ਵਿਛੁੜਾਂ ਨਾ ਕਦੀ।

‘ਗਜਾਨ ਹੁਏ ਜੇ ਚੀਜ਼ ਜੋੜਨ ਵਾਲੜੀ
‘ਤਦ ਤਾਂ ਚੰਗਾ ਹੋਇ ਵਾਂਕੂ ਪ੍ਰੇਮ ਦੇ;
‘ਪਰ ਗਜਾਨੀ ਨੇ ਪ੍ਰੇਮ ਐਕੁਰ ਵਰਤਿਆ
‘ਜਿੱਕੁਰ ਕੋਈ ਦਾਤ੍ਰ ਲਾਵੀ ਲਾਉਂਦਾ।
‘ਲੱਗੀ ਸੁਾਮੀ ਨਾਲ ਤ੍ਰਾਵਤ ਉਸਦੀ
‘ਆਪੇ ਮੈਂ ਵਿਚ ਆਇ ਮੈਨੂੰ ਪਾਲਦੀ।
‘ਦਾਤ੍ਰੀ ਲੱਗੇ ਗਜਾਨ; ਵੱਢੇ ਮੁੱਢ ਨੂੰ
‘ਚਰਨਾਂ ਨਾਲੋਂ ਕੰਤ; ਸੁੱਕੀ ਕਾਠ ਮੈਂ
‘ਹੋਕੇ ਬਾਲਣ ਵਾਂਙ ਭਾਂਬੜ ਜਾ ਪਵਾਂ।
‘ਮੈਨੂੰ ਨਾ ਮੰਨਜ਼ੂਰ ਐਸਾ ਗਜਾਨ ਹੈ।
‘ਜਨਮ ਮਰਨ ਦਾ ਖੇਡ ਗਜਾਨੀ ਆਖਦਾ
‘ਮੁਕਸੀ ਮੂਲੋਂ ਨਾਹਿੰ ਜਦ ਤਕ ਗਜਾਨ ਨਾ
‘ਪਰ ਨਾ ਹੈ ਸੁਰਜੀਤ ਤੇਰਾ ਗਜਾਨ ਵੇ,
‘ਇਹ ਤਾਂ ਜਿੰਦੜੀ ਖਿੱਚ ਸਿਲਾ ਬਨਾਂਵਦਾ।
‘ਮੈਨੂੰ ਨਾ ਦਰਕਾਰ ਪੱਥਰ ਹੋਵਣਾ।
‘ਜੇ ਕੁਝ ਹੋਇ ਸੁ ਹੋਇ, ਮੇਰੇ ਵੱਸ ਨਾ,
‘ਵਿਸਰੇ ਮੈਨੂੰ ਨਾਹਿੰ ਓ ਰਬ ਲੱਗਿਆ,
‘ਪ੍ਰੇਮ ਰਹੇ ਸੁਰਜੀਤ ਮੇਰੇ ਅੰਦਰੇ,
‘ਲਿੱਲਾਂ ਦੇਂਦੀ ਜੀਭ ਜੀਵੇ ਮੈਂਡੜੀ;
‘ਲਗੀ ਰਹੇ ਚਿਤ ਆਣ ਧੁੰਨੀ ਅਟੁੱਟਵੀਂ;
‘ਬਿਰਤੀ ਵਿੱਚ ਅਰੂੜ੍ਹ ਰਹੇ ਪਿਆਰੂਆ।
‘ਰੱਬਾ! ਤੋੜੀਂ ਨਾਂਹ ਤੇਰਾ ਵਾਸਤਾ!
‘ ‘ਯਾਦ’ ਸੁਭਾਗੀ ਨਾਲ ਜੋੜੀ ਰੱਖੀਓ!
‘ਦਿਆਂ ਦੁਹਾਈ ਹਾਇ ਪਾਵਾਂ ਬਾਹੁੜੀ।

‘ਵਿਛੁੜੇ-ਜਨ ਦਾ ਮੂਲ ਦਰਸ਼ਨ ਹੋਇ ਨਾ;
‘ਪਾਣ ਵਿਛੋੜੇ ਆਣ ਮਿਲਿਆਂ ਵਿੱਚ ਜੋ
‘ਭਾਵੇਂ ਗਜਾਨੀ ਹੋਣ ਪੰਡਤ ਮੌਲਵੀ,
‘ਦਰਸ਼ਨ ਦੇਣ ਨ ਆਇ ਭੁੱਲੇ ਤੁਧ ਤੋਂ।
‘ਦੋਸ਼ੀ ਮੈਨੂੰ ਜਾਣ ਸਭ ਸਮਝਾਂਵਦੇ
‘ਕਹਿੰਦੇ ਛੱਡ ਪਰੇਮ ਵਹਿਣ ਤਿਆਗ ਦੇ।
‘ਸਮਝਣ ਮੂਲੋਂ ਨਾਂਹਿਂ ਮੈਂ ਬੇ-ਵੱਸ ਹਾਂ।
‘ਮੈਂ ਹਾਂ ਲੋਹੇ ਵਾਂਙ ਕਰੜੀ ਬੌਂਤ੍ਰ ਹੀ;
‘ਤਾਕਤ ਕੋਈ ਨਾਹਿੰ ਮੇਰੇ ਵਿੱਚ ਹੈ,
‘ਮਾਪਜਾਂ ਰਲ ਸੰਜੋਗ ਕੀਤਾ ਮੇਰੜਾ
‘ਚੁੰਬਕ ਜੀਉਂਦੇ ਨਾਲ ਜੋ ਨਿਤ ਖਿੱਚਦਾ
‘ਮੈਨੂੰ ਅਪਣੇ ਵੱਲ,- ਖਿੱਚੀ ਮੈਂ ਰਹਾਂ।
‘ਮੇਰੇ ਕੀ ਹੈ ਵੱਸ? ਤਾਕਤ ਖਿੱਚਦੀ
‘ਜੋ ਮੇਰੇ ਵਿਚ ਨਾਂਹਿਂ ਚੁੰਬਕ ਵਿੱਚ ਹੈ।
‘ਮੈਂ ਖਿਚ ਸਕਦੀ ਨਾਂਹਿਂ ਸਾਈਂ ਕੰਤ ਨੂੰ,
‘ਸਾਂਈਂ ਖਿੱਚੇ ਆਪ ਚੁੰਬਕ ਵਾਕਰੇ।
‘ਮੈਂ ਜਾਣਾ ਇਹ ਮੇਰੁ ਸੱਚੇ ਰੱਬ ਦੀ;
‘ਲੋਕੀਂ ਜਾਣਨ ਕੈਰੁ ਇਸ ਦੀ ਖਿੱਚ ਹੈ।
‘ਲੋਕੀਂ ਜਾਣਨ ਏਹ ਛਡਦੀ ਯਾਦ ਨਾ;
‘ਮੈਨੂੰ ਫੜਿਆ ਯਾਦ, ਜਿੱਕੁਰ ਚਾਨਣੇ
‘ਮਣੀਆਂ ਚਾਨਣ ਨਾਲ ਹੈਨ ਪੁਰੋਤੀਆਂ।
‘ਲੋਕੀਂ ਸਮਝਣ ਪ੍ਰੇਮ ਮੈਨੂੰ ਜੋ ਲਗਾ,
‘ਏ ਹੈ ਕੋਈ ਰੋਗ ਭੰਨਜਾ ਲੋੜੀਏ।
‘ਮੈਨੂੰ ਅੰਮ੍ਰਿਤ ਏਹ ਹੋਕੇ ਹੈ ਲਗਾ,-
‘ਪ੍ਰੀਤਮ ਮੇਰਾ ਏਸ ਮਰਨ ਨ ਦਿੱਤੜਾ
‘ਮੈਨੂੰ ਵਿਚ ਵਿੰਜੋਗ ਮਰਨੋਂ ਠੱਲਿਆ।
‘ਮੈਂ ਜੀਵਾਂ, ਸਿਰਤਾਜ ਮੈਂਡਾ ਜੀਂਵਦਾ,
‘ਇਹ ਅੰਮ੍ਰਿਤ ਤਾਸੀਰ ਦੇਖੋ ਪ੍ਰੇਮ ਦੀ।
‘ਸਮਝ ਅਪੁੱਠੀ ਨਾਲ ਲੋਕੀਂ ਵੇਖਦੇ।
‘ਸਮਝ ਅਪੁੱਠੀ ਏਹ ਕੀਕੂੰ ਦੂਰ ਹੋ?
‘ਅੰਮਾ ਕਰੇ ਉਪਾਉ ਮੇਰੇ ਵਾਸਤੇ;
‘ਭਾਂਤਿ ਭਾਂਤਿ ਦੇ ਤੋੜ ਅਤੇ ਇਲਾਜ ਬੀ;
‘ਉਹ ਬੀ ਜਾਣੇ ਰੋਗ ਮੈਨੂੰ ਲੱਗਿਆ।
‘ਮੈਨੂੰ ਲੱਗਾ ਓਹ ਜਿਸ ਦੇ ਲੱਗਿਆਂ
‘ਵੰਞੇ ਰੋਗਾਂ ਘਾਣ ਸਤਿਗੁਰ ਆਖਦੇ।

‘ਗਜਾਨੀ ਮਗਰੋਂ ਫੇਰ ਜੋਗੀ ਇੱਕ ਨੂੰ
‘ਮਾਤਾ ਮੇਰੇ ਪਾਸ ਲੈ ਕੇ ਆ ਗਈ;
‘ਕਹਿੰਦੀ: ਕਰੋ ਉਪਾਉ ਮੇਰੀ ਜਿੰਦ ਦਾ।
‘ਮੈਨਾਂਵੰਤੀ ਵਾਂਙ ਮੇਰੀ ਮਾਉਂ ਬੀ:
‘ਭੋਲੀ ਹੈਵੇ ਢੇਰ ਸਮਝੇ ਮੂਲ ਨਾ:
‘ਇਸ ਦਾ ਤਾਂ ਉਪਦੇਸ਼ ਪੱਟੂ ਮੂਲ ਤੋਂ,
‘ਸਣ ਦੇਹੀ ਸਣ ਜਿੰਦ ਅਲਖ ਮੁਕਾ ਦਿਊ।
‘ਛੱਡ ਰਾਜ ਤੇ ਭਾਗ ਕੰਨ ਪੜਾਇਕੇ
‘ਗੋਪੀ ਚੰਦੇ ਵਾਂਙ ਫਿਰਸੀ ਬੇਟੜੀ
‘ਘਰ ਘਰ ਮੰਗਦੀ ਅੰਨ -ਅਲਖ ਜਗਾਂਵਦੀ
‘ਜੇ ਜੋਗੀ ਹੈ ਠੀਕ ਆਪਣੇ ਰਾਹ ਤੇ
‘ਧੀ ਦੇਵੇਗਾ ਪੱਟ ਮਾਂ ਦੇ ਵੇੜ੍ਹਿਓਂ।
‘ਜੇ ਹੈ ਝੂਠਾ ਏਹ, ਘਰ ਦੇ ਭੇਤ ਦੀ
‘ਖਿਲਰੇਗੀ ਫਿਰ ਬਾਰੁ ਸਾਰੀ ਸਾਰ ਏ।
‘ਪਰ ਮੈਂ ਜਾਈਆਂ ਓਸ ਕੀ ਕੁਝ ਆਖਦੀ;
‘ਸੁਣੇ ਜਰੇ ਮੈਂ ‘ਵਾਕ ਤੋੜਨ ਵਾਲੜੇ’
‘ਮੈਨੂੰ ਨਾਲੋਂ ਕੰਤ,- ਭੁੱਲ ਫਸਾਵਣੇ।
‘ਜੋਗ ਜਾਣੀਏ ਜੋਗ ਕਰੇ ਸੰਜੋਗ ਜੇ,
‘ਓਹ ਹੈ ਖਰਾ ਅਜੋਗ ਕਰੇ ਵਿਜੋਗ ਜੋ।
‘ਅੰਤ੍ਰ ਆਤਮੇ ਜੋੜ ਜੁੜਿਆ ਜੇ ਕਿਤੇ
‘ਉਸ ਨੂੰ ਤੋੜਨ ਜਾਚ ਜੋ ਹੈ ਜਾਣਦਾ,
‘ਜੋਗੀ ਕਹਿਣਾ ਓਸ ਭਾਰੀ ਪਾਪ ਹੈ।
‘ਜੁੜੇ-ਵਿਛੋੜਨ ਕੰਮ ਹੈ ਨਾ ਜੋਗ ਦਾ।
‘ਕਹਿੰਦਾ: ‘ਤੈਨੂੰ ਮੋਹ ਲੱਗਾ ਕੰਤ ਦਾ
‘ ‘ਮੋਹ ਹੈ ਫਾਹੀ ਅੱਤਿ ਬਿਰਤੀ ਹੈ ਇਹੋ।
‘ ‘ਬਿਰਤੀ ਕਰੋ ਨਿਰੋਧ ਅੰਦਰੋਂ ਸਾਰੀਆਂ,
‘ ‘ਫੇਰ ਲਓ ਸੰਭਾਲ ਸਾਰੇ ਰਾਜ ਨੂੰ।
‘ ‘ਇਸ ਵਿਚ ਮਨੂਆ ਲਾਇ ਮੌਜਾਂ ਮਾਣ ਲੌ।
‘ ‘ਪਤੀ ਨਾਲ ਜੋ ਪ੍ਰੇਮ ਬਿਰਤੀ ਮੋਹ ਦੀ;
‘ ‘ਕਠਨ ਬ੍ਰਿਤੀ ਹੈ ਏਹ ਇਨੂੰ ਨਿਰੋਧ ਲੈ।’

'ਕੈਸਾ ਅਚਰਜ ਯੋਗ ਮੈਨੂੰ ਦੱਸਿਆ।
'ਬ੍ਰਿਤੀਆਂ ਸੱਭ ਨਿਰੋਧ ਕਰਕੇ ਰਾਜ ਨੂੰ
'ਕਿੱਕੁਰ ਲਵਾਂ ਸੰਭਾਲ ਮਾਣਾਂ ਰਾਜ ਮੈਂ।

'ਰਾਜ ਕਾਜ ਸੰਭਾਲ ਮਾਣਨ ਮੌਜ ਜੋ
'ਬਿਰਤੀ ਦੇ ਸਭ ਕੰਮ, ਕਿਵੇਂ ਨਿਰੋਧ ਏ?
'ਕੀ ਸੀ ਉਸ ਦਾ ਭਾਵ ਸਾਧਾਂ ਯੋਗ ਓ
'ਹੱਠ ਯੋਗ ਜਿਸ ਨਾਮ ਲੋਕੀਂ ਆਖਦੇ।
'ਜੇ ਉਸ ਦੇ ਸਨ ਭਾਵ ਦੋਵੇਂ, ਇਕ ਜਾਂ;
'ਉਸਦਾ ਮਤਲਬ ਸੀਗ ਜੋਗ ਨ ਦੱਸਣਾ,
'ਗੁੰਝਲ ਗੱਲਾਂ ਪਾਇ ਮੈਂ ਘਬਰਾਇਕੇ
'ਰਾਜ ਕਾਜ ਵਿਚ ਜੋੜ ਤੋੜੇ ਅੰਦਰੋਂ
'ਮੈਨੂੰ ਉਸ ਸੰਜੋਗ ਵਿੱਚੋਂ ਜੋ ਅਹੇ
'ਅੰਦ੍ਰ ਆਤਮੇ ਠੀਕ ਮੈਨੂੰ ਲੱਭਿਆ।
'ਮਾਤਾ ਪਾਸੋਂ ਫੇਰ ਲਏ ਇਨਾਮ ਓ;
'ਜੁਗਤ ਸੰਪੂਰਨ ਹੋਇ ਜੋਗੀ ਰਾਜ ਦੀ।
'ਅਪਣੀ ਜੁੜੀ ਨ ਬ੍ਰਿੱਤ ਜੋਗੀ ਦੀ ਕਦੇ,
'ਕੀਤਾ ਕਦੀ ਨਿਰੋਧ ਨਾ ਹੀ ਸਮਝਿਆ
'ਅੰਗ ਯੋਗ ਦੇ ਹੋਰ, ਧਯਾਨ ਨ ਜਾਣਦਾ,
'ਗੱਲਾਂ ਸਿਖਕੇ ਕੁੱਝ ਜਾਲ ਵਿਛਾਣ ਨੂੰ
'ਹੱਟੀ ਪਾਈ ਇੱਕ ਮਾਨੋ ਜੋਗ ਦੀ।
'ਜੁੜਿਆ ਸਾਈਂ ਨਾਲ ਜੋਗੀ ਨਾ ਕਦੇ,
'ਤਾਂਤੇ ਜੋਗੀ ਨਾਂਹ ਕਹੀਏ, ਜੋਕ ਹੈ
'ਦੁਨੀਆਂ ਦੇ ਗਲ ਲੱਗ ਮਾਯਾ ਚੂਸਦੀ।
'ਐਸੇ ਐਸੇ ਲੋਕ ਅੰਮੀ ਲਜਾਇਕੇ
'ਮੈਨੂੰ ਨਿੰਦ ਸੁਣਾਇ ਮੇਰੇ ਕੰਤ ਦੀ।

'ਹੇ ਕੰਤਾ! ਕਰ ਮੇਰੁ, ਹੁਣ ਮੈਂ ਹਾਰੀਆਂ;
'ਝੱਲ ਨ ਸਕਦੀ ਮੂਲ ਆਖੇ ਜੱਗ ਜੋ
'ਤੈਨੂੰ ਪਯਾਰੇ ਕੰਤ! ਸਾਈਂ ਸੋਹਿਆਂ!
'ਮੈਨੂੰ ਬਖਸ਼ ਤਿਆਗ, ਕੁਈ ਇਕਾਂਤ ਜਾਂ
'ਦੁਨੀਆਂ ਉਤੋਂ ਸੱਦ, ਜਾਂ ਕੁਝ ਪ੍ਰੇਰਕੇ
'ਬੁੱਧੀ ਮਾਤਾ ਫੇਰ ਕਰੇ ਨ ਕਾਰ ਏ।
'ਦੂਰ ਕਰੀਂ ਮੈਂ ਟੋਟ ਅੱਜ ਜੁ ਵਾਪਰੀ
'ਟੋਟ-ਅਮਲ ਦੇ ਵਾਂਙ ਮੇਰੇ ਪ੍ਰੇਮ ਨੂੰ
'ਮਨ ਦੇਹ ਕੀਤੇ ਚੂਰ ਜਿਸ ਘਬਰਾਇਆ!'

# ੨੩. ਕੀਰਤਨ

ਇੱਕੁਰ ਵਹਿਣੀ ਫੇਰ ਰੁੜ੍ਹਦੀ ਸੰਭਲੇ,
ਚਿੰਤਾ ਵਿੱਚ ਉਦਾਸ ਲਾਵੇ ਤਾਰੀਆਂ;
ਗ਼ੋਤੇ ਖਾਕੇ ਫੇਰ ਉੱਤੇ ਆਂਵਦੀ,
ਝਗੜੇ ਕਰ ਮਨ ਨਾਲ ਸੋਚਾਂ ਸੋਚਦੀ।
ਫਿਰ ਉੱਠੀ, ਚੌਫੇਰ ਗੇੜੇ ਲਾਂਵਦੀ,
ਕਿਧਰੇ ਜਾਂਦੀ ਬੈਠ ਕਿਤੇ ਖੜੋਂਵਦੀ।
ਮੱਥੇ ਤੇ ਹਥ ਫੇਰ 'ਉਫ਼ ਉਫ਼' ਆਖਦੀ:
ਫਿਰਦਯਾਂ ਏਸੇ ਹਾਲ ਬੀਤਯਾ ਦੇਹੁ ਸੀ,
ਆ ਗਯਾ ਸੰਝਾਂ ਕਾਲ –ਸ਼ਾਮਾਂ ਵੇਲੜਾ–
ਸੰਧਿਕਾਲ ਏ ਕਾਲ ਮੇਲਣ ਵਾਲੜਾ,
ਦੋ ਪੁੜ ਮਿਲਦੇ ਆਣ ਲੋਕੀਂ ਆਖਦੇ।
ਰਾਣੀ ਵੀ ਇਕ ਥਾਉਂ ਕੰਢੇ ਕੂਲ੍ਹ ਦੇ
ਆ ਬੈਠੀ ਵਿਚ ਨੀਰ ਪੈਰ ਡੁਬੋਇਕੇ।
ਇਸ ਵੇਲੇ ਗਈ ਆਇ ਰਾਧਾਂ ਦੌੜਦੀ
ਕਹਿੰਦੀ, 'ਸ੍ਵਾਣੀ ਅੱਜ ਦੇਸ ਪੰਜਾਬ ਤੋਂ
'ਸੋਹਣੇ ਤਿੰਨ ਜੁਆਨ ਆਏ ਪ੍ਰਾਹੁਣੇ।
'ਜਾਪਣ ਮੈਨੂੰ ਸਿੰਘ ਪਰ ਨ ਪਛਾਣ ਮੈਂ
'ਸਕਦੀ ਹਾਂ ਇਹ ਬਾਤ ਹਨ ਓਹ ਜੋਧੜੇ,
'ਕਿਰਤੀ ਕੇ ਸਰਦਾਰ, ਗਯਾਨੀ ਸੰਤ ਜਾਂ?
'ਔਖੀ ਏਹ ਪਛਾਣ ਹੁੰਦੀ ਸਿੱਖ ਦੀ;
'ਇੱਕੋ ਜੇਹੀ ਡੌਲ ਸਭ ਦੀ ਹੋਂਵਦੀ।'

ਸੁਣ ਸੰਦੇਸਾ ਰਾਜ ਹੌਲੀ ਬੋਲਦੀ:–
'ਪੱਛਿਆ ਈ ਤੂੰ ਨਾਮ, ਤੇ ਕੀ ਕੰਮ ਨੇ?'
'ਨਾਮ ਕਹਿਣ 'ਸੰਗੀਤ' ਗੋਲੀ ਆਖਦੀ,
'ਆਖਣ 'ਦਰਸ਼ਨ' ਕਾਮ ਗੁਰਮੁਖ ਸੱਜਣਾਂ;
' 'ਕਰਨਾ ਤੜਕੇ ਕੂਚ' ਇਹ ਬੀ ਆਖਦੇ।'

' 'ਇਕ ਰਾਤ ਬਿਸਰਾਮ ਇਸ ਥਾਂ ਰੱਖਣਾ।'
'ਦੌੜੀ ਦੌੜੀ ਜਾਹ' ਰਾਣੀ ਆਖਦੀ,
'ਛੇਤੀ ਸੱਦ ਲਿਆਹ ਸਾਈਂ ਰੱਖੀਏ!'

ਗੋਲੀ ਸੁਣਦੇ ਸਾਰ ਸਹਿਜੇ ਜਾਂਵਦੀ
ਬਿੱਲ ਵੈਦ ਦਾ ਛੱਡ ਗੋਲੀ ਜਜੋਂ ਰਿੜ੍ਹੇ।
ਇੱਧਰ ਬਦਲਜਾ ਰੰਗ ਰਾਣੀ ਚਿੱਤ ਦਾ,
ਖਬਰ ਮਲੂਮ ਦਾ ਕੰਮ ਕਰ ਏ ਸੀ ਗਈ;
ਤਪਦੇ ਹਿਰਦੇ ਲੱਗ ਠੰਢਕ ਪਾ ਗਈ
ਟੁੱਟਣ ਖੁੱਸਣ ਦੂਰ ਹੋਈ, ਆ ਗਈ
ਸੁਰਤ ਰਾਜ ਦੀ ਠੌਰ ਟੇਕ ਸੰਭਾਲਦੀ;
ਸਤੋਗੁਣੀ ਪਰਭਾਵ ਛਾਯਾ ਚਿੱਤ ਤੇ।
ਪਹਿਲੇ ਆਯਾ ਸ਼ੋਕ ਅਪਣੀ ਟੋਟ ਦਾ,
ਕਿਉਂ ਖਾਧੀ ਦਿਲ ਘਾਟ ਆਈ ਟੋਟ ਕਜੋਂ?
ਅਭਿਆਸੀ ਨੂੰ ਜੋਗ ਕਦੇ ਨ ਟੁੱਟਣਾ,
ਰਹਿਣ ਸਦ ਸਾਵਧਾਨ, ਕਾਂਪ ਨ ਖਾਵਣੀ।
ਆਯਾ 'ਸ਼ੁਕਰ' ਸੁਜਾਨ ਮਗਰੇ ਧਾਂਵਦਾ,-
ਆਯਾ ਕਹੀਏ ਕੀਹ, ਫੁੱਟਜਾ ਅੰਦਰੋਂ
ਕੌਲ ਫੁੱਲ ਦੇ ਵਾਂਙ ਰਿਦੇ ਸਰਵਰੋਂ।
ਅੰਦ੍ਰੋਂ ਖਿੜਦਾ ਕੌਲ ਸ਼ੁਕਰ ਸਰੂਪੀਆ
ਪਰ ਇਸ ਸੁਹਜ ਸੁਗੰਧ ਅੰਦਰ ਖੇੜਦੀ।
ਰੱਬ ਵਡਾ ਦਾਤਾਰ -ਸਿਰ ਦਾਤਾਰਿਆ;
ਮੰਗਤ ਸਭ ਸੰਸਾਰ ਸਭ ਹਨ ਮੰਗਦੇ,
ਸਭ ਨੂੰ ਸਭ ਕੁਝ ਓਹ ਹੈਵੇ ਦੇ ਰਿਹਾ,
ਉਸ ਨੂੰ ਕੋਈ ਕੁੱਝ ਦੇ ਨਾ ਸੱਕਦਾ।
ਓ ਹੈ ਸਦਾ ਬਿਲੋੜ ਸਦਾ ਸੰਪੂਰਨੰ।
ਸਭ ਕੁਝ ਉਸ ਦੀ ਦਾਤ, ਉਸ ਨੂੰ ਕੌਣ ਹੈ
ਦੇ ਸੱਕੇ ਕੁਈ ਦਾਤ, ਖੇਡ ਅਸੰਭਵੀਂ।
ਪਰ ਏ ਸ਼ੁਕਰ 'ਅਮੋਲ' ਹੀ ਇਕ ਚੀਜ਼ ਹੈ
ਜੋ ਭੇਟਾ ਦੇ ਵਾਂਙ ਸਕਦੇ ਦੇ ਅਸੀਂ
ਉਸ ਸਾਂਈਂ ਦੇ ਜੋਗ, ਓ ਹੈ ਲੇਂਵਦਾ।
ਦਾਤਾ ਲੈ ਇਹ ਭੇਟ ਹੈ ਖੁਸ਼ ਹੋਂਵਦਾ।
ਵਾਹ ਵਾਹ ਸ਼ੁਕਰ ਅਮੋਲ! ਤੇਰੀ ਪੌਂਚ ਹੈ,
ਮੰਗਤਿਆਂ ਤੋਂ ਉੱਠ ਪਹੁੰਚੇ ਦਾਤਿਆਂ।
ਨੀਵੇਂ ਥਾਂਓ ਜੰਮ ਪੁੱਜੇਂ ਉੱਚ ਥਾਂ।
ਚਿੱਕੜ ਵਾਂਙੂ ਚਿੱਤ ਮਲਿਨ ਮਨੁੱਖ ਦਾ,
ਕੰਵਲ ਸ਼ੁਕਰ ਦਾ ਓਸ ਥਾਓਂ ਉੱਗਦਾ,
ਪਹੁੰਚੇ ਸੱਚੇ ਪਾਸ; ਉਹ ਇਸ ਵੇਖਦਾ,
ਲੈਕੇ ਹੋਇ ਪ੍ਰਸੰਨ ਹੋਰ ਉ ਤ੍ਰੁੱਠਦਾ
ਮੀਂਹ ਮਿਹਰ ਦਾ ਢੇਰ ਉਸ ਚਿਤੋਂ ਉੱਪਰੇ
ਤ੍ਰੁੱਠ ਵਸਾਵੇ ਰੱਬ, ਓ ਵਧ ਮੌਲਦਾ।

ਚਿੱਕੜ ਨੂੰ ਹਥ ਲਾਣ ਕੁਈ ਨ ਚਾਹੁੰਦਾ;
ਕੌਲ ਫੁੱਲ ਨੂੰ ਲੈਣ ਪਰ ਸਭ ਦੌੜਦੇ।
ਤਿਉਂ ਹਿਰਦੇ ਦਾ ਕੀਚ ਕਿਸੇ ਨ ਭਾਂਵਦਾ,
ਪਰ ਸ਼ੁਕਰਾਂ ਦਾ ਫੁੱਲ ਸਭ -ਨੂੰ ਮੋਹਿੰਦਾ।
ਰਾਜਾ, ਸੰਤ, ਫਕੀਰ ਇਸ ਨੂੰ ਪਜਾਰਦੇ,
ਇਸ ਨੂੰ ਸਾਈਂ, ਆਪ ਪਜਾਰ ਕਰਾਂਵਦਾ;
ਦੇਖੇ ਹੋਇ ਪ੍ਰਸੰਨ ਅਪਣੀ ਮੇਰੁ ਦਾ
ਢੇਰ ਵਸਾਵੇ ਮੀਂਹ ਹਿਰਦੇ ਓਸ ਤੇ,
ਜਿਸ ਤੋਂ ਮੌਲੇ ਏਹ ਸੁਹਣਾ ਫੁੱਲ ਹੈ।
ਇਸ ਕਿਰਪਾ-ਜਲ ਨਾਲ ਮੈਲਾ ਚਿੱਤ ਓ
ਸੁੱਭਰ ਭਰੇ ਤਲਾਉ ਬਣੇ ਸਰੋਵਰੰ।
ਫੇਰ ਸਰੋਵਰ ਏਹ ਸੋਮੇਂ ਬੌਤ੍ਰ ਹੀ
ਅਪਣੇ ਵਿੱਚੋਂ ਪਾੜ ਬਾਹਰ ਤੋਰਦਾ,
ਜਿਸ ਤੋਂ ਲੱਖਾਂ ਜੀਵ ਲਾਭ ਉਠਾਂਵਦੇ।
ਹੁਣ ਇਕ ਬਣਦਾ ਖੇਲ ਬਹੁਤ ਅਨੂਠੜਾ,-
ਫੁੱਲ ਤਰਾਵਤ ਪਾਇ ਟਹਿਕੇ ਬੌਤ੍ਰ ਹੀ;
ਵਧਦੀ ਹੈ ਮਹਿਕਾਰ ਭਿੰਨੀ ਸੋਹਿਣੀ।
ਜਿਉਂ ਜਿਉਂ ਵਧੇ ਮਹਿਕਾਰ ਸਾਈਂ ਹੋਂਵਦਾ
ਤਿਉਂ ਤਿਉਂ ਵਧ ਪਰਸੰਨ, ਜਿਉਂ ਪਰਸੰਨ ਓ
ਤਜੋਂ ਵਸਦਾ ਵਧ ਮੀਂਹ ਉਸ ਦੀ ਮੇਰੁ ਦਾ।
ਇੱਕੁਰ ਹ੍ਰਿਦੇ ਮਨੁੱਖ ਰੱਬ ਵਿਚਾਲੜੇ
ਬਣ ਜਾਂਦਾ ਇਕ ਦੌਰ ਮਿਹਰ ਸੁਗੰਧਿ ਦਾ।
ਪੁੱਤਰ ਐਸਾ ਹੋਇ ਕੁੱਲ ਤਰਾਉਆ,
ਨੀਚ ਮਾਪਿਓਂ ਜੰਮ ਉੱਚੀ ਜਾ ਰਲੇ,
ਉੱਚਜਾਂ ਦੀ ਫਿਰ ਉੱਚ ਭੇਜੇ ਮਾਪਿਆਂ:
ਕਰਕੇ ਉਨ੍ਹਾਂ ਨਿਹਾਲ ਆਪ ਨਿਹਾਲ ਹੋ।


www.sikhbookclub.com

ਸੁਹਣਾ ਸ਼ੁਕਰ ਸੁ ਏਹ ਰਾਣੀ ਦੇ ਦਿਲੋਂ
ਕੌਲ ਫੁੱਲ ਦੇ ਵਾਂਙ ਉੱਚਾ ਉੱਠਿਆ:
ਝੱਖੜ ਹਿਰਦੇ ਰਾਜ ਸੀ ਅਜ ਝੁੱਲਿਆ,
ਘੱਟਾ ਜਿਨ੍ਹੇ ਅਮਿੱਤ ਆਂਦਾ ਚਾੜ੍ਹਕੇ।
ਰਾਧਾਂ ਮਾਨੋਂ ਆਇ ਸੋਇ ਸੁਣਾਇਕੇ
ਦਿੱਤਾ ਮੀਂਹ ਵਸਾਇ ਠੰਢੇ ਨੀਰ ਦਾ।
ਚਿੱਕੜ ਹਿਰਦੇ ਵਿੱਚ ਘੁਲਿਆ ਬੌਤ੍ਹ ਹੀ,–
ਉੱਥੋਂ ਉਪਜਿਆ ਕੌਲ ਸ਼ੁਕਰ ਸੁ ਧੰਨ ਦਾ।
ਸ਼ੁਕਰ ਭਾਵ ਵਿਚ ਆਇ ਰਾਣੀ ਆਖਦੀ:–
'ਤੇਰਾ ਸ਼ੁਕਰ ਹਜ਼ਾਰ ਮੇਰੇ ਸਾਂਈਆਂ !
'ਦਿੱਤੇ ਗੰਧ੍ਰਬ ਭੇਜ ਅਪਣੇ ਦੇਸ਼ ਤੋਂ;
'ਆਇ ਸੁਣਾਵਨ ਰਾਗ ਸਤਿਗੁਰ ਵਾਲੜੇ।
'ਸੀਤਲਤਾ ਕਰ ਦਾਨ ਠੰਢਾਂ ਪਾਣਗੇ;
'ਭਰ ਦੇਵਣਗੇ ਪਜਾਰ ਤੇਰਾ ਪਜਾਰਿਆ !
'ਧੰਨ ਧੰਨ ਕਿਰਪਾਲ ਧੰਨਜ ਸੁਜਾਨ ਤੂੰ !
'ਤੇਰੀ ਕਿਰਪਾ ਧੰਨ ਬਿਰਦ ਸੁ ਧੰਨ ਹੈ !
'ਮੈਂ ਜੇਹੀ ਮਤਿਹੀਨ ਉੱਪਰ ਸੋਹ੍ਣਿਆ !
'ਤੁਸ ਹੋਇਓਂ ਕਿਰਪਾਲ ਕੀਰਤਨ ਘੱਲਿਆ'

ਕਰਦਿਆਂ ਸ਼ੁਕਰ ਉਚਾਰ ਅੱਖਾਂ ਮੀਟੀਆਂ,
ਭਰ ਆਇਆ ਫਿਰ ਨੀਰ ਮੀਟੀ ਅੱਖੀਆਂ।
ਸ਼ੁਕਰ ਜੀਭ ਤੋਂ ਲੰਘ ਲੂੰ ਲੂੰ ਦੇ ਵਿਖੇ
ਭਰ ਗਿਆ ਥਰ ਰਥ ਰਾਇ ਕਾਂਬਾ ਦੇਂਵਦਾ,
ਲੂੰ ਲੂੰ ਬਣਿਆ ਜੀਭ ਸ਼ੁਕਰ ਉਚਾਰਦਾ,
ਰਾਣੀ ਸ਼ੁਕਰ ਸੁ ਨਾਲ ਮੱਤੀ ਹੋ ਗਈ।
ਜਿੱਕੁਰ ਵਗਦੇ ਖੂਹ ਮਾਹਲ ਜਾਂਵਦੀ,
ਟਿੰਡਾਂ ਦਾ ਲੈ ਗੇੜ ਛਿਨ ਛਿਨ ਜੋ ਟੁਰੇ;
ਤਿਵੇਂ ਸਮੇਂ ਦੀ ਮਾਲ੍ਹ ਤਿਲਕੀ ਜਾਂਵਦੀ:
ਸੰਞ ਗਈ; ਹੁਣ ਰਾਤ ਆ ਸਿਰ ਕੱਢਿਆ,
ਖਿੜ ਆਇਆ ਆਕਾਸ਼ ਵਾਂਙੂ ਫੁੱਲਿਆਂ;
ਤਾਰੇ ਚਮਕਣ ਸਾਫ਼ ਐਦਾਂ ਜਾਪਦੇ,
ਮਾਨੋਂ ਚਾਨਣ ਤੀਰ ਤਿੱਖੇ ਮਾਰਕੇ
'ਨ੍ਹੇਰੇ ਦੀ ਹੈ ਦੇਹ ਥਾਂ ਥਾਂ ਵਿੰਨ੍ਹ ਕੇ
ਲਏ ਦਿਖਾਏ ਸਾਜ ਉਹਦੇ ਵਿੱਚ ਨੇ
ਦਿੱਤੇ ਠੀਕ ਟਿਕਾਇ ਦੀਵੇ ਆਪਣੇ,
ਜੋ ਹੋ ਤਾਰੇ ਸਾਫ਼ ਡਲ੍ਹਕਾਂ ਮਾਰਦੇ।

ਇੰਨੇ ਨੂੰ ਪਰਤਾਇ ਪਹੁੰਚੀ ਰਾਧਕਾਂ,
ਲੈ ਆਈ ਸੀ ਸਿੰਘ ਅਪਣੇ ਨਾਲ ਓ:–
ਟੁੰਬ ਪਜਾਰ ਦੇ ਨਾਲ ਕਹਿੰਦੀ, 'ਆਗਏ
'ਸਿੰਘ, ਪਿਆਰੀ ਰਾਜ ! ਜੁਗ ਜੁਗ ਜੀਵੀਏ !'
ਦੇਖ ਉਨ੍ਹਾਂ ਦੀ ਵੱਲ ਰਾਣੀ ਤੱਕਿਆ,
ਭਰ ਜੀ ਸ਼ੁਕਰਾਂ ਨਾਲ ਫਤੇ ਗਜਾਂਵਦੀ,
ਕਹਿੰਦੀ, 'ਧੰਨਜ ਸੁਭਾਗ ਅਜ ਹੁਣ ਹੋ ਗਏ
'ਚਰਨ ਪਾਇਕੇ ਆਪ ਮੈਨੂੰ ਤਾਰਿਆ।
'ਸ਼ਬਦ ਗੁਰੂ ਦਾ ਜਾਪ ਹਿਰਦੇ ਆਪ ਦੇ
'ਰਖਦਾ ਸਦਾ ਨਿਵਾਸ, ਮੇਰੇ ਪੂਜਜ ਹੋ।'

ਸਿੰਘਾਂ ਹੱਥ ਸੁ ਜੋੜ ਸੀਸ ਨਿਵਾਇਕੇ
ਕਿਹਾ, 'ਸਿਰੀ ਜੀ, ਆਪ ਉੱਚੇ ਹੋ ਤੁਸੀਂ।
'ਅਸੀਂ ਗੁਰੂ ਦੇ ਦਾਸ, ਬੇਟੇ ਹੋ ਤੁਸੀਂ।
'ਸੇਵਾ ਸਾਨੂੰ ਸੌਂਪ ਗੁਰੂ ਨਿਵਾਜਿਆ,
'ਤੁਹਾਨੂੰ ਗੁਰ ਨੇ ਆਪ ਗੋਦ ਬਿਠਾਇਆ:
'ਫਤੇ ਨਿੰਮ੍ਰਤਾ ਨਾਲ ਅਸੀਂ ਗਜਾਂਵਦੇ।'
ਇੱਕੁਰ ਆਪਸ ਵਿੱਚ ਆਦਰ ਪਾਇਕੇ
ਕੁੱਝਕੁ ਕਹਿਕੇ ਹਾਲ ਦੇਸ ਪੰਜਾਬ ਦਾ
ਖੋਲ੍ਹੇ ਓਨ੍ਹਾਂ ਸਾਜ਼, ਕੰਨ ਮਰੋੜ ਕੇ
ਸੁਰ ਕੀਤੇ, ਤਦ ਠਾਠ ਸੋਹ੍ਣਾ ਬੱਜਿਆ
ਫੇਰ ਛੇੜਿਆ ਰਾਗ ਮੰਗਲ ਗਾਇਕੇ;
ਭਿੰਨੀ ਮਸਤ ਸੁ ਲੈਅ, ਵਿਚ ਸੁਰ ਤਾਲ ਦੇ
ਬਾਣੀ ਵਿਚ ਪਰਬੀਨ ਰਸੀਏ ਗਾਂਵਦੇ:–

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ
ਹਭੁ ਕਿਝੁ ਤਿਆਗੀ ॥ ਹਭੇ ਸਾਕ ਕੂੜਾਵੇ ਡਿਠੇ ਤਉ
ਪਲੈ ਤੈਡੈ ਲਾਗੀ ॥੧॥ {ਰਾ: ਵਾ: ਮ: ੫}

ਤੁਕ ਤੁਕ ਨੂੰ ਪਰਤਾਇ ਉਲਟ ਸੁ ਫੇਰਕੇ
ਗਾ ਗਾ ਸ੍ਵਾਦਾਂ ਨਾਲ ਕਿੰਨਾ ਕਾਲ ਹੀ
ਦੁਹਾਂ ਤੁਕਾਂ ਵਿਚਕਾਰ ਲੱਗੇ ਓ ਰਹੇ।
ਗਾਂਵਿਆਂ ਇਹ ਗੁਰਵਾਕ ਰਾਣੀ ਰਾਜ ਦੇ
ਗਿਆ ਸੀਨਿਓਂ ਲੰਘ ਵਾਂਙੂ ਤੀਰ ਦੇ,

ਚੀਰ ਕਲੇਜਾ ਪਾਰ, ਪਰਤ ਸੁ ਆਇਆ
'ਮੋਘ ਬਾਣ ਦੇ ਵਾਂਙ - ਘਾਓ ਪਾਂਵਦਾ;
ਇੱਕੁਰ ਵਜ ਵਜ ਫੇਰ ਮੁੜ ਮੁੜ ਵੱਜਦਾ।
ਉੱਧਰ ਰਾਗੀ ਸਿੰਘ ਤੁਕ ਨੂੰ ਗਾਂਵਦੇ
ਉਲਟ ਪਲਟ ਕੇ ਫੇਰ ਫਿਰ ਫਿਰ ਗਾਂਵਦੇ;
ਫਸੇ ਫੇਰ ਵਿਚਕਾਰ ਕੀਰਤਨ ਆਪਣੇ,-
ਦੋ ਘੜੀਆਂ ਤਕ ਠੀਕ ਦੋਵੇਂ ਹੀ ਤੁਕਾਂ
ਮਸਤ ਹੋਇ ਸੁਰ ਵਿੱਚ ਗਾਈ ਜਾਂਵਦੇ;
ਹੋਸ਼ ਮਸਤ ਗਈ ਹੋਇ ਵਿੱਚੇ ਰਾਗ ਦੇ।

ਸੱਚੇ ਰਾਗੀ ਏਹ ਸੁਰਤ ਨ ਸੀ ਫਸੀ
ਪੈਸਿਆਂ ਵਾਲੇ ਧਜਾਨ, ਜਾਂ ਵਿਚ ਸ਼੍ਰੋਤਿਆਂ।
ਖੁਲ੍ਹੇ ਕਬੂਤਰ ਵਾਂਙ ਸੁਰਤ ਉਡਾਰੀਆਂ
ਮਾਰ ਮਾਰ ਕੇ ਢੇਰ ਚੜ੍ਹੀ ਉਤਾਂਹ ਨੂੰ:
ਸਾਈਂ ਚਰਨਾਂ ਵਿੱਚ ਜਾਕੇ ਸੀ ਫਸੀ।
ਕਲਗੀਆਂ ਵਾਲਾ ਕੰਤ, ਦਿੱਸੇ ਸਾਮ੍ਹਣੇ,
ਉਸ ਦੇ ਲੱਗ ਧਿਆਨ ਨਿਜ ਨੂੰ ਜਾਣਕੇ
ਨਾਰੀ ਉਸ ਦੀ ਠੀਕ, ਮੱਤੇ ਪ੍ਰੇਮ ਦੇ
ਗਾਵਣ ਏਹੋ ਵਾਕ ਮੁੜ ਮੁੜ ਗਾਂਵਦੇ।
ਐਥੋਂ ਤਾਂਈਂ ਅੰਤ ਸੁਰਤ ਪਰੋਤੀਆਂ
ਹੱਥੋਂ ਛੁਟਕੇ ਸਾਜ਼ ਰਿੜ੍ਹਕੇ ਜਾ ਪਏ
ਲਗੀ ਸਮਾਧ ਅਡੋਲ ਸੱਚੇ ਰਾਗੀਆਂ।

ਉੱਧਰ ਰਾਣੀ ਰਾਜ ਹਿਰਦਾ ਵਿੱਝਿਆ
ਮਨ ਮੰਦਰ ਦੇ ਪੱਟ ਪਾਟੇ ਆ ਜਦੋਂ,
ਰਾਣੀ ਰਸਤਾ ਦੇਖ ਖੁੱਲ੍ਹਾ-ਬੰਦ ਨਾ-
ਮਾਰ ਉਡਾਰੀ ਝੱਟ ਮਾਨੋਂ ਦੇਹ ਤੋਂ
ਨਿਕਲੀ ਹੋਈ ਬਾਰ੍ਹ ਪੁਹੰਚੀ ਹੋਰਥੇ।
ਦੁਨੀਆਂ ਦੇਖੇ ਰੰਗ ਹੋਰੋਂ ਹੋਇਆ;
ਧਰਤੀ ਬੂਟੇ ਘਾਹ ਪੱਥਰ ਨੀਰ ਤੋਂ,
ਨਿਕਲੇ ਨਿਰਮਲ ਤੇਜ ਨਰਮ ਪ੍ਰਕਾਸ਼ਵਾਂ;
ਧਰਤੀ ਉੱਤੇ ਏਹ ਵਿੱਚ ਅਕਾਸ਼ ਦੇ
ਛਾਇਆ ਚਾਰ ਚੁਫੇਰ ਵਾਂਙੂ ਚਾਂਦਨੀ।
ਲਹਿਰਾਂ ਖਾਵੇ ਏਹ ਸੁੰਦਰ ਚਾਨਣਾ,
ਜਿਵੇਂ ਅਟੇਰਨ ਹੋਇ, ਤ੍ਰਿਵਲ ਕਮਾਨ ਜਾਂ।
ਦੇਖੇ ਲੋਕੀਂ ਸੱਭ ਛੱਤਾਂ ਉੱਪਰੇ
ਸੁੱਤੇ ਕਰਨ ਅਰਾਮ; ਪਸੁ ਸਬ ਪੰਛੀਆਂ
ਸੁੱਤੇ ਜਾਪਣ ਬ੍ਰਿੱਛ -ਸ੍ਰਿਸ਼ਟੀ ਸਾਰੜੀ,
ਮਾਨੋਂ ਵਿਹਲ ਅਜੀਬ ਸਾਰੇ ਹੋ ਰਹੀ।
ਏਸ ਵਿਹਲ ਦੇ ਵਿੱਚ ਚਾਰ ਚੁਫੇਰੜੇ
'ਚਰਜ ਡੌਲ ਦੇ ਲੋਕ ਸੁੰਦਰ ਸੋਹਿਣੇ
ਫਿਰਦੇ ਹੰਸਾਂ ਵਾਂਙ ਧਰਤਿ, ਪਹਾੜ ਤੇ,
ਬਣ ਬ੍ਰਿਛਾਂ ਦੇ ਵਿੱਚ ਨਦੀਆਂ ਉੱਪਰੇ,
ਉੱਡਣ ਵਿੱਚ ਹਵਾਉ ਮਾਨੋਂ ਜਾਣਦੇ
ਡੂੰਘ ਉਚਾਈ ਇੱਕ ਧਰਤੀ ਪੌਣ ਨੂੰ,
ਜਲ ਅਗਨੀ ਹੈ ਇੱਕ, ਫਰਕ ਨ ਭਾਸਨੇ।
ਧਰਾ ਨ ਪੌਣ ਅਧਾਰ ਫਿਰਨੇ ਦਾ ਉਨ੍ਹਾਂ।
ਓਹ ਚਾਨਣ ਅਦਭੁੱਤ ਐਕੁਰ ਜਾਪਦਾ
ਜਿੱਕੁਰ ਆਸ੍ਰਾ ਹੋਇ ਉਨ੍ਹਾਂ ਦਿ ਚਾਲ ਦਾ।
ਮਸਤ ਖੁਸ਼ੀ ਵਿਚਕਾਰ ਹਸਮੁਖ ਮੁੱਖੜੇ
ਖਿੜੇ ਮੱਥਿਆਂ ਨਾਲ ਸਾਰੇ ਗਾਂਵਦੇ
ਪ੍ਰਭੁ ਦੀ ਸੋਭ ਅਪਾਰ ਸਿਫਤ ਵਡਾਈਆਂ
ਗਾਵਣ ਰਾਗੀ ਵਾਕ ਜੋ ਸਨ ਦਿੱਸਦੇ
ਏ ਗਾਂਦੇ ਸਨ ਨਾਲ ਪਰ ਅਣਦਿੱਸਦੇ।

ਕਈ ਤੇਜੱਸ੍ਰੀ ਲੋਕ ਰਾਣੀ ਵੇਖਦੀ
ਭਲਿਆਂ ਲੋਕਾਂ ਪਾਸ ਸੁੱਤੇ ਪਏ ਜੋ
ਸਹਿਜੇ ਜਾਇ ਖੜੋਨ ਸਿਰ ਦੇ ਪਾਸੜੇ
ਕੰਨ ਸੰਦੇਸੇ ਪਾਣ, ਹਥ ਸਿਰ ਫੇਰਦੇ।
ਰਾਣੀ ਦੇਖੇ ਫੇਰ ਦੇਹੀ ਓਸ ਤੋਂ
ਓਹੋ ਜੇਹਾ ਜੀਵ ਪਰ ਅਤਿ ਸੂਖਮੰ
ਹਲਕਾ, ਸੁਥਰਾ, ਸਾਫ਼ ਬਾਹਰ ਨਿੱਕਲੇ
ਰਲ ਉਨ੍ਹਾਂ ਦੇ ਨਾਲ ਮਾਣੇ ਰੰਗ ਓ,
ਬਿਨਤੀ ਕਰੇ ਉਚਾਰ ਸ਼ੁਕਰ ਗੁਜ਼ਾਰਦਾ,
ਫਿਰ ਸਾਂਈਂ ਗੁਣ ਗਾਇ ਗੀਤ ਅਲਾਪਦਾ।
ਇੱਕੁਰ ਕੁਈ ਕੁਈ ਜੀਵ ਦੇਹੋਂ ਨਿੱਕਲੇ
ਫਿਰਨ ਸੁਤੰਤਰ ਓਹ ਮੌਜਾਂ ਮਾਣਦੇ।

ਦੋਹਾਂ ਪਈਆਂ ਠੀਕ ਉੱਕਰ ਲੰਮੀਆਂ
ਧੀਮੇਂ ਲੈਂਦੀਆਂ ਸ੍ਵਾਸ ਨੀਂਦਰ ਸੁੱਤੀਆਂ,
ਪਰ ਇਕ ਤਿੱਲੇ-ਦਾਰ ਵਾਂਙੂ ਤਾਰ ਸੀ
ਦੇਹ ਤੇ ਇਨ੍ਹਾਂ ਵਿਚਾਲ ਨੂਰੀ ਵੰਨ ਦੀ
ਟੁੱਟਣ ਦੇਇ ਸਬੰਧ ਦੇਹ ਤੋਂ ਨਾ ਇਨ੍ਹਾਂ।
ਕਿਸੇ ਕਿਸੇ ਦਾ ਸ੍ਵਾਸ ਧੀਮਾਂ ਐਤਨਾ

ਮਾਨੋਂ ਨਹੀਂ ਸੁਆਸ ਜੀਕੂੰ ਆ ਰਿਹਾ;
ਪਰ ਸਨ ਜੀਉਂਦੇ ਓਹ, ਅੰਦਰ ਸ੍ਵਾਸ ਸੀ।
ਅਚਰਜ ਕੌਤਕ ਦੇਖ ਅਚਰਜ ਹੋਂਵਦੀ
ਕਈਕੁ ਥਾਂਈਂ ਆਪ ਪਹੁੰਚੀ ਰਾਜ ਸੀ
ਜਿੱਥੇ ਦੇਹੀ ਲਾਗ ਬੈਠੇ ਲੋਕ ਓ।
ਉਸ ਦੇਹੀ ਤੋਂ ਆਇ ਗੰਧੀ ਸੋਹਿਣੀ।
ਜਿਸ ਦੇਹੋਂ ਖੁਸ਼ਬੋਇ ਨਾਹੀਂ ਆਂਵਦੀ,
ਉਸਨੂੰ ਛੇੜਨ ਨਾਹਿੰ ਰਹਿਣ ਦੁਰਾਡ ਓ।
ਐਸਾ ਕੁਈ ਸਰੀਰ ਜਿਸਤੋਂ ਆਂਵਦੀ
ਬਹੁਤ ਬੁਰੀ ਬਦਬੋਇ ਲਗੇ ਅਞੌਲਵੀਂ,
ਉਸਤੋਂ ਰਹਿੰਦੇ ਦੂਰ ਪੁਤਲੇ ਨੂਰ ਓ।
ਬੂਟੀ ਗੰਧੀਦਾਰ ਨੇੜੇ ਓਸਦੇ
ਦੂਰੋਂ ਦੇਂਦੇ ਸਿੱਟ, ਫਿਰ ਨਾ ਆਂਵਦੀ
ਦੁਰਗੰਧੀ; ਪਰ ਓਹ ਤਦ ਬੀ ਦੂਰ ਹੀ
ਰਹਿੰਦੇ ਆਪ ਬਚਾਇ ਚੋਖੀ ਵਿੱਥ ਤੇ।

ਤਕ ਏ ਕੌਤਕ ਆਪ ਰਾਣੀ ਸੋਚਦੀ:-
'ਕੀ ਰਚਿਆ ਹੈ ਖੇਲ ਸਾਈਂ ਸੋਹਿਣੇ?
'ਇਹ ਸਭ ਗਾਵਨ ਰਾਗ ਸਿਫਤ ਸਲਾਹ ਦੇ,
'ਪਰ ਸੁਣਦੇ ਨਾ ਕੰਨ ਸੁਣਦਾ ਹੈ ਰਿਦਾ।'

ਐਸੀ ਸੋਭਾ ਛਾਇ ਰਹੀ ਚੁਫੇਰੜੇ,
ਮਾਨੋਂ ਲੱਗੀ ਜੀਭ ਸਾਰੀ ਪੌਣ ਨੂੰ।
ਇਸ ਵਿਚ ਮੌਜ ਅਪਾਰ ਰਾਣੀ ਹੋ ਖੁਸ਼ੀ;
ਹੁਣ ਲੱਗੀ ਚੌਫੇਰ ਢੂੰਡਣ ਪਜਾਰੜਾ,
ਕਿਧਰੇ ਦਿੱਸੇ ਕੰਤ ਫਿਰਦਾ ਸੋਹਿਣਾ।
ਸੁਹਣੇ ਦਿੱਸਣ ਸੱਭ ਪਜਾਰੇ ਰੱਬ ਦੇ,
ਪ੍ਰਭੁ ਦੀ ਸਿਫਤ ਸਲਾਹ ਹਰਿ ਗੁਣ ਗਾਂਵਦੇ,
ਮਾਨੋਂ ਹੈਵੇ ਰਾਗ ਨਿਜ ਨੂੰ ਗਾ ਰਿਹਾ:
ਪਰ ਨਾ ਦਿੱਸੇ ਕੰਤ ਕਿਧਰੇ ਸੋਹਿਣਾ।

ਰਾਣੀ ਲੱਗੀ ਢੂੰਡ; ਉੱਧਰ ਰਾਗੀਆਂ
ਲੀਤੀ ਸੁਰਤ ਸੰਭਾਲ ਤੇ ਸਾਵਧਾਨ ਹੋ
ਲੀਤੇ ਸਾਜ਼ ਸੰਭਾਲ ਫਿਰ ਸੁਰ ਛੇੜਦੇ:
ਆਸਾ ਰਾਗ ਵਿਚਾਲ ਸੋਦਰ ਗਾਂਵਦੇ।
ਜਿਉਂ ਜਿਉਂ ਗਾਵਣ ਓਹ ਸੋਦਰ ਦੀ ਤੁਕਾਂ;
-ਜਿਸ ਵਿਚ ਹਰ ਹਰ ਚੀਜ਼ ਦੱਸੀ ਐਕੁਰਾਂ
ਕੇ ਉਹ ਪ੍ਰਭੁ ਸੰਗੀਤ ਹੈਵੇ ਗਾ ਰਹੀ-
ਤਿਉਂ ਤਿਉਂ ਓਹੋ ਚੀਜ਼ ਦਿੱਸੇ ਗਾਂਵਦੀ
ਪ੍ਰਭੁ ਦੀ ਸੋਭ ਅਪਾਰ ਰਾਣੀ ਸਾਮ੍ਹਣੇ
ਰਾਗ ਪਰੀ ਪਰਵਾਰ ਦਿੱਸੇ ਗਾਂਵਦਾ,
ਧਰਤਿ, ਬਸੰਤਰ, ਪੌਣ, ਸਭ ਵਿਚ ਨਾਦ ਸੇ
ਈਸੁਰ, ਬ੍ਰਹਮਾ, ਪੌਣ, ਇੰਦ, ਇੰਦਾਸਣਾਂ,
ਦੇਵਤਿਆਂ ਦੇ ਨਾਲ ਸਿੱਧ, ਸਮਾਧੀਆਂ
ਸਾਧ, ਜਤੀ ਤੇ ਸੰਤ ਬੀਰ, ਸੰਤੋਖੀਏ,
ਪੰਡਤ, ਰਿਖੀ, ਗਿਆਨ, ਸ੍ਵਰਗੀ ਲੋਕ ਸੇ,
ਮਾਤਲੋਕ ਪਾਤਾਲ ਰਤਨ ਸੁ ਤੀਰਥੰ
ਜੋਧੇ ਬਲੀ ਮਹਾਨ, ਚਾਰੇ ਖਾਣੀਆਂ,
ਖੰਡ ਮੰਡਲ, ਬ੍ਰਹਮੰਡ, ਹੋਰ ਅਨੇਕ ਹੀ
ਗਿਣਤੀਓਂ ਜੋ ਸੇ ਬਾਰੁ ਸੱਭੇ ਗਾਂਵਦੇ।
ਰਾਗੀ ਗਾਵਣ ਰਾਗ ਇੱਧਰ ਸੋਹਿਣੇ
ਉਧਰ ਤੱਕੇ ਰਾਜ ਓ ਬੀ ਗਾ ਰਹੇ।
ਇੱਕੁਰ ਮੌਜਾਂ ਦੇਖ ਹਰਿ ਗੁਣ ਗਾਂਵਦੀ
ਕਰਦੀ ਕੰਤ ਤਲਾਸ਼ ਰਾਣੀ ਰਾਜ ਸੀ।
ਹੁਣ ਰਾਗੀਆਂ ਨੇ ਭੋਗ ਸੀ ਰਹੁਰਾਸ ਦਾ
ਪਾਯਾ ਹਿਤ ਚਿਤ ਨਾਲ ਪ੍ਰੇਮ ਪੁਰੋਤਿਆਂ।
ਰਾਧਾਂ ਗੋਲੀ ਪਾਸ ਬੈਠੀ ਸੀ ਰਹੀ,
ਰਾਗ ਰਸਿਕ ਸੀ ਓਹ ਰਾਧਾਂ ਬੀ ਸਖੀ;
ਉਸਤੇ ਬੀ ਤਾਸੀਰ ਐਸੀ ਹੋ ਗਈ
ਮੂਰਤ ਪੱਥਰ ਵਾਂਗ ਹੁਈ ਅਡੋਲ ਓ
ਮਸਤ ਰਾਗ ਦੇ ਰੰਗ; ਪਰ ਜਦ ਭੋਗ ਦਾ
ਵੇਲਾ ਆਇਆ ਐਉਂ ਹਥ ਬੰਨ੍ਹ ਬੋਲਦੀ,


www.sikhbookclub.com

'ਇੱਕ ਸ਼ਬਦ ਇਕ ਹੋਰ ਗਾਂਵੋਂ ਸੱਚਿਓ !
'ਚਰਨਾਂ ਤੋਂ ਬਲਿਹਾਰ ਘੋਲੀ ਜਾਉਂ ਮੈਂ।'
ਰਾਗੀਆਂ ਨੇ ਸੁਣ ਪ੍ਰੇਮ ਵਾਲੀ ਬੇਨਤੀ
ਸ਼ਬਦ ਛੇੜਿਆ ਹੋਰ ਮਨ ਨੂੰ ਮੋਹਿਣਾ–

ਕਾਨੜਾ ਮਹਲਾ ੫ ॥

ਚਰਨ ਸਰਨ ਦਇਆਲ ਠਾਕੁਰ ਆਨ ਨਾਹੀ ਜਾਇ ॥ ਪਤਿਤ ਪਾਵਨ ਬਿਰਦੁ ਸੁਆਮੀ ਉਧਰਤੇ ਹਰਿ ਧਿਆਇ ॥੧॥ ਰਹਾਉ ॥ ਸੈਸਾਰ ਗਾਰ ਬਿਕਾਰ ਸਾਗਰ ਪਤਿਤ ਮੋਹ ਮਾਨ ਅੰਧ ॥ ਬਿਕਲ ਮਾਇਆ ਸੰਗਿ ਧੰਧ ॥ ਕਰੁ ਗਹੇ ਪ੍ਰਭ ਆਪਿ ਕਾਢਹੁ ਰਾਖਿ ਲੇਹੁ ਗੋਬਿੰਦ ਰਾਇ ॥੧॥ ਅਨਾਥ ਨਾਥ ਸਨਾਥ ਸੰਤਨ ਕੋਟਿ ਪਾਪ ਬਿਨਾਸ ॥ ਮਨਿ ਦਰਸਨੈ ਕੀ ਪਿਆਸ ॥ ਪ੍ਰਭ ਪੂਰਨ ਗੁਨਤਾਸ ॥ ਕ੍ਰਿਪਾਲ ਦਇਆਲ ਗੁਪਾਲ ਨਾਨਕ ਹਰਿ ਰਸਨਾ ਗੁਨ ਗਾਇ ॥੨॥੨॥੪੧॥

ਇਧਰ ਰਾਗੀਆਂ ਏਹ ਸ਼ਬਦ ਅਲਾਪਿਆ,
ਉੱਧਰ ਰਾਣੀ ਲੀਨ ਆਤਮ ਰੰਗ ਹੈ,
ਦੇਖੇ ਕੀ ? ਸਭ ਦੇਵ ਯਾ ਸਭ ਤੇਜਸੀ
ਯਾ ਕੁਝ ਆਖੋ ਹੋਰ ਲੋਕ ਅਦਿੱਸਦੇ
ਸਭ ਕੱਠੇ ਇਕ ਥਾਉਂ ਹੋਇ ਖਲੋ ਗਏ,
ਗਲ ਪੱਲੇ ਹਥ ਜੋੜ ਅੱਖਾਂ ਮੀਟ ਕੇ
ਸਿਰ ਨੀਵਾਂ ਕਰ ਹੇਠ ਬਿਨੈ ਸਰੂਪ ਹੋ;
ਸਭ ਨੇ ਮਿਲ ਗੁਰਵਾਕ ਏਹੋ ਉਪ੍ਰਲਾ
ਮਨ ਨੀਵੇਂ ਦੇ ਨਾਲ ਪ੍ਰੇਮੇ ਗਾਵਿਆਂ।
ਗੁਰੂ ਸ਼ਬਦ ਦਾ ਭੋਗ ਜਦ ਸੀ ਪੈ ਗਿਆ
ਪਜਾਰ ਭਰੀ ਡੰਡੌਤ ਕੀਤੀ ਸਾਰਿਆਂ
ਫਿਰ ਸਾਰੇ ਹੀ ਉੱਠ ਸ਼ੁਕਰ ਉਚਾਰਦੇ।
ਹੁਣ ਦੇਖੇ ਕੀ ਰਾਜ ਵਰਤੇ ਕੌਤਕੰ,–
ਓਹ ਸਾਰੇ ਹੀ ਲੋਕ ਜਾਂਦੇ ਲੋਪਦੇ,–
ਦਿਸਦੇ ਦਿਸਦੇ ਓਹ ਹੋ ਅਣਦਿੱਸਦੇ,
ਬਦਲੀ ਜਿਵੇਂ ਅਕਾਸ਼ ਘੁਲਮਿਲ ਜਾਂਵਦੀ।
ਫਿਰ ਇਕ ਆਈ ਵਾਜ ਸੁੰਦਰ ਗੂੰਜਦੀ
ਜਿੱਕੁਰ ਹੋਵੇ ਰਾਗ ਆਪੇ ਬੋਲਦਾ:–

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥
{ਗੁ: ਮ:੫}

ਫਿਰ ਹੋਇਆ ਦ੍ਰਿਸ਼ ਦੂਰ ਛੇਤੀ ਖਜੂਣ ਤੋਂ।
ਬਿਜਲੀ ਲਿਸ਼ਕੇ ਬਾਦ ਅੱਖਾਂ ਸਾਮ੍ਹਣੇ
ਜਿੱਕੁਰ ਆਇ ਹਨੇਰ ਬਹੁਤਾ ਪੈਲ੍ਹਿਓਂ,
ਤਿੱਕੁਰ ਇਸਦੇ ਬਾਦ ਰਾਣੀ ਅੱਖੀਆਂ

ਅੱਗੇ ਛੱਲੇ ਆਣ ਬੱਝ ਹਨ੍ਹੇਰ ਦੇ;
ਘਾਬਰ ਖੋਲ੍ਹੇ ਨੈਣ 'ਨ੍ਹੇਰਾ ਦੇਖਦੀ;
ਇਕੁਰ ਲਾ ਲਾ ਜ਼ੋਰ ਖੁੱਲ੍ਹੇ ਨੈਣ ਸੇ।
ਦੇਖੇ ਰਾਣੀ ਸਾਫ਼ ਹੁਣ ਹੈ ਰਾਗੀਆਂ
ਪਾਇਆ ਕੀਰਤਨ ਭੋਗ ਵਾਚ ਸਲੋਕ ਨੂੰ–
ਪੌੜੀ ਲਾਈ ਅੰਤ ਨਾਲ ਮ੍ਰਿਯਾਦ ਦੇ।
ਰਾਣੀ ਰਿਦਾ ਅਨੰਦ ਸ਼ੁਕਰਾਂ ਵਿੱਚ ਸੀ;
ਸ਼ੁਕਰ ਰਾਗੀਆਂ ਜੋਗ ਕਰਨਾ ਚਾਹੁੰਦੀ;
ਪਰ ਨਾ ਸੱਕੀ ਬੋਲ ਰਸ ਵਿਚ ਮੱਤੜੀ,
ਸ਼ੁਕਰ ਭਰੀ ਅਖ ਨਾਲ ਓਧਰ ਤੱਕ ਕੇ
ਮਾਨੋਂ ਦ੍ਰਿਸ਼ਟੀ ਨਾਲ ਸ਼ੁਕਰ ਉਚਾਰਦੀ।
ਓਹ ਸੇ ਸਜਾਣੇ ਢੇਰ ਸਮਝੇ ਭਾਵ ਨੂੰ,
ਲਖ ਗਏ ਹਿਰਦੇ ਵਿੱਚ ਖੀਵੇ ਹੋ ਗਏ।
ਇਹ ਰਾਗੀ ਗੰਭੀਰ ਪੰਥ ਰਤੰਨ ਸੇ,
ਰਾਣਾ ਸੂਰਤ ਸਿੰਘ ਕਰਦਾ ਪਜਾਰ ਸੀ
ਇਨ੍ਹਾਂ ਰਾਗੀਆਂ ਨਾਲ ਬਹੁਤਾ ਅੰਦਰੋਂ;
ਆਤਮ ਜੀਵਨ ਵਿੱਚ ਪੂਰੇ ਲੋਕ ਸੇ,
ਕੀਰਤਨ ਕਰਦੇ ਏਹ ਜਦ ਗੁਰ–ਬਾਣੀਆਂ
ਨਾਲ ਭਾਵ ਦੇ ਆਪ ਜੁੜ ਸੇ ਜਾਂਵਦੇ।
ਸੁਰਤ ਸ਼ਬਦ ਸੁਰ ਨਾਲ ਨਾਲੇ ਭਾਵ ਦੇ
ਲਯ ਹੁੰਦੀ ਲਯ ਨਾਲ ਗਾਵਣ ਵੇਲੜੇ।
ਓਹ ਫਿਰ ਰਾਗ ਅਨੂਪ ਸੁਰਤ ਸਰੋਤਿਆਂ
ਦੀ ਪ੍ਰੋ ਲੈਂਦਾ ਨਾਲ ਕੀਰਤਨ ਵਿੱਚ ਸੀ,
ਭਾਵ ਸ਼ਬਦ ਵਿਚ ਲੀਨ ਕਰਦਾ ਸੱਭ ਨੂੰ।
ਜੋ ਅੰਮ੍ਰਿਤ ਭਰਪੂਰ ਸ਼ਬਦਾਂ ਵਿੱਚ ਹੈ
ਸਤਿਗੁਰ ਕੀਤਾ ਆਪ ਲੁਕਿਆ ਸੋ ਰਹੇ;
ਕੁਝ ਖੁਲ੍ਹਦਾ ਹੈ ਓਹ ਪੜ੍ਹਿਆਂ ਪਾਠ ਦੇ,
ਕੁਝ ਕਰ ਅਰਥ ਵਿਚਾਰ ਪਰਗਟ ਹੋਂਵਦਾ;
ਕੁਝ ਕੀਰਤਨ ਦੇ ਨਾਲ ਹੋਇ ਪ੍ਰਤੱਖ ਹੈ;


www.sikhbookclub.com

ਸਾਰਾ ਕਰਨੀਂ ਨਾਲ ਸਮਝੇ ਆਂਵਦਾ।
ਪਰ ਰਾਗੀ ਇਸ ਡੌਲ ਵਾਲੇ ਆਮ ਨਾ
ਕਰ ਸੱਕਣ ਜੋ ਕਾਰ ਆਤਮ ਵੰਨ ਦੀ।
ਏਨ੍ਹਾਂ ਦਾ ਸਤਿਕਾਰ ਸੀ ਇਸ ਕਾਰਨੇ
ਪੰਥ ਵਿਖੇ, ਸਭ ਲੋਕ ਕਰਦੇ ਪਜਾਰ ਸੇ।
ਸ਼ਬਦ-ਰਸੀਅੜਾ ਸੰਤ ਰਾਣਾ ਆਪ ਸੀ
ਕਦਰ ਇਨ੍ਹਾਂ ਦਾ ਅੱਤਿ ਕਰਦਾ ਹੋਂਵਦਾ
ਰਾਣੀ ਨੂੰ ਬੀ ਸਜਾਣ ਪਹਿਲੋਂ ਤੋਂ ਸਿਗੀ,-
'ਏ ਰਾਗੀ ਹਨ ਸੰਤ ਰਸੀਏ ਨਾਮ ਦੇ;'
ਤਦੇ ਸੁਣਦਿਆਂ ਨਾਮ ਪਦ 'ਸੰਗੀਤ' ਦਾ
ਰਾਣੀ ਲੀਤਾ ਸਜਾਣ ਛੇਤੀ ਸੀ ਇਨ੍ਹਾਂ।
ਪਰ ਅਜ ਰਾਧਾਂ ਨਾਲ ਲੀਤਾ ਜਾਣ ਹੈ,
ਏ ਹੈਵਨ ਅਵਤਾਰ ਕੋਈ ਰਾਗ ਦੇ।
ਰਾਧਾਂ ਰਾਣੀ ਵਿੱਚ ਵਿੱਥ ਨ ਹੈ ਰਤੀ।
ਸ੍ਵਾਮੀ ਨਾਲ ਪਿਆਰ ਸ੍ਵਾਮੀ ਨਾਲ ਹੀ
ਕਰਦਾ ਹੈ ਇਕ ਭੇਤ -ਪਰਦੇ ਰੈਣ੍ਹ ਨਾ।

ਹੁਣ ਰਾਤ੍ਰੀ-ਆਰਾਮ ਓਹਨਾਂ ਵਾਸਤੇ
ਰਾਧਾਂ ਤਾਈਂ ਸੌਂਪ ਸਾਰੀ ਹੋ ਗਈ।
ਰਾਣੀ ਹਿੱਸਾ ਆਪ ਲੀਤਾ ਸੇਵ ਦਾ;
ਸ਼ਬਦ ਗੁਰੂ-ਸਤਿਕਾਰ ਕੀਤਾ ਸੋਹਿਣਾ !
ਸ਼ਬਦਜੇ ਸ਼ਬਦ ਸੁ ਨਾਲ ਸੋਭਾ ਪਾ ਰਹੇ।

ਪਹਿਰ ਰਹੀ ਜਦ ਰਾਤ ਮਹਿਲਾਂ ਵਿੱਚ ਹੀ
ਇਕ ਅਤਿ ਲੁਕਵੇਂ ਥਾਂਉਂ ਰਾਧਾਂ ਸਾਜਿਆ
ਸਾਰਾ ਸਾਜ ਸਮਾਨ ਕੀਰਤਨ ਹੋਣ ਦਾ।
ਉਨ੍ਹਾਂ ਰਾਗੀਆਂ ਓਸ ਗੁਪਤੇ ਥਾਂਉਂ ਤੇ
ਆ ਲਾਈ ਫਿਰ ਵਾਰ ਆਸਾ ਰਾਗ ਦੀ।
ਇਕ ਮਾਤਾ ਇਕ ਆਪ ਤੀਜੀ ਰਾਧਕਾਂ
ਚੌਥਾ ਕੁਈ ਨਾ ਹੋਰ ਓਥੇ ਸੱਦਿਆ।
ਵਾਰ ਓਸ ਹੀ ਡੌਲ ਹੁਈ ਉਚਾਰ ਸੀ
ਜਿਵੇਂ ਕੱਲ ਸੀ ਸੰਝ ਕੀਰਤਨ ਹੋਇਆ।
ਦਿਨ ਚੜ੍ਹਦੇ ਦੇ ਬਾਦ ਆਦਰ ਨਾਲ ਓ
ਰਾਗੀ ਹੋਇ ਵਿਦਾਅ ਓਥੋਂ ਗਜੇ ਚਲੇ,
ਖ਼ਬਰ ਨਹੀਂ ਕਿਸ ਦਾਉ ਕਿਹੜੇ ਦੇਸ਼ ਨੂੰ।
ਪਰ ਰਾਣੀ ਉਸ ਰੋਜ਼ ਨਿਜ ਦੇ ਦਾਸ ਨੂੰ
ਜਿਸ ਪਰ ਸੀ ਇਤਬਾਰ ਪੱਕਾ ਨਿੱਤ ਤੋਂ
ਦੇਕੇ ਕਈ ਹਜ਼ਾਰ ਤੋਰਜਾ ਦੇਸ਼ ਨੂੰ।
ਪੰਥ ਵਿਖੇ ਸੀ ਲੋੜ ਮਾਜਾ ਦੀ ਪਈ
ਜਿਸਦੀ ਲੱਭੀ ਸੂੰਹ ਪਾਸੋਂ ਰਾਗੀਆਂ
ਰਾਣੀ ਨੂੰ, ਕਰ ਪੁੱਛ ਹਾਲਤ ਪੰਥ ਦੀ।
ਇਸ ਕਰਕੇ ਉਸ ਰਾਜ ਮਤੀ ਪ੍ਰੇਮ ਨੇ,
ਮਾਯਾ ਭੇਟਾ ਆਪ ਘੱਲੀ ਪੰਥ ਨੂੰ।

ਸਫਲ ਰਾਗਨੀ ਰਾਗ ਰਾਗੀ ਨਾਲ ਬੀ
ਜੋ ਜਦ ਕਰਨ ਉਚਾਰ ਸ੍ਰੀ ਗੁਰ ਵਾਕ ਦਾ
ਸ਼ਬਦ ਵਿਖੇ ਲਿਵਲੀਨ ਹਨ ਜੋ ਜਾਂਵਦੇ।
ਰਸੀਏ ਹੋਕੇ ਆਪ ਰਸ ਵਿੱਚ ਮੱਤੜੇ
ਰਸ-ਆਤਮ ਵਿਚ ਲੀਨ ਕਰਨ ਸਰੋਤਿਆਂ।
ਪੇਵੰਦ ਸਾਈਂ ਨਾਲ ਆਪ ਸੁ ਹੋਇਕੇ
ਜੁੜਨ ਨ ਮਾਯਾ ਨਾਲ, ਜੋੜਨ ਹੋਰਨਾਂ
ਨਾਲ ਪ੍ਰਭੂ ਦੇ ਏਹ ਜੋੜਨ ਵਾਲੜੇ।

## ੨੪. ਝਿਲਮਿਲੇ ਚੱਕਰ

ਤਾਰੇ ਵਿੱਚ ਅਕਾਸ਼ ਜਿਉਂ ਫੁੱਲਾਂ ਖਿੜੇ,
ਧਰਤੀ ਖਿੜ ਰਹੇ ਫੁੱਲ ਖਿੜੇ ਜਜੁੰ ਤਾਰਿਆਂ ;
ਵਿੱਥ ਦੁਹਾਂ ਵਿਚਕਾਰ ਪਈ ਅਮੇਣਵੀਂ।
ਵਿਥ ਦਾ ਇਹ ਮੈਦਾਨ ਖੁਲ੍ਹਾ ਅਗੋਣਵਾਂ
ਚਾਨਣ- ਤਾਰਿਆਂ ਨਾਲ ਭਰਿਆ ਦਿੱਸਦਾ,
ਜੋ ਮੱਧਮ ਪਰਕਾਸ਼ ਹੈ, ਨਹੀਂ ਤਿੱਖੜਾ।
ਇਸ ਚਾਨਣ ਨੂੰ ਆਇ ਚੰਦ ਦੀ ਚਾਂਦਨੀ
ਦਿੱਤਾ ਰੂਪ ਦਿਖਾਇ ਅਪਣਾ ਸੋਹਿਣਾ,
ਧਰਤੀ ਅਰ ਆਕਾਸ਼ ਵਿਚਲੇ ਪੋਲ ਦੇ
ਕਲਾਬਾਜ਼ੀਆਂ ਲਾਇ ਖੇਡੇ ਚਾਂਦਨੀ:
ਵਾਂਙ ਮਦਾਰੀ ਹੇਠ ਰੱਖੇ ਪੈਰ ਹੈ

ਫੁੱਲਾਂ ਉਪਰ ਏਹ ਸਹਿਜੇ ਛੋਪਲੇ,–
ਉਪਰ ਤਾਰਿਆਂ ਨਾਲ ਅੱਖ ਲੜਾਉਂਦੀ
ਭੋਂ ਦਾ ਖ਼ਾਕੀ ਰੰਗ ਕੱਜੇ ਚਾਂਦਨੀ
ਮਾਨੋਂ ਚਾਦਰ ਸਾਫ਼ ਸ੍ਵੇਤ ਵਿਛਾਂਵਦੀ;
ਉੱਪਰ ਨੀਲਾ ਰੰਗ ਏਸ ਫਬਾਇਆ
ਜਿਵੇਂ ਚੰਦੋਆ ਤਾਣ ਰੁਾਲੇ ਸ੍ਵੇਤ ਦਾ।
ਮਿੱਟੀ ਛੁਹੇ ਨ ਮੂਲ ਉਸਦੀ ਦੇਹ ਨੂੰ,
ਨੀਲ ਨ ਲਾਵੇ ਦਾਗ਼ ਇਸਦੇ ਰੂਪ ਨੂੰ;
ਨੀਲ ਖ਼ਾਕ ਵਿਚਕਾਰ ਦਾਗ਼ੋਂ ਰੈਤੂ ਹੋ
ਖੇਡ ਰਹੀ ਹੈ ਏਹ ਸੁੰਦਰ ਚਾਂਦਨੀ।
ਪਰ ਹੈ ਤਿੱਖੀ ਖੇਡ ਨਜ਼ਰ ਨ ਆਂਵਦੀ;
ਜਿਉਂ ਜਾਲੀ ਤੇ ਚਾੜ੍ਹ ਲਾਟੂ ਛੱਡਿਆ
ਜਾਪੇ ਚੁੱਪ ਅਡੋਲ, ਤਿਉਂ ਹੈ ਚਾਂਦਨੀ
ਜਾਪੇ ਖੜੀ ਅਡੋਲ ਚੁੱਪ ਚੁਪਾਤੜੀ।
ਏਸ ਚਾਂਦਨੀ ਵਿੱਚ ਨਿਖਰੀ ਰਾਤ ਓ
ਚੁਪ ਦੇ ਰਥ ਤੇ ਬੈਠ ਤੁਰੇ ਮਲੱਕੜੇ,
ਜਿਉਂ ਅਤਿ ਡੂੰਘੇ ਥਾਂਉਂ ਪਾਣੀ ਰੌ ਵਹੇ
ਜੋ ਵਹਿੰਦਾ ਤਾਂ ਜਾਇ, ਜਾਪੇ ਹੈ ਖੜਾ।
ਜਾਂ ਜੀਵਨ ਹੈ ਨੈਂ ਜਿੱਕੁਰ ਜਾਂਵਦੀ;
ਜਾਂ ਉਮਰਾਂ ਦੀ ਧਾਰ ਵਹਿੰਦੀ ਚੁੱਪ ਹੈ।
ਜਿਉਂ ਖਾਂਦੀ ਹੈ ਗੇੜ ਵਿੱਚ ਅਕਾਸ਼ ਦੇ
ਤਾਰਾ ਮੰਡਲ ਆਪ ਚੁੱਪ ਚੁਪਾਤੜਾ;
ਜਿਉਂ ਧਰਤੀ ਦੀ ਚਾਲ, ਸੂਰਜ ਵੇਗ ਹੈ,
ਨਜ਼ਰ ਨ ਆਵਨ ਮੂਲ ਪਰ ਹਨ ਧਾ ਰਹੇ
ਤਿੱਕੁਰ ਜਾਂਦੀ ਰਾਤ ਹੈ ਨਹਿੰ ਭਾਸਦੀ।
ਪਿਛਲਾ ਬੀਤਜਾ ਕਾਲ ਐਕੁਰ ਜਾਪਦਾ।
ਜਿੱਕੁਰ ਸੁਪਨਾ ਕੋਇ ਜਾਪੇ ਜਾਗਿਆਂ।
ਆਵਨ ਵਾਲਾ ਕਾਲ ਭਾਸੇ ਐਕੁਰਾਂ
ਪੋਥੀ ਜਿੱਕੁਰ ਬੰਦ ਕੋਈ ਹੋਂਵਦੀ।
ਵਰਤਮਾਨ ਦਾ ਕਾਲ– ਹੁਣ ਦਾ ਜੋ ਸਮਾਂ–
ਏਹੋ ਦਿੱਸੇ ਸਾਫ਼ ਖਿੜਿਆ ਸਾਮ੍ਹਣੇ।
ਇਕ ਪਲ, ਇਸਤੋਂ ਘੱਟ, ਅੱਖੀਂ ਫੋਰ ਜਾਂ,
ਇਸਨੂੰ ਸਕੀਏ ਆਖ 'ਹੁਣ' ਦਾ ਹੈ ਸਮਾਂ,
ਇਸ ਪੁਰ ਸਾਡਾ ਜ਼ੋਰ ਸਾਡਾ ਵੱਸ ਹੈ,
ਭਾਵੇਂ ਲਾਈਏ ਏਹ ਚੰਗੇ ਕੰਮ ਤੇ
ਭਾਵੇਂ ਮੰਦੇ ਲਾਇ ਮੰਦ ਸਹੇੜੀਏ।
ਅੱਖ ਝਮੱਕਣ ਵਿੱਚ ਇਸਨੇ ਲੰਘਣਾ,
ਜਾਂ ਇਸ ਤੋਂ ਬੀ ਤੇਜ਼ ਹੈ ਇਸ ਜਾਵਣਾ।
ਪਰ ਨਾ ਹੋ ਪਰਤੀਤ ਇਸਦਾ ਲੰਘਣਾ,
ਕਦਰ ਨਾ ਸਕੀਏ ਪਾਇ ਇਸ 'ਹੁਣ' ਦੀ ਅਸੀਂ।
ਹਾਂ ਜਦ ਆਊ ਮੌਤ ਓਦੋਂ ਹੋਵਸੀ
ਇਸਦੀ ਕਦਰ ਮਲੂਮ ਸਾਨੂੰ ਸਾਰੜੀ,
ਜਿਸਨੂੰ 'ਛਿਨ' ਭਰ ਜਾਣ ਨਿੱਤ ਗਵਾਈਏ।
ਇਸ ਛਿਨ ਛਿਨ ਨੇ ਲੰਘ ਲੰਮਾ ਬੌੜੂ ਹੀ
ਲਿਆ ਬਣਾ ਜ਼ੰਜੀਰ –ਐਵੇਂ ਜੋ ਗਿਆ–
ਛਿਨਛਿਨ ਬਣਬਣ ਸਾਲ ਉਮਰ ਬਿਲਾ ਗਈ,
ਸਮਝ ਨ ਆਈ ਹਾਇ, ਜਦ ਸੀ ਜਾ ਰਹੀ,
ਚੁਪਕੇ ਬੇਮਾਲੂਮ ਉਮਰਾ ਸਾਡੜੀ,
ਮੌਤ ਜਾਗ ਜਦ ਆਇ ਪੈਂਦੀ ਸੂਝ ਤਾਂ।
ਤਿੱਕੁਰ ਰਾਣੀ ਰਾਜ ਇਕ ਦਿਨ ਸੁੱਤੜੀ
ਸੁਪਨੇ ਵਿੱਚ ਅਨੇਕ ਕੌਤਕ ਵੇਖਦੀ,
ਜਾਣੇ ਓਨ੍ਹਾਂ ਸੱਚ ਸਮਝੇ ਮੂਲ ਨਾ,–
ਸਮਾਂ ਬੀਤਦਾ ਜਾਇ ਛਿਨ ਛਿਨ ਹੋਇਕੇ,
ਸੁਪਨੇ ਪਰਚੇ ਵਿੱਚ ਉਸ ਨਾ ਜਾਣਿਆ
ਸਮਾਂ ਬੀਤਦਾ ਜਾਇ ਚੁੱਪ ਚੁਪਾਤੜੇ।
ਪਰ ਜਦ ਖੁੱਲ੍ਹੀ ਜਾਗ ਕੀ ਹੈ ਦੇਖਦੀ
ਸੁਪਨੇ ਵਾਲਾ ਕਾਲ ਬ੍ਰਿਥਾ ਬਿਲਾ ਗਿਆ,
ਸੁਪਨੇ ਸੁਪਨੇ ਵਾਂਙ ਸੁਪਨਾ ਹੋ ਗਏ।
ਸਚੀ ਮੁਚੀ ਹੀ ਜਾਗ ਦੇਖੇ ਹੈ ਕਿਵੇਂ
ਬੀਤ ਗਿਆ ਹੈ ਕਾਲ ਸੁਪਨੇ ਰੁੱਝਿਆਂ।
ਫਿਰ ਦੇਖੇ ਚੌਫੇਰ ਭਰਿਆ ਨੂਰ ਹੈ:
ਕਹਿੰਦੀ, 'ਸੌਂ ਕੇ ਹਾਇ ! ਸਮਾਂ ਵੰਞਾ ਲਿਆ,
'ਸੁਪਨੇ ਵਿਚ ਜੇ ਜਾਗ ਮੇਰੀ ਖੁੱਲ੍ਹਦੀ,
'ਸੁਪਨਾ ਸੁਪਨਾ ਜਾਣ ਸਮਾਂ ਸੰਭਾਲਦੀ,
'ਹੁਣ ਹੁੰਦੀ ਖੁਸ਼ਹਾਲ,– ਸਫਲਜਾ ਮੈਂ ਸਮਾਂ,
'ਜਾਂ ਆ ਜਾਂਦੀ ਜਾਗ ਮੈਂ ਉਠ ਬੈਠਦੀ

'ਜਾਗ ਰੋਂਵਦੀ ਦੁੱਖ, ਸੁਖ ਮੈਂ ਪਾਂਵਦੀ;
'ਸੌਂਕੇ ਸੁਖ ਦੀ ਨੀਂਦ, ਦੁੱਖ ਵਧਾ ਲਏ ।
'ਹੁਣ ਆਈ ਹੈ ਜਾਗ ਹੁਣ ਮੈਂ ਕੀ ਕਰਾਂ?
'ਮਾਣਾਂ ਬਹਿਕੇ ਸੁੱਖ ? ਰੋਵਾਂ ਦੁੱਖੜੇ ?
'ਸੁਖ ਦੁਖ ਦੋ ਭਲਵਾਨ ਘੁਲਣੇ ਵਾਲੜੇ,
'ਦਿਲ ਮੇਰੇ ਦੀ ਭੋਇਂ ਇਨ੍ਹਾਂ ਬਣਾ ਲਈ
'ਖੇਡਣ ਸੰਦੀ ਥਾਂਉ, 'ਖਾੜਾ ਘੋਲ ਦਾ ।
'ਕਹੀਆਂ ਮਾਰ ਏ ਭੋਇਂ ਕੀਤੀ ਪੋਲੜੀ,
'ਉੱਪਰ ਪਾਵਣ ਛਿੰਝ, ਘੋਲ ਘੁਮਾਂਵਦੇ,
'ਕਰਦੇ ਡਾਢੇ ਜ਼ੋਰ; ਡੰਡ ਕਢਾਂਵਦੇ ।
'ਦਲਦੀ ਹੇਠਾਂ ਜਾਇ ਹਿਰਦਾ–ਭੂਮਿ ਮੈਂ।
'ਕੀ ਕੁਝ ਕਰਾਂ ਉਪਾਉ ਮੇਟਾਂ ਘੋਲ ਨੂੰ,
'ਰੜੇ ਮਦਾਨਾਂ ਵਾਂਙ ਹਿਰਦਾ–ਸਾਫ਼ ਹੋ,
'ਰਹੇ ਅਡੋਲ ਅਛੇੜ, ਪਾਰੇ ਛੰਭ ਜਜੋਂ ?
'ਛੱਡ ਕੁਵੇਲੇ ਹਾਇ ! ਲਾਲ ਸਿਧਾਰ ਗੇ,
'ਕੁਝ ਨ ਭਾਵੇ ਹੋਰ ਬਾਝ ਪਿਆਰੜੇ ।
'ਸਮਝਾਂ ਗਜਾਨ ਧਿਆਨ, ਸਮਝਾਂ ਜੋਗ ਨੂੰ
'ਭਗਤੀ ਸੰਦਾ ਰਾਹ ਸਮਝਾਂ ਮੋਖ ਨੂੰ।
' 'ਅਪਨੇ ਵਿੱਚ ਟਿਕਾਉ ਕੋਈ ਸੁਖ ਹੈ,'
'ਇਹ ਬੀ ਜਾਣਾ ਗੱਲ ਹੈਵੇ ਕੀਮਤੀ,
'ਥੋੜੀ ਬਹੁਤੀ ਸੂਝ ਗੱਲਾਂ ਦੀ ਇਨ੍ਹਾਂ,
'–ਸਾਰੀ ਨਾ ਪਰ ਕੁੱਝ– ਹੈਵਾਂ ਰੱਖਦੀ,
'ਪਰ ਮਿਟਦੀ ਨਾ ਹਾਇ ਲਲਨਾ ਕੰਤ ਦੀ ।
'ਡਿੱਠੀ ਸੂਰਤ ਸਾਫ਼ ਆਤਮ ਰੂਪ ਦੀ,
'ਦਰਸ਼ਨ ਪਾਏ ਠੀਕ ਪਜਾਰੇ ਕੰਤ ਦੇ,
'ਕੀਤੇ ਉਨ੍ਹ ਉਪਕਾਰ ਦੇਹ ਵਿਚ ਹੁੰਦਿਆਂ;
'ਦੇਹੋਂ ਬਾਹਰ ਹੋਇ ਸਾਥ ਨ ਛੱਡਿਆ,
'ਰਿਹਾ ਜੀਉਂਦਾ ਨਾਲ ਮੇਰੇ ਓ ਸਦਾ,
'ਪਰ ਛੁਟਦੀ ਹੈ ਨਾਹਿੰ ਮੈਥੋਂ ਲਾਲਸਾ, –
'ਦੇਹੀ ਦੇ ਵਿਚ ਫੇਰ ਦਰਸ਼ਨ ਪਾ ਲਵਾਂ ।
'ਦੇਹੀ ਝਲਕਾ ਵੇਖ ਦੇਹੀ ਲਾਲਸਾ
'ਮਾਰ ਫੁਕਾਰਾ ਫੇਰ ਉੱਠ ਖੜੋਤੀਆ।
'ਦੇਹੀ ਦੇ ਵਿਚ ਆਇ ਪਹਿਲੇ ਵਾਂਗਰੇ।
'ਇੱਕ ਵੇਰ ਮਿਲ ਜਾਇਂ ਜੇ ਤੂੰ ਪਜਾਰਿਆ !
'ਚਰਨ ਲੈਣ ਦੇ ਚੁੰਮ, ਹੰਝੂਆਂ ਨਾਲ ਓ
'ਧੋਇ ਲੈਣ ਦੇ ਰੱਜ ਮੈਨੂੰ ਸੋਣ੍ਹਿਆਂ!
'ਜੀ ਦੀਆਂ ਲੈ ਦੋ ਚਾਰ ਦੇ ਲੈ ਦੇਇਕੇ,
'ਮੇਰੇ ਮਨ ਦੀ ਸਿੱਕ ਮਿਲਨੇ ਵਾਲੜੀ
'ਅਪਣਾ ਦਰਸ਼ਨ ਦੇਇ ਚਰਨੀਂ ਲਾਇਕੇ,
'ਗੱਲਾਂ ਸੁਣਕੇ ਆਪ ਉੱਤਰ ਦੇਇਕੇ,
'ਹਿਰਦੇ ਲੱਗੀ ਭਾਠ –ਡੰਝ ਅਬੁੱਝਵੀਂ–
'ਪ੍ਰੀਤਮ ! ਦੇਈਂ ਬੁਝਾਇ ਕਰੀਂ ਨਿਹਾਲ ਮੈਂ।
'ਜਾਵਾਂ ਫੇਰ ਸਮਾਇ ਚਰਨਾਂ ਵਿੱਚ ਮੈਂ;
'ਤੂੰ ਕਰ ਮੈਂ ਸਸਕਾਰ ਹੱਥੀਂ ਪਜਾਰਿਆ !
'ਜਿੱਕੁਰ ਡੋਲੇ ਚਾੜ੍ਹ ਲੈ ਗਜੋਂ ਪੇਕਿਓਂ,
'ਉਸ ਆਦਰ ਦੇ ਨਾਲ ਚਾੜ੍ਹ ਬਿਬਾਨ ਤੇ
'ਸਹੁਰਜੋਂ ਮੈਨੂੰ ਤੋਰ ਤੂੰ ਪਰਲੋਕ ਨੂੰ।
'ਮੇਰਾ ਸੀ ਏ ਹੱਕ ਅੱਗੇ ਜਾਵਣਾ,
'ਤੁਰ ਗਜੋਂ ਪਹਿਲੇ ਆਪ ਜਿਨ੍ਹ ਸੀ ਜੀਵਣਾ।
'ਹੋਣਾ ਗੁੱਸੇ ਨਾਹਿੰ ਸੁਣ ਇਹ ਲਾਲਸਾ।
'ਮੈਂ ਮਿਟੀ ਅੰਧ ਨੀਚ ਨਿਰਮਲ ਰੂਹ ਤੂੰ;
'ਜੀਵਣ ਮਰਨਾ ਇੱਕ ਤੇਰੇ ਵਾਸਤੇ;
'ਆਤਮ ਤੁੱਧ ਸੁਭਾਵ ਮੇਰਾ ਹੈ ਨਹੀਂ,
'ਮੇਰਾ ਮਿਟੀ ਵਾਂਙ ਨੀਚ ਸੁਭਾਉ ਹੈ,
'ਸੂਰਨ ਪਿੰਜਰੇ ਵਾਸ ਤਿੱਤਰ ਨੂੰ ਦਿਓ,
'ਕੰਕਰ ਨਾਲ ਪਿਆਰ ਇਸਦਾ ਨਾ ਹਟੇ।
'ਸੱਤ ਅਕਾਸ਼ੀਂ ਜਾਇ ਪੰਛੀ ਉੱਡਦਾ,
'ਧਰਤੀ ਨਾਲ ਪਿਆਰ ਇਸਦਾ ਨਾ ਘਟੇ।
'ਮਿਟੀ ਦੀ ਮੈਂ ਦੇਹ, 'ਦੇਹੀ– ਪਜਾਰ' ਮੈਂ
'ਟੁਟਦਾ ਹੈ ਨਹੀ, ਦੇਹ ਦਰਸ਼ਨ ਮੰਗਦੀ,–
'ਮੰਗਾਂ: ਦਿਹ ਦੀਦਾਰ, ਮਰਨਾ ਮੋਹਿਰੇ
'ਤੇਰੇ ਨਾਲੋਂ ਕੰਤ, ਪਿੱਛੇ ਜੀਵਣਾ
'ਲੱਗੇ ਸੁਹਣਾ ਨਾਹਿੰ ਇਸਨੂੰ ਮੇਟ ਲੌਂ।
'ਜਿੱਕੁਰ ਰਹਿ ਗਈ ਹਾਇ ਹੁਣ ਹਾਂ ਜੀਂਵਦੀ
'ਤੂੰ ਜੀਉਂਦੋਂ ਏ ਜਿੰਦ ਮਰਦੀ ਮੌਤ ਮੈਂ;
'ਮੈਂ ਮਰਦੀ ਜੇ ਐਉਂ ਮਰਕੇ ਜੀਂਵਦੀ,

‘ਹੁਣ ਜਜੂੰਦੀ ਕਿਸ ਕੰਮ ਮਰਦੀ ਨਿੱਤ ਹਾਂ,–
‘ਮਰਦੀ ਭਰਦੀ ਦੁੱਖ; ਦੁਖ ਹਨ ਜੀਂਵਦੇ,
‘ਮੇਰੀ ਜਿੰਦੜੀ ਖਾਇ ਵਧਦੇ ਮੌਲਦੇ:
‘ਬਣ ਗਈ ਹਾਇ ਅਹਾਰ ਜਿੰਦੜੀ ਦੁੱਖ ਦਾ।
‘ਦੁੱਖ ਨ ਗ੍ਰਸਦੇ ਮੂਲ ਮਰਦੀ ਜੇ ਕਦੇ
‘ਤੇਰੇ ਹੱਥਾਂ ਵਿੱਚ –ਮਰਦੀ ਮੈਂ ਸੁਖੀ।
‘ਮੇਰਾ ਹੈਸੀ ਹੱਕ ਪਹਿਲੇ ਜਾਣਦਾ
‘ਜੀਵੀ ਮੈਂ ਬੇਹੱਕ ਜਿਉਣ ਹਰਾਮ ਹੈ।
‘ਧ੍ਰਿਗ ਇਸ ਜੀਵਨ ਜੋਗ, ਹੱਕ ਜੁ ਮਾਰਕੇ
‘ਰਿਹਾ ਜੀਂਵਦਾ ਜੱਗ ਅਪਣੇ ਕੰਤ ਦਾ।
‘ਜੀਵਨ ਸੰਦਾ ਹੱਕ ਹੈਸੀ ਆਪਦਾ
‘ਅਤਿ ਮਾੜੀ ਮੈਂ ਨਾਰਿ, ਨਾਰੀ ਹਾਂ ਨਹੀਂ
‘ਮਾਰ ਪਤੀ ਦਾ ਹੱਕ ਰਹੀ ਜੁ ਜੀਂਵਦੀ।
‘ਧਰਤੀ ! ਦੇਹ ਨ ਥਾਂਉਂ ਮੈਨੂੰ ਰੈਣੁ ਨੂੰ,
‘ਹੋ ਜਾਸੇਂ ਅਪਵਿੱਤ੍ਰ ਮੈਨੂੰ ਛੋਹ ਕੇ,
‘ਪੌਣ ! ਪਰੇ ਹਟ ਜਾਹੁ ਮੇਰੇ ਸ੍ਵਾਸ ਏ
‘ਤੈਨੂੰ ਕਰਨ ਮਲੀਨ,– ਭਾਰੀ ਵੇਹੁਲੀ।
‘ਚੰਦਾ ! ਚੱਦਰ ਸਾਂਭ ਚਾਨਣ ਵਾਲੜੀ
‘ਗਈ ਜਿ ਮੈਨੂੰ ਲੱਗ ਹੋ ਮਤ ਜਾਇ ਏ
‘ਤੇਰੇ ਪਿੰਡੇ ਵਾਙ ਛਾਈਆਂ ਵਾਲੜੀ,
‘ਨੀਲੇ ਤੂੰ ਆਕਾਸ਼ ! ਤਾਰੇ ਲੈ ਲੁਕੋ
‘ਮਤ ਮੈਂ ਵੰਨੇ ਵੇਖ ਝਮਕਣ ਅੱਖ ਨਾ।
‘ਸਭ ਪੁਰੀਆਂ ਸਭ ਲੋਕ ! ਲਾਂਭੇ ਹੋ ਰਹੋ,
‘ਧਰਮ ਰਾਜ ! ਰਹੁ ਦੂਰ ਛੋਹੀਂ ਮੂਲ ਨਾ,
‘ਕਰਮ ਪੱਤਰੀ ਖੋਲ੍ਹ ਲੇਖਾ ਨਾ ਕਰੀਂ,
‘ਮਤ ਜਲ ਜਾਵਣਿ ਹੱਥ ਫੜਦਯਾਂ ਏਸਨੂੰ,
‘ਜਮ ਨਾ ਨੇੜੇ ਆਉ ਜਾਇੰ ਨ ਪੀੜਿਆ।
‘ਨਰਕ ! ਨ ਅਪਣੇ ਵਿਚ ਮੈਨੂੰ ਲੈ ਲਈਂ,
‘ਤੂੰ ਦੁਖੀਆ ਮਤ ਹੋਇੰ ਮੇਰੇ ਸੰਗ ਤੋਂ
‘ਪਤੀ ਪੀਆ ਦਾ ਹੱਕ ਮੈਂ ਹੈ ਮਾਰਿਆ।
‘ਸਾਰੇ ਪਾਪੀ ਜੱਗ ਨਰਕਾ ! ਸਾਂਭਕੇ,
‘ਤੂੰ ਨਾ ਡਰਿਆ ਮੂਲ ਕੰਬਜਾ ਨਾ ਕਦੇ,
‘ਪਰ ਡਰ ਮੈਥੋਂ ਧਾਰ ਬੂਹੇ ਮਾਰ ਲੈ,

‘ਕੀਤਾ ਮੈਂ ਅੰਨਜਾਯ, ਕੀਤਾ ਨਾ ਕਿਸੇ
‘ਜਦ ਤੋਂ ਬਣਿਆਂ ਜੱਗ, ਜੁੱਗ ਕਿਸੇ ਵਿਖੇ।
‘‘ਅਪਰਾਧਜਾਂ–ਸਰਦਾਰ’ ਮੈਨੂੰ ਜਾਣੀਏ
‘ਮੈਨੂੰ ਲੱਗੇ ਡੰਨ ਵੱਡਾ ਸੱਭ ਤੋਂ,
‘ਹੋਊ ਡੰਨ ਖ਼ਰਾਬ ਮੈਨੂੰ ਜੇ ਲਗਾ,
‘ਮੇਰੀ ਇੱਕ ਸਜ਼ਾਇ ਇੱਕੋ ਰ੍ਹੈ ਗਈ:
‘ਹੋਣੋਂ ਮੈਂ ‘ਅਨਹੋਇ’ ਮੂਲੋਂ ਨਾ ਰਹਾਂ।
‘ਦੇਸ ਨਿਕਾਲਾ ਦੰਡ ਜੀਕੂੰ ਹੋਂਵਦਾ
‘ਤੀਕੁਰ ਦਿਓ ਨਿਕਾਲ ਮੈਨੂੰ ‘ਹੋਣ’ ਤੋਂ,
‘ਹੋਂਣ–ਦੇਸ਼ ਤੋਂ ਬਾਰ੍ਹ ਦਿਓ ਨਿਕਾਲੜਾ।
‘ਹੋਂਦ ਕਰੇ ਅਣਹੋਂਦ, ਹੁੰਦੀ ਨਾ ਰਹਾਂ,
‘ਫੱਕਾ ਰਹੇ ਨ ਮੂਲ ਬਾਕੀ ਮੁਸ਼ਕ ਨਾ,
‘ਖੁਰਾ ਖੋਜ ਮਿਟ ਜਾਇ ਮੇਰੀ ‘ਹੋਂਦ’ ਦਾ।
‘ਮੇਰਾ ‘ਹੋਣਾ’ ਦੁੱਖ ਸਾਰੇ ਜੱਗ ਨੂੰ,
‘ਸੁਖੀਆਂ ਨੂੰ ਦੁਖ ਦੇਇ, ਦੁਖੀਆਂ ਦੇਂਵਦਾ
‘ਹੋਰ ਵਧੇਰੇ ਦੁੱਖ,– ਦੁੱਖ ਵਧਾਉਂਦਾ:
‘ਤਾਂਤੇ ਕੰਟਕ ਜੱਗ ਮੈਂ ਮੰਦ ਭਾਗਣੀ,
‘ਕੱਢ ਦਿਓ ਏ ਹੋਂਦ ਮੇਰੀ ਮਾਰ ਕੇ।’

ਇੱਕੁਰ ਰੋਈ ਆਖ, ਰੋ ਰੋ ਆਖਦੀ,
ਆਖ ਆਖ ਫਿਰ ਰੋਇ, ਰੋ ਰੋ ਹੋਂਵਦੀ
ਗਈ ਨਿਸੱਤੀ ਅੱਤਿ ਰੁੜ੍ਹਦੀ ਅੰਦਰੇ।
ਪੈ ਗਯਾ ਡਾਢਾ ਡੋਬ ਮਾਨੋਂ ਹੋ ਗਈ
ਹੋਵਣ ਕੋਲੋਂ ਪਾਰ, ਹੋ ‘ਅਨਹੋ’ ਗਈ।
ਤਾਕਤ ਹਿਰ ਗਈ ਸੱਭ ਡੋਬਾ ਖਾ ਗਈ,
ਸੱਥਰ ਵਾਂਙ ਚੁਪੱਟ ਸੱਥਰ ਉੱਪਰੇ
ਸੱਥਰ ਲੱਥੀ ਨਾਰ ਹਾਵੇ ਖਾਂਵਦੀ।

‘ਹਾ ਕੁਦਰਤ ਬੇ–ਮੇਰੁ ਅੰਮ ਮਤੇਈਏ !
‘ਤਰਸ ਨ ਆਵੇ ਮੂਲ ਤੈਨੂੰ ਡਾਢੀਏ !
‘ਕੀ ਕੁਝ ਘਟਸੀ ਜੇਇ ਫਿਰ ਇਕ ਵਾਰ ਤੂੰ
‘ਤੱਤ ਉਹੋ ਹੀ ਮੇਲ ਦੇਹਿੰ ਬਣਾਇ ਓ –
‘–ਸੂਰਤ ਸਿੰਘ ਦੀ ਦੇਹ– ਜੈਸੀ ਸੀ ਕਦੇ।
‘ਤੱਤ ਲਏ ਸਨ ਸਾਂਭ ਦੇਹ ਦੇ ਓਸਦੀ

'ਉਹੋ ਹੀ ਫਿਰ ਮੋੜ ਜੋੜ ਬਨਾਇ ਤੂੰ:
'ਦੁੱਖ ਭਰੀ ਦਾ ਦੁੱਖ ਜਾਵੇ ਦੂਰ ਹੋ।'
ਰੋਈ ਕਿਤਨਾ ਹਾਇ ! ਤਰਲੇ ਕੱਢਦੀ,
ਹਾਵੇ ਲੈ ਲੈ ਢੇਰ ਹੁਈ ਬਿਹੋਸ਼ ਹੈ।
ਸੱਚਾ ਇਸਦਾ ਪ੍ਰੇਮ ਸੱਚੀ ਸਿੱਕ ਹੈ,
ਰੱਤੀ ਨਾਹੀਂ ਘਾਟ ਇਸ ਵਿਚ ਹੈ ਪਈ
ਇਸ ਪਰ ਕਰਦੇ ਮੇਰ- ਲੀਤਾ ਮੋੜ ਦੇ।

ਸੁਣਦਾ ਕੌਣ ਪੁਕਾਰ ਹੈਵੇ ਏਸ ਥਾਂ,
ਤਾਰੇ, ਚੰਦ, ਅਕਾਸ਼, ਧਰਤੀ, ਪੌਣ ਤੇ
ਪਾਣੀ ਅਰ ਸਭ ਹੋਰ ਅਪਣੀ ਕਾਰ ਤੇ
ਲੱਗੇ ਤੁਰਦੇ ਜਾਣ ਬੇ ਪਰਵਾਹਿੜੇ,
ਕਿਸਨੂੰ ਹੈ ਪਰਵਾਹ ਤੇਰੀ ਰਾਣੀਏਂ !
ਕਹਿੰਦੇ ਲੋਕ, ਫਕੀਰ ਰਹਿਣ ਪਹਾੜ ਤੇ
ਗੁਪਤ ਪ੍ਰਗਟ ਦੀ ਸਾਰ ਓ ਹਨ ਜਾਣਦੇ,
ਉਹ ਵੀ ਕੋਈ ਆਇ ਲੈਂਦਾ ਸਾਰ ਨਾ
ਕੁਹ ਕੁਹ ਅਪਣਾ ਆਪ ਘਾਇਲ ਹੋਈਏਂ,
ਮਨ ਦੀ ਮਿਲੀ ਮੁਰਾਦ ਤੈਨੂੰ ਨਾ ਕਿਤੋਂ,
ਦਰਦ ਨ ਵੰਡੇ ਕੋਇ ਦਰਦੀ ਹੋਇਕੇ;
ਦੇਖ ਬਿਦਰਦੀ ਜੱਗ ਦਰਦਾਂ ਵਾਲੜੀ,
ਹੋਣੋਂ ਹੀ ਹਥ ਧੋਇ ਪਈ ਬਿਹੋਸ਼ ਹੈਂ।
ਹੋਣੋ ਨਾ ਹਥ ਧੋਇ ਜਾਗ ਸੁਲੱਖੀਏ !
ਜਿੱਕੁਰ ਜੋ ਕੁਝ ਹੋਇ ਉੱਕਰ ਓਸ ਨੂੰ
-ਅਪਣੀ ਇੱਛਾ ਛੱਡ- ਕਰ ਪਰਵਾਨ ਤੂੰ।
ਤੂੰ ਚਾਹੇਂ ਜਿਉਂ ਹੋਇ, ਹੋਇ ਨ ਉੱਕਰਾਂ,
ਤਾਂਤੇ ਜਿੱਕੁਰ ਹੋਇ ਉਸ ਪਰ ਹੋ ਖੜੀ,
ਉਸ ਪਰ ਕਰ ਸੰਤੋਖ ਉਠ ਇਸ ਹਾਲ ਤੋਂ;
ਤੇਰੇ ਚਾਹਜਾਂ ਕੁੱਝ ਹੋ ਨਹੀਂ ਸਕਦਾ,
ਜੋ ਕੁਝ ਗ਼ੈਬੋਂ ਹੋਇ, ਉਹ ਤੂੰ ਮੰਨ ਲੈ।
ਪੜਦਾ ਹੈ ਕੋਈ ਨਾਰ ! ਭਾਰਾ ਛਾਇਆ,
ਪਾੜ ਨ ਸਕਿਆ ਜੀਵ ਇਸਨੂੰ ਹੈ ਕਦੇ,
ਗ਼ੈਬ ਪਰਦਿਓਂ ਪਾਰ ਕਿਹੜਾ ਅੱਪੜੇ?
ਜੋ ਕੁਝ ਗ਼ੈਬੋਂ ਹੋਇ ਓਹੋ ਹੋਂਵਦਾ,
ਉਸਤੇ ਉਲਟਾ ਕੁੱਝ ਹੈ ਨਾ ਹੋ ਸਕੇ?
ਆਪੋ ਅਪਣੀ ਬੁੱਧ ਜਿਤਨੀ ਹੈ ਕਿਸੇ
ਤਰਕਾਂ ਕਈ ਦਲੀਲ ਦੇ ਦੇ ਆਖਦੇ,
ਲਖ ਨਾ ਸਕਦਾ ਕੋਇ ਅਸਲੀ ਭੇਤ ਨੂੰ।
ਤਾਂਤੇ ਸਿਖ ਤੂੰ ਜਾਚ: ਮਰਜ਼ੀ ਆਪਣੀ
ਵਿੱਚ ਰਜ਼ਾ ਦੇ ਆਪ ਮੇਲਣ ਵਾਲੜੀ।
'ਅਣਹੋਣਾ' ਨਾ ਵੱਸ 'ਹੋਣਾ' ਵੱਸ ਨਾ,
ਸਾਡੇ ਵੱਸ ਨ ਏਹ ਜਿਸਦੇ ਵੱਸ ਹੈ
ਉਸਦੇ ਹੋਜਾ ਵੱਸ, ਮੰਨ ਰਜ਼ਾਇ ਲੈ।

ਰਾਣੀ ਹਿੱਲੇ ਨਾਂਹ ਸੁੱਤੀ ਰਾਤ ਜਜੋਂ;
ਸੁੱਤੀ-ਰਾਤ ਅਡੋਲ ਤਰੁਦੀ ਜਾਂਵਦੀ,
ਜਾਗੀ ਰਾਣੀ ਨਾਹਿੰ ਪਈ ਬਿਹੋਸ਼ ਹੈ।
ਕਰੇ ਜਾਗ ਕੇ ਕੀਹ? ਵਿਲਕੇ ਰੋ ਪਵੇ?
ਸੁੱਤੀ ਰੋਣੋਂ ਛੁੱਟ, ਸੁੱਤੀ ਹੈ ਸੁਖੀ।
ਸੁਖ ਨ ਸੁੱਤੀ ਮੂਲ, ਦੁਖ ਭਰ ਸੌਂ ਰਹੀ,
ਚਿੰਤਾ ਦੀ ਹੈ ਗੋਰ ਜਿਸ ਵਿਚ ਵਾਸ ਹੈ:

ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ ॥
ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ ॥੧੨੭॥
{ਸਲੋਕ ਕਬੀਰ}

ਸੁੱਤੀ ਤਾਂ ਵਿਚ ਗੋਰ, ਜਾਗਜਾਂ ਰੋਂਵਦੀ,
ਰੋਵਣ ਦੀ ਹੁਣ ਤਾਬ ਮੂਲੋਂ ਨਾ ਰਹੀ,
ਜਾਗਜਾਂ ਰੋਵੇ ਦੁੱਖ; ਸੁੱਤਜਾਂ ਸੁੱਖ ਨ,
ਹਿਚਲ ਪਿਚਲ ਵਿਚ ਏਸ ਹੈ 'ਅਨਹੋ' ਰਹੀ।
' 'ਅਨਹੋਈ' ਕੀ ਹੋਇ ਹੁਈ ਬਿਹੋਸ਼ ਹੈ,
' 'ਅਨਹੋਣੀ' ਗਲ ਮੰਗ, ਬੇਸੁਧ ਹੋ ਰਹੀ।

ਕੀਹ ਕਾਰਣ ਸੀ ਅੱਜ ਐਸਾ ਹੋ ਗਿਆ
ਜਿਸਨੇ ਮਾਰ ਪਛਾੜ ਮੁੜਕੇ ਆ ਕਰੀ?
ਏਸ ਰਾਤ ਤੋਂ ਅੱਜ ਪਹਿਲੇ ਸੰਝ ਨੂੰ
'ਸ਼ਾਮ-ਊਸ਼ਾ' ਚੌਫੇਰ ਹੈਸੀ ਛਾ ਰਹੀ
ਕੌਤਕ ਵਰਤਜਾ ਇੱਕ ਆਣ ਅਚਾਣਕਾ,
ਜਿਸਨੇ ਖਿਲਬਿਲ ਏਹ ਪਾਈ ਰਾਜ ਨੂੰ।
ਚਿਤ੍ਰਕਾਰ ਇਕ ਦੇਸ ਸੀ ਕਸ਼ਮੀਰ ਦਾ
ਮੂਰਤ ਸੂਰਤ ਸਿੰਘ ਚ੍ਰਿੱਤ ਲਿਆਇਆ।


www.sikhbookclub.com

ਅਜੇ ਜੀਉਂਦੇ ਸੀਗ ਵੱਡੇ ਰਾਉ ਜੀ
ਖ਼ਾਕਾ ਜਦੋਂ ਉਤਾਰ ਸੀ ਓ ਲੈ ਗਿਆ
ਅੱਜ ਅਚਾਨਕ ਏਹ ਕਿਧਰੋਂ ਆ ਗਿਆ।
ਮੂਰਤ ਕਰ ਤਈਆਰ ਨਾਲ ਲਿਆਇਆ।
ਉਸ ਦਿਨ ਦੀ ਸੀ ਏਹ ਮੂਰਤ ਅੰਕਤੀ
ਜਿਸ ਦਿਨ ਦੂਲਾ ਹੋਇ ਸੀਗਾ ਢੁੱਕਿਆ
ਸੋਹਣਾਂ ਸੂਰਤ ਸਿੰਘ ਘੋੜੀ ਬੈਠਕੇ।
ਉਸ ਦਿਨ ਦੀ ਓ ਝਾਲ ਸੂਰਤ ਸਿੰਘ ਦੀ
ਸੀ ਐਸੀ ਦਿਲ ਖਿੱਚ ਵੱਡੇ ਰਾਉ ਨੇ
ਮੂਰਤ ਚਾਹੀ ਆਪ ਜਾਇ ਉਤਾਰੀਆ।
ਹੈਸੀ ਚਿੱਤਰਕਾਰ ਉਸ ਦਿਨ ਏਸ ਥਾਂ
ਉਸਨੇ ਓਸੇ ਆਨ ਖ਼ਾਕਾ ਖਿੱਚਿਆ।
ਕਿਸੇ ਬੇਵਸੇ ਕੰਮ ਚਿੱਤਰਕਾਰ ਓ
ਚਲਾ ਗਿਆ ਸੀ ਦੇਸ ਹੋਇ ਉਤਾਵਲਾ
ਕਰਕੇ ਇਹ ਇਕਰਾਰ 'ਛੇਤੀ ਨਾਲ ਮੈਂ
'ਆਊਂ, ਕਰਕੇ ਤਯਾਰ ਮੂਰਤ ਲਜਾਵਸਾਂ।'
ਬੀਤ ਗਏ ਓ ਰਾਉ, ਬੀਤੇ ਓ ਸਮੇਂ,
ਬੀਤ ਗਿਆ ਓ ਆਪ ਮੂਰਤ ਸੀ ਜਿਦ੍ਹੀ;
ਪਰ ਲੀਤਾ ਸੀ ਅੰਕ ਸਮਾਂ ਨਕਾਸ਼ ਨੇ
ਸੂਰਤ ਵਿਚ ਧਿਆਨ ਲੀਤੀ ਬੰਨ੍ਹ ਸੀ,
ਜੋੜ ਜੋੜ ਕੇ ਧਯਾਨ, ਕਰ ਕਰ ਯਾਦ ਓ
ਸੂਰਤ, ਉਸਨੇ ਖਿੱਚ ਲੀਤੀ ਮੂਰਤੀ,
ਲੈਕੇ ਆਪਣੇ ਨਾਲ ਤੁਰਿਆ ਦੇਸ ਤੋਂ।
ਪਰ ਇੱਧਰ ਉਹ ਗੱਲ ਯਾਦੋਂ ਲੈ ਗਈ,
ਆਈ ਗਈ ਜਿਉਂ ਬਾਤ ਸੀ ਓ ਹੋ ਰਹੀ।
ਅੱਜ ਇਹ ਕਿਧਰੋਂ ਫੇਰ ਏਥੇ ਆ ਗਿਆ,
ਮੂਰਤ ਅਪਣੇ ਨਾਲ ਲੈਕੇ ਪੌਂਚਿਆ।
ਚਿਰਕਾ ਚਿੱਤਰਕਾਰ ਬਹੁਤਾ ਆਇਆ;
ਪਰ ਰਾਣੀ ਦਾ ਪ੍ਰੇਮ ਸੁਣਿਆ ਸੀ ਉਨ੍ਹੇ
ਉਸਦੀ ਆਸ-ਇਨਾਮ ਟੁੱਟੀ ਸੀ ਨਹੀਂ।
ਰਾਣੀ ਸੀ ਤਦ ਬਾਗ਼ ਬੈਠੀ ਆਪਣੇ
ਹੋਕੇ ਵਿਚ ਏਕਾਂਤ ਰੰਗੀਂ ਰੰਗਣੇਂ।
ਕੋਈ ਜਾਣ ਪਛਾਣ ਕੱਢ ਪਰੁਾਨੜੀ,
ਓਸ ਵਸੀਲੇ ਨਾਲ ਰਾਧਾਂ ਪਾਸ ਓ
ਪਹੁੰਚਾ ਚਿੱਤਰਕਾਰ ਗੁਣ ਰਸ ਵਾਲੜਾ।
ਕਰਕੇ ਮੂਰਤ ਪੇਸ਼ ਮਾਫੀ ਮੰਗਦਾ,
ਉਜ਼ਰ ਮਾਜ਼ਰੇ ਢੇਰ ਦੇਰੀ ਲਾਣ ਦੇ
ਕਰਦਾ ਕਈ ਇਕ ਓਹ, ਓਹਨੂੰ ਰਿਝੰਵਦਾ।
ਕਿਸੇ ਅਦਾ ਦੇ ਨਾਲ ਮੂਰਤ ਕੱਢ ਕੇ
ਰੱਖੀ ਚਿੱਤਰਕਾਰ ਰਾਧਾਂ ਸਾਮ੍ਹਣੇ।
ਪਹਿਲੇ ਝਲਕੇ ਨਾਲ ਰਹੀ ਬਝੱਕ ਓ,
ਤਕਦੇ ਉਸਦੇ ਨੈਣ ਤਕਦੇ ਰ੍ਹੈ ਗਏ,
ਸੁਣਦੇ ਕੰਨ ਉਚਾਰ ਉਸ ਨੱਕਾਸ਼ ਦਾ
ਸੁਣਦੇ ਰ੍ਹੈ ਗਏ ਵਾਕ ਉਸਤਤਿ ਵਾਲੜੇ।
ਵਾਕਾਂ ਦੀ ਨਾ ਲੋੜ ਮੂੰਹੋਂ ਬੋਲਦੀ
ਐਸੀ ਸੀ ਤਸਵੀਰ ਬਣੀ ਕਮਾਲ ਦੀ।
ਰਾਧਾਂ ਤਕਦੇ ਸਾਰ ਸਦਕੇ ਹੋ ਗਈ,
ਏਸ ਰੰਗ ਵਿਚ ਓਹ ਉਦ੍ਹੇ ਕਸੂਰ ਨੂੰ
ਕਰ ਗਈ ਦਿਲ ਤੋਂ ਮਾਫ ਰੀਝੀ ਐਤਨੀ।
ਸੋਚ ਫੁਰੀ ਦਿਲ ਆਇ ਜਾਇ ਅਚਾਨਕੇ।
ਜੇ ਰਾਣੀ ਨੂੰ ਏਹ ਦਿਆਂ ਦਿਖਾਲ ਮੈਂ,
ਹੋਊ ਬਹੁਤ ਪ੍ਰਸੰਨ, ਉਸ ਨੂੰ ਜਾਪਸੀ
ਆ ਮਿਲਿਆ ਹੈ ਕੰਤ ਸਚਮੁਚ ਜੀਂਵਦਾ।
ਕਰ ਇਹ ਸੋਚ ਵਿਚਾਰ ਚਿੱਤਰਕਾਰ ਨੂੰ
ਦੇਇ ਦਿਲਾਸਾ ਫੇਰ ਚੱਲੀ ਰਾਧਕਾਂ,-
ਪਹੁੰਚੀ ਵਿਚ ਏਕਾਂਤ ਰਾਣੀ ਪਾਸ ਜਾ
ਕਹਿੰਦੀ, 'ਹੋ ਸਾਵਧਾਨ ਦਰਸ਼ਨ ਵਾਸਤੇ,
'ਦਰਸ਼ਨ ਅਪਰ ਅਪਾਰ ਦਰਸ਼ਨ ਹੂਬਹੂ
'ਲੈ ਆਈਆਂ ਮੈਂ ਨਾਲ ਮੇਰੀ ਰਾਣੀਏ !'
ਰੱਖ ਜ਼ਰਾ ਕੂ ਵਿੱਥ ਰਾਣੀ ਰਾਜ ਤੋਂ
ਕੌਣ ਸੁਵੱਲੀ ਦੇਇ ਪੈਂਦੀ ਧੁੱਪ ਨੂੰ
ਖਿਚਿਆ ਓਸ ਗਿਲਾਫ ਮੂਰਤ ਉੱਪਰੋਂ
ਮੂਰਤ ਜਿਸਦੇ ਵਿੱਚ ਹੈਸੀ ਓਹ ਛੁਪੀ।
ਜਿਉਂ ਹੀ ਲਿਹਾ ਗਿਲਾਫ਼, ਤੇ ਪਈ ਰੌਸ਼ਨੀ
ਚਮਕ ਉਠੀ ਇਕ ਵਾਰ ਸੂਰਤ ਸੋਹਿਣੀ,
ਝਲਕਾ ਉਸ ਦੀਦਾਰ ਦਾ ਐਂ ਵੱਜਿਆ।

ਮਾਨੋਂ ਜਜੂੰਦਾ ਆਪ ਰਾਣਾ ਆ ਗਿਆ।
ਐਸੀ ਬਣੀ ਨੁਹਾਰ ਮੂਰਤ ਉੱਪਰੇ
ਦੇਖਦਿਆਂ ਝਲਕਾਰ ਐਸਾ ਦੇ ਗਈ
ਮੂਰਤਿ ਨਹਿੰ, ਹੈ ਆਪ ਚੀਰੇ ਵਾਲੜਾ।
ਪਰ ਦਰਸ਼ਨ-ਤਾਸੀਰ ਹੋਈ ਨਾ ਉਹੋ
ਜੋ ਰਾਧਾਂ ਨੇ ਖ਼ਜਾਲ ਕੀਤੀ ਸੀ ਦਿਲੇ।
ਉਸਤੋਂ ਉਲਟੇ ਭਾਵ ਸੁੱਤੇ ਜਾਗ ਪੈ।
ਦੇਹੀ ਦੇ ਦੀਦਾਰ ਦੇਹੀ ਪਜਾਰ ਨੂੰ
ਟੁੰਬ ਜਗਾਯਾ ਐਉਂ ਫਨਿਯਰ ਜਾਗਿਆ।
'ਯਾਦ' ਕਤਾਰਾਂ ਬੰਨ੍ਹ ਬੀਤੇ ਰੰਗ ਓ
ਮੋਹ ਪਜਾਰਾਂ ਦੇ ਨਾਲ ਨਕਸ਼ੇ ਵਾਹਕੇ
ਲੈ ਆਈ, ਗਜਾ ਹਿੱਲ ਅੰਦਰ ਸਾਰੜਾ
ਧਰਤ ਭੁਚਾਲੀ ਵਾਂਙ ਅੰਦਰ ਕੰਬਿਆ।
ਅਪਣੇ ਅੰਦ੍ਰੋਂ ਉੱਠ ਹਸਰਤ ਵਿੱਸ ਨੇ
ਕਰ ਦਿੱਤਾ ਅਸਤੰਭ ਅਪਣੇ ਆਪ ਨੂੰ:
ਹਿੱਲੀ ਬੋਲੀ ਨਾਹਿੰ ਪੱਥਰ ਹੋ ਗਈ:
-ਮਾਨੋਂ ਮੂਰਤ ਵੇਖ ਮੂਰਤ ਹੋ ਗਈ-।
ਨਾ ਮੂਰਤ ਦੇ ਨੈਣ ਅੱਖ ਝਮੱਕਦੇ,
ਨਾ ਝਮਕੰਦੇ ਨੈਣ ਰਾਣੀ ਰਾਜ ਦੇ।
ਪਤੀ ਪੂਜਜ ਦੀ ਦੇਖ ਮੂਰਤ ਹੂਬਹੂ
ਸੀਸ ਨਿਵਾਯਾ ਨਾਂਹ, ਹੰਝੂ ਨਾ ਕਿਰੇ;
ਸੈਨਤ ਹੱਥਾਂ ਨਾਲ, ਅੱਖਾਂ ਨਾਲ ਨਾ
ਕੀਤੀ, ਰਾਧਾਂ ਵੱਲ ਪਰਤ ਨ ਦੇਖਿਆ।
ਰਾਧਾਂ ਹੋਇ ਹਰਾਨ ਸੀ ਡਰ ਖਾ ਗਈ;
ਮੂਰਤ ਤੁਰਤ ਉਠਾਇ ਉਹਲੇ ਲੈ ਗਈ।
ਫਿਰ ਬੀ ਰਾਣੀ ਰਾਜ ਬੋਲੀ ਨਾ ਹਿਲੀ।
ਮੂਰਤ ਦਿੱਤੀ ਸਾਂਭ ਜਾਕੇ ਓਸ ਨੇ;
ਪਰਤ ਸੁ ਛੇਤੀ ਨਾਲ ਓਥੇ ਆ ਗਈ।
ਆ ਡਿੱਠੀ ਉਸ ਰਾਜ ਬੈਠੀ ਹੈ ਉਵੇਂ
ਜਿਵੇਂ ਗਈ ਸੀ ਛੱਡ -ਪੱਥਰ ਹੋ ਰਹੀ।
ਜਿਸਦੇ ਨੈਣ ਹਮੇਸ਼ ਰਹਿੰਦੇ ਛੈਬ੍ਰਰੀਂ,
ਔੜੇ ਪੋਖਰ ਵਾਂਙ ਸੁੱਕੇ ਦਿੱਸਦੇ;
ਜਿਸ ਮੂੰਹੋਂ ਸੀ ਵਾਉ ਸ੍ਵਾਸਾਂ ਵੇਗ ਦੀ
ਵਗਦੀ ਵਾਂਙ ਸਮੀਰ ਮੱਧਮ ਹੈ ਇਵੇਂ
ਹੁੱਸੜ ਭਾਦੋਂ ਵਿੱਚ ਜਿਉਂ ਹ੍ਵਾ ਹੋਂਵਦੀ।
ਪਹਿਲੇ ਤਾਂ ਕੁਝ ਸੋਚ ਅਟਕੀ ਰਾਧਕਾਂ,
ਲੱਗੀ ਫੇਰ ਬੁਲਾਣ, ਓ ਨਾ ਬੋਲਦੀ।
ਘੁੱਟਣ ਲੱਗੀ ਪੈਰ ਰਾਧਾਂ ਫੇਰ ਸੀ,
ਹਿੱਲੀ ਬੋਲੀ ਨਾਂਹ ਮੂਰਤ ਹੋ ਜਿਵੇਂ।
ਹੁਣ ਰਾਧਾਂ ਘਬਰਾਇ ਚੱਲੀ ਮੈਲ੍ਹ ਨੂੰ,
ਪਰ ਇਕ ਆਈ ਸੋਚ ਅੰਮਾ ਆਖਸੀ:-
'ਤੇਰਾ ਹੀ ਹੈ ਦੋਸ਼ ਜਿਸਨੇ ਮੂਰਤੀ
'ਦੱਸਣ ਵਿਚ ਹੈ ਕਾਲ੍ਹ ਕੀਤੀ ਅੱਤਿ ਦੀ:
'ਮੈਨੂੰ ਪਹਿਲਾਂ ਦੱਸ ਲੀਤਾ ਕਯੋਂ ਨ ਸੀ।'
ਤਦ ਰਾਧਾਂ ਨੇ ਜ਼ੋਰ ਬਹੁਤਾ ਲਾਇਆ।
ਜਦੋਂ ਗਈ ਨਾ ਪੇਸ਼ ਕੋਈ ਓਸਦੀ
ਫੁੱਟ ਪਈ ਓ ਰੋਇ, ਪਰ ਓ ਰਾਜ ਹੈ
ਬੈਠੀ ਮੂਰਤ ਵਾਂਗ ਪੂਜਕ ਸਾਮ੍ਹਣੇ।
ਫਿਰ ਰਾਧਾਂ ਨੇ ਫੁੱਲ ਗੰਧੀ ਵਾਲੜੇ
ਦਿੱਤੇ ਆਣ ਸੁੰਘਾਇ, ਹਿੱਲੀ ਰਾਜ ਨਾ।
ਅੰਤ ਗਈ ਸਿਰ ਤਾਲ ਨੀਰ ਲਿਆਇਕੇ
ਛੱਟੇ ਅੱਖੀਂ ਮਾਰ, ਰੋਂਦੀ ਰਾਧਕਾਂ,
ਰਾਣੀ ਨੈਣੋਂ ਨੀਰ ਨਿਕਲੇ ਬੂੰਦ ਨਾ,
ਰਾਧਾਂ-ਨੈਣ ਹਜ਼ਾਰ ਅੰਝੂ ਕੇਰਦੇ।
ਜੇੜ੍ਹੇ ਜਲ ਦੇ ਬੂੰਦ ਅੱਖੀਂ ਵੱਜਦੇ
ਢਿਲਕ ਢਿਲਕ ਕੇ ਫੇਰ ਓਹੋ ਡਿੱਗਦੇ।
ਫਿਰ ਕਰ ਹਿੰਮਤ ਨਾਲ ਮੋਢੇ ਘੁਟਦੀ,
ਦੇਂਦੀ ਲੰਮੀ ਪਾਇ ਓਸੇ ਥਾਉਂ ਤੇ,
ਪੱਟਾਂ ਤੇ ਪਾ ਜ਼ੋਰ ਘੁਟਦੀ ਜ਼ੋਰ ਦਾ।
ਏ ਉਸਦੀ ਕੁਝ ਕਾਰ ਕਾਰੀ ਹੋ ਪਈ;
ਕੁਝਕੁ ਪਲਾਂ ਦੇ ਬਾਦ ਬੱਝੀ ਨੀਝ ਓ
ਟੁੱਟੀ, ਝਮਕੇ ਨੈਣ,- ਝਮਕੇ ਛੋਪਲੇ।
ਬੁੱਲ੍ਹ ਫੜਕੇ ਫੇਰ, ਥੋੜੀ ਦੇਰ ਲੈ
ਲੰਮਾ ਡੂੰਘਾ ਸ੍ਵਾਸ ਆਯਾ ਖਿੱਚਕੇ;
ਪਰ ਟੁੱਟੀ ਨਹੀਂ ਮੋਰੁ ਰਾਣੀ ਚੁੱਪ ਦੀ।
ਰਾਧਾਂ ਹੁਣ ਹਿਤ ਨਾਲ ਘੁਟਦੀ ਦੱਬਦੀ;

ਮੂੰਹ ਵਿਚ ਉਂਗਲ ਦੇਇ ਦੰਦਾਂ ਖੋਲ੍ਹਦੀ;
ਮਿੱਠੇ ਮਿੱਠੇ ਵਾਕ ਲੋਰਜਾਂ ਵਾਕੁਰੇ
ਸਹਿਜੇ ਸਹਿਜੇ ਨਾਲ ਹੈਵੇ ਗਾਂਵਦੀ।
ਫਿਰ ਕੁਛ ਸੁੱਚਾ ਨੀਰ ਆਪ ਲਿਆਇਕੇ,
ਦਿੱਤਾ ਮੂੰਹ ਵਿਚ ਪਾਇ ਅੰਦਰ ਲੈ ਗਿਆ।
ਇਉਂ ਪਰਤੀ ਜਦ ਹੋਸ਼ ਦੇਖੀ ਓਸਨੇ,
ਖੀਸਜੋਂ ਡੱਬੀ ਕੱਢ ਖੋਲ੍ਹਜਾ ਓਸਨੂੰ
ਚੁਟਕੀ ਲੈਕੇ ਇਕ ਮੂੰਹ ਵਿਚ ਪਾਉਂਦੀ,
ਉਤੋਂ ਪਾਣੀ ਘੁੱਟ ਹੋਰ ਿ ’ਕ ਪਾਇਆ
‘ਕਸਤੂਰੀ’ ਇਸ ਵਿੱਚ ‘ਕੇਸਰ’ ਨਾਲ ਸੀ,
ਨਾਲੇ ‘ਅੰਬਰ’ ਮੇਲ, ਬਣੀ ਦਵਾਉ ਸੀ।
ਦੇਹੀ ਦਾ ਬਲ ਫੇਰ ਪਰਤਜਾ ਤੱਕਿਆ;
ਤਦ ਰਾਧਾਂ ਹੱਥ ਦੇਇ ਰਾਣੀ ਬਾਂਹ ਲੈ
ਸਹਿਜੇ ਖਿੱਚ ਉਠਾਲ ਉਨੂੰ ਬਹਾਲਿਆ,
ਫਿਰ ਕੁਛ ਦੇਕੇ ਪਜਾਰ ਹਥ ਪਿਠ ਫੇਰਕੇ
ਲੈ ਉੱਠੀ ਉਸ ਨਾਲ ਸਹਿਜੇ ਚਾਲ ਪਾ,
ਨਾਲ ਤੁਰੀਂਦੀ ਜਾਇ ਰਾਣੀ ਰਾਜ ਹੈ।
ਪਿਛਲੇ ਰਸਤੇ ਜਾਇ ਮਹਿਲਾਂ ਅੰਦਰੇ,
ਰਾਣੀ ਦੇ ਰਣਵਾਸ ਅੰਦਰ ਜਾਇਕੇ,
ਦਿੱਤੀ ਓਨ ਲਿਟਾਇ ਜਾਇ ਪਲੰਘ ਤੇ।
ਗੋਲੀ ਕੋਈ ਹੋਰ ਸੱਦੀ ਪਾਸ ਨਾ,
ਹੁਕਮ ਭੇਜਿਆ ਏਹ ਲੰਗਰ ਵਿੱਚ ਸੀ,
ਏਸੇ ਥਾਂਉਂ ਪ੍ਰਸ਼ਾਦ ਚਿਰਕਾ ਘੱਲਣਾ।
ਇਹ ਬੀ ਦਿੱਤਾ ਆਖ: ਅੰਮੀ ਆਇ ਜੇ
ਪੁੱਛੇ, ਦਸਣਾ ਏਹ: ਸੁੱਤੀ ਰਾਜ ਹੈ।
ਆਪ ਪਵਾਂਦੀ ਬੈਠ ਗੋਲੀ ਰਾਧਕਾਂ
ਤਲੀਆਂ ਝਸਦੀ ਜਾਇ ਥਿੰਧਾ ਲਾਇਕੇ,
ਜਿਸਦੀ ਇਹ ਤਾਸੀਰ ਓਵੇਂ ਹੋ ਗਈ
ਸੌਂਦੀ ਜਾਂਦੀ ਰਾਜ ਨੀਂਦਰ ਵਿੱਚ ਸੀ,
ਘੜੀ ਅੱਧ ਵਿਚਕਾਰ ਸੀ ਓ ਸੌਂ ਗਈ।

ਮਾਤਾ ਸੁਣ ਕੇ ਏਹ, ਰਾਣੀ ਰਾਜ ਨੇ
ਛਕਣਾ ਹੈ ਪਰਸ਼ਾਦ ਅੱਜ ਚਿਰਾਕੜਾ
ਖ਼ਬਰ ਲੈਣ ਨੂੰ ਆਪ ਓਥੇ ਆ ਗਈ।
ਪਰ ਦੇਖੇ ਓ ਘੂਕ ਸੁੱਤੀ ਹੈ ਪਈ,
ਰਾਧਾਂ ਕਰਦੀ ਸੇਵ ਬੈਠੀ ਪਾਸ ਹੈ।
ਸਹਿਜੇ ਲਾਂਭ ਲਿਜਾਇ ਰਾਧਾਂ ਮਾਤ ਨੂੰ
ਦਸਿਆ ਘਾਬਰ ਹਾਲ, ਧਾਰਨ ਚੁੱਪ ਦਾ;
ਤਲੀਆਂ ਝੱਸ ਸੁਆਲ ਦੇਵਣ ਹਾਲ ਬੀ।
ਸੁਣਕੇ ਮਾਤਾ ਆਹ ਲੈਂਦੀ, ਐਪਰਾਂ
ਸੁੱਤੀ ਵਿੱਚ ਅਰਾਮ ਧੀ ਨੂੰ ਵੇਖਕੇ
ਚਲੀ ਗਈ ਤਦ ਓਹ ਨਿਜ ਰਣਵਾਸ ਨੂੰ।
ਪਹਿਰ ਕੁ ਬੀਤਜਾ ਹੋਗ ਨੀਂਦਰ ਆਣਕੇ
ਰਾਧਾਂ ਲੀਤੀ ਘੁੱਟ ਭੁੰਜੇ ਬੈਠੜੀ;
ਹੀਯਾਂ ਤੇ ਸਿਰ ਰੱਖ ਓਵੇਂ ਸੌਂ ਗਈ।
ਦੋ ਪਹਿਰਾਂ ਲਗ ਏਹ ਸੁੱਤੀ ਹੀ ਰਹੀ।
ਪਰ ਰਾਣੀ ਦੀ ਨੀਂਦ ਕਾਣੀ ਹੋ ਗਈ,
ਉੱਸਲਵੱਟੇ ਮਾਰ ਜਾਗੋ ਮੀਟਦੀ
ਅਜਬ ਘਾਬਰੇ ਹਾਲ ਲੰਮੀ ਸੀ ਪਈ।
ਉੱਪਰ ਕਹਿਆ ਹਾਲ ਉਸ ਦੇ ਦੁੱਖ ਦਾ
ਜੋ ਉਸ ਹੋਇਆ ਜਾਗ ਸੀ ਇਸ ਵੇਲੜੇ
ਏਨ੍ਹਾਂ ਪਹਿਰਾਂ ਵਿੱਚ ਹੈਸੀ ਬੀਤਿਆ।
ਰਾਧਾਂ ਰਤੀ ਨ ਹੋਸ਼ ਕੀ ਵਰਤੰਦੜਾ
ਹੈਵੇ ਉਸਦੇ ਪਾਸ ਉਸਦੇ ਸੁੱਤਿਆਂ।
ਇਕੁਰ ਸਨ ਦੋ ਪੈਰੁ ਲੁਛਦਜਾਂ ਬੀਤਗੇ
ਘਾਬਰ ਘਾਬਰ ਢੇਰ ਰਾਣੀ ਰਾਜ ਨੂੰ।
ਕਦੀ ਘੂਕ ਸੌਂ ਜਾਇ ਉਠਦੀ ਸੀ ਕਦੀ,
ਕਰਦੀ ਵਾਕ ਉਚਾਰ ਭਰੇ ਜੁ ਹੇਰਵੇ,
ਫਿਰ ਸੌਂ ਜਾਂਦੀ ਫੇਰ ਜਾਗੇ ਰੋਂਵਦੀ।
ਦੋ ਜੁੱਗਾਂ ਦੀ ਰਾਤ ਲੰਮੀ ਵਾਕਰੇ
ਦੋ ਪਹਿਰਾਂ ਦੀ ਏਹ ਕੱਟੀ ਰਾਜ ਨੇ:
ਕੁਸ ਕੁਸ ਦੇਹੀ ਵਿੱਚ ਲੁਛ ਲੁਛ ਆਤਮੇ,
ਤੜਫ ਤੜਫ ਮਨ ਨਾਲ ਸੌਂ ਸੌਂ ਜਾਗਕੇ,
ਜਾਗ ਜਾਗ ਫਿਰ ਨੀਂਦ ਵਿੱਚ ਦਬੀਜਕੇ,
ਸੁਪਨੇ ਅਨਿਕ ਪ੍ਰਕਾਰ ਤਕ ਤਕ ਸੁੱਤਿਆਂ
ਜਾਗ ਰੋਇ, ਦੁਖ ਸੋਇ, ਕਾਣੀ ਨੀਂਦਰੇ।
ਮੂਰਤ ਸੀ ਏ ਕੀਹ ਜਾਦੂ ਇੱਕ ਸੀ,

ਵਿੱਪਰਲਭਧਾ ਵਾਂਙ ਜਿਸ ਬਉਰਾਇ ਕੇ
ਕਰ ਦਿੱਤੀ ਅਸਤੰਭ ਰਾਣੀ ਚਿੱਤ੍ਰ ਜਜੋਂ,
ਚਿਤ੍ਰ-ਦਰਸ ਨੇ ਚਿੱਤ੍ਰ ਮਾਨੋ ਚਿੱਤ੍ਰਿਆ।
ਰਾਧਾਂ ਕੀਤੇ ਓੜ੍ਹ ਤੋੜ ਜੁ ਹੋ ਸਕੇ,
ਦਿੱਤੀ ਨੀਂਦ ਸੁਆਇ ਸੁੱਤੀ ਆਪ ਬੀ
ਇਸਦੀ ਪਜਾਰੀ ਨੀਂਦ ਵਿਚ ਜਦ ਸੌਂ ਗਈ
ਡੂੰਘੀ ਇਸਨੂੰ ਨੀਂਦ ਲੀਤਾ ਘੁੱਟ ਸੀ;
ਉਸਦਾ ਪਜਾਰਾ ਦੂਰ ਉਸਨੂੰ ਨਾ ਸਕੀ
ਘੂਕ ਨੀਂਦ ਬੀ ਘੁੱਟ - ਸੁੱਖ ਨ ਦੇ ਸਕੀ।
ਹਸਰਤ ਤੇ ਉੱਦ੍ਵੇਗ ਯਾਦਾਂ ਪਿਛਲੀਆਂ
-ਜੋ ਮੂਰਤ ਨੂੰ ਦੇਖ ਸੀਗੇ ਆ ਗਏ-
ਸੋਮੇ ਨੈਣਾਂ ਬੰਦ ਕੀਤੇ ਸਨ ਜਿਨ੍ਹਾਂ
ਦੋ ਪਹਿਰਾਂ ਦਾ ਘੋਲ ਇਨ੍ਹਾਂ ਮਚਾਇਆ
ਜਿਸਦਾ ਸਾਰਾ ਹਾਲ ਉੱਪਰ ਆ ਗਿਆ।

ਅੰਤ ਸਤੋ ਪਰਭਾਵ ਸਤਿਗੁਰ ਭੇਜਿਆ।
ਅੰਮ੍ਰਿਤ ਵੇਲੇ 'ਜਾਗ' ਜੋ ਸੀ ਆਉਂਦੀ,
ਸਖੀ ਪਿਆਰੀ ਓਹ ਬੱਧੀ ਨੇਮ ਦੀ,
ਆਈ, ਆਨ ਉਠਾਲ ਦਿੱਤਾ ਰਾਜ ਨੂੰ।
ਮਾਰ ਹੰਭਲਾ, ਛੱਡ ਮੰਜਾ, ਉੱਠਕੇ
ਆਪੇ ਹੀ ਇਸ਼ਨਾਨ ਕੀਤਾ ਰਾਜ ਨੇ;
ਰਾਧਾਂ ਸੁੱਤੀ ਜਾਣ ਦਿੱਤਾ ਦੁੱਖ ਨਾ।
ਪਾਣੀ ਦਾ ਸੀ ਸੰਗ ਮੁੱਢ ਸਤਿਸੰਗ ਦਾ,
ਕਰਦੇ ਹੀ ਇਸ਼ਨਾਨ ਪਰਤਾ ਖਾ ਗਈ
ਸੁਰਤ ਜੁ ਫਾਥੀ ਸੀਗ ਘਾਬਰ ਦੇ ਵਿਖੇ।
ਗਈ ਬੁਰਜ ਵਿਚ ਰਾਜ ਹੁਣ ਕੁਛ ਰੋ ਪਈ।
ਪਰ ਏ ਆਏ ਹੰਝੂ ਪਜਾਰਾਂ ਵਾਲੜੇ,
ਠੰਢ ਪਾਵਣੇ ਹਾਰ, ਕਰਨ ਜੁ ਹੌਲਿਆਂ:
ਤਦ ਫਿਰ ਬਿਨੈ ਸੁਜਾਨ ਆਪੇ ਆ ਗਈ;
ਰਾਣੀ ਰੁੱਝੀ ਕਾਰ ਅਪਣੀ ਪ੍ਰੇਮ ਦੀ।

ਰਾਧਾਂ ਸੁੱਤੀ ਠੀਕ ਉੱਥੇ ਸੀ ਰਹੀ,
ਪਰ ਹੁਣ ਉਸਦੀ ਵੱਲ ਆਈ ਜਾਗ ਹੈ
ਟੁੰਬ ਉਠਾਲੀ ਓਸ ਸੁੱਤੀ ਰਾਧਕਾਂ;
ਸੁੱਤੀ ਸੀ ਜੋ ਨਾਲ ਲਗੀ ਪਲੰਘ ਦੇ।
ਜਾਗ ਉਠੀ, ਉਠ ਦੇਖ ਰਾਣੀ ਹੈ ਨਹੀਂ
ਉਸ ਕਮਰੇ ਵਿਚਕਾਰ ਘਾਬਰ ਓ ਗਈ।
ਐਧਰ ਓਧਰ ਭਾਲ ਕਰਦੀ ਰਾਧਕਾਂ,
ਥਹੁ ਨਾ ਮਿਲਿਆ ਓਸ ਪਜਾਰੀ ਰਾਜ ਦਾ।
ਚੁਪਕੇ ਚੁਪਕੇ ਓਸ ਵੇਲੇ ਰਾਧਕਾਂ
ਮਹਿਲ ਕਰੇਂਦੀ ਭਾਲ, ਹਿਰਦੇ ਡੋਲਦੀ,
ਦੋ ਘੜੀਆਂ ਦੇ ਤੀਕ ਹਾਰੀ ਭਾਲਦੀ।
ਫਿਰ ਪੈਂਦੀ ਇਕ ਵਾਜ ਕੰਨੀਂ ਸੋਹਿਣੀ
ਝੀਣੀ ਪਰ ਮਿਠਵੇਗ, ਪਜਾਰੀ; ਕੰਬਵੀਂ
ਬੁਰਜ ਪਾਸਿਓਂ ਆਇ, ਜਿੱਕੂੰ ਕੰਬਦੀ
ਬਿਜਲੀ ਦਿੱਸੇ ਲੀਕ ਗਗਨੇ ਦੌੜਦੀ।
ਰਾਧਾਂ ਓਸੇ ਦਾਉ ਕੀ ਜਾ ਦੇਖਦੀ,
ਬੂਹੇ ਹੈਵਨ ਬੰਦ- ਝੀਤਾਂ ਵਿੱਚ ਦੀ-
ਗੋਡੇ ਟੇਕੀ ਰਾਜ ਹਥ ਦੋ ਜੋੜਕੇ
ਗਲ ਪੱਲਾ ਲੈ, ਨੈਣ ਭਰਕੇ ਨੀਰ ਦੇ
ਸਿਰ ਉੱਪਰ ਦੀ ਵੱਲ ਕੀਤੀ ਹੈ ਖੜੀ;
ਚਿਹਰਾ ਬਿਨੈ ਸਰੂਪ ਹੈਵੇ ਹੋਇਆ,
ਭੈਰਉਂ ਰਾਗ ਮਝਾਰ ਸੂਹੀ ਸ਼ਬਦ ਏ
ਹਾਵੇ ਦਿਲ ਦੇ ਨਾਲ ਰਾਣੀ ਗਾ ਰਹੀ:-

ਰਾਗੁ ਸੂਹੀ ਛੰਤ ਮਹਲਾ ੫ ਘਰੁ ੩

ੴ ਸਤਿਗੁਰ ਪ੍ਰਸਾਦਿ ॥

ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ॥ ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥ ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਂਈ ॥ ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ ॥ ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ ॥ ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੇਰੀ ਰਾਮ ॥੧॥ ਤੁਮ੍ ਗਉਹਰ ਅਤਿ ਗਹਿਰ ਗੰਭੀਰਾ ਤੁਮ ਪਿਰ ਹਮ ਬਹੁਰੀਆ ਰਾਮ ॥ ਤੁਮ ਵਡੇ ਵਡੇ ਵਡ ਊਚੇ ਹਉ ਇਤਨੀਕ ਲਹੁਰੀਆ ਰਾਮ ॥ ਹਉ ਕਿਛੁ ਨਾਹੀ ਏਕੋ ਤੂਹੈ ਆਪੇ ਆਪਿ ਸੁਜਾਨਾ ॥ ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ ਸਰਬ ਰੰਗ ਰਸ ਮਾਨਾ ॥ ਚਰਣਹ ਸਰਨੀ ਦਾਸਹ ਦਾਸੀ ਮਨਿ ਮਉਲੈ ਤਨੁ ਹਰੀਆ ॥ ਨਾਨਕ ਠਾਕੁਰੁ ਸਰਬ ਸਮਾਣਾ ਆਪਨ ਭਾਵਨ ਕਰੀਆ ॥੨॥


www.sikhbookclub.com

ਦਿਨ ਚੜ੍ਹਦੇ ਦੇ ਤੀਕ ਏਸੇ ਡੌਲ ਹੀ
ਰਾਣੀ ਬਿਨਤੀ ਵਿੱਚ ਲੱਗੀ ਸੀ ਰਹੀ।
ਰਾਧਾਂ ਬੈਠੀ ਦੂਰ ਸੁਣਦੀ ਸੀ ਰਹੀ
ਉਸਦੀ ਬਿਨੈ ਉਚਾਰ ਦਿਲ ਨੂੰ ਚੀਰਵੀਂ।
ਭੀਤੀਂ ਨਜ਼ਰ ਲਗਾਇ ਰਾਧਾਂ ਵੇਖਦੀ।
ਰਾਣੀ ਨਿੰਮ੍ਰਤ ਭਾਵ ਅੰਦਰ ਡੁਬ ਕੇ
ਕਰਦੀ ਬਿਨੈ ਉਚਾਰ ਨਿਜ ਨੂੰ ਕੋਸਦੀ,
ਗੁਰਬਾਣੀ ਨੂੰ ਗਾਉਂ ਦਿਲ ਨੂੰ ਲਾਉਂਦੀ।
ਮਾਨੋਂ ਸਰ ਵੈਰਾਗ ਦੇ ਵਿਚ ਆਇਕੇ
ਹੁਣ ਆਤਮ ਇਸ਼ਨਾਨ ਕਰ ਰਹੀ ਰਾਜ ਹੈ
ਜੋ ਛਾਯਾ ਪਰਭਾਵ ਹੈਸੀ ਚਿੱਤ ਤੇ,
ਤੜਫਾਯਾ ਜਿਨ ਰਾਤ ਸਾਰੀ ਏਸ ਨੂੰ,
ਹੈ ਇਸ ਧੋਬੀ-ਘਾਟ ਧੋਤਾ ਓ ਗਿਆ।
ਜੋ ਕੁਝ ਰਾਣੀ-ਖਯਾਲ ਉੱਪਰ ਹੈਂ ਕਹੇ
ਰਾਧਾਂ ਸੁੱਤੀ ਬਾਦ ਵਰਤੇ ਆਨ ਸੇ,
ਇਸ ਬਿਨਤੀ ਵੈਰਾਗ ਨਾਲ ਸੁ ਧੋਪਕੇ
ਦਸ਼ਾ ਘਾਬਰੀ ਓਹ ਪਲਟੀ ਹੈ ਗਈ।

ਸੂਰਜ ਵੱਡੀ ਲਾਸ ਆਸਾਂ ਫੈਲੀਆਂ;
ਰਾਧਾਂ ਦੇਖੇ ਰਾਜ ਵਲ ਹੁਣ ਨੀਝ ਲਾ-
ਤਕ ਤਕ ਵੱਲ ਅਕਾਸ਼ ਰਾਣੀ ਕੰਬਦੀ
ਮਾਨੋਂ ਹੈ ਕੁਛ ਦੇਖ ਰਹੀ ਉ ਓਸ ਥਾਂ
ਫਿਰ ਬੁਲ੍ਹਾਂ ਤੋਂ ਵਾਜ ਆਈ ਐਕੁਰਾਂ:-
'ਆਏ ਹੋ ਜੀ ਆਪ ! ਪਜਾਰੇ ਕੰਤ ਜੀ !
'ਦਰਸ਼ਨ ਦੇਵਣ ਜੋਗ ਅਪਣੀ ਨਾਰ ਨੂੰ;
'ਔਗਣ ਦਿਲੋਂ ਵਿਸਾਰ ਬਿਰਦ ਸਮ੍ਹਾਲਿਆ।
'ਕੀ ਕੁਝ ਵਾਕ ਉਚਾਰ ਕਰਦੇ ਆਪ ਹੋ?
'ਕੰਨ ! ਸੁਨੋਂ ਜੀ ਲਾਇ ਪਿਯ ਦੇ ਵਾਕ ਨੂੰ।
'ਸਮਝ ਨ ਸੱਕੀ, ਹਾਇ, ਪਜਾਰੇ ਕੰਤ ਜੀ !
'ਫਿਰ ਬੋਲੇ ਹੋ ਆਪ? ਫਰਕਣ ਬੁਲ੍ਹ ਜੋ,
'ਕਹਿੰਦੇ ਹੋ ਕੁਝ ਲਾਲ? ਸਮਝ ਨ ਆਂਵਦੀ:
'ਸਮਝ ਵਿੱਚ ਹੈ ਦੋਸ਼ ਬੋਲਣ ਵਿੱਚ ਨਾ।
'ਔਹ ਫਿਰ ਬੋਲੇ ਆਪ ਤੀਜੀ ਵਾਰ ਹੋ,
'ਹੋ ਜਾ ਖੜਾ ਸੁਆਸ, ਹਿਰਦੇ ਥੰਮ੍ਹ ਤੂੰ !
'ਸਾਰੀ ਸੱਤਾ-ਧਜਾਨ ਕੱਠੀ ਹੋਇ ਤੂੰ,
'ਸਾਰੀ ਸੱਤਾ ਘੱਲ ਸੁਰਤੀ ਨੂੰ ਦਿਓ
'ਸੁਰਤ ਕੰਨ ਵਿਚ ਜਾਇ ਅਨੁਭਵ ਓ ਕਰੀਂ
'ਜੋ ਸੁਰਤਾਂ ਦੇ ਤਾਜ ਹਨਗੇ ਆਖਦੇ।
'ਹੈਂ ! ਵਾ ! ਕੀ ! ਹੈਂ ਜੀਅ ਕਹਿਆ ਆਪ ਨੇ:-
'ਠੀਕ, ਸ਼ੁਕਰ, ਧੰਨ ਧੰਨ ! ਸਮਝੇ ਪੈ ਗਿਆ,
'ਪੈ ਨ ਗਿਆ ਹੈ ਆਪ, ਪਾਯਾ ਹੈ ਤੁਸਾਂ

ਮਿਲਿ ਸਤਸੰਗਤਿ ਕੀਜੈ ਹਰਿ ਗੋਸਟਿ
{ਕੇਦਾਰਾ ਮ:੪}

'ਵਾਹਵਾ ਕੰਤ ਕ੍ਰਿਪਾਲ ! ਕਰੁਣਾ ਹੋ ਨਿਧੀ !
'ਤੀਜੀ ਚੌਥੀ ਵਾਰ ਮੈਂ ਮਤਿਹੀਨ ਨੂੰ
'ਸਤਿਸੰਗਤ ਉਪਦੇਸ਼ ਹੋਯਾ ਆਪ ਤੋਂ
'ਇਥੋਂ ਹੀ ਏ ਆਪ ਪਜਾਰੇ ਦੇਖ ਲੌ:
'ਮੈਂ ਵਿਚ ਸ਼ਕਤਿ ਨ ਮੂਲ ਮੈਂ ਬਲਹੀਨ ਹਾਂ;
'ਸੁਣਦੀ ਹਾਂ ਉਪਦੇਸ਼ ਸਕਾਂ ਕਮਾਇ ਨਾ।
'ਸੋ ਪਜਾਰੇ ਜੀਅ-ਦਾਨ ਦੇਵਣ ਵਾਲੜੇ !
'ਪੂਰੀ ਲਓ ਕਰਾਇ ਅਪਣੀ ਆਗਿਆ।
'ਮੈਂ ਦਾਸੀ ਤੋਂ, ਭੇਜ ਨਿਜ ਬਲ ਆਪਣਾ
'ਆਪ ਲਿੱਚਲੋ ਆਪ ਪਜਾਰੇ ਕੰਤ ਜੀ !
'ਸਤਿਸੰਗਤ ਦੇ ਦੇਸ਼ ਲੜ ਪਕੜਾਇਕੇ !
'ਜਿਕੁਰ ਪੇਕਜੋਂ ਆਪ ਘਰ ਨੂੰ ਆਪਣੇ
'ਲੈ ਗਏ ਸਾਓ ਆਪ, ਉੱਕਰ ਕੰਤ ਜੀ !
'ਲੈ ਚੱਲੋ ਸਤਿਸੰਗ ਆਗੂ ਹੋਇਕੇ,
'ਲੈ ਚੱਲੋ ਪੀਯ ਨਾਲ, ਪੀਆ ! ਲੈ ਚਲੋ।
'ਜਿੱਥੇ ਹਰਦਮ ਵਾਸ ਹੋਵੇ ਆਪਦਾ,
'ਓਥੇ ਅਪਣੇ ਨਾਲ ਰੱਖੋ ਜੀ ਸਦਾ।'

ਇਹ ਕਹਿ ਹੋਈ ਚੁੱਪ, ਅੱਖਾਂ ਮੀਟਦੀ,
ਫਿਰ ਤੱਕੇ ਹਿਤ ਨਾਲ ਵੱਲ ਅਕਾਸ਼ ਦੀ।
ਸੁਰ ਅਤਿ ਲਚਕਾਂ ਖਾਣ ਵਾਲੀ ਨਾਲ ਓ
ਸੁਰਤ ਰਲੀ 'ਲਯ' ਨਾਲ ਵੇਧੀ ਪ੍ਰੇਮ ਦੀ
ਪਤਲੀ ਹਲਕੀ ਵਾਜ ਵਿਚ ਓ ਗਾਂਵਦੀ:


www.sikhbookclub.com

ਕੋਈ ਕੋਈ ਹੰਝੂ ਸ਼ੀਸ਼ੇ ਵਾਕਰੇ
ਗੱਲ੍ਹਾਂ ਉੱਤੇ ਆਣ ਅੱਖਾਂ ਤੋਂ ਪਵੇ,
ਸ਼ੁਕਰਾਂ ਦਾ ਪ੍ਰਤਿਬਿੰਬ ਵਿਚ ਇਸ ਹੰਝੂ ਦੇ
ਡਲ੍ਹਕ ਝਲਕ ਲਿਸ਼ਕਾਰ ਦੇਵੇ ਸੋਹਿਣਾ;
ਇਹ ਸੀ ਸੁੰਦਰ ਵਾਕ ਰਾਣੀ ਗਾਂਵਿਆਂ
ਜਿਸਦੇ ਭਾਵ ਸੁ ਨਾਲ ਪ੍ਰੀਤੀ ਆਪ ਸੀ–

ਮਲਾਰ ਮਹਲਾ ੫ ॥

ਸਗਲ ਬਿਧੀ ਜੁਰਿ ਆਹਰੁ ਕਰਿਆ ਤਜਿਓ ਸਗਲ ਅੰਦੇਸਾ ॥ ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ ਭਾਰੋਸਾ ॥੧॥ ਸੁਨੀਐ ਬਾਜੈ ਬਾਜ ਸੁਹਾਵੀ ॥ ਭੋਰੁ ਭਇਆ ਮੈ ਪ੍ਰਿਅ ਮੁਖ ਪੇਖੇ ਗ੍ਰਿਹਿ ਮੰਗਲ ਸੁਹਲਾਵੀ ॥੧॥ ਰਹਾਉ ॥ ਮਨੂਆ ਲਾਇ ਸਵਾਰੇ ਥਾਨਾਂ ਪੂਛਉ ਸੰਤਾ ਜਾਏ ॥ ਖੋਜਤ ਖੋਜਤ ਮੈ ਪਾਹੁਨ ਮਿਲਿਓ ਭਗਤਿ ਕਰਉ ਨਿਵਿ ਪਾਏ ॥੨॥ ਜਬ ਪ੍ਰਿਅ ਆਇ ਬਸੇ ਗ੍ਰਿਹਿ ਆਸਨਿ ਤਬ ਹਮ ਮੰਗਲੁ ਗਾਇਆ ॥ ਮੀਤ ਸਾਜਨ ਮੇਰੇ ਭਏ ਸੁਹੇਲੇ ਪ੍ਰਭੁ ਪੂਰਾ ਗੁਰੂ ਮਿਲਾਇਆ ॥੩॥ ਸਖੀ ਸਹੇਲੀ ਭਏ ਅਨੰਦਾ ਗੁਰਿ ਕਾਰਜ ਹਮਰੇ ਪੂਰੇ॥ ਕਹੁ ਨਾਨਕ ਵਰੁ ਮਿਲਿਆ ਸੁਖਦਾਤਾ ਛੋਡਿ ਨ ਜਾਈ ਦੂਰੇ॥੪॥੩॥

ਕਾਂਬਾ ਚਾਂਦੀ ਤਾਰ ਵਿਚ ਜਿਉਂ ਆਂਵਦਾ
ਤਿਵੇਂ ਥਰਕਵੀਂ ਵਾਜ ਵਿਚ ਏ ਗਾਵਿਆਂ
ਰਾਣੀ ਨੇ ਦਿਲ ਨਾਲ ਵਾਕ ਅਗੰਮ ਦਾ।
ਹੋ ਗਈ ਹਲਕੀ ਫੁੱਲ, ਜਾਪੇ ਓਸਨੂੰ
ਅਪਣੇ ਵਿੱਚੋਂ ਆਪ ਆਇ ਸੁਗੰਧਿ ਹੈ।
ਹੋ ਹੋ ਕੇ ਹੈਰਾਨ ਆਖੇ : ਕਿੱਧਰੋਂ
ਏ ਹੈ ਵੇ ਖੁਸਬੋਇ ਮੈਨੂੰ ਆ ਰਹੀ,
ਪਰ ਦੇਖੇ ਕੇ ਏਹ ਹੈਵੇ ਆਂਵਦੀ,
ਵਹਿਮ ਨਹੀਂ ਏ ਮੂਲ ਸਚ ਮੁਚ ਆ ਰਹੀ
ਭਿੰਨੀ ਹੈ ਖੁਸ਼ਬੋਇ ਆਪੇ ਆਪ ਤੋਂ।
ਤਕੀਏ ਤੇ ਸਿਰ ਟੇਕ ਇਸ ਰੰਗ ਮੱਤੜੀ
ਨੈਣ ਮੀਟ, ਆਰਾਮ ਵਿਚ ਓ ਹੋ ਗਈ

# ੨੫. ਸਤਿਸੰਗ-ਦਰ

ਬੀਤ ਗਏ ਦੋ ਪੈਰ੍ਹ ਡੁੱਬੇ ਸੂਰ ਨੂੰ;
ਦਿੱਤਾ ਨਹੀਂ ਦਿਦਾਰ ਚੰਦਰਮਾਂ ਅਜੇ;
ਗ੍ਰੈਹ ਬੀ ਨਜ਼ਰੀ ਕੋਇ ਨਾ ਹੀ ਆਇਆ;
ਨਾ ਹੀ ਤਾਰਿਆਂ ਆਨ ਦਰਸ਼ਨ ਹੈ ਦਿਤਾ।
ਦਿੱਸੇ ਇੱਕ ਹਨੇਰ ਸਭ ਤੇ ਛਾਇਆ;
ਦੇਖਣ ਹੋਰ ਨ ਦੇਇ ਮੂਲੋਂ ਕੁੱਝ ਬੀ,
ਵੇਖੋ ਕਰਕੇ ਬੰਦ ਭਾਵੇਂ ਖੋਲ੍ਹਕੇ
ਨੈਣ, ਨ ਵੇਖਣ ਕੁੱਝ, ਗੂੜ੍ਹ ਹਨੇਰ ਸੀ।
ਆਇ ਰਹੇ ਸਨ ਮੇਘ ਪਹਿਲੀ ਰਾਤ ਤੋਂ
ਕਾਲੇ ਤੇ ਘਣਘੋਰ ਵਿੱਚ ਅਕਾਸ਼ ਦੇ;
ਕਾਲਾ ਤਣਿਆ ਆਣ ਮਨੋਂ ਚੰਦੋਇਆ:
ਚਾਨਣ ਦੇ ਜਿਨ੍ਹ ਬੰਦ ਬੂਹੇ ਸੇ ਕਰੇ।
ਘਟਾਂ ਕਾਲੀਆਂ ਸ਼ਾਮ ਆਵਣ ਚੜ੍ਹਦੀਆਂ।
ਨਿਗਰ ਕਰਦੀਆਂ ਜਾਣ ਘੋਪਾ ਬੱਦਲਾਂ !
ਫੈਲਜਾ ਘੁੱਪ ਹਨੇਰ ਧੁੰਧੂਕਾਰ ਜਜੋਂ,
ਹੱਥ ਪਸਾਰਜਾਂ ਹੱਥ ਨਜ਼ਰ ਨ ਆਂਵਦਾ।
ਪਟ ਪਟ ਆਪਣਾ ਆਪ ਦੇਖਣ ਅੱਖੀਆਂ,
ਦਿੱਸੇ ਕੁਛ ਬੀ ਨਾਹਿੰ; ਇੱਕ ਹਨੇਰੜਾ
ਹੇਠਾਂ ਉੱਪ੍ਰ ਚੁਫੇਰ ਐਸਾ ਫੈਲਿਆ
ਸਭ ਕੁਝ ਅਪਣੇ ਵਿੱਚ ਜਿਨ੍ਹੇ ਲੁਕਾਇਆ।
ਪੌਣ ਫਰਾਟੇ ਮਾਰ ਵਗਦੀ ਜ਼ੋਰ ਦੀ,
ਇਕ ਦਮ ਹੋਈ ਚੁੱਪ ਮਾਨੋਂ ਹੈ ਡਰੀ
ਦੇਖ ਹਨੇਰਾ, ਸੈਂਮ੍ਹ ਖਾਕੇ ਠੰਠਰੀ।
ਬੱਦਲ ਉਤਰੇ ਹੇਠ, ਨੀਵੇਂ ਹੋਰ ਹੋ,
ਜਿਉਂ ਜਿਉਂ ਨੀਵੇਂ ਹੋਣ ਘੋਪਾ ਹੈ ਵਧੇ।
ਭਾਰੀ ਹੁੰਦੀ ਜਾਇ ਸਾਰੀ ਪੌਣ ਬੀ,
ਖਿਚ ਖਿਚ ਆਵੇ ਸ੍ਵਾਸ ਐਸੀ ਬੰਦ ਸੀ।
ਕਿਣ ਮਿਣ ਲੱਗੀ ਹੋਣ ਹੁਣ ਤਾਂ ਬੱਦਲੋਂ,
ਫਿਰ ਤ੍ਰਿੱਖੀ ਪਜੀ ਹੋਇ ਬਰਖਾ ਰੂਪ ਲੈ;
ਕਣੇ ਸ਼ੁਰੂ ਪਏ ਹੋਇ ਤੜ ਤੜ ਵੱਜਦੇ,
ਮੀਂਹ ਹੁਣ। ਮੋਲ੍ਹੇਧਾਰ ਹੋ ਹੋ ਵੱਸਿਆ,

ਐਡਾ ਛੇਤੀ, ਆਇ ਮਾਨੋਂ ਕ੍ਰੋਧ ਖਾ
ਅਪਣਾ ਆਪ ਸੰਭਾਲ ਸਕਿਆ ਹੈ ਨਹੀਂ।
ਕੜ ਪਾਟੇ ਜਿਉਂ ਨੀਰ ਹੇਠੋਂ ਆਂਵਦਾ:
ਤਿਉਂ ਮਾਨੋਂ ਗਜਾ ਪਾਟ ਕੜ ਅਸਮਾਨ ਦਾ।
ਧੜ ਧੜ ਪੈਂਦੀ ਧਾਰ ਵਾਂਙ ਪ੍ਰਨਾਲਿਆਂ,
ਧਰਤੀ ਗੂੰਜੇ ਐਉਂ ਜੰਦਰ ਕੁੱਟੀਏ;
'ਸਾਇੰ ਸਾਇੰ ਹੈਂ ਹ੍ਰਾਇ' ਬੂਟੇ ਬੋਲਦੇ;
ਬਝਵਾਂ ਵੱਸੇ ਮੀਂਹ ਕਟਕੀ ਜ਼ੋਰ ਦਾ।
ਘੁਰਨ ਘਟਾਂ ਬੀ ਨਾਲ ਚੜ੍ਹ ਚੜ੍ਹ ਔਂਦੀਆਂ,
ਜਿੱਕੁਰ ਸੈਨਾ ਆਇ ਬਲੀ ਨਰੇਸ਼ ਦੀ।
ਪਸੁ, ਪੰਖੀ, ਮਾਨੁੱਖ ਸੈਂਮੇ ਡੈਲੁਕੇ
ਘੁਰਜਾਂ ਆਲੁਣਜਾਂ ਵਿੱਚ ਘਰਾਂ ਿ'ਚ ਅਪਣੇ
ਬੈਠੇ ਸਹਿਮ ਦਬੀਜ, ਭੁੱਲੇ ਹਿੱਲਣਾ,
ਬੋਲੇ ਕੋਈ ਨਾਹਿੰ ਪਾਸੇ ਹੈ ਕਿਸੇ।
ਮੀਂਹ ਨੇ ਇੱਕ ਧਮੂਲ ਆਪ ਮਚਾਇਆ;
ਆਪੇ ਰੋਵੇ, ਹੱਸ, ਭੜਥੂ ਪਾਉਂਦਾ;
ਕੁਦਰਤ ਵਿਚ ਤੜਥੱਲ ਇਸਦਾ ਆ ਗਿਆ,
ਮਾਨੋਂ ਪਾਈ ਛਿੰਝ ਇਸ ਬਲਵਾਨ ਨੇ,–
ਪਿੜ ਵਿਚ ਕੋਈ ਮੱਲ ਆਵੇ ਸਾਮ੍ਹਣੇ;
ਆਇਆ ਕੋਈ ਨਾਹਿੰ ਏਸ ਇਕੱਲੜੇ
ਰੌਲਾ ਸ਼ੋਰ ਮਚਾਇ ਪਿੜ ਸਿਰ ਚੱਕਿਆ।
ਬਿਜਲੀ ਮਾਨੋਂ ਨਾਲ ਢੋਲ ਵਜਾਂਵਦੀ:
ਲੱਥਾ ਮੀਂਹ ਜੁਆਨ ਲੈਂਦਾ ਫੇਰੀਆਂ।
ਬਿਜਲੀ ਗੱਜੀ ਫੇਰ ਲਿਸ਼ਕੀ ਲੈਰ੍ਹਦੀ,
ਕਾਲੇ ਬਨ ਤੇ ਜ਼ੋਰ ਕਰਕੇ ਜਾ ਪਈ
ਚੀਲਾਂ ਦੇ ਵਿਚ ਜਾਇ ਵੱਜੀ ਜ਼ੋਰ ਦੀ,
ਸਾੜੇ ਕਈ ਇਸ ਬ੍ਰਿੱਛ, ਲੂਹੇ ਸੇ ਕਈ।
ਇਸ ਵੇਲੇ ਇਕ ਵਾਜ ਆਈ ਤ੍ਰੈਕ੍ਰਵੀਂ–
'ਰਾਣੀ, ਮੁੜ ਘਰ ਚੱਲ ਪੇਸ਼ ਨ ਚੱਲਦੀ;
'ਤੱਤਾਂ ਦਾ ਅਜ ਜੁੱਧ ਮਚਿਆ ਦੇਸ਼ ਤੇ,
'ਘੋਲ ਪਿਆ ਘਮਸਾਨ ਡਾਢੇ ਕੈਰ੍ਹ ਦਾ;
'ਛੱਟੇ ਖੌਰੂ ਏਹ ਬੜਾ ਮਚਾ ਰਹੇ;
'ਏਥੇ ਸਾਡੀ ਵਾਹ ਨਹੀਓਂ ਜਾਵਣੀ:
'ਚਿੜੀਆਂ ਭਾਣੇ ਮੌਤ ਹਾਸਾ ਗ੍ਵਾਰ ਦਾ।
'ਜਿੱਥੇ ਹੋਵੇ ਘੋਲ ਲੱਗਾ ਹਾਥੀਆਂ
'ਪਿਸ ਮਰ ਚੂਹੇ ਜਾਣ ਆਵਣ ਵਿੱਚ ਜੇ।
'ਬਿਜਲੀ, ਪਾਣੀ, ਪੌਣ ਧਰਤਿ ਅਕਾਸ਼ ਨੇ
'ਬਦਿਆ ਡਾਢਾ ਘੋਲ ਜੁੱਟੇ ਕੈਰ੍ਹ ਦੇ;
'ਏਹਨਾਂ ਨੂੰ ਜੇ ਦੇਖ ਲੜਦਜਾਂ ਐਕੁਰਾਂ
'ਸਾਡੀ ਦੇਹ ਦੇ ਤੱਤ ਉੱਭਰ ਜੇ ਪਏ,
'ਘੋਲ ਪਊ ਘਰਿ ਮੱਚ ਠੱਲ੍ਹ ਕੌਣ ਏ,
'ਬਿਨ ਠੱਲ੍ਹੇ ਉਹ ਘੋਲ ਦੇਹ ਮਰ ਜਾਵਸੀ।
'ਚਲ ਚਲੀਏ ਘਰ ਵੱਲ ਪਿਛ੍ਹਾਂ ਪਰੱਤੀਏ,
'ਅੱਗੇ ਪੱਟਜਾਂ ਪੈਰ ਦਿੱਸੇ ਖ਼ੈਰ ਨਾ:
'ਆਸ੍ਰਾ ਕੋਈ ਨਾਹਿੰ ਜਿੱਥੇ ਠੈਰ੍ਹੀਏ।
'ਰੁੱਖਾਂ ਹੇਠ ਨ ਜਾਹੁ ਸੁੰਦਰ ਰਾਣੀਏ !
'ਬਿਜਲੀ ਪੈਂਦੀ ਪੁੱਜ ਰੁੱਖਾਂ ਉੱਪਰੇ;
'ਰੜੇ ਖੜੋਤਜਾਂ ਮੀਂਹ ਭੰਨੇ ਟੱਟਰੀ;
'ਅੱਗੇ ਤੁਰਿਆਂ ਰੌਅ ਮੀਂਹ ਦੇ ਨੀਰ ਦਾ
'ਆਵੇ ਕਰਦਾ ਰੋਕ ਤੁਰਨ ਨ ਦੇਂਵਦਾ।
'ਫਿਰ ਜਾਣਾ ਜਿਸ ਥਾਉਂ ਡਿੱਠੀ ਨਾਂ ਕਦੇ,
'ਲੁਕੀ, ਲੁਕਾਈ ਆਪ ਲੋਕਾਂ ਲੁੱਕਿਆਂ,–
'ਉੱਤੋਂ ਏਸ ਹਨ੍ਹੇਰ ਹੋਰ ਲੁਕਾ ਲਈ।
'ਲੁਕੀ ਹੁਈ ਉਹ ਥਾਂਉਂ ਲੱਭੂ ਕਿੱਕੁਰਾਂ ?
'ਲੋਕਾਂ ਕੋਲੋਂ ਲੁੱਕ ਹਾਂ ਇਸ ਖ਼ਾਤਰੇ
'ਨਿਕਲੇ ਮਹਿਲੋਂ ਬਾਰ੍ਹ– ਨਿਕਲੇ ਭੇਤ ਨਾ,
'ਪਰ ਲੁਕਿਆ ਉਹ ਥਾਂਉਂ ਹੈ ਨਹੀਂ ਲੱਭਦਾ,
'ਸਗੋਂ ਜਾਣ ਪਰਲੋਕ ਆਯਾ ਸਾਮ੍ਹਣੇ।
'ਜੇ ਤੁਰ ਗਏ ਪ੍ਰਲੋਕ, ਦੇਹਾਂ ਸਾਡੀਆਂ
'ਦੇਖ ਸੇਵੇਰ ਲੋਕ ਲੁਕ ਲੁਕ ਬੈਠਕੇ
'ਤੂਤ ਭੀਤੀਆਂ ਜੋੜ ਕਰਸਨ ਨਿੰਦਿਆ।
'ਬਿਨਤੀ ਮੇਰੀ ਮੰਨ, ਚਲ ਮੁੜ ਚੱਲੀਏ।'
'ਪਜਾਰੀ ਰਾਧਾਂ ਹਾਇ !' ਰਾਣੀ ਆਖਿਆ:–
'ਤੂੰ ਆਖੇਂ ਸੋ ਠੀਕ, ਸਖੀਏ ! ਠੀਕ ਹੈ,
'ਪਰ ਅੜੀਏ ! ਨਾ ਵੱਸ ਮੇਰੇ ਕੁੱਝ ਬੀ।
'ਜੋ ਤੂੰ ਆਖੇਂ ਸੱਚ, ਸਚੋਂ ਵੱਧ ਹੈ,


www.sikhbookclub.com

'ਦਿੱਸੇ ਮੈਨੂੰ ਸਾਫ਼ ਆਈ ਮੌਤ ਹੈ,
'ਘੇਰ ਘਰੇ ਤੋਂ ਬਾਰੁ ਲਜਾਈ ਏਸ ਥਾਂ;
'ਪਰ ਸਖੀਏ ਕੁਝ ਸੋਚ: ਰਾਹ ਹੈ ਪ੍ਰੇਮ ਦਾ;
'ਵਰਤੇ ਜੋ ਹੈ ਖੇਲ ਓਸ ਰਚਾਇਆ,
'ਪ੍ਰੇਮ ਰਸਤਿਓਂ ਪੈਰ ਮੁੜਵਾਂ ਰੱਖਣਾ;
'ਪ੍ਰੇਮ ਆਪਣੇ ਲੀਕ, ਹੈਵੇ ਲਾਵਣੀ।
'ਜਾਣੀ ਪੱਕੋ ਪੱਕ ਇਸ ਵਿਚ ਸ਼ੱਕ ਨਾ
'ਹੈ ਕਾਇਰਤਾ ਏਹ ਲੱਛਣ ਕੱਚ ਦਾ।
'ਮੈਂ ਤਾਂ ਮੁੜਸਾਂ ਨਾਹਿੰ ਪਿੱਛੇ ਸੋਣ੍ਹੀਏ !
'ਸਿਰ ਸਿਰ ਬਾਜ਼ੀ ਲਾਇ ਖੇਡੀ ਖੇਡ ਮੈਂ,
'ਜਾਂ ਜਿੱਤੀ ਮੈਂ ਖੇਡ, ਸਿਰ ਜਾਂ ਹਾਰਿਆ;
'ਜਿੱਤਜਾਂ ਰਹੇ ਪਰੇਮ, ਹਾਰਜਾਂ ਵਾਲ ਬੀ
'ਵਿੰਗਾ ਹੋਵੇ ਨਾਂਹ, ਪ੍ਰੇਮ ਨ ਕਾਂਪ ਖਾ।
'ਸਿਰ ਬਿਨਸੇ ਇਕ ਰੋਜ਼ ਰਹਿਸੀ ਨਾ ਸਦਾ;
'ਬਿਨਸ ਗਿਆ ਜੇ ਅੱਜ ਘਾਟਾ ਕੀ ਸਖੀ?
'ਬਿਨਸਣ ਵਾਲੀ ਚੀਜ਼ ਰੱਖਣ ਖ਼ਾਤਰੇ,
'ਅਬਿਨਾਸ਼ੀ ਨੂੰ ਛੱਡ ਕੀਕੁਰ ਮੈਂ ਦਿਆਂ,
'ਸਿਰ ਧੜ ਬਾਜ਼ੀ ਲਾਇ ਖੇਡੀ ਖੇਡ ਜੋ
'ਜੇ ਪਿੱਛੇ ਮੁੜ ਜਾਉਂ ਹਾਰੂੰ ਖੇਡ ਓ
'ਜੋ ਫਿਰ ਔਖੀ ਹੋਗੁ ਮੁੜਕੇ ਜਿੱਤਣੀ
'ਤੂੰ ਪਿੱਛੇ ਮੁੜ ਜਾਹੁ, ਜਾਹੁ ਆਰਾਮ ਲੈ;
'ਮੈਂ ਇਹ ਮੁਸ਼ਕਲ ਝਾਗ ਦੁੱਖ ਸਹਾਰ ਕੇ,
'ਝਾਗ ਕਸ਼ਟ ਦੀ ਨੈਂਇ ਜੱਫਰ ਜਾਲਕੇ
'ਜਾ ਪਹੁੰਚੂੰ ਸਤਿਸੰਗ, ਜਾਂ ਇਸ ਜੱਗ ਤੋਂ
'ਪਿਜਾ ਦੇਸ਼ ਨੂੰ ਜਾਉਂ, ਸੁੱਖ ਦੁਪਾਸੜੇ।
'ਪਤੀ ਰਹੇ ਸਚਖੰਡ ਜਾਂ ਸਤਿਸੰਗ ਹੈ,
'ਇਹ ਸਾਰੇ ਹੀ ਸੰਤ ਹੁਕਮ ਸੁਣਾਂਵਦੇ:
'ਸੋ ਦੋਹਾਂ 'ਚੋਂ ਅੱਜ ਇਕ ਥਾਂ ਪੌਚੁਸਾਂ।
'ਗੁਰੂ ਗ੍ਰੰਥ ਵਿਚ ਵਾਕ ਸੁਣ ਤੂੰ ਲਿੱਖਿਆ:-

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥ ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥੨੪॥ ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥ ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥੨੫॥ {ਸਲੋਕ ਫਰੀਦ ਜੀ}

'ਪ੍ਰੇਮ-ਰਾਹ ਦੀ ਲੀਹ ਪੈਲ੍ਹਿਆਂ ਨੇ ਸਖੀ !
'ਵਾਹ ਛੱਡੀ ਹੈ ਐਉਂ, ਤੁਰਨਾ ਏਸਤੇ।
'ਮੇਰਾ ਹੈਵੇ ਕੰਮ -ਕੰਡ ਨ ਦੇਵਣੀ।
'ਧਰਤੀ ਵੱਲੇ ਤੱਕ ਮੀਂਹ ਦੇ ਕੈਰੂ ਨੂੰ
'ਕਿੱਕੁਰ ਧਰ ਜੀਰਾਂਦ ਸਹਿੰਦੀ ਹੈ ਪਈ,
'ਦੁੱਖਾਂ ਦੀ ਪਰਵਾਹ ਕੀਤੀ ਏਸ ਨਾ।
'ਰੁੱਖਾਂ ਵੰਨੇ ਵੇਖ ਕੀਕਰ ਸ੍ਹੈ ਰਹੇ,
'ਮੀਂਹ ਬਿਜਲੀ ਦਾ ਦੁੱਖ ਜਿਗਰਾ ਧਾਰ ਕੇ।
'ਪ੍ਰੇਮੀਆਂ ਨੂੰ ਵਧ ਲੋੜ ਸਖੀ ! ਜਿਰਾਂਦ ਦੀ।
'ਮੀਂਹ ਦੀ ਸੱਟ ਸਹਾਰ ਢੈਂਦੀ ਡਿੱਗਦੀ,
'ਡਿਗ ਡਿਗ, ਉਠ,ਉਠਫੇਰ ਤਿਲ੍ਹਕ, ਸੰਭਾਲਦੀ,
'ਸਹਿਜੇ ਵਧਦੀ ਜਾਉਂ ਰਸਤੇ ਆਪਣੇ;
'ਜਾ ਪਹੁੰਚੂੰ ਮੈਂ ਅੰਤ ਵਿਚ ਸਤਿਸੰਗ ਦੇ।
'ਲੁਕੀ ਹੁਈ ਹੈ ਥਾਉਂ ਸਚ ਤੂੰ ਆਖਿਆ;
'ਸਾਥੋਂ ਓਹਲੇ ਠੀਕ ਉਹ ਸੁਖ ਧਾਮ ਹੈ;
'ਪਰ ਸਾਂਈਂ ਤੋਂ ਨਾਹਿੰ ਸਹੀਏ ! ਓਲ੍ਹੜੇ,-
'ਉਸਦੀ ਇਕ ਰਸ ਦ੍ਰਿਸ਼੍ਹ ਹਰਦਮ ਦੇਖਦੀ।
'ਬਿਰਦ 'ਦਿਖਾਵਣਰਾਹ' ਹੈ ਇਕ ਓਸਦਾ,
'ਲੈ ਜਾਵੇਗਾ ਆਪ, ਆਪ ਦਿਖਾਵਸੀ
'ਅਪਣੀ ਪਜਾਰੀ ਥਾਂਉਂ ਆਗੂ ਹੋਇਕੇ।
'ਏਹੋ ਬਿਜਲੀ ਵੈਰ ਕਰ ਹੈ ਜੋ ਰਹੀ,
'ਜੇ ਸਾਈਂ ਹੈ ਵੱਲ ਵੈਰਨ ਹੀ ਇਹੋ
'ਦੱਸੇਗੀ ਚਾ ਰਾਹ ਦੇ ਲਿਸ਼ਕਾਰੜੇ।
'ਜੇ ਸਾਈਂ ਦੀ ਮੌਜ ਹੈਵੇ ਹੋਰਵੇਂ।
'-ਅਪਣੇ ਅਪਣੇ ਲੋਕ ਮੈਨੂੰ ਸੱਦਣਾ-
'ਇਕ ਬਿਜਲੀ ਦੀ ਸੱਟ ਓਥੇ ਸੱਟਸੀ।
'ਸੋ ਸਖੀਏ ! ਹਠ ਧਾਰ ਮੈਂ ਤਾਂ ਨਿਕਲੀ;
'ਮੂਲੋਂ ਮੁੜਸਾਂ ਨਾਹਿੰ ਨਿਕਲੇ ਜਿੰਦ ਬੀ।
'ਤੂੰ ਮੁੜ ਡੇਰੇ ਜਾਹੁ; ਕੱਲੀ ਜੇ ਡਰੇਂ,
'ਚਲ ਮੈਂ ਆਵਾਂ ਛੱਡ, ਮੈਂ ਮੁੜ ਆਵਸਾਂ।'

ਸੁਣ ਇਹ ਬੈਣ ਅਡੋਲ ਧੀਰਜ ਵਾਲੜੇ,
ਪੱਕੇ ਜਿਵੇਂ ਪਹਾੜ ਟਲਣ ਨ ਵਾਲੜੇ,
ਨਿਸਚੇ ਦੇ ਘਰ ਵਿੱਚ ਪੱਕੇ ਜੋ ਗਡੇ,



 www.sikhbookclub.com

ਗੋਲੀ ਲੱਜਜਾ ਖਾਇ ਪਾਣੀ ਹੋ ਗਈ:
ਕਹਿੰਦੀ, 'ਮੈਂ ਕੁਰਬਾਨ ਸਦਕੇ ਸਾਰੀਆਂ,
'ਮੰਡੀ ਤੂੰ ਜੇ ਮੌਤ, ਜੀਵਨ ਕੀ ਕਰਾਂ?
'ਜੀਵਨ ਤੇਰੇ ਨਾਲ ਮੇਰਾ ਜੀਵਨਾ
'ਜਿੰਦ ਦੇਹ ਦੇ ਵਾਂਙ ਪ੍ਰੋਤਾ ਹੈ ਗਿਆ।
'ਤੇਰੇ ਬਾਝੋਂ ਹਾਇ ! ਜੀਵਨ ਧ੍ਰਿਗ ਮੈਂ !
'ਮਰਨਾਂ ਤੇਰੇ ਨਾਲ ਚੰਗਾ ਜਾਣਕੇ
'ਛੱਡਾਂਗੀ ਨਾ ਸਾਥ ਤੋੜ ਨਿਭਾਵਸਾਂ।
'ਤੇਰੇ ਸਿਰ ਤੇ ਰੱਬ ਤੇ ਦਸ ਹੈਂ ਗੁਰੂ;
'ਫਿਰ ਸਿਰ ਤੇ ਹੈ ਕੰਤ ਜਿਸ ਦੀ ਨਾਰਿ ਤੂੰ;
'ਫਿਰ ਹੈ ਸੁਥਰਾ ਪ੍ਰੇਮ ਆਤਮ ਵੱਸਿਆ,
'ਵਿੱਦਜਾ ਤੇਰੇ ਵਿੱਚ ਨਿਸਚੇ ਵਾਲੜੀ।
'ਮੈਨੂੰ ਕੁਈ ਨ ਜਾਚ, ਕੁਈ ਨ ਮੈਂਢੜਾ,
'ਤੇਰੇ ਬਾਝੋਂ ਹੋਰ ਮੇਰਾ ਕੌਣ ਹੈ?
'ਤੇਰੇ ਬਿਨ ਮੇਰਾ ਜੱਗਿ ਜੀਵਨ ਹੈ ਨਹੀਂ,
'ਮਰਨਾ ਹੈਵੇ ਜੱਗ ਤੈਂ ਬਿਨ ਜੀਵਣਾ,
'ਮਰਨਾ ਤੇਰੇ ਨਾਲ ਜੀਵਨ ਪਾਵਣਾ;
'ਤਾਂਤੇ ਸਖੀਏ ! ਨਾਲ ਤੇਰੇ ਜਾਣ ਨੂੰ
'ਹਾਜ਼ਰ, ਚੱਲ ਸ਼ਿਤਾਬ ਝਾਗਜੇ ਕੈਰੂ ਨੂੰ।'

ਕੁੱਝਕੁ ਦੇਇ ਅਸੀਸ ਰਾਣੀ ਓਸਨੂੰ
ਠਿੱਲ੍ਹੀ ਅੱਗੇ ਹੋਰ, ਤੁਰਦੀ ਜ਼ੋਰ ਲਾ।
ਮੀਂਹ ਆਖੇ ਮੈਂ ਅੱਜ ਕਸਰਾਂ ਕੱਢਸਾਂ,
ਰਾਣੀ ਆਖੇ ਅੱਜ ਮਜ਼ਲੇ ਪੌਂਚ੍ਹਣਾ।
ਪਾਣੀ ਦਾ ਪਰਵਾਹ ਕਈ ਇਕ ਥਾਂਉਂ ਤੇ
ਆਵੇ ਕਰਕੇ ਜ਼ੋਰ, ਕੱਢੇ ਪੈਰ ਓ
ਤੁਰਿਆ ਜਾਵੇ ਨਾਹਿੰ, ਤੁਰਦੀ ਜਾਂਵਦੀ;
ਦਿੱਸੇ ਕੁਈ ਨ ਰਾਹ, ਕਦਮ ਨ ਹਾਰਦੀ।
ਤੁਰਦੀ ਜਾਂਦੀ, ਚਾਹਿ ਤਿਲ੍ਹਕੇ ਡਿੱਗਦੀ,
ਉੱਠੇ, ਸੰਭਲੇ ਫੇਰ, ਉਠਕੇ ਠੈਰ੍ਹ ਕੇ –
–ਬਿਜਲੀ ਜਦ ਚਮਕਾਰ ਦੇਵੇ ਆਪਣਾ–
ਰਸਤੇ ਵਾਲੀ ਸੂੰਹ ਲਾਕੇ ਫੇਰ ਓ
ਟੁਰ ਪੈਂਦੀ ਦਿਲ ਬੰਨ੍ਹ ਹੀਯ ਨ ਹਾਰਦੀ

ਬਦਿਆ ਡਾਢਾ ਘੋਲ ਤੱਤਾਂ ਨਾਲ ਹੈ।
ਸਤਿਗੁਰ ਰੱਖੇ ਲਾਜ ਜਿੱਕੁਰ ਆਖਿਆ
ਹੈਵੇ ਵਿੱਚ ਸ੍ਰੀ ਰਾਗ ਸੋਣ੍ਹਾ ਵਾਕ ਏ–

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥ ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥ ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥ ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ॥੧੮॥ ਸਭ ਇਕਠੇ ਹੋਇ ਆਇਆ ॥ ਘਰਿ ਜਾਸਨਿ ਵਾਟ ਵਟਾਇਆ ॥ ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥੧੯॥

{ਸਿਰੀ ਰਾਗ ਮ:੫}

ਇਉਂ ਕਰਦੀ ਘਮਸਾਨ ਤੱਤਾਂ ਨਾਲ ਓ
ਲੜਦੀ, ਮਰਦੀ, ਮਾਰ ਖਾਂਦੀ ਸੀ ਗਈ,
ਤੁਰੇ ਹੌਂਸਲਾ ਬੰਨ੍ਹ ਹਠ ਨਾ ਹਾਰਦੀ,
ਰਾਹ ਪਹਾੜੀ ਤੰਗ ਖੱਡਾਂ ਘੇਰਿਆ,
ਮਰ ਮਰ ਸੱਟਾਂ ਖਾਇ ਇਸਨੇ ਕੱਟਿਆ,
ਹਿੰਮਤ ਹਾਰੀ ਨਾਹਿੰ, ਦਿੱਤੀ ਪਿੱਠ ਨਾ;
ਲੂਹ ਚੱਖੇ ਸ਼ੀਂਹ ਵਾਂਙ ਵਧਦੀ ਏ ਗਈ
ਅੰਤ ਹਾਰ ਗਈ ਦੇਹ ਕਿਹਾ ਨ ਮੰਨਦੀ,
ਗਰਮੀ ਖਾ ਗਜੀ ਮੀਂਹ ਪਿੰਡੇ ਵਾਲੜੀ,
ਪਿੰਡਾ ਠਰਦਾ ਜਾਇ, ਭਿਜਦਾ ਸੁੰਗੜੇ;
ਨਿੱਘ ਅੰਦਰੋਂ ਆਇ ਦੇਕੇ ਜ਼ੋਰ ਜੋ
–ਗਰਮੀ ਰਹੀ ਪੁਚਾਇ ਸਾਰੀ ਦੇਹ ਨੂੰ
ਅੰਤ ਗਈ ਉਹ ਹਾਰ ਡਾਢਾਂ ਦੇਂਵਦੀ।
ਲਗਨ ਨ ਹਾਰੀ ਰਾਜ ਹੰਭਲੇ ਮਾਰਦੀ
ਦੇਹ ਨੂੰ ਮੁਰਦੇ ਵਾਂਙ ਜਾਇ ਧਰੀਕਦੀ।
ਇੱਕੁਰ ਥੋੜਾ ਹੋਰ ਪੈਂਡਾ ਕੱਟਕੇ,
ਹਾਰ ਗਈ ਓ ਦੇਹ, ਡਿੱਗੀ ਸੈਲ ਤੇ।
ਪਿੰਡਾ ਠੰਢਾ ਠਾਰ ਧੀਮੀ ਨਾੜ ਸੀ,
ਮੱਧਮ ਆਵਣ ਸ੍ਵਾਸ ਮੱਥਾ ਸੀ ਤਪੇ
ਉਫ ਉਫ ਨਿਕਲੇ ਸਾਹ ਤੰਗ ਤੰਗ ਹੋਇਕੇ।
ਰਾਧਾਂ ਸੁਰਤ ਨ ਕੁੱਝ ਖਾ ਗਈ ਮੂਰਛਾ
ਰਾਣੀ ਪਈ ਨਿਢਾਲ ਸੁਰਤ ਸੁ ਜਾਗਦੀ

ਜਾਣੇ ਆ ਗਈ ਮੌਤ, ਡਰਦੀ ਮੂਲ ਨਾ,
ਅਜੇ ਨ ਭੁੱਲੀ ਬਾਣ ਪਰ ਪ੍ਰਿਯ ਯਾਦ ਦੀ:
ਲੰਮੀ ਪਈ ਚੁਫਾਲ ਬਿਟ ਬਿਟ ਵੇਖਦੀ,
ਸਹਿਜੇ ਕਹਿੰਦੀ : 'ਹਾਇ! ਮਿਲੀਂ ਪਿਆਰਿਆ!
'ਰੱਬ ਵਾਸਤੇ ਆਣ ਚਰਨੀਂ ਲਾ ਲਈਂ,
'ਰੋ ਰੋ ਬੀਤੀ ਆਯੁ ਤੈਨੂੰ ਤਾਂਘਦੀ,
'ਹੁਣ ਮਰ ਚਲੀਆਂ ਹਾਇ ਨਿੱਤ ਉਡੀਕਦੀ।
'ਸਾਈਆਂ ! ਝਾਤੀ ਪਾਇ ਵੇਲੇ ਅੰਤ ਦੇ,
'ਹੁਣ ਤਾਂ ਦਰਸ ਦਿਖਾਇ ਨੈਣ ਤਰਾਸਿਆਂ,
'ਸਿਕ ਸਿਕ ਲੱਥੇ ਖੂਹ ਹੁਣ ਮਿਟ ਜਾਣਗੇ;
'ਇੱਕ ਵਾਰ ਪਿਯ ਆਇ ਦਰਸ਼ਨ ਦੇਵਣਾਂ।
'ਮੈਂ ਮੰਦੀ ਦੇ ਭਾਗ ਦੇਖੋ ਪ੍ਰੇਮੀਓਂ !
'ਮਿਲਿਆ ਨਾਹਿੰ ਸੁਹਾਗ ਮੈਂ ਮਰ ਚੱਲੀਆਂ;
'ਰਹੀ ਤਰਸਦੀ ਨਿੱਤ ਸਿੱਕਦੀ ਸੱਧਰੀਂ,
'ਚੱਲੀ ਵਿੱਚ ਉਡੀਕ, ਦਰਸ ਪਿਆਸੜੀ;
'ਖੁਲ੍ਹੇ ਰਹਿਣਗੇ ਨੈਣ ਚਹਿ ਮਰ ਜਾਵਸਾਂ।
'ਮੈਨੂੰ ਕਰਜੋ ਨ ਦਾਹ, ਨਾਂ ਹੀ ਦੱਬੀਓ;
'ਸਾਂਈਂ ਸੰਦੇ ਰਾਹ ਪੱਥਰ ਇਕ ਤੇ
'ਮੈਨੂੰ ਦਿਓ ਬਿਠਾਇ ਆਸ੍ਰਾ ਦੇਇਕੇ;
'ਖੁੱਲ੍ਹੇ ਰੱਖੀਓ ਨੈਣ ਉੱਪਰ ਰਾਹ ਦੇ;
'ਖੁੱਲ੍ਹੀ ਰੱਖੀਓ ਬਾਂਹ ਰਸਤੇ ਵੱਲ ਨੂੰ:
'ਪਰਗਟ ਹੋਵੇ ਏਹ ਤਾਂਘਾਂ ਵਿੱਚ ਏ
'ਰਹੀ ਸਦਾ ਹੀ ਨਾਰ,- ਰਾਹ ਤਕਾਉਂਦੀ।
'ਹਾ ! ਹੁਣ ਘਟਿਆ ਜ਼ੋਰ ਮਿਟਦੇ ਨੈਣ ਨੇ।
'ਨੈਣੋਂ ! ਮਿਟਣਾ ਨਾਂਹ ਰੱਬ ਦੁਹਾਈਆਂ,
'ਮਤਾਂ ਕਿਤੇ ਆ ਜਾਇ ਸਾਈਂ ਮੇਰੜਾ।
'ਆਇਆ ਕਿਹਾ ਹਨੇਰ ਅੱਖਾਂ ਸਾਮ੍ਹਣੇ?
'ਦੂਰ ਰਹੀਂ ਵੇ ਵੀਰ ! ਸਦਕੇ ਮੈਂ ਗਈ;
'ਮੈਂ ਹਾਂ ਵਿੱਚ ਉਡੀਕ ਸਾਈਂ ਆਪਣੇ,
'ਮਤਾਂ ਕਿਤੇ ਆ ਜਾਇ ਵੇਲੇ ਅੰਤ ਦੇ;
'ਦੇਵੇ ਆ ਦੀਦਾਰ, ਆਸ ਪੁਜਾ ਦਏ:
'ਜੇ ਬੈਠੋਂ ਤੂੰ ਮੱਲ ਅੱਖਾਂ ਮੇਰੀਆਂ
'ਦੇਖੂ ਉਸ ਨੂੰ ਕੌਣ ? ਦੱਸ ਹਨੇਰਿਆ !
'ਨਿਸ਼ਫਲ ਜਾਊ ਘਾਲ ਉਮਰਾ ਦੀ ਮਿਰੀ,
'ਦੂਰ ਰਹੀਂ ਤੂੰ ਵੀਰ ! ਅੱਖੀਂ ਮੇਰੀਓਂ।
'ਹਾਇ ਨ ਹਟਦਾ ਏਹ ਵਧਦਾ ਜਾਂਵਦਾ,
'ਕਾਲਾ ਕਾਲਾ ਰੂਪ ਲੈਕੇ ਆ ਗਿਆ
'ਕੌਣ ਏ? ਕੀ ਏ ਕਾਉਂ ਆਇਆ ਖਾਣ ਨੂੰ
'ਅੱਖਾਂ ਸੰਦਾ ਮਾਸ, ਮੁਰਦਾ ਜਾਣਕੇ?
'ਜੇ ਤੂੰ ਸਚਮੁਚ ਕਾਉਂ ਸੁਣ ਲੈ ਬੇਨਤੀ :-

> ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥
> ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥
> ੯੧॥ ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ॥
> ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ॥੯੨॥

{ਫੇਰ ਹੋ ਗਏ ਚੁੱਪ, ਬੋਲੇ ਫੇਰ ਓ :-}

> 'ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥ ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥' {ਸਲੋਕ ਫਰੀਦ}

ਏਹ ਦੁਹਾਈ ਪਾਇ ਮੁੜ ਮੁੜ ਆਖਦੀ:-
'ਦੇਖ ਬੰਦੇ ਦੇ ਭਾਗ ਅਜੇ ਨ ਬਹੁੜਿਓ,
'ਅਜੇ ਬਹੁੜਿਓ ਨਾਂਹਿ' ਕਹਿੰਦੀ ਹੋ ਗਈ
ਠੰਢੀ ਨਾਲੇ ਚੁੱਪ,- ਮੁਰਛਾ ਖਾ ਗਈ।

ਮੀਂਹ ਗਿਆ ਹੁਣ ਥੰਮ੍ਹ, ਮਾਨੋਂ ਦੂਤ ਏ
ਇਸ ਦੀ ਲੈਣੇ ਜਿੰਦ ਹੀ ਸੀ ਆਇਆ,
ਘਟਾ ਘਟ ਗਿਆ ਜ਼ੋਰ, ਫਟ ਫਟ ਉਡੀਆਂ:
ਨੀਲ ਪਿਆ ਹੁਣ ਦਿੱਸ ਬਹੁਤੀ ਥਾਉਂ ਤੋਂ।
ਫਿਰ ਵਾ ਕਰਕੇ ਜ਼ੋਰ ਬੱਦਲ ਲੈ ਗਈ,
ਨੀਲਾ ਸਾਫ਼ ਅਕਾਸ਼ ਤਾਰਜਾਂ ਲੱਦਿਆ
ਸਜਿਆ ਚੰਦ ਸੁ ਨਾਲ ਨਿੱਕਲ ਆਇਆ।
ਪਾਣੀ ਲੱਥਾ ਹੇਠ ਹੇਠਾਂ ਨੂੰ ਗਿਆ,
ਵਹਿੰਦਾ ਖੱਡਾਂ ਵਿੱਚ ਸ਼ੋਰ ਮਚਾਉਂਦਾ।
ਪੱਥਰ ਰਗੜਨ ਵਿੱਚ ਪਾਣੀ ਧਾਰ ਦੇ,
ਉਸ ਤੋਂ ਇੱਕ ਅਵਾਜ਼ ਸ਼ਾਂ ਸ਼ਾਂ ਆਂਵਦੀ,
ਮੱਧਮ ਹੁੰਦੀ ਜਾਇ ਪੈਰੋ ਪੈਰ ਏ।
ਕੁਦਰਤ ਹੁਈ ਅਡੋਲ ਫਿਰ ਇਕ ਵਾਰ ਸੀ
ਮਾਨੋਂ ਤੱਤਾਂ ਜੰਗ ਅੱਤਿ ਮਚਾਇਆ
ਹੈਸੀ ਏਸੇ ਕਾਣ ਰਾਣੀ ਮਾਰੀਏ।


www.sikhbookclub.com

ਉਹ ਪੂਰਨ ਗਜਾ ਹੋਇ ਪਿੜ ਸਭ ਹਿੱਲਿਆ;
ਹੋਇਆ ਸਾਫ਼ ਮਦਾਨ ਵਰਤੀ ਚੁੱਪ ਹੈ।

ਥੋੜੇ ਚਿਰ ਦੇ ਬਾਦ ਸੁਰ ਇਕ ਆਂਵਦੀ,
ਦੂਰੋਂ ਜਾਪੇ ਐਉਂ ਜੀਕੁਰ ਦੇਵਤਾ
ਕੋਈ ਕਰਦਾ ਪਾਠ ਹੈਵੇ ਆਂਵਦਾ।
ਆਯਾ ਜਦ ਉਸ ਥਾਂਉਂ ਨੇੜੇ ਸੈਲ ਦੇ
ਤ੍ਰਬ੍ਰਕ ਆਖਦਾ–'ਸੱਚ ! ਸੱਚੇ ਰੱਬ ਜੀ !
'ਕੀ ਏ ਮੁਰਦਾ ਦੇਹ ਮੈਂ ਹਾਂ ਵੇਖਦਾ?
'ਏ ਕਿੱਥੋਂ ਗਈ ਆਇ, ਮੋਈ ਕਿੱਕੁਰਾਂ?
'ਰੁੜ੍ਹੀ ਕਿਤੋਂ ਜਲ ਨਾਲ ਅਟਕੀ ਏਸ ਥਾਂ?
'ਕੇ ਏਥੇ ਆ ਡਿੱਗ ਮੋਈ ਹਾਰਕੇ?
'ਮੁਈ ਕਿ ਹੈ ਕੁਝ ਜਿੰਦ ਰੁਮਕਾ ਮਾਰਦੀ।'
ਇਹ ਕਹਿ ਅੱਗੇ ਹੋਇ ਵੀਣੀ ਲੈ ਲਈ
ਅਪਣੇ ਹੱਥਾਂ ਵਿੱਚ, ਨਾੜੀ ਵੇਖਦਾ।
ਦੇਖੇ ਚਲਦੀ ਨਾੜ, ਆਖੇ: 'ਨਾਰ ਏ
'ਭਾਵੇਂ ਹੈ ਬਲ-ਹੀਨ ਪਰ ਹੈ ਜੀਉਂਦੀ।'
'ਇਹ ਤਕ ਕਹਿੰਦਾ, 'ਧੰਨ ਸੱਚਾ ਰੱਬ ਹੈ,
'ਵੇਲੇ ਸਿਰ ਇਕ ਕਾਜ ਸੇਵਾ ਕਰਨ ਦੇ
'ਆਪ ਲਿਆਇਆ ਪ੍ਰੇਰ ਦਾਤਾ ਸੇਵ ਦਾ;
'ਸਫਲ ਹੋਇਗੀ ਰਾਤ ਸੇਵ ਕਮਾਂਦਿਆਂ।'
ਫਿਰ ਉੱਠੀ ਉਸ ਅੱਖ, ਪਈ ਪਰੇਡੜੇ
ਦੇਖੇ ਹੋਰਿਕ ਨਾਰ ਪਈ ਚੁਫਾਲ ਹੈ;
ਡਿੱਠੀ ਇਸਦੀ ਨਾੜ ਨੇੜੇ ਜਾਇਕੇ,
ਵੈਸੀ ਹੀ ਸੀ ਚਾਲ ਇਸਦੀ ਨਾੜ ਦੀ।

ਇਹ ਤਕ ਮਾਰੀ ਛਾਲ ਕਦਮ ਦੁਲੰਘਕੇ।
ਪੱਥਰ ਚੁਕਕੇ ਇਕ ਅੰਦਰ ਲੰਘਿਆ,
ਕੁਝਕੁ ਪਲਾਂ ਦੇ ਬਾਦ ਦੋ ਹੋ ਆਇਆ।
ਦੋਹਾਂ ਸਹਿਜੇ ਨਾਲ ਦਿਹ ਇਕ ਚਾਇਕੇ
ਅੰਦਰ ਦਈ ਪੁਚਾਇ, ਫਿਰ ਮੁੜ ਆਇਕੇ
ਦੂਜੀ ਲਈ ਸੰਭਾਲ ਸਹਿਜੇ ਛੋਪਲੇ,
ਉਹ ਬੀ ਲੈ ਗਏ ਚਾਇ, ਅੰਦਰ ਜਾ ਵੜੇ।
ਅੰਦਰ ਖੁੱਲ੍ਹਾ ਸਾਫ਼ ਸੁਥਰਾ ਥਾਉਂ ਸੀ,
ਲਟ ਲਟ ਬਲਦੀ ਅੱਗ ਨਿੱਘ ਸੁਹਾਵਣੀ;
ਫਰਸ਼ ਗਰਮ ਸੀ ਸਾਫ਼ ਜਿਸ ਥਾਂ ਵਿੱਛਿਆ
ਦੋਵੇਂ ਓਸ ਸੁ ਥਾਂਉਂ ਜਾਇ ਲਿਟਾਈਆਂ।
ਬਾਣੀਆਂ ਪੜ੍ਹਦੇ ਹੋਰ ਪੰਜ ਸਤ ਆ ਗਏ।
ਅੰਦਰ ਗੁਫਾ ਹੀ ਓਸ ਉਹ ਬੀ ਜਾ ਵੜੇ।

# ੨੯. ਸਤਿਸੰਗ ਅੰਦਰ

ਦੁਨੀ ਸੁਹਾਵਾ ਬਾਗ਼ 'ਦਰਦ' 'ਪਿਆਰ' ਦਾ
ਬੇਦਰਦੇ ਇਸ ਵਿੱਚ ਪੀੜ ਪਸਾਰਦੇ,
ਦਰਦੀ ਕਰੇ ਪਿਆਰ ਦਰਦ ਵੰਡਾਂਵਦਾ
ਦਰਦਮੰਦ ਦੀ ਪੀੜ ਦੱਸੇ ਵੰਡਣੀ;
ਦਰਦੀ ਦਏ ਬਨਾਇ ਦਰਦ ਹਟਾਣ ਨੂੰ,
ਦਰਦਮੰਦ ਜਗ ਵਿੱਚ ਹਨ ਸੁਖ ਦੇ ਰਹੇ।
ਬੇਦਰਦੀ ਤਲਵਾਰ ਲਾਵੇ ਫੱਟ ਹੈ
ਹਮਦਰਦੀ ਹੈ ਘਾਉ ਮਲਹਮ ਮੇਲਣੀ,
ਬੇਦਰਦੀ ਦੀ ਅੱਗ ਦਿਲ ਨੂੰ ਫੂਕਦੀ,
ਹਮਦਰਦੀ ਦਾ ਤੇਲ ਠੰਢਕ ਪਾਂਵਦਾ।
ਹਮਦਰਦੀ ਦਾ ਵਾਸ ਹਿਰਦੇ ਹੋਂਵਦਾ,
ਬੇਦਰਦੀ ਬੀ ਠੀਕ ਹਿਰਦੇ ਵੱਸਦੀ,
ਪਰ ਦੋਹਾਂ ਵਿਚ ਭੇਦ ਧਰਤਿ ਅਕਾਸ਼ ਦਾ।
ਬੇਦਰਦੀ ਦੀ ਚਾਹ ਏਹੋ ਹੋਂਵਦੀ:
'ਮੈਨੂੰ ਪੀੜ ਨ ਹੋਇ; ਹੋਵੇ ਹੋਰਨਾਂ,
'ਮੇਰਾ ਕਾਰਜ ਸਿੱਧ ਹੋਵੇ ਜਜੋਂ ਕਿਵੇਂ,
'ਅਗਲਾ ਪਾਵੇ ਦੁੱਖ ਭਾਵੇਂ ਨਾ ਰਹੇ:
'ਮੈਨੂੰ ਭਾਸੇ ਨਾਂਹਿ ਪੀੜਾ ਹੋਰ ਦੀ।'
ਪਰ ਹਮਦਰਦੀ ਧੀਅ ਜਾਈ 'ਹੁੱਬ' ਨੇ
ਕਰਦੀ ਉਲਟੀ ਕਾਰ; ਲੈਂਦੀ ਹੈ ਸਿਰੇ
ਝੱਲ ਪਰਾਈ ਪੀੜ, ਦਰਦ ਵੰਡਾਂਵਦੀ,
ਦੁਖੀਏ ਦਾ ਦੁਖ ਵੰਡ ਏ ਖ਼ੁਸ਼ ਹੋਂਵਦੀ।
ਇਸਦਾ ਸੌਖਾ ਚਿੱਤ, ਔਖੇ ਵੇਖਕੇ
ਨਿਜ ਪੀੜਾ ਨੂੰ ਯਾਦ ਕਰਕੇ, ਪੰਘਰੇ;
ਅਪਣੇ ਸਿਰ ਲੈ ਪੀੜ ਦੂਜੇ ਦੀ ਹਰੇ।


www.sikhbookclub.com

ਇੱਕੁਰ ਪੀੜ ਸਹਾਰ ਪੀੜਾਂ ਨੂੰ ਹਰੇ,
ਪੀੜਤ ਨੂੰ ਨਿਰਪੀੜ ਕਰ; ਸੁਖ ਜਾਣਦੀ।
ਹਮਦਰਦੀ ਦੇ ਕੰਨ 'ਹਾਇ' ਅਵਾਜ਼ ਜਾਂ
ਪੈਂਦੀ, ਮਾਰੇ ਸੱਟ ਬਿਜਲੀ ਵਾਂਗਰੇ,
ਕਹਿੰਦੀ: 'ਕਰ ਉਪਕਾਰ ਸ੍ਵਾਰਥ ਛੱਡਕੇ,
'ਕਰ ਹੱਲਾ, ਹੋ ਸ਼ੇਰ, ਹਰਿ ਦੁਖ ਪੀੜ ਨੂੰ
'ਜੇ ਸਿਰ ਪਈ ਏ ਆਣ ਕਿਸੇ ਭਿਰਾਉ ਦੇ।'
ਇੱਕੁਰ ਜਗ ਵਿਚਕਾਰ ਓ ਕੁਝ ਹੋ ਰਿਹਾ
-ਹਮਦਰਦੀ ਦੇ ਨਾਲ ਦੁੱਖ ਘਟਾਵਣਾ-
ਬਿਨ 'ਹਮਦਰਦੀ' ਹੋਇ ਜੋ ਨਹੀਂ ਸੱਕਦਾ।
ਜੋ ਸੁਖ ਦੁਨੀਆਂ ਵਿੱਚ ਦਿੱਤਾ ਏਸ ਨੇ
ਰਾਜਾ ਸਕੇ ਨ ਦੇਇ, ਦੌਲਤ ਮਾਲ ਨਾ,
ਇੱਜ਼ਤ, ਤਾਕਤ, ਤੇਜ, ਹੁਕਮ ਸਲਾਮੀਆਂ।
'ਦਇਆ' ਜਣੇ ਇਕ ਪੂਤ 'ਧਰਮ' ਸੁ ਆਖੀਏ,
'ਹਮਦਰਦੀ' ਹੈ ਧੀਅ 'ਧਰਮੋਂ' ਜੰਮਦੀ,
'ਹੁੱਬ' ਏਸਦੀ ਮਾਊਂ ਹੈਵੇ ਸੋਹਿਣੀ,
'ਉੱਦਮ' ਨਾਲ ਵਿਆਹ ਇਸ ਦਾ ਹੋਂਵਦਾ;
ਇਸ ਨੇ ਜਾਇਆ ਪੂਤ 'ਪਰਉਪਕਾਰ' ਦਾ।
ਏ ਸਭ ਹਟਦੇ ਦੂਰ 'ਸ੍ਵਾਰਥ' ਦੈਂਤ ਤੋਂ,
'ਪਰਸ੍ਵਾਰਥ' ਦਾ ਸ਼ੌਂਕ ਇਹਨਾਂ ਨੂੰ ਪਿਆ।
ਬਦਲਾ ਚਾਹੁ ਨ ਏਹ, ਮੁੱਲ ਨ ਮੰਗਦੇ;
ਸ਼ਾਬਸ਼ ਨਾ ਪੁਚਕਾਰ ਵਾਹਵਾ ਚਾਹੁੰਦੇ;
ਕਦਰ ਨ ਮੰਗਣ ਏਹ ਉੱਚੇ ਅੰਦਰੋਂ।
'ਬੇਦਰਦੀ' ਨੇ ਦੂਤ ਪਿੱਛੇ ਬੀ ਇਨ੍ਹਾਂ
ਲਾ ਦਿਤੇ ਦੋ ਚਾਰ ਜੋ ਦੁੱਖ ਦੇਂਵਦੇ:-
'ਨਾਸ਼ੁਕਰੀ' ਤੇ 'ਤਾਤ' 'ਨਿੰਦਾ', 'ਦਾਬੜੇ'।
ਪਰ ਏਹ ਸਾਰੇ ਜੁੱਟ ਡਰ ਨਹਿੰ ਮੰਨਦੇ,
ਕਦੀ ਨ ਛੱਡਣ ਕਾਰ, ਕਰਦੇ ਜੋ ਸਰੇ।
ਉਸਤਤਿ ਤੋਂ ਨਿਰਵਾਸ਼ ਨਿੰਦਾ ਭੈ ਨਹੀਂ;
ਨਹੀਂ ਕਾਮਨਾਂ ਲੋੜ ਹਨ ਨਿਸ਼ਕਾਮ ਏ।
ਵਿਧਵਾ ਦੇ ਘਰ ਜਾਇ ਏ ਦੁਖ ਵੰਡਦੇ,
ਧੀਰਜ ਦੇਣ ਬਨ੍ਹਾਇ ਕਰਦੇ ਪਾਲਣਾ।
ਰੋਗੀ ਦੇ ਘਰ ਜਾਇ ਦਾਰੂ ਦੇਂਵਦੇ,
ਕਰਦੇ ਖ਼ਿਦਮਤ ਟੈਲ੍ਹ, ਸੇਵ ਕਮਾਂਵਦੇ;
ਉਸ ਦੀ ਕੌੜ ਸਹਾਰ ਰੋਗਾਂ ਵਾਲੜੀ
ਕਰਦੇ ਮਿੱਠੀ ਕਾਰ ਉਦ੍ਹੇ ਬਚੌਣ ਦੀ।
ਰੋਣ ਮਹਿੱਟਰ ਬਾਲ ਬਾਝੋਂ ਮਾਪਿਆਂ,
ਏ ਲੈਂਦੇ ਹਨ ਪਾਲ ਗੋਦੀ ਪਾਇਕੇ;
ਮਾਪਜਾਂ ਦੀ ਥਾਂ ਹੋਰ ਮਾਪੇ ਥਾਪਦੇ।
ਭੁੱਖਜਾਂ ਨੂੰ ਦੇ ਰੱਜ, ਨੰਗਜਾਂ ਕੱਪੜੇ;
ਮੂਰਖ ਨੂੰ ਏ ਦਾਨ ਵਿਦਜਾ ਦੇਂਵਦੇ।
ਵੈਰਾਗੀ ਦੁਖ ਪਾਣ ਰਸਤੇ ਰੱਬ ਜੋ
ਓਨ੍ਹਾਂ ਨੂੰ ਸਿਖ ਦੇਣ ਕੱਢ ਅਗਜਾਨ ਤੋਂ,
ਨਾਮ, ਦਾਨ, ਇਸ਼ਨਾਨ ਬਖਸ਼ਸ਼ ਦੇਂਵਦੇ।
ਵਿਛੁੜਜਾਂ ਮੇਲਣ ਏਹ, ਪਾਟਜਾਂ ਜੋੜਦੇ;
ਲੜਦਜਾਂ ਦੇਣ ਛੁਡਾਇ ਸੁਲ੍ਹਾ ਕਰਾਂਵਦੇ।
ਭੁਲਿਆਂ ਪਾਵਣ ਰਾਹ, ਭਟਕਜਾਂ ਸਾਂਭਦੇ,
ਥਕਿਆਂ ਦੇਣ ਅਰਾਮ, ਅਕਿਆਂ ਆਸਰਾ।
ਬੇਦਰਦੀ ਉੱਖਾੜ ਜੋ ਕੁਝ ਪੱਟਦੀ,
ਏ ਫਿਰ ਦੇਣ ਲਗਾਇ ਬਾਗ਼ ਸੁਹਾਵਣੇ।
ਕੁਦਰਤ ਸਾਜੇ ਨੇਮ ਜੋ ਹਨ ਭੰਨਦੇ,
ਭੰਨ ਕੇ ਦੁਖੀਏ ਹੋਣ, ਬਹੁੜਨ ਏ ਉਨ੍ਹਾਂ
ਕਰ ਤਦਬੀਰ, ਇਲਾਜ ਦਾਰੂ ਦੇਂਵਦੇ।
ਕਰਮ ਫੇੜਿਆ ਜੋਇ ਪੈਂਦਾ ਭੋਗਣਾ,
ਤਦ ਬੀ ਸਾਰੇ ਏਹ ਉੱਥੇ ਪੌਂਚ੍ਹ ਕੇ,
ਬਣ ਸੱਕੇ ਕੁਝ ਜੋਇ ਹੈਨ ਬਣਾਂਵਦੇ।
ਪ੍ਰੇਮ ਕਰੇ ਜੋ ਕਾਰ ਸ੍ਵਾਫਾਂ ਵਾਲੜੀ,
ਦੇਵੇ ਜੇ ਕੁਝ ਤਾਉ ਲਾ ਘਸਵੱਟੀਆਂ,
ਤੋਲੇ, ਪਰਖੇ, ਜਾਚਿ ਪਾਇ ਕੁਠਾਲੀਆਂ,
ਦੇਵੇ ਅੱਗ ਤਪਾਇ, ਲੁੱਛਣ ਲੱਗਦੀ,
ਉੱਥੇ ਬੀ ਏ ਬੀਰ ਜਾਂਦੇ ਪੌਂਚੁਕੇ,
ਕਰਦੇ ਅਪਣੀ ਕਾਰ, ਮੁੜਨ ਨ ਮੋੜਿਆਂ।
ਜਈ 'ਧਰਮ' ਤੇ 'ਹੁੱਬ' 'ਹਮਦਰਦੀ' ਸਖੀ'
ਪੁੱਤ੍ਰ ਇਦ੍ਹਾ 'ਉਪਕਾਰ' ਚਾਰੇ ਆ ਗਏ
-ਰਾਣੀ ਪੀੜ ਉਡਾਣ ਸੁੱਖਾਂ ਦੇਣ ਨੂੰ -
ਓਸ ਗੁਫ਼ਾ ਵਿਚਕਾਰ ਦਰਦ ਵੰਡਾ ਰਹੇ।


www.sikhbookclub.com

ਮੂੰਹ ਗੁਫ਼ਾ ਦਾ ਢੱਕ ਪੱਥਰ ਰੱਖਿਆ,
ਏ ਚਕ ਅੰਦਰ ਜਾਉ ਵਲ ਕੁਛ ਲੰਘ ਕੇ
ਆਵੇ ਖੁੱਲ੍ਹਾ ਥਾਉਂ ਵਿਹੜਾ ਸੋਹਿਣਾ
ਚਾਰ ਚੁਫੇਰ ਚਿਟਾਨ ਉੱਚੇ ਸੇ ਖੜੇ।
ਪਰ ਪੱਧਰ ਏ ਥਾਂਉਂ; ਵਿੱਚ ਵਿਚਾਲੜੇ,
ਸੌ ਗਜ਼ ਕੁੱਝ ਵਧੀਕ ਚੌੜਾ ਥਾਉਂ ਏ
ਦੋ ਸੌ ਗਜ਼ੋਂ ਵਧੀਕ ਲੰਮਾ ਹੋਇਗਾ।
ਤਿਰਛੇ ਉੱਚ ਚਿਟਾਨ ਵਾਂਙ ਪਹਾੜ ਦੇ
ਦੁਾਲੇ ਖੜੇ ਦਿਸੰਨ ਇਸਨੂੰ ਘੇਰਕੇ
ਕੁਦਰਤ ਨੇ ਇਕ ਕੋਟ ਸੀ ਰਚ ਰੱਖਿਆ।
ਬਾਰੂੰ ਦਿੱਸੇ ਨਾਂਹ ਪਤਾ ਨ ਲੱਗਦਾ।
ਨੀਲਾ ਸਾਫ਼ ਅਕਾਸ਼ ਪਰ ਸੀ ਦਿੱਸਦਾ।
ਏਸ ਪੱਧਰੇ ਥਾਉਂ ਖੁੱਲ੍ਹਾ ਉਪਰੋਂ।
ਇਸ ਪੱਧਰ ਦੇ ਵਿੱਚ ਸੁੰਦਰ ਸੋਹਿਣੀ
ਧਰਮਸਾਲ ਸੀ ਇੱਕ ਸਾਜੀ ਰਾਉ ਨੇ।
ਵੱਡਾ ਇੱਕ ਦਲਾਨ ਸ੍ਰੀ ਗੁਰੂ ਗ੍ਰੰਥ ਦਾ
ਜਿੱਥੇ ਹੁੰਦਾ ਕੱਠ ਰੋਜ਼ ਦਿਵਾਨ ਦਾ।
ਪੰਜ ਸਤ ਕੋਠੇ ਹੋਰ ਲਾਂਭੇ ਚਾਂਭ ਸੇ,
ਇਹਨਾਂ ਦੇ ਵਿਚਕਾਰ ਮਿਲਦੀ ਠੌਰ ਸੀ
ਲੋੜਵੰਦਿਆਂ ਜੋਗ, ਸਭ ਸਤਿਸੰਗੀਏ
ਜਾਣਨ ਜਿਨਹਾਂ ਜੋਗ ਰੱਖਣਾ ਏਸ ਥਾਂ।
ਏਸ ਥਾਉਂ ਦੇ ਰਾਹ ਅੰਦਰ ਜਾਣ ਦਾ
ਇੱਕੋ ਹੈਸੀ ਢੰਗ, ਸੋ ਸਤਿਸੰਗੀਆਂ
ਬਾਝੋਂ, ਕਿਸਿ ਨੂੰ ਹੋਰ ਨਹੀਂ ਮਲੂਮ ਸੀ।
ਏਹੋ ਹੈਸੀ ਥਾਉਂ ਜਿਸਦਾ ਕਿ ਪਤਾ
ਪਰੀ 'ਰਾਜ' ਨੂੰ ਆਪ ਦਿੱਤਾ ਸੀ ਤਦੋਂ।
ਕੀਤਾ ਸੀ ਉਪਦੇਸ਼: ਉੱਥੇ ਜਾਇਕੇ
ਕਰ ਸੱਚਾ ਸਤਿਸੰਗ, ਰਸਤਾ ਲੱਭ ਲੈ,
ਜਿਸਤੋਂ ਪ੍ਰਾਪਤ ਹੋਇ ਤੈਨੂੰ 'ਸੱਚ' ਹੈ।
ਜਿਸਿ ਬਿਧਿ ਦਸਿਆ ਸੀਗ ਉੱਕਰ ਰਾਜ ਸੀ
ਪਹੁੰਚ ਨ ਸੱਕੀ ਆਪ ਜੀਉਂਦੀ ਜਾਗਦੀ –
–ਜਿਉਂਦੀ ਸਕੀ ਨ ਪੌਂਚੁ ਵਿਚ ਸਤਿਸੰਗ ਦੇ–
ਪਰ ਦੁਾਰੇ ਤੇ ਪੌਂਚੁ ਢੱਠੀ ਸੋਹਿਣੀ।
ਪ੍ਰਿਥਮ ਵਾਪਰੀ ਮੌਤ ਉਸਦੀ ਦੇਹ ਨੂੰ,
'ਜਜੂੰਦਿਆਂ ਮੋਈ' ਜਾਣ ਲੌ ਉਸ ਮੂਰਛਾ
ਮੌਤ–ਦੁਾਰ ਦੇ ਵਿੱਚ ਕਦਮ ਟਿਕਾ ਲਏ
ਬੂਹਾ ਤਦ ਸਤਿਸੰਗ ਲੰਘੀ ਸੋਹਿਣਾ।
ਮਾਨੋ ਲਿਆ ਕਬੂਲ ਮਰਨਾ ਏਸ ਨੇ,
ਫਿਰ ਪਹੁੰਚੀ ਸੀ ਪਾਸ ਸੱਚੇ ਸੰਗ ਦੇ।
ਤਲੀ ਧਰ ਲਿਆ ਸੀਸ ਗਲੀ ਪਰੇਮ ਤਾਂ
ਕਦਮ ਪਏ ਸਨ ਆਨ ਰਾਣੀ ਰਾਜ ਦੇ।
ਸਿਰ ਦੇਣੋਂ ਛਡ ਕਾਣ ਪਹਿਲਾਂ ਮੰਡ ਕੇ
ਮਾਰਗ ਏਸ ਪਰੇਮ ਰੱਖੇ ਪੈਰ ਸੇ।
ਮਰਨੇ ਦਾ ਸੀ ਚਾਉ ਹਰਿ ਕੇ ਦੁਾਰ ਤੇ,
ਮਰਕੇ ਪਹੁੰਚੀ ਦੁਾਰ ਉਸ ਸਤਿਸੰਗ ਦੇ।
ਯਾ ਉਸ ਦਰ ਤੇ ਪੌਂਚੁ ਮੋਈ ਰਾਜ ਸੀ,
ਮੋਈ ਹਰਿਕੇ ਦੁਾਰ ਹਰ ਦਿਆਂ ਪੁੱਛਿਆ,
ਪੁਛਿਆ ਹੀ ਨਾ ਜਾਣ, ਸਿਰ ਤੇ ਚੱਕਿਆ;
ਚੁੱਕ ਲੈ ਗਏ ਠੀਕ ਵਿਚ ਸਤਿਸੰਗ ਦੇ।
ਲੈ ਜਾ ਲਿਆ ਮਿਲਾਇ ਮੁਏ ਜਿਵਾਲਿਆ।

ਹੁਣ ਰਾਣੀ ਦਾ ਹਾਲ ਐਕੁਰ ਹੋਇਆ;
ਦੋ ਮਾਈਆਂ ਨੇ ਆਣ ਲਾਹੇ ਕੱਪੜੇ
ਪਾਣੀ ਨਾਲ ਤ੍ਰਿਬੁੱਦ ਜੋ ਸੀ ਹੋ ਰਹੇ
ਪਿੰਡਾ ਸਾਫ਼ ਬਣਾਇ ਸਾਫੀਂ ਪੂੰਝਿਆ;
ਬਸਤਰ ਗਰਮ ਨਵੀਨ ਹੋਰ ਪੁਵਾ ਦਏ;
ਮੰਜੇ ਦਿਆ ਲਿਟਾਇ ਲੇਫ ਉਢਾਇਕੇ।
ਮਾਲਸ਼ ਕਰੀ ਮੁਲੈਮ ਗਰਮ ਦੁਵਾਉ ਦੀ,
ਲਗੇ ਪੁਚਾਵਣ ਨਿੱਘ ਬਾਹਰੋਂ ਓਪਰੀ;
ਸਾਫੇ ਦੇ ਕੇ ਸੇਕ ਕੇਸ ਸੁਕਾਉਂਦੇ।
ਕੋਈ ਗਰਮ ਦੁਵਾਇ ਬੂਟੀ ਮੇਰੁ ਦੀ
ਮੱਥੇ ਦਈ ਲਗਾਇ, ਕੁਝ ਦਿਲ ਉੱਪਰੇ,
ਮਾਲਸ਼ ਬਗਲਾਂ ਵਿੱਚ ਕਰਨ ਦਵਾਇ ਦੀ।
ਤਲੀਆਂ ਦਾਰੂ ਲਾਇ ਝਸ ਨਿਘ ਦੇਂਵਦੇ
ਇਕ ਦੋ ਬੂੰਦਾਂ ਹੋਰ ਦਾਰੂ ਵਾਲੀਆਂ
ਮੂੰਹ ਵਿਚ ਦਿਤੀਆਂ ਪਾਇ ਦੰਦਣ ਖੋਲ੍ਹ ਕੇ।

ਕਰਦੇ ਦੇਖੋ ਸੇਵ ਹਨ ਸਤਿਸੰਗੀਏ
ਸੇਵ ਜਿਨ੍ਹਾਂ ਦੀ ਆਪ ਰਾਣੀ ਰਾਜ ਨੂੰ
ਕਰਨੀ ਬਣਦੀ ਸੀਗ, ਵਾਜਬ ਸੀ ਇਹੋ।
ਪਰ ਦੇਖੋ ਇਕ ਹੋਰ ਬਿਰਦ ਇਨਾਂਹਦਾ
ਰਾਣੀ ਤੋਂ ਜਦ ਆਪ ਆਪਾ ਛੁੱਟਿਆ
ਲੀਤਾ ਆਨ ਸੰਭਾਲ ਬਿਰਦਾਂ ਵਾਲਿਆਂ;
ਉਲਟੀ ਕਰ ਰਹੇ ਸੇਵ ਸਾਰੇ ਏਸਦੀ।
ਜਾਣ ਗਏ ਸੇ ਸੱਭ, ਲਿਆ ਪਛਾਣ ਸੀ,
ਹੈ ਏ ਪਾਵਨ ਨਾਰ ਸੂਰਤ ਸਿੰਘ ਦੀ,
ਆ ਪਹੁੰਚੀ ਸਤਿਸੰਗ ਪ੍ਰੇਰੀ ਕੰਤ ਦੀ।
ਵਾਕ ਹੋ ਗਿਆ ਸੱਤ ਸੂਰਤ ਸਿੰਘ ਦਾ
ਜੋ ਉਸ ਨੇ ਸਤਿਸੰਗ ਵਿਚ ਸੀ ਆਖਿਆ
ਜਦੋਂ ਜੀਉਂਦਾ ਸੀਗ ਵਿਚ ਇਸ ਜਗ ਦੇ:-
'ਹੋਵੇਗਾ ਇਕ ਰੋਜ਼ ਮੈਂ ਨਾ ਹੋਵਸਾਂ,
'ਆਵੇਗੀ ਮੈਂ ਨਾਰਿ ਵਿਚ ਸਤਿਸੰਗ ਦੇ,
'ਉਸਨੂੰ ਦੇਕੇ ਸ਼ਾਂਤਿ ਰਸਤੇ ਪਾਵਣਾ।'
ਸੰਤ ਬਚਨ ਅਟਲਾਧ ਪੂਰਾ ਹੋ ਗਿਆ।

ਕਿਉਂ ਨਾ ਪੂਰਾ ਹੋਇ ਸੱਚੀ ਜੀਭ ਤੋਂ
ਜੋ ਕੁਝ ਨਿਕਲੇ ਵਾਕ ਸਹਿਜ ਸੁਭਾਵ ਹੀ
ਜੋ ਹੈ ਐਸੀ ਜੀਭ ਜਾਣੇ ਝੂਠ ਨਾ
-ਝੂਠ ਪਛਾਣੂ ਨਾਹਿੰ ਜਿਹੜੀ ਜੀਭ ਦਾ-
ਸੱਚੋ ਹੀ ਸਚ ਨਿੱਤ ਜਿਹੜੀ ਭਾਖਦੀ
ਭੂਤ, ਹਾਲ, ਭਾਵਿੱਖ, ਜੋ ਕੁਝ ਓ ਕਹੇ
ਕਿਉਂ ਝੂਠਾ ਹੋ ਜਾਇ? ਹੋ ਨ ਅਸੰਗਤੀ।

ਜੇ ਝੂਠਾ ਹੋ ਜਾਇ, ਝੂਠੀ ਜੀਭ ਹੋ,
ਜੀਭ ਨ ਜਾਣੂ ਸੀਗ ਝੂਠਾਂ ਦੀ ਕਦੇ,
'ਝੂਠ-ਅਣਜਾਣੂ ਜੀਭ' ਤੋਂ ਫਿਰ ਨਿੱਕਲੇ
ਝੂਠ, ਨ ਸਕਦੀ ਹੋਇ, ਗਲ ਅਨਹੋਵਣੀ।
ਨਿਕਲ ਸਕੇ ਨਾ ਝੂਠ ਸੱਚੀ ਜੀਭ ਤੋਂ।
ਸੱਚ ਜਾਣੋਂ ਜੇ ਸੱਚ ਜੀਭ ਸੁਭਾਉ ਹੈ,
ਸਚ ਦੀ ਸੱਤਾ ਸੱਤਿ ਵਸਦੀ ਜੀਭ ਤੇ,
ਸੱਤਾ ਤਿਸਦੇ ਵਾਕ ਵਿਚ ਆ ਜਾਂਵਦੀ,
ਜੋ ਆਖੇ ਸੋ ਸੱਚ ਹੈ ਹੋ ਜਾਂਵਦਾ।
ਵਰਤਮਾਨ ਤੇ ਭੂਤ ਭਵਿਖਤ ਕਾਲ ਦੀ
ਵੰਡ, ਨ ਪਰਦਾ ਪਾਇ ਸੱਚੇ ਹੈ ਦਿਲਾਂ।
ਵੰਡ ਕਾਲ ਦੀ ਏਹ ਮਾਯਕ ਖੇਡ ਹੈ,
ਜਿੱਥੇ ਸੱਚ ਪ੍ਰਕਾਸ਼ ਵਸਦਾ ਸੱਚ ਹੈ
ਕੋਈ ਮਾਯਕ ਖੇਡ ਪਰਦਾ ਹੈ ਨਹੀਂ।
ਕਈ ਇਕ ਸਿਜਾਣੇ ਲੋਕ ਹਨ ਇਉਂ ਆਖਦੇ
ਅਨਚੀਜਾ ਏ ਕਾਲ ਹੈ ਕੁਛ ਚੀਜ ਨਾ,
ਅਨਚੀਜਾ ਜੇ ਕਾਲ ਤਾਂ ਏ ਸੱਤਿ ਨੂੰ
-ਜੋ ਸਚ ਮੁਚ ਹੈ ਸੱਤਿ ਸੱਤਾ ਵਾਲੜਾ-
ਕੀਕੁਰ ਅੰਥਾ ਝੂਠ ਕਰ ਹੈ ਸੱਕਦਾ?
ਜੋ ਹੈ ਸਚ ਇਕ ਕਾਲ ਸੱਚ ਤ੍ਰਿਕਾਲ ਹੈ।
ਵਰਤਮਾਨ ਦਾ ਬੋਲ ਸੱਚ ਜੁ ਬੋਲਦਾ;
-ਵਰਤਮਾਨ ਹੀ ਭੂਤ ਬਣ ਹੈ ਜਾਂਵਦਾ-
ਉਸਦਾ ਬੋਲਜਾ ਸੱਚ ਵਰਤੰਮਾਨ ਦਾ
ਭੂਤਕਾਲ ਦਾ ਸੱਤਿ ਆਪੇ ਹੈ ਬਣੇ।
ਜੋ ਕੁਝ ਬੋਲੇ ਓਹ ਭ੍ਰਿੱਖਤ ਕਾਲ ਦਾ
ਬੋਲੇ ਸਹਿਜ ਸੁਭਾਵ ਸੱਚ ਸੁਭਾਵ ਤੋਂ,
ਜਦੋਂ ਭਵਿੱਖਤ ਕਾਲ ਵ੍ਰਤਮਾਂ ਹੋਵਸੀ
ਸੱਚ ਜਾਇਗਾ ਹੋਇ, ਝੂਠ ਨ ਹੋਵਸੀ।
ਸਤਿ ਦਾ ਬੀਜਜਾ ਬੀਜ ਸੱਚੀ ਜੀਭ ਨੇ
ਕੀਕੁਰ ਲੱਗੂ ਫੱਲ ਉਸਨੂੰ ਝੂਠ ਦਾ।
ਸਚ ਬੀਜੇ, ਤਦ ਖੇਤ ਉਗਦਾ ਸੱਚ ਹੈ;
ਸੱਚ ਵੱਢੇ, ਖਲਵਾੜ ਲਗਦਾ ਸੱਚ ਦਾ।
ਸੱਚੇ ਦਾ ਜੋ ਸੱਚ ਹੁਣ ਹੈ ਬੋਲਦਾ,
ਉਸਦਾ ਸਾਰਾ ਸੱਚ ਕੱਠਾ ਹੋਂਵਦਾ,
ਵਿਚ ਖਲਵਾੜੇ ਜਾਣ ਬੋਹਲ ਲੱਗਦਾ।
ਜੋ ਬੋਲੇ ਹੈ ਸੱਚ ਭਵਿਖਤ ਕਾਲ ਦਾ
ਓਹ ਬੀਜੇ ਹੈ ਸੱਚ ਵੱਢੂ ਸੱਚ ਹੀ।

ਸੰਗਤ ਕਰ ਕਰ ਯਾਦ ਸੂਰਤ ਸਿੰਘ ਦਾ
ਪਹਿਲੋਂ ਉਚਰਜਾ ਵਾਕ ਸੱਚਾ ਹੋਂਵਦਾ,
ਅਦਬ ਨਾਲ ਕੁਰਬਾਨ ਉਸ ਤੋਂ ਹੋਂਵਦੀ:

ਆਖਣ ਮੂੰਹੋਂ: 'ਧੰਨ ਤੂੰ ਸੈਂ ਪਜਾਰਿਆ:
'ਸੱਚਾ, ਪਜਾਰਾ, ਸੱਚ ਸੱਚ ਸਰੂਪ ਤੂੰ।'
ਤਨ ਮਨ ਤੋਂ ਲਾ ਜ਼ੋਰ ਸੰਗਤ ਸੇਂਵਦੀ
ਕਿਵੇਂ ਹੋਸ਼ ਆ ਜਾਇ ਰਾਣੀ ਰਾਜ ਨੂੰ;
ਨਾਲ ਕਰਨ ਅਰਦਾਸ: 'ਸੱਚੇ ਸਾਈਆਂ !
'ਕਰ ਦੇਵੋ ਸੁਰਜੀਤ ਰਾਣੀ ਰਾਜ ਨੂੰ
'ਦਾਸ ਤੁਸਾਂ ਦੀ ਏਹ ਪ੍ਰੇਮਣ ਸੱਚ ਦੀ।'
ਪਰਮੇਸ਼ਰ ਪਰਸਿੰਨ ਹੋਯਾ ਉੱਪਰੋਂ
ਨਿੱਘ ਫਿਰੀ ਕਰ ਜ਼ੋਰ ਉਸ ਦੇ ਅੰਦਰੋਂ
ਸਿਰ ਤੋਂ ਪੈਰਾਂ ਤੀਕ ਸਾਰੇ ਫੈਲਰੀ,
ਸ੍ਵਾਸ ਪਏ ਚਲ ਸਾਫ਼ ਥਿੜਕਨ ਨਾ ਰਹੀ,
ਨਬਜ਼ ਤਾਰ ਬੀ ਸਾਫ਼ ਸੀ ਹੁਣ ਹੋ ਰਹੀ।
ਪਰ ਕਾਹਲੀ ਸੀ ਏਹ ਹੋ ਹੋ ਵਜਦੀ।
'ਜਾਨ ਬਚ ਗਈ' ਖਜਾਲ ਸਭ ਦਾ ਹੋ ਗਿਆ।

# ੨੭. ਸਤਿਸੰਗ-ਭ੍ਰਾਂਤਿ ਦਰਸ਼ਨ

ਸਤਿਸੰਗਤ ਵਿਚ ਵਾਸ ਰਾਣੀ ਪਾ ਲਿਆ,
ਪਰ ਦੇਹ ਪਈ ਬਿਹੋਸ਼ ਉਸ ਦੀ ਹੈ ਅਜੇ,
ਹੋਇ ਰਹੀ ਹੈ ਸੇਵ ਸੁਰਤ ਲਿਆਣ ਦੀ।
ਦੇਹ ਮੂਰਛਾ ਖਾਇ ਜਿਸ ਛਿਨ ਸੀ ਗਈ,
ਉਸਦਾ ਉਸ ਛਿਨ ਧਜਾਨ ਵੰਨੇ ਕੰਤ ਦੇ
ਇਕਮਨ ਇਕਚਿਤ ਭਾਇ ਲੱਗਾ ਸੀ ਰਿਹਾ।
ਓਸ ਲਗਨ ਵਿਚ ਲੱਗ ਸੁਰਤੀ ਤਾਂਘਦੀ,-
ਦਿੱਸੈ ਕਿਧਰੇ ਕੰਤ ਤਾਰਾ ਅੱਖ ਦਾ।
ਕੀ ਦੇਖੇ ਬੇਹੋਸ਼ ਹੋਈ ਰਾਜ ਹੈ:
-ਬਰਫਾਨੀ ਮੈਦਾਨ ਵਿਛਿਆ ਸਾਮ੍ਹਣੇ
ਪੱਧਰ ਚਟੀਅਲ ਸਾਫ਼ ਚਿੱਟ ਚਿਟਾਕ ਹੈ
ਮਾਨੋਂ ਫਰਸ਼ ਸੁਫੈਦ ਕਿਨ੍ਹੇ ਵਿਛਾਇਆ।
ਧਰਤੀ ਨਜ਼ਰ ਨ ਆਇ ਬਰਫੋਂ ਸੱਖਣੀ,-
ਘਾਹ ਨ ਬੂਟੇ ਬ੍ਰਿੱਛ, ਰੁੱਖ ਨ ਝਾੜੀਆਂ,
ਪਿੰਡ ਨ ਨਗਰ ਗਿਰਾਉਂ, ਠੱਟਾ, ਸ਼ੈਰੂ ਨਾ,
ਛੱਪਰ ਨਾਂ ਖਪਰੈਲ, ਕੁੱਲੀ, ਛੰਨ ਨਾ,
ਬਿਨਾਂ ਬਰਫ਼ ਮੈਦਾਨ ਕੁੱਝ ਨ ਹੋਰ ਹੈ।
ਤੱਕੇ ਨਜ਼ਰ ਉਘਾੜ ਫਿਰ ਅਸਮਾਨ ਨੂੰ,
ਨਾਂ ਸੂਰਜ ਨਾਂ ਚੰਦ, ਤਾਰੇ ਹੀ ਨਿਰੇ
ਡਲ੍ਹਕਣ ਝਲਕਣ ਸਾਫ਼ ਅੱਖਾਂ ਮਾਰਦੇ।
ਸੀ ਇਕ ਗੋਲ ਕਮਾਨ ਚਾਨਣ ਵਾਲੜੀ
ਛਾਈ ਵਿੱਚ ਅਕਾਸ਼ ਵਾਂਢੂ ਪੀਂਘ ਦੇ,
ਬਿਜਲੀ ਵਾਂਙੂ ਤੇਜ ਪਰ ਚੁਪ ਚਾਪਵਾਂ
ਚਾਨਣ ਸਾਰੇ ਹੇਠ ਇਸਦਾ ਫੈਲਿਆ।
ਇਸ ਥਾਂ ਨਿਜ ਨੂੰ ਦੇਖ ਇੱਕ ਇਕੱਲੜੀ
ਰਾਣੀ ਹੋਇ ਹੈਰਾਨ ਆਖੇ: 'ਰੱਬ ਜੀ !
'ਆਈ ਕਿਹੜੇ ਥਾਂਉਂ ਵਿਚ ਸੁਨਸਾਨ ਦੇ?'
ਰਾਣੀ ਕਰੇ ਮਲੂਮ ਹੁੰਦੀ ਸੁੰਨ ਹਾਂ।
ਪੈਂਦੀ ਸੀ ਅਤਿ ਠੰਡ ਸੁਪਨੇ ਵਿਚ ਬੀ,
ਸਹਿ ਸੱਕੀ ਨਾਂ ਦੇਹ ਪਲੀ ਮਲੂਕ ਜੋ,
ਹੱਥ ਪੈਰ ਹੋ ਸੁੰਨ ਠੰਢੇ ਹੋ ਗਏ,
ਨੱਕ ਹੋ ਗਿਆ ਸੁੰਨ ਠਰਿਆ ਠੰਢ ਦਾ।
ਇਸ ਠੰਢਕ ਦੇ ਵਿੱਚ ਬਰਫਾਂ ਵਾਕੁਰੇ
ਰਲੀ ਬਰਫ਼ ਦੇ ਨਾਲ -ਠੰਢੀ ਹੋ ਗਈ।
ਸੁਪਨੇ ਇਸ ਪਰਕਾਰ ਰਾਣੀ ਦੇਖਦੀ;
ਕਦੀ ਗੁੰਮ ਹੋ ਜਾਇ, ਦੇਖੇ ਹੈ ਕਦੀ
ਕੋਈ ਸੁਪਨਾ ਸੀਤ ਠੰਢਾਂ ਵਾਲੜਾ;
ਹਫਲਾ ਤਫਲੀ ਢੇਰ ਅੰਦਰ ਪੈ ਰਹੀ।
ਫਿਰ ਦੇਖੇ, ਕਰ ਜ਼ੋਰ ਬਲਦੀ ਅੱਗ ਹੈ,
ਨਿੱਘਾ ਨਿੱਘਾ ਸੇਕ ਦੂਰੋਂ ਆਂਵਦਾ,
ਫਿਰ ਸੀਂ ਲੱਗੇ, ਸੇਕ ਫਿਰ ਸੀ ਆਂਵਦਾ:
ਸੁਪਨੇ ਇਸ ਪਰਕਾਰ ਦੇ ਬੀ ਦੇਖਦੀ।
ਪਰ ਉਵ ਪਈ ਬਿਹੋਸ਼ ਦਾਰੀ ਹੋ ਰਹੀ।
ਵੈਦ ਚੰਗੇਰਾ ਸੀ ਵਿਚ ਸਤਿਸੰਗੀਆਂ
ਉਸਨੇ ਤਕ ਕੇ ਹਾਲ ਸੁਹਣਾ ਰਾਜ ਦਾ
-ਨੀਂਦ ਵਿੱਚ ਸੁਖ ਨਾਲ ਹੈਵੇ ਸੌਂ ਰਹੀ-
ਸਾਰੇ ਲੈਕੇ ਨਾਲ ਦੂਇ ਦਲਾਨ ਓ
ਜਾ ਟਿਕਿਆ ਕੁਛ ਕਾਲ ਲਈ ਓ ਸੋਹਿਣਾ।

ਬਹੁਤ ਚਿਰਾਕੀ ਫੇਰ ਜਦ ਸਭ ਸੇ ਗਏ
'ਚਾਣਕ ਖੋਲ੍ਹੀ ਅੱਖ ਰਾਣੀ ਰਾਜ ਨੇ,
ਮੀਟੇ ਖੋਲ੍ਹੇ ਅੱਖ, ਖੋਲ੍ਹੇ ਮੀਟਦੀ,
ਵਿਸਮ ਵਿਸਮ ਕੁਛ ਹੋਇ ਸਮਝ ਨ ਸੱਕਦੀ,-
ਸੁਪਨਾ ਹੈ ਕੇ ਜਾਗ ਯਾ ਕੁਝ ਹੋਰ ਹੈ।
ਪਿਛਲੀ ਸਾਰੀ ਯਾਦ ਮੁੜੀ ਨ ਸੀ ਅਜੇ,
ਹੁਣ ਦੀ ਸਮਝ ਨ ਆਇ ਕੀ ਏ ਹੈ ਦਸ਼ਾ।
ਤਾਂਤੇ ਬਿਟ ਬਿਟ ਵੇਖ ਅੱਖਾਂ ਮੀਟ ਲੈ,
ਸਮਝੇ ਕੁਛ ਬੀ ਨਾਂਹਿ ਅੱਖਾਂ ਖੋਲ੍ਹ ਕੇ।
ਲੰਮਾ ਕੋਈ ਸ੍ਵਾਸ ਵਿਚ ਵਿਚ ਆਂਵਦਾ
ਠੰਢਾ, ਪਰ ਇਹ ਸੀਗ ਸੁੱਖ ਸਹੂਲਤਾ।
ਬੋਲਣ ਚਾਹੇ ਫੇਰ ਬੋਲ ਨ ਸੱਕਦੀ;
ਹੁਕਮ ਨ ਮੰਨੇ ਜੀਭ ਮਨ ਬਉਰਾਨ ਦਾ।
ਉੱਠਣ ਚਾਹੇ ਫੇਰ ਦੇਹ ਨ ਹਿੱਲਦੀ
ਇੱਕੁਰ ਪਈ ਨਿਢਾਲ ਸੱਤਾ ਹੀਨ ਹੋ।
ਦੇਖੇ ਚਾਰ ਚੁਫੇਰੁ, ਸਮਝਣ ਚਾਹੁੰਦੀ,
ਸਮਝੇ, ਸਮਝ ਨ ਕੁੱਝ ਉਸ ਦੀ ਆ ਪਵੇ।
ਇਸ ਬਿਧ ਪਿਆਂ ਅਰਾਮ ਵਿੱਚੀਂ ਰਾਜ ਨੂੰ
ਬੀਤ ਗਿਆ ਕੁਛ ਕਾਲ ਜੁ ਤੁਰਜਾ ਜਾਂਵਦਾ
ਕਰਦਾ ਜਾਇ ਇਲਾਜ ਰਾਣੀ ਰਾਜ ਦਾ।
ਸਨੇ ਸਨੇ ਇਸ ਕਾਲ ਕਲਾਂ ਜੁ ਹੋਸ਼ ਦੀ
ਅੰਦ੍ਰੋਂ ਦਿਤੀਆਂ ਜੋੜ, ਪਹਿਲਾਂ ਵਾਕਰੇ।
ਆਤਮ ਨੇ ਹੁਣ ਟੁੰਬ ਛੇੜੀ ਚੇਤਨਾ
ਇਸ ਨੇ ਬੁੱਧੀ ਜੋਗ ਫਿਰ ਸੀ ਸੋਰਿਆ
ਇਸਨੇ ਮਨ ਨੂੰ ਨਾਲ ਅਪਣੇ ਲਾ ਲਿਆ।
ਮਨ ਨੇ ਵਾਗ ਸੰਭਾਲ ਸਾਰੀ ਹੋਸ਼ ਦੀ
ਫੁਰਨਜਾਂ ਸੰਦੀ ਚਾਲ ਟੋਰੀ ਸੋਹਿਣੀ;
ਫੁਰਨਿਆਂ ਲੀਤਾ ਲੱਭ ਚੇਤਾ ਊਂਘਦਾ:
ਰਾਣੀ ਹੁਣ ਸਵਧਾਨ ਹੁਈ ਸੁਚੇਤ ਹੈ।
ਪਿਛਲਾ ਸਾਰਾ ਹਾਲ ਅੱਖਾਂ ਸਾਮ੍ਹਣੇ
ਆਇਆ ਧਾਰ ਸਰੂਪ ਜਿੱਕੁਰ ਸੀ ਮਰੀ
ਕਰਦੀ ਸੂਰਤ ਯਾਦ ਸੂਰਤ ਸਿੰਘ ਦੀ;
ਪਰ ਨਾ ਖੁੱਲ੍ਹੇ ਬਾਤ ਹੁਣ ਕੀ ਹੈ ਬਾਣੀ:
ਕੀ ਹੈ ਏ ਪਰਲੋਕ ਮਰਕੇ ਆ ਗਈ,
ਜਿੱਥੇ ਕੁੱਲ ਜਹਾਨ ਮਰਕੇ ਆਂਵਦਾ?
ਜਾਂ ਮਾਤਾ ਘਰ ਲਜਾਇ ਫੇਰ ਜਿਵਾਲਿਆ?
ਮਾਤਾ ਦਿਸਦੀ ਨਾਂਹ ਗੋਲੀ ਬਾਂਦੀਆਂ,
ਨਾ ਉਹ ਮਹਲ, ਮਕਾਨ; ਨਾ ਰਣਵਾਸ ਓ।
ਤਾਂਤੇ ਜਾਣੇ ਇਹ ਅਪਣਾ ਥਾਂ ਨਹੀਂ:
ਮੈਂ ਧਰਤੀ ਤੇ ਫੇਰ ਜੀਵੀ ਹਾਂ ਨਹੀਂ।
ਏ ਸੋਚੇ, ਪਰਸੰਨ ਹੋ ਹੋ ਜਾਂਵਦੀ,
ਸ਼ੁਕਰ ਕਰੇ ਮੈਂ ਤਜਾਗ ਧਰਤੀ ਆ ਗਈ;
ਵਿਛੋੜੇ ਦਾ ਦੇਸ ਹੋਜਾ ਦੂਰ ਹੈ;
ਹੁਣ ਸਾਂਈਂ ਦੇ ਸ਼ੈਰੁ ਪਹੁੰਚੀ ਆਣਕੇ।
ਜਾਂ ਸੋਚੇ ਏ ਬਾਤ ਭਾਲੇ ਕੰਤ ਨੂੰ;
ਉਹ ਬੀ ਦਿਸਦਾ ਨਾਹਿੰ ਕੋਈ ਹੋਰ ਨਾ
ਦਿਸਦਾ ਪਾਸ ਦੁਆਸ ਸਾਂਈਂ ਜੀਵ ਕੋ,
ਜੋ ਦੱਸੇ ਕੁਛ ਭੇਤ ਇਸ ਪਰਲੋਕ ਦਾ?
ਲੱਛਣ ਦੇਣ ਨ ਰਾਹ ਕਿਹੜਾ ਥਉਂ ਹੈ?
ਲੋਕ ਨ ਦਿੱਸੇ ਮੂਲ, ਨ ਪਰਲੋਕ ਹੀ;
ਕਿੱਥੇ ਰਹੀ ਬਿਰਾਜ ਤੀਜੀ ਥਾਉਂ ਤੇ?
ਸੰਸੇ ਲੀਤਾ ਘੇਰ ਰਾਣੀ ਬੁੱਧਿ ਨੂੰ।
ਸੰਸਾ ਵੈਰੀ ਅੱਤਿ ਮਨ ਦਾ ਜਾਣੀਏ।
ਟਿਕਣ ਨ ਹਿਰਦਾ ਦੇਇ ਏ ਮਾਨੁੱਖ ਦਾ,
ਮਨ ਨੂੰ ਦੇਇ ਹਿਲਾਇ, ਮਤਿ ਨੂੰ ਡਾਂਟਦਾ
ਜਦ ਉਹ ਨਿਸਚੇ ਤੀਰ ਲਾਗੇ ਪੌਂਚਦੀ।
ਤਾਰੂ ਹੋਵੇ ਕੋਇ ਵਿੱਚ ਸਮੁੰਦ ਦੇ,
ਤਰਕੇ ਕੰਢੇ ਪਾਸ ਪਹੁੰਚੇ ਆਣ ਜੋ
ਡਾਂਟ ਹਟਾਵੇ ਦੂਤ ਅੱਗੋਂ ਜੇ ਕੁਈ,
ਮੁੜ ਜਾਵੇ ਡਰ ਖਾਇ ਪਰਤੇ ਫੇਰ ਓ,
ਬਾਹੁਲੀਆਂ ਫਿਰ ਮਾਰ ਪਹੁੰਚੇ ਤੀਰ ਆ,
ਫਿਰ ਦੇਵੇ ਉਹ ਡਾਂਟ, ਫਿਰ ਮੁੜਜਾਇਓ,
ਫਿਰ ਪਰਤੇ ਕਰ ਜ਼ੋਰ ਆਵੇ ਤੀਰ ਨੂੰ,
ਅੱਗੋਂ ਵੱਜੇ ਫੇਰ ਸੋਟਾ ਦੂਤ ਦਾ,
ਫੇਰ ਮੁੜੇ ਪਿਛਵਾਰ ਸਾਗਰ ਵੱਲ ਨੂੰ,
ਕੁੱਝ ਦੂਰ ਫਿਰ ਜਾਇ ਪਾਇ ਨ ਆਸਰਾ

ਹੜ੍ਹ ਟੁਟ ਮੁੜਕੇ ਫੇਰ ਆਵੇ ਤੀਰ ਨੂੰ,
ਅੱਗੋਂ ਹੋਇ ਸਲੂਕ ਅੱਗੇ ਜੇਹਿਆ,
ਤਾਂ ਤਾਰੂ ਹੜ੍ਹ ਹਾਰ ਲਹਿਰੀਂ ਗੁੰਮਦਾ।
ਇੱਕੁਰ ਦਾ ਵਰਤਾਉ ਸੰਸਾ ਹੈ ਕਰੇ,
ਜਦੋਂ ਬੁੱਧਿ ਕਰ ਜ਼ੋਰਿ ਆਕੇ ਪੌਂਚੁਦੀ
ਨਿਸਚੇ ਦੇ ਹੈ ਤੀਰ ਵਾਹਵਾਂ ਲਾਂਵਦੀ:
ਜਿੱਥੋਂ ਸਚ ਦਾ ਦੇਸ਼ ਹੁੰਦਾ ਹੈ ਸ਼ੁਰੂ।
ਇਹ ਸੰਸਾ ਹੈ ਰੂਪ ਇਸ ਸੰਸਾਰ ਦਾ,
ਸੰਸਾ ਲਹਿਰ ਤਰੰਗ ਤਰਨਾ ਔਖ ਹੈ,
ਜੋ ਲਾ ਮਨ ਦਾ ਟਿੱਲ, ਬੁੱਧੀ ਜ਼ੋਰ ਲਾ,
ਆਸ ਰੱਬ ਤੇ ਰੱਖ, ਕਰਕੇ ਬੇਨਤੀ
ਇਸਨੂੰ ਜਾਂਦਾ ਠਿੱਲ੍ਹ ਓ ਤਰ ਨਿੱਕਲੇ।
ਸਭ ਦੇ ਮਨ ਨੂੰ ਨਿੱਤ ਸੰਸੇ ਪੀੜਦੇ;
ਦਿਲ ਦੀ ਸ਼ਾਂਤੀ ਸੁੱਖ ਸੰਸੇ ਖਾਂਵਦੇ
ਪ੍ਰੀਤ ਪ੍ਰੇਮ ਦਾ ਸੁੱਖ ਲੈਣ ਨ ਦੇਂਵਦੇ।
ਨਿਸਚੇ ਬਾਝ ਨ ਸੁੱਖ ਲੋਕ ਪ੍ਰਲੋਕ ਦਾ;
ਸੰਸਾ ਕਰਨ ਨ ਦੇਇ ਨਿਸਚਾ ਹੈ ਕਦੇ।
ਜੋ ਸੰਸੇ ਨੂੰ ਛੱਡ ਵਰਤੇ ਬੁੱਧਿ ਨੂੰ,
ਕਰਕੇ ਤਰਕ ਵਿਤ੍ਰੇਕ ਸਿੱਟੇ ਕਢਦਾ,
ਪਹਿਰਾ ਦੇਂਦਾ ਫੇਰ ਨਿਸਚਿਤ ਬਾਤ ਤੇ
ਸੋ ਸੁਖ ਪਾਵੇ ਜੱਗ, ਸੁੱਖ ਪ੍ਰਲੋਕ ਬੀ।

ਘੇਰ ਰੱਖਿਆ ਹਾਇ 'ਸੰਸੇ' ਰਾਜ ਨੂੰ,
ਵਜਾਕੁਲ ਹੋਈ ਅੱਤਿ ਸਮਝ ਨ ਆਂਵਦੀ,
ਲੋਕ ਕਿ ਵਿਚ ਪਰਲੋਕ ਮੈਂ ਕਿਸ ਦੇਸ ਹਾਂ?
ਕਿਤਨਾ ਬੀਤਜਾ ਕਾਲ ਇਵੇਂ ਹਿਰਾਨਿਆਂ।
ਹੁਣ ਬੁਧਿ ਨੇ ਲਾ ਜ਼ੋਰ ਹੰਭਲਾ ਮਾਰਕੇ
ਰਾਧਾਂ ਕੀਤੀ ਯਾਦ ਜੋ ਇਸ ਨਾਲ ਸੀ
ਅੰਤ ਸਮੇਂ ਦੇ ਤੀਕ, ਸੋਚੇ: 'ਰਾਧਕਾਂ
'ਚਹੀਏ ਮੇਰੇ ਨਾਲ, ਮੇਰੇ ਨਾਲ ਸੀ।
ਖੁਲ੍ਹੀ ਜੀਭ ਹੁਣ ਬੋਲ ਧੀਮਾ ਬੋਲਦੀ,
'ਰਾਧਾਂ, ਰਾਧਾਂ, ਹਾਇ, ਰਾਧਾਂ ਬੋਲ ਤੂੰ।'
ਫਿਰ ਚੁਪ ਹੋ ਚੌਫੇਰ ਤਕ ਕੇ ਬੋਲਦੀ:
'ਰਾਧਾਂ, ਪਜਾਰੀ ਹਾਇ ਕਿੱਥੇ ਤੂੰ ਗਈ?'
ਸੱਜੇ ਖੱਬੇ ਫੇਰ ਸਿਰ ਕੁਛ ਫੇਰਕੇ
ਸਿਰਹਾਣੇ ਫਿਰ ਤੱਕ ਤੱਕ ਪੁਆਂਦੜੀ,
ਆਖੇ:–'ਰਾਧਾਂ ਹਾਇ ਨਿਭ ਕੇ ਅੰਤ ਲੌ
'ਕਿਉਂ ਹੋਈਏਂ ਹੁਣ ਲੋਪ, ਕਿੱਥੇ ਤੂੰ ਸਖੀ?
'ਅੰਤ ਤੀਕ ਨਿਭ ਨਾਲ ਅੰਤੋਂ ਲੰਘਕੇ
'ਛੁਟ ਸਕਦਾ ਨਹੀਂ ਸਾਥ, ਇਹ ਤਾਂ ਨੇਮ ਹੈ।
'ਔਖਾ ਹੈਸੀ ਅੰਤ ਸੋ ਤੂੰ ਝੱਲਿਆ,
'ਫੇਰ ਕਿਵੇਂ ਵਿੰਜੋਗ ਤੇਰਾ ਹੋ ਗਿਆ?
'ਨਿਭੇ ਅੰਤ ਜੋ ਤੀਕ ਫੇਰ ਨ ਵਿੱਛੁੜੇ,
'ਵਿੱਛੁੜ ਹੋ ਗਈ ਦੂਰ ਕਿਵੇਂ ਪਿਆਰੀਏ?'

ਇਸ ਵੇਲੇ ਏਕਾਂਤ ਹੈਸੀ ਹੋ ਰਹੀ,
ਪਾਸ ਨ ਹੈਸੀ ਕੋਇ ਜੋ ਸੁਣ ਬੋਲਦਾ।
ਜਦ ਬੋਲਜਾ ਨਾ ਕੋਇ ਰਾਣੀ ਰੋ ਪਈ।
ਛਾਇਆ ਆਣ ਪ੍ਰਭਾਵ ਹੁਣ ਏਕੱਲ ਦਾ।
ਰੋ ਕਹਿੰਦੀ, 'ਹੈ ਹਾਇ ! ਭਾਵੇਂ ਪ੍ਰੇਮ ਦਾ
'ਡੇਰਾ ਇਹ ਥਾਂ ਠੀਕ ਜਿੱਥੇ ਮੈਂ ਪਈ,
'ਸਿਰੋਂ ਪਰੇ ਹੈ ਥਾਉਂ ਕਹਿੰਦੇ ਪ੍ਰੇਮ ਦਾ–
'ਸਿਰ ਦੇ ਜਿੱਥੇ ਆਣ ਮੈਂ ਹਾਂ ਪੌਂਚੜ੍ਹੀ?
'ਕੀ ਏ ਓਹੋ ਥਾਉਂ? ਕੁਟੀਆ ਪ੍ਰੇਮ ਦੀ?
'ਆਈ ਰਾਧਾਂ ਨਾਹਿ ਮਰੀ ਤਾਂ ਨਾਲ ਸੀ।
'ਉਸ ਬੀ ਸਿਰ ਦੀ ਭੇਟ ਚਾੜ੍ਹੀ ਪ੍ਰੇਮ ਨੂੰ।
' 'ਨਜਾਉਂ ਨ ਕਰੇ ਪਰੇਮ' ਕੀ ਏ ਸੱਚ ਹੈ?
'ਹੋ ਸਕਦਾ ਨਹੀਂ ਸੱਚ, ਪ੍ਰੇਮ ਕ੍ਰਿਪਾਲ ਹੈ।'

ਇਹ ਕਹਿ ਤੱਕ ਚੁਫੇਰ ਤੱਕ ਇਕੱਲ ਨੂੰ
ਫਿਰ ਕਹਿੰਦੀ, 'ਏ ਥਾਉਂ ਹੈ ਕੀ ਪ੍ਰੇਮ ਦਾ?
'ਪ੍ਰੇਮ ਕਰਾਵਣ ਜੋਗ ਏਥੇ ਕੰਤ ਨਾ,
'ਕਰਨੇ ਵਾਲਾ ਪ੍ਰੇਮ ਏਥੇ ਕੰਤ ਨਾ,
'ਪਹੁੰਚਣ ਸੰਦਾ ਲਾਭ ਕੁਝ ਨ ਏਸ ਥਾਂ।
'ਜੇ ਤਾਂ ਮਿਲਦਾ ਕੰਤ ਸਫਲਾ ਥਾਉਂ ਸੀ,
'ਸਫਲਾ ਹੁੰਦਾ ਪ੍ਰੇਮ ਡੇਰੇ ਵਾਲੜਾ।'
ਇਉਂ ਕਰ ਮਨ ਵੀਚਾਰ ਫਿਰ ਚੁਪ ਹੋਇਕੇ
ਹੋਰ ਤਰ੍ਹਾਂ ਦੀ ਸੋਚ ਫੁਰਦੀ ਫੇਰ ਆ: –
'ਇਹ ਕਹਿੰਦੇ ਸੀ ਲੋਕ ਛੇਕੜ ਥਾਉਂ ਹੈ

‘ਜਿਥੇ ਮਿਲਸੀ ਕੰਤ ਪਹੁੰਚਜਾਂ ਆਇਕੇ;
‘ਇੱਥੇ ਬੀ ਉਹ ਨਾਹਿੰ ਮਿਲਿਆ ਮੁੱਝ ਨੂੰ,
‘ਡੇਰਾ ਇਹ ਨਹੀਂ ਪ੍ਰੇਮ ਥਾਂ ਕੁਈ ਹੋਰ ਹੈ।
‘ਤਾਂਤੇ ਕੁੱਝ ਕੁ ਦੂਰ ਡੇਰੇ ਏਸ ਤੋਂ
‘ਉਸਦਾ ਹੋਊ ਥਾਂਉਂ, ਨੀਵੀਂ ਏ ਜਗ੍ਹਾ।
‘ਮੇਰਾ ਕੀ ਹੈ ਕੰਮ ਠਹਿਰਾਂ ਏਸ ਥਾਂ?
‘ਸਿਰ ਦੇ ਆਈ ਟੋਲ ਕਰਦੀ ਏਸ ਥਾਂ,
‘ਸੁੰਞੀ ਨਿਕਲੀ ਏਹ ਖਾਲੀ ਕੰਤ ਤੋਂ;
‘ਕੰਤ ਬਾਝ ਏ ਥਾਂਉਂ ਮੇਰੇ ਕੰਮ ਨਾ।

‘ਹੁਣ ਕੀ ਕਰਾਂ ਇਲਾਜ, ਕੀਕੁਰ ਜਾਂ ਮਿਲਾਂ?
‘ਸਭ ਤੋਂ ਬੜਾ ਇਲਾਜ ਪੋਹਜਾ ਹੈ ਨਹੀਂ।
‘ਵੱਡੇ ਦਾਨੇ ਸੱਭ ਸੰਤ, ਮਹਾਤਮਾ
‘ਦਸਦੇ ਇਹੋ ਇਲਾਜ ਬਿਰਹੋਂ ਦਾ ਅਹੇ।
‘ਰੋਗ ਨ ਸਕਿਆ ਮੇਟ ਮੇਰਾ ਏਹ ਬੀ।
‘ਹੁਣ ਛਡਾਂ ਮੈਂ ਪ੍ਰੇਮ ? ਮੁੱਕੇ ਖੇਡ ਏ?
‘ਛੱਡ ਦਿਆਂ ਮੈਂ ਪ੍ਰੇਮ? ਹੈਂ, ਮੈਂ ਕੌਣ ਹਾਂ?
‘ਆਪਜੋਂ ਵਖਰਾ ਪ੍ਰੇਮ ਦਿਸਦਾ ਹੈ ਨਹੀਂ,
‘ਮੈਂ ਹਾਂ ਉਹ, ਕਿ ਓਹ ਮੈਂ ਹਾਂ ਹੋ ਰਹੇ।
‘ਦੋ ਹੰਨਗੇ ਇਕ ਰੂਪ ਨਿਖੜ ਨ ਸੱਕਦੇ,
‘ਤਾਂਤੇ ਨਹੀਂ ਇਲਾਜ ਸੰਭਵ ਏ, ਦਿਲਾ!
‘ਹੁਣ ਪਰ ਹੋਰ ਉਪਾਉ ਕਿਹੜਾ ਮੈਂ ਕਰਾਂ?
‘ਪ੍ਰੀਤਮ ਜਿਸਦੇ ਨਾਲ ਮੈਨੂੰ ਆ ਮਿਲੇ,
‘ਮੈਂ ਨਾ ਜਾਣਾ ਕੋਇ ਜਾਣੇ ਕੋਇ ਨਾ।
‘ਪੁੱਛਾਂ ਕਿਸ ਨੂੰ ਜਾਇ? ਗੁੰਗੇ ਸਾਰੜੇ,
‘ਜੋ ਮੇਰੇ ਹੁਣ ਪਾਸ ਚਾਰ ਚੁਫੇਰੜੇ
‘ਕੰਧ ਨ ਬੋਲੇ, ਛੱਤ, ਫਰਸ਼ ਨ ਬੋਲਦਾ।
‘ਕੌਣ ਦਸਾਵੇ ਰਾਹ ਸ੍ਵਾਮੀ ਦੇਸ ਦਾ?
‘ਹਾਇ ! ਨਿਭਾਗਣ ਅੱਤਿ ਮੈਂ ਹਾਂ ਹੋ ਰਹੀ;
‘ਜਜੂੰਦਜਾਂ ਮਿਲਿਆ ਨਾਹਿੰ ਪ੍ਰੀਤਮ ਆਪਣਾ,
‘ਮਰਕੇ ਬੀ ਹੁਣ ਨਾਹਿੰ ਮਿਲਿਆ ਆਣਕੇ।’

ਫੇਰ ਰਹੀ ਕੁਛ ਮੌਨ, ਫਿਰ ਪਰ ਆਖਦੀ:
‘ਲੋਕੀਂ ਕਹਿੰਦੇ ਮੌਤ ਹੈ ਦੁਖ ਮੇਟਦੀ;
‘ਮੈਂ ਮਰ ਡਿੱਠਾ ਆਪ ! ਏ ਸਭ ਝੂਠ ਹੈ,
‘ਜਿਹੀ ਜਜੂੰਦਿਆਂ ਸੀਗ ਮਰਕੇ ਹਾਂ ਤਿਹੀ।
‘ਮਰਕੇ ਪ੍ਰਿਥਮ ਬਿਹੋਸ਼ ਮੈਂ ਸਾਂ ਹੋ ਗਈ,
‘ਹੁਣ ਫਿਰ ਪਾਪਣ ਹੋਸ਼ ਕਿੱਥੋਂ ਆ ਗਈ?
‘ਜੇ ਮਿਲਨਾ ਨਹੀਂ ਕੰਤ ਹੈਸੀ ਮੁੱਝ ਨੂੰ,
‘ਮੈਨੂੰ ਨਾ ਸੀ ਲੋੜ ਮੂਲੋਂ ਹੋਸ਼ ਦੀ:
‘ਬਿਨ ਸਾਂਈਂ ਦੇ ਹੋਸ਼ ! ਮੇਰੇ ਕੰਮ ਨਾ।
‘ਕੀ ਸ੍ਵਾਰਾਂ ਹੁਣ ਕੰਮ ਤੇਰੇ ਨਾਲ ਮੈਂ ?
‘ਤੂੰਹੋਂ ਹੀ ਦੱਸ ਹੋਸ਼ ! ਤੈਨੂੰ ਕੀ ਕਰਾਂ!
‘ਜੇ ਤੇਰੇ ਹੀ ਨਾਲ ਸਾਂਈਂ ਆਂਵਦਾ
‘ਤਾਂ ਸੁਖ ਦਾਤੀ ਹੋਇ ਦੇਂਦੀ ਸੁਖ ਤੂੰ,
‘ਤੇਰੀ ਕਿਰਪਾ ਪਾਇ ਮੈਂ ਪ੍ਰਭ ਸੇਂਵਦੀ,
‘ਹੁੰਦੀ ਮੈਂ ਕੁਰਬਾਨ ਸਾਂਈਂ ਉੱਪਰੋਂ;
‘ਸਫਲ ਪਰਤਣਾ ਠੀਕ ਤੇਰਾ ਹੋਂਵਦਾ।
‘ਹੁਣ ਚੁਭ ਜਿਉਂ ਨਟਸਾਲ ਰੜਕੇਂ ਹੋਸ਼ ਤੂੰ !
‘ਹੈਂਸਜਾਰੀ ਜੋ ਹੋਸ਼ ! ਤੂੰ ਨਾ ਆਂਵਦੀ,
‘ਕਰਦੀ ਮੈਂ ਨ ਮਲੂੰਮ ਪੀੜ ਵਿਯੋਗ ਦੀ,
‘ਮੂਲ ਨ ਹੁੰਦਾ ਖੇਦ ਮੇਰੇ ਚਿੱਤ ਨੂੰ।
‘ਪਤੀ ਮਿਲਜਾ ਕੇ ਨਾਹਿੰ ਮੈਂ ਨਾ ਜਾਣਦੀ,
‘ਦੁੱਖ ਨ ਪਾਂਦੀ ਮੂਲ ਰਹਿ ਅਨਜਾਣ ਮੈਂ।
‘ਤੂੰ ਹੈਂ ਸੁੰਦਰ ਠੀਕ ਸ੍ਵਾਮੀ ਸੇਵ ਦਾ,
‘ਪਰ ਸੁੰਦਰ ਕਿਸ ਕੰਮ ਵਸਤੂ ਤੋਂ ਬਿਨਾਂ?
‘ਤੂੰ ਹੈਂ ਵਾਂਙੂ ਭੁੱਖ ਦੁਖ ਸੁਖ ਦਾਇਣੀ:
‘ਜੇ ਰੋਟੀ ਹੈ ਪਾਸ ਭੁਖ ਰਸ ਦੇਂਵਦੀ,
‘ਜੇ ਰੋਟੀ ਨਾ ਹੋਇ ਤਦ ਭੁਖ ਡੈਣ ਹੈ;
‘ਡੈਣੋਂ ਬੀ ਕੁਝ ਵੱਧ ਖਾਂਦੀ ਦੇਹ ਨੂੰ।
‘ਤਿਉਂ ਤੂੰ ਪਜਾਰੇ ਬਾਝ ਬਿਰਹੋਂ ਪੀੜ ਨੂੰ
‘ਰੜਕਾਵੇਂ ਤੇ ਆਪ ਮੈਨੂੰ ਖਾ ਰਹੀ।
‘ਜਾਹ ਹੁਣ ਕਰ ਆਰਾਮ ਕਿਧਰੇ ਹੋਰਥੇ,
‘ਮੈਂ ਭਰ ਪਾਈ ਢੇਰ ਤੈਥੋਂ, ਜਾਹੁ ਤੂੰ।
‘ਜਿੰਨ੍ਹਾਂ ਚਿਰ ਤੂੰ ਦੂਰ ਮੈਥੋਂ ਸੈਂ ਰਹੀ,
‘ਸੁਖੀ ਬੀਤਿਆ ਕਾਲ, ਰਤਾ ਨ ਭਾਸਿਆ
‘ਸੁਖ ਦੁਖ ਕਿਸਿ ਦੇ ਨਾਲ ਹੈਵੇ ਬੀਤਦਾ;

'ਮੈਨੂੰ ਲੱਗਾ ਨਾਹਿੰ ਦੁਖ ਸੁਖ ਦਾ ਪਤਾ।
'ਦੁਹੁੰ ਵਿਚੋਂ ਇਕ ਗੱਲ ਹੁਣ ਮੈਂ ਮੰਗਦੀ:
'ਜਾਂ ਤਾਂ ਹੋਵੇ ਕੰਤ ਮੇਰੇ ਸਾਮ੍ਹਣੇ,
'ਫਿਰ ਦੁਖ ਹੋਵੇ ਸੁੱਖ ਕੁਝ ਪਰਵਾਹ ਨਾ,
'ਜਾਂ ਹੋਵੇ ਨਾ ਹੋਸ਼, ਮੈਨੂੰ ਹੋਇ ਨਾ
'ਦੁਖ ਸੁਖ ਕੁੱਝ ਮਲੂਮ ਸਿਰ ਤੋਂ ਲੰਘਦਾ।'

ਫਿਰ ਅੱਖਾਂ ਨੂੰ ਮੀਟ ਰੋਕੇ ਹੋਸ਼ ਨੂੰ
ਫੁਰਨਾ ਰੋਕੇ ਨਾਲ ਦਮ ਕੁਛ ਰੋਕਦੀ,
ਪਰ ਨਾ ਹੁੰਦੀ ਗੁੰਮ ਹੋਸ਼ ਸੁ ਓਸਦੀ,
ਘਾਬਰ ਵਧਦੀ ਜਾਇ ਵਿਚ ਉਸ ਹੋਸ਼ ਦੇ।
ਚੱਲ ਪਿਆ ਫਿਰ ਦੌਰ ਪਹਿਲੇ ਵੈਣ੍ਹ ਦਾ–

'ਹੋਸ਼ ਜਿਨ੍ਹਾਂ ਦੇ ਪਾਸ ਦੁਖ ਸੁਖ ਭੋਗਦੇ;
'ਸੁਖ ਹੋਵੰਦੇ ਘੱਟ ਬਹੁਤੇ ਦੁੱਖੜੇ।
'ਜਿੱਥੇ ਹੁੰਦੀ ਹੋਸ਼ ਰੋਣਾ ਹੋਂਵਦਾ,
'ਜਿੱਥੇ ਹੁੰਦੀ ਹੋਸ਼ ਖੇਦ ਵਿਆਪਦੇ,
'ਜਿੱਥੇ ਹੁੰਦੀ ਹੋਸ਼ ਜ਼ੁਲਮ ਬਖੀਲੀਆਂ,
'ਜਿੱਥੇ ਹੁੰਦੀ ਹੋਸ਼ ਕੈਰੂ ਵਿਆਪਦੇ।
'ਕੀ ਸ਼ੈ ਹੈ ਏ ਹੋਸ਼? ਚਾਕੂ ਪੀੜ ਦਾ।
'ਬਿਨਾਂ ਹੋਸ਼ ਦੇ ਪੀੜ ਡੰਗੋਂ ਸੱਖਣੀ।
'ਦੇਖੋ ਧਰਤੀ ਵੱਲ ਹੋਸ਼ੋਂ ਸੱਖਣੀ;
'ਦੁਖ ਸੁਖ ਇੱਕ ਸਮਾਨ ਕਰਕੇ ਝੱਲਦੀ।
'ਮੈਂ ਪੀੜਾਂ ਤੋਂ ਅੱਕ ਹਾਂ ਹੁਣ ਥੱਕ ਕੇ,
'ਪੀੜ ਕਰਾਣੀ ਹੋਸ਼ ! ਤੈਥੋਂ ਮੰਗਦੀ:
'ਮੇਰਾ ਛਡ ਦੇ ਸੰਗ, ਜਾ ਹੁਣ ਹੋਰਥੇ।'

ਬਜਾਕੁਲ ਹੁੰਦੀ ਐਉਂ ਰੋਈ, ਹੋ ਗਈ
ਰੋਣੇ ਵਿਚ ਗ਼ਲਤਾਨ; ਸੋਮਾ ਪਾਟਿਆ,
ਵਿਚੇ ਇਸ ਪਰਵਾਹ ਸੰਸੇ ਵ੍ਹੈ ਤੁਰੇ,
ਜਿੱਕੁਰ ਤੀਲੇ ਘਾਹ ਨੀਰ ਰੁੜ੍ਹਾਂਵਦਾ।
ਹੋਸ਼ ਰਹੀ ਨਾ ਮੂਲ ਸੰਸਜਾਂ ਵਾਲੜੀ,
ਉਂਵ ਬੇਹੋਸ਼ੀ ਨਾਹਿੰ, ਰੋਵਣ-ਹੋਸ਼ ਹੈ।
ਪਰ ਰੋਵਣ ਨੇ ਹੋਸ਼ ਬਾਕੀ ਸਾਰੜੀ
ਚਾੜ੍ਹ ਆਪਣਾ ਗੱਚ ਵਿੱਚ ਲੁਕਾ ਲਈ।
ਰੋਂਦਿਆਂ ਰੋਂਦਿਆਂ ਕੁੱਝ ਹੌਲੀ ਹੋਂਦਿਆਂ
ਅੰਤਰ ਮੁਖ ਨੂੰ ਰੁੱਖ਼ ਸੁਰਤੀ ਵਾਲੜਾ
ਸਹਜੇ ਹੁੰਦਾ ਜਾਇ, ਮਿਟਦੇ ਨੈਣ ਸੇ।
ਦਿਲ ਨੂੰ ਸੰਸਜਾਂ ਬੌਤ੍ਹ ਸੀਗ ਥਕਾਇਆ,
ਥੱਕੇ ਦਿਲ ਨੇ ਦੇਹ ਜੋ ਕਮਜ਼ੋਰ ਸੀ
ਹੋਰ ਥਕਾਈ ਆਣ, ਸਿਰ ਸੀ ਥੱਕਿਆ।
ਥੱਕੇ ਸਿਰ ਨੇ ਹੇਠ ਖ਼ੂਨ ਉਤਾਰਿਆ
ਢਿੱਲ ਸਨਾਯੂ ਖਾਇ ਸਾਰੇ ਸੇ ਗਏ,
ਮਿੱਠੀ ਮਿੱਠੀ ਨੀਂਦ ਨੈਣੀਂ ਆ ਗਈ।
ਮੱਧਮ ਹੋਏ ਸ੍ਵਾਸ ਧੀਮੀ ਨਾੜ ਬੀ;
ਸੁੱਖਾਂ ਵਾਲੇ ਦੇਸ਼ ਸੁਰਤੀ ਜਾ ਟਿਕੀ।
ਸੰਸੇ ਸੋਚ, ਖਿਆਲ ਚਿੰਤਾ, ਹਾਵਿਆਂ
ਡੇਰਾ ਸਭ ਨੇ ਕੂਚ ਕੀਤਾ ਅੰਦਰੋਂ।
ਗਾੜ੍ਹੀ ਡੂੰਘੀ ਨੀਂਦ ਸੁਖੁਪ੍ਤੀ ਹੋ ਗਈ–
ਸੁਪਨਜੋਂ ਬੀ ਹੋ ਪਾਰ ਟਿਕ ਗਈ ਰਾਜ ਹੈ।

## ੨੮. ਸਤਿਸੰਗ-ਪ੍ਰਕਾਸ਼

ਮਿੱਠੀ ਡਾਢੀ ਨੀਂਦ ਸ਼ਹਤੋਂ ਮਿੱਠੜੀ,
ਹਰ ਮਿੱਠੇ ਨੂੰ ਮਾਤ ਕਰਦੀ ਨੀਂਦ ਹੈ;
ਨੀਂਦ ਕਰੇ ਜਦ ਜ਼ੋਰ ਮਿੱਠਾ ਭਾਇ ਨਾ,
ਭਾਵੇਂ ਸ਼ੱਕਰ ਖੰਡ ਸ਼ਹਤ ਕਿ ਦੁੱਧ ਹੋ।
ਨੀਂਦਰਿਆ ਜੋ ਜੀਵ ਕੁੱਝ ਨ ਚਾਹੁੰਦਾ
ਕਰਦਾ ਹੈ ਤ੍ਰਿਸਕਾਰ ਰਸ ਕਸ ਸੱਭ ਦਾ;
ਚਾਹੇ ਮਾਣਾਂ ਨੀਂਦ ਗੁੱਟੂ ਹੋਇਕੇ।
ਜਦੋਂ ਆ ਰਹੀ ਨੀਂਦ ਜਾਣੇ ਆਦਮੀ
ਹੋ ਜਾਣਾ ਬੇਹੋਸ਼ ਮੈਂ ਹੈ ਹੀ ਹੁਣੇ,
ਫਿਰ ਆਖੇ; 'ਹੈ ਨੀਂਦ ਮਿੱਠੀ ਆ ਰਹੀ।
'ਆਉ ਸੁਭਾਗੀ ਨੀਂਦ ਛੇਤੀ ਆਉ ਤੂੰ !
'ਅਪਨੀ ਗੋਦੀ ਵਿੱਚ ਲਈ ਸੰਭਾਲ ਮੈਂ।'
ਨੀਂਦਰ ਵਿਚ ਨ ਹੋਸ਼ ਹੋਵੇ ਜੀਵ ਨੂੰ,
ਫਿਰ ਜਾਗੇ ਕਹਿ: 'ਬੌਤ੍ਹ ਮਿੱਠੀ ਨੀਂਦ ਸੀ,

'ਸੁੱਤਾ ਸਾਂ ਮੈਂ ਘੂਕ ਕੁਈ ਨ ਸਾਰ ਸੀ,
'ਆਇਆ ਕਰ ਤੂੰ ਐਉਂ ਨੀਂਦ ਸੁਭਾਗੀਏ !'

ਧੰਦਜਾਂ ਵਾਲੇ ਧਜਾਨ ਅੰਦਰ ਵਾੜਕੇ
ਗ਼ਮ ਚਿੰਤਾ ਦੀ ਸੋਚ ਦਿਲ ਨੂੰ ਲਾਇਕੇ
ਅੰਦਰ ਲੀਤਾ ਲੱਦ ਹੈ ਇਸ ਆਦਮੀ,
ਨੀਂਦ ਆਇਕੇ ਬੋਝ ਸੱਭ ਉਤਾਰਦੀ।
ਜੀਵ ਦੇਹ ਦੇ ਨਾਲ ਜਾਗਣ ਦੇ ਸਮੇਂ
ਫਸਿਆ ਕੈਦੀ ਵਾਂਙ ਕਰੇ ਮੁਸ਼ੱਕਤਾਂ।
ਛੁਟੀ ਮਾਨੋਂ ਨੀਂਦ ਹੈ ਏ ਜੀਵ ਨੂੰ,
ਦੇਹੀ ਕਾਰੋਂ ਕੁੱਝ ਲਾਂਮ੍ਹੇ ਹੋਇਕੇ
ਲਏ ਸੁਤੰਤਰ ਮੌਜ –ਧੰਨ ਸੁਤੰਤ੍ਰਤਾ !

ਕਈ ਵੇਰ ਵਿਚ ਨੀਂਦ ਓ ਕੁਛ ਦਿੱਸਦਾ
ਹੋਣਹਾਰ ਹੈ ਜੋਇ ਹੋਵਣ ਵਾਲੜੀ।
ਹੋ ਬੀਤੀ ਕਈ ਵੇਰ ਤੱਕੀ ਨਾ ਅਸਾਂ
ਨੀਂਦਰ ਵਿਚ ਝਲਕਾਰ ਓ ਦੇ ਜਾਂਵਦੀ।

ਦੇਹ ਮੁਰੰਮਤ ਹੋਇ ਹੈ ਵਿਚ ਨੀਂਦ ਦੇ
ਹੋਇ ਕਿਸਲਤਾ ਦੂਰ, ਲਹਿਣ ਥਕਾਵਟਾਂ,
ਤਾਕਤ ਵਧ ਹੋ ਜਾਇ, 'ਬਲ'ਬਲ ਪਾ ਲਵੇ।
ਜਾਗ ਵਿੱਚ ਬਲ ਬੁੱਧਿ ਖਰਚ ਕਰਾਵੀਏ
ਆਮਦ ਹੋ ਵਿਚ ਨੀਂਦ ਦੋਹਾਂ ਦੀ ਕਿਤੋਂ।
ਦੇਹ ਵਸਦਾ ਜੋ ਭੌਰ ਨੀਂਦਰ ਵਿੱਚ ਜਾ
ਮਾਨੋ ਚੁੱਭੀ ਮਾਰ ਜਾਂਦਾ ਹੈ ਕਿਤੇ,
ਜੀਵਨ–ਮੋਤੀ ਓਹ ਭਰ ਬੁਕ ਲਜਾਂਵਦਾ,
ਖ਼ਰਚ ਕਰੇ ਉਹ ਜਾਗ ਜੋ ਸਉਂ ਲਜਾਂਵਦਾ।
ਸੋਮਾ ਹੈ ਕੋਈ ਹੋਰ ਸੁਰਤਾਂ ਵਾਲੜਾ
ਵਿੱਚ ਨੀਂਦ ਉਸ ਨਾਲ ਜੋੜ ਜੁੜਾਂਵਦਾ;
ਸ਼ਕਤੀ ਦੀ ਲੈ ਛੋਹ, ਸੱਤਜਾ ਦਾਨ ਲੈ
ਤਰੋ ਤਾਜ਼ ਬਲਵਾਨ ਹੋਕੇ ਜਾਗਦਾ।

ਦੇਸ਼ ਕਾਲ ਦੀ ਕੈਦ ਮਾਨੋਂ ਸੁੱਤਿਆਂ
ਢਿੱਲੀ ਜਾਂਦੀ ਹੋਇ, ਖੁਲ੍ਹ ਇਕ ਆਂਵਦੀ,–
ਸੈ ਵਰਿਹਾਂ ਦਾ ਕਾਲ ਛਿਨ ਵਿਚ ਲੰਘਦਾ,
ਸੈ ਕੋਹਾਂ ਦੀ ਵਿੱਥ ਪਲ ਵਿਚ ਮੁੱਕਦੀ,–
ਮੁਦਤਾਂ ਵਿਛੜਜਾ ਮੀਤ, ਦੇਸੋਂ ਦੂਰ ਜੋ,
ਨੀਂਦ ਵਜਾਪਿਆਂ ਅੱਖ– ਫਰਕੇ ਆ ਮਿਲੇ।

ਰਚਨਾ ਵਾਲੀ ਕਾਰ ਕਰਤਾ ਹੋਇਕੇ
ਜੀਵ ਕਰੇ ਬਿਨ ਦੇਰ ਬਿਨ ਸਾਮਾਨ ਦੇ,
ਕੌਤਕ ਰਚੇ ਅਜੀਬ ਨੀਂਦਰ ਵਿੱਚ ਜਾ।
ਅਨਪੂਰਾਈ ਆਸ ਨੀਂਦਰ ਵਿੱਚ ਜਾਂ
ਅਪਣੀ ਰਚਨਾ ਨਾਲ ਆਪੇ ਪੂਰੀਏ।

ਵਾਹ ਨੀਂਦਰ ਸੁਲਤਾਨ ! ਵਾਹਵਾ ਪਜਾਰੀਏ !
ਕੈਦੋਂ ਦਏਂ ਛੁਡਾਇ ਮਿੱਟੀ ਦੇਹ ਤੋਂ,
ਦੇਵੇਂ ਖੰਭ ਲਗਾਇ ਛੁੱਟੇ ਜੀਵ ਨੂੰ,
ਕਰੇ ਸੁਤੰਤਰ ਮੌਜ ਗਗਨ ਖਿਆਲ ਦੇ।

ਡਾਢੀ ਡੂੰਘੀ ਨੀਂਦ ਸੁਪਨਜੋਂ ਲੰਘਕੇ
ਕਦੀ ਕਦੀ ਜੇ ਆਇ ਅਸਲੀ ਨੀਂਦ ਏ,
ਇਹੋ ਸਮਾਧੀ ਦ੍ਵਾਰ ਨੀਂਦਰ ਸੋਹਿਣੀ।

ਹੇ ਪਜਾਰੀ ਤੂੰ ਨੀਂਦ ! ਸੁਰਗਾਂ ਦੇਵੀਏ !
ਬੂੰਦਾਂ ਸ਼ਹਿਤ ਚੁਆਉ ਰਾਣੀ ਦੇ ਰਿਦੇ,
ਪਈ ਬਿਹੋਸ਼ੀ ਵਿੱਚ ਮਾਣੇ ਸ੍ਵਾਦ ਓ,
ਜਾਣੇ ਨਾ, ਪਰ ਜਾਗ ਭਾਸੇ ਐਕੁਰਾਂ
ਕੇਡੀ ਮਿੱਠੀ ਨੀਂਦ ਵਿਚ ਸਾਂ ਮੈਂ ਗਈ।

ਹਾਂ, ਸੌਂ ਰਾਣੀ ਰਾਜ ! ਮਿੱਠੀ ਨੀਂਦਰੇ,
ਗੁਪਤ ਦੇਵਤੇ ਆਣ ਸਿਹਜਾ ਦ੍ਵਾਲੜੇ
ਅੰਮ੍ਰਿਤ ਅਰਸ਼ੋਂ ਲਜਾਣ ਚੋਵਣ ਤੈਂ ਰਿਦੇ,
ਪਹਿਰਾ ਦੇਵਣ ਆਣ ਸੁਰਗ ਫਰੇਸ਼ਤੇ,
ਮੋਰਛਲਾਂ ਦੇ ਨਾਲ ਕਰਦੇ ਰੱਖਿਆ।

ਹਾਂ, ਸੌਂ ਰਾਣੀ ਰਾਜ ! ਡੂੰਘੀ ਨੀਂਦਰੇ,
ਡੂੰਘੀ ਡੂੰਘੀ ਜਾਇ ਸਾਈਂ ਦੇਸ਼ ਤੂੰ।
ਰੱਖ ਦਲ੍ਹੀਜਾਂ ਸੀਸ ਛੁਹ ਲੈ 'ਨੰਤ ਦੀ,
ਉਸ ਛੁਹ ਵਿਚ ਮਦਹੋਸ਼ ਸੁੱਤੀ ਤੂੰ ਰਹੀਂ।

ਸੁੱਤੀ ਰਾਣੀ ਰਾਜ ਡੂੰਘੀ ਨੀਂਦਰੇ,
ਪਈ ਪਲੰਘ ਤੇ ਚਿੱਤ ਲੰਮੀ ਬੁੱਤ ਜਜੋਂ,
ਸਿਰ ਤੇ ਬਸਤਰ ਇੱਕ ਚਿੱਟਾ ਹੈ ਪਿਆ,

ਕਾਲੀ ਫੁੱਲਾਂ ਦਾਰ ਬਾਂਹਾਂ ਵਾਲੜੀ
ਕੁੜਤੀ ਹੈ ਗਲ ਵਿੱਚ, ਛਾਤੀ ਹੱਥ ਦੋ,
ਪਈ ਰਜ਼ਾਈ ਲਾਲ ਅੱਧੀ ਦੇਹ ਤੇ।
ਮਾਨੋਂ ਬੱਦਲ ਤਿੰਨ ਘੇਰੇ ਚੰਦ ਨੂੰ
ਉੱਪਰ ਹੇਠਾਂ ਹੇਠ ਤਿਨੋਂ ਰੰਗ ਦੇ
ਚਿੱਟੇ ਕਾਲੇ ਲਾਲ ਰੂਪ ਚੜ੍ਹਾ ਰਹੇ।

ਪਰ ਉਹ ਚੰਦ ਨਜਿੰਦ ਸਾਹੋਂ ਸੱਖਣਾ
ਨਾਲੇ ਠੰਢਾ ਠਾਰ, ਨਿੱਘ ਨ ਪ੍ਰੇਮ ਦੀ,
ਇੱਥੇ ਚਲਦਾ ਸ੍ਵਾਸ ਨਰਮ ਸੁਗੰਧਿਆ,
ਨਿੱਘਾ, ਪਜਾਰਾ, ਪ੍ਰੇਮ ਭਰਿਆ ਸਿੱਕ ਦਾ:
ਏ ਹੈ ਚੰਦ ਸਜਿੰਦ ਨਿੱਘਾਂ ਵਾਲੜਾ।

ਆਏ ਉਹ ਹੁਣ ਵੈਦ ਜੋ ਸਤਿਸੰਗ ਦੇ
ਹੈਸਨ ਸੱਚੇ ਦਾਸ ਪ੍ਰੇਮੀ ਰੱਬ ਦੇ,
ਸਿੰਘਣੀਆਂ ਤੇ ਸਿੰਘ ਦੋ ਤ੍ਰੈ ਨਾਲ ਸੇ
ਸਹਿਜੇ ਵੀਣੀ ਜੋਲ ਨਾੜ ਟਟੋਲ ਕੇ,
ਕਹਿਣ ਲਗੇ: 'ਹੈ ਪਾਰ ਖ਼ਤਰਜੋਂ ਹੋ ਗਈ।
'ਦਾਰੂ ਕੱਛਾਂ ਵਿੱਚ ਮਲਿਆ ਜੋ ਤੁਸਾਂ,
'ਅਰ ਜੋ ਨਾਸਾਂ ਰਾਹ ਸੁੰਘਿਆ ਸੀ ਗਿਆ,
'ਅਸਰ ਆਪਣਾ ਠੀਕ ਕਰ ਹਨ ਓ ਗਏ।
'ਹੈ ਅਰੋਗ ਹੁਣ ਦੇਹ, ਪਰ ਬਲਹੀਨ ਹੈ।
'ਨੀਂਦ ਜੁ ਗਹਿਰੀ ਆਇ ਇਸ ਨੂੰ ਘੁੱਟਿਆ
'-ਉਸ ਦਾਰੂ ਦੇ ਜ਼ੋਰ ਰਿਹਾ ਸੁੰਘੀਂਦ ਜੋ-
'ਕਰਦੀ ਇਨ੍ਹੂੰ ਅਰੋਗ ਹੈਵੇ ਜਾਂਵਦੀ।
'ਅਜੇ ਨੀਂਦ ਦਾ ਜ਼ੋਰ ਰਹਿਸੀ ਹੋਰ ਬੀ।
'ਪੈਕੇ ਕੁਛ ਪਰਸੇਉ ਕੁੜਤਾ ਅੰਦ੍ਰਲਾ
'ਭਿੱਜ ਰਿਹਾ ਹੈ, ਏਹ ਹੁਣੇ ਵਟਾ ਦਿਓ।
'ਇਸੇ ਨੀਂਦ ਦੇ ਵਿੱਚ ਬਦਲੋ ਕੱਪੜੇ
'ਲੈ ਜਾਓ ਜੇ ਚੱਕ ਵਿੱਚ ਦਿਵਾਨ ਦੇ,
'ਉੱਥੇ ਆਊ ਜਾਗ ਜਦ ਹੈ ਰਾਜ ਨੂੰ,
'ਦੇਖੇਗੀ ਜਦ ਰੰਗ ਆਤਮ ਫੈਲਿਆ,
'ਆਤਮ-ਅਮਰ ਪ੍ਰਭਾਵ ਬਲ ਲੈ ਆਇਗਾ,
'ਜਾਣੋਂ ਨਵੀਂ ਨਰੋਇ ਸਾਰੀ ਹੋ ਗਈ।'
ਵੈਦਰਾਜ ਇਹ ਆਖ ਗਏ ਦਿਵਾਨ ਨੂੰ।
ਦੋ ਮਾਈਆਂ ਦੇ ਜੋਗ ਸੇਵਾ ਰਾਜ ਦੀ
ਸੌਂਪੀ ਸੀ ਗਜੀ ਸੱਭ, ਕੀਤੀ ਜੋ ਉਨ੍ਹਾਂ।
ਹੁਣ ਇਹ ਹੁਕਮ ਨਵੀਨ ਬਾਕੀ ਰ੍ਹੈ ਗਿਆ:-
'ਬਸਤਰ ਬਦਲੇ ਜਾਣ ਸੁੱਤੇ ਹੀ ਪਿਆਂ,
'ਪਹੁੰਚ ਜਾਇ ਦੀਵਾਨ ਸੁੱਤੀ ਹੀ ਪਈ
'ਹੋ ਜਾਏ ਏ ਸੇਵ, ਖੁਲ੍ਹੇ ਜਾਗ ਨਾ।'

ਉੱਧਰ ਰਾਣੀ ਰਾਜ ਮਿੱਠੀ ਨੀਂਦਰੇ
ਸੁੱਧ ਸੁਖੋਪਤ ਵਿੱਚ ਸੁਤੀ ਸੀ ਪਈ।
ਖ਼ਬਰੇ ਆਤਮ-ਮੇਲ ਰੂਹ ਤੇ ਰੱਬ ਦਾ
ਏਸ ਨੀਂਦ ਵਿਚਕਾਰ ਹੈਸੀ ਹੋ ਰਿਹਾ,
ਪਰ ਉਸ ਨੂੰ ਮਾਲੂਮ ਹੋਇਆ ਕੁੱਝ ਨਾ।

ਗੂੜ੍ਹ-ਨੀਂਦ ਹੁਣ ਕੁੱਝ ਹੋਈ ਪਤਲੀ,
ਰਾਣੀ ਨੂੰ ਇਸ ਨੀਂਦ ਵਿਚ ਇਉਂ ਜਾਪਿਆ:
ਯਾ ਸਮਝੇ ਉਹ ਐਉਂ: ਮੈਂ ਹਾਂ ਜਾਗਦੀ,
ਦਰ ਜੋ ਹੈਸੀ ਬੰਦ ਆਪੇ ਖੁੱਲ੍ਹਿਆ,
ਆਇਆ ਸੂਰਤ ਸਿੰਘ ਸੂਰਜ ਵਾਕੁਰੇ
ਦਬੇ-ਪੈਰ ਆ ਪਾਸ ਪਹੁੰਚਾ ਛੋਪਲੇ,
ਮੰਜੇ ਤੇ ਗਜਾ ਬੈਠ ਆਕੇ ਛੋਪਲੇ
ਸੱਜੀ ਵੱਖੀ ਕੋਲ ਪ੍ਵਾਂਦੀ ਲਾਂਭ ਨੂੰ।
ਇਕ ਟਕ ਬੰਨ੍ਹੇ ਫੇਰ ਦੇਖੇ ਨਾਰ ਨੂੰ
ਨਜ਼ਰ ਭਰੀ ਹੈ ਪ੍ਰੇਮ -ਗੂੜ੍ਹੇ ਪ੍ਰੇਮ ਦੀ,
ਸ਼ੁਕਰ ਨਾਲ ਭਰਪੂਰ ਕੋਮਲ, ਮਿੱਠੜੀ।

ਰਾਧਾਂ ਸਹਜੇ ਦੇਖ, ਸਹਜੇ ਆਇਕੇ,
ਸਹਜੇ ਕਰ ਪਰਣਾਮ, ਸਹਜੇ ਛੋਹ ਕੇ
ਸਹਜੇ ਟੁੰਬਿਆ, ਬੋਲ ਸਹਜੇ ਬੋਲਦੀ
ਸਹਜੇ ਕਹਿੰਦੀ, 'ਜਾਗ ਸਹਜ ਪਿਆਰੀਏ !
'ਯਤਨ ਕਰੇਂਦੀ ਹਾਰ ਗਈਓਂ, ਆ ਗਿਆ
'ਸਹਜੇ ਤੇਰਾ ਕੰਤ ਸਹਜ-ਸਮਾਧੀਆ,
'ਸਹਜ ਸੁਭਾਵੀ ਮੇਲ ਰਾਣੀ ! ਹੋ ਗਿਆ।'
ਸਹਜੇ ਆਈ ਜਾਗ ਅੱਖਾਂ ਮੀਟੀਆਂ
ਖੁੱਲ੍ਹਣ ਨਾ, ਕਰ ਜ਼ੋਰ ਰਾਣੀ ਖੋਲ੍ਹਦੀ,

ਨਿਰਬਲ ਹੈ ਅਤਿ ਰਾਜ ਜ਼ੋਰ ਨ ਐਤਨਾ
ਜਿਹੜਾ ਖੋਲ੍ਹੇ ਅੱਖ ਦੇਖੇ ਕੰਤ ਨੂੰ:
ਅੱਖਾਂ ਛੱਪਰ ਹਾਇ ਮਣ ਮਣ ਹੋ ਰਹੇ।
ਕਿਤਨੇ ਚਿਰ ਦੇ ਬਾਦ ਛੱਪਰ ਉੱਬਰੇ,
ਅਲਸਾਏ ਹਿਤ ਨਾਲ ਮਸਤੀ ਮੱਤੜੇ, -
ਭਏ ਅਧਖੁਲ੍ਹੇ-ਨੈਣ, ਪੁਤਲੀ ਹੇਠ ਹੋ
ਕਰਦੀ ਦਰਸ਼ਨ ਸਾਫ਼ ਅਪਣੇ ਕੰਤ ਦਾ।
ਨਿਰਬਲ ਹੈ ਇਤਨੀਕ ਹਿੱਲ ਨ ਸੱਕਦੀ;
ਹੱਥ ਨ ਸਕਦੀ ਚੱਕ ਜੋੜਨ ਵਾਸਤੇ;
ਬੁੱਲ੍ਹ ਨ ਸਕਦੀ ਖੋਲ੍ਹ ਹੱਸਣ ਵਾਸਤੇ,
ਸਾਰੀ ਦੇਹ ਦਾ ਜ਼ੋਰ ਸਹਿੰਦਾ ਹੈ ਮਸਾਂ
ਅੱਖ-ਛੱਪਰਾਂ ਭਾਰ, ਡਿਗਣੋਂ ਚਾਇ ਜੋ;
ਤਾਂਤੇ ਦਰਸ਼ਨ-ਮੇਲ ਕੇਵਲ ਹੋ ਰਿਹਾ।
ਸੀ ਇਹ ਮੇਲ ਅਬੋਲ ਭਾਵਾਂ ਲੱਦਿਆ।
ਬੋਲ ਅਧਖੁਲ੍ਹੇ ਨੈਣ ਸਾਰਾ ਕਹਿ ਰਹੇ
ਦਿਲ ਦਾ ਹਾਲ ਹਵਾਲ ਵਿੱਥਜਾ ਦੇਹ ਦੀ।
ਅਪਣੀ ਪੁਤਲੀ ਵਿੱਚ 'ਮਾਈ ਮੀਤ ਦੀ
ਸੂਰਤ ਰਹੇ ਦਿਖਾਇ ਸੂਰਤ ਸਿੰਘ ਨੂੰ,-
ਜਿਉਂ ਇਸ ਪੁਤਲੀ ਵਿੱਚ ਹਿਰਦੇ ਮੈਂਡੜੇ
ਸੂਰਤ ਰਹੀ ਸਮਾਇ ਤੇਰੀ ਪਜਾਰਿਆ !
ਸੂਰਤ ਸਿੰਘ ਨੇ ਵਾਚ ਨੈਣ 'ਧਮੀਟਿਓਂ
ਲੀਤਾ ਸਾਰਾ ਹਾਲ ਪਜਾਰੀ ਨਾਰ ਦਾ।
ਉਸਦਾ ਸੱਭ ਸਰੀਰ ਨਾਲ ਪਰੇਮ ਦੇ
ਭਰਿਆ ਸੀ ਭਰਪੂਰ, ਲੂੰ ਲੂੰ ਵਿੱਚ ਤੋਂ
ਛੁਟਣ ਫੁਹਾਰੇ ਪ੍ਰੇਮ -ਪ੍ਰੇਮ ਪ੍ਰਭਾਵ ਦੇ
ਇਨ੍ਹਾਂ ਫੁਹਾਰਜੋਂ ਨੀਰ ਚਲਦਾ ਪ੍ਰੇਮ ਦਾ
ਕਰਵਾਵੇ ਇਸ਼ਨਾਨ ਰਾਣੀ ਰਾਜ ਨੂੰ।
ਕਮਜ਼ੋਰੀ ਸੀ ਅੱਤਿ, ਅੱਤਿ ਪ੍ਰਸੰਨਤਾ,
ਦੁਹੁੰ ਭਾਰਾਂ ਦੇ ਹੇਠ ਦੱਬੀ ਰਾਜ ਨੂੰ,
ਅਨੁਭਵ ਕਰਦੀ ਸੱਭ ਪਰ ਨਾ ਹਿੱਲਦੀ।
ਹੁਣ ਰਾਣੇ ਹਿਤ ਨਾਲ ਪਜਾਰੀ ਰਾਜ ਦਾ
ਹੱਥ ਵਿੱਚ ਲੈ ਹੱਥ ਕੋਮਲ ਪਜਾਰਿਆ
ਉੱਛਲਿਆ ਕਰ ਜੋਰ ਹਿਰਦਾ ਨਾਰ ਦਾ,
ਜੀਭ ਰਸਤਿਓਂ ਭੁੱਲ੍ਹ ਲੱਗਾ ਪੈਣ ਸੀ,
ਬਲ ਨੇ ਦਿੱਤੀ ਹਾਰ ਚੜ੍ਹਿਆ ਸੀਸ ਨੂੰ,
ਢਲ ਕੇ ਗਰਮੀ ਨਾਲ ਪਾਣੀ ਹੋ ਗਿਆ,
ਨੈਣੋਂ ਤੁਰਿਆ ਬਾਰ੍ਹ ਹੰਝੂ ਹੋਇਕੇ,-
ਮੋਤੀ ਡਲ੍ਹਕਾਂ ਮਾਰ ਰਿੜ੍ਹਕੇ ਜਾਂਵਦੇ।
ਰਾਣਾ ਜੀ ਏ ਦੇਖ ਸਕੇ ਸਹਾਰ ਨਾ;
ਪੈਣ ਨ ਦਿੱਤੀ ਬੂੰਦ ਧਰਤੀ ਉੱਪਰੇ;
ਲੀਤੀ ਹੱਥ ਸੰਭਾਲ ਅੱਗੇ ਰੱਖ ਕੇ:
ਨੈਣ ਭਰੇ ਜਲ ਨਾਲ ਫਿਰ ਓ ਪੂੰਝਦਾ।
ਫੇਰ ਪਵਿੱਤਰ ਹੱਥ ਮੱਥੇ ਫੇਰਿਆ।
ਅਦਬ ਸੁਆਰੀ ਨਾਰ ਨਿਰਬਲ ਹੈ ਪਈ,
ਚਾਹੇ ਉੱਠਾਂ ਡਿੱਗ ਪਰਸਾਂ ਪਾਦ ਮੈਂ;
ਆਸੰਙ ਨਹੀਂ ਸਰੀਰ, ਦੇਂਦਾ ਹਾਰ ਹੈ;
ਲੰਮਾ ਧੀਮਾ ਸ੍ਵਾਸ ਆਇਆ ਖਿੱਚਕੇ।
ਸੂਰਤ ਸਿੰਘ ਨੇ ਫੇਰ ਸਿਰ ਹੱਥ ਫੇਰਿਆ,
ਮੂੰਹ ਤੋਂ ਸੁੰਦਰ ਵਾਕ ਐਦਾਂ ਆਖਿਆ:-
'ਜਾਗ ਪਿਆਰੀ ! ਜਾਗ, ਨੀਂਦਰ ਤਜਾਗ ਦੇ;
'ਜਾਗਣ ਰੂਪੀ ਨੀਂਦ ਪਜਾਰੀ ਤਜਾਗ ਦੇ,
'ਨੀਂਦਰ ਤੋਂ ਬੀ ਲੰਘ ਜਾਗੀਂ ਸੋਣ੍ਹੀਏਂ !
'ਜਿਸ ਨੂੰ ਜਾਣੇ 'ਜਾਗ' ਨੀਂਦੋਂ ਵੱਧ ਓ,
' 'ਨੀਂਦ' ਕਹੇਂ ਜਿਸ ਜਾਗ ਇਸ ਨੂੰ ਲੰਘਿ ਆ,
'ਇਸਦੀ ਹੱਦੋਂ ਪਾਰ ਸੱਚੀ 'ਜਾਗ' ਹੈ,
'ਹੁਣ ਇਸ 'ਜਾਗੇ' 'ਜਾਗ' ਪੂਰਨ 'ਜਾਗ' ਜੋ,
'ਜਿਸਦੀ ਲਾਗੂ 'ਨੀਂਦ' ਕੋਈ ਹੈ ਨਹੀਂ।'
ਇਹ ਕਹਿ ਸ਼ੀਸ਼ੀ ਇੱਕ ਕੱਢੀ ਖੀਸਿਉਂ;
ਨਿੱਕੇ ਭਬਕੇ ਵਿੱਚ ਸ਼ੀਸ਼ੀ ਖੋਲ੍ਹਕੇ
ਦੋ ਘੁਟ ਦਾਰੂ ਪਾਇ ਚਿੱਟੇ ਰੰਗ ਦਾ
-ਜਿੱਕੁਰ ਚਮਕੇ ਨੀਰ ਹਿਮ ਦੇ ਸੋਮਿਆਂ-
ਕਹਿੰਦਾ, 'ਪਜਾਰੀ ਨਾਰ ! ਪੀ ਲੈ ਏਸ ਨੂੰ।'
'ਸਤਿਬਚਨ' ਦਿਲ ਨਾਲ ਖ਼ੁਸ਼ ਹੋ ਆਖਿਆ,
ਪਰ ਨਿਰਬਲ ਉਸ ਜੀਭ ਹਿੱਲੀ ਨਾਲ ਨਾ।
ਰਾਧਾਂ ਕੋਲੋਂ ਆਇ ਦਿੱਤਾ ਆਸਰਾ,
ਹੋ ਸਿਰਹਾਣੇ ਦਾਉ ਸਹਿਜੇ ਛੋਪਲੇ


www.sikhbookclub.com

ਸਿਰ ਦੇ ਹੇਠਾਂ ਹੱਥ ਖੱਬਾ ਦੇਇਕੇ
ਸੱਜਾ ਮੋਢੇ ਹੇਠ ਦੇਇ ਉਠਾਲਿਆ।
ਸਹਜ ਪਜਾਰ ਦੇ ਨਾਲ ਰਤਾ ਉਚਾਇਕੇ
ਪਿੱਛੇ ਹੋਕੇ ਹਿੱਕ ਦਾ ਦੇ ਆਸਰਾ
ਛਾਤੀ ਅਪਣੀ ਨਾਲ ਲਾ ਕੇ ਬੈਠਦੀ;
ਇਉਂ ਸੁਖ ਦੇਕੇ ਫੇਰ ਸਿਰ ਹਥ ਫੇਰਦੀ।
ਹੁਣ ਰਾਣੇ ਨੇ ਉੱਠ ਦਾਰੂ-ਬੇਲੂਆ
ਮੂੰਹ ਨੂੰ ਦਿਤਾ ਲਾਇ ਖੁੱਲ੍ਹਣ ਬੁੱਲ੍ਹ ਨਾ।
ਦੰਦਣ ਜਾਣੀ ਏਨ ਹੈ ਪਈ ਰਾਜ ਨੂੰ,
ਪਿੱਛੇ ਹਟ ਸੁਖ ਨਾਲ ਪੱਟੀਂ ਆਪਣੇ
ਰਾਣੀ ਦਾ ਸਿਰ ਰੱਖ ਲੀਤਾ ਏਸ ਨੇ।
ਜਦ ਚਮਚੇ ਦੇ ਨਾਲ ਖੋਲ੍ਹੇ ਬੁੱਲ੍ਹ ਸੇ।
ਦੰਦਣ ਸੀ ਨਹਿੰ ਓਹ ਐਵੇਂ ਘੁੱਟ ਸੀ।
ਖੋਲ੍ਹੇ ਬੁੱਲ੍ਹ ਗੁਲਾਬ ਚਮਚੇ ਨਾਲ ਜਾਂ
ਦਿੱਤਾ ਮੁਖੜੇ ਪਾਇ, ਪਵੇ ਤਰੇਲ ਜਜੋਂ
ਖੁਲ੍ਹੇ ਗੁਲਾਬਾਂ ਵਿੱਚ, ਰੁੱਤ ਬਸੰਤ ਨੂੰ।
ਜਾਂ ਇਹ ਦਾਰੂ ਹੇਠ ਸੰਘੋਂ ਲੱਥਿਆ
ਅੱਖਾਂ ਲਈਆਂ ਮੀਟ ਰਾਣੀ ਸੌਂ ਗਈ।
ਸੁਪਨੇ ਵਿਚ ਜੋ 'ਜਾਗ' ਜਾਣੀ ਰਾਜ ਨੇ
ਉਹ ਹੁਣ ਹੋਈ ਨੀਂਦ ਸੁਪਨੇ ਵਿੱਚ ਹੀ।
ਸੁੱਤੀ ਪਜਾਰੀ ਨੀਂਦ ਮਿਠੀ ਸ੍ਵਾਦਲੀ
ਫਿਰ ਪਰ ਆਈ ਜਾਗ- ਜਾਗ ਸੁਲੱਖਣੀ।
ਪਰ ਓ ਹੈ ਵਿਚ ਨੀਂਦ ਜਾਗੀ ਨਾ ਅਜੇ,

ਸੁਪਨੇ ਵਿਚ ਹੈ ਐਉਂ ਉਸਨੂੰ ਭਾਸਦਾ:-
ਨਿਰਬਲ ਨਾ ਉਤਨੀ ਕਿ ਦਾਰੂ ਪੀਣ ਤੋਂ
ਪਹਿਲਾਂ ਜਿਤਨੀ ਸੀਗ; ਹੁਣ ਤਾਂ ਨੀਉਂ ਕੇ
ਦੋਵੇਂ ਹੱਥ ਸੁ ਜੋੜ ਪ੍ਰੀਤਮ ਵੱਲ ਨੂੰ
ਡਿੱਗੀ ਚਰਨਾਂ ਵੱਲ ਭਰੀ ਪਿਆਰ ਦੀ,
ਉਸਨੇ ਡਿਗਦੀ ਬੋਚ ਗੋਦੀ ਲੈ ਲਿਆ
ਸਿਰ ਪਜਾਰੀ ਦਾ, ਪਜਾਰ ਕਰ ਪਿਯਰਾਇਆ।
ਫਿਰ ਮੱਥੇ ਹਥ ਫੇਰ ਫਿਰਵੀਂ ਡੌਲ ਦਾ,
ਕਹਿੰਦਾ, 'ਪਜਾਰੀ ਜਾਗ ਬਲ ਫਿਰ ਹੈ ਪਿਆ,
'ਕਹੁ ਦਿਲ ਦੀ, ਲੈ ਦੇਇ ਦੇ ਲੈ ਚਿੱਤ ਦੀ;

'ਵਰਤ ਸੁਖਾਂ ਦਾ ਨੀਰ ਤ੍ਰਿਪਤੀ ਨਾਲ ਤੂੰ,-
'ਦੁਖ ਪਾਏ ਤੈਂ ਢੇਰ ਮੇਰੇ ਵਾਸਤੇ;
'ਹੁਣ ਸੁਖ ਪਜਾਰੀ ਮਾਣ ਸੁਖੀਆ ਹੋਇਕੇ।
'ਹੰਝੂਆਂ ਦੇ ਪਰਵਾਹ ਨੈਆਂ ਵਾਂਗਰੇ
'ਦਿਲ ਦੇ ਸੋਮੇ ਪਾੜ ਰਹੀ ਵਹਾਂਵਦੀ,
'ਹੁਣ ਹਸ ਫੁੱਲਾਂ ਵਾਙ ਝੂੰਮ ਵਿਗੱਸਕੇ।
'ਲੋਕੀਂ ਕਰਦੇ ਪਜਾਰ ਨਾਲ ਜਿਵੰਦਿਆਂ;
'ਮੁਇਆ ਜੀਂਵਦਾ ਜਾਣ ਤੂੰ ਹੈ ਪ੍ਰੇਮਿਆ,
'ਮੁਇਆਂ, ਜਾਣਦੇ ਲੋਕ, ਹੈ ਹੋ ਬੀਤਿਆ
'ਤੂੰ ਜੀਵੰਦਾ ਜਾਣ ਮੈਨੂੰ ਪਜਾਰਿਆ।
'ਰਾਜ ਸਾਜ ਦੇ ਟੋਲ ਸਾਰੇ ਛੱਡਕੇ,
'ਸਖੀ ਟੋਲੀਆਂ, ਮਾਉਂ ਤੋਂ ਵਿਥ ਪਾਇਕੇ
'ਮੇਰੀ ਕੀਤੀ ਟੋਲ ਟੁਲ ਟੁਲ ਪਜਾਰੀਏ

'ਬਨ,ਪਰਬਤ,ਘਰ,ਟੋਲ, ਸਾਰੇ ਟੋਲਕੇ
'ਸਤਿਸੰਗਤ ਦੇ ਟੋਲ ਮਰੀਓਂ, ਟੋਲਦੀ;
'ਮਰੀ ਤਾਂ ਪੂਰੀ ਟੋਲ ਹੋਈ, ਟੋਲਣੇ !
'ਟੋਲੰਦੜੀ ਤੈਂ ਜੋਗ ਲੱਭਾ ਸਾਂ ਨਹੀਂ;
'ਹੁਣ ਟੋਲੰਦੜਾ ਆਪ ਤੈਨੂੰ ਆ ਗਿਆ।
'ਜਦੋਂ ਮੌਤ ਨੇ ਆਣ ਤੈਨੂੰ ਟੋਲਿਆ
'ਤੂੰ ਤਦ ਮੇਰੀ ਟੋਲ ਵਿਚ ਗ਼ਲਤਾਨ ਸੈਂ
'ਮੈਂ ਬਿਨ ਟੋਲੇ ਨਾਰ ਪਹੁੰਚਾ ਆਣ ਹਾਂ।
'ਪੂਰੀ ਹੋਈਆ ਟੋਲ ਟੋਲਣਹਾਰੀਏ !
'ਸੁੰਡੀ ਡੱਡੇ ਵਿੱਚ ਟੋਲੇ ਬਾਗ਼ ਨੂੰ;
'ਸਕੇ ਨ ਫੁੱਲਾਂ ਦੇਖ ਮਧੁ ਮਕਰੰਦ ਨੂੰ।
'ਪਹਿਲੇ ਡੱਡਾ ਤੋੜ ਬੇਸੁਧ ਹੋ ਮਰੇ;
'ਨਿਕਲਣ ਸੁੰਦਰ ਪੰਖ ਬਨੇ ਭੰਬੀਰੜੀ;
'ਫਿਰ ਟੋਲੇ ਜੇ ਬਾਗ਼ ਟੋਲ ਸੁਹਾਂਵਦੀ।
'ਹਾਂ,ਪਜਾਰੀ ਜੀਅ ਜਾਨ ! ਜਨਮ ਪਲੱਟਿਆ,
'ਹੁਣ ਹੰਝੂ ਨਾ ਕੇਰ ਸਮਾਂ ਬਿਲਾ ਗਿਆ
'ਜਿੱਥੇ ਕਾਰ ਸੰਜੋਗ ਵਜੋਗਾਂ ਦੀ ਤੁਰੇ।
'ਸੰਜੋਗ ਵਿਯੋਗੋਂ ਪਾਰ ਦੀ ਏ ਹੈ ਦਸ਼ਾ,
'ਜਿੱਥੇ ਸਦਾ 'ਸੰਜੋਗ' ਸਦਾ ਸੁਹਾਗਣੇ !
'ਘਾਲ ਗਈ ਪੈ ਥਾਇੰ, ਹੁਣ ਤੂੰ ਆ ਮਿਲੀ।

' 'ਤੂੰ' 'ਮੈਂ' 'ਮੈਂ' 'ਤੂੰ' ਹੋਇ 'ਮੈਂ' 'ਤੂੰ' ਹੈ ਨਹੀਂ,
' 'ਤੂੰ' ਨਾਹੀਂ 'ਮੈਂ' ਨਾਹਿੰ, 'ਤੂੰ' 'ਮੈਂ' ਹੋ ਰਹੇ,
'ਮੈਂ ਤੂੰ, ਦੋਵੇਂ ਪ੍ਰੇਮ ਪ੍ਰੇਮ 'ਚ ਇੱਕ ਹਾਂ,
' 'ਤੂੰ' ਆਨੰਦ ਅਨੰਦ 'ਮੈਂ' ਆਨੰਦ ਹਾਂ;
'ਹੈ ਆਨੰਦ ਅਨੰਦ 'ਮੈਂ' 'ਤੂੰ' ਹੈ ਨਹੀਂ।
'ਹੈ ਆਨੰਦੀ ਸ੍ਵਾਦ ਵਾਹ ਅਨੰਦ ਹੈ।
'ਵਾਹ ਆਨੰਦ ਸਮੁੰਦ ਜਿਸ ਵਿਚ ਲੈਰ੍ਹਦੇ
'ਜੁਦਾ ਨੀਰ ਦੇ ਰੌਅ –ਨੀਰ ਅਨੰਦ ਦੇ–
'ਨੀਰ ਨੀਰ ਵਿਚ ਲੀਨ ਨੀਰੋਂ ਵੱਖ ਨਾ;
'ਜੁਦਾ ਚਲਣ ਪਰ ਰੌਅ ਫਿਰ ਵਿਚ ਨੀਰ ਦੇ।
'ਇੱਕੋ ਇੱਕੋ ਹੋਇ, ਆਖ ਨ ਸੱਕੀਏ,
'ਸਮਝ ਨ ਸਕਦੀ ਜਾਣ ਇਹ ਕੀ ਮੌਜ ਹੈ?
' 'ਮੈਂ' 'ਤੂੰ' ਮੋਇਆਂ ਮੌਜ ਆਪੇ ਆ ਬਣੇ।
'ਵਾਹ ਪਜਾਰੀ ਤੂੰ ! ਆਣ ਪਹੁੰਚੀ ਏਸ ਥਾਂ
'ਕਰ ਹੁਣ ਮੌਜ ਅਨੰਦ 'ਤੂੰ' 'ਮੈਂ' ਰੈ ਗਏ
'ਸਾਥੀ ਪਿੱਛੇ ਦੂਰ –ਵਾਟ ਦੁਰਾਡੜੀ।'
'ਵਾਹ ਸ੍ਵਾਮੀ ਵਾਹ ਮੀਤ ਸਿਰਦੇ ਵਾਲੀਆ!'
ਠੰਢਾ ਲੈਕੇ ਸ੍ਵਾਸ ਰਾਣੀ ਆਖਿਆ।
ਪਰ ਸਾਈਂ ਨੇ ਚੱਕ ਸਿਰ ਉਹ ਪ੍ਰੇਮ ਦਾ
ਨਾਲ ਗਲੇ ਦੇ ਲਾਇ ਆਖਯਾ:'ਪਜਾਰੀਏ !
'ਧਰਤੀ ਨੂੰ ਕਰ ਯਾਦ ਭੌਂ ਸਭ ਇੱਕ ਸੀ;
'ਜੱਟਾਂ ਵੱਟਾਂ ਪਾਇ ਖੇਤ ਬਨਾਇਕੇ
'ਝਗੜੇ ਮੂਲ–ਉਪਾਧ ਕੀਤੇ ਸੇ ਖੜੇ।
'ਹੜ੍ਹ ਆਵੇ ਕਰ ਜ਼ੋਰ ਵੱਟਾਂ ਮੇਟਦਾ;
'ਫਿਰ ਧਰਤੀ ਇਕ ਰੂਪ ਨਜ਼ਰੀ ਆਂਵਦੀ।
'ਤਿਉਂ ਏ ਵੱਟਾਂ ਦੋਇ 'ਮੈਂ' 'ਤੂੰ' ਵਾਲੀਆਂ
'ਹੈਵਨ ਮੂਲ ਉਪਾਧ ਦੁੱਖਾਂ ਦਾਤੀਆਂ;
'ਪ੍ਰੇਮ ਨੀਰ ਦੀ ਕਾਂਗ ਜਦ ਧਾ ਆਂਵਦੀ,
'ਵੱਟਾਂ ਰੋੜ੍ਹ ਲਿਜਾਇ, ਮਿਟੇ ਉਪਾਧ ਹੈ;
'ਹੋਯੇ ਸੁੱਧ ਸਰੂਪ ਸੁੱਖ ਸਮਾਵੀਏ, –
'ਸੁਖ ਦੇ ਅਮਿਤ ਸਮੁੰਦ ਸੁਖੀਏ ਹੋਵੀਏ।
'ਇਸ ਸੁਖ ਦਾ ਹੈ ਰੂਪ ਇਉਂ ਸਮਝੀਂਵਦਾ,
'ਜਿੱਕੁਰ ਜਲ ਦੇ ਰੌਅ ਸਾਗਰ ਵਿੱਚ ਹੀ
'ਹੋ ਸਾਗਰ ਦਾ ਰੂਪ ਪਰ ਫਿਰ ਵੱਖਰੇ
'ਚਲਦੇ ਸਾਗਰ ਵਿੱਚ ਹੋਣ ਨ ਵੱਖਰੇ,
'ਵਿੱਚੇ ਉਸਦਾ ਰੂਪ ਹੋਏ ਚੱਲਦੇ।
'ਹੁਣ ਤੂੰ ਪਜਾਰੀ, ਮਾਣ ਉਸੇ ਮੌਜ ਨੂੰ
'ਜਿਸਦਾ ਆਦਿ ਨ ਅੰਤ ਅੰਤ ਪ੍ਰਯੰਤ ਲੌ,
'ਆਨੰਦੋ ਆਨੰਦ ਆਖ ਨ ਸੱਕੀਏ।'

ਫਿਰ ਦੋਵੇਂ ਹਥ ਜੋੜ ਰਾਣੀ ਬੋਲਦੀ:–
'ਵਾਹ ਪਜਾਰੇ ਜੀਅਜਾਨ 'ਮੈਂ' ਦੀ 'ਮੈਂ' ਤੁਸੀਂ
' 'ਮੈਂ' ਨਾਂ ਹੈਸਾਂ ਮੂਲ, ਇੱਕ ਗ਼ਿਲਾਫ ਸੀ
' 'ਮੈਂ' ਦਾ, ਜੋ 'ਤੂੰ' ਸੀਗ –ਮੈਂ ਨਿਰਜੀਵ ਸਾਂ,
' 'ਮੈਂ' ਤੇਰੀ ਜਦ ਦੂਰ ਮੈਥੋਂ ਹੋ ਗਈ,
'ਉਸ 'ਮੈਂ' ਨੂੰ ਫਿਰ 'ਮੈਂਇ' ਮੇਰੀ ਟੋਲਦੀ।
'ਤੈਨੂੰ ਜਗ ਕਹਿ ਤੂੰਹ, ਮੇਰੀ ਜਿੰਦ 'ਤੂੰ',–
'ਲੱਭ ਪਈ ਹੈ ਅੱਜ ਮੈਨੂੰ 'ਮੈਂ' ਉਹੋ,
'ਤੂੰ ਮੈਨੂੰ 'ਤੂੰ' ਨਾਂਹਿ 'ਤੂੰ' ਹੈਂ 'ਮੈਂ' ਮਿਰੀ
'ਹੁਣ 'ਮੈਂ' ਨਾਹੀਂ ਮੂਲ, ਮੇਰੀ 'ਮੈਂ' ਨਹੀਂ,
' 'ਤੂੰ' ਮੇਰੀ 'ਮੈਂ' ਆਹਿੰ, ਕਹੁ ਤੂੰ 'ਮੈਂ ਅਹਾਂ।'
'ਸਾਈਂ ! 'ਮੈਂ' ਨਹੀਂ ਮੂਲ 'ਤੂੰ' ਹੋ 'ਤੂੰ' ਅਹੇਂ।
'ਕਰੀਂ ਕ੍ਰਿਪਾ ਕਿਰਪਾਲ ਵਿਛੜਾਂ ਫੇਰ ਨਾ:
'ਏਸ ਮੇਲ ਤੋਂ ਮੇਲ ਹੋ ਨ ਅਮੇਲਵਾਂ।
' 'ਤੂੰ' ਜਜੋਤੀ ਸਮ ਜਾਗ ਦੀਵੇ 'ਮੈਂ' ਵਿਖੇ:
' 'ਮੈਂ' ਦੀਵਾ ਤੂੰ ਜੋਤਿ ਰਹੀਏ ਜਾਗਦੇ।
' 'ਮੈਂ' ਦੀਵੇ ਜਿਉਂ ਅੱਗ ਭੁੱਲਾਂ 'ਮੈਂ' ਤਈਂ
' 'ਤੂੰ' ਜਜੋਤੀ ਭਰਪੂਰ ਮੈਂ ਵਿਚ ਜੀਵੀਓ
'ਤੈਨੂੰ 'ਤੂੰ' ਤੇ 'ਮੈਂਇ' ਇੱਕੋ ਹੋ ਰਹੇ,
'ਮੈਨੂੰ ਤੇਰਾ ਮੇਲ ਦੀਵੇ ਜੋਤ ਜਜੋਂ
'ਐਸਾ ਸੁੰਦਰ ਹੋਇ ਸ਼ਰਨ ਸਮਾਇ ਜਾਂ
'ਗਾ ਨ ਵਿਛੋੜਾ ਹੋਇ ! ਹੁਣ ਦੇ ਮੇਲ ਤੋਂ।'
ਇਹ ਕਹਿ ਰਾਣੀ ਜੋਗ ਐਕੁਰ ਜਾਪਿਆ :
ਸੁਰਤ ਨ ਰਹੀ ਸਰੀਰ ਮਨ ਬੁਧਿ ਵਾਲੜੀ;
ਸਭ ਤੋਂ ਪਾਰ ਉਲੰਘ ਸ਼ੁੱਧ ਜੁ ਚੇਤਨਾ
ਦੂਈ ਦ੍ਵੰਦੋਂ ਪਾਰ ਉੱਚਾ ਜੋ ਅਹੇ
ਤਿਸ ਵਿਚ ਗਏ ਸਮਾਇ ਦੁਇ ਰਸ–ਰੂਪਵੇਂ,


www.sikhbookclub.com

ਸੰਗਮ ਮਾਨੋ ਹੋਇ ਨਦੀਆਂ ਦੋ ਗਿਆ;
ਪ੍ਰੇਮ ਸਮੁੰਦਰ ਵਿੱਚ ਦੋਵੇਂ ਜਾ ਪਏ।
ਹੋਇ ਸਮੁੰਦ ਸਰੂਪ ਮਿਲਕੇ ਓਸਨੂੰ:
ਪਰ ਨਹਿੰ ਹੋਇ ਸਮੁੰਦ ਹਨ ਵਿਚ ਓਸਦੇ
ਲੀਨ ਹੋਇ ਕੇ ਮੌਜ ਮਾਣਨ ਓਸਦੀ;
ਮਾਣਨ ਜਾਣਨ ਸ੍ਵਾਦ ਪੂਰਨ ਪ੍ਰੇਮ ਦਾ।
'ਬਿਰ੍ਹੋਂ' 'ਅਪੂਰਨ ਮੇਲ', ਇਹ ਦੋ ਏਸ ਥਾਂ
ਰਖਦੇ ਨਹੀਂ ਨਿਵਾਸ, ਐਸੀ ਖੇਡ ਹੈ।
ਹਉਮੈਂ ਬੀ ਹੈ ਨਾਹਿੰ, ਪੂਰਨ ਮੇਲ ਹੈ।
'ਮੇਰ' 'ਤੇਰ' ਦੀ ਵਿੱਥ 'ਉਹ' ਬੀ ਗੁੰਮ ਹੈ;
ਇੱਕੋ ਪੂਰਨ ਪ੍ਰੇਮ ਲਹਿਰੇ ਦੇ ਰਿਹਾ,
ਅੰਤੋਂ ਬੇ ਅਸਗਾਹ ਵਾਰ ਨਾ ਪਾਰੜਾ।
ਇਸ ਪਰ ਭਗਤ ਕਬੀਰ ਕਹਿਆ ਵਾਕ ਏ:-

> ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ॥ ਭਾਗ ਬਡੇ ਤੈ ਪਾਇਓ ਤੂੰ ਭਰਿ ਭਰਿ ਪੀਊ ਕਬੀਰ ॥੧੭●॥ {ਸਲੋਕ ਕਬੀਰ}

ਸੁਪਨੇ ਵਿਚ ਸੀ ਰਾਜ? ਇਸਤੋਂ ਸੀ ਪਰੇ,
ਸੁਖੁਪ੍ਤੀ ਵਿਚ ਸੀ ਓਹ? ਇਸਤੋਂ ਬੀ ਪਰੇ,
ਕੀ ਤੁਰੀਆ ਵਿਚ ਸੀਗ? ਕਿਹਾ ਨ ਜਾਂਵਦਾ।
'ਪ੍ਰੇਮ' ਕਰੇ ਕਰ ਜੋਰ ਪਾਲਾਂ ਭੰਨ ਕੇ
ਕਿਸੇ ਅਸਲ ਦੇ ਦੇਸ਼ -ਨੀਂਦ ਵਿਆਪਿਆਂ-
ਰਾਜ ਤਈਂ ਕਰ ਲੀਨ ਹੈਸੀ ਲੈ ਗਿਆ।
ਜਿਸਦਾ ਨਕਸ਼ਾ ਰੂਪ ਉੱਪਰ ਦੱਸਿਆ
ਇਸਦਾ ਧਰਨਾ ਨਾਮ ਔਖੀ ਗੱਲ ਹੈ।
ਮਾਨੋ ਰਾਣੀ ਰਾਜ ਅੰਦਰ ਅੰਦਰੇ
ਜਿੱਥੇ ਮਾਣੇ ਰੰਗ ਕਾਲ ਨ ਓਸ ਥਾਂ,
ਪਰ ਦੇਹੀ ਜਿਸ ਥਾਉਂ ਲੰਮੀ ਹੈ ਪਈ
ਓਥੇ ਹੈਵੇ ਕਾਲ ਤੁਰਦਾ ਜਾ ਰਿਹਾ,
ਜਿਸਦੇ ਤੁਰਨੇ ਨਾਲ ਦੇਰੀ ਹੋ ਰਹੀ।
ਪਲਾਂ ਬੀਤਿਆਂ, ਬੀਤ ਘੜੀਆਂ ਹੋਈਆਂ;
ਘੜੀਆਂ ਬੀਤ ਵਲ੍ਹੇਟ ਬੀਤਜਾ ਪੈਰੁ ਸੀ।
ਪਹਿਰੋਂ ਬੀ ਵਧ ਕਾਲ ਅੱਗੇ ਹੋ ਪਿਆ,
ਰਾਣੀ ਪਈ ਬਿਹੋਸ਼ ਪਰ ਵਿਚ ਮੌਜ ਦੇ।
ਕਾਲ ਬੀਤਦਾ ਬੀਤ, ਪੌਂਚ੍ਹਾ ਓਸ ਥਾਂ
ਜਿੱਥੇ ਸੀ ਸੰਜੋਗ ਹੁਣ ਸੱਭ ਮੁੱਕਣਾ।
ਬੀਤ ਗਿਆ ਸੰਜੋਗ ਵਾਲਾ ਕਾਲ ਓ
ਆਇ ਗਿਆ ਵਿੰਜੋਗ, ਖੁੱਲ੍ਹੀ ਨੀਂਦ ਓ।
ਸਚ ਮੁਚ ਜਾਗੀ ਠੀਕ, ਜਾਗੀ ਸੋਹਿਣੀ,
ਸਚ ਮੁਚ ਖੁੱਲ੍ਹੀ ਅੱਖ ਜਾਗ੍ਰਤ ਵਿੱਚ ਹੈ,
ਪਰ ਪਹਿਲੇ ਇਕ ਵਾਕ ਕੰਨਾਂ ਨੇ ਸੁਣੇ,
-ਸ਼ਬਦ ਗੁਰੂ ਦਾ ਏਹ ਗਾਂਵਜਾਂ ਜਾਇ ਸੀ-
ਪਿੱਛੋਂ ਖੁੱਲ੍ਹੀ ਅੱਖ ਕੌਤਕ ਦੇਖਦੀ:-

> ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ॥
> ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ ॥
> ਜਿਸ ਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ ॥
> ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥
> ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ ॥੯॥
> {ਗਉੜੀ ਵਾਰ ਮ:੫}

ਦੈਵੀ ਹੋ ਰਿਹਾ ਰਾਗ 'ਲਾਪ ਅਨੋਖੜਾ,
ਮਿੱਠਾ ਤੇ ਸ੍ਵਾਦੀਕ ਕੋਈ ਗਾ ਰਿਹਾ,
-ਗਾਉਂ ਰਿਹਾ, ਹਾਂ, ਕੋਇ ਮਹਰਮ ਪ੍ਰੇਮ ਦਾ-।
ਭਾਵੇਂ ਆਈ ਜਾਗ ਪਰ ਹੈ ਸੋਹਿਣੀ
ਲੈਕੇ ਪ੍ਰੇਮ ਸੰਦੇਸ਼ ਅੱਗੋਂ ਹੈ ਮਿਲੀ।
ਅੱਖਾਂ ਚਾਰ ਚੁਫੇਰ ਦੇਖਣ, ਕੀ ਅਹੇ?
ਕਿੱਥੇ ਸਾਂ ? ਕੀ ਹੋਇ ? ਆਹ ਕੀ ਹੋ ਰਿਹਾ?
ਅੱਖਾਂ ਅੱਗੇ ਦ੍ਰਿਸ਼ਜ ਜੋ ਹੈ ਆਂਵਦਾ,
ਸਿਰ ਵਿਚ ਮਿਲੇ ਨ ਥਾਉਂ, ਲਹੇ ਨ ਅੱਖੀਓਂ।
ਅੰਦਰ ਰਿਹਾ ਸਮਾਇ ਪਹਿਲਾ ਦ੍ਰਿਸ਼ਜ ਓ,
ਭਰਿਆ ਲੂੰ ਸਿਰ ਵਿੱਚ ਥਾਂਉਂ ਨ ਹੋਰ ਦੀ।
ਘਾਬਰ ਦੇਖੇ ਫੇਰ ਸਮਝੇ ਨਾ ਰਤੀ।
ਘਟ ਵਿਚ ਸੀ ਕੁਝ ਹੋਰ, ਕੈ ਘਟ ਏ ਪਵੇ?
ਡੌਰ ਭੌਰ ਹੋ ਢੇਰ ਰਾਣੇ ਮੋਹਿੜੀ
ਰਾਣਾ ਦੇਖੇ ਨਾਹਿੰ ਅੱਖਾਂ ਖੁੱਲ੍ਹਿਆਂ।
ਸੋਚੇ ਸੁਪਨਾ ਠੀਕ ਮੈਂ ਸਾਂ ਦੇਖਦੀ।
ਪਰ ਸਿਰ ਵਿਚ ਸੀ ਠੰਢ ਮਿੱਠੀ ਪੈ ਰਹੀ,
ਜੋ ਦੱਸੇ ਕਿ ਡੂੰਘ ਨੀਂਦੋਂ ਉੱਠੀਆਂ।

ਫੇਰ ਮੀਟ ਕੇ ਅੱਖ, ਦੇਖੇ, ਯਾਦ ਨੇ
ਓਹੋ ਸਾਜ਼ ਸਮਾਨ ਓਵੇਂ ਰੱਖਿਆ:
ਸਾਂਈਂ ਦਾ ਉਹ ਰੂਪ ਦਿੱਸੇ ਹੂਬਹੂ।
ਅਤੀ ਨਿੰਮ੍ਰਤਾ ਨਾਲ ਮਨ ਵਿਚ ਆਖਦੀ:
'ਸਾਈਂ ! ਮਿੱਤ੍ਰ ! ਸੁਜਾਨ ! ਸਿਰ ਦੇ ਵਾਲੀਆ !
'ਮਹਰਮ ਮਨ ਦੇ ! ਮੀਤ ! ਮਾਲਕ ਮੈਂਡੜੇ !
'ਕੀਹ ਚੱਲੇ ਹੋ ਫੇਰ ਛੱਡ ਇਕੱਲੜੀ ?
'ਫੇਰ ਵਿਛੋੜਾ ਵਿੱਥ ਲੈਕੇ ਆ ਗਿਆ ?
'ਪਰਦਾ ਲਈ ਵਿੰਜੋਗ ਫਿਰ ਹਨ ਆ ਗਏ ?
'ਹੋ ਚੱਲੇ ਹੋ ਦੂਰ -ਮੈਥੋਂ ਦੂਰ ਜੀ ?
'ਗੁਰੂ ਵਾਸਤੇ ਕੰਤ ! ਜਾਓ ਛੱਡ ਨਾ।
'ਛੱਡੂ ਨ ਛੱਡਣ ਜੋਗ ਬਿਰਦ ਸੰਭਾਲਣਾ।
'ਸੁਪਨਾ ਸੀ ਜੇ ਏਹ, ਚੰਗਾ ਜਾਗ ਤੋਂ;
'ਰੱਖ ਸੁਪਨ ਹੀ ਵਿੱਚ ਜਾਗੋਂ ਦੂਰ ਤੇ।
'ਸਾਈਂ ! ਵਿਛੁੜ ਨ ਮੂਲ ਮੈਂ ਚਉਖੰਨੀਆਂ,
'ਜਿਵੇਂ ਕਿਵੇਂ ਰਖ ਨਾਲ ਨਾਲੇ ਰੱਖ ਲੈ,
'ਰਖ ਸਾਈਂ ਰਖ ਨਾਲ ਨਾਲੇ ਆਪਣੇ;
'ਨਾਲੋਂ ਕੱਪ ਨ ਰੱਖ; ਕੱਪ ਜਿ ਰੱਖਣਾ:
'ਸਾਈਂ ! ਦੂਰ ਨ ਹੋਹੁ ਕੋਲੇ ਵੱਸ ਤੂੰ।'

ਇੱਕੁਰ ਮਿੰਨਤਾਂ ਢੇਰ ਤਰਲੇ ਲੈ ਰਹੀ,
ਮੱਧਮ ਹੁੰਦਾ ਜਾਇ ਸੁਫਨਾ ਦੇਖਿਆ;
ਅੱਖਾਂ ਨੂੰ ਘੁਟ ਘੁੱਟ ਵਾਹਵਾਂ ਲਾਂਵਦੀ
ਨਕਸ਼ਾ ਰਹੇ ਸਬੂਤ ਦਿਸਦਾ ਸਾਮ੍ਹਣੇ।
ਸੋਚੇ ਦਿਲ ਦੇ ਵਿੱਚ ਰਾਣੀ ਰਾਜ ਸੀ, -
ਕੀ ਲੈਣਾ ਅੱਖ ਖੋਲ੍ਹ ਮੀਟਜਾਂ ਅੱਖ ਜੇ
ਨਕਸ਼ਾ ਰਹਿ ਉਸ ਡੌਲ, ਪਰ ਉਹ ਨਾ ਰਿਹਾ।

ਭੋਲੀ ਰਾਣੀ ! ਨਾਹਿੰ, ਤੂੰ ਹੁਣ ਓਸ ਥਾਂ
ਜਿਥੇ ਸਮਾਂ ਨ ਜ਼ੋਰ ਕਰ ਕੁਝ ਸੱਕਦਾ।
ਹੁਣ ਨਾਂ ਹਠ ਨੂੰ ਧਾਰ ਪੇਸ਼ ਨ ਜਾਵਸੀ;
ਮੱਧਮ ਪੈਰੋ ਪੈਰ ਹੁੰਦੇ ਜਾਣਗੇ।
ਨਕਸ਼ੇ ਜੋ ਸੁਰਜੀਤ ਹੁਣ ਤੂੰ ਦੇਖਦੀ।
ਹੁਣ ਤੂੰ ਸਤਿਗੁਰ ਵਾਕ ਐਕੁਰ ਵਾਚ ਲੈ:-

ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥ {ਵਡ: ਮ: ੧-੩}

ਵਾਚ ਕਰੀਂ ਸੰਤੋਖ, ਧੀਰਜ ਧਾਰ ਲੈ।
ਪਰ ਪ੍ਰੇਮੀ ! ਸੰਤੋਖ ! ਖੇਲ ਅਸੰਭਵੀਂ।
ਘੜੀ ਮੁੜੀ ਕਰ ਜ਼ੋਰ ਅੱਖਾਂ ਘੁੱਟਦੀ,
ਨੀਂਦਰ ਸੱਦੇ ਫੇਰ, ਪਰ ਨਾ ਆਂਵਦੀ।
ਡਲ੍ਹ ਡਲ੍ਹ ਕਰਦੇ ਨੈਣ, ਡੁਲ੍ਹਦਾ ਸੀ ਰਿਦਾ
ਕਿਰੀ ਹੰਝ, ਅਖ ਖੋਲ੍ਹ ਰਾਣੀ ਦੇਖਦੀ,
ਦੇਖੇ ਚਾਰ ਚੁਫੇਰ ਨੈਣ ਭਰੰਦਿਆਂ,-
ਚਿੱਟਾ ਸਾਫ਼ ਦਲਾਨ ਜਗਮਗ ਹੈ ਕਰੇ;
ਚਿੱਟੇ ਫਰਸ਼ ਸੁ ਨਾਲ ਚਿੱਟੀ ਚਾਨਣੀ
ਘਿਉ ਦੇ ਦੀਵਜਾਂ ਵਿੱਚ ਲੱਗੇ ਸੋਹਿਣੀ।
ਕਈ ਕੁ ਮਰਦ ਸੁਜਾਨ ਚਿੱਟੇ ਕਪੜੇ
ਪਹਿਨੇ ਬੈਠੇ ਹੈਨ ਆਮ੍ਹੋ ਸਾਮ੍ਹਣੇ।
ਰਾਗੀ, ਚਿੱਟੇ ਸਾਜ਼, ਬਸਤਰ ਬੱਗੜੇ
ਪਹਿਨੇ, ਉੱਜਲ ਰਾਗ ਕੀਰਤਿ ਵਾਲੜਾ
ਗਾਉਂ ਰਹੇ ਸੰਗ ਪ੍ਰੇਮ ਆਸਾ ਦੇ ਵਿਖੇ।
ਅਪਣੇ ਦੇਖੇ ਰਾਜ ਚਿੱਟੇ ਕਪੜੇ
ਪਏ ਉਦਾਲੇ ਹੈਨ ਹੰਸਾਂ ਵਾਕੁਰੇ,
ਗੁਦਮੇ ਚਿੱਟੇ ਹੈਨ ਹੇਠਾਂ ਉੱਪਰੇ;
ਲੇਫ ਨਿਹਾਲੀ ਖੱਟ ਗ਼ਾਇਬ ਹੋ ਰਹੇ।
ਠੀਕ ਸਾਮ੍ਹਣੀ ਵੱਲ ਸ੍ਰੀ ਗੁਰੂ ਗ੍ਰੰਥ ਦਾ,
ਹੋਇ ਰਿਹਾ ਪਰਕਾਸ਼ ਚਿੱਟੇ ਕੱਪੜੀਂ।
ਦੇਖੇ ਗੁਰਾਂ ਪ੍ਰਕਾਸ਼, ਸੀਸ ਉਚਾਇਕੇ,
ਦੋਵੇਂ ਹੱਥ ਸੁ ਜੋੜ, ਮੱਥਾ ਟੇਕਿਆ;
ਫਿਰ ਕੁਛ ਲਾਕੇ ਜ਼ੋਰ ਸਹਜੇ ਨਾਲ ਹੀ
ਤਕੀਏ ਦੀ ਲੈ ਟੇਕ ਰਾਣੀ ਬ੍ਹੈ ਗਈ;
ਪਰ ਕੁਛ ਚੜ੍ਹ ਗਯਾ ਸਾਹ ਇਤਨੇ ਨਾਲ ਬੀ !

ਦੇਖੇ ਚਾਰ ਚੁਫੇਰ ਰਾਣੀ ਧਯਾਨ ਲਾ,
ਸਤਿਸੰਗਤਿ ਦਰਬਾਰ ਵਾਹਵਾ ਲੱਗਿਆ;
ਪਰ ਸੂਰਤ ਸਿਰਤਾਜ ਸੂਰਤ ਸਿੰਘ ਦੀ


www.sikhbookclub.com

ਵਿੱਚ ਨ ਨਜ਼ਰੀਂ ਆਇ,- ਪੈਂਦੀ ਘਾਟ ਹੈ।
ਕਦੀ ਸੁਣੇ ਹੈ ਵਾਰ ਆਸਾ ਰਾਗ ਦੀ;
ਕਦੀ ਰਿਦਾ ਭਰ ਆਇ, ਭਰਦੇ ਨੈਣ ਸੇ;
ਨੀਝ ਲਗਾਇ ਕਦੀਕੁ ਸਾਰੇ ਵੇਖਦੀ,
ਕਦੀ ਮੀਟਦੀ ਨੈਣ ਸੋਚਾਂ ਸੋਚਦੀ,-
ਯਾਦ ਕਰੇ ਉਹ ਹਾਲ ਜੋ ਸੀ ਬੀਤਿਆ;
ਉਹ ਉੱਤਮ ਉਪਦੇਸ਼ ਸਿਰ ਉਪਦੇਸ਼ ਦਾ
ਨੀਂਦ ਵਿੱਚ ਜੋ ਆਪ ਦਿੱਤਾ ਕੰਤ ਨੇ
ਯਾਦ ਕਰੇ ਕਰ, ਸੋਚ ਵਿਸਮੈਂ ਹੋਂਵਦੀ,-
'ਏ ਕੀ ਸੀ ਉਪਦੇਸ਼ ਕੀ ਸੀ ਸਿੱਖਿਆ !'
ਫਿਰ ਵਿਚ, ਅਦਬ ਸਮਾਇ ਕੁਝ ਸ਼ਰਮਾਇਕੇ
ਬੁਤ ਮਾਨੋ ਹੋ ਜਾਇ ਸੁੰਗੜੈ ਅੰਦਰੋਂ,
ਕੰਨੀ ਪਏ ਬਲੇਲ ਕੀਰਤ ਵਾਲੜੀ,
ਅੱਖਾਂ ਖੋਲ੍ਹ ਚੁਫੇਰ ਸਹਿਮੀ ਦੇਖਦੀ;
ਜ਼ਰਾ ਜ਼ਰਾ ਭਰ ਨੀਰ ਨੈਣੀਂ ਆਂਵਦਾ।
ਨੈਣ ਡੁਬੇ ਵਿਚ ਨੀਰ ਤ੍ਰਿਖ਼ਾ ਨ ਬੁੱਝਦੀ !
ਖਾਰਾ ਹੈ ਏ ਨੀਰ ਤਾਂਹੀਓ ਨਾ ਬੁਝੇ
ਤੇਹ ਅੱਖਾਂ ਦੀ ਢੇਰ ਪੀ ਪੀ ਨੀਰ ਏ।
ਇੱਕੁਰ ਦਿਲ ਹੈਰਾਨ ਰਾਣੀ ਹੋ ਰਹੀ।
ਪੈਂਦਾ ਸੀ ਦਿਲ ਸ਼ੱਕ ਮਤ ਪਰਲੋਕ ਏ,
ਮਰਕੇ ਪਹੁਤੀ ਆਣ ਹਾਂ ਇਸ ਥਾਂਉਂ ਮੈਂ;
ਪਰ ਸੂਰਤ ਨਾ ਦੇਖ ਸੂਰਤ ਸਿੰਘ ਦੀ
ਜਾਣ ਗਈ: ਦਰਬਾਰ ਹੈ ਸਤਿਸੰਗ ਦਾ,
ਮੈਂ ਪਹੁੰਚੀ ਹਾਂ ਆਣ ਕੁਦਰਤ ਨਾਲ ਹੀ
ਜਿੱਥੇ ਹਿੰਮਤ ਨਾਲ ਸਕੀ ਨ ਪੌਂਚ੍ਹ ਸਾਂ।

ਹੁਣ ਆਸਾ ਦੀ ਵਾਰ ਪੂਰੀ ਹੋ ਗਈ;
ਫਿਰ ਹੋਈ ਅਰਦਾਸ ਦਿਲ ਪੰਘਾਰਵੀਂ;
ਫਿਰ ਹੁਣ ਲਈ ਅਵਾਜ਼ ਸ੍ਰੀ ਮਹਾਂਰਾਜ ਤੋਂ,
ਫਿਰ ਇਕ ਬਿਰਧ ਸੁਜਾਨ ਬੈਠੇ ਤਾਬਿਆ;
ਕੀਤੀ ਕਥਾ ਅਨੂਪ ਸ੍ਰੀ ਗੁਰ ਗ੍ਰੰਥ ਦੀ।
ਫਿਰ ਹੁਣ ਚਲੇ ਸੰਬਾਦ ਪ੍ਰੇਮਾਂ ਵਾਲੜੇ।
ਸਿਖ ਇਕ ਹੱਥ ਸੁ ਜੋੜ ਕਰਦਾ ਬੇਨਤੀ,
ਸੰਸੇ ਦਿਲ ਦੇ ਹਾਲ ਕਰੇ ਬਿਆਨ ਹੈ,
ਉਸ ਪੁਰ ਕਰਨ ਵਿਚਾਰ ਦਹੀਂ ਵਿਰੋਲਦੇ;
ਪ੍ਰੇਮ ਸਹਜ ਦੇ ਨਾਲ ਮੱਖਣ ਕੱਡਦੇ।
ਕਹਿੰਦਾ ਕੋਈ ਹਾਲ ਕੱਲ ਜੋ ਬੀਤਿਆ
ਫੇਰ ਕੁਫੇਰ ਸੁਣਾਇ ਭੁਲ ਚੁਕ ਦੱਸਦਾ;
ਮੰਗੇ ਖਿਮਾ ਸਹਾਇ ਅੱਗੇ ਵਾਸਤੇ।
ਉਸਨੂੰ ਰਸਤੇ ਪਾਇ ਤੁਲ੍ਹਾਂ ਬਨ੍ਹਾਂਵਦੇ।
ਕਹਿੰਦਾ ਦਿਲ ਦਾ ਹਾਲ ਯਾ ਵੀਚਾਰ ਦਾ;
ਕਰਦਾ ਕੋਈ ਬਾਤ ਸਮਝੋਂ ਉੱਚੜੀ
ਦੇਖੀ ਪੜ੍ਹੀ ਜੁ ਬਾਤ, ਉਸ ਨੂੰ ਸੋਚਦੇ।
ਆਪੋ ਵਿੱਚ ਵਿਚਾਰ ਧਰਮਾਂ ਵਾਲੜੀ
ਕਿਚਰਕ ਤਾਈਂ ਠੀਕ ਹੁੰਦੀ ਸੀ ਰਹੀ।

ਉਹ ਫਿਰ ਬਿਰਧ ਸੁਜਾਨ ਰਾਣੀ ਪਾਸ ਆ।
ਮਿਹਰ ਭਰੀ ਅੱਖ ਨਾਲ ਉਸ ਵਲ ਤੱਕ ਕੇ
ਕਹਿੰਦਾ: 'ਰਾਣੀ ਰਾਜ ! ਤੂੰ ਹੁਣ ਵੱਲ ਹੈਂ।
'ਸ਼ੁਕਰ ਸ਼ੁਕਰ ਲਖ ਵਾਰ ਸਾਂਈਂ ਰੱਬ ਦਾ
'ਜਿਨ ਜੀਵਨ ਦੀ ਦਾਤ ਬਖਸ਼ੀ ਹੈ ਤੁਸਾਂ।
'ਸੁਸਤ ਗਏ ਓ ਹੋਇ, ਪਰ ਜੇ ਜੀ ਕਰੇ
'ਪੁਛ ਦਸ ਲੌ ਗਲ ਬਾਤ ਜੋ ਚਿਤ ਆਂਵਦੀ,
'ਇਹ ਸੰਗਤ ਦਰਬਾਰ ਹੈਵੇ ਲੱਗਿਆ।
'ਸੂਰਤ ਸਿੰਘ ਸੁਜਾਨ ਗੁਰਮੁਖ ਰਾਉ ਨੇ
'ਸਾਜਜਾ ਏ ਸਤਿਸੰਗ ਦਾ ਦਰਬਾਰ ਸੀ।'
ਸਮਝ ਗਈ ਹੁਣ ਸਾਫ਼ ਰਾਣੀ ਸੋਹਿਣੀ
ਆ ਪਹੁੰਚੀ ਦਰਬਾਰ ਹਾਂ ਸਤਿਸੰਗ ਦੇ।
ਗੁਰਮੁਖ ਦੇ ਸੁਣ ਵਾਕ ਹਿੰਮਤ ਬੰਨ੍ਹ ਕੇ
ਅਦਬ ਨਿੰਮ੍ਰਤਾ ਨਾਲ ਐਦਾਂ ਆਖਦੀ-
'ਮੈਂ ਵਾਰੀ, ਹੇ ਤਾਤ ! ਤੈਂ ਮੁਖ ਧੰਨ ਤੋਂ,
'ਜਿਨ੍ਹ ਕੀਤੀ ਮੈਂ ਪਾਰ ਸੰਸੇ ਵਜਾਪੜੀ।
'ਇਹ ਸਤਿਸੰਗ ਦਿਵਾਨ ! ਏ ਸਤਿਸੰਗ ਹੈ !'
ਸੀਸ ਨਿਵਾ ਹਥ ਜੋੜ ਕਹਿੰਦੀ ਫੇਰ ਏ:-
'ਧੰਨ ਸੁ ਇਹ ਅਸਥਾਨ ਜਿਥੇ ਕੰਤ ਨੇ
'ਲਾਇਆ ਹੈ ਸਤਿਸੰਗ ਹਰਿਆ ਬ੍ਰਿਛ ਏ।
(ਜਲ ਭਰ ਆਏ ਨੈਣ ਕੰਠ ਭਰਾ ਗਿਆ-)
'ਵਾਹ੍ਵਾ ਸਾਂਈਂ ਥਾਂਉਂ, ਵਾਹ੍ਵਾ ਹੋ ਤੁਸੀਂ !'

(ਇਹ ਕਹਿ ਸੀਸ ਨਿਵਾਇ ਸਿਰ ਫਿਰ ਚੁੱਕਦੀ)
'ਭਈ ਸੁਭਾਗਣ ਅੱਜ ਭਾਗਾਂ ਕੁੱਠੜੀ,
'ਗਈ ਜੀਉਂਦੀ ਪੌਂਚੁ ਵਿਚ ਸਤਿਸੰਗ ਦੇ
'ਭਾਗਾਂ ਨੇ ਕਰ ਧ੍ਰੋਹ ਮੈਨੂੰ ਮਾਰਿਆ
'ਜਦ ਸਤਿਸੰਗ ਦੁਆਰ ਲਾਗੇ ਮੈਂ ਅਈ।
'ਹੋੜੇ ਮੇਰੇ ਭਾਗ ਇਸ ਸਤਿਸੰਗ ਨੇ
'ਮੋਈ ਲਈ ਜਿਵਾਲ, ਧੰਨ ਸਤਿਸੰਗ ਹੈ !
'ਜੀਵਨ ਜਿੱਕੁਰ ਦਾਨ ਦਿੱਤਾ ਹੈ ਤੁਸਾਂ
'ਤਿੱਕੁਰ ਦੇਵੋ ਦਾਨ ਹੋਰਿਕ ਪਜਾਰਿਓ !
'ਦੇਵੋ ਕੰਤ ਮਿਲਾਇ ਗੁਰੂ ਸਦੱਕੜੇ,
'ਦੇਵੋ ਕੰਤ ਮਿਲਾਇ ਸਦਕੇ ਆਪਣੇ,
'ਦੇਵੋ ਕੰਤ ਮਿਲਾਇ ਕਿਸੇ ਸਦੱਕੜੇ।
'ਇਹ ਸੰਗਤ ਦੀਵਾਨ ਖਾਲੀ ਨਾ ਗਿਆ
'ਜੋ ਪਹੁੰਚਾ ਜਦ ਆਣ ਦੁਆਰੇ ਏਸ ਦੇ।
'ਹਾਂ ਨੀਵੀਂ, ਨਹਿੰ ਜੋਗ ਤਪ ਤੋਂ ਹੀਣ ਹਾਂ
'ਲਾਜ ਬਿਰਦ ਦੀ ਪਾਲ ਆਸ ਪੁਜਾ ਦਿਓ।'

ਨਾਲ ਪ੍ਰੇਮ ਦੇ ਵਾਕ ਮਿੱਠਤ ਵਾਲੜੇ
ਬਿਰਦ ਪੁਰਖ ਤਦ ਆਪ ਐਕੁਰ ਆਖਦਾ:-
'ਹੇ ਜਗਦੰਬਾ, ਦੇਸ਼ ਮਾਲਕ ਏਸ ਦੀ !
'ਹੇ ਰਾਣੇ ਦੀ ਪ੍ਰੇਅ ਉਸ ਦਾ ਰੂਪ ਤੂੰ !
'ਪ੍ਰੇਮ ਸੁਆਰੀ ਆਪ, ਹੇ ਵਡਭਾਗਣੇ !
'ਪਤੀ ਚਰਨ ਵਿਚ ਪ੍ਰੇਮ ਖ਼ੂਬ, ਕਮਾਇਆ,
'ਉਸਦਾ ਅੰਤ ਨ ਪਾਰ, ਹੱਦੋਂ ਲੰਘਿਆ:
'ਤੁਹਾਨੂੰ ਲਿਆ ਬਣਾਇ ਕੁੰਦਨ ਪ੍ਰੇਮ ਨੇ।
'ਸਤਿਸੰਗਤ ਬਲਵਾਨ ਹੈ ਸਮਰੱਥ ਏ,
'ਦੱਸੂ ਖੋਲ੍ਹ ਸੁ ਭੇਤ ਪਜਾਰੇ ਦੇਸ ਦਾ:
'ਪਰ ਇਹ ਕਾਰ ਨ ਖੇਡ ਛੇਤੀ ਹੋ ਸਕੇ।
'ਸਨੇ ਸਨੇ ਸਤਿਸੰਗ ਕਰਦੇ ਜੇ ਰਹੇ,
'ਸਨੇ ਸਨੇ ਸਭ ਸ਼ੰਕ ਮਿਟਦੀ ਜਾਇਗੀ।
'ਸਾਮਾਂ ਬਹੁਤ ਹੀ, ਰਾਜ ! ਬੀਤਜਾ ਹੈ ਤੁਸਾਂ
'ਘਰੋਂ ਨਿਕਲਿਆਂ, ਅੱਜ ਤਾਂ ਹੁਣ ਜਾਉ ਜੀ।
'ਮਾਤਾ ਵਜਾਕੁਲ ਹੋਇ ਦੁਖੀਆ ਹੋ ਰਹੀ,
'ਹੁਣ ਜਾਓ ਘਰ ਆਪ, ਪਾਓ ਠੰਢਕਾਂ।
'ਦਾਰੂ ਦੀ ਜੇ ਲੋੜ ਜਾਪੇ ਤਾਂ ਲਵੋ;
'ਕੁਛ ਦਿਨ ਕਰੋ ਅਰਾਮ ਜਦ ਬਲ ਆ ਭਰੇ,
'ਫਿਰ ਦਰਸ਼ਨ ਦਿਹੁ ਰੋਜ਼ ਵਿਚ ਸਤਿਸੰਗ ਦੇ।
'ਫਿਰ ਆਵੇਗੀ ਸੂਝ ਅਪਣੇ ਆਪਦੀ,
'ਤਦ ਸਮਝੋਗੇ ਕੰਤ ਕਿੱਥੇ ਹੈ ਗਿਆ,
'ਕਿੱਥੇ ਰਿਹਾ ਸਮਾਇ ਗੁਰ ਜੋ ਕੰਤ ਦਾ;
'ਉਨ੍ਹਾਂ ਗੁਰਾ ਦਾ ਰੱਬ ਕਿੱਥੇ ਵੱਸਦਾ;
'ਕਿਹੜੀ ਵਿੱਥ ਵਿਚਾਲ ਆਕੇ ਹੈ ਪਈ;
'ਕਿੱਕੁਰ ਹੋਵੇ ਦੂਰ ਵਿੱਥ ਡਰਾਵਣੀ।'

ਜਲ ਭਰ ਨੈਣਾਂ ਨਾਲ ਰਾਣੀ ਬੋਲਦੀ,-
'ਪਿਤਾ ਪਿਤਾਮਾ ਜੇਡ ਤੁਹਿ ਸਤਿਕਾਰੀਏ !
'ਤੇਰੀ ਰਸਨਾਂ ਧੰਨ ਫੁੱਲਾਂ ਕੇਰਣੀ।
'ਮੈਂ ਹਾਂ ਮੁਗਧ ਅਜਾਣ ਭਟਕਾਂ ਭੁੱਲਦੀ।
'ਮੇਰੀ ਉਸਤਤਿ ਜੋਗ ਕਰਨੀ ਮੂਲ ਨਾਂ।
'ਮੈਂ ਨੀਚਾਂ ਤੋਂ ਨੀਚ ਵਿਚ ਸਤਿਸੰਗ ਦੇ,
'ਰਾਣੀ ਜਾਣੋ ਨਾਹਿੰ, ਨਾਂ ਮਾਂ ਦੇਸ ਦੀ,
'ਭਿੱਖਜਾਰਨ ਇਸ ਦੁਆਰ ਟੁੱਕਰ ਮੰਗਣੀ।
'ਇਹ ਜਾਣੋ, ਕਿਰਪਾਲ ਹੋਕੇ ਤ੍ਰੁੱਠੀਓ।
'ਦਿੱਤੀ ਆਗਜਾ ਆਪ ਮੈਨੂੰ ਅੱਜ ਹੈ
'ਸਿਰ ਧਰ ਮੰਨਣ ਜੋਗ, ਮੈਂ ਹਾਂ ਮੰਨਦੀ।
'ਪਰੀ ਮਹਿਲ ਤੇ ਜਾਇ ਗੁਰਮੁਖ ਨਾਰਿ ਤੋਂ
'ਪਤੀ ਸੰਦੇਸਾ ਏਹ ਮੈਨੂੰ ਲੱਭਿਆ:
'ਪਹੁੰਚਾਂ ਮੈਂ ਸਤਿਸੰਗ, ਆਖਣ ਸੋ ਕਰਾਂ।
'ਸੋ ਹਾਜ਼ਰ ਹਰ ਡੌਲ ਹੁਕਮ ਕਮਾਣ ਨੂੰ
'ਦੇਵੋ ਪਤੀ ਮਿਲਾਇ ਕੰਤ ਸੰਵਾਰਿਓ !'

ਇਹ ਕਹਿ ਰਾਣੀ ਨੀਝ ਫਿਰ ਗਈ ਸਾਰੜੇ,
ਟੋਲੇ ਰਾਧਾਂ ਜੋਗ ਦਿੱਸੇ ਓ ਕਿਤੇ
ਨਿਭੀ ਅੰਤ ਜੋ ਤੀਕ ਹੈਸੀ ਪਜਾਰੜੀ,
ਬੂਹੇ ਦੇ ਵਿਚਕਾਰ ਨਿੰਮ੍ਰਤ ਹੋਇਕੇ
ਬੈਠੀ ਦਿੱਸੀ ਓਹ ਸਾਥ ਨਿਬਾਹੁਣੀ।
ਜਦ ਉਹ ਲਈ ਪਛਾਣ ਰਾਣੀ ਨੀਝ ਨੇ
ਅਜਬ ਭਾਵ ਦੇ ਨਾਲ ਉਹਨੂੰ ਤੱਕਿਆ।

ਬਿਰਧ ਪੁਰਖ ਨੇ ਨੀਝ ਰਾਣੀ ਰਾਜ ਦੀ
ਤਾੜ ਲਈ ਤੇ ਜਾਣ ਲੀਤਾ ਭਾਵ ਨੂੰ;
ਕਹਿੰਦਾ: 'ਰਾਣੀ ਰਾਜ! ਚਿੰਤਾ ਨ ਕਰੋ;
'ਤਰ ਗਈ ਰਾਧਾਂ ਨਾਲ ਲੱਗੀ ਆਪਦੇ;
'ਨਾਲ ਆਪ ਦੇ ਪ੍ਰੇਮ ਏਸ ਕਮਾਇਆ,
'ਨਿਭ ਗਈ ਓੜਕ ਤੀਕ ਇਸਦੀ ਪ੍ਰੀਤ ਹੈ
'ਹੇ ਰਾਣੀ ! ਤੈਂ ਨਾਲ ਐਥੋਂ ਤੀਕਰਾਂ।
'ਨਿਭੇ ਪ੍ਰੇਮ ਦਾ ਅੰਤ ਏ ਹੈ ਹੋਇਆ,
'ਸਤਿਸੰਗਤ ਵਿਚ ਵਾਸ ਇਸਦਾ ਹੋ ਗਿਆ।
'ਇਹ ਪਾਵੇਗੀ ਦਾਨ ਸੱਚੇ ਨਾਮ ਦਾ
'ਇਹ ਹੋਵੇਗੀ ਸਿੱਧ ਰਸਤੇ ਸੱਚ ਦੇ
'ਪਾਵੇਗੀ ਦੀਦਾਰ ਸੱਚੇ ਰੱਬ ਦਾ।
'ਹੁਣ ਇਸਦੀ ਜੋ ਸੋਚ ਤੁਸਾਂ ਨ ਗੋਚਰੀ,
'ਸਤਿਸੰਗਤ ਦੇ ਵਿੱਚ ਪਹੁੰਚੀ ਆਣ ਜੋ,
'ਸਤਿਸੰਗਤ ਹੀ ਤਾਰ ਇਸ ਨੂੰ ਲੇਵਸੀ।'

ਸੁਣਕੇ ਆਸਾ ਵਾਕ, ਦਾਸ ਨਿਵਾਜਣੇ
ਰਾਣੀ ਦੀ ਦਿਲ-ਆਸ ਪੂਰੀ ਹੋ ਗਈ:
ਸ਼ੁਕਰ ਕਰੇ ਲਖਵਾਰ ਸੀ ਸਤਿਸੰਗ ਦਾ;
ਕਹੇ: 'ਧੰਨ ਹੋ ਆਪ ਧੰਨ ਧੰਨ ਧੰਨ ਹੋ !
'ਜਿਨ੍ਹਾਂ ਰਿਦੇ ਦੀ ਬਾਤ ਪੂਰੀ ਆਪ ਹੈ।
'ਪੂਰੋ ਦੂਜੀ ਆਸ ਆਸਾਂ ਦਾ ਸਿਰਾ,-
'ਕੰਤ ਮਿਲਨ ਦੀ ਆਸ ਆਪ ਪੁਜਾ ਦਿਓ।'

ਇਸ ਬਿਧ ਬਚਨ ਬਿਲਾਸ ਕੁਝ ਚਿਰ ਹੋਇਕੇ,
ਛੇਕੜ ਦੀ ਹੋ ਕਾਰ ਸੁਧ ਅਰਦਾਸਿਆਂ,
ਵੰਡਿਆ ਜਾਇ ਪ੍ਰਸ਼ਾਦ, ਪੂਰਾ ਹੋ ਗਿਆ
ਜੋੜ ਮੇਲ ਸਤਿਸੰਗ; ਸਾਰੇ ਗਜੈ ਚਲੇ
ਆਪੋ ਅਪਣੀ ਥਾਂਉਂ, ਵਾਂਙੂ ਤਾਰਿਆਂ
ਦਿਨ ਚੜ੍ਹਦੇ ਦੇ ਨਾਲ ਜੋ ਛਿਪ ਜਾਂਵਦੇ।
ਪਰ ਅਜ ਸਾਰੇ ਏਹ ਚਿਰਕੇ ਸੇ ਗਏ,
ਸੇਵਾ-ਰਾਣੀ ਵਿੱਚ ਲੱਗਾ ਸੀ ਸਮਾਂ,
ਜੋੜ ਮੇਲ ਦਾ ਭੋਗ ਚਿਰਕਾ ਸੀ ਪਿਆ।
ਦਮਕ ਸੁਨਹਰੀ ਨਾਲ ਪੂਰਬ ਲ਼ਾਮਿਓਂ
ਟਿੱਕੀ ਲਾਲੋ ਲਾਲ ਡਲ੍ਹਕਾਂ ਮਾਰਦੀ
ਅਜਬ ਅਦਾਵਾਂ ਨਾਲ ਸੂਰਜ ਦੀ ਚੜ੍ਹੀ;
ਚੜ੍ਹਦੀ ਚੜ੍ਹੀ ਉਤਾਂਹ ਉੱਚੀ ਹੋ ਗਈ:
ਸਵਾ ਪਹਿਰ ਦਿਨ ਆਇ ਕੁਛ ਵਧ ਆ ਗਿਆ।
ਇਕ ਡੋਲੀ ਵਿਚ ਬੈਠ ਪਾਇ ਸਹਾਇਤਾ
ਉਤਰੀ ਰਾਣੀ ਰਾਜ ਘਾਟੀ ਔਖੀਆਂ,
ਪੌਂਹਚੀ ਮਹਿਲੀਂ ਜਾਇ, ਅੰਮੀ ਨੂੰ ਮਿਲੀ;
ਪਾਈ ਹਿਰਦੇ ਠੰਢ ਤੜਫਨਹਾਰ ਦੇ।
ਪਰ ਦੱਸਿਆ ਨਾ ਭੇਤ ਮਹਿਲਾਂ ਵਿੱਚ ਏ
ਰਾਣੀ ਰਾਧਾਂ ਨਾਲ ਕਿੱਥੇ ਸੀ ਗਈ।

# ੨੯. ਸਤਿਸੰਗ-ਅਰਦਾਸ

ਨਿਖਰੇ ਬਨ ਤੇ ਬਾਗ਼ ਸਾਵੇ ਝੂੰਮਦੇ;
ਧੋਤੇ ਹੋਏ ਸਾਫ਼ ਵਰਖਾ ਨਾਲ ਓ;
ਗਰਦਾ ਬੱਦਲ ਧੁੰਦ ਕਿਤੇ ਬਿਲਾ ਗਏ;
ਮਾਨੋ ਕਰ ਇਸ਼ਨਾਨ ਕੁਦਰਤ ਹੈ ਖੜੀ
ਖੜੀ ਨਾਲ ਹੈ ਪੌਣ, 'ਡੋਲ ਪ੍ਰਭਾਉ ਹੈ।
ਨਿਖਰੀ ਨਾਲੇ ਰਾਤ ਭਿੰਨੀ ਸੋਹਿਣੀ,
ਅੰਬਰ ਨਿੰਬਲ ਹੋਇ ਡਲ੍ਹਕਾਂ ਮਾਰਦਾ,
ਗੂੜ੍ਹਾ ਸੁੰਦਰ ਨੀਲ ਰੰਗ ਅਕਾਸ਼ ਦਾ
ਡਲ੍ਹਕੇ ਤਾਰਜਾਂ ਨਾਲ ਫਬਨਾਂ ਦੇਂਵਦਾ।
ਚਮਕਣ ਤਾਰੇ ਸਾਫ਼ ਨੂਰ ਵਸਾਂਵਦੇ,
ਮਾਨੋਂ ਵਿਚ ਅਸਮਾਨ ਲੱਗੀ ਹੈ ਸਭਾ,
ਸਭਾਪਤੀ ਧ੍ਰੂ ਰਾਜ ਆਸਣ ਆਪਣੇ
ਟਿਕਿਆ ਸਭਨਾਂ ਵਿਚ ਫਬਦਾ ਸੋਹਿਣਾ।
ਕੇਵਲ ਚਮਕ ਨ ਚੀਜ਼ ਵੱਡੇ ਹੋਣ ਦੀ,
ਇਕ ਰਸ, ਅਟਲ, ਸਦੈਵ ਗੁਣ ਦੇ ਕਾਰਣੇ
ਧ੍ਰੂ ਬਣਿਆ ਸਿਰਤਾਜ ਸਭਾ-ਅਕਾਸ਼ ਦਾ।
ਨਿਕੇ ਰਿਸ਼ੀ ਸੁ ਛੇਅ ਨਿਕਟੀ ਏਸ ਦੇ
ਮੰਤ੍ਰੀ ਹੋ ਅੰਤ੍ਰੰਗ ਕਰਨ ਪ੍ਰਦੱਖਣਾ।

ਬਾਹਰ ਮੰਤ੍ਰੀ ਸੱਤ ਰਿਖੀ ਜੁ ਸੱਤ ਹੈਂ
ਗਿਰਦੇ ਫਿਰ ਪਰਣਾਮ ਕਰਦੇ ਜਾਪਦੇ।
ਬਾਰਾਂ ਰਾਸ਼ੀ ਫੇਰ ਤਾਰਯਾਂ ਝੁੰਡ ਜੋ
ਬਣਕੇ ਸਭਾ-ਸ਼ਿੰਗਾਰ ਸੁਹਣੇ ਸ਼ੋਭਦੇ;
ਨਾਲ ਨਛੱਤਰ ਹੋਰ ਸਜਦੇ ਸੋਹਿਣੇ;
'ਰੰਗ-ਅਕਾਸ਼ੀ' ਝੁੰਡ ਤਾਰਯਾਂ ਵਾਲੜੇ
ਆਪੋ ਅਪਣੇ ਥਾਉਂ ਸ਼ੋਭਾ ਦੇ ਰਹੇ।
ਨਿੰਬਲ ਹੋਣ ਸਬੱਬ ਸਾਰੇ ਦਿੱਸਦੇ
ਨਿੱਕੇ ਨਿੱਕੇ ਸਾਫ਼ ਤਾਰੇ ਗਿੱਟੀਆਂ।
ਮੰਡਲ ਸਾਰਾ ਏਹ ਜਾਪੇ ਐਕੁਰਾਂ
ਧ੍ਰੂ ਦੇ ਗਿਰਦੇ ਗੇੜ ਚੁਪਕੇ ਲਾ ਰਿਹਾ,
ਮਾਨੋਂ ਗਗਨੀ ਨਾਚ ਸਹਿਜੇ ਹੋ ਰਿਹਾ।
ਫਬੀ ਅਨੋਖੀ ਰਾਤ, ਹੈ ਵਿਚ ਪੌਣ ਦੇ
ਛਾਇਆ ਸੀਤ ਪ੍ਰਭਾਵ ਸ਼ਾਂਤੀ ਵਾਲੜਾ,
ਮੱਧਮ ਪਵੇ ਤਰੇਲ ਭਿਜਦੀ ਰਾਤ ਹੈ।
ਹੁਣ ਰੁਮਕੀ ਕੁਝ ਪੌਣ ਮੱਧਮ ਵੇਗ ਦੀ
ਠੰਡੀ, ਹਲਕੀ, ਸਾਫ਼; ਭਰਦੀ ਕੌਰੀਆਂ,
ਘੁਟ ਘੁਟ ਮਿਲਦੀ ਅੰਗ, ਲਗਦੀ ਹੈ ਗਲੇ;
ਤਨ ਮਨ ਸੀਤਲ ਹੋਇ ਮਿਲਿਆਂ ਏਸਦੇ।
ਮੱਧਮ ਨਾਮ ਸੁਗੰਧਿ ਕਿਧਰੋਂ ਆਂਵਦੀ।
ਮਰੂਏ ਦਾ ਇਕ ਬਾਗ਼ ਰਾਣੇ ਲਾਇਆ,
ਖਿੜਿਆ ਸੀ ਕਰ ਜ਼ੋਰ ਸਾਰਾ ਅੱਜ ਓ,
ਮਿਲ ਮਿਲ ਫੁੱਲਾਂ ਨਾਲ ਮਹਿਕੀ ਹੋਇਕੇ
ਤੁਰਦੀ ਅੱਗੇ ਜਾਇ ਮਹਿਕੀ ਪੌਣ ਸੀ;
ਖਾਲੀ ਵੜਦੀ ਬਾਗ਼ ਮਹਿਕੀ ਨਿੱਕਲੇ।
ਜਿਉਂ ਖਾਲੀ ਕੋ ਜਾਇ ਵਿਚ ਸਤਿਸੰਗ ਦੇ
ਨਿਕਲੇ ਪਾ ਖੁਸ਼ਬੋਇ ਸੱਚੇ ਸੰਗ ਦੀ;
ਜਿੱਥੇ ਹੀ ਫਿਰ ਜਾਇ ਲਪਟਾਂ ਦੇਂਵਦਾ।
ਮੱਧਮ ਮੱਧਮ ਠੰਢ ਬਰਖਾ ਰੁੱਤ ਦੀ
ਪੈਂਦੀ ਵਧਦੀ ਜਾਇ, ਪਰ ਜੀ ਭਾਉਂਦੀ।

ਸਿਖਰ ਮਹਿਲ ਦੀ ਛੱਤ ਸੁੰਦਰ ਸੋਹਿਣੀ
ਬੈਠੀ ਰਾਣੀ ਰਾਜ ਗੋਦੀ ਮਾਉਂ ਦੀ,
ਨਾਲ ਲਾਡ ਦੇ ਲੇਟ ਕੁਝ ਉਲਰਾਇ ਕੇ
ਪਾ ਗਲ ਦੁਾਲੇ ਹੱਥ ਟੇਢੀ ਹੋ ਰਹੀ।
ਮਾਤਾ ਦੋਵੇਂ ਹੱਥ ਜੱਫੀ ਪਾਇਕੇ
ਰੱਖੀ ਹੈ ਘੁਟ ਨਾਲ ਬਚੜੀ ਆਪਣੀ;
ਡਾਢੇ ਕੂਲੇ ਪਜਾਰ ਵਿਚ ਗ਼ਲਤਾਨ ਹੈ।
ਲੰਮੇ ਦੋਵੇਂ ਪੈਰ ਮਸਨਦ ਤੇ ਟਿਕੇ
ਰਾਧਾਂ ਨੇ ਚਕ ਗੋਦ ਅਪਣੀ ਸੇ ਧਰੇ,
ਘੁਟਦੀ ਨਾਲ ਪਿਆਰ ਕੋਮਲ ਕੋਮਲੇਂ।
ਜਿਉਂ ਜਿਉਂ ਘੁਟਦੀ ਪੈਰ ਹੁੰਦੀ ਜਾਂਵਦੀ
ਸ੍ਵਾਦ ਵਿੱਚ ਸੀ ਲੀਨ ਪਜਾਰਾਂ ਵਾਲੜੇ।
ਮਾਤਾ ਧੀ ਦੇ ਪਜਾਰ ਹੋਈ ਲੀਨ ਹੈ,
ਵਾਤਸੱਲ ਰਸ ਲੀਨ ਹੈਵੇ ਹੋ ਰਹੀ;
ਮਿਲਿਆ ਨਾਲ ਪ੍ਰਭਾਵ ਨਿਖਰੀ ਰਾਤ ਦਾ।
ਰਾਧਾਂ 'ਸ੍ਵਾਮਨਿ-ਪਜਾਰ' ਭਿੱਜੀ ਹੋ ਪਈ;
ਸਤਿਸੰਗਤ ਦੀਦਾਰ ਦਾ ਪਰਭਾਉ ਜੋ
ਰਿਦੇ ਰਿਹਾ ਸੀ ਛਾਇ ਕਰੇ ਅਡੋਲਤਾ।
ਰਾਧਾਂ ਦਾ ਹੁਣ ਪਜਾਰ ਇੱਕੁਰ ਭਿੱਜਿਆਂ
ਉਸ ਰਸ ਵਿਚ ਹੈ ਲੀਨ ਕਰਦਾ ਤਿਸਨੂੰ
ਜੋ ਸ੍ਵਾਮੀ ਵਿਚ ਪ੍ਰੇਮ ਪੂਰਨ ਕੀਤਿਆਂ
ਆ ਜਾਵੇ ਕਰ ਜ਼ੋਰ, ਰਾਧਾਂ ਹੋ ਮਨੋਂ
ਹੁਈ ਦਾਸ-ਰਸ ਲੀਨ ਭਗਤੀ ਵੰਨ ਦੇ।
ਪਰ ਰਾਣੀ ਦੀ ਮੌਜ ਆਖੀ ਜਾਇ ਨਾ;
ਦੋਹਾਂ ਦਾ ਆਲੰਬ ਹੈਵੇ ਹੋ ਰਹੀ,
ਦੋਹਾਂ ਨੂੰ ਰਸ ਦੇਇ ਦੋਹਾਂ ਭਾਂਤਿ ਦਾ
ਆਪ ਤੀਸਰੇ ਵਿੱਚ ਹੋਈ ਲੀਨ ਹੈ।

ਰੁਕੇ ਪਏ ਹਨ ਖਜਾਲ ਰਾਣੀ ਰਾਜ ਦੇ,
ਖੌਲਰ ਰਿਦੇ ਨ ਕੋਇ, ਤ੍ਰਿਸ਼ਨਾ, ਵਾਸ਼ਨਾ,
ਫੁਰਨਾ ਫੁਰੇ ਨ ਕੋਇ ਬਾਹਰ ਵੱਲ ਦਾ,
ਬਾਰੁ ਧਾਵਨੋਂ ਏਹ ਆਪੇ ਰੈ ਗਿਆ।
ਸ਼ਾਂਤਿ ਸ਼ਾਂਤਿ ਪਰਭਾਵ ਹਿਰਦੇ ਛਾ ਰਿਹਾ,
ਮਾਨੋਂ ਵਸ਼ਿਕ੍ਰਿਤ ਹੋਇ ਹੋਇਆ ਸ਼ਾਂਤਿ ਹੈ:
ਪਰ ਇਸ ਨੇ ਰੁਖ਼ ਇੱਕ ਉੱਪਰ ਦਾ ਲਿਆ,
'ਪਤੀ-ਪ੍ਰੇਮ-ਰਸ' ਲੀਨ ਹੈਵੇ ਹੋ ਰਿਹਾ।
'ਪਿਰਮ ਰਸਾਂ' ਦਾ ਰੰਗ ਭਗਤੀ ਵੰਨ ਦਾ

ਪ੍ਰੀਤਮ ਵਿਚ ਹੈ ਰਾਜ ਨੂੰ ਕਰ ਲੈ ਰਿਹਾ।
ਉੱਥੇ ਬੀ ਨਹਿਂ ਰੰਗ ਫੁਰਨੇ ਵਾਲੜਾ;
ਭਾਵ ਪਤੀ ਵਿਚ ਲੀਨ ਭਾਵ ਸਰੂਪ ਹੋ
ਸ਼ੁੱਧ ਅੰਦ੍ਰਲਾ ਭਾਵ ਇਸ ਦਾ ਆਪਣਾ
ਰਸ ਆਸ੍ਵਾਦਨ ਵਿੱਚ ਰਸ ਹੀ ਹੋ ਰਿਹਾ।
ਕਹੇ ਮੌਜ ਨੂੰ ਕੌਣ ਦੇਖੇ ਤੋਂ ਬਿਨਾਂ
ਬਿਨ ਹੋਏ ਦੇ ਆਪ ਮੌਜ ਸਰੂਪੀਆ?
ਦੇਖ ਨ ਸਕਦਾ ਕੋਇ, ਦੇਖੇ ਜੇ ਕੁਈ
ਗੁੰਗੇ ਦੇ ਗੁੜ ਵਾਂਙ ਦੱਸ ਨ ਸੱਕਦਾ,
ਦੇਖ ਨ ਸੱਕੇ ਜੇਅ ਸੱਕੂ ਆਖ ਕੀ[1]।
ਤਾਂਤੇ ਜਾਣਨ ਬੱਸ,- ਮੌਜ ਅਨੰਦ ਨੂੰ
-ਹੋ ਅਨੰਦ ਦਾ ਰੂਪ ਉਸ ਵਿਚ ਡੁੱਬਕੇ-
ਮਾਣ ਰਹੀ ਹੈ ਰਾਜ ਰਸੀਆ ਪ੍ਰੇਮ ਦੀ।

ਕੁਛ ਬੀਤੀ ਇਉਂ ਰਾਤ -ਰਾਤ ਸੁਲੱਖਣੀ
ਰਾਣੀ ਪਜਾਰੇ ਵਿੱਚ ਹੋਈ ਲੀਨ ਨੂੰ।
ਮਾਤਾ ਗੋਦੀ ਵਿੱਚ ਧੀ ਨੂੰ ਲੀਤਿਆਂ
ਹੁਯਾਂ ਪ੍ਰੇਮ ਰਸ ਲੀਨ ਧੀ ਦੇ ਆਪਣੇ;
ਰਾਧਾਂ ਚਰਨਾਂ ਵਿੱਚ ਚਰਨੀਂ ਲੱਗਿਆਂ
ਹੋਇ ਪ੍ਰੇਮ ਰਸ ਲੀਨ ਸ੍ਵਾਮਨਿ ਆਪਣੇ;
ਰਸ-ਸੰਗਮ ਜਿਸ ਮੇਲ ਵਿਚ ਸੀ ਹੋ ਰਿਹਾ।

ਉੱਤਰ ਵੱਲੋਂ ਫੇਰ ਉਠ ਉਠ ਕੇ ਘਟਾਂ
ਕਾਲੀਆਂ ਤੇ ਘਨਘੋਰ ਚੜ੍ਹ ਚੜ੍ਹ ਆਈਆਂ।
ਬਿਜਲੀ ਦਾ ਲਿਸ਼ਕਾਰ ਵਿਚ ਵਿਚ ਖੇਉਂਦਾ,-
ਘਟਾ ਗੋਦ ਵਿਚਕਾਰ ਚੰਚਲ ਬਾਲਕੀ
ਚਪਲ ਖੇਡਦੀ ਖੇਡ ਮਾਨੋ ਬਿੱਜਲੀ।
ਦਾਸੀ ਨਾਲ ਹਵਾਉ ਰੁਮਕੇ ਮੱਧਮੰ।
ਇੱਕੋ ਹੋ ਰਹੀ ਖੇਡ ਧਰਤਿ ਅਕਾਸ਼ ਤੇ।
ਚਮਕ ਦਮਕ ਦੀ ਖੇਡ ਵਧਦੀ ਜਾਂਵਦੀ,
ਹੁਣ ਗਰਜਣ ਦੀ ਵਾਜ ਕੰਨੀਂ ਆਂਵਦੀ,
ਘਟਾਂ ਢੁੱਕੀਆਂ ਆਣ ਨੇੜੇ ਬੌਤ੍ਰ ਹੀ,
ਆਇ ਛਾਇ ਚੌਫੇਰ ਘਨਛਤ ਹੋ ਗਿਆ;
ਪਤਲੀ ਲਗੀ ਫੁਹਾਰ ਪੈਣੇ ਉੱਪਰੋਂ,
ਛਿੜਕਣ ਲਗਾ ਗੁਲਾਬ ਮਾਨੋਂ ਅੰਬਰਾ
ਰਸ-ਸੰਗਮ ਪੁਰ ਮੇਰੁ ਲਗਾ ਵਸਾਣ ਹੈ।
ਕੁਝ ਚਿਰ ਤਈਂ ਫੁਹਾਰ ਵਸਦੀ ਏ ਰਹੀ
ਖਿੜੇ ਗੁਲਾਬੀਂ ਤ੍ਰੇਲ ਵਾਂਙੂ ਬੈਠਦੀ
ਮਿੱਠੀ ਏਹ ਫੁਹਾਰ ਸੱਕੀ ਟੁੰਬ ਨਾ
ਮਾਤਾ, ਰਾਧਾ, ਰਾਜ, ਤਿੰਨਾਂ ਨੂੰ ਅਜੇ।
ਆਤਮ-ਰਸ ਸੀ ਲੀਨ ਰਾਣੀ ਹੋ ਰਹੀ,
ਦੇਹੀ ਉਸ ਦੀ ਨਾਲ ਸੀ ਸਿਥਲਾ ਰਹੀ
ਮਾਨੋਂ ਇਹ ਬੀ ਲੀਨ ਸੀ ਰਸ ਦੇ ਵਿਖੇ।
ਬਦਲਣ ਨਾਹਿਂ ਸੁਭਾਵ ਨੀਵੇਂ ਹੋਣ ਜੋ,
ਜਤਨ ਕੀਤਿਆਂ ਓਹ ਚਹਿ ਕੁਛ ਕਾਲ ਲੈ
ਥੱਲੇ ਲੱਗਣ, ਫੇਰ ਉੱਚੇ ਆਂਵਦੇ,
ਛੁਟਦੀ ਨਾਂਹੀ ਬਾਣ ਅਸਲੇ ਵਾਲੜੀ।
ਕਿਤਨੇ ਚਿਰ ਤੋਂ ਦੇਹ ਰਾਣੀ ਰਾਜ ਦੀ
ਕਰਦੀ ਸੀ ਸਤਿਸੰਗ ਆਤਮ ਰੰਗ ਦਾ;
ਪਰ ਆਪੇ ਦਾ ਪ੍ਰੇਮ ਛਡਦੀ ਸੀ ਨਹੀਂ।
ਜਦ ਜਦ ਆਤਮ-ਸੁੱਖ ਰਾਣੀ ਮਾਣਿਆ
ਤਦ ਤਦ ਦੇਹੀ ਨਾਲ -ਛੱਡ ਸੁਭਾਵ ਨੂੰ-
ਸਿਥਲ ਜਾਂਵਦੀ ਹੋਇ, ਮਾਨੋਂ ਮਾਣਦੀ
ਸੁਖ ਵਿਦੇਹ ਦੇ ਓਹ,- ਆਤਮ ਸੁੱਖ ਜੋ;
ਪਰ ਇਹ ਆਪਣੇ ਪ੍ਰੇਮ -ਦੇਹੀ ਪ੍ਰੇਮ-ਨੂੰ
ਛਡਦੀ ਨਾ ਸੀ ਮੂਲ ਅਪਣੀ ਬਾਣ ਨੂੰ।
ਸੀ ਰਾਣੀ ਸੁਖ ਲੀਨ ਆਤਮ ਆਪਣੇ,
ਦੇਹੀ ਬੀ ਰਸ ਲੀਨ ਨਾਲੇ ਹੋ ਰਹੀ;
ਅਪਣਾ ਤਜਾਗ ਸੁਭਾਵ ਦੇਹੀ ਸੀ ਰਹੀ
ਕੁਝ ਚਿਰ ਤਾਈਂ ਠੀਕ ਉਸ ਰਸ ਲੀਨ ਹੋ।
ਪਰ ਹੁਣ ਮੀਂਹ ਦਾ ਜ਼ੋਰ ਵਧਿਆ ਆਨਕੇ
ਤੱਤਾਂ ਜਾਈ ਦੇਹ ਰੁਖ਼ ਹੈ ਮੋੜਦੀ।
ਮਾਨੋਂ ਤੱਤਾਂ ਖੇਡ ਤੱਕਣ ਵਾਸਤੇ
ਆਤਮ ਸੁਖ ਤੋਂ ਉੱਠ, ਰੁਖ਼ ਨੂੰ ਮੋੜਕੇ,
ਹੋਈ ਹੈਵੇ ਤਜਾਰ, ਰਸ-ਰੂਹ ਛੋੜਦੀ;
ਰਹੀ ਨ ਮੂਲ ਅਡੋਲ, ਹਿੱਲੀ, ਹਿੱਲਿਆਂ

੧ ਗੁਰਮੁਖਿ ਸੁਖ ਫਲੁ ਪਿਰਮ ਰਸੁ ਕਿਉਂ ਆਖ ਵਖਾਣੈ॥
{ਭਾ: ਗੁ: ਵਾਰ ੧੩-੪}

ਮਨ ਇਸ ਦੇ ਸੀ ਨਾਲ,   ਸਾਰਾ ਹਿੱਲਿਆ
ਅੰਦਰ ਦਾ ਸਾਮਾਨ   ਦੇਹੀ ਵਾਕਰੇ।
ਦੇਹ ਕਹਿੰਦੀ ਹੈ: 'ਮੀਂਹ   ਉੱਤੋਂ ਵੱਸਦਾ
'ਅਪਣੀ ਰਖਜਾ ਆਪ   ਕਰਨੀ ਲੋੜੀਏ।'
ਪਰ ਰਾਣੀ ਦਾ ਜੀਵ   ਬੋਲੇ ਅੰਦਰੋਂ :
'ਇਸ ਦੇਹੀ ਦੇ ਸੰਗ   ਸਦਾ ਵਿਛੋੜਿਆ,
'ਮਿਲਨ ਨ ਦਿੱਤਾ ਹਾਇ !   ਮਿਲੇ, ਵਿਛੋੜਿਆ।
'ਮੈਂ ਸਿਖਲਾਇਆ ਢੇਰ,   ਸਿੱਖੀ ਏ ਨਹੀਂ।
'ਮਾਯਾਵੀ ਜੁ ਸੁਭਾਉ   ਬਦਲਜਾ ਏਸ ਨਾ
'ਅਪਣਾ ਅਸਲਾ ਮੂਲ,   ਹਾਂ ! ਨਾ ਭੁੱਲਿਆ
'ਨਿਜ ਪਿਆਰ ਦੀ ਬਾਣ   ਛੱਡੀ ਏਸ ਨਾ।
'ਛੱਡਾਂ ਮੈਂ ਇਸ ਸੰਗ   ਸਦਾ-- ਕੁਸੰਗ ਨੂੰ,
'ਜੋ ਕਰਦੀ ਨਿਤ ਭੰਗ   ਸਾਈਂ ਰੰਗ ਨੂੰ,
'ਲੈਂਦੀ ਨਹੀਂ ਸੁਵੰਨ   ਆਤਮ ਵੰਨ ਦਾ;
'ਜੋਗੀ ਪੁਰਖ ਸੁ ਸੰਗ   ਬੀ ਨਾ ਛੱਡਦੀ
'ਨਾ ਪਾਲੇ ਹੈ ਅੰਗ   ਵੇਲੇ ਲੋੜ ਦੇ।
'ਤਨ ਦਾ ਤਨ ਦੇ ਨਾਲ   ਅਪਣਾ ਪਜਾਰ ਜੋ
'ਇਹ ਛੁਟਦਾ ਨਹੀਂ ਹਾਇ   ਛਡ ਛਡ ਹਾਰੀਆਂ,
'ਐਸੇ ਤਨ ਦੇ ਨਾਲ   ਮੇਰੀ ਰੂਹ ਦਾ
'ਕਦ ਤਕ ਨਿਭਸੀ ਸਾਥ?   ਓੜਕ ਟੁੱਟਸੀ,
'ਹੋਊ ਭੌਰ ਉਦਾਸ   ਲਊ ਉਡਾਰੀਆਂ।

'ਹੇ ਸਾਈਂ ਸਿਰਤਾਜ !   ਭਾਗੀ ਹੋ ਭਰੇ !
'ਕਦੋਂ ਦਿਹਾੜੇ ਆਣ   ਜਦ ਬ੍ਰਿਹੁ ਦੂਰ ਹੋ
'ਮਿਲੇ ਸੁਤੰਤਰ ਮੌਜ   ਤੇਰੇ ਮੇਲ ਦੀ
'ਮਾਣਾਂ ਹੋਇ ਅਟੰਕ,   ਮਿਲੀ ਨ ਵਿੱਛੁੜਾਂ।'

ਬਿਜਲੀ ਲਿਸ਼ਕੀ ਫੇਰ   ਕੜਕਾ ਮਾਰਕੇ,
ਪਰ ਰਾਣੀ ਉਸ ਜੋਗ   ਆਖੇ ਹੱਸ ਕੇ:-
'ਹੇ ਬਿਜਲੀ ਸਮਰੱਥ   ਚਮਕੇਂ ਚੰਚਲੇ !
'ਹੇ ਵਿਥ ਵੈਰਨ ਨਾਰ,   ਸ਼ੱਤ੍ਰ ਕਾਲ ਦੀ !
'ਦੇਖੀਂ ਮੇਰਾ ਹਾਲ   ਚਮਕਾਂ ਮਾਰਕੇ
'ਫੇਰਾ ਕਰਕੇ ਫੇਰ   ਦੂਜੇ ਲੋਕ ਦਾ
'ਦਈਂ ਸੰਦੇਸਾ ਜਾਇ   ਪਜਾਰੇ ਕੰਤ ਨੂੰ:-

' 'ਮੇਰੇ ਵਾਂਙ ਬਿਤਾਬ   ਲੁਛ ਲੁਛ ਹੈ ਕਰੇ,
' 'ਕਰਦੀ ਨਹੀਂ ਅਰਾਮ   ਤੜਫਨ ਘੇਰਿਆ,
' 'ਸਿੱਕ ਮਿਲਣ ਦੀ ਦੂਰ   ਹੁੰਦੀ ਹੈ ਨਹੀਂ;
' 'ਦੂਰ ਹੋਣ ਦੀ ਥਾਂਉਂ   ਵਧਦੀ ਜਾਂਵਦੀ।
' 'ਕੀਤੇ ਕਈ ਇਲਾਜ   ਹਨ ਉਨ ਏਸ ਦੇ
' 'ਹਰ ਦਾਰੂ ਨੇ ਸਿੱਕ   ਸਗੋਂ ਵਦਾ ਧਰੀ।
' 'ਬਿਨ ਮਿਲਬੇ ਸੰਤੋਖ   ਨਾਂਹੀਂ ਆਂਵਦਾ;
' 'ਜੀਵੇ ਦਰਸ਼ਨ ਵੇਖ   ਕਿਰਪਾ ਜੇ ਕਰੋ।
' 'ਭੁੱਖੇ ਤਈਂ ਵਿਚਾਰ   ਰੱਜ ਨ ਦੇਂਵਦੀ;
' 'ਸਿੱਖਜਾ ਨਾ ਉਪਦੇਸ਼   ਭੁੱਖ ਮਿਟਾਂਵਦੇ;
' 'ਲਾਲਚ, ਦਾਬਾ, ਡੰਨ   ਭੁੱਖ ਨ ਮਾਰਦੇ;
' 'ਦਾਰੂ ਕਰੋ ਇਲਾਜ   ਲਹਿੰਦੀ ਭੁੱਖ ਨਾ;
' 'ਸੰਜਮ ਕਰੋ ਉਪਾਉ   ਬਿਰਥਾ ਜਾਂਵਦੇ:
' 'ਜਦ ਤਕ ਰੋਟੀ ਖਾਇ   ਲੈਂਦੇ ਹੈ ਨਹੀਂ
' 'ਤਦ ਤਕ ਭੁੱਖ ਨ ਦੂਰ   ਹੁੰਦੀ ਹੈ ਕਿਵੇਂ।
' 'ਦਰਸ਼ਨ ਦੀ ਹੈ ਭੁੱਖ   ਹਿਰਦਾ ਸੱਲਦੀ;
' 'ਕੀਤੇ ਕਈ ਉਪਾਉ   ਬਿਰਥੇ ਓ ਗਏ।'
'ਹੇ ਬਿਜਲੀ ਲਿਸ਼ਕਾਰ !   ਲਿਸ਼ਕੀਂ ਫੇਰ ਤੂੰ !
'ਸ਼ਬਦ ਕਰੀਂ ਘਨਘੋਰ   ਆਖੀਂ ਐਕੁਰਾਂ:-

' 'ਮੈਂ ਮੰਦੀ ਮਤਿ ਹੀਨ   ਔਗੁਣਹਾਰੀਆਂ;
' 'ਪਰ ਹੋ ਆਪ ਕ੍ਰਿਪਾਲ   ਔਗੁਣ ਨਾ ਗਣੋਂ।
' 'ਜਿੱਕੁਰ ਟੁਕੜੀ ਚੰਦ   ਚਮਕੋਂ ਸੱਖਣੀ,
' 'ਭਰੀ ਹਨੇਰੇ ਨਾਲ   ਮੈਲੇ ਰੰਗ ਹੈ,
' 'ਪਰ ਸੂਰਜ ਕਿਰਪਾਲ   ਕਿਰਪਾ ਜਾਂ ਕਰੇ;
' 'ਤੇਜ ਆਪਣਾ ਭੇਜ   ਰੂਪ ਚੜ੍ਹਾਂਵਦਾ
' 'ਟੁਕੜੀ ਚੰਦ ਚਮੱਕ   ਤਦ ਹੈ ਉੱਠਦੀ,
' 'ਡਲ੍ਹਕੇ ਚਾਨਣ ਨਾਲ   ਪੁੰਜ ਪ੍ਰਕਾਸ਼ ਜਜੋਂ।
' 'ਸੂਰਜ ਦਾ ਪਰਕਾਸ਼   ਔਗੁਣ ਓਸਦਾ
' 'ਚਾਨਣ ਅਪਣਾ ਦੇਇ   ਆਪੇ ਕੱਜਦਾ।
' 'ਤਿਉਂ ਹੋ ਸੂਰਜ ਆਪ   ਅਪਣਾ ਤੇਜ ਦੇ
' 'ਮੈਨੂੰ ਨੂਰੋ ਨੂਰ   ਨੂਰੋਂ ਆਪਣੇ
' 'ਕਰਕੇ, ਕਦੀ ਨ ਦੂਰ   ਮੈਥੋਂ ਹੋਵਣਾ।'

'ਹੇ ਚਪਲਾ ! ਚਮਕਾਰ ਤੇਰਾ ਸੋਹਿਣਾ।
'ਲੁਕਣ ਮੀਟ ਦੀ ਖੇਡ ਖੇਡੇਂ ਚੰਚਲੇ !
'ਕਹੀਂ ਕੰਤ ਨੂੰ ਜਾਇ ਮੇਰੀ ਬੇਨਤੀ:-
' 'ਲੈ ਹੁਣ ਜਾਕੇ ਸਾਰ ਅਪਣੀ ਨਾਰ ਦੀ;
' 'ਪਹੁੰਚੀ ਹੈ ਸਤਿਸੰਗ ਪ੍ਰੇਰੀ ਆਪਦੀ;
' 'ਓਥੇ ਮਿਲੋ ਜ਼ਰੂਰ ਫੇਰਾ ਪਾਵਣਾ;
' 'ਕਰੀਓ ਆਣ ਨਿਹਾਲ ਦਰਸਨ ਦੇਇਕੇ,
' 'ਬਿਰਦ ਆਪਣਾ ਆਪ ਜਾਇ ਸੰਭਾਲਣਾ
' 'ਉਸ ਦੇ ਕਰਮਾਂ ਵੱਲ ਕਦੇ ਨ ਤੱਕਣਾ।'

'ਹਾਂ ਬਿਜਲੀ ! ਤੈਂ ਵੇਗ ਡਾਢਾ ਤੇਜ ਹੈ।
'ਲੈ ਚਲ ਸਖੀਏ ! ਨਾਲ ਮੈਨੂੰ ਆਪਣੇ,
'ਚੱਕ ਕੰਧਾੜੇ ਭੈਣ ! ਉੱਪਰ ਲੈ ਤੁਰੀਂ;
'ਸਾਈਂ ਚਰਨਾਂ ਵਿੱਚ ਮੈਂ ਅਪੜਾਇਦੇ
'ਪਰਸ ਸੁ ਉਸਦੇ ਪਾਦ ਲਵੀਂ ਪ੍ਰਦੱਖਣਾ;
'ਭਟਕਣ ਤੇਰੀ ਦੂਰ ਬੀ ਹੋ ਜਾਇਗੀ।'

'ਖੜੀ ਤਕਾਵਾਂ ਰਾਹ ਸਾਈਂ ! ਤੇਰੜਾ;
'ਬਿਜਲੀ ਮੋਢੇ ਬੈਠ ਆਜਾ ਸਾਈਆਂ !
'ਆਕੇ ਝਾਤੀ ਪਾਉ ਤਰਸਣਹਾਰ ਤੇ,
'ਆ ਮਿਲ ਆ ਮਿਲ ਕੰਤ ! ਮਿਲ ਪੌ ਆਣਕੇ।
'ਆਉ, ਅਚਾਨਕ ਆਉ ਚਰਨੀਂ ਲਾ ਲਓ।
'ਮਾਹੀ ! ਲਓ ਬਚਾਇ ਮਛਲੀ ਤੜਫਦੀ।

'ਮੈਂ ਛੱਡਾਂ ! ਛਡ ਏਸ ਦਿਆਂ ਪਰੇਮ ਨੂੰ ?
'ਮੇਰੇ ਵੱਸ ਨ ਮੂਲ ਛਡਣ ਪ੍ਰੇਮ ਦਾ।
'ਮੈਂ ਢੂੰਡਜਾ ਹੈ ਢੇਰ ਅੰਦਰ ਆਪਣੇ
'ਹੋਕੇ ਨਜਾਰੀ ਆਪ ਪੱਕੜਾਂ ਪ੍ਰੇਮ ਨੂੰ:
'ਕਿਧਰੇ ਮਿਲਿਆ ਨਾਹਿੰ ਵਖਰਾ ਪ੍ਰੇਮ ਏ।
'ਮੈਂ ਹਾਂ ਜਾਂ ਤਾਂ ਪ੍ਰੇਮ ਵਖਰੀ ਹਾਂ ਨਹੀਂ;
'ਜਾਂ ਓ ਪ੍ਰੇਮ ਨ ਵੱਖ ਓਹੋ ਮੈਂ ਅਹਾਂ:
'ਮੈਂ ਤੇ ਪ੍ਰੇਮ ਨ ਦੋਇ, ਇੱਕੋ ਆਖੀਏ।
'ਕਿਸਦੀ ਕਰਕੇ ਟੋਲ ਕੱਢਾਂ ਅੰਦਰੋਂ?
'ਜੇ ਕੱਢਾਂ ਮੈਂ ਪ੍ਰੇਮ ਰਹਿੰਦੀ 'ਮੈਂ' ਨਹੀਂ:
'ਜੇ 'ਮੈਂ' ਨੂੰ ਦਜਾਂ ਕੱਢ ਨਸਦਾ 'ਪ੍ਰੇਮ' ਹੈ।
'ਜਾਵੇ ਨਿਕਲ ਪਰੇਮ ਬਾਕੀ ਮੈਂ ਰਹੇ,
'ਐਸਾ ਸਕੇ ਨ ਹੋਇ ਕਰ ਕਰ ਹਾਰੀਆਂ;
'ਮੈਂ ਜਾਣਾਂ ਦੋ ਨਾਮ ਇੱਕੋ ਚੀਜ਼ ਦੇ:
' 'ਮੈਂ' ਆਖੋ ਚਹਿ 'ਪ੍ਰੇਮ' ਇੱਕੋ ਭਾਵ ਹੈ।

'ਮਾਤਾ ਕਰੇ ਵਿਲਾਪ ਰਾਧਾਂ ਰੋ ਰਹੀ;
'ਬੱਦਲ ਰੁਦਨ ਕਰੇਨ ਕੁਦਰਤ ਰੋ ਰਹੀ;
'ਸਾਰੇ ਮੇਰੇ ਨਾਲ ਦਰਦ ਵੰਡਾਵਦੇ:
'ਦਰਦ ਵੰਡਾਵੀਂ ਆਪ ਦਰਦਾਂ ਵਾਲਿਆ !
'ਤੈਂ ਇੱਕੋ ਦੇ ਬਾਝ ਐਡੇ ਮਾਮਲੇ
'ਪਏ ਪਿਆਰੇ ! ਆਨ, ਹੁਣ ਤਾਂ ਆ ਮਿਲੋ।

'ਔਹ ਕੜਕੀ ਕਰ ਜ਼ੋਰ ਬਿਜਲੀ ਉੱਪਰੋਂ,
'ਛਾਤੀ ਧੜਕੀ ਨਾਲ ਮੇਰੀ ਪੀੜ ਦੇ।
'ਬਿਜਲੀ ਵਾਂਙੂ ਪਾਟ ਛਾਤੀ ਮੇਰੀਏ !
'ਖਾਇ ਕੜਾਕਾ ਜ਼ੋਰ ਸੁੱਚੇ ਪ੍ਰੇਮ ਦਾ,
'ਮੈਂ ਪਿਯ ਦੇ ਵਿਚਕਾਰ ਪਿਆ ਜੁ ਪਾੜ ਹੈ
'ਤੇਰੀ ਬਿਜਲੀ ਨਾਲ ਮਿਲ ਜਜੇ ਪਾੜ ਓ;
'ਅਪਣੇ ਪਜਾਰੇ ਨਾਲ ਮਿਲੀ ਨ ਵਿੱਛੁੜਾਂ।

'ਹੇ ਅੰਮੀ, ਹੇ ਮਾਇ ਮੇਰੀ ਪਜਾਰੀਏ !
'ਮੈਨੂੰ ਲਈਂ ਲੁਕਾਇ ਡਰ ਮੈਂ ਖਾਂਵਦਾ;
'ਮੈਂ ਕੀਤੇ ਹਨ ਵਾਕ ਭਰੇ ਬਿਅੱਦਬੀ।
'ਸਾਈਂ ਜਾਣੀ ਜਾਣ ਦਿਲ ਦੀ ਜਾਣਦਾ;
'ਦਿਲ ਨ ਜਾਣੇ ਜੋਇ ਸਾਈਂ ਜਾਣਦਾ।
'ਮੈਂ ਉੱਚੀ ਹੈ ਬੋਲ ਐਕੁਰ ਦੱਸਿਆ
'ਮਾਨੋਂ ਹੈ ਅਨਜਾਣ ਭਿੱਜੂ ਕੈਨ੍ਹ ਤੇ
'ਸਿਦਕ ਵਿਹੂਣੀ ਹਾਇ ! ਸ਼ਰਧਾ ਹੈ ਨਹੀਂ;
'ਹੁੰਦਾ ਰਿਦੇ ਯਕੀਨ ਕਾਹਨੂੰ ਬੋਲਦੀ।
'ਭੰਬਟ ਕੀਟ ਅਜਾਨ ਮੈਥੋਂ ਹੈ ਭਲਾ;
'ਹੋਵੇ ਲਾਟ ਸ਼ਹੀਦ ਕੁਸਕੇ ਮੂਲ ਨਾ;
'ਮੈਂ ਕਿਉਂ ਉੱਚ ਉਚਾਰ ਕਰਕੇ ਬੋਲੀਆਂ।
'ਅੰਮੀਂ ! ਕਰ ਅਰਦਾਸ ਸਤਿਗੁਰ ਪਾਸ ਤੂੰ
'ਮੈਨੂੰ ਲੈ ਬਖਸ਼ਾਇ ਭੁੱਲੀ ਹਾਂ ਧੁਰੋਂ
'ਲੈ ਦੇ ਸਿਦਕ ਸੁਗਾਤ ਗੁਰੂ ਦੁਆਰਿਓਂ।

'ਮੈਂ ਹਾਂ ਮੂੜ ਮਹਾਨ, ਮੇਰੀ ਬੇਨਤੀ
'ਹੋਵੇਗੀ ਪਰਵਾਨ ? ਮੈਂ ਨਾਂ ਜਾਣਦੀ;
'ਤੇਰੀ ਸੁਣ ਅਰਦਾਸ ਬਖ਼ਸ਼ੇਗਾ ਗੁਰੂ:
'ਕਰ ਛੇਤੀ ਅਰਦਾਸ ਅੰਮੀ ਮੇਰੀਏ !
'ਮੈਂ ਮਰ ਚੱਲੀ ਮਾਉਂ! ਮੈਂ ਮਰ ਚੱਲੀਆਂ,
'ਮੈਂ ਮਤਿਹਾਰੀ, ਹਾਇ ! ਬਾਜ਼ੀ ਪ੍ਰੇਮ ਦੀਂ !
'ਪੈ ਜਾਵੇ ਮਤ ਮਾਤ, ਬਹੁੜੀਂ ਅੰਮੀਏਂ!
'ਮੁਹਰੇ ਸਿਦਕ ਯਕੀਨ ਮਰਦੇ ਜਾਂਵਦੇ,
'ਕਿਸ਼ਤ ਲਗਾ ਈ ਖਾਣ ਸ਼ਾਹ ਹੁਣ ਪ੍ਰੇਮ ਦਾ;
'ਉਠ ਛੇਤੀ ਗਲ ਪਾਇ ਪੱਲਾ ਹੋ ਖੜੀ।
'ਪਾ ਪਾਸਾ ਅਰਦਾਸ ਕਰ ਦਿਹ ਪੱਕੀਆਂ
'ਮੈਂ ਜੋ ਨਰਦਾਂ ਆਪ ਕੀਤਜਾਂ ਕੱਚੀਆਂ
'ਪਾ ਪੌਂ ਬਾਰਾਂ ਮਾਇ ! ਕਾਣੇ ਪੈਣ ਨਾ,
'ਸਿਦਕ ਮਹਿੰਡੇ ਕਾਣ ਪਈਆ, ਕੱਢ ਦੇ।
'ਹੋਰ ਨ ਕੋਈ ਰਾਹ ਬਿਨ ਅਰਦਾਸ ਦੇ:
'ਕਰ ਅੰਮੀਂ ਅਰਦਾਸ ਬਚੜੀ ਵਾਸਤੇ!'

ਧੀ ਦਾ ਬਿਹਬਲ ਹਾਲ ਅੰਮਾ ਦੇਖਕੇ
ਹੋਇ ਰਹੀ ਹੈਰਾਨ,- ਹੋਇਆ ਏਸ ਕੀ !
ਚੰਗੀ ਭਲੀ ਸੁਖ ਨਾਲ ਲੇਟੀ ਗੋਦ ਸੀ,
ਮੀਂਹ ਦੀ ਕਣੀਆਂ ਨਾਲ ਉਠ ਘਬਰਾਇਕੇ
ਵਹਿਣ ਪ੍ਰੇਮ ਦੇ ਫੇਰ ਹੈਵੇ ਜਾ ਪਈ,
ਬਾਲਾਂ ਵਾਂਙ ਰਿਹਾੜ ਕਰਦੀ ਹੈ ਪਈ
ਸਾਗਰ ਹੈ ਕੁਈ ਪ੍ਰੇਮ ਅੰਦਰ ਏਸਦੇ,
ਨੱਪ ਰੱਖਿਆ ਹਾਇ ਕਿਨ੍ਹੇ ਲੁਕੋਇਕੇ,
ਜਿੰਨਾ ਇਸਨੂੰ ਬੰਦ ਕਰੀਏ, ਫੁੱਟਦਾ।
ਅੰਮਾਂ ਸੋਚਾਂ ਵਿੱਚ ਹੈਸੀ ਹੀ ਅਜੇ
ਰਾਣੀ ਹੰਭਲਾ ਮਾਰ ਆਪ ਖੜੋ ਗਈ,
ਗਲ ਪੱਲਾ ਹਥ ਜੋੜ ਸੀਸ ਨਿਵਾਇਕੇ।
ਰਾਧਾਂ ਨਾਲੇ ਮਾਉਂ ਏ ਕੁਝ ਦੇਖਕੇ
ਖੜੀਆਂ ਦੋ ਹਥ ਜੋੜ ਦੋਵੇਂ ਹੋਈਆਂ।
ਧੀ ਨੂੰ ਪਈ ਰਿਹਾੜ ਏਹੋ ਆਖਦੀ:-
'ਅੰਮੀ ! ਕਰ ਅਰਦਾਸ ਬਖ਼ਸ਼ਿਸ਼ ਵਾਸਤੇ।'
ਅੰਮੀ ਰੁੜ੍ਹਦੀ ਆਪ ਮਮਤਾ ਵਿੱਚ ਆ
ਸੋਚ ਰਹੀ, ਅਰਦਾਸ ਕੀਕੁਰ ਮੈਂ ਕਰਾਂ ?
ਧੰਮ ਕਰੇ ਚੌਫਾਲ ਪੈਰੀਂ ਮਾਉਂ ਦੇ
ਡਿੱਗੀ ਧਾਂਹੀਂ ਮਾਰ ਕੁੱਠੀ ਪ੍ਰੇਮ ਦੀ:-
'ਪਿਤਾ ਵਾਸਤੇ ਮਾਉਂ ਕਰ ਤੂੰ ਬੇਨਤੀ
'ਮੈਨੂੰ ਲੈ ਬਖ਼ਸ਼ਾਇ ਗੁਰੂ ਦੁਆਰਿਓਂ।
'ਗੁਰੂ ਵਾਸਤੇ ਮਾਉਂ ! ਕਰਦੇ ਬੇਨਤੀ,-
'ਮੈਨੂੰ ਲੈ ਬਖ਼ਸ਼ਾਇ ਪਾਪਾਂ ਮੈਂ ਭਰੀ।
'ਧੀ ਤੇ ਹੋ ਕਿਰਪਾਲ ਅੰਮਾਂ ! ਬਾਹੁੜੀਂ।
'ਸਦਾ ਸਹਾਰੇ ਦੁੱਖ ਮੇਰੇ ਅੰਮੀਏਂ !
'ਤੇਰੀ ਜਦ ਤੋਂ ਕੁੱਖ ਲੀਤਾ ਵਾਸ ਸੀ,
'ਦਿੱਤੇ ਦੁਖ ਤੇ ਦੁੱਖ ਦਿੱਤੇ ਸੁੱਖ ਨਾ।
'ਪਹਿਲਾਂ ਬਖਸ਼ੀਂ ਆਪ ਭੁੱਲਾਂ ਮੇਰੀਆਂ,
'ਫਿਰ ਢਿਗ ਗੁਰਅਰਦਾਸ ਕਰ ਬਖਸ਼ਾਇ ਲੈ।'

ਮਾਂ ਹਾਰੀ ਏ ਹਾਲ ਧੀ ਦਾ ਵੇਖਕੇ,
ਛਾਤੀ ਨਾਲ ਲਗਾਇ ਧੀ ਨੂੰ ਪਜਾਰਦੀ,
ਆਪ ਵਿਰਾਗ ਸਰੂਪ ਹੋਕੇ ਹੈ ਖੜੀ,
ਗਲ ਪੱਲਾ, ਹਥ ਜੋੜ, ਮਨ ਬੀ ਜੋੜਕੇ
ਕਰਨ ਲਗੀ ਅਰਦਾਸ ਅੰਮੀਂ ਸੋਹਿਣੀ।

ਵਾਹ ! ਵਾ ਤੂੰ ਅਰਦਾਸ ਮੇਲਣਹਾਰੀਏ !
ਸਰਗੁਣ ਨਿਰਗੁਣ ਰੂਪ ਹੈ ਨਿਰੰਕਾਰ ਜੋ
-ਕਲਾ ਧਾਰ ਸੰਸਾਰ ਨੂੰ ਮੁਹ ਜੋ ਰਿਹਾ-
ਦੇਹਧਾਰੀ ਦਾ ਨਾਲ ਉਸਦੇ ਮੇਲ ਤੂੰ
ਕਰਵਾਵੇਂ ਅਰਦਾਸ! ਤੂੰ ਤਾ ਧੰਨ ਹੈਂ।
ਜੀਵ ਕਰੇ ਅਰਦਾਸ ਜਦ ਜੀ ਜੋੜਕੇ
ਬ੍ਰਹਮ ਸ਼ਰਨ ਵਿਚਕਾਰ ਓ ਜੁੜ ਜਾਂਵਦਾ।
ਹਿਰਦੇ ਉਪਜੇ ਅੱਗ ਜਦ ਅਰਦਾਸ ਦੀ
ਪਾਪਾਂ ਮੜ੍ਹਿਆਂ ਭਾਰ ਸੜ ਬਲ ਜਾਂਵਦੇ।
ਕਾਈ ਦਿਲ ਦੀ ਮੈਲ ਕੱਟੇ ਬੇਨਤੀ,
ਜਿਉਂ ਅਗਨੀ ਦਾ ਸੇਕ ਖੰਡ ਨਿਖਾਰਦਾ।
ਜੀਵ ਪ੍ਰਭੂ ਦੀ ਅੰਸ਼ ਸਜਾਣੇ ਆਖਦੇ
ਪਰ ਪ੍ਰਭੁ ਇਸ ਵਿਚਕਾਰ ਵਿੱਥ ਅਮੇਣਵੀਂ
ਦੂਰ ਕਰੇਂ, ਦਰਬਾਰ ਤੂੰਹੋਂ ਪੁਚਾਂਵਦੀ।

ਮਾਯਾ ਪਰਦਾ ਦੂਰ ਦਿਲ ਤੋਂ ਤੂੰ ਕਰੇਂ
ਸਾਈਂ ਚਰਨਾਂ ਵਿੱਚ ਕਰਦੀ ਜਾ ਖੜਾ।
ਦੁਈ ਆਖਣ ਲੋਕ ਹੈ ਦੁਖ ਦੇਂਵਦੀ;
ਮਿਟਦੀ ਕਿਸੇ ਉਪਾਵ ਨਾ ਏ ਡੈਣ ਹੈ,
ਪਰ ਸਮਰਥ ਅਰਦਾਸ ਇਸਨੂੰ ਮੇਟਦੀ:
ਸਾਈਂ ਚਰਨਾਂ ਵਿੱਚ ਜਾਕੇ ਮੇਲਦੀ।

ਪਹਿਲੇ ਜਦ ਅਰਦਾਸ ਕਰਦੇ ਹਾਂ ਅਸੀਂ;
ਦਸਾਂ ਗੁਰਾਂ ਪਰਭਾਵ, ਛਾ ਹੈ ਜਾਂਵਦਾ।
ਫਿਰ ਕਰੀਏ ਜਦ ਯਾਦ ਪਜਾਰੇ ਗੁਰਮੁਖਾਂ
ਹਿਰਦਾ ਸਨਮੁਖ ਹੋਇ ਓਸ ਪ੍ਰਭਾਵ ਦੇ।
ਫਿਰ ਜਦ ਰੱਬ ਕ੍ਰਿਪਾਲ ਅੱਗੇ ਬੇਨਤੀ
ਕਰੀਏ ਮਨ ਨੂੰ ਜੋੜ ਰਿਦਾ ਪੰਘਾਰਕੇ,
ਸਭ ਕੁਝ ਜਾਵੇ ਭੁੱਲ ਬਾਝੋਂ ਰੱਬ ਦੇ;
ਰੱਬ ਹਜ਼ੂਰੀ ਵਿੱਚ ਹਾਜ਼ਰ ਹੋਵੀਏ।

ਜਦ ਕਰਦੇ ਅਰਦਾਸ ਮੰਗਜੇ ਹੈ ਰਜ਼ਾ
'ਭਾਣਾ ਮਿੱਠਾ ਦੇਹਿ' ਇਹ ਕੁਝ ਆਖੀਏ,-
ਮਰਜ਼ੀ ਵਿੱਚ ਰਜ਼ਾਇ ਹੈ ਘੁਲ ਜਾਂਵਦੀ।
ਹੁਣ ਦੂਈ ਦੀ ਅੰਸ਼ ਮੂਲੋਂ ਨਾ ਰਹੇ;
ਅਪਨਾ ਆਪ ਸੁ ਸਾਫ਼ ਸੁਥਰਾ ਹੋਇਆ;
ਸਾਈਂ ਚਰਨਾਂ ਵਿੱਚ ਸ਼ਰਨ ਸਮਾਂਵਦਾ,
ਮਾਨੋਂ ਰੇਤਜੋਂ ਮੱਛ ਫੜ ਜਲ ਘੱਤੀਏ।
ਇਉਂ ਗੁਣ ਸਾਗਰ ਵਿੱਚ ਬਿਨੈ ਪੁਚਾਂਵਦੀ।

ਸਿਦਕ ਮਿਲੇ ਕਿਸ ਡੌਲ ਬਿਨ ਅਰਦਾਸ ਦੇ ?
ਰੂਪ ਨ ਰੇਖ ਨ ਰੰਗ ਤ੍ਰਿਗੁਣ ਅਤੀਤ ਦਾ
ਕਿੱਕੁਰ ਨਿਸਚਾ ਹੋਇ ਬਿਨ ਅਰਦਾਸ ਦੇ?
ਪਾਪਾਂ ਸੰਦੇ ਹੇੜ ਹਿਰਦੇ ਆਂਵਦੇ,
ਬਿਨ ਅਰਦਾਸ ਨਿਕਾਲ ਕਿੱਕੁਰ ਹੋ ਉਨ੍ਹਾਂ ?
ਹਿਰਦੇ ਜਦੋਂ ਨਿਵਾਸ ਹੋ ਅਰਦਾਸ ਦਾ
ਕਾਰਜ ਸੱਭੇ ਰਾਸ ਆਸ ਪੁਰਾਈਏ।
ਪ੍ਰਭ ਦਾ ਪਾਰਾਵਾਰ ਪਾ ਨਾ ਸੱਕੀਏ,
ਕਰਕੇ ਪਰ ਅਰਦਾਸ ਚਰਨੀਂ ਓਸਦੇ
ਲੋੜ ਆਪਣੀ ਘੱਲ ਹੈਵਾਂ ਸੱਕਦੇ।

ਅੰਤਰਜਾਮੀ ਰੱਬ ਸੁਣਦਾ ਜੋ ਕਹੋ।
ਕਰੁ ਬੰਦੇ ਅਰਦਾਸ ਮਿਲ ਲੈ ਐਕੁਰਾਂ,
ਜਿਵੇਂ ਇਆਣਾ ਬਾਲ ਮਾਂ ਵਲ ਵੇਖਦਾ,
ਹੱਸੇ ਜਾਂ ਬੁਲ੍ਹ ਟੇਰ ਹੱਥ ਹਿਲਾਂਵਦਾ,
ਮਮਤਾ ਵਾਲੀ ਮਾਉਂ ਛਾਤੀ ਲਾਂਵਦੀ;
ਤਿਉਂ ਹੈ ਏ ਅਰਦਾਸ ਬੱਚੇ ਹਾਂ ਅਸੀਂ।
ਸਾਈ ਵੱਲ ਧਿਆਨ ਕਰੀਏ ਜੇ ਜ਼ਰਾ
ਪ੍ਰੇਮ ਆਪਣੇ ਨਾਲ ਤੁੱਠੇ ਮਾਉਂ ਜਜੋਂ,
ਅਸਾਂ ਬਾਲਕਾਂ ਨਾਲ ਕਰਦਾ ਪਜਾਰ ਓ।
ਸੁਣੇ ਕਿ ਮੰਨੇ ਨਾਂ ਕਿ ਲੇਵੇ ਮੰਨ ਓ,
ਇਹ ਮਰਜ਼ੀ ਕਰਤਾਰ, ਸਾਡਾ ਜ਼ੋਰ ਨਾ;
ਜਾਣੀ ਹੈ ਓ ਜਾਣ ਸਭ ਕੁਝ ਜਾਣਦਾ:
ਪਰ ਕਰਨੀ ਅਰਦਾਸ ਅਸਾਂ ਸੁਭਾਉ ਹੈ।
ਅੰਮੀ ਸਦਾ ਕ੍ਰਿਪਾਲ ਅਪਣੇ ਬਾਲ ਤੇ,
ਪਰ ਏ ਬਾਲ ਸੁਭਾਵ ਜਦ ਕੁਝ ਚਾਹੁੰਦਾ
ਤਦੋਂ ਰੋਣ ਦੀ ਕਾਰ ਦੇਂਦਾ ਛੇੜ ਹੈ,
ਮਾਨੋਂ ਉਹ ਅਰਦਾਸ ਅਪਣੇ ਵਿੱਤ ਦੀ
ਕਰਦਾ ਮਾਤਾ ਪਾਸ,- ਦੁੱਖ ਸੁਣਾਂਵਦਾ।
ਤਿਵੇਂ ਪ੍ਰਭੂ ਦੇ ਪਾਸ ਬਾਲਕ ਹਾਂ ਅਸੀਂ
ਕਰਦੇ ਹਾਂ ਅਰਦਾਸ ਵਿਤ ਦੀ ਆਪਣੇ।
ਏ ਹੈ ਅਸਾਂ ਸੁਭਾਵ ਛੱਡਜੇ ਨਾ ਕਦੀ,
ਇਸਨੂੰ ਸਗੋਂ ਵਧਾਇ ਚਰਨੀਂ ਲੱਗੀਏ,
ਅਰਜ਼ਾਂ ਸਦਾ ਗੁਜ਼ਾਰ ਸਦਾ ਸਹਾਇਤਾ
ਪ੍ਰਭੂ ਅਪਣੇ ਤੋਂ ਮੰਗ ਜਨਮ ਸਵਾਰੀਏ।
ਗੁਣਾਂ ਪੁੰਜ ਕਰਤਾਰ ਗੁਣ ਦੀ ਖਾਣ ਹੈ।
ਘਟ ਘਟ ਰਿਹਾ ਬਿਆਪ ਕਿਧਰੇ ਊਣ ਨਾ;
ਅਸੀਂ ਓਸ ਦੀ ਅੰਸ਼ ਉਸ ਦੇ ਪੁਤ੍ਰ ਹਾਂ,
ਸਾਡੇ ਵਿਖੇ ਵਿਆਪ ਬੀ ਓ ਹੈ ਰਿਹਾ।
ਫਿਰ ਸਾਨੂੰ ਪਰਤੀਤ ਨਾਹੀਂ ਹੋਂਵਦਾ,
ਕੋਈ ਵਿੱਥ ਮਹਾਨ ਗੱਭੇ ਹੈ ਪਈ।
'ਭੁੱਲ' ਕਹਿਣ ਉਸ ਨਾਮ ਮਾੜੀ ਵਿੱਥ ਦਾ।
ਯਾਦ ਰਿਹਾ ਨਹੀਂ ਮੂਲ ਸਭ ਨੂੰ ਭੇਤ ਏ,-
'ਘਟ ਘਟ ਰਿਹਾ ਵਿਆਪ ਮੈਂ ਘਟ ਬੀ ਅਹੈ।'

ਹੁਣ ਜੇ ਕਰਿ ਅਰਦਾਸ ਉਨੂੰ ਧਿਆਈਏ
ਵਿੱਥ ਜੁ ਭੁੱਲ ਸਰੂਪ ਤਦ ਮਿਟ ਜਾਇਗੀ।
ਅਕਲ ਨਾਲ ਤਾਂ ਠੀਕ ਲੈਂਦੇਂ ਜਾਣ ਹਾਂ,
ਵਿੱਥ ਨ ਹੁੰਦੀ ਦੂਰ ਤਦ ਬੀ ਹੈ ਖੜੀ।
ਯਾਦ ਜਿ ਅਨੁਭਵ ਵਿੱਚ ਪੱਕੀ ਹੋ ਪਵੇ,
ਭੁੱਲੇ ਦਿਨ ਨਾ ਰਾਤ ਤਾਂ ਵਿਥ ਟੁੱਟਦੀ।
ਇਸਦਾ ਮੁਢ ਅਰਦਾਸ –ਕਰਨੀ ਬੇਨਤੀ,
ਸ਼ਸਤਰ ਏ ਹੈ ਠੀਕ ਜੋ ਹੈ ਭੰਨਦਾ,
ਏਸ ਭੁੱਲ ਦੀ ਕੰਧ, ਖਨ ਖਨ ਤੋੜਦਾ।
ਅਪਣੇ ਔਗੁਣ ਸੱਭ ਭੁੱਲ ਵਿਹਾਝੜੇ
ਇਸਦੇ ਨਾਲ ਸੁ ਦੂਰ ਹੁੰਦੇ ਜਾਂਵਦੇ।
'ਸਾਈਂ ਗੁਣ' ਅਰਦਾਸ ਕਰਿ ਜੋ ਆਖੀਏ,
ਕਰਦੇ ਜਾਣ ਪ੍ਰਵੇਸ਼ ਸਾਡੇ ਵਿੱਚ ਓ,
ਪਕਦੀ ਜਾਂਦੀ ਯਾਦ ਹੈ ਸੁਖਦਾਇਨੀ।
ਪਿਤਾ ਪੂਤ ਦਾ ਮੇਲ ਮਾਨੋਂ ਹੋਂਵਦਾ
ਕਰੀਏ ਜਦ ਅਰਦਾਸ ਨਾਲ ਪਿਆਰ ਦੇ।

ਰਾਤ ਜਦੋਂ ਵਿਚ ਨੀਂਦ ਮੀਟੇਂ ਅੱਖ ਤੂੰ
ਕਰ ਪਹਿਲੋਂ ਅਰਦਾਸ ਬੰਦੇ ! ਧਜਾਨ ਲਾ,
ਦਿਲ ਦੀਆਂ ਭੁੱਲਾਂ ਮਾਫ ਸਭ ਹੋ ਜਾਣ ਜੋ,
ਨੀਂਦ ਤਿਰੀ ਵਿਚ ਰਾਤ ਬਰਕਤ ਆ ਪਵੇ,
ਰਬ ਦੀ ਰਾਖੀ ਵਿੱਚ ਸੁਖ ਦੀ ਨੀਂਦ ਹੋ।
ਨੈਣ ਜਦੋਂ ਤੂੰ ਖੋਲ੍ਹ ਦੇਵੇਂ ਸ੍ਵੇਰ ਨੂੰ
ਕਰ ਬੰਦੇ ਅਰਦਾਸ ਸ਼ੁਕਰ ਸੁ ਰਾਤ ਦਾ,
ਦਿਨ ਦੇ ਕੰਮਾਂ ਵਿੱਚ ਬਰਕਤ ਮੰਗ ਤੂ,
ਧਰਮ ਰਹੇ ਅਗੁਵਾਨ ਹਰ ਕੰਮ ਦੇ ਵਿਖੇ,
ਸਾਂਈਂ ਜੀ ਦੀ ਯਾਦ ਨਿਰਮਲ ਭੈ ਉਦ੍ਹਾ,
ਉਸ ਦਾ ਨਾਲ ਪਰੇਮ ਰਹਿਮਤ ਓਸਦੀ
ਸਭ ਕੰਮਾਂ ਵਿਚਕਾਰ ਤੇਰੇ ਨਾਲ ਹੋ।

ਦਿਲ ਜੁੜਵੀਂ ਅਰਦਾਸ ਰਾਣੀ ਮਾਉਂ ਹੈ
ਕਰਦੀ ਹੁਣ ਪਈ ਆਪ ਧੀ ਦੇ ਵਾਸਤੇ।
ਕਰਕੇ ਪ੍ਰਥਮ ਉਚਾਰ ਹੈ ਅਰਦਾਸ ਦਾ
ਕਰਦੀ ਮਾਤਾ ਏਹ ਹੈ ਹੁਣ ਬੇਨਤੀ:–

'ਮੈਂ ਮੂਰਖ ਮਤਿਹੀਨ ਬਚੜੀ ਵਾਸਤੇ
'ਕਰਦੀ ਹਾਂ ਅਰਦਾਸ ਸੱਚੇ ਸਾਈਆਂ !
'ਧੀ ਚੰਗੀ, ਮੈਂ ਨਾਹਿੰ, ਬਖਸ਼ੋ ਆਪ ਜੀ,
'ਧੀ ਦੀ ਮੰਨ ਰਜ਼ਾਇ ਅਰਜ਼ ਗੁਜ਼ਾਰਦੀ।
'ਪਾਵੇ ਮੈਨੂੰ ਖ਼ੈਰ ਦਰ ਤੋਂ ਆਪਣੇ,–
'ਧੀ ਹੋਵੇ ਖੁਸ਼ਹਾਲ ਸਦਾ ਨਿਹਾਲ ਹੋ।
'ਬਖਸ਼ਿਸ਼ ਕਰੋ ਅਪਾਰ ਇਸਨੂੰ ਵਾੜ ਲੌ
'ਬਖਸ਼ਿਸ਼ ਵਾਲੇ ਦ੍ਵਾਰ, ਲੇਖਾ ਨਾ ਗਣੋਂ।
'ਇਸ ਦੇ ਫੇਰ ਤੁਫੈਲ ਬਖਸ਼ਜੋ ਮੁੱਝ ਨੂੰ,
'ਮਨ ਦੀ ਦੁਹਾਂ ਮੁਰਾਦ ਪਜਾਰੇ ! ਪੂਰਨੀ।'

ਇਸ ਬਿਧਿ ਕਰ ਅਰਦਾਸ ਮੱਥਾ ਟੇਕਿਆ।
ਫਿਰ ਧੀ ਮੋਢੇ ਨਾਲ ਲਾਕੇ ਮਾਂ ਤੁਰੀ।
ਜਾਇ ਚੁਬਾਰੇ ਵਿੱਚ, ਸਿੰਨੇ ਕੱਪੜੇ
–ਜੋ ਮੀਂਹ ਕਿਣਮਿਣ ਨਾਲ ਭਿਜਦੇ ਸੇ ਗਏ–
ਦਿੱਤੇ ਸੱਭ ਉਤਾਰ, ਸੁੱਕੇ ਪਾਇਕੇ
ਦਿੱਤਾ ਪਲੰਘ ਸੁਆਲ ਰਾਧਾਂ ਛੱਡਕੇ
ਧੀ ਦੀ ਕਰਨੇ ਸੇਵ ਉਸ ਦੇ ਪਾਸ ਹੀ,
ਹੇਠਾਂ ਉਤਰੀ ਆਪ, ਸੁੱਤੀ ਜਾਇਕੇ।
ਬੀਤ ਗਈ ਓ ਰਾਤ –ਰਾਤ ਸੁਲੱਖਣੀ–
ਜਿਸ ਦੀ ਗੋਦੀ ਵਿੱਚ ਸਭ ਸੁਖ ਸੁੱਤੀਆਂ।

## ੩੦. ਸਤਿਸੰਗ–ਜੁਗਤ

ਹੁਣ ਫਿਰ ਆਈ ਰਾਤ ਹੈ ਇਕ ਸੋਹਿਣੀ,
ਬੱਦਲ ਵਿਚ ਅਕਾਸ਼ ਜੋ ਸੇ ਛਾ ਰਹੇ
ਉੱਡ ਹੋ ਗਏ ਦੂਰ, ਚੜ੍ਹਿਆ ਚੰਦ ਹੈ,
ਘੜਿਆਲੀ ਘੜਿਆਲ ਪਹਿਰ ਵਜਾਇਆ,
ਤ੍ਰਬ੍ਹਕ ਉਠੀ ਹੈ ਨਾਲ ਰਾਣੀ ਸੋਹਿਣੀ।
ਰਾਧਾਂ ਲਈ ਜਗਾਇ ਕਹਿੰਦੀ: 'ਪਜਾਰੀਏ !
'ਗਿਆ ਤ੍ਰਿਪਹਿਰਾ ਵੱਜ, ਚਲ ਹੁਣ ਚੱਲੀਏ
'ਸਾਈਂ ਦੇ ਦਰਬਾਰ ਸਾਈਂ ਟੋਲੀਏ।
'ਦਰਸ਼ਨ ਸੰਦੀ ਖ਼ੈਰ ਚਲਕੇ ਮੰਗੀਏ,


www.sikhbookclub.com

'ਭਿੱਛਜਾ ਜੇ ਮਿਲ ਜਾਇ ਓਸ ਦੁਆਰਿਓਂ।
'ਜਦ ਤਕ 'ਦਰਸ਼ਨ-ਖ਼ੈਰ' ਸਖੀਏ ! ਨਾ ਮਿਲੇ
'ਮੰਗਣ ਕੂਕਣ ਲੱਲ ਲੱਗੀ ਹੀ ਰਹੇ।
'ਹੋਈਏ ਨਾਹਿੰ ਨਿਰਾਸ ਮਾਲਕ ਦ੍ਵਾਰ ਤੋਂ;
'ਰਾਤ ਦਿਨੇ ਜੀ ਨਾਲ ਰਹੀਏ ਕੂਕਦੇ:-
'ਕਦੇ ਤਾਂ ਸੁਣੇ ਪੁਕਾਰ, ਨਿੱਤ ਕੁਕੇਂਦਿਆਂ।
'ਦੇਖ ਕਿ ਬੱਦਲ ਦੂਰ ਕੀਤੇ ਰੱਬ ਨੇ,
'ਕੀਤਾ ਸੁੱਖ ਸਮਾਨ- ਚਾੜ੍ਹਜਾ ਚੰਦ ਹੈ।
'ਤਲੀ ਪਿਆਰੇ ਵਾਙ ਟਿੱਕੀ ਏਸ ਦੀ
'ਚਿੱਟੀ ਦੇ ਚਮਕਾਰ ਲਿਸ਼ਕਾਂ ਮਾਰਦੀ,
'ਚਲੀਏ ਚੱਲ ਸ਼ਿਤਾਬ ਸਮਾਂ ਸੁਵੱਲੜਾ।
'ਜਾ ਰਾਧਾਂ ! ਜਲ ਲਜਾਹ ਦੇਹੀ ਧੋਵੀਏ,
'ਮਨ ਧੋਵਣ ਦੀ ਜਾਚ ਅਸਾਂ ਨ ਆਂਵਦੀ,
'ਤਨ ਨੂੰ ਹੀ ਧੋ ਸਾਫ਼ ਕਰਕੇ ਚੱਲੀਏ
'ਸੱਚੇ ਧੋਬੀ ਘਾਟ, ਮਨ ਜਹਿੰ ਧੋਪਦਾ।'

ਫਿਰ ਕੀਤਾ ਇਸ਼ਨਾਨ, ਬਦਲੇ ਕੱਪੜੇ,
ਹੱਥ ਜੋੜ ਅਰਦਾਸ ਕਰਕੇ ਟੇਕਦੀ
ਮੱਥਾ, ਨਾਲ ਪਿਆਰ ਸਾਈਂ ਰੱਬ ਨੂੰ,
ਤੁਰ ਪਜੀ ਪੁਤਲੀ-ਲੂਣ ਵੱਲ ਸਮੁੰਦ ਦੇ
ਥਾਹ ਸਿੰਧ ਦੀ ਲੈਣ, ਕਾਰ ਅਨੋਖੜੀ।
ਥਾਹ ਲੈਸੀ ਕਿ ਜਾਇ ਵਿੱਚ ਸਮੁੰਦ ਦੇ
ਉਸਦਾ ਹੋ ਕੇ ਰੂਪ ਰੂਪ ਸਮਾਵਸੀ?
ਚਲੋ ਦੇਖੀਏ ਕਿੰਵ ਵਰਤੇ ਕਾਰ ਹੈ।

ਚੋਰ-ਰਾਹ ਸੀ ਇੱਕ ਮਹਿਲ ਪਿਛਾਵੜੇ
ਉਸ ਪਾਸੇ ਤੋਂ ਲੰਘ ਦੋਵੇਂ ਚੱਲੀਆਂ।
ਉੱਤੋਂ ਕਰੇ ਸਹਾਇ ਚੰਦੋਂ ਚਾਨਣਾ,
ਧਰਤੀ ਦੇਂਦੀ ਰਾਹ ਪੈਰਾਂ ਜਾਣੂਆਂ।
ਪਲੋ ਪਲੀ ਵਿਚਕਾਰ ਦ੍ਵਾਰਾ ਲੱਭਿਆ,
ਜਿਸਦੀ ਕਰਦਜਾਂ ਭਾਲ ਦਿੱਤੀ ਜਿੰਦ ਸੀ।
ਹੁਣ ਉਹ ਔਖਾ ਦ੍ਵਾਰ ਸੌਖਾ ਲੱਭਿਆ,
ਹਾਂ ਹੁਣ ਭੀੜਾ ਦ੍ਵਾਰ ਖੁੱਲ੍ਹਾ ਹੋ ਗਿਆ:
ਅੰਦਰ ਲੰਘ ਗਜੀ ਰਾਜ ਸੌਖੀ ਦ੍ਵਾਰ ਦੇ।

ਜਿਉਂ ਧ੍ਰੂ ਗਗਨਾਂ ਵਿਚ ਮੱਧਮ ਤੇਜ ਹੈ,
ਆਮ ਤਾਰਿਆਂ ਵਾਂਙ ਨਿੱਕਾ ਜਾਪਦਾ,
ਪਰ ਟਲਦਾ ਨਾ ਮੂਲ ਅਪਣੀ ਥਾਉਂ ਤੋਂ,
ਤਿਉਂ ਟਲਦੀ ਨਾ ਰਾਜ ਅਪਣੇ ਪ੍ਰੇਮ ਤੋਂ।
ਟਾਲ ਰਿਹਾ ਇਸ ਜੋਗ ਸਭ ਸੰਸਾਰੜਾ
ਟਿਕ ਜਾਵੇ ਵਿਚ ਰਾਜ, -ਛੱਡੇ ਪ੍ਰੇਮ ਨੂੰ,
ਪਰ ਇਸ ਅਟਲ ਪਰੇਮ ਵਾਲੀ ਸੋਹਿਣੀ
ਟਲੀ ਨ, ਰਸਤਾ ਪ੍ਰੇਮ ਇਸਨੇ ਛੱਡਿਆ,
ਅਟਲ ਰਿਦੇ ਦੇ ਨਾਲ ਵਿਚ ਸਤਿਸੰਗ ਦੇ,
-ਮਰਨੋ ਬੀ ਨਾ ਸੰਗ- ਅਖ਼ਾਰ ਪੌਂਚ ਗਜੀ।
ਹੈ ਵੱਡੀ, ਪਰ ਆਪ ਨੂੰ ਕਰ ਨਿੱਕਿਆਂ,
ਵਡਿਆਂ ਦੇ ਸਤਿਸੰਗ ਵਿਚ ਹੈ ਓ ਗਈ,
ਨਿੱਕੀ ਹੋ, ਪਰ ਪ੍ਰੇਮ ਰਿਦੇ ਅਟੱਲ ਹੈ।

'ਸੇਵਾ' ਹੈਸੀ ਕਾਰ ਵਿਚ ਸਤਿਸੰਗ ਦੇ
ਜੋ ਦੇਖੀ ਉਸ ਜਾਇ, ਕੀਕੂੰ ਹੋਂਵਦੀ।

ਸੇਵਾ ਪਹਿਲਾ ਪੈਰ ਹੈ ਸਤਿਸੰਗ ਦਾ;
ਇਸਤੇ ਹੁੰਦਾ ਮੁੱਢ ਆਤਮ ਦੇਸ ਦਾ।
ਸੇਵਾ ਹੈ ਸੁਲਤਾਨ ਨੇਕੀ ਰਾਹੁ ਦਾ,
ਨੇਕੀ ਨੂੰ ਹੈ ਰੰਗ ਲਗਦਾ ਏਸ ਤੋਂ
ਟਹਿਲੋਂ ਮਿਲੇ ਮਹੱਲ ਮੇਵਾ ਸੇਵ ਤੋਂ।
ਸੇਵਾ ਵਿੱਚ 'ਪਿਆਰ' ਜੇਕਰ ਆ ਰਲੇ
ਜਿੰਦ ਵਾਲੀ ਹੋ ਜਾਇ ਸੇਵਾ ਹੀ ਉਹੋ।
ਖ਼ੁਦਗ਼ਰਜ਼ੀ ਨੂੰ ਛੱਡ ਸੇਵ ਕਮਾਵਣੀ,
ਸੇਵਾ ਨੂੰ ਦਹ ਚੰਦ ਹੈਵੇ ਲਾਂਵਦਾ।
ਦਾਤੇ ਪਾਸੋਂ ਓਹ ਕੁਛ ਹੈ ਪਾਈਏ
ਪਜਾਰ-ਭਰੀ ਜੋ ਸੇਵ ਬਿਨ ਨਾ ਲੱਭਦਾ।
ਰਾਧਾਂ ਸੀ ਇਕ ਦਾਸਿ ਟ੍ਹਿਲਣ ਮੈਲ੍ਹ ਦੀ,
ਕੀ ਜਾਣੇ ਸਤ੍ਰਿਸੰਗ ਕੀ ਕੁਛ ਹੋਂਵਦਾ
ਕੀ ਕੀਤੀ ਹੈ ਘਾਲ ਇਸ ਸਤਿਸੰਗ ਦੀ।
ਪਰ ਇਸ ਅਪਣੀ ਟੈਲ੍ਹ ਵਿਚੋਂ ਕੱਢਿਆ
ਖ਼ੁਦਗ਼ਰਜ਼ੀ ਦਾ ਪਜਾਰ, ਪਾਯਾ ਪਜਾਰ ਸੀ
ਅਪਣੀ ਸੇਵਾ ਵਿੱਚ; -ਆਪਾ ਵਾਰਿਆ।

ਸਫਲ ਕਰਾਈ ਸੇਵ ਓਸ ਪਿਆਰ ਨੇ;
ਜਿਸਦੇ ਬਦਲੇ ਆਣ ਪਹੁੰਚੀ ਏਸ ਥਾਂ?
ਇਸ ਕੀਤੀ ਹੈ ਸੇਵ ਪਜਾਰਾਂ ਵਾਲੜੀ,
ਹਿਰਦੇ ਸੱਚੇ ਨਾਲ, ਆਪਾ ਵਾਰਕੇ;
ਵਾਰ ਆਪਣੀ ਜਿੰਦ ਕੀਤੀ ਘਾਲ, ਹਾਂ।
ਇਸ ਘਾਲੀ ਹੈ ਘਾਲ ਘਾਲਣਿ ਔਖ ਜੋ।
ਖਾਲੀ ਸਕੇ ਨ ਜਾਇ ਐਸੀ ਘਾਲ ਹੈ
ਬਿਨਾ ਟਿਕਾਣੇ ਠੀਕ ਕਿਸੇ ਪੁਚਾਇ ਦੇ।
ਰਾਧਾਂ ਓਸ ਦੁਆਰ ਸੇਵ ਕਮਾਂਵਦੀ
ਪਹੁੰਚ ਗਈ ਹੈ ਨਾਲ ਸ੍ਵਾਮਣਿ ਆਪਣੀ,
ਬੈਠੀ ਹੈ ਹੁਣ ਨਾਲ ਵਿਚ ਸਤਿਸੰਗ ਦੇ।
ਸਤਿਸੰਗਣ ਗਈ ਹੋਇ ਸੇਵ ਕਮਾਂਦਿਆਂ।
ਦੋਵੇਂ ਰਲ ਸਤਿਸੰਗ ਵਿਚ ਹਨ ਔਂਦੀਆਂ,
ਕਰਦੀਆਂ ਓਹੋ ਕਾਰ ਕਰਨੀ ਜੋ ਮਿਲੇ।

ਅੱਜ ਵਰਤਿਆ ਹਾਲ ਵਿਚ ਸਤਿਸੰਗ ਏ–
ਗੁਰਮੁਖ ਜੋ ਸਿਰਮੌਰ ਸਨ ਸਤਿਸੰਗ ਦੇ
ਲੱਗੇ ਕਰਨ ਉਚਾਰ ਮੋਤੀ ਵਾਕ ਹੈਂ–
'ਗੁਰੂ ਸੁਆਰੀ ਨਾਰ ! ਸ੍ਵਾਰੀ ਪ੍ਰੇਮ ਦੀ,
'ਜੋ ਕਰਨੇ ਦੀ ਲੋੜ ਤੂੰ ਹੁਣ ਹੈਂ ਕਰੇਂ,–
'ਕੀਤਾ ਬਹੁਤ ਵਧੀਕ ਨਿਭਿਆ ਸੋਹਿਣਾ !
'ਡੁਬਕੇ ਕਈ ਇਕ ਵਾਰ ਉੱਚੇ ਰੰਗ ਦੇ
'ਲੈ ਚੁੱਕੀ ਹੈਂ ਰਾਜ ! ਰੱਬ ਸੁਆਰੀਏ !
'ਇਕ ਸੰਸੇ ਦੀ ਕਾਣ ਜਦੋਂ ਚੁਕਾ ਦਈ;
'ਪੂਰਨ ਜਾਸੇਂ ਹੋਇ ਪੁੰਨਿਆਂ ਚੰਦ ਜਜੋਂ।'

ਸੁਣਕੇ ਅਦਬ ਸੁ ਨਾਲ ਰਾਣੀ ਆਖਦੀ:–
'ਹੇ ਗੁਰਮੁਖ ਸਿਰਤਾਜ ! ਇਸ ਸਤਿਸੰਗ ਦੇ,
'ਮੈਂ ਕਸਰਾਂ ਦੀ ਖਾਣ ਇਕ ਕੀ ਆਖਦੇ।
'ਗਲ ਪੱਲਾ ਭੈ ਨਾਲ ਕਰਸਾਂ ਮੈਂ ਬਿਨੈ:
'ਬਖਸ਼ੋ ਹੋਇ ਕ੍ਰਿਪਾਲ ਗਣੋਂ ਨ ਢੀਠਤਾ।
'ਪੂਰਨ ਜਾਵਾਂ ਹੋਇ, ਇਸ ਦੀ ਲੋੜ ਨਾ;
'ਰਹਾਂ ਅਪੂਰਨ ਨਿੱਤ ਘਟਦਾ ਕੁੱਝ ਨਾ।
'ਮੇਰੀ ਹੈ ਇਕ ਸਿੱਕ ਆਪ ਪੁਜਾ ਦਿਓ,–
'ਸਾਈਂ ਦਿਓ ਮਿਲਾਇ ਹੋਰ ਨ ਚਾਹੁੰਦੀ।'
ਇਹ ਕਹਿੰਦੀ ਦਾ ਨਾਲ ਹਿਰਦਾ ਪੰਘਰਜਾ,
ਦ੍ਰਵ ਕੇ, ਜਲ ਭਰ ਨੈਣ ਮੱਥਾ ਟੇਕ ਕੇ
ਕਹਿੰਦੀ: 'ਪਿਤਾ ਸਮਾਨ ਗੁਰਮੁਖ ਸੰਤ ਜੀ !
'ਕਲਗ਼ੀਧਰ ਦਾ ਤੁੱਧ ਪਾਵਾਂ ਵਾਸਤਾ,
'ਇਕ ਤਿਲ ਦਰਸ ਦਿਖਾਉ ਮੈਨੂੰ ਕੰਤ ਦਾ,
'ਤਿਲ ਤਿਲ ਕਰਕੇ ਫੇਰ ਚਰਨੋਂ ਵਾਰਕੇ
'ਦੇਣਾ ਹੋਮ ਕਰਾਇ– ਦਰਸ ਦਿਖਾਇਕੇ।'

ਇਹ ਦਿਲ ਹਿਲਵੇਂ ਵਾਕ ਅਣੀਆਂ ਵਾਲੜੇ,
ਗਏ ਕਲੇਜਾ ਚੀਰ ਸਭ ਸਤਿਸੰਗੀਆਂ,
ਹੋਇ ਵਿਰਾਗ ਸਰੂਪ ਭਰ ਕੇ ਨੇਤਰਾਂ
ਕੰਬੇ ਥਰਰ ਥਰਾਇ ਲੂੰ ਕੰਡਿਆ ਗਏ।
ਕਰੁਣਾ ਰਸ ਗਜਾ ਛਾਇ, ਸਾਰੇ ਦ੍ਰਵ ਗਏ,
ਸੋਚਣ : 'ਇਹ ਹੈ ਪ੍ਰੇਮ ! ਅਵਧੀ ਪ੍ਰੇਮ ਦੀ !
'ਇਸਦਾ ਧੰਨ ਸਰੀਰ ਮਨ ਬੀ ਧਨ ਹੈ।'

ਰਾਣੀ ਫਿਰ ਬਿਲਲਾਇ ਕੀਤੀ ਬੇਨਤੀ :–
'ਬਖਸ਼ੋ ਤੁਸੀਂ ਕ੍ਰਿਪਾਲ ਦਰਸ਼ਨ ਕੰਤ ਦਾ;
'ਬਖਸ਼ੋ ਮੇਰੇ ਪਾਪ, ਖ਼ਾਤਰ ਓਸ ਦੀ।
'ਮੈਲ ਪੌਣ ਦੀ ਦੂਰ ਬਿਜਲੀ ਜਜੋਂ ਕਰੇ,
'ਫਟਕੜਿ ਕੱਢੇ ਮੈਲ ਪਾਣੀ ਦੀ ਜਿਵੇਂ
'ਤਿਉਂ ਅੰਦਰ ਦੀ ਮੈਲ ਮੇਰੀ ਕੱਢੀਓ,
'ਲਟਕ ਰਹੀ ਮੈਂ ਵਿੱਚ ਦਿਸਦੀ ਜੋ ਨਹੀਂ।
'ਜਿਉਂ ਰੁੱਖਾਂ ਦੀ ਮੈਲ ਬੱਦਲ ਧੋਂਵਦੇ
'ਕਰੋ ਦੂਰ ਓ ਮੈਲ ਪਰਦਾ ਜੋ ਬਣੀ
'ਮੈਂ ਤੇ ਕੰਤ ਵਿਚਾਲਿ, ਦੇਖਣਿ ਦੇਇ ਨਾ
'ਸਭ ਧੋ ਮੇਰੀ ਮੈਲ ਦਰਸ ਦਿਖਾ ਦਿਓ;
'ਦੇਵੋ ਦਰਸ ਦਿਖਾਇ ਪਜਾਰੇ ਕੰਤ ਦਾ।
'ਕੰਤ ਮੈਂਢੜੇ ਨਾਲ ਸਭ ਨੂੰ ਪ੍ਰੇਮ ਹੈ;
'ਉਸਦਾ ਅਦਬ ਲਿਹਾਜ਼ ਕਰਦੇ ਹੋ ਤੁਸੀਂ।
'ਉਸ ਪਜਾਰੇ ਦੀ ਨਾਰਿ ਝੋਲੀ ਅੱਡ ਕੇ
'ਖੜੀ ਤੁਹਾਡੇ ਦ੍ਵਾਰ ਭਿੱਖਜਾ ਮੰਗਦੀ;
'ਪਾਵੋ ਦਰਸ਼ਨ ਖ਼ੈਰ ਤਰਸਾਂ ਵਾਲਿਓ !

'ਪਤੀ ਵਿਛੁੜੀ ਨਾਰ ਕੂੰਜ ਕੁਲਾਉਂਦੀ,
'ਇਕ ਨਾਰੀ,ਇਕ ਦੀਨ, ਇਕ ਪਤਿ ਵਿਛੁੜੀ,
'ਉੱਤੋਂ ਕੁੱਠੀ ਪ੍ਰੇਮ, ਤਰਲੇ ਲੈ ਰਹੀ,
'ਘੱਤ ਵਾਸਤੇ ਰੋਇ, ਬਿਨੈ ਅਲਾਂਵਦੀ,
'ਤੁਠੇ ਹੋਇ ਕ੍ਰਿਪਾਲ, ਕੰਤ ਮਿਲਾ ਦਿਓ।'

ਮੁੰਧ ਇਆਣੀ ਭੋਲੀ ਨਿਗੁਣੀਆ ਜੀਉ ਪਿਰੁ
ਅਗਮ ਅਪਾਰਾ ॥ {ਗਉੜੀ ਮ: ੩-੩}

ਇਉਂ ਕਹਿ ਖਾਧਾ ਡੋਬ, ਗ਼ਸ਼ ਖਾ ਡਿੱਗੀਆ।
ਪ੍ਰੇਮੀ ਸਾਰੇ ਦੇਖ ਜੀ ਵਿਚ ਆਖਦੇ:-
'ਵਾਹਿਗੁਰੂ ਤੂੰ ਧੰਨ ਜਿਨ ਏ ਹੈ ਰਚੀ!'
ਇਕ ਦੂਏ ਨੂੰ ਦੇਖ ਐਕੁਰ ਆਖਦੇ:
'ਹੈ ਕਿਛੁ ਵਾਰਾ ਪਾਰ ਇਸਦੇ ਪ੍ਰੇਮ ਦਾ !
'ਇਸਨੂੰ ਕੀ ਉਪਦੇਸ਼, ਕਿਹੜੀ ਸਿੱਖਿਆ
'ਲੱਗੇ ਕਾਰੀ ਹੋਇ ? ਗੁਰੂ ! ਬਤਾਇਦੇ।'

ਇੱਕੁਰ ਸੋਚਾਂ ਸੋਚ, ਨਾਲ ਵਿਚਾਰਦੇ।
ਲੂੰ ਕੰਡੇ, ਜਲ ਨੈਣ ਹਿਰਦਾ ਕੰਬਦਾ:
ਸਾਰੇ ਸਾਤ੍ਵਕ ਭਾਵ ਹੋਏ ਦੇਖਕੇ,
ਭਰੇ ਅਦਬ ਭੈ ਨਾਲ, ਰਿਦੇ ਅਡੋਲ ਹੋ।
ਰਾਣੀ ਦੇ ਇਸ ਪ੍ਰੇਮ ਲਾਈ ਸਟ ਹੈ
ਮੂਰਖ ਤਾਈਂ ਨਾਹਿੰ, ਸਗੋਂ ਸਿਆਣਿਆਂ
ਸਿੱਖੀ ਦੀ ਗੁਲਜ਼ਾਰ ਸੰਦੇ ਹੀਰਿਆਂ,
ਜੋ ਸਾਈਂ ਦੇ ਪ੍ਰੇਮ ਰਹਿੰਦੇ ਰੱਤੜੇ।

ਕੁਝ ਪਲਕਾਂ ਦੇ ਬਾਦ ਉੱਠੀ ਰਾਜ ਸੀ।
ਫਿਰ ਕਹਿੰਦੀ ਕੁਰਲਾਇ: 'ਕਰ ਦਜੋ ਮੁੱਝ ਨੂੰ
'ਸਾਂਈਂ ਨਾਲ ਪਿਓਂਦ, ਮਾਲੀ ਜਜੋਂ ਕਰੇ।
'ਕਰ ਦੇਵੋ ਸੁਰਜੀਤ ਪਿਯ ਦੇ ਨਾਲ ਮੈਂ,
'ਸਦਾ-ਜੀਉਂਦੇ ਨਾਲ ਲਾਇ ਜਿਵਾ ਦਿਓ।'

ਸੰਭਲਿਆ ਕਰ ਧਜਾਨ ਗੁਰਮਖ ਸੋਹਿਣਾ।
ਗੁਰਚਰਨਾਂ ਦਾ ਧਜਾਨ ਕਰਕੇ ਧੀਰਿਆ।
ਗੁਰਮੁਖ ਸਿੰਘ ਸੁਜਾਨ ਧੀਰਜ ਰੂਪ ਹੋ
ਕਹਿੰਦਾ: 'ਰਾਣੀ ਰਾਜ ! ਡੋਲੋ ਨਾ ਰਤੀ,
'ਅਕੁਲਾਵਣ ਦਾ ਕਾਲ ਚੱਕਾ ਬੀਤ ਹੈ !
'ਹੁਣ ਪੁੱਜਾ ਹੈ ਆਣ ਤਜਾਰੀ ਦਾ ਸਮਾਂ;
'ਸੋ ਹੁਣ ਤਜਾਰੀ ਮੇਲ ਕਰੋ ਬਨਾਇਕੇ।
'ਸਤਿਸੰਗਤ ਹੈ ਥਾਂਉਂ ਮੇਲਣ ਵਾਲੜਾ
'ਬਿਰਹਾ ਹੋਇਆ ਦੂਰ ਮੇਲਾ ਆ ਗਿਆ।
'ਕਰੋ ਸਮਾਨ ਤਿਆਰ ਜੋਗ ਮਿਲਾਪ ਦੇ।'

ਸ਼ੁਕਰ, ਅਦਬ ਤੇ ਆਸ ਸਿੱਕ ਸੁ ਨਿੰਮ੍ਰਤਾ,
ਏਹਨਾਂ ਦਾ ਪਰਭਾਵ ਹਿਰਦੇ ਛਾ ਗਿਆ।
ਏਸ ਅਵਸਥਾ ਵਿੱਚ ਰਾਣੀ ਰੱਤ ਕੇ
ਦੋਵੇਂ ਹੱਥ ਸੁ ਜੋੜ ਕਰਦੀ ਬੇਨਤੀ:-
'ਘੋਲੀ ਮੈਂ ਕੁਰਬਾਨ ਸਦਕੇ ਸਾਰੀਆਂ;
'ਚੁਖ ਚੁਖ ਟੁਕ ਟੁਕ ਹੋਇ ਵਾਰਾਂ ਆਪ ਨੂੰ,
'ਇਸ ਰਸਨਾ ਤੋਂ ਅੱਜ ਜਿਨ੍ਹੇਂ ਸੁਣਾਇਆ
'ਮਿਲਣੇ ਦਾ ਸੰਦੇਸ਼ ਪਜਾਰੇ ਕੰਤ ਦਾ।
'ਅਬਲਾ ਅਤੇ ਅਜਾਣ ਅੱਲ੍ਹੜ ਭਾਰੀਆਂ:
'ਤਜਾਰੀ ਜਾਣਾ ਨਾਹਿੰ ਕੀਕੁਰ ਮੈਂ ਕਰਾਂ?
'ਜਾਣਾਂ ਘਾਲ ਨ ਪ੍ਰੇਮ, ਨਾ ਕੁਝ ਹੋਰ ਹੀ;
'ਤਰਸਾਂ ਦਿਨ ਤੇ ਰਾਤ ਸਾਂਈਂ ਮੇਲ ਨੂੰ
'ਦਿਨੇ ਰਾਤ ਜੋ ਖਿੱਚ ਵੱਸੋਂ ਬਾਹਿਰੀ
'-ਜੋ ਮੇਰੇ ਨਹਿੰ ਵੱਸ- ਮੈਨੂੰ ਦੇ ਰਿਹਾ।
'ਦੱਸੋ ਮੈਨੂੰ ਰਾਹ ਤਜਾਰੀ ਹੋ ਕਿਵੇਂ
'ਪਿਯ ਪਜਾਰੇ ਦੇ ਜੋਗ ਮੇਲਣ ਵਾਲੜੀ,
'ਕਰਵਾਵੋ ਬੀ ਆਪ, ਅੱਲ ਵਿਲੱਲੀਆਂ।'

ਹੁਣ ਆਈ ਹੈ, 'ਆਸ' ਸਣੇ ਸਹੇਲੀਆਂ
ਰਾਣੀ ਹਿਰਦੇ ਵਿੱਚ ਬੈਠੀ ਆਣਕੇ;
ਪਰ ਦਿਲ ਖੁਸ਼ੀ ਮਨਾਇ ਉੱਛਲਿਆ ਨਹੀਂ;
ਦੂਣ ਸਵਾਈ ਸਿੱਕ ਸਾਂਈਂ ਮੇਲ ਦੀ
ਸਗੋਂ ਗਈ ਹਣੁ ਹੋਇ, ਵਧ ਗਜੀ ਲਾਲਸਾ;
ਪਰ ਢਾਰਸ ਦਿਲ ਜੋਗ ਆਈ ਨਾਲ ਹੀ;
'ਆਸਾ' ਨੇ ਇਹ ਆਇ ਦਿੱਤੀ ਡਾਢ ਹੈ।

ਕਿਸਮਤ ਨੇ ਇਨਸਾਨ ਅਰਸ਼ਾਂ ਉੱਪਰੋਂ
ਪਲਮਾਇਆ ਜਦ ਹੇਠ ਧਰਤੀ ਉੱਪਰੇ
'ਆਸ' ਡੋਰ ਸੀ ਨਾਲ ਤਦ ਪਲਮਾਇਆ,


www.sikhbookclub.com

ਸਿਰਾ ਡੋਰ ਦਾ ਏਸ ਧਰਤੀ ਪੁੱਜਕੇ
ਛਡਿਆ ਨਾ ਇਨਸਾਨ ਨੇ ਸੀ ਹੱਥ ਤੋਂ
ਨੱਪ ਲਿਆ ਤੇ ਨਾਲ ਅਪਣੇ ਰੱਖਿਆ।
ਤਦ ਤੋਂ ਹੈਵੇ ਨਾਲ ਇਹ ਇਨਸਾਨ ਦੇ;
ਬਨ ਗਈ ਦਿਲ ਦਾ 'ਆਸ' ਇਸਦੇ ਆਸਰਾ।
ਇਹ ਰਖਦੀ ਹੈ ਬੰਨ੍ਹ ਦਿਲ ਇਨਸਾਨ ਦਾ,
ਏਸ ਬਿਨਾ ਦਿਲ ਟੁੱਟ ਖਿੰਡ ਪੁੰਡ ਜਾਂਵਦਾ।
ਚਾਹੇ ਹੋਵੇ ਰਾਠ, ਸੂਰ ਅਜਿੱਤ ਹੋ,
ਜਦ ਟੁਟ ਜਾਵੇ ਆਸ ਨਿਰਬਲ ਹੋਂਵਦਾ।
ਜਦ ਇਹ ਹੋਵੇ ਨਾਲ ਤਦ ਹੀ ਹੋਂਵਦਾ
ਅਪਣੇ ਆਪੇ ਵਿੱਚ ਇਹ ਇਨਸਾਨੜਾ।
ਕਰਾਮਾਤ ਇਸ 'ਆਸ' ਤਾਈਂ ਜਾਣੀਏ।
ਕੌੜੇ ਦਾਰੂ ਵਿੱਚ ਪਾਵੇ 'ਆਸ' ਹੈ
ਸ਼ਹਤ ਬੂੰਦ, ਉਸ ਸ੍ਵਾਦ ਕਰਦੀ ਮਿੱਠੜਾ।
ਛੁਰੀ ਵੈਦ ਦੀ ਵਿੱਚ ਜਦ ਬਹਿ ਜਾਇ ਏ
ਛੁਰੀ ਹੇਠ ਨਿਜ ਜੋਗ ਖੁਸ਼ ਹੋ ਰੱਖੀਏ।
ਬਲ ਹਾਰੇ ਸੰਗ੍ਰਾਮ ਸੂਰਾ ਜੇ ਕੁਈ
ਉਸ ਵਿਚ ਇਹ ਬਲ ਪਾਇ ਫੇਰ ਜਿਵਾਂਵਦੀ।
ਵਿਚ ਗ਼ਰੀਬੀ ਏਹ, ਵਿੱਚ ਮੁਥਾਜੀਆਂ,
ਆਸ੍ਰਾ ਦਿਲ ਨੂੰ ਦੇਇ ਜਿੰਦੀਆਂ ਪਾਂਵਦੀ;
ਮੁਸਕਾਹਟ ਦੇ ਲਾਇ ਰੋਂਦੇ ਚਿਹਰਿਆਂ।
ਆਇ ਨਿਰਾਸਾ ਜਿੰਦ ਜਦ ਹੈ ਨੱਪਦੀ,
ਜੀਵਣ ਕੌੜਾ ਲਾਇ ਹੈਵੇ ਦੇਂਵਦੀ,
ਤਦੋਂ ਆਸ ਆ ਫੇਰ ਹੈਵੇ ਫੂਕਦੀ
ਨਵੇਂ ਜੀਉਣ ਦੀ ਰੂਹ, ਦਿਲ ਇਨਸਾਨ ਦੇ।
'ਆਸ' ਆਸਰਾ-ਜਿੰਦ, ਢਾਰਸ ਹੈ ਰਿਦਾ,
ਬੁੱਧੀ ਨੂੰ ਹੋ ਦੀਪ ਚਾਨਣ ਦੇਂਵਦੀ।
ਤਨ ਵਿਚ ਭਰਦੀ ਤਾਣ, ਸ਼ਕਤੀ ਪਾਉਂਦੀ
ਵਿੱਚ ਅਸ਼ਕਤਾਂ ਜਾਇ ਫੜੇ ਨਿਰਾਸ ਜੋ।
ਆਸਾ ਹੈਵੇ ਡੋਰ ਪ੍ਰੇਮ ਪਤੰਗ ਨੂੰ।
ਮਲਹਮ ਹੈ ਸੁਖ ਰੂਪ ਦਿਲ ਫਟੜੀਜਿਆਂ
ਕਰ ਦੇਵੇ ਸੁਰਜੀਤ ਡਿੱਗੇ ਢੱਠਿਆਂ।
ਲੋਕ ਪ੍ਰਲੋਕ ਵਿਚਾਲ ਸੜਕ ਏ ਜਾਣ ਲੌ।
ਉਨ੍ਹਾਂ ਪ੍ਰੇਮੀਆਂ ਜੋਗ ਸਕਣ ਸਹਾਰ ਨਾ
ਸੱਲ ਵਿਛੋੜਾ ਜੋਇ ਬਿਰਹੋਂ ਚੋਟ ਨੂੰ,
'ਆਸਾ' ਕਰੇ ਸਹਾਇ ਦੇਂਦੀ ਡਾਢ ਹੈ।

ਏਸੇ 'ਆਸਾ' ਆਇ ਪ੍ਰੇਮਣ ਨਾਰ ਦੇ
ਦਿਲ ਨੂੰ ਢਾਰਸ ਬੰਨ੍ਹ ਉਸ ਨੂੰ ਸੋਰਿਆ,
ਲਾਇਆ ਸ਼ੌਂਕ ਵਧੀਕ ਕੰਤ ਮਿਲਾਪ ਦਾ
ਅਦਬ ਆਸ ਭੈ ਨਾਲ ਸਿਕਦੀ ਸੋਹਿਣੀ
ਕਹਿੰਦੀ : 'ਪਜਾਰੇ ਸੰਤ ! ਕੰਤ ਮਿਲਾ ਦਿਓ।'
ਹੁਣ ਬੋਲੇ ਗੰਭੀਰ ਬੋਲੀ, ਸੰਤ ਜੀ:
'ਸੁਣ ਹੇ ਰਾਣੀ ਰਾਜ ! ਕਰਦਜਾਂ ਪ੍ਰੇਮ ਦੇ
'ਤੇਰਾ ਹੈ ਅਧਿਕਾਰ ਪੂਰਾ ਹੋ ਗਿਆ,-
'ਅਧਿਕਾਰੀ ਗਈ ਹੋਇ ਤੂੰ ਸਤਿਸੰਗ ਦੀ।
'ਕਰ ਝੋਲੀ ਹੁਣ ਸਾਂਭ ਲੈ, ਲੈ ਕੁੰਜੀਆਂ,
'ਨਾਲੇ ਸੱਭ ਭੰਡਾਰ ਲਾਲਾਂ ਹੀਰਿਆਂ,
'ਰਿਹਾ ਅਮਾਨਤ ਜੋਇ ਤੈਂ ਸਿਰਤਾਜ ਦਾ,
'ਰਿਹਾ ਅਸਾਡੇ ਪਾਸ ਤੈਨੂੰ ਦੇਣ ਨੂੰ,
'ਹੁਣ ਹੋ ਗਈ ਏਂ ਜੋਗ ਉਸਦੇ ਲੈਣ ਨੂੰ।
'ਸਾਰਾ ਏ ਸਤਿਸੰਗ ਏ ਗੱਲ ਮੰਨਦਾ,
'ਆਗਜਾ ਕਰਦੇ ਏਹ ਸਤਿਗੁਰ-ਦਾਸ ਨੂੰ
'ਦਿਆਂ ਤੁਹਾਨੂੰ ਸੌਂਪ ਪਰਗਟ ਕੁੰਜੀਆਂ,
'ਲੁਕੀਆਂ ਜੋ ਨਹਿੰ ਮੂਲ ਕਿਤੇ ਲੁਕਾਈਆਂ,-
'ਕਾਰਣ ਅੱਤਿ ਪ੍ਰਕਾਸ਼ ਦੇਖ ਨ ਸੱਕੀਏ
'ਗੁੰਮ ਚਾਨਣੇ ਵਿੱਚ -ਨਹੀਂ ਹਨੇਰ ਦੇ,
'ਜਿਉਂ ਸੂਰਜ ਪਰਕਾਸ਼ ਡਾਢੇ ਕਾਰਣੇ
'ਡਿੱਠਾ ਜਾਵੇ ਨਾਂਹ, ਤਿਉਂ ਏ ਭੇਦ ਹੈ।'

ਸੁਣ ਰਾਣੀ ਸਿਰ ਨਜਾਇ ਭਰਕੇ ਅੱਖੀਆਂ
ਦੋਵੇਂ ਹੱਥ ਸੁ ਜੋੜ ਕੋਇਲ ਬੋਲਦੀ:-
'ਇਹ ਸਭ ਕੇਵਲ ਦਾਤ ਕਿਰਪਾ ਆਪਦੀ
'ਮੈਂ ਨਾ ਮੂਲੋਂ ਜੋਗ, ਬਿਰਦ ਤੁਸਾਡੜਾ
'ਸ਼ਰਨ ਪਿਆਂ ਨੂੰ ਚੱਕ ਸਦਾ ਨਿਵਾਜਦਾ।
'ਸਾਈਂ ਦੀ ਜੋ ਦਾਤ ਵਾਹ ਵਾਹ ਦਾਤ ਹੈ !
'ਧੰਨ ਭਏ ਹੁਣ ਭਾਗ ਮਿਲਸੀ ਮੁੱਝ ਨੂੰ।

'ਗਲੀਆਂ ਰੁਲਦਾ ਕੱਖ ਹੋਵੇ ਜੇ ਕੁਈ,
'ਸਾਈਂ ਛੋਹਿਆ ਪੈਰ ਹੋਇ ਜਿ ਓਸ ਨੇ
'ਉਸਨੂੰ ਸਮਝਾਂ ਲਾਲ ਸਿਰ ਤੇ ਰੱਖ ਲਾਂ:
'ਸਮਝਾਂ ਹਿਰਦੇ ਵਿੱਚ ਲਾਲ ਅਮੋਲ ਹੈ।
'ਪਰ ਉਸਦੇ ਹੀ ਲਾਲ, ਮਿਲਣ ਜਿ ਆਣ ਮੈਂ
'ਧੰਨ ਭਏ ਧੰਨ ਭਾਗ, ਧੰਨਧੰਨ ਹੋ ਗਈ।
'ਪਰ ਬਖਸ਼ੋ ਕਿਰਪਾਲ, ਮੇਰੀ ਢੀਠਤਾ,
'ਜਜੋਂ ਜਜੋਂ ਆਪ ਕ੍ਰਿਪਾਲ ਕਰਾਂ ਬਿਅੱਦਬੀ
'ਬਖਸ਼ ਲਓ ਮਹਾਰਾਜ ! ਰਾਣੇ ਵਾਸਤੇ,
'ਅਤੀ ਨਿੰਮ੍ਰਤਾ ਨਾਲ ਵਾਂਙੂ ਬਾਲ ਦੇ
'ਤਰਲੇ ਕਰਦੀ ਹਾਇ ਡਰ ਡਰ ਆਖਦੀ;
'ਪਿਤਾ ਸਮਾਨ ਦਿਆਲ ਸੁਣਨਾ ਹੋਇਕੇ;
' 'ਗੁਰਮੁਖ' ਵਿਚ ਸਤਿਸੰਗ ਵੱਡੇ ਹੋ ਤੁਸੀਂ।
'ਸਾਈਂ ਮਾਲਕ ਆਪ ਹੀਰਜਾਂ ਵਾਲੜਾ,
'ਕੁਫਲ ਕੁੰਜੀਆਂ ਕੋਟ ਮਾਲਕ ਰਾਜ ਦਾ
'ਦਰਸ ਦੇਉਗੁ ਨਾਲ? ਲੁਕਿਆ ਜਾਂ ਰਹੂ?
'ਰੱਖ ਖ਼ਜ਼ਾਨੇ ਪਾਸ ਜੇ ਉਹ ਆਪਣੇ
'ਆਪ ਮਿਲੇ ਮੈਂ ਆਇ ਮਾਲਕ ਕੁੰਜੀਆਂ
'ਤਦ ਮੈਂ ਆਖਾਂ ਲੱਖ ਮੈਂ ਹਨ ਪਾ ਲਏ।
'ਮੈਂ ਤਾਂ ਸਾਈਂ ਸੇਵ ਕਰਦੀ ਸੋਭਸਾਂ;
'ਸਾਈਂ ਕਰੇ ਸਭੰਾਲ ਕੁਫਲਾਂ ਕੁੰਜੀਆਂ।
'ਮਾਲਕ ਅਪਣਾ ਮਾਲ ਆਪ ਸੰਭਾਲ ਲੈ!
'ਮੈਨੂੰ ਤਾਂ ਇਹ ਕਾਰ ਔਖੀ ਨਾ ਮਿਲੇ।
'ਮਿਲਣ ਪਤੀ ਦੇ ਪਾਦ ਸੇਵਾ ਵਾਸਤੇ,
'ਲੱਖਾਂ ਲਾਲ ਕਰੋੜ ਅਰਬਾਂ ਸੰਖ ਹੀ,
'ਸੰਖਾਂ ਤੋਂ ਬੀ ਪਾਰ, ਜਾਣਾਂ, ਮੈਂ ਮਿਲੇ
'ਗੁਪਤ ਪ੍ਰਗਟ ਭੰਡਾਰ ਸਾਰੇ ਜੱਗ ਦੇ।
'ਦਾਤੁ ਜੁ ਸਾਈਂ ਦੇਇ ਕਿੱਥੇ ਰਖੀਏ,
'ਸਿਰ ਅੱਖਾਂ ਤੇ ਥਾਂਉਂ ਉਸਨੂੰ ਦੇਵੀਏ।
'ਪਰ ਜੇ ਦਾਤੇ ਪਾਸ ਅਪਣੀ ਦਾਤ ਹੋ,
'ਦਾਤਾ ਦਾਤ ਸਮੇਤ ਮਿਲੇ ਭਿਖਾਰੀਆਂ,
'ਤਦੋਂ ਭਿਖਾਰੀ ਸ਼ੋਭ ਪੂਰੀ ਪਾਂਵਦੇ।
'ਹੇ ਤੂੰ, ਹੰਸ ਸਮਾਨ ਗੁਰਮੁਖ ਸੰਤ ਤੂੰ!
'ਭਾਗੀ ਭਰਿਆ ਮੂੰਹ ਜਿਸਤੋਂ ਆਖਿਆ
' 'ਸਾਈਂ ਸੰਦੀ ਦਾਤ ਮਿਲਸੀ ਤੁੱਧ ਨੂੰ'
'ਭਾਗ ਸੁਲੱਖੇ ਓਸ ਮੂੰਹੋਂ ਆਖ ਦੇ:
' 'ਨਾਲ ਕੰਤ-ਦੀਦਾਰ ਤੈਨੂੰ ਹੋਇਗਾ;
' 'ਚਰਨਾਂ ਸੰਦੀ ਸੇਵ ਦਰਸ਼ਨ ਨਾਲ ਹੀ
' 'ਮਿਲਸੀ ਅੰਤ ਪ੍ਰਯੰਤ ਮੁੜਸੀ ਫੇਰ ਨਾ'।'

ਏ ਸਿਕ ਵਾਲੇ ਵਾਕ ਡੂੰਘੇ ਪ੍ਰੇਮ ਦੇ
-ਜਿਸ ਡੂੰਘਾਈ ਤੀਕ ਪੌਂਚੁਣ ਔਖ ਹੈ
ਮਰ-ਜੀਉੜੇ ਮਰ ਜਾਣ ਜਿੱਥੇ ਪੌਂਚੁਦੇ-
ਸੁਣਕੇ ਗੁਰਮੁਖ ਸੋਚ ਡੂੰਘੀ ਸੋਚਦਾ।
ਫਿਰ ਕਹਿੰਦਾ, 'ਹੇ ਰਾਜ ! ਕਹਿੰਦੇ ਸੱਚ ਹੋ।

ਇਸਤ੍ਰੀ ਰੂਪ ਚੇਰੀ ਕੀ ਨਿਆਈ
ਸੋਭ ਨਹੀ ਬਿਨੁ ਭਰਤਾ ਰੇ ॥ {ਮਲਾਰ ਮ: ੫}

'ਦਾਤਾਂ ਨਾਲ ਪਿਆਰ ਕਰਦਾ ਜੇ ਕੁਈ
'ਦਾਤੇ ਤਈਂ ਵਿਸਾਰ ਦੇਂਦਾ-ਸੱਚ ਹੈ-
'ਉਹ ਨਾਹੀਂ ਪਰਵਾਨ ਹੁੰਦਾ ਹੈ ਧੁਰਾਂ;
'ਤਾਂਤੇ ਸੋਭਾ ਯੋਗ ਤਾਂ ਹੀ ਦਾਤ ਹੈ,
'ਜੇ ਦਾਤਾ ਦਿਲ ਵਿੱਚ ਕਰੇ ਨਿਵਾਸ ਹੈ:
'ਦਾਤੇ ਕਾਰਣ ਦਾਤ ਲੱਗੇ ਪਜਾਰੜੀ
'ਬਿਨ ਦਾਤੇ ਦੇ ਪਜਾਰ ਲਗੇ ਜਿ ਦਾਤਾ ਨੂੰ,
'ਦਸ਼ਾ ਭਿਆਨਕ ਏਹ ਹੋਵੇ ਰਾਜ ਜੀ !
'ਤੈਂ ਵਿਚ ਪ੍ਰੇਮ ਨਿਵਾਸ ਦਰਜੇ ਅੱਤਿ ਦਾ
'ਪੂਰਨ ਦੀ ਤੂੰ ਨਾਰ ਭਾਗ ਸੁਲੱਖਣੀ।
'ਹੁਣ ਸੁਣ ਵਾਕ, ਸੁਜਾਣ ! ਜੋ ਮੈਂ ਆਖਦਾ:
'ਦਾਤ ਜੁ ਤੇਰੇ ਜੋਗ ਏਥੇ ਹੈ ਧਰੀ,
'ਉਹ ਹੈ ਓਹੋ ਰਾਹ ਜਿਸ ਤੋਂ ਲੰਘਕੇ
'ਜਾਸੇਂ ਸਾਈਂ ਦੇਸ਼ ਮਿਲੇਂ ਸੁ ਕੰਤ ਨੂੰ।
'ਤੂੰ ਇਹ ਪੜਿਆ ਹੋਗ ਫੁਨਿਹਾ ਸੋਹਿਣਾ:-

ਖੋਜਉ ਤਾ ਕੇ ਚਰਣ ਕਹਹੁ ਕਤ ਪਾਈਐ ॥ ਹਰਿਹਾਂ
ਸੋਈ ਜਤੰਨੁ ਬਤਾਇ ਸਖੀ ਪ੍ਰਿਉ ਪਾਈਐ ॥੧੩॥
{ਫੁਨਹੇ ਮ: ੫}

'ਉਸਦਾ ਖੋਜੇਂ ਖੋਜ ਕਿੱਕੁਰ ਪਾ ਲਵੇਂ ?
'ਜੋ ਹੈ ਇਦ੍ਹਾ ਉਪਾਉ ਓਹੋ ਦਾਤ ਹੈ।

ਹਰਿਹਾਂ ਸੋਈ ਜਤੰਨੁ ਬਤਾਇ ਸਖੀ ਪ੍ਰਿਉ ਪਾਈਐ ॥

'ਜੋ ਇਸ ਤੁਕ ਵਿਚਕਾਰ ਹੈਵੇ ਪੁੱਛਿਆ,
'ਉਹੋ ਜਤਨ ਅਨੂਪ ਤੇਰੇ ਜੋਗੜੀ
'ਦਾਤ ਅਸਾਡੇ ਪਾਸ 'ਮਾਨਤ ਹੈ ਪਈ,
'ਰੱਖੀ ਤੇਰੇ ਕੰਤ ਭਾਗ ਸੁਲੱਖੀਏ !
'ਏਸ ਜਤਨ ਦੇ ਨਾਲ ਜਾਸੇਂ ਪੌਂਚ ਤੂੰ
'ਭਾਗ ਸੁਲੱਖੇ ਦੇਸ ਅਪਣੇ ਕੰਤ ਦੇ
'ਮਿਲਸੀ ਪਜਾਰਾ ਆਪ, ਨਿਸਚੇ ਜਾਣਨਾ।
'ਡਰਨਾ ਸੋਚ ਨ ਏਹ- ਮੈਂ ਕਰ ਹਾਰੀਆਂ
'ਹੀਲੇ ਜਤਨ ਅਨੇਕ ਪੁੱਗੇ ਨਾ ਕੁਈ।
'ਕੀਤੇ ਜਤਨ ਅਨੇਕ ਹੁਣ ਤਕ ਨੇ ਤੁਸਾਂ,
'ਘਾਲੀ ਘਾਲ ਅਨੂਪ ਕਿਸੇ ਨ ਘਾਲੀਆ,
'ਜੱਫਰ ਜਾਲੇ ਓਹ ਜਾਲਣ ਔਖ ਜੋ,
'ਪਰ ਓ ਸਨ ਕੁਝ ਹੋਰ ਜੁਗਤੋਂ ਵੱਖਰੇ,
'ਓਸ ਜੁਗਤ ਤੋਂ ਵੱਖ ਤੇਰੇ ਕੰਤ ਜੋ
'ਕੀਤੀ ਹੈ ਸੀ ਤਜਾਰ ਤੇਰੇ ਵਾਸਤੇ।

'ਪ੍ਰੇਮ ਜੁ ਕੀਤਾ ਆਪ ਅਜ ਤਕ ਲੱਗ ਕੇ
'ਨਾ ਜਾਣੋ ਕਿ ਓਹ ਅਫਲਾ ਹੈ ਗਿਆ,
'ਉਹ ਬੀ ਜਤਨ ਸੁਹੇਲ ਹੁੰਦਾ ਹੋ ਗਿਆ,
'ਸੁਰਤੀ ਉਸਦੇ ਵੇਗ ਨਿਰਮਲ ਹੋ ਗਈ।
'ਫਲ ਉਸਦਾ ਹੈ ਏਹ ਪਹੁੰਚੇ ਆਣ ਹੋ
'ਇਸ ਸਤਿਸੰਗ ਦੁਆਰ ਜਿੱਥੋਂ ਪਾਈਏ
'ਓਸ ਸੜਕ ਦਾ ਰਾਹ ਸਿੱਧੀ ਜਾਇ ਜੋ
'ਸਾਈਂ ਸੰਦੇ ਦੇਸ਼,- ਧੁਰਾਂ ਪੁਚਾਂਵਦੀ।

'ਤੁਸਾਂ ਕਈ ਇਕ ਵਾਰ ਉਭੀ ਹੋਇਕੇ
'ਪਾਇਆ ਸੀ ਦੀਦਾਰ ਅਪਣੇ ਕੰਤ ਦਾ,
'ਪਰ ਦਰਸ਼ਨ ਨੇ ਬੰਚ ਲੀਤਾ ਸੀ ਰਿਦਾ,
'ਗਿਆ ਨ ਗਹਿਆ ਅੰਚ -ਫੜਿਆ ਨਾ ਗਿਆ[1]
'ਹੁਣ ਜੋ ਜਤਨ-ਉਪਾਉ- ਜਾਊ ਦੱਸਿਆ,
'ਉਹ ਦੱਸੇਗਾ ਰਾਹ, ਚਰਨਾਂ-ਖੋਜ ਦਾ,-

[1] ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ ॥ ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ ॥ {ਫੁਨਹੇ ਮ:੫}

'ਜਤਨ ਕਿ ਜਿਸਦੇ ਨਾਲ ਪ੍ਰੀਤਮ ਪਾਈਏ[1]।'

ਹਰਖ, ਸ਼ੁਕਰ, ਭਰ ਨਾਲ ਰਾਣੀ ਆਖਦੀ:-
'ਵਾਹ ਹੇ ਗੁਰਮੁਖ ਸੰਤ, ਜਾਣੂ ਕੰਤ ਦੇ,
'ਭੇਤੀ ਸਾਈਂ-ਦੇਸ, ਮਹਿਰਮ ਰਾਹ ਦੇ,
'ਭੁਲਜਾਂ ਨੂੰ ਉਸ ਰਾਹ ਤੁਸੀਂ ਤੁਰਾਂਵਦੇ।
'ਮੈਂ ਸਦਕੇ ਬਲਿਹਾਰ ਤੁਧ ਮੁਖ ਧੰਨ ਤੋਂ!
'ਮੁਖੜਾ ਕਵਲ ਸਰੂਪ ਖੋਲ੍ਹੋ ਆਪਣਾ;
'ਦੱਸੋ ਮੈਨੂੰ ਰਾਹ ਪਿਯ ਦੇ ਦੇਸ ਦਾ
'ਜਿਸਤੋਂ ਲੰਘਕੇ ਕੰਤ- ਦਰਸ਼ਨ ਮੈਂ ਮਿਲੇ।
'ਦੇਵੋ ਸੜਕ ਬਤਾਇ ਸਿੱਧੀ ਜਾਂਵਦੀ
'ਜੋ ਸਾਈਂ ਦੇ ਦੇਸ, ਤੋੜ ਪੁਚਾਂਵਦੀ।
'ਅੱਖੀਂ ਪਰਨੇ ਰਾਹ ਟੁਰਸਾਂ ਕੰਤ ਦੇ।
'ਧੰਨ ਹੋਗੁ ਉਹ ਰਾਹ ਜਿਸਦਾ ਹੈ ਲਗਾ
'ਸਿਰਾ ਕੰਤ ਦੇ ਦੇਸ, ਹੋਇਆ ਰਾਹ ਓ
'ਓਹੋ ਹੀ ਹੈ ਦੇਸ,- ਲਗਾ ਓਸਨੂੰ;
'ਕਰਦਾ ਹੈ ਉਪਕਾਰ ਧੁਰਾਂ ਪੁਚਾਂਵਦਾ।
'ਪਰ ਮੈਂ ਅਧਮ ਅਜਾਣ, ਰਾਹ ਅਗੰਮ ਹੈ !
'ਤੁਰਨ ਆਗਿਆ ਓਹ ਕੀ ਮੈਂ ਦੇਵਸੀ?
'ਕਰਸੀ ਨਾ ਉਹ ਸੂਗ ਮੈਂ ਤੋਂ, ਮੈਂ ਬੁਰੀ।-
'-ਹਾਂ ਭੁਲੀ; ਬਖਸ਼ੀਸ਼ ਕਰਨੀ ਮੁੱਝ ਤੇ-
'ਕੀ ਸਾਈਂ ਦਾ ਰਾਹ ਸਾਈਂ ਵਾਂਗ ਹੀ
'ਹੋਊ ਬਹੁਤ ਗੰਭੀਰ ਬਖਸ਼ਾਂ ਵਾਲੜਾ?
'ਜਿਉਂ ਸਾਂਈਂ ਕਿਰਪਾਲ ਹੈਸਣ ਸੱਭ ਤੇ,
'ਤਿਉਂ ਹੋਊ ਕਿਰਪਾਲ ਰਸਤਾ ਮੁੱਝ ਤੇ ?
'ਦੇਵੋ ਪਿਤਾ ! ਬਤਾਇ ਮੈਨੂੰ ਖੋਲ੍ਹਕੇ,
'ਮੈਂ ਭਟਕੀ ਹਾਂ ਢੇਰ ਪਜਾਰਾ ਭਾਲਦੀ।

ਭੂਲੀ ਭੂਲੀ ਮੈ ਫਿਰੀ ਪਾਧਰੁ ਕਹੈ ਨ ਕੋਇ ॥
ਪੂਛਹੁ ਜਾਇ ਸਿਆਣਿਆ ਦੁਖੁ ਕਾਟੈ ਮੇਰਾ ਕੋਇ ॥
{ਮਾਰੂ ਵਾ: ਮ: ੧-੩}

'ਭੁੱਲੀ ਫਿਰਦੀ ਢੇਰ ਚਿਰ ਦੀ ਹਾਂ ਰਹੀ,

[1] ਖੋਜਉ ਤਾ ਕੇ ਚਰਣ ਕਹਹੁ ਕਤ ਪਾਈਐ ॥ ਹਰਿਹਾਂ ਸੋਈ ਜਤੰਨੁ ਬਤਾਇ ਸਖੀ ਪ੍ਰਿਉ ਪਾਈਐ ॥੧੩॥ {ਫੁਨਹੇ ਮ: ੫}

'ਦਸਆ ਨਾਹੀਂ ਰਾਹ ਮੈਨੂੰ ਹੈ ਕਿਸੇ।
'ਅੱਜ ਸਿਆਣੇ ਆਪ ! ਮੇਲੋ ਕੰਤ ਨੇ;
'ਦੁਖ ਕਾਟੋ ਹੁਣ ਆਪ ਮੇਰਾ ਸੰਤ ਜੀ !
'ਸਿੱਧੇ ਰਸਤੇ ਪਾਇ ਵਤਨ ਪੁਚਾ ਦਿਓ
'ਜੋ ਹੈ ਵਤਨ ਅਨੂਪ ਮੇਰੇ ਕੰਤ ਦਾ।
'ਤੀਵੀਂ ਨੂੰ ਉਹ ਦੇਸ ਵਤਨ ਸੁ ਦੇਸ ਹੈ।
'ਜਿਸਨੂੰ ਆਖੇ ਕੰਤ ਮੇਰਾ ਦੇਸ ਹੈ।
'ਉਸਤੋਂ ਬਾਝ ਜਹਾਨ, ਅਪਣਾ ਦੇਸ ਬੀ,
'ਕੀ ਪੇਕਾ ਅਸਥਾਨ, ਸਭ ਪਰਦੇਸ ਹੈ।
'ਜਿਉਂ ਸੂਰਜ ਦੇ ਨਾਲ ਧੁੱਪ ਰਹਾਂਵਦੀ,
'ਜਿਵੇਂ ਚੰਦ੍ਰਮਾਂ ਨਾਲ ਵਸਦੀ ਚਾਂਦਨੀ,
'ਜਿਵੇਂ ਵੇਗ ਦੇ ਨਾਲ ਰਹਿੰਦੀ ਪੌਣ ਹੈ,
'ਤਿਵੇਂ ਪਤੀ ਦੇ ਨਾਲ ਤੀਵੀਂ ਵਾਸ ਹੋ।
'ਜਿਉਂ ਪਰਬਤ ਦੀ ਉੱਚ ਨਦੀ ਤਿਆਗਦੀ,
'ਡਿੱਗੇ ਹੇਠਾਂ ਆਇ ਲੋੜ ਨ ਉੱਚ ਦੀ,
'ਫਿਰ ਸੁੰਦਰ ਮੈਦਾਨ ਘਾਟੀ ਵਾਦੀਆਂ
'ਅਟਕੇ ਮੂਲੋਂ ਨਾਹਿੰ ਕਿਤੇ ਨ ਭਿੱਜਦੀ,
'ਕਰਦੀ ਧਾਈ ਜਾਇ ਕੰਤ ਸੁਦੇਸ ਨੂੰ:
'ਜਿੱਥੇ ਉਸਦਾ ਕੰਤ- ਸਾਗਰ ਵੱਸਦਾ।
'ਉਥੇ ਜਾਇ ਅਰਾਮ ਕਰਦੀ ਸੋਹਿਣੀ।
'ਤਿਉਂ ਸਾਈਂ ਦਾ ਸੰਗ ਸਾਈਂ ਦੇਸ ਹੈ
'ਤੀਵੀਂ ਨੂੰ ਸ਼ੁਭ ਥਾਂਉਂ ਵਤਨੋਂ ਆਪਣਾ।
'ਤੁਸੀਂ ਕਰੋ ਉਪਕਾਰ ਵਿਛੁੜੀ ਨਾਰ ਨੂੰ,
'ਭੁੱਲੀ ਭਟਕਾਂ ਹਾਰ ਹੁਈ ਲਚਾਰ ਨੂੰ,
'ਢੱਠੀ ਤੁਸਾਂ ਦੁਆਰ ਮੰਗਣਹਾਰ ਨੂੰ
'ਦੇਵੋ ਰਸਤੇ ਪਾਇ ਕੰਤ ਸੁ ਦੇਸ਼ ਦੇ।
'ਲੈ ਚੱਲੋ ਫਿਰ ਨਾਲ ਮੈਨੂੰ ਆਪਣੇ,
'ਅੰਚਲ ਦਿਓ ਗਹਾਇ ਪਜਾਰੇ ਕੰਤ ਦਾ,
'ਫੜ ਰੱਖਣ ਦਾ ਤਾਣ ਨਾਲ ਦਿਵਾਵਣਾਂ।'
ਗੁਰਮੁਖ ਸੁਣਕੇ ਬਾਤ ਸਹਿਜੇ ਆਖਦਾ:
'ਸੁਣ ਹੇ ਰਾਣੀ ਰਾਜ ! ਇਸ ਗੁਰਵਾਕ ਨੂੰ

ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ ॥
ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ ॥
{ਬਾ: ਅ: ਮ: ੫-੨੯}

'ਸਦਾ ਰਹਿਣ ਦੀ ਥਾਉਂ ਦੁਨੀਆ ਏ ਨਹੀਂ
'ਸਦਾ ਰਹਿਣ ਦੀ ਥਾਉਂ -ਡੇਰਾ-ਹੋਰ ਹੈ,
'ਜਿੱਥੇ ਜਾਕੇ ਕੰਤ ਤੇਰਾ ਵੱਸਿਆ
'ਉਸ ਡੇਰਾ ਦਾ, ਰਾਜ ! ਸੰਜਮ ਏਸ ਥਾਂ
'ਜੇ ਕਰ ਲਈਏ ਠੀਕ ਤਾਂ ਧੁਰ ਪੌਂਚੀਏ,
'ਨਹੀ ਤਾਂ ਔਝੜ ਰਾਹ -ਭਟਕਣ ਆਂਵੀਦੀ।
'ਧਰਮ ਅਸਾਡਾ ਏਹ ਦੁਨੀਆਂ ਰੈਂਦਿਆਂ
'ਨਾਲੇ ਨਾਲ ਉਪਾਉ ਕਰੀਏ ਓਸਦਾ।
'ਤੇਰੇ ਕੰਤ ਸੁਜਾਨ ਏਥੇ ਹੁੰਦਿਆਂ
'ਸੰਜਮ ਅਤੇ ਉਪਾਉ ਓਸ ਸੁ ਦੇਸ ਦਾ
'ਕੀਤਾ ਮਨ ਚਿਤ ਲਾਇ, ਹੋਇਆ ਪੂਰਨੰ।
'ਜਦ ਦੁਨੀਆਂ ਗਜੀ ਛੁੱਟ ਪਹੁੰਚਾ ਓਸ ਥਾਂ
'ਜਿਸ ਵਿਚ ਜਾਵਣ-ਜਾਚ ਉਹ ਸੀ ਜਾਣਦਾ:
'ਜਿਸਨੂੰ 'ਡੇਰਾ' ਆਖ ਸਤਿਗੁਰ ਦੱਸਿਆ
'ਤੂੰ ਵੱਸੇਂ ਇਸ ਥਾਉਂ, ਉਹ ਹੈ ਓਸ ਥਾਂ।
'ਸੰਜਮ ਹੁਣ ਜੇ ਓਹ ਧਾਰੇਂ ਏਸ ਥਾਂ
'ਤਾਂ ਉਸ ਡੇਰੇ ਪੌਂਚ ਮਿਲੇਂ ਸੁਜਾਨ ਨੂੰ।
'ਤੂੰ ਪੁਛਿਆ ਹੁਣ ਸ੍ਵਾਲ ਉਹ ਕੀ ਹੋਂਵਦਾ?
'ਇਸਦਾ ਉੱਤਰ ਏਹ ਹੈਵੇ ਰਾਜ ਜੀ !
'ਉਸ ਕੀਤੀ ਜੋ ਕਾਰ ਤੂੰ ਸਿਰ ਚੱਕ ਲੈ,
'ਉਸ ਜੈਸੀ ਹੋ ਜਾਇੰ ਪਹੁੰਚੇਂ ਓਸ ਥਾਂ,
'ਨਾਹਿੰ ਤ ਮਿਲਨਾ ਕੂੜ -ਤ੍ਰਿਸ਼ਨਾ ਨੀਰ ਹੈ।'

ਰਾਣੀ ਲਾਇ ਧਿਆਨ ਧੀਮੇਂ ਸ੍ਵਾਸ ਹੋ
ਸੁਣਿਆ ਇਹ ਉਪਦੇਸ਼ ਗੁਰਮੁਖ ਸੰਤ ਦਾ,
'ਸ਼ੁਕਰ ਕਰਾਂ' ਇਹ ਵਾਕ ਸੱਕੀ ਆਖ ਨਾ,
ਪਰ ਉਹ ਸ਼ੁਕਰ ਸਰੂਪ ਸੀਗੀ ਹੋ ਰਹੀ।
ਸੁਰਤ ਸ਼ੁਕਰ ਦਾ ਰੂਪ ਪਰ ਵਿਚ ਤਾਂਘ ਦੇ
ਸੀ ਲੱਗੀ ਸਭ ਭਾਵ ਸਮਝਣ ਵੱਲ ਨੂੰ।
ਸ਼ੁਕਰ ਭਰੀ ਸੁਰ ਨਾਲ ਹੁਣ ਉਹ ਆਖਦੀ:-
'ਸੰਜਮ ਦਿਓ ਬਤਾਇ ਸੱਤਜਾ ਨਾਲ ਦੇ
'ਕਰਵਾਵੋ ਉਹ ਕਾਰ ਕਰਨੀ ਜੋਗ ਜੋ;
'ਮੈਨੂੰ ਪਾਰ ਪੁਚਾਇ ਦੇਵੋ ਦਾਤਿਓ !
'ਸਾਂਈਂ ਜੀ ਦੇ ਦੇਸ ਜਾਵਾਂ ਪੌਂਚ ਮੈਂ।

'ਗੁਣ ਨਾ ਚੱਜ ਅਚਾਰ ਸਿਰਿਓਂ ਘੁੱਥੀਆਂ;
'ਸ਼ਰਨ ਪਈ ਹਾਂ ਆਣ ਮੈਂ ਸਤਿਸੰਗ ਦੇ।
'ਬਿਰਦ ਆਪਣਾ ਜਾਣ ਤੁੱਠੋ ਚੰਗਿਓ !
'ਮੈਨੂੰ ਆਸ੍ਰਾ ਏਹ ਹੋਰ ਨ ਓਟ ਹੈ।
'ਰਸਤਾ ਦੱਸੋ ਆਪ ਆਪੇ ਤੋਰ ਲੌ,
'ਆਪ ਨਿਬਾਹਵੋ ਕਾਰ, ਆਪ ਪੁਚਾ ਦਿਓ
'ਸਾਂਈਂ ਚਰਨਾਂ ਵਿੱਚ, ਹੇ ਉਪਕਾਰੀਓ !'
ਸੁਣ ਬੋਲੇ ਓ ਸੰਤ ਗੁਰਮੁਖ ਪਜਾਰੜੇ
ਮੁਖੀਏ ਵਿਚ ਸਤਿਸੰਗ ਜੋ ਸਨ ਸੋਹਿਣੇ,
ਸਤਿਸੰਗਤਿ ਨੇ ਕਾਜ ਸੌਂਪਜਾ ਸੀ ਜਿਨ੍ਹਾਂ
ਰਾਣੀ ਨੂੰ ਉਪਦੇਸ਼ ਦੇਵਣ ਸੱਚ ਦਾ:-
'ਸੰਜਮ ਜਾਂ ਉਪਚਾਰ, ਸਾਧਨ ਜਾਂ ਕਹਾਂ,
'ਜੋ ਕੁਝ ਕਹਾਂ ਸੁ ਹੋਰ ਬਣਦਾ ਹੋਰ ਹੈ।
'ਪ੍ਰੇਮ ਸਾਧਨਾਂ ਨਾਲ ਕਿਵੇਂ ਨ ਲੱਭੀਏ
'ਸੰਜਮ ਕੇ ਉਪਚਾਰ ਕਹੁ ਕੀ ਪ੍ਰੇਮ ਦਾ?
'ਪ੍ਰੇਮ ਆਪ ਹੈ ਆਪੇ ਸੰਜਮ ਆਪਣਾ:
'ਅਸਜ ਬੂਟੜਾ ਪ੍ਰੇਮ ਆਪੇ ਉੱਗਦਾ।
'ਮੈਂ ਰਸਤਾ ਹੁਣ ਪ੍ਰੇਮ ਹੀ ਹੈ ਦੱਸਣਾ,
'ਪਰ ਘਾਬਰ ਤੋਂ ਸਾਫ਼ ਹੈਵੇ ਪ੍ਰੇਮ ਓ
'ਨਿਰਮਲ ਵਾਙ ਬਲੌਰ, ਠੰਢੇ ਵੰਨ ਦਾ
'ਜੋ ਕੁਛ ਖੋਲ੍ਹ ਵਿਸ਼ੇਸ਼ ਮੈਂ ਹੈ ਦੱਸਣਾ।
'ਸੁਣ ਹੇ ਰਾਣੀ ਰਾਜ ! ਕੁਦਰਤ ਦੱਸਦੀ:
'ਸਹਿਚਾਰੀ ਸਹਿਚਾਰ ਆਪ ਿ 'ਚ ਰੱਖਦੇ।
'ਹਾਥੀ ਨਾਲ ਨ ਸ਼ੇਰ ਵੱਸੇ ਹੈ ਕਦੇ;
'ਪਾਣੀ ਧਾਰਾ ਨਾਲ ਰਲਦੀ ਨਾ ਕਦੇ
'ਪਾਰੇ ਸੰਦੀ ਧਾਰ -ਕੱਠੀ ਨ ਵਗੇ।
'ਇਸੇ ਪਰ ਗੁਰਵਾਕ ਐਕੁਰ ਦਸਦਾ:-

ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ ॥
ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ ॥
{ਵਾ: ਸੂਹੀ ਮ: ੨-੮}

'ਜੀਉਂਦੇ ਤੈਂ ਸਿਰਤਾਜ ਮੋਏ, ਰਾਣੀਏਂ,
'ਫਿਰ ਜੀਵੇ ਉਹ ਜਿੰਦ ਕਦੇ ਜੁ ਨਾ ਮਰੇ।
'ਮਿਲੇ ਉਨ੍ਹਾਂ ਨੂੰ ਕੌਣ? ਪਹਿਲੇ ਜੋ ਮਰੇ,
'ਮਰ ਫਿਰ ਜੀਵੇ ਓਹ, ਮਿਲਸੀ ਸੋ ਉਨ੍ਹਾਂ।
' 'ਜੀਉ-ਮਰਨ' ਦੀ ਕਾਰ ਕੀਤੀ ਹੈ ਤੁਸਾਂ;
'ਹੁਣ 'ਮਰ ਜੀਵੋ' ਆਪ ਤਦ ਅਧਿਕਾਰ ਹੋ
'ਮਿਲਨੇ ਦਾ ਪਤਿ ਜੋਗ ਮਿਲਨੇਹਾਰ ਜੀ!'

ਪੁਤਲੀ ਪ੍ਰੇਮ ਸੁ ਨਾਰ ਧਜਾਨ ਸਰੂਪ ਹੋ
ਸੁਣਦੀ ਸੀ ਉਪਦੇਸ਼ ਡੂੰਘਾ ਧਜਾਨ ਲਾ,
ਹੁਣ ਹੋਈ ਵਿਸਮਾਦ ਵਿਸਮੈਂ ਹੋਂਵਦੀ।
ਨਿੱਕੇ ਮੀਂਹ ਦੀ ਧਾਰ ਜਿਉਂ ਧਰ ਸਿੰਜਰੇ,
ਤਿਉਂ ਨਿੱਕੇ ਏ ਵਾਕ ਅੰਦਰ ਸਿੰਜਰੇ।
ਰਹਿਕੇ ਚੁੱਪ ਚੁਪਾਤ ਕਿਤਨਾ ਕਾਲ ਓ
ਬੋਲੀ ਸੁਰਤ ਸੰਮ੍ਹਾਲ ਸਿਰ ਨਿਹੁੜਾਇਕੇ:
'ਮਾਰੋ, ਲਓ ਜਿਵਾਲ ਚਾਹੋ ਮਾਰਕੇ,
'ਜਿਉਂ ਚਾਹੋ ਤਜੋਂ-ਆਪ ਸਮਰਥ ਹੋ-ਕਰੋ।'

ਗੁਰਮੁਖ ਬੋਲੇ ਫੇਰ:- 'ਸਮਰਥ ਹੈ ਗੁਰੂ
'ਆਗਜਾ ਜਿਸਦੀ ਨਾਲ ਮੈਂ ਹਾਂ ਬੋਲਦਾ।
'ਪੂਰੇ ਸੀਗੇ ਸਿੱਖ ਸੂਰਤ ਸਿੰਘ ਜੀ;
'ਫਿਰ ਗੁਰਮੁਖ-ਪਦ ਪਾਇ ਸਚਖੰਡ ਜਾ ਵਸੇ।
'ਹੈਸਨ ਜਦ ਵਿਚ ਦੇਹ ਸੂਰਤ ਸਿੰਘ ਜੀ
'ਵਸਦੇ ਸਨ ਸਚਖੰਡ ਜਜੂੰਦੇ ਜਾਗਦੇ;
'ਦਿੱਤੀ ਜਦ ਛਡ ਦੇਹ ਤਾਂ ਬੀ ਜਾ ਵਸੇ
'ਵਿੱਚ ਓਸ ਸਚਖੰਡ,- ਹਨ ਹੁਣ ਓਸ ਥਾਂ।
'ਸੱਚਖੰਡ ਬ੍ਰਹਮੰਡ ਵਿਚ ਹੈ, ਰਾਜ ਜੀ !
'ਤਿਵੇਂ ਵਿੱਚ ਹੈ ਪਿੰਡ ਸਚਖੰਡ ਵੱਸਦਾ।
'ਤੁਸੀਂ ਕਰੋ ਉਪਚਾਰ ਹੁਣ ਜਿਸ ਨਾਲ ਜੀ
'ਜਜੂੰਦੇ ਤ੍ਵਾਡਾ ਵਾਸ ਵਿਚ ਸਚਖੰਡ ਹੋ,
'ਇਉਂ ਕਰਦਜਾਂ ਹੇ ਰਾਜ ! ਖ਼ੁਦ ਹੋ ਜਾਵਸੋ
'ਇਕ ਦੇਸੀ ਪ੍ਰਿਜ ਨਾਲ; ਜਦ ਦੇਹ ਛੱਡਸੋ
'ਤਦ ਬੀ ਰਹੋ ਸੁਦੇਸ਼ ਅਪਣੇ ਕੰਤ ਦੇ।
'ਸੱਚਖੰਡ ਦਾ ਦੇਸ਼ ਸਾਡਾ ਦੇਸ਼ ਹੈ;
'ਹੈਵੇ ਉਸ ਦਾ ਵਾਸ ਸਾਡੇ ਅੰਦਰੇ,
'ਸਾਡਾ ਉਸ ਵਿਚ ਵਾਸ ਬੀ ਹੈ, ਰਾਜ ਜੀ !
'ਦੇਸਾਂ ਵਾਂਙੂ ਦੇਸ ਨਾਹੀਂ ਜਾਣਨਾ;


www.sikhbookclub.com

'ਵਿੱਥ ਨ ਹੈ ਪਰਮਾਣ, ਮਿਣਤੀ, ਕਾਲ ਨਾ:
'ਰੂਪ ਨ ਇਸਦਾ ਰੰਗ ਪ੍ਰਾਕ੍ਰਿਤ ਚੀਜ਼ ਨਾ।
'ਫਿਰ ਅਚਰਜ ਹੈ ਏਹ ਸਾਰੇ ਦੇਸ ਹੀ
'ਸਾਰੇ ਖੰਡ ਬ੍ਰਹਮੰਡ, ਵਿਥ ਤੇ ਕਾਲ ਬੀ
'ਉੱਸੇ ਵਿੱਚ ਨਿਵਾਸ ਸਾਰੇ ਰੱਖਦੇ;
'ਸਭ ਨੂੰ ਘੇਰਜਾ ਓਸ ਅਪਣੇ ਅੰਦਰੇ;
'ਸਭ ਦੇ ਫਿਰ ਵਿਚਕਾਰ ਵਸਦਾ ਆਪ ਓ।
'ਦਸ਼ਾ ਕਹੋ ਜੇ ਏਹ -ਹਾਲਤ ਹੈ ਕੁਈ-
'ਤਦ ਬੀ ਬਣਦਾ ਨਾਹਿੰ ਏ ਕੁਝ ਆਖਣਾ।
'ਦਸ਼ਾ ਆਦਿ ਤੋਂ ਪਾਰ, ਅਹੇ ਯਥਾਰਥੰ।
'ਰੂਹਾਨੀ ਹੈ ਖੇਡ, 'ਨਾਤਮ ਦੇਸ਼ ਦਾ
'ਕੋਈ ਬੀ ਦ੍ਰਿਸ਼ਟਾਂਤ ਪੂਰਾ ਨਾ ਘਟੇ।
'ਤਦੇ ਗੁਰੂ ਜੀ ਆਪ ਹੈ ਵੇ ਆਖਿਆ
'ਸੱਚ ਖੰਡ ਦਾ ਹਾਲ ਲਿਖਣੇ ਦੇ ਸਮੇਂ
'ਕੇ ਇਸਦਾ ਸਭ ਹਾਲ ਕਹਿਣਾ ਔਖ ਹੈ:-

ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ॥ ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ॥ ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ॥ ਨਾਨਕ ਕਥਨਾ ਕਰੜਾ ਸਾਰੁ ॥੩੭॥ {ਜਪੁਜੀ}

'ਕਥਨਾ ਲੋਹੇ ਵਾਕ ਕਰੜਾ ਆਖਦੇ।
'ਅਨੁਭਵ ਕਰਨਾ ਏਹ ਅਸਲੀ ਗੱਲ ਹੈ।
'ਜਦ ਘਟਸੀ ਇਹ ਆਣ ਅਨੁਭਵ ਆਪਦੇ
'ਤਦੋਂ ਓਸ ਵਿਚ ਵਾਸ ਹੋਊ ਆਪ ਦਾ,
'ਉਸਦਾ ਨਾਲ ਨਿਵਾਸ ਅੰਦਰ ਆਪ ਦੇ
'ਹੋ ਜਾਸੀ, ਹੇ ਰਾਜ ! ਆਪੇ ਆਪ ਹੀ।
'ਏਸੇ ਵਿੱਚ ਨਿਵਾਸ ਸੂਰਤ ਸਿੰਘ ਦਾ
'ਸੀ ਜੀਂਦਜਾਂ ਗਜਾ ਹੋਇ, ਹੁਣ ਵੀ ਹੋ ਰਿਹਾ।
'ਤੂੰ ਬੀ ਪਾਊ ਨਿਵਾਸ ਇਸ ਵਿਚ ਰਾਣੀਏਂ!
'ਇਕ ਦੇਸੀ ਹੋ ਜਾਇੰ ਨਾਲ ਸੁ ਕੰਤ ਦੇ।
'ਫੇਰ ਮੇਲ ਉਹ ਮੇਲ ਪੂਰਨ ਮੇਲ ਜੋ
'ਹੋਇ ਪਰਾਪਤ ਆਣ, ਵਿਛੜੋ ਨਾ ਕਦੇ।
'ਦੇਹੀਆਂ ਦਾ ਜੋ ਮੇਲ ਅਤੇ ਵਿਛੋੜ ਹੈ
'ਇਸਦਾ ਹੈਵੇ ਰੂਪ ਰਾਣੀ ਹੋਰਵਾਂ,
'ਏਸ ਦਸ਼ਾ ਵਿਚ ਆਪ 'ਮੇਲ-ਵਿਛੋੜ' ਦਾ
'ਜੋ ਕੁਝ ਸਮਝੋ ਰੂਪ ਸੋ ਇਕ ਭ੍ਰਾਂਤਿ ਹੈ।
'ਰੂਹਾਨੀ ਹੀ ਮੇਲ ਅਸਲੀ ਮੇਲ ਹੈ।
'ਜੋ ਕੁਝ ਜਾਣੋ ਆਪ ਹੁਣ ਹੋ ਰਾਜ ਜੀ !
'ਸਾਪੇਖਕ ਹੈ ਰੰਗ ਵਿਚ ਓ ਰੰਗਿਆ
'ਨਿਰਪੇਖਕ ਉਸ ਰੂਪ ਤਾਂ ਹੀ ਜਾਣੀਏਂ
'ਜਦ ਅਨੁਭਵ ਦੀ ਖੇਲ ਖੁੱਲ੍ਹੇ ਆਣ ਕੇ।
'ਸਮਝ ਨ ਸਕਦੀ ਪੌਂਚ 'ਅਨੁਭਵ-ਦੇਸ਼' ਹੈ,
'ਆਪਾ ਅਨੁਭਵ ਦੇਸ਼ ਜਾ ਹੈ ਪੌਂਚਦਾ
'ਤਾਂਤੇ ਅਨੁਭਵ-ਰਾਹ ਰਾਣੀ ਖੋਜੀਏ।
' 'ਸਮਝ' ਸੌਖ ਹੀ ਨਾਲ ਸਕਦੀ ਜਾਣ ਹੈ,
'ਪਰ ਫਿਰ ਰਹਿੰਦੀ ਵਿੱਥ ਤਦ ਬੀ ਹੈ ਬਣੀ;
'ਅਸਲ ਵਾਪਰੇ ਬਾਝ, ਅਨੁਭਵ ਤੋਂ ਬਿਨਾਂ,
'ਵਿੱਥ ਨ ਮਿਟਦੀ, ਮੇਲ ਅਸਲ ਨ ਹੋਵਦਾ:
'ਤਦੋਂ ਮਿਟੇ ਹੈ ਵਿੱਥ ਅਨੁਭਵ ਹੋ ਜਦੋਂ।
'ਇਸਦਾ ਹੈ ਇਹ ਰਾਹ, ਸੁਣ ਲਓ ਰਾਜ ਜੀ !
'ਪਹਿਲੇ ਨਿਸਚੇ ਏਹ ਕਰਨਾ ਹੈ ਅਸਾਂ:
'ਅਸੀਂ ਅੰਸ ਹਾਂ ਠੀਕ ਸੱਚੇ ਰੱਬ ਦੀ;

ਕਹੁ ਕਬਰੀ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ॥੪॥੨॥੫॥{ਗੌਂੜ ਕਬੀਰ ਜੀ-੫}

'ਜੋ ਜੋ ਦਿੱਸੇ ਜੀਵ ਉਸਦੀ ਅੰਸ ਹੈ।
'ਆਤਮ ਹੈ ਇਹ ਅੰਸ ਜੜ੍ਹ ਨ ਅਨਾਤਮਾ;
'ਫਿਰ ਸਭਨਾਂ ਵਿਚ ਰੱਬ ਰਿਹਾ ਵਿਆਪ ਹੈ।
'ਵਯਾਪਕਤਾ ਦਾ ਸੂਤ ਜਿਸ ਵਿਚ ਜੀਵ ਏ
'ਹੈਨ ਪਰੋਚੇ ਸੱਭ ਮਾਲਾ ਫੁੱਲ ਜਜੋਂ,
'ਮਿਲੇ ਪਰਸਪਰ ਨਿੱਤ, ਕਦੀ ਨ ਵੱਖਰੇ;
'ਫਿਰ ਦੇਖੋ ਕੇ ਏਹ ਆਪੋ ਵਿੱਚ ਬੀ
'ਓਸੇ ਸੂਤ ਪਰੋਚ ਮਿਲੇ ਸੁ ਹੈਨਗੇ।
'ਏਸ ਮੇਲ ਦਾ ਰੂਪ ਪਰ ਨਾ ਦਿੱਸਦਾ।
'ਪਰਦਾ ਹੈ ਵਿਚਕਾਰ ਤਣਿਆ ਭੁੱਲ ਦਾ,
'ਵਿੱਥ ਪਈ ਜਾਂ, ਜਾਣ, ਪਾਈ ਭੁੱਲ ਨੇ।
'ਭੁਲ ਦਾ ਦਾਰੂ 'ਯਾਦ' ਜਾਣੋਂ ਰਾਜ ਜੀ।



www.sikhbookclub.com

' 'ਯਾਦ' ਜੁ ਪ੍ਰੇਮ ਸਰੂਪ ਦਾਰੂ ਹੈ ਉਹੋ।
' 'ਯਾਦ' ਜਦੋਂ ਪਕ ਜਾਇ ਮੌਲੇ ਪ੍ਰੇਮ ਹੋ
'ਭੁਲ ਦਾ ਪਰਦਾ ਦੂਰ ਤਦ ਹੋ ਜਾਇਸੀ।
'ਭੁੱਲ ਹਟੀ ਤਾਂ ਵਿੱਥ ਨਾਲ ਬਿਲਾਇਸੀ
'ਵਿੱਥ ਹਟੀ ਤਾਂ ਆਪ ਮੌਲਾ ਆ ਗਿਆ;
'ਕਿਰਪਾ ਉਸ ਦੀ ਨਾਲ ਹੁੰਦਾ ਮੇਲ ਏ।
'ਇਉਂ ਦ੍ਰਿੜ੍ਹ ਹੋ ਹੋ ਰਾਜ ਅਨੁਭਵ ਖੁੱਲ੍ਹਦਾ,
'ਅਨੁਭਵ ਖੁੱਲ੍ਹੇ ਆਣ ਆਇ ਯਥਾਰਥੰ
'ਜਿਸ ਦੀ ਪੂਰੀ ਸੂਝ ਮਿਲਿਆਂ ਆਂਵਦੀ।
'ਸੋ ਪਹਿਲੀ ਹੈ ਜਾਚ ਏਹੋ ਸਿੱਖਣੀ
'ਸਾਈਂ ਸਿਫਤਿ ਸਲਾਹ ਕਰਦੇ ਜੀਵੀਏ।
'ਹਰ ਦਮ ਆਵੇ ਯਾਦ, ਭੁੱਲੇ ਨਾ ਕਦੀ
'ਸਾਈਂ ਗੁਣਾਂ ਸਮੇਤ ਸਿਫਤਾਂ ਵਾਲੜਾ,
'ਕੇ ਕਰਦਾ ਹੈ ਪਜਾਰ ਸਾਡੇ ਨਾਲ ਓ,
'ਅਸਾਂ ਪਜਾਰ ਹੈ ਨਾਲ ਮਿਲਣਾ ਓਸ ਨੂੰ।
'ਉਹ ਹੈ ਪ੍ਰੇਮ ਸਰੂਪ, ਰਖਣਾਂ ਯਾਦ ਹੈ।
'ਨਾਲ ਰਹੇ ਇਹ ਯਾਦ 'ਵਜਾਪਕ ਹੈ ਸਦਾ-
' 'ਸਾਰੇ ਅੰਦਰ ਬਾਰ੍ਹ ਓ ਭਰਪੂਰ ਹੈ
' 'ਵਿੱਥ ਨ ਰੱਤੀ ਮੂਲ ਓਸ ਅਸਾਂ ਵਿਖੇ;
' 'ਫਿਰ ਸਾਰੇ ਉਸ ਨਾਲ ਮਿਲ ਰਹਿ ਹੈਨਗੇ।'
'ਚਸਾ, ਵਿਸਾ, ਪਲ ਨਾਂਹ, ਅੱਖੀ ਫੋਰ ਨਾ,
'ਭੁੱਲੇ ਸਾਈਂ ਨਾਹਿੰ, ਗੁਰੂ ਸੁਆਰੀਏ !
'ਫੇਰ ਮੇਲ ਹੀ ਮੇਲ ਜਾਣੋ ਹੋ ਰਿਹਾ।
'ਕਹਿਣ ਸੁਣਨ ਦੇ ਨਾਲ ਨਿਰਿਆਂ ਰਾਜ ਜੀ-
'ਮਿਟਦੀ ਹੈ ਨਾ ਵਿੱਥ, ਪਰਦਾ ਨਾ ਹਟੇ।
'ਏਸ ਵਿੱਥ ਨੂੰ ਗੱਲ ਏ ਹੈ ਮੇਟਦੀ:-
'ਰਬ ਦੀ ਸਿਫਤ ਸਲਾਹ -ਕੀਰਤਿ ਓਸਦੀ-
'ਅੰਦਰ ਲਓ ਵਸਾਇ, ਰਸਨਾਂ ਤੋਂ ਕਰੋ:

ਜਿਸ ਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥ {ਜਪੁਜੀ}

'ਸਿਫਤ ਸਲਾਹ ਦਾ ਭਾਵ ਅੰਦਰ ਰੱਖਕੇ
'ਹਰਦਮ ਕਰੋ ਸੰਭਾਲ ਫਿਰ ਉਸ ਰੱਬ ਦੀ,
'ਹਿਰਦੇ ਲਓ ਵਸਾਇ, ਭੁੱਲੇ ਨਾ ਕਦੀ,
'ਤਦ ਮਿਟਦੀ ਹੈ ਵਿੱਥ ਪਾਈ ਭੁੱਲ ਦੀ:-

ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨ ਬਿਰਥਾ ਜਾਇ ॥
ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥
ਨਾਨਕ ਇਹੁ ਮਰਤਬਾ ਤਿਸ ਨੋ ਦੇਇ ਜਿਸ ਨੋ ਕਿਰਪਾ
ਕਰੇ ਰਜਾਇ ॥ {ਵਾਰ ਬਿਹਾ: ਮ: ੩-੧੯}

'ਨਾਮ ਜਪਣ ਦੇ ਨਾਲ ਲਿਵ ਹੈ ਲੱਗਦੀ,
'ਲਿਵ ਲਗ ਲਗਕੇ ਰਾਜ ਨਾਮੀ ਰੱਬ ਜੋ
'ਆਪੇ ਲੈਂਦਾ ਮੇਲ ਕਿਰਪਾ ਧਾਰਕੇ:-
'ਆਤਮ ਪਦ ਹੈ ਏਹ ਸਤਿਗੁਰ ਦੱਸਿਆ।'

ਸਹਜੇ ਸੁਖਿ ਸੁਤੀ ਸਬਦਿ ਸਮਾਇ ॥ ਆਪੇ ਪ੍ਰਭਿ
ਮੇਲਿ ਲਈ ਗਲਿ ਲਾਇ ॥ {ਵਾ: ਸਾਰੰਗ ਮ: ੩-੨੫}

# ੩੧. ਸਤਿਸੰਗ-ਸਾਧਨ

ਸੁਣ ਸਹਿਮੀ ਕੁਝ ਹੋਰ ਪ੍ਰੇਮਣ ਨਾਰ ਓ,-
ਸਿਲਾ ਅਲੂਣੀ 'ਜੋਗ' ਆਈ ਚੱਟਣੀ[੧]
ਪਰ ਸਮਝੀ ਸੀ ਸਾਫ਼ ਸਾਰੇ ਭੇਤ ਨੂੰ।
ਸਹਿਮ ਗਈ ਭੈ ਨਾਲ ਨਾ ਸੀ ਨਾਰ ਓ
ਛੁਹ ਵਿਸਮਾਦੀ ਰੰਗ ਦੀ ਛੁਹ ਸੀ ਗਈ:
ਦੋਵੇਂ ਹਥ ਫਿਰ ਜੋੜ ਨਿੰਮ੍ਰਤ ਭਾਵ ਹੋ
ਕਹਿੰਦੀ, 'ਹੇ, ਸਤਿਸੰਗ ਸੰਦੇ ਚਾਨਣਾ !
'ਲੈ ਚੱਲੇ ਕਿਸ ਲਾਂਭ ਦਾਸੀ ਜੋਗ ਹੋ ?
'ਸਮਝ ਨ ਸਕਦੀ ਜਾਇ ਜਿਸ ਬਨ ਹੈ ਵਿਖੇ,
'ਲੈ ਚੱਲੇ, ਤਾਂ ਨਾਲ ਅਪਣੇ ਤਾਣ ਦੇ,
'ਲੈ ਚੱਲੋ, ਫੜ ਬਾਂਹ ਸ੍ਵਾਮੀ-ਦੇਸ਼ ਨੂੰ।
'ਚਰਨੀਂ ਦਿਓ ਪੁਚਾਇ ਮੈਨੂੰ ਕੰਤ ਦੇ।'
ਸੁਣ ਸਧਰਾਏ ਵਾਕ ਗੁਰਮੁਖ ਬੋਲਿਆ:-
'ਹੇ ਪ੍ਰਿਯ-ਪਜਾਰੀ ਰਾਜ ! ਜੁਗਤ ਜੁ ਹੈ ਕਹੀ,

[੧] ਸਿਲ ਆਲੂਣੀ ਚਟਣੀ ਤੁਲਿ ਨ ਲਖ ਅਮਿਅ ਰਸ ਇਖੀ॥ {ਭਾਈ ਗੁਰਦਾਸ ੨੮-੧}

'ਸਾਧਨ ਨਾਲ ਸੁ ਓਹ ਸਿੱਧੀ ਪਾਂਵਦੀ।
'ਸਾਧਨ ਕਰਾਂ ਬਿਆਨ ਕੀਤਜਾਂ ਹੈ ਜਿਨ੍ਹਾਂ
'ਸੱਚਖੰਡ ਦਾ ਰੰਗ ਆਕੇ ਵਾਪਰੇ,
'ਜੋ ਕੀਤੇ ਸੇ ਆਪ ਸੂਰਤ ਸਿੰਘ ਨੇ;
'ਜਿਨ੍ਹਾਂ ਕੀਤਿਆਂ ਆਪ ਬੀ ਹੋ ਜਾਓਗੇ
'ਇਕ ਦੇਸੀ ਪ੍ਰਿਯ ਨਾਲ, ਮਿਲੇ ਨ ਵਿੱਛੁੜੋ।
' 'ਸਾਧਨ' ਕਹਿੰਦਜਾਂ ਲਾਜ ਮੈਨੂੰ ਆਂਵਦੀ,-
'ਵਾਹਿਗੁਰੂ ਹੈ ਰੂਹ ਪੂਰਨ ਆਤਮਾ
'ਅਸੀਂ ਬੀ ਹਾਂਗੇ ਰੂਹ, ਦੇਹੀ ਹਾਂ ਨਹੀਂ।
'ਰੂਹ ਰੂਹ ਦਾ ਮੇਲ ਕੀਕੂੰ ਹੋ ਸਕੇ?
'ਇਕੋ ਹੈ ਉਪਚਾਰ ਦੁਹੁੰ ਦੇ ਮੇਲ ਦਾ
' 'ਪ੍ਰੇਮ' ਜਿਦ੍ਹਾ ਹੈ ਨਾਮ- ਰੂਹਾਂ ਮੇਲਦਾ।
' 'ਪ੍ਰੇਮ' ਸਾਧਨਾਂ ਨਾਲ ਨਹੀਂ ਉਗੰਮਦਾ।
'ਯਾਦ ਅਹੇ ਇਕ ਰੂਪ ਏਸ ਪਰੇਮ ਦਾ,
'ਯਾਦ ਕਰਦਿਆਂ ਯਾਦ ਬਣਦੀ ਪ੍ਰੇਮ ਹੈ।
' 'ਗੁਣ ਚਿੰਤਨ' ਤੇ 'ਨਾਮ ਚਿੰਤਨ', ਰਾਣੀਏਂ!
'ਏ ਹਨ ਸੱਭੇ ਪ੍ਰੇਮ, ਰੂਪ ਪਰੇਮ ਦੇ,
'ਇਹਨਾਂ ਨੂੰ ਹੈ ਰਾਜ ! 'ਸਾਧਨ' ਮੈਂ ਕਿਹਾ,
'ਸਮਝਾਵਣ ਦੇ ਕਾਣ ! 'ਸਾਧਨ' ਆਖੀਏ,
'ਜਜ਼ੂੰਦਾ ਸਾਧਨ ਏਹ ਕਹਿਣਾ ਹੈ ਬਣੇ
'ਰੂਹਾਂ ਦੇ ਜੋ ਮੇਲ ਵਿਚ ਸਮਰੱਥ ਹੈ।'

'ਬਉਰਾਨੀ ਹਾਂ ਨਾਥ!' ਆਖਜਾ ਰਾਜ ਨੇ:
'ਅਸਚਰਜੋਂ ਅਚਰੱਜ ਛਾਈ ਜਾਂਵਦਾ
'ਹਾਂ ! ਮੈਂ ਨਾਹੀਂ ਜੋਗ, ਮੂਲੋਂ ਜੋਗ ਨਾ,
'ਪਰ ਦਰਸ਼ਨ ਦੀ ਸਿੱਕ ਡਾਢੀ ਹੈ ਲਗੀ।
'ਸੰਜਮ ਨਾ ਉਪਚਾਰ ਕਰਨੇ ਜਾਣਦੀ,
'ਜੁਗਤ ਨ ਸਾਧਨ ਹਾਇ ਮੈਂ ਕਰ ਹਾਂ ਸਕਾਂ,
'ਤੁਸੀਂ ਕਹੋ ਬਿਨ ਕਾਰ ਮਿਲੇ ਨ ਕੰਤ ਹੈ।
'ਤਾਂਤੇ ਪਿਤਾ ਸੁਜਾਨ ! ਬਾਲੀ ਜਾਣਕੇ
'ਕਰਵਾਓ ਸਭ ਆਪ, ਆਪ ਪੁਜਾ ਦਿਓ
'-ਅਪਣੇ ਤਾਨ ਦੀਬਾਣ ਆਪਣੇ ਜ਼ੋਰ ਤੇ-'
'ਮੈਨੂੰ ਮੇਰੇ ਲਾਲ ਪਾਸ, ਕ੍ਰਿਪਾਲ ਹੋ:
'ਦੇਵੋ ਦਰਸ ਦਿਖਾਇ ਮਿਹਰਾਂ ਵਾਲਿਓ!'

ਗਈ ਡੋਬ ਇਕ ਖਾਇ ਕਹਿੰਦੀ ਵਾਕ ਏ;
ਪਰ ਲੈ ਲਿਆ ਸੰਭਾਲ ਝਟ ਸਤਿਸੰਗ ਨੇ।
ਦੇਕੇ ਕੁਝ ਆਰਾਮ ਸਿਰ ਸਹਿਲਾਇਕੇ
ਮੁੜ ਕੀਤਾ ਸੁਰਜੀਤ ਰਾਣੀ ਰਾਜ ਨੂੰ।
ਫਿਰ ਕੀਤੇ ਕਈ ਵਾਕ ਗੁਰਮੁਖ ਸੰਤ ਨੇ
ਸਿਦਕ ਜਿਨ੍ਹਾਂ ਨੇ ਦਾਤ ਦਿੱਤੀ ਰੱਜਵੀਂ,
ਕੀਤੇ ਸੰਸੇ ਦੂਰ ਸੱਭ ਭਰਾਂਤੀਆਂ।
ਫਿਰ ਸੰਖੇਪਾਂ ਨਾਲ ਸਾਧੂ ਸੰਤ ਨੇ
ਸਾਧਨ ਦਾ ਉਪਦੇਸ਼ ਕੀਤਾ ਐਕੁਰਾਂ:-
੧. 'ਸੇਵਾ ਹੈਵੇ ਮੂਲ ਸਿੱਖੀ ਰਾਹ ਦਾ,
'ਨੀਂਹ ਪ੍ਰੇਮ ਦੀ ਵਿੱਚ ਸੇਵਾ ਬੱਝਦੀ:
'ਸੋ 'ਪ੍ਰਿਯ ਗੁਰਮੁਖ' ਨਾਲ ਤੁਸਾਂ ਕਮਾ ਲਈ:
'ਸੰਗਤ ਸੰਦੀ ਸੇਵ ਤੁਸੀਂ ਕਮਾ ਰਹੇ।
'ਸੇਵਾ ਹੀ ਹੈ ਮੁੰਢ ਸਿੱਖੀ ਨੇਮ ਦਾ;
'ਸੇਵਾ ਹੀ ਹੈ ਅੰਤ ਸਿੱਖੀ ਪ੍ਰੇਮ ਦਾ;
'ਪਰ ਸੇਵਾ ਨਿਸ਼ਕਾਮ ਸਿੱਖੀ ਆਖਦੀ।
'ਪਹਿਲਾ ਸਾਧਨ, ਏਹ ਸੇਵ ਕਮਾਈਏ:-

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥ {ਸਿਰੀ ਮ: ੧-੩੩}

੨. 'ਦੂਜੀ ਸੇਵਾ ਏਹ ਜਾਣੋ ਰਾਜ ਜੀ !
'ਜਿੱਥੇ ਰੱਬ ਕ੍ਰਿਪਾਲ ਥਾਪੇ ਹੈ ਕਿਸੇ
'ਧਰਮੁ ਜੁ ਹੋਵਣ ਠੀਕ ਉਸ ਅਸਥਾਨ ਦੇ
'ਸਾਰੇ ਪਾਲ ਬਣਾਇ, ਫੇਰ ਅਟੰਕ ਹੋ।
'ਹਰਖ ਸੋਗ ਦਾ ਵੇਗ ਪੈਦਾ ਨਾ ਕਰੇ,
'ਪਰਬਤ ਵਾਂਙ ਅਡੋਲ ਸਦਾ ਰਹਾਇਕੇ
'ਕਰੇ ਫਰਜ਼ ਦੀ ਕਾਰ ਸੱਚੋ ਸੱਚ ਦੀ।
'ਦਿੱਤਾ ਰੱਬ ਕ੍ਰਿਪਾਲ ਰਾਜ ਤੁਸਾਂ ਤਈਂ,
'ਫ਼ਰਜ਼ ਰਾਜ ਦਾ, ਰਾਜ ! ਚਾਹਜੇ ਪਾਲਣਾ।
'ਸੇਵਾ ਜਾਣੋ 'ਰਾਜ' ਸਤਿਗੁਰ ਨੇ ਦਈ;
'ਧਰਮ ਰਾਜ ਦਾ ਠੀਕ ਪਾਲੋ ਐਕੁਰਾਂ,
'ਜਿਉਂ ਕੰਡਾ ਹੈ ਤੋਲ ਪੂਰਾ ਤੋਲਦਾ।
'ਪਰਜਾ ਜਾਣ ਉਲਾਦ ਸੱਚੇ ਰੱਬ ਦੀ;
'ਰਾਜਾ 'ਦਾਸਾ', ਠੀਕ ਸਾਂਈਂ ਸਾਜਿਆ

'ਨਾਲ ਪਿਆਰ ਨਿਆਉਂ ਪਰਜਾ ਪਾਲਣੀ;
'ਇਹ ਸਾਈਂ ਦੀ ਸੇਵ ਰਾਣੀ ! ਜਾਣ ਲੌ
'ਮਮਤਾ ਕਦੀ ਨ ਧਾਰ ਲੈਣੀ ਐਕੁਰਾਂ:
'ਏਹ ਤਾਂ ਹੈਨ ਗ਼ੁਲਾਮ ਮੇਰੇ ਸੱਭ ਹੀ
'ਮੇਰੀ ਸੇਵਾ ਜੋਗ ਸਾਜੇ ਏ ਗਏ।
'ਰਾਜਾ ਜਾਣੇ ਏਹ, ਪਰਜਾ ਪਾਲਣੀ
'ਧੁਰ ਦਰਗਾਹੋਂ ਸੇਵ ਸੌਂਪੀ ਰੱਬ ਨੇ;
'ਮੈਂ ਰਾਖਾ, ਸਰੰਜਾਮ ਕਰ, ਤੁਲ ਤੋਲਸਾਂ।
'ਫਿਰ ਜੋ ਦੌਲਤ ਆਇ: ਹਾਲਾ ਦੇਸ ਦਾ,
'ਨਾ ਜਾਣੇ ਏ ਮਾਲ ਮੇਰਾ ਆਪਣਾ;
'ਉਹ ਤਾਂ ਇੱਕ ਅਮਾਨ ਰਾਜੇ ਪਾਸ ਹੈ,
'ਪਰਜਾ ਦੇ ਸੁਖ ਜੋਗ ਰਾਜੇ ਲਾਵਣੀ।
'ਰਾਜਾ ਪੇਟ ਸਮਾਨ ਜਾਣੋਂ, ਰਾਜ ਜੀ !
'ਭੋਜਨ ਇਸਦੇ ਜੋਗ ਜਿੰਨਾ ਹੈ ਮਿਲੇ
'ਉਸਨੂੰ ਕਰਕੇ ਠੀਕ ਵੰਡੇ ਦੇਹ ਨੂੰ,
'ਸਾਰੇ ਦੇਹ ਦੇ ਅੰਗ ਉਸਤੋਂ ਪਾਲਦਾ।
'ਤਿਉਂ ਰਾਜਾ ਧਨ ਪਾਇ ਪਰਜਾ ਦਿੱਤੜਾ
'ਪਰਜਾ ਨੂੰ ਸੁਖ ਦੇਣ ਉੱਤੇ ਲਾ ਦਏ।
'ਅਪਣਾ ਬੀ ਨਿਰਬਾਹ ਜਿਤਨਾ ਜਗ ਹੋ
'ਉਸਤੋਂ ਕਰੇ, ਨ ਦੋਸ਼, ਸਿੱਖੀ ਰੀਤਿ ਏ:
'ਪਰ ਐਸ਼ਾਂ ਵਿਚ ਪਾਇ ਵਰਤੇ ਮਾਲ ਏ
'ਉਹ ਸੇਵਾ ਤੋਂ ਘੁੱਸ ਪਾਪ ਕਮਾਂਵਦਾ।
'ਰੁੱਤ ਹੁਨਾਲੇ, ਰਾਜ ! ਸੂਰਜ ਤੱਪਦਾ,
'ਖਿੱਚੇ ਪੌਣ ਉਤਾਂਹ ਗਰਮੀ ਦੇਇਕੇ,
'ਕਿਉਂ ਖਿੱਚੇ ਉਹ ਪੌਣ, ਉਸ ਨੂੰ ਲੋੜ ਨਾ?
'ਕਰਦਾ ਹੈ ਉਪਕਾਰ ਸਾਰੇ ਜੱਗ ਦਾ;
'ਵੇਗ ਕਰੇ ਉਤਪੰਨ ਵਾਯੂ ਮੰਡਲੇ;
'ਚਲੇ ਪੌਣ ਕਰ ਜ਼ੋਰ ਬਣੇ ਹਨ੍ਹੇਰੀਆਂ,
'ਘੱਟੇ ਬੱਦਲ ਨਾਲ ਲੈਕੇ ਧਾਂਵਦੀ;
'ਠੰਢਕ ਅਤੇ ਤਰੌਤ ਦੇਵੇ ਜੱਗ ਨੂੰ।
'ਤਿਉਂ ਰਾਜਾ ਜੋ ਲਾਇ ਲੈਂਦਾ ਮਾਮਲੇ
'ਵਰਤੇ ਉਹ ਸੁਖ ਦੇਣ -ਪਰਜਾ ਨੂੰ-ਲਈ
'ਸੜਕਾਂ, ਬਾਗ਼, ਸਰਾਇ ਬੌਲੀ, ਕੱਸੀਆਂ
'ਖੂਹੇ ਅਤੇ ਤਲਾਉ, ਟੋਭੇ, ਨਾਲੀਆਂ,
'ਕੋੜ੍ਹਿਆਂ ਸੰਦੇ ਥਾਂਉਂ ਰਾਜਾ ਸਾਜਦਾ;
'ਵਿਧਵਾ ਅਤੇ ਮੁਥਾਜ ਰੋਗਜਾਂ ਵਾਸਤੇ
'ਕਰੇ ਰਾਉ ਪਰਬੰਧ, ਦੁਖੀ ਨ ਹੋਣ ਓ,
'ਰਾਖੀ ਪਰਜਾ ਜੋਗ, ਪਹਿਰੇ, ਚੌਕੀਆਂ,
'ਘੋੜੇ, ਪੈਦਲ ਫੌਜ ਧਰੇ ਸਵਾਰ ਕੇ।
'ਹਾਕਮ ਥਾਪੇ ਓਹ ਹੋਣ ਪ੍ਰਬੀਨ ਜੋ
'ਨਜਾਇ ਕਰਨ ਦੇ ਜੋਗ ਗੁਰਮੁਖ ਲੱਭ ਕੇ।
'ਵਿਦਜਾ ਦੇ ਭੰਡਾਰ, ਹੁਨਰਾਂ ਵਾੜੀਆਂ,
'ਸਾਜੇ ਸਭ ਸਾਮਾਨ ਸੁੱਖਾਂ ਵਾਲੜੇ।
'ਥਾਪੇ ਉਹਦੇਦਾਰ ਗੁਰਮੁਖ ਹੋਣ ਜੋ,
'ਮਾਯਾ-ਛਾਯ ਵਲ੍ਹੇਟ ਜੋ ਨਾ ਖਾਂਵਦੇ,
'ਸਦਾਚਾਰ ਵਿਚ ਸਾਫ਼ ਹੋਵਣ ਆਪ ਜੋ
'ਕਿਸੇ ਮਜ਼ਬ ਦੇ ਨਾਲ ਤੱਸਬ ਨਾ ਕਰੇ।
'ਰੱਖਜਾ ਕਰੇ ਵਪਾਰ ਅਰ ਵਣਜਾਰਿਆਂ
'ਵਸਦੇ ਬੱਦਲ ਵਾਂਙ ਹੋ ਉਪਕਾਰੀਆ।
'ਨੀਂਦਰ ਅਤੇ ਅਰਾਮ ਦੇਹੀ ਵਾਸਤੇ,
'ਭਜਨ ਕਰਨ ਦਾ ਕਾਲ ਅਪਣਾ ਕੱਢ ਕੇ,
'ਕਰੇ ਰਾਜ-ਪਰਬੰਧ ਆਪੂੰ ਵਿੱਚ ਹੋ।
'ਪਰਜਾ ਰੱਖਜਾ ਕਾਣ ਦੰਡੇ ਦੋਖੀਆਂ।
'ਕਦਰ ਗੁਣੀ ਦੀ ਪਾਇ ਪਾਲੇ ਓਸ ਨੂੰ,
'ਹੁਨਰਮੰਦ ਨੂੰ ਮਾਣ ਦੇਕੇ ਰੱਖ ਲੈ।
'ਪਰਜਾ ਉੱਨਤ ਦੇਖ ਹੋਵੇ ਓ ਸੁਖੀ।
'ਹੱਕ ਗਵਾਏ ਮੂਲ ਕਿਸੇ ਨ ਜੀਵ ਦਾ;
'ਵੱਢੀ ਹਿਕੇ ਲਿਹਾਜ਼ ਅਤੇ ਸਿਪਾਰਸ਼ਾਂ
'ਮੰਨੇ ਨਾ, ਅੰਨਜਾਇ ਐਕੁਰ ਹੋਂਵਦਾ।
'ਨਜਾਇ ਧਰਮ ਹੈ ਮੂਲ ਰਾਜੇ ਦਾ, ਸੁਣੋ:-

ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥
{ਵਾ: ਮਾ: ਮ:੧-੭}

'ਇਸ ਬਿਧਿ ਕਾਰ ਕਮਾਇ; ਮਦ ਜੋ ਰਾਜ ਦਾ
'ਲਜਾਵੇ ਨਾ ਦਿਲ ਵਿੱਚ, ਉੱਚਾ ਅੰਦਰੋਂ
'ਰਸ ਆਤਮ ਵਿਚ ਟੇਕ, ਧਾਰੇ ਆਪਣੀ।
'ਨਾ ਇਉਂ ਕਰੇ ਤਾਂ ਓਹ ਫਰਜ਼ੋਂ ਘੁੱਸਿਆ,

'ਫ਼ਰਜ਼ੋਂ ਘੁੱਥਾ ਸਿੱਖ ਗੁਰੂ ਨ ਭਾਂਵਦਾ।
'ਹੁਣ ਤੂੰ ਸੋਚ ਵਿਚਾਰ ਰਾਣੇ ਪਜਾਰੀਏ !
'ਕਰ ਸੂਰਤ ਸਿੰਘ ਯਾਦ, ਪਰ ਉਸ ਨਾਲ ਬੀ
' 'ਕਾਰਜ' ਉਸਦੇ ਯਾਦ, ਜੋ ਸੀ ਓ ਕਰੇ।
'ਉਹ ਕਰਦਾ ਸੀ ਰਾਜ ਧਰਮ ਨਿਆਉਂ ਦਾ।
'ਰੰਚਕ ਅਪਣੇ ਨਾਲ ਕਰਦਾ ਦ੍ਰੋਹ ਨਾ,
'ਨਾ ਹੀ ਦੂਜੇ ਨਾਲ ਦਗ਼ਾ ਕਮਾਂਵਦਾ।
'ਰਾਜ ਕਾਜ ਵਿਚ ਲੱਗ; ਗ਼ਾਫ਼ਲ ਹੋਇ ਨਾ;
'ਭੁੱਲੇ ਮਾਲਕ ਨਾਹਿੰ ਕੰਮੀ ਵੇੜ੍ਹਿਆ।
'ਓ ਰਖਦਾ ਹਰ ਆਨ ਚੇਤੇ ਰੱਬ ਨੂੰ;
'ਯਾਦ ਪ੍ਰਭੂ ਦੀ ਚਿੱਤ ਪ੍ਰੋਤੀ ਰੱਖਦਾ,
'ਲੱਗੀ ਲਿਵ ਪ੍ਰਭ ਨਾਲ ਟੁਟਦੀ ਨਾ ਕਦੀ।
'ਤਜੋਂ ਕਰ ਉਸਦੀ ਰੀਸ, ਹਿਰਦੇ ਰੱਬ ਨੂੰ
'ਐਸਾ ਲਈਂ ਪਰੋਇ ਭੁੱਲੀਂ ਨਾ ਕਦੇ।
' 'ਨੇਕੀ ਪੁੰਜ' ਜੁ ਰੱਬ ਉਸ ਦਿਲ ਵੱਸਦਾ,
'ਇਸ ਕਰਕੇ ਉਹ ਨੇਕ ਪੂਰਾ ਹੋ ਗਿਆ।
'ਉਸਤੋਂ ਨੇਕ ਫੁਹਾਰ ਵਸਦੀ ਸੀ ਸਦਾ:
'ਸੁਤੇ ਸਿੱਧ ਸੀ ਓਹ ਕਰਦਾ ਨੇਕੀਆਂ।
'ਕਰ ਤੂੰ ਨੇਕੀ ਕਾਰ ਉਸਦੇ ਵਾਕਰੇ
'ਸੁਤੇ ਸਿੱਧ, ਨਿਸ਼ਕਾਮ ਖਿੜੇ ਗੁਲਾਬ ਜਜੋਂ।
'ਤੈਨੂੰ ਭੇਤੀ ਦਾਸ ਦਸਿਆ ਭੇਤ ਸੀ
'ਜਦੋਂ ਪਲੰਘ ਦੀ ਰਾਤ ਰੋਈ ਮੈਂ ਬੜਾ,
'ਕੀਕੁਰ ਹੈਸੀ ਰਾਤ ਕੰਤ ਬਿਤਾਂਵਦਾ।
'ਪਰਮੇਸ਼ਰ ਦੀ ਯਾਦ ਲੂੰ ਲੂੰ ਅੰਦਰੇ
'ਵਸਦੀ ਸੀ ਹਰ ਆਨ ਉਸ ਦੇ ਸੋਹਿਣੀ।
'ਇਹ ਬੀ ਹੈ ਮਾਲੂਮ ਤੁਧ ਨੂੰ ਹੋ ਚੁਕਾ
'ਕੇ ਉਹ ਪਰਉਪਕਾਰ ਸੇਵ ਕਮਾਂਵਦਾ।
'ਫਿਰ ਉਹ ਸੇਵਾ ਪੰਥ ਸਰਦੀ ਸੋ ਕਰੇ,
'ਭਲਾ ਦੇਸ ਦਾ ਓਹ ਕਰਦਾ ਸੀ ਸਦਾ।
'ਜਿੰਨੀ ਲਗਦੀ ਵਾਹ ਭਲਾ ਕਮਾਂਵਦਾ।
'ਜੁੜਜਾ ਸ਼ਬਦ ਦੇ ਨਾਲ ਸਹਜ ਸੁਭਾਵ ਹੀ
' 'ਸਹਜ ਮੇਲ' ਪ੍ਰਭੁ ਨਾਲ ਵਿਚ ਓ ਜੀਂਵਦਾ।
'ਸਹਜ ਸੁਭਾਵੀ ਕਾਰ ਨੇਕੀ ਦੀ ਕਰੇ;
'ਫਰਜ਼ ਰਾਜ ਦੇ ਓਹ ਸੱਭ ਨਿਬਾਹੁੰਦਾ।
'ਅੰਤ ਪੰਥ ਦੀ ਸੇਵ ਉਸਨੇ ਕਰਦਿਆਂ
'ਦਿੱਤੀ ਦੇਹੀ ਵਾਰ, ਜ਼ੁਲਮ ਹਟਾਣ ਨੂੰ।
'ਦੇਖ ਵਡਾਈ, ਰਾਜ ! ਅਪਣੇ ਕੰਤ ਦੀ
'ਰਣ ਤੱਤੇ ਵਿਚਕਾਰ ਲੜਦਜਾਂ ਓਸਦੀ
'ਰਹੀ ਸਮਾਧੀ ਠੀਕ ਲੱਗੀ ਸੋਹਿਣੀ।
'ਘੋੜੇ ਚੜ੍ਹਿਆਂ ਜੰਗ ਖ਼ੂਬ ਮਚਾਂਵਦੇ
'ਹਿੱਲੀ ਸੁਰਤਿ ਨ ਮੂਲ, ਖਾਧੀ ਕਾਂਪ ਨਾ।
'ਉਨਮਨ ਵਿਚ 'ਸਵਾਰ ਗਿਆ ਪ੍ਰਲੋਕ ਨੂੰ।

੩. [੧]'ਸੁਣ ਰਾਣੀ ਬੁਧਿਵਾਨ ਪਜਾਰੀ ਕੰਤ ਦੀ !
'ਸਿੱਖੀ ਦੀ ਏ ਕਾਰ ਕੈਸੀ ਸੋਹਿਣੀ:-
'ਘਰ ਮਿਤ ਕਰਕੇ ਤਜਾਗ ਬਨੀਂ ਨ ਜਾਵਣਾ,
'ਦੇਹੀ ਨੂੰ ਦੁਖ ਦੇਇ ਦੁੱਖ ਨ ਪਾਵਣਾ;
'ਨਾਂਹੀਂ ਦੇਹ ਦੇ ਵੱਸ ਪੈਕੇ ਭੁੱਲਣਾ;
'ਵਿੱਚੇ ਵਸ, ਨਿਰਲੇਪ ਫੇਰ ਰਹਾਵਣਾ।
'ਜੁੜਿਆਂ ਰਹਿ ਰਬ ਨਾਲ ਆਸ੍ਰੇ ਨਾਮ ਦੇ
' 'ਜੋਗ ਪਜਾਰ ਦਾ' ਏਹ ਅਸਾਂ ਕਮਾਵਣਾ।
'ਵਿੱਚ ਗ੍ਰਿਹਸਤ ਦੇ ਵੱਸ ਫਰਜ਼ ਨਿਬਾਹੁਣੇ,
'ਇਹ ਰਾਣੇ ਦੇ ਵਾਙ ਕੰਮ ਕਮਾਵਣੇ।

੪. 'ਅੰਜਨ ਦੇ ਵਿਚ ਵੱਸ ਰਹਿਣ ਨਿਰੰਜਨਾ।
'ਨਾਲ ਰਜ਼ਾ ਸੁਰ ਹੋਇ ਖੇੜੇ ਵੱਸਣਾ।
'ਆਤਮ ਵਿੱਚ ਵਿਗਾਸ -ਨਾਮੇਂ ਰੱਤਿਆਂ-
'ਜੋ ਆਵੇ ਹੈ, ਰਾਜ ! 'ਖੇੜਾ' ਮੈਂ ਕਹਾਂ
'ਰਜੋ ਗੁਣੀ ਦਾ ਜੋਸ਼ ਖੇੜਾ ਨ ਕਹਾਂ।

੫. 'ਤ੍ਰਿਸ਼ਨਾ ਹੇਠਾਂ ਨੱਪ ਰੋਕੀਂ ਵਾਸ਼ਨਾ
'ਧਰਮ ਧਰਮ ਹੀ ਜਾਣ ਫਰਜ਼ ਨਿਬਾਹੁਣਾ,
'ਮੈਂ ਮੇਰੀ ਨੂੰ ਦੂਰ ਦਿਲ ਤੋਂ ਰੱਖਣਾ।

੬. 'ਸੁਰਤ ਸ਼ਬਦ ਦਾ ਮੇਲ ਐਦਾਂ ਰੱਖਣਾ
'ਰਹੇ ਨਾਮ ਦਾ ਵਾਸ ਧੁਰ ਧੁਰ ਅੰਦਰੇ,
'ਲਿਵ ਵਾਲਾ ਇਕ ਰੌਅ ਚਲ ਪਜੇ ਸੋਹਿਣਾ
'ਰਹਿਣਾ ਸ਼ਰਨ ਸਮਾਇ ਸਾਂਈਂ ਰੱਬ ਦੀ
'ਸਦ-ਲੱਗਾ ਹਰਿ ਨਾਲ, ਜੀਵਣ ਜੀਵਣਾ।

---

੧. ਸਾਧਨ ੧ ਤੇ ੨ ਲਈ ਦੇਖੋ ਪੰਨਾ ੧੯੮।


www.sikhbookclub.com

‘ਸਾਰੀ ਦਾ ਹੈ ਸਾਰ ਰਾਣੀ ਰਾਜ ਜੀ ![੧]
‘ਮੁੜਕੇ ਕਰਾਂ ਉਚਾਰ ਸੁਣਨਾ ਧਜਾਨ ਦੇ
‘ਕੁੱਜੀ ਵਿਚ ਸਮੁੰਦ ਐਕੁਰ ਪਾਈਏ:–
‘ਦੇਹੀ ਕਰੇ ਜੁ ਕਾਰ ਨੇਕੀ ਕਾਰ ਹੋ;
‘ਮੂੰਹ ਬੋਲੇ ਜੋ ਬਾਤ ਨੇਕੀ ਬਾਤ ਹੋ;
‘ਮਨ ਚਾਹੇ ਜੋ ਚਾਹ ਨੇਕੀ ਹੋ ਸੁਧੀ;
‘ਬੁੱਧੀ ਕਰੇ ਵਿਚਾਰ ਨੇਕੀ ਨੇਕ ਹੋ;
‘ਫੁਰਨਾ ਫੁਰੇ ਜੁ ਚਿੱਤ ਹੋਵੇ ਨੇਕ ਓ;
‘ਅੰਤ੍ਰ ‘ਆਤਮਾ’ ਵਿਚ –ਆਤਮ ਤਖਤ ਤੇ–
‘ਨੇਕੀ ਜਿਦ੍ਹਾ ਸਰੂਪ ਸੱਚਾ ਰਬ ਜੋ
‘ਐਸਾ ਰਹੇ ਬਿਰਾਜ, ਉੱਠੇ ਨਾ ਕਦੀ,
‘ਜਿਉਂ ਟਿੱਕੀ ਤੋਂ ਸੂਰ ਉਠਦਾ ਹੈ ਨਹੀਂ।
‘ਐਸੇ ਜਨ ਦੇ ਵਿੱਚ ਸਚਖੰਡ ਵੱਸਦਾ;
‘ਉਹ ਜਦ ਛੱਡੇ ਦੇਹ ਸਚਖੰਡ ਜਾਂਵਦਾ।
‘ਤੇਰਾ ਪਤੀ ਸੁਜਾਨ ਓਥੇ ਹੈ ਗਿਆ।
‘ਹੁਣ ਜੇ ਹੋਵੇ ਚਾਹ ਓਥੇ ਜਾਣ ਦੀ
‘ਏਸ ਤਰ੍ਹਾਂ ਦੀ ਕਾਰ ਮਨ ਚਿਤ ਲਾਇਕੇ
‘ਧਾਰਨ ਕਰ ਲੈ ਰਾਜ, ਤੂੰ ਬੀ ਪੌਂਚੁਸੇਂ।’
ਸੁਣਕੇ ਇਹ ਉਪਦੇਸ਼ ਗੁਰਮੁਖ ਸਿੱਖ ਦਾ,
–ਰਬ ਵਿਚ ਲਿਵ ਦਾ ਰੂਪ ‘ਮਰਕੇ ਜਜੂਣ ਦਾ–’
ਰਾਣੀ ਵਿਚ ਵਿਸਮਾਦ ਅਚਰਜ ਹੋ ਗਈ।
ਆਪਾ ਫੇਰ ਸੰਭਾਲ ਸਮਝੇ ਸੋਚਦੀ,
ਜੀਵਨ ਸੀ ਸਭ ਯਾਦ ਪਜਾਰੇ ਕੰਤ ਦਾ,
ਭਾਵੇਂ ਤਦੋਂ ਨ ਸੂਝ ਪੂਰੀ ਸੀ ਉਨ੍ਹੂੰ
ਕੇ ਕੀਕੂੰ ਸੀ ਕੰਤ ਆਤਮ ਜੀਵਨੇ
ਕਰਦਾ ਲੁੱਕ ਨਿਬਾਹ, ਦਸਦਾ ਨਾ ਕਿਸੇ।
ਰਾਣੀ ਬੀ ਕਈ ਵਾਰ ਕੌਤਕ ਕੰਤ ਦਾ
ਦੇਖ–ਕਿ ਜਿਸਦਾ ਭੇਤ ਸਮਝ ਨ ਸੀ ਸਕੇ–
ਹੋਇਆ ਕਰੇ ਹਰਾਨ, ਪਰ ਨ ਪ੍ਰਚੋਲਦੀ।
ਹੁਣ ਸਮਝੀ ਸਭ ਭੇਤ ਵੇਲੇ ਆ ਸਮੇਂ।
ਏਸ ਸਮਝ ਦੇ ਨਾਲ ਜੀਵਨ ਕੰਤ ਦਾ
ਜਦ ਮੇਲੇ ਦਿਲ ਵਿੱਚ ਕੀ ਹੈ ਦੇਖਦੀ:–
ਏ ਹੈ ਮੂਰਤ ਠੀਕ ਸੂਰਤ ਸਿੰਘ ਦੀ।

੧. ਸਾਧਨ ੭ ਤੋਂ ੨੨ ਲਈ ਦੇਖੋ ਪੰਨਾ ੨੦੨ ਤੇ ੨੦੩।

ਪੁੜੀ ਦਿਲੇ ਇਹ ਬਾਤ ਗੁਰਮੁਖ ਸਿੱਖਦੀ:–
ਪਤੀ ਪੂਰਨੇ ਵਾਹ ਗਿਆ ਜੁ ਜੱਗ ਤੇ
ਬਿਨਾ ਤੁਰੇ ਉਸ ਰਾਹ ਮਿਲਸੀ ਕੀਕੁਰਾਂ
ਵਾਸਾ ਦੇਸ਼ ਮਝਾਰ ਉਸਦੇ ਆਪਣੇ;
ਤਾਂਤੇ ਸੱਚੀ ਬਾਤ ਗੁਰਮੁਖ ਆਖਦਾ।

ਪਰ ਹੁਣ ਸਹਿਮਜਾਂ ਫੇਰ ਰਿਦਾ ਹਿਰਾਨ ਹੋ,–
ਮੈਂ ਪ੍ਰੀਤਮ ਦੇ ਪ੍ਰੇਮ ਉਸਦੇ ਧਜਾਨ ਹਾਂ
ਮੱਤੀ ਰਹਾਂ ਹਮੇਸ਼ –ਸੱਕਾਂ ਛੋੜ ਨਾ,
ਕੌਣ ਕਰੂ ਇਹ ਕਾਰ ਕਰਨੀ ਜੋ ਕਹੀ
ਗੁਰਮੁਖ ਨੇ ਹੈ ਆਪ ਸਾਰੀ ਖੋਲ੍ਹਕੇ ?
ਜੇ ਕੀਤੀ ਇਹ ਕਾਰ ਨਿਭਸਾਂ ਕੀਕੁਰਾਂ।
ਜੇ ਕੀਤੀ ਨਾ ਏਹ ਮਿਲਸੀ ਕੰਤ ਨਾ
ਅੰਤ ਪ੍ਰਯੰਤ ਕਦੀ ਭਿ, –ਰਸਤਾ ਹੋਰ ਨਾ।
ਜੇ ਨਾ ਮਿਲਿਆ ਕੰਤ ਮੇਰੀ ਹੋਂਦ ਏ
ਹੋਈ ਫਿਰ ਕਿਸ ਕੰਮ, ਧ੍ਰਿਗ ਮੈਂ ਹੋਣ ਨੂੰ।
ਕੀਕੁਣ ਛੱਡਾਂ ਹਾਇ ਤੈਨੂੰ ਮੇਰਿਆ !
ਤੈਨੂੰ ਰਖਕੇ ਨਾਲ ਕੀਕੁਰ ਮੈਂ ਕਰਾਂ,
ਔਖੀ ਕਰਨੀ ਏਹ ਜੋ ਸੁਣ ਮੈਂ ਲਈ।

ਫਿਰ ਅੱਖੀਂ ਜਲ ਆਇ, ਸੂਰਤ ਕੰਤ ਦੀ
ਯਾਦ ਕਰੀ ਤਦ ਯਾਦ ਨੇ ਤਤਕਾਲ ਹੀ
ਓਹੋ ਬੰਨ੍ਹ ਸਰੂਪ ਆਂਦਾ ਸਾਮ੍ਹਣੇ,
ਅੰਦਰੋਂ ਜੱਫਾ ਮਾਰ ਮਾਨੋਂ ਕੰਤ ਨੂੰ
ਚੰਬੜ ਕੇ ਧਜੀ ਰੋਇ, ਕਰਦੀ ਬੇਨਤੀ:

‘ਮੈ ਮਨਤਾਰੂ ਹਾਇ ! ਹੇ ਸਿਰਤਾਜ ਜੀ !
‘ਸ਼ਹੁ ਸਾਗਰ ਨੂੰ ਆਪਿ ਕਿੱਕੁਰ ਠਿੱਲ੍ਹਸਾਂ ?
‘ਅਜ ਜਾਪੀ ਹੈ ਵਿੱਥ ਕਿਤਨੀ ਹੈ ਪਈ
‘ਮੈਂ ਤੇਰੇ ਵਿਚਕਾਰ, ਸਿਰ ਦੇ ਵਾਲੀਆ !
‘ਖੇਵ ਨ ਜਾਣਾ ਨਾਉ, ਤੁਲਹਾ ਤਾਰਨਾ;
‘ਬੇੜੇ ਠੇਲ੍ਹਣ ਜਾਚ ਹਾਇ ਨ ਆਂਵਦੀ;
‘ਕੀਕੁਰ ਤਾਰ ਜਹਾਜ ਸਕਸਾਂ ਸੋਹਿਆਂ !
‘ਕੀਕੁਰ ਤੇਰੇ ਦੇਸ ਆਕੇ ਅੱਪੜਾਂ ?
‘ਹਾਂ ਮੈਂ ਬਿਨਾਂ ਜਹਾਜ, ਬਿਨਾਂ ਮਲਾਹ ਦੇ,


www.sikhbookclub.com

'ਚੱਪੇ ਬਿਨ, ਬਿਨ ਤਾਣ ਅਪਣੇ ਡੌਲਿਆਂ,
'ਕਿਵੇਂ ਸਕਾਂਗੀ ਪੌਂਚੁ? ਪਾਰ ਕਿਨਾਰੜੇ।
'ਮੇਰੇ ਜੁੱਸੇ ਜੋਰ ਜੇ ਹੋ ਮੱਛ ਦਾ
'ਮੱਛੀ ਵਾਂਙੂ ਠਿੱਲ੍ਹ ਸਾਗਰ ਲੰਘ ਕੇ
'ਲਗਾਂ ਕਿਨਾਰੇ ਆਇ ਵਤਨ ਤੁਸਾਡੜੇ;
'ਹਾਂ, ਪਰ ਮੇਰੀ ਦੇਹ ਮੱਛੀ ਵਾਂਙ ਨਾ।
'ਕਰੀਓ ਆਪ ਉਪਾਉ ਕੋਈ ਸੋਹਿਣਾ,
'ਬਿਰਦਾ ਆਪਣਾ ਜਾਣ ਆਪ ਬਣਾ ਦਿਓ
'ਮਿਲਨੇ ਸੰਦੀ ਡੌਲ ਕੰਤ ਸੁਜਾਨ ਜੀ !
'ਤਰਸਾਂ ਮਿਲਣੇ ਜੋਗ ਔਗੁਣਹਾਰੀਆਂ।
'ਹਾਂ ਖੰਭਾਂ ਤੋਂ ਹੀਣ, ਪਈ ਦੁਰਾਡੜੀ
'ਵਤਨ ਆਪਦਜੋਂ ਦੂਰ, ਤਾਣੋਂ ਸੱਖਣੀ।
'ਬੋਟ ਨਿਤਾਣੇ ਵਾਂਙ ਕੀਕੂੰ ਉੱਡ ਪਾਂ।
'ਮਿਲਨ ਵਿਕੰਦੇ ਖੰਭ, ਮਨ ਦੇ ਲੈ ਲਵਾਂ;
'ਟੋਲ ਲਵਾਂ ਓ ਦੇਸ ਜਿੱਥੇ ਹੋ ਤੁਸੀਂ,
'ਪਹੁੰਚਾਂ ਚਰਨਾਂ ਵਿੱਚ ਮਾਰ ਉਡਾਰੀਆਂ।
'ਤਾਂਤੇ ਕਰੋ ਉਪਾਉ ਆਪੇ ਕੰਤ ਜੀ !
'ਪੂਰਨ ਹੋ ਜੀ ਆਪ ਹਾਂ, ਬੇ-ਲੋੜ ਹੋ।
'ਪਰ ਹੈ ਵੱਡਿਆਂ ਬਾਣ ਆਪੇ ਤੁੱਠਣਾ,
'ਨੀਚਾਂ ਸ਼ਰਨ ਲਗਾਇ ਬਖਸ਼ ਮਿਲਾਵਣਾ।
'ਇਉਂ ਜੇ ਲਵੋ ਮਿਲਾਇ ਤਾਂ ਮਿਲ ਮੈਂ ਸਕਾਂ।
'ਤਰਸਣ ਸੰਦੀ ਬਾਣ ਮੇਰੀ ਨਾ ਮਿਟੇ,
'ਬਖ਼ਸ਼ਣ ਸੰਦੀ ਬਾਣ ਤੁਸਾਂ ਨ ਛੱਡਣੀ।'

ਇਹ ਕਹਿ ਹੋਇ ਨਿਢਾਲ ਪਈ ਚੁਫਾਲ ਹੋ
ਅੱਗੇ ਸ੍ਰੀ ਗੁਰੂ ਗ੍ਰੰਥ ਮੱਥਾ ਟੇਕ ਕੇ।
ਗੁਰਮੁਖ ਨੇ ਦੇ ਪਜਾਰ ਸਿਰ ਤੇ ਰਾਜ ਦੇ।
ਉੱਠ ਬਹਾਇਆ ਫੇਰ, ਕੁਛ ਸਸਤਾਇਕੇ
ਧੀਰਜ ਦਿੱਤਾ ਢੇਰ, ਆਸ ਬਨ੍ਹਾਂਵਦਾ:
'ਰਾਣੀ ਜੀ ! ਹੁਣ ਚਿੰਤ ਮੂਲੋਂ ਨਾ ਕਰੋ;
'ਜੋ ਗੁਣ ਮੈਂ ਹੁਣ ਆਖ ਤੁਸਾਂ ਸੁਣਾ ਦਏ,
'ਤੁਸੀਂ ਗਏ ਘਬਰਾਇ ਔਖੇ ਜਾਣ ਕੇ।
'ਏ ਹਨ ਸੌਖੇ ਠੀਕ ਅੱਗੇ ਆਪ ਦੇ।
'ਥੋੜਾ ਦੇਕੇ ਧਜਾਨ ਸਮਝੋ ਹੋਰ ਜੇ
'ਔਖ ਹੁਏਗਾ ਦੂਰ, ਸੁਖ ਉਪਜਾਵਸੀ।
'ਜਿਨ੍ਹਾਂ ਗੁਣਾਂ ਦੇ ਨਾਲ ਹੁੰਦਾ ਦੂਰ ਹੈ
'ਔਖ ਜੁ ਹੁਣ ਪਰਤੀਤ ਕੀਤਾ ਹੈ ਤੁਸਾਂ
'ਓ ਗੁਣ ਹੈਨ ਸੁ ਪਾਸ ਤ੍ਹਾਡੇ ਰਾਜ ਜੀ !
'ਵਿੱਕੋਲਿੱਤ੍ਰੇ ਹੋਇ ਦਿਲ ਵਿਚ ਵੱਸਦੇ,
'ਕਰੋ ਨ ਆਪ ਪਛਾਣ ਉਨ੍ਹਾਂ ਨਿਖੇੜਕੇ।
'ਹੈਵੇ ਜੁਗਤਿ ਸੁ ਲੋੜ ਲੋੜ ਪਛਾਣ ਦੀ,
'ਸੰਸੇ ਦਾ ਕਰ ਤਜਾਗ, ਨਿਹਚਲ ਗੱਠ ਕੇ
'ਲੱਗ ਪੈਣ ਦੀ ਲੋੜ ਬਾਕੀ ਰਾਜ ਜੀ !
'ਸੰਗਤ ਤੁਹਾਡੇ ਨਾਲ ਕਰੂ ਸਹਾਯਤਾ,
'ਦਿਨਾਂ ਦਿਨਾਂ ਵਿਚਕਾਰ ਹੋ ਜੀ ਜਾਵਸੋ
'ਪ੍ਰਭੁ ਦੇ ਗੁਰਮੁਖ ਲੋਕ ਸਿੱਖੀ ਪੂਰਿਆਂ।
'ਦੇਖੋ ਕਰਜੇ ਵਿਚਾਰ ਇਕ ਇਕ ਬਾਤ ਦਾ;
'ਦੇਖਜੇ ਨਾਲੋ ਨਾਲ ਕਿੰਨੇ ਹੈਨਗੇ
'ਅੱਗੇ ਪ੍ਰਾਪਤ, ਹੋਰ ਕਿਹੜੇ ਚਾਹਿਯੇ।
੭. [੧] 'ਸਿੱਖ ਨ ਬੋਲਣ ਝੂਠ ਤੁਸੀਂ ਨ ਬੋਲਦੇ।
੮. 'ਹਿਰਦਾ ਕਿਸੇ ਦੁਖਾਇ ਮਾਣਕ ਤੋੜਨਾ
'ਸਿੱਖ ਨ ਕਰਦੇ ਮੂਲ, ਕਰਦੇ ਨਾ ਤੁਸੀਂ,
'ਮਨ ਬਚ ਕਰਮਾਂ ਨਾਲ ਕੀਤਾ ਨਾ ਕਦੀ।
੯. 'ਗ੍ਰਿਹਸਤ-ਜਤੀ ਸਿਖ ਹੋਣ ਪੂਰੇ ਹੋ ਤੁਸੀਂ।
'ਤੁਸਾਂ ਪਤਿਬ੍ਰਤ ਪ੍ਰੇਮ ਐਸਾ ਪਾਲਿਆ,
'ਕੋਈ ਨਹਿੰ ਸਮਰੱਥ ਐਸਾ ਹੋਇਆ।
੧੦. 'ਦਾਤੇ ਹੋ ਪਰਬੀਨ, ਦੇਂਦੇ ਦਾਨ ਹੋ
'ਧਨ ਦੌਲਤ ਤੇ ਮਾਲ ਪਰਜਾ ਪਾਲਦੇ।
੧੧. 'ਹੱਕ ਬਿਨਾ ਜੋ ਧਾਨ ਸਿੱਖ ਨ ਲੇਂਵਦੇ;
'ਬੇਹੱਕਾ ਕਿਸ ਤੌਰ ਲੀਤਾ ਨਾ ਤੁਸੀਂ।
੧੨. 'ਝਾਕ ਨ ਪੂਜਾ ਧਾਨ ਸਿੱਖ ਰਖਾਂਵਦੇ,
'ਸੋ ਰੱਖੀ ਨਹਿ ਮੂਲ, ਲੀਤਾ ਦਾਨ ਨਾ।
੧੩. 'ਚੋਰੀ ਧੋਖੇ ਨਾਲ, ਤੁਸਾਂ ਸੰਬੰਧ ਨਾ;
'ਜੋ ਰਾਜੇ ਦਾ ਹੱਕ ਨਾਲ ਨਿਆਇਂ ਦੇ,
'ਸੋ ਲੈ ਪਰਜਾ ਸੁੱਖ ਵਿਚ ਹੋ ਲਾਂਵਦੇ।
੧੪. 'ਨਹੀਂ ਲੋਭਦੀ ਥਾਉਂ ਹਿਰਦੇ ਹੈ ਤੁਸਾਂ।
੧੫. 'ਗੁੱਸਾ ਖਾਇ ਨ ਮੂਲ ਤੁਸਾਂ ਵਿਗਾੜਿਆ

੧. ਸਾਧਨ ੧ ਤੋਂ ੬ ਲਈ ਦੇਖੋ ਪੰਨਾ ੧੯੯ ਤੇ ੨੦੦।

'ਅਪਣਾ ਚਿੱਤ ਅਰਾਮ, ਕੇ ਸੁਖ ਹੋਰ ਦਾ।
'ਨਿੰਮ੍ਰਤ ਡੂੰਘਾ ਭਾਵ ਜੈਸਾ ਆਪ ਨੂੰ
'ਸਤਿਗੁਰ ਬਖਸ਼ਜਾ ਆਪ ਬਖਸ਼ੇ ਸੱਭ ਨੂੰ।
੧੬. 'ਰਾਣੀ ਹੋ ਹੰਕਾਰ ਕੀਤਾ ਨਾ ਕਦੇ।
' 'ਚੜ੍ਹਦਿ ਕਲਾਂ' ਦਾ ਭੇਤ ਫਿਰ ਹੋ ਸਜਾਣਦੇ।
੧੭. 'ਹਿਰਦੇ ਸਦਾ ਸੰਤੋਖ ਵਸਦਾ ਆਪ ਦੇ।
੧੮. 'ਇੰਦ੍ਰੇ ਸੱਭ ਅਧੀਨ ਮਨ ਸੁਲਤਾਨ ਦੇ;
'ਮਤਿ ਉੱਚੀ ਦੇ ਵੱਸ ਮਨ ਹੈ ਆਪਦਾ:
'ਮਤਿ ਦਾ ਰਾਖਾ ਰੱਬ ਸਿਰ ਤੇ ਜਾਣਿਆਂ।
'ਸਾਰੇ ਗੁਣਾਂ ਨਿਵਾਸ ਹੋਯਾ ਹੈ ਸੁਤੇ।
'ਜੇ ਮਨ ਹੋ ਬੇ-ਵੱਸ ਕਿਧਰੇ ਹੈ ਗਿਆ
'ਗਿਆ ਪਤੀ ਦੇ ਧਜਾਨ ਪ੍ਰੇਮ ਪ੍ਰਵੇਧਿਆ;
'ਕੀਤਾ ਬਿਹਬਲ ਏਸ ਆਪਜੋਂ ਲੰਘਵਾਂ।
'ਬਿਰਹੋਂ ਵਾਲੇ ਦੁੱਖ ਝਾਗੇ ਹੈ ਤੁਸਾਂ,
'ਜੱਫਰ ਵਾਲੇ ਕ੍ਰੈਰ ਕਸ਼ਟਾਂ ਵਾਲੜੇ।
'ਪਰ ਇਹ ਪ੍ਰੇਮ ਸੁਜਾਨ ਹੋਸ਼ਾਂ ਵਾਲੜਾ
'ਬਾਵਲਪਨ ਦੀ ਹੱਦ ਨਾ ਸੀ ਟੱਪਿਆ,
'ਇਸ ਕਾਰਨ ਮਨ ਏਸ ਚੰਗਾ ਸਾਧਿਆ।
'ਮਨ ਦੀ ਲੱਗੀ 'ਤਾਰ' ਇਕ ਰੁਖ਼ ਹੋ ਗਈ,
'ਨਿਰਮਲ ਹੋਈ ਨਾਲ ਧੋਤੀ ਪ੍ਰੇਮ ਦੀ।
੧੯. 'ਰਾਜ ਧਰਮ ਵਲ ਘੱਟ ਰਿਹਾ ਧਿਆਨ ਹੈ।
'ਸੋ ਹੁਣ ਧਰਮ ਪਛਾਣ ਧਾਰੋ ਰਾਜ ਜੀ !
੨੦. 'ਪੂਜਾ ਬੁੱਤ ਸਮਾਧ ਸੋਝੀ ਗੱਲ ਨਾ
'ਭਾਵੇਂ ਸੀ ਪਰਲਾਪ 'ਵਸਥਾ ਪ੍ਰੇਮ ਦੀ
'ਜਿਸ ਵਿਚ ਇਹ ਕੁਛ ਆਪ ਹੈਸੀ ਸਾਜਿਆ
'ਪਰ ਜੜ੍ਹ-ਪੂਜਾ ਯੋਗ ਹੈ ਨਹਿਂ ਰਾਣਿਏਂ !
੨੧. 'ਸ਼ਹੁ ਸਾਂਈਂ ਦੀ ਟੋਲ ਕਰਦਜਾਂ ਰਾਜ ਜੀ !
'ਕੁੱਝ ਉਕਾਈਆਂ ਆਪ ਖਾਂਦੇ ਹੋ ਰਹੇ;
'ਪਰ ਹੁਣ ਹੋਈਆਂ ਦੂਰ ਸੰਗਤ ਪੌਂਚ੍ਹਿਆਂ।
੨੨. 'ਅੰਮ੍ਰਿਤ ਦਾ ਸੀ ਦਾਨ ਮਿਲਿਆ ਆਪ ਨੂੰ
'ਇਹ ਸੀ ਅੰਮ੍ਰਿਤ ਓਹ ਜਿਸ ਤੋਂ ਰਾਜ ਜੀ !
' 'ਸਦ-ਅੰਮ੍ਰਿਤ-ਪਰਵਾਹ' ਹੈਵੇ ਫੁੱਟਦਾ।

'ਸਦ-ਅੰਮ੍ਰਿਤ-ਪਰਵਾਹ ਕਹੀਏ 'ਨਾਮ' ਨੂੰ

'ਨਾਮ-ਅੰਮ੍ਰਿਤ ਦਾ ਦਾਨ ਮਿਲਿਆ ਸੀ ਤਦੋਂ
'ਜਦ ਅੰਮ੍ਰਿਤ, ਹੇ ਰਾਜ ! ਛਕਿਆ ਸੀ ਤੁਸਾਂ।
'ਉਸ ਛਿਨ ਤੋਂ ਸੀ ਜੋਗ ਚਸ਼ਮਾਂ ਨਾਮ ਦਾ
'ਜਾਰੀ ਪੈਂਦਾ ਹੋਇ ਸਰਵੀ ਨੈਂ ਜਿਵੇਂ;
'ਪੈਂਦੀ ਜਾਂਦੀ ਗੰਢ ਸਾਂਈਂ ਨਾਲ ਜੀ,
'ਲਿਵ ਉਸ ਸਾਂਈਂ ਨਾਲ ਇਉਂ ਲਗ ਜਾਂਵਦੀ।
'ਇਹ ਹੋਈ ਨਹਿਂ ਕਾਰ ਕਰਨੀ ਚਾਹੀਏ।
'ਗੁਰਮੁਖ ਸੰਤ ਸੁਜਾਨ ਪਤੀ ਤੁਸਾਡੜਾ
'ਪੱਕਾ ਇਸ ਅੱਭਜਾਸ ਸੀ ਓ ਹੋ ਗਿਆ।
'ਪਤੀ ਤੁਸਾਡਾ ਏਹ ਚਾਵ੍ਹੇ ਸੀ ਸਦਾ
'ਲਿਵ ਦੀ ਸਦਾ ਬਹਾਰ ਲੱਗੇ ਆ ਤੁਸਾਂ।
'ਪਤੀ-ਪਜਾਰ ਵਿਚ ਲੀਨ ਐਪਰ ਸੇ ਤੁਸੀਂ,
'ਕੀਤੀ ਨਾ ਪਰਵਾਹ ਸੀ ਉਸ ਗੱਲ ਦੀ
'ਪਤੀ ਤੁਸਾਂ ਜੋ ਜੋਗ ਚਾਹੇ ਦੱਸਣੀ।
' 'ਚਾਣਕ ਸਾਂਈਂ-ਖੇਲ ਹੋਰੋਂ ਵਰਤਿਆ,
'ਰਾਣੇ ਜੀ ਨੂੰ ਸੱਦ ਲੀਤਾ ਰੱਬ ਨੇ
'ਜਿਸ ਪਰ ਡਾਢਾ ਸ਼ੋਕ ਸਭ ਨੂੰ ਹੋਇਆ।
'ਕਹਿਰ ਵਿਛੋੜਾ ਏਹ ਜਿਸ ਵੰਗਾਰਿਆ
'ਤੁਹਾਡੇ 'ਪਤੀ-ਪਰੇਮ' ਨੂੰ ਅਤਿ ਜ਼ੋਰ ਦਾ
'ਸੱਚਾ ਸੀ ਇਹ ਪ੍ਰੇਮ, ਪ੍ਰੀਤਮ ਕੰਤ ਦਾ,
'ਹੈਸੀ ਤੀਬਰ ਏਹ -ਤ੍ਰਿੱਖਾ ਅੱਤਿ ਦਾ
'ਗ਼ਮ ਚਿੰਤਾ ਦੇ ਘਾਉ ਵਧ ਤੋਂ ਵਧ ਕੇ
'ਬਿਰਹੋਂ ਨੇ ਦੇ ਸੱਲ ਲਾਏ ਸੇ ਤੁਸਾਂ।
'ਪਰ ਉਸ ਸੱਚੇ ਪ੍ਰੇਮ ਦਿਲ ਨੂੰ ਸਾਧਿਆ
'ਧਜਾਨ ਨਿਸ਼ਾਨੇ ਇੱਕ ਤੇ ਟਿਕ ਹੈ ਗਿਆ
'ਹੁੰਦੇ ਦਰਸ਼ਨ ਹੈਨ, ਪਰ ਆ ਸੰਸੜੇ
'ਘੇਰ ਤੋੜਦੇ ਫੇਰ ਘਾਬਰ ਪਾਂਵਦੇ।
'ਇਤਨੀ ਹੈਵੇ ਲੋੜ ਹੁਣ ਸ੍ਰੀ ਰਾਜ ਜੀ
'ਸੰਸਾ ਹੋਵੇ ਦੂਰ ਦਿਲ ਟਿਕ ਜਾਇ ਏ
'ਪੂਰੇ ਛਾਬੇ ਤੋਲ ਤਕੜੀ ਵਾਕੁਰੇ,
'ਉਸ ਵਿਚ ਰੱਬ ਨਿਵਾਸ ਹੋਵੇ ਸੋਹਿਣਾ।
'ਹੋ ਜਾਵੇ ਜੋ ਸੀਗ ਕੰਤ ਤੁਸਾਡੜਾ;
'ਇਹ ਕਰਨੀ ਹੈ ਲੋੜ ਪੂਰੀ ਆਪ ਜੀ !

'ਜੋ ਸੰਗਤ ਨੇ ਦਾਨ ਦਿੱਤਾ ਅੱਜ ਹੈ
'ਇਸ ਵਿਚ ਜੇ ਮਨ ਲਾਇ ਲੌਂ, ਹੋ ਜਾਵਸੋ
'ਪਤੀ ਸਮਾਨ ਸਪੰਨ, ਵਸਨੇ ਜੋਗ ਹੋ
'ਓਸ ਲੋਕ ਵਿਚਕਾਰ ਜਿੱਥੇ ਵੱਸਦਾ
'ਸੁਹਣਾਂ ਦੂਲਾ ਸੰਤ ਕੰਤ ਸੁ ਆਪ ਦਾ।
'ਦਿਲ ਜੁੜ ਜੁੜ ਕੇ ਰਾਜ ! ਨਾਲ ਪਰਮੇ ਦੇ
'ਇਕ ਨੁਕਤੇ ਤੇ ਏਹ ਜੋਗੀ ਹੋ ਗਿਆ।
'ਇਸ ਵਿਚ ਰੱਬ ਕ੍ਰਿਪਾਲ ਜਦ ਆ ਵੱਸਿਆ
'ਵਿੱਥ ਰੱਬ ਦੇ ਨਾਲ ਰਹੂ ਨ ਬੀ ਰਤੀ;
'ਵਿੱਥ ਪਤੀ ਦੇ ਨਾਲ ਫਿਰ ਕਿਉਂ ਰੈ ਸਕੂ
'ਜਦ ਉਹ ਬੀ ਹੈ ਨਾਲ ਜੁੜਿਆ ਰੱਬ ਦੇ?
'ਸੱਚਾ ਗੁਰੂ ਕ੍ਰਿਪਾਲ ਤੁੱਠਯਾ ਆਪ ਹੈ
'ਸਭਨੀਂ ਗੱਲੀਂ ਜੋਗ ਕੀਤਾ ਆਪ ਨੂੰ।
'ਸਾਨੂੰ ਹੈ ਵਿਸ਼ਵਾਸ਼ ਛੇਤੀ ਬੌੜੂ ਹੀ
'ਕਾਰਯ ਸਿੱਧ ਸੁ ਸਿੱਧ ਸਿੱਧੀ ਪਾਇਗਾ,
'ਤਾਂਤੇ ਡੋਲਣ ਲੋੜ ਹੁਣ ਨਾ ਹੈ ਰਤੀ।'

# ੩੨. ਸਤਿਸੰਗ-ਗੁਰਮੁਖ ਪਦ

ਸੁਣਕੇ ਰਾਣੀ ਰਾਜ ਸਾਹਿ ਿ'ਕ ਖਿੱਚਿਆ
ਅੱਖਾਂ ਉੱਪਰ ਵਾਰ ਹੋ ਕੇ ਉੱਠੀਆਂ,
'ਕਾਲੋਂ' ਪੁਤਲੀ ਤੀਕ ਛਿਪ ਗਜੀ ਸੱਭ ਹੀ,
ਬਾਕੀ ਅਧਖੁਲ੍ਹਿ-ਨੈਣ ਮਾਨੋ ਰੈ ਗਏ,
ਛੱਪਰ ਡਿੱਗੇ ਫੇਰ ਅੱਖਾਂ ਮੁੰਦੀਆਂ।
ਰਾਣੀ ਹਿਰਦੇ ਵਿੱਚ ਦੇਖੇ ਕੰਤ ਦੀ
ਸੂਰਤ ਰਹੀ ਬਿਰਾਜ ਹਸਦੀ ਸੋਹਿਣੀ,
ਮਾਨੋਂ ਉਸ ਨੂੰ ਦੇਇ ਇਹ ਸੰਦੇਸੜਾ:
'ਠੀਕ ਠੀਕ ਹੈ ਰਾਹ ਗੁਰਮੁਖ ਦੱਸਿਆ,
'ਚਲ ਇਸ ਤੇ ਹੇ ਰਾਜ ! ਇਸ ਵਿਚ ਮੈਂ ਖੁਸ਼ੀ।'
ਮੁਸਕਾਹਟ ਉਸ ਸੰਤ- ਚਿਹਰੇ ਵੇਖਕੇ
ਵਿਗਸਜਾ ਹਿਰਦਾ ਰਾਜ, ਖੁਲ੍ਹ ਪਜੇ ਨੈਣ ਓ
ਜੋ ਹੋਏ ਸੇ ਬੰਦ ਹੁਣ ਹੀ ਸੋਹਿਣੇ।
ਗੁਰਮੁਖ ਰਹਿਆ ਚੁੱਪ ਸੀ ਤਦ ਤੀਕਰਾਂ
ਫਿਰ ਸਹਿਜੇ ਉਸ ਵਾਕ ਐਕੁਰ ਆਖਿਆ:-
'ਗੁਰਮੁਖ ਸੀ ਓ ਸੰਤ ਸ੍ਵਾਮੀ ਆਪਦਾ
'ਗੁਰਮੁਖ ਹੁਣ ਹੋ ਜਾਉ ਜੇਕਰ ਬੀ ਤੁਸੀਂ
'ਇਕ ਦੇਸੀ ਪ੍ਰਿਯ ਨਾਲ ਤਦ ਹੋ ਜਾਵਸੋ।
'ਸਿੱਖੀ ਪ੍ਰਾਪਤ ਆਪ ਨੂੰ ਹੈ ਹੋ ਰਹੀ
'ਜਿਸ ਦਾ ਸਾਰਾ ਹਾਲ ਮੈਂ ਦਸ ਹਾਂ ਚੁਕਾ
'ਗੁਰਮੁਖ ਪਦ ਦੀ ਲੋੜ ਹੈ ਹੁਣ ਰਾਜ ਜੀ !
'ਇਹ ਪਦਵੀ ਬੀ ਦੂਰ ਨਾਂਹੀ ਆਪ ਤੋਂ।
'ਜਿਸ ਤੇ ਹੁਣ ਹੇ ਰਾਜ ! ਪਹੁੰਚਜਾ ਚਾਹਿਯੇ।
'ਉਸ ਦਾ ਹੁਣ ਮੈਂ ਹਾਲ ਆਖਾਂ, ਜੀ ਸੁਣੋ:-

ਗੁਰਮੁਖਿ ਨਾਮੁ ਦਾਨੁ ਇਸਨਾਨੁ॥ {ਸਿਧ ਗੋਸਟਿ-੩੬}

'ਏ ਲੱਛਣ ਗੁਰ ਆਪ ਗੁਰਮੁਖ ਦੇ ਕਹੇ,
'ਇਸ ਦਾ ਜੋ ਹੈ ਭੇਤ ਸੋ ਮੈਂ ਦੱਸਦਾਂ:

ਇਸ਼ਨਾਨ-

'ਪਹਿਲਾ ਹੈ ਇਸ਼ਨਾਨ ਲੱਛਣ ਗੁਰਮੁਖਾਂ,
'ਏਸ ਧਾਰਨਾ ਜੋਗ ਐਕੁਰ ਧਾਰਦੇ:-
੧.'ਦੇਹੀ ਕਰਨੀ ਸੁੱਧ ਹੈ ਨ੍ਹਾ ਧੋਇਕੇ
'ਸ਼ੁਧ ਕੀਤੀ ਨੂੰ ਸ਼ੁੱਧ ਹੈਵੇ ਰੱਖਣਾ।
'ਉਜਲ ਬਸਤਰ ਪੈਨ੍ਹ ਰਹਿਣਾ ਉੱਜਲੇ।
'ਅਲਪ ਅਹਾਰ, ਸੁਨੀਂਦ ਸੁਲਪੀ ਰੱਖਣੀ,
'ਦੇਹੀ ਸਦਾ ਅਰੋਗ ਚਹੀਏ ਰੱਖਣੀ।
'ਰਹੇ ਨਰੋਈ ਦੇਹ ਜਿਸ ਬਿਧਿ ਰਾਜ ਜੀ,
'ਉਹ ਕਰਨੇ ਉਪਚਾਰ ਤੇ ਪਰਬੰਧ ਹੈਂ।
'ਇਹ 'ਦੇਹੀ-ਇਸ਼ਨਾਨ' ਹੈਵੇ ਗੁਰਮੁਖਾਂ।
੨. 'ਮਨ ਨੂੰ ਰੱਖਣ ਸਾਫ਼ ਖਜਾਲੋਂ ਮਾੜਿਓਂ
'ਜੈਸੇ ਨਿਰਮਲ ਛੰਭ ਚਸ਼ਮੇ ਸਾਫ ਦਾ।
'ਮਨ ਦੀ ਸਾਰੀ ਮੈਲ ਰਹਿਣਾ ਧੋਂਦਿਆਂ।
'ਨੀਵਾਂ ਹੋਵੇ ਨਾਲ ਵਾਕੂ ਛੰਭ ਦੇ;
'ਟਿੱਬੇ ਵਾਕੂ ਉੱਚ ਹੋਇ ਨ ਨਿੱਫਲਾ;
'ਇਹ 'ਮਨ ਦਾ ਇਸ਼ਨਾਨ' ਹੈਵੇ ਰਾਜ ਜੀ !
੩. 'ਮਤਿ ਨੂੰ ਐਦਾਂ ਸਾਫ਼ ਰਾਣੀ ! ਰਖੀਏ


www.sikhbookclub.com

'ਕਰਕੇ ਸੋਚ ਵਿਚਾਰ ਮਾੜੀ ਸੋਚ ਨੂੰ
'ਦੂਰ ਰੱਖੀਏ, ਸਾਫ਼ ਅੰਦਰ ਧਾਰੀਏ।
'ਖੋਟੀ ਕਦੀ ਵਿਚਾਰ ਮਤਿ ਤੇ ਨਾਂ ਛਏ।
'ਉਚਿਆਂ ਮਨ ਤੋਂ ਠੀਕ ਮਤਿ ਨੂੰ ਰੱਖਣਾ,
'ਮਨ ਦੇ ਹੇਠਾਂ ਲਾਇ ਕਰਨੀ ਨੀਚ ਨਾ।
'ਮਤਿ ਉੱਜਲ ਤੇ ਉੱਚ ਦੱਸੇਗੀ ਸਦਾ
'ਮਨ ਦੀ ਚਾਹੀ ਬਾਤ ਕਿਤਨੀ ਹੈ ਭਲੀ।
'ਨੀਵੀਂ ਬੁੱਧਿ ਮਲੀਨ ਦੱਸ ਨ ਸਕਦੀ
'ਮਨ ਚਾਹੀ ਜੋ ਬਾਤ ਬੁਰੀ ਕਿ ਨੇਕ ਹੈ।
'ਸਾਈਂ-ਰਾਖੀ ਹੇਠ ਮਤਿ ਨੂੰ ਰੱਖਿਆਂ
'ਹੁੰਦੀ ਬੁੱਧੀ ਸਾਫ਼ ਨਿਰਮਲ ਰਾਣੀਏਂ !
'ਏ 'ਬੁੱਧੀ-ਇਸ਼ਨਾਨ' ਹੈਵੇ ਰਾਜ ਜੀ!

੪.'ਫਿਰ ਚਿੱਤ ਰੱਖਣ ਸਾਫ਼' 'ਚਿਤ-ਇਸ਼ਨਾਨ' ਹੈ।
'ਬ੍ਰਿਤੀਆਂ ਅਨਿਕ ਪ੍ਰਕਾਰ ਛਾਦਨ ਚਿੱਤ ਤੇ।
'ਪਹਿਰਾ ਦੇਣਾ ਏਹ ਹੈ ਹੁਣ ਰਾਜ ਜੀ !
'ਸਤੋ ਗੁਣੀ ਪਰਭਾਵ ਵਾਲੀਆਂ ਹੋਣ ਏ
'ਇਸਨੂੰ 'ਚਿਤ-ਇਸ਼ਨਾਨ' ਗੁਰਮੁਖ ਆਖਦੇ।

੫.'ਫਿਰ ਆਤਮ ਇਸ਼ਨਾਨ ਐਕੁਰ ਹੋਂਵਦਾ-
'ਕਰ ਕਰ ਕੇ ਵਿਤ੍ਰੇਕ ਅਪਣੇ ਅੰਦਰੋਂ
'ਇਸ ਬਿਧਿ ਕਰਨ ਪ੍ਰੀਤਤ ਰਾਣੀ ! ਲੋੜੀਏ:-
'ਮੈਂ ਦੇਹੀ ਤੋਂ ਵੱਖ ਹੈਵਾਂ ਆਤਮਾ।
'ਦੇਹ ਤੋਂ ਲੈ ਮਨ ਬੁੱਧਿ ਅੰਤਹਕਰਨ ਜੋ
'ਯਾ ਜੋ ਬ੍ਰਿਤੀਆਂ ਵੇਗ ਅੰਦਰ ਆਖੀਏ
'ਚਰਖੇ ਵਾਕੂ ਯੰਤ੍ਰ ਹੈ ਏ ਸਾਜਿਆ,
'ਕੱਤਣਹਾਰੇ ਵਾਂਙ ਮੈਂ ਹਾਂ ਵੱਖਰਾ।
'ਜੜ੍ਹ ਨ ਅਨਾਤਮ, ਦੇਹ, ਮਾਯਾ ਮੈਂ ਨਹੀਂ,
'ਮਾਦਾ ਪ੍ਰਕ੍ਰਿਤ ਨਾਹਿੰ ਇਸ ਤੋਂ ਵੱਖ ਹਾਂ,
'ਮੈਂ ਹਾਂ ਸਾਈਂ ਅੰਸ਼ ਰੁਹ ਜਾਂ ਆਤਮਾ।
'ਇਉਂ 'ਆਤਮ-ਇਸ਼ਨਾਨ' ਗੁਰਮੁਖ ਹੈ ਕਰੇ।

ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ
ਪਰ ਮਿਟੈ ਨ ਮੰਸੁ ॥ {ਗੋਂਡ ਕਬੀਰ ਜੀ-੫}

ਦਾਨ-
'ਫਿਰ ਕਰਦੇ ਹਨ ਦਾਨ ਗੁਰਮੁਖ ਸਿੱਖ ਜੋ
੧. 'ਪਹਿਲੇ ਦਾਨ ਮਹਾਨ ਕਰਦੇ ਅੰਨ ਦਾ।
'ਦਾਰੀ, ਦਾਰੂ, ਨੀਰ, ਦੇਵਣ ਕੱਪੜੇ।
'ਦੁਖੀਆਂ ਦੀ ਹਰ ਭਾਂਤਿ ਲੈਂਦੇ ਸਾਰ ਓ,-
'ਵਿਧਵਾ ਹੋਇ ਅਨਾਥ, ਬਿਪਤਾ ਮਾਰਿਆ,
'ਹੋਵੇ ਕੁਈ ਮੁਥਾਜ ਕਰਨ ਸਹਾਇਤਾ।
'ਮਿੱਠੇ ਕਰਦੇ ਵਾਕ ਮੂੰਹੋਂ ਦਾਨ ਹੈਂ।
'ਏ 'ਦੇਹੀ ਦੇ ਦਾਨ' ਸਾਰੇ ਆਖੀਏ।
੨.'ਗੁਰਮੁਖ 'ਮਨ ਦਾ ਦਾਨ' ਕਰਦੇ ਐਕੁਰਾਂ :
'ਭਲੇ ਕਰਨ ਦੀ ਚਾਹ ਦਿਲ ਵਿਚ ਧਾਰਦੇ।
'ਦਿਲ ਵਿਚ ਏ ਉਤਸ਼ਾਹ ਦੇਹ ਨੂੰ ਟੋਰਦਾ
'ਦਾਨ ਕਰਨ ਦੇ ਰਾਹ, ਦਾਨ ਕਰਾਉਂਦਾ।
੩. 'ਫਿਰ ਬੁੱਧੀ ਵਿਚ ਦਾਨ ਇੰਵ ਵਸਾਂਵਦੇ,-
'ਗੁਰਮੁਖ ਕਰ ਵਿਤ੍ਰੇਕ ਦਾਨ ਦਿਵਾਂਵਦੇ
'ਜਿਸਤੋਂ ਪਹੁੰਚੇ ਸੁੱਖ ਸਚ ਮੁਚ ਦਾ ਕਿਸੇ।
'ਅਧਿਕਾਰੀ ਅਧਿਕਾਰ ਬੀ ਓ ਸਜਾਣਦੇ
'ਅਪਣਾ 'ਦੇਵਨ-ਤਾਣ' ਨਾਲ ਪਛਾਣਦੇ।
'ਦੇ ਕੇ ਜੇ ਮਨ ਵਿੱਚ ਹਉਮੈਂ ਆਂਵਦੀ
'ਬੁੱਧੀ ਕਰ ਵਿਤ੍ਰੇਕ ਉਸਨੂੰ ਦੱਸਦੀ,
'ਕਹਿੰਦੀ ਦੇ ਕੇ ਦਾਨ ਨਹੀਂ ਬਫਾਵਣਾ।
'ਜੇ ਮਨ ਗ਼ਰਜ਼ਾਂ ਧਾਰ ਦਾਨ ਕਰਾਂਵਦਾ
'ਬੁੱਧੀ ਗ਼ਰਜ਼ਾਂ ਧੋਇ ਦੇਂਦੀ, ਆਖਦੀ :
'ਦਾਨ ਕਰੀਂ ਨਿਸ਼ਕਾਮ, ਛੱਡੀਂ ਕਾਮਨਾਂ।
'ਫਿਰ ਜੋ ਬੁੱਧੀ ਵਿੱਚ ਵਿਦਜਾ ਹੈ ਅਈ
'ਸ਼ੁਭ ਮਤਿ, ਗੁਰਮਤਿ ਆਪ ਲੋਕਾਂ ਦੇ ਤਈਂ
'ਗੁਰਮੁਖ ਦੇਂਦੇ ਦਾਨ, ਜਗ ਰੁਸ਼ਨਾਂਵਦੇ।
'ਅਪਣੀ ਬੁੱਧੀ ਨਾਲ ਬੁੱਧੀ ਹੋਰ ਦੀ
'ਦੇਂਦੇ ਹੈਨ ਜਗਾਇ ਦੀਵਾ ਦੀਵਿਓਂ।
' 'ਨਾਮ' 'ਗਜਾਨ' ਤੇ 'ਪ੍ਰੇਮ' ਸਾਈਂ ਵਾਲੜਾ,
'ਦਸਦੇ ਸਾਰੀ ਜਾਚ ਕੀਕੁਰ ਏ ਮਿਲੇ।
੪.'ਚਿਤ ਵਿਚ ਦਾਨ ਨਿਵਾਸ ਐਕੁਰ ਹੋਂਵਦਾ:
'ਜੋ ਕੁਝ ਕੀਤੇ ਦਾਨ ਦੇਹੀ ਜੀਭ ਨੇ;
'ਮਨ ਬੁੱਧੀ ਦੇ ਦਾਨ ਜੋ ਕੁਝ ਹੋ ਗਏ।
-ਹਾਲ ਜਿਨ੍ਹਾਂ ਦਾ ਰਾਜ ! ਮੈਂ ਦਸ ਚੁੱਕਿਆਂ-

‘ਉਹਨਾਂ ਨੂੰ ਨਾ ਦਾਨ ਅਪਣਾ ਜਾਣਦੇ,
‘ਹੁਕਮੇ ਅੰਦਰ ਖੇਡ ਜਾਣਨ ਮੈਂ ਕਰਾਂ।
‘ਐਕੁਰ ਕਰਦਜਾਂ ਦਾਨ ਜੇ ਦੁਖ ਆਂਵਦਾ
‘–ਨੇਕੀ ਬਦਲੇ ਪੇਸ਼ ਬੁਰਾ ਜਿ ਆਂਵਦਾ
‘ਸਭ ਨੂੰ ਲੈਂਦੇ ਝੱਲ ਕਰਦੇ ਓ ਖਿਮਾਂ।
‘ਗੁਰਮੁਖ ਕਰ ਅਹਿਸਾਨ ਦਾਨ ਨ ਦੇਂਵਦਾ
‘ਦੇਕੇ ਚਿੱਤੋਂ ਯਾਦ ਉਸਦੀ ਕੱਢਦਾ।
‘ਇਹ ਹੈ ‘ਚਿਤ ਸੁ ਦਾਨ’ ਜਾਣੋ ਰਾਜ ਜੀ!
੫. ‘ਜੋ ਆਤਮ ਸੁਰਜੀਤ ਹੈਵੇ ਹੋਇਆ
‘ਉਹ ਜਾਣੇ ਹੈ ਏਹ:– ਮੇਰਾ ਕੁੱਝ ਨਾ,
‘ਨਾ ਦੌਲਤ ਨਾ ਮਾਲ ਮਹਿਲ ਨ ਮਾੜੀਆਂ,
‘ਨਾਂ ਧੀਆਂ ਨਾਂ ਪੁੱਤ ਸੱਜਣ ਸਾਕ ਨਾ।
‘ਦੇਹ ਤੇ ਇਦ੍ਹੇ ਸਬੰਧ ਮੇਰੇ ਹੈਨ ਨਾ।
‘ਐਸੇ ਗੁਰਮੁਖ ਲੋਕ ਕਰਦੇ ਦਾਨ ਜੋ
‘ਹੁੰਦਾ ਸਹਜ ਸੁਭਾਵ ਜਿਵੇਂ ਗੁਲਾਬ ਤੋਂ
‘ਖੁਸ਼ਬੋਈ ਦਾ ਦਾਨ ਆਪੇ ਹੋ ਰਿਹਾ।

‘ ‘ਲੈਣਾਂ’ ਅਹੈ ਸੁਭਾਵ ‘ਮਾਯਾ’ ਦਾ, ਸੁਣੋ:–
‘ ‘ਦੇਣਾ–ਦਾਨ’ ਸੁਭਾਵ ਹੈ ਪਰਮਾਤਮਾਂ;
‘ਪਰਮਾਤਮ ਦੀ ਅੰਸ਼ ਹੈ ਏ ਆਤਮਾਂ,
‘ਜੋ ਉਸਨੇ ਹੈ ਦਾਨ ਦਿੱਤਾ ਸੋਹਿਣਾ;
‘ਅੰਸ਼ ਵਿੱਚ ਉਹ ਭਾਵ ਬੀ ਮੌਜੂਦ ਹੈ।
‘ਜਦੋਂ ਆਤਮਾ ਸ੍ਵੱਛ ਹੈ ਹੋ ਜਾਂਵਦੀ
‘ਦੇਣ ਸੁਭਾ ਹੈ ਆਪ ਉਸ ਵਿਚ ਜਾਗਦਾ।
‘ਜੋ ਹੈਵੇ ਇਨਸਾਨ ਮਾਯਾ ਵੇੜ੍ਹਿਆ
‘ਤੇ ਗੁਰਮੁਖ–ਇਸ਼ਨਾਨ ਕੀਤਾ ਨਾ ਜਿਨ੍ਹੇ
‘ਲੈਣੇ ਸੰਦੀ ਕਾਰ ਕਰਦਾ ਓ ਸਦਾ।
‘ਜਿਤਨੇ ਦੁਨੀਆਂਦਾਰ, ਦੇਣ ਨਾ ਜਾਣਦੇ।
‘ਜੋ ਦੇਂਦੇ ਦਿਸ ਆਣ ਮੈਲੇ ਆਤਮੀਂ
‘ਓਹ ਦੇਂਦੇ ਨਹਿੰ ਮੂਲ ਕਰਦੇ ਸੌਦੜੇ
‘ਹੋਰ ਵਾਸ਼ਨਾ ਧਾਰ ਦਹਿ ਗੁਣ ਲੈਣ ਦੀ;
‘ਯਾ ਕੁਝ ਹੋਰ ਪ੍ਰਕਾਰ ਇੱਛਾ ਧਾਰਕੇ।
‘ਪਰ ਜੋ ਹਉਂ ਤੋਂ ਉੱਠ ਉੱਚੇ ਹੋਂਵਦੇ,
‘ਆਤਮ ਉਨ੍ਹਾਂ ਸੁਭਾਵ ਹੈਵੇ ਜਾਗਦਾ,
‘ਦੇਣ ਸੁਭਾ ਉਨ ਵਿੱਚ ਵਧਦਾ ਜਾਂਵਦਾ।
‘ਪਹਿਲਾਂ ਕਰਦੇ ਦਾਨ ਫਰਜ਼ ਸਿਆਣਕੇ
‘ਫਿਰ ਕਰਦੇ ਹਨ ਦਾਨ ਸੇਵਾ ਜਾਣਕੇ
‘ਫਿਰ ਕਰਦੇ ਹਨ ਦਾਨ ਗ਼ਰਜ਼ ਨ ਰੱਖਕੇ,
‘ਕਹੀਏ ਜੋ ਨਿਸ਼ਕਾਮ ਜਾਂ ਨਿਰਵਾਸ਼ਨਾਂ।
‘ਇਸਦਾ ਸਭ ਵਿਸਥਾਰ ਮੈਂ ਕਹਿ ਹਾਂ ਚੁਕਾ;
‘ਸਿਖਦੇ ਸਾਰੇ ਦਾਨ ਉੱਚੇ ਆਂਵਦੇ।
‘ਜਦ ਆਤਮ ਦਾ ਦਾਨ ਓ ਹਨ ਸਿੱਖਦੇ,
‘ਤਦ ਜਾਣਨ ਏ ਬਾਤ ਐਦਾਂ ਜੋ ਲਿਖੀ:–

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥
{ਸਲੋਕ ਕਬੀਰ–੨●੩}

‘ਜਿਉਂ ਜਿਉਂ ਸਾਧਕ ਵੱਧ ਉੱਠਣ ਦੇਹ ਤੋਂ
‘ਤਿਉਂ ਤਿਉਂ ਵਧਵਾਂ ਦਾਨ ਕਰਦੇ ਸੋਹਿਣੇ।
‘ਦਾਨ ਵਿੱਚ ‘ਹਉਂ’ ਅੰਤ ਰਹਿੰਦੀ ਮੂਲ ਨਾਂ।
‘ਜਦ ਮਨ ਮਾਯਾ–ਮੈਲ ਵਿਚ ਪਰ ਵੱਸਦਾ,
‘–ਖ਼ੁਦਗਰਜ਼ੀ ਦੇ ਵਿਚ ਸ੍ਵਾਰਥ ਵੇੜ੍ਹਿਆ–
‘ਤਦ ਤਕ ਲੈਣ ਸੁਭਾਵ ਪਰਬਲ ਹੋਂਵਦਾ;
‘ਪਰ ਜਦ ਕਰ ਅਭਿਆਸ ਮਾਯਾ ਜਿੱਤੀਏ
‘ਆਤਮ–ਦਾਨ–ਸੁਭਾਵ ਅੰਦ੍ਰੋਂ ਜਾਗਦਾ,
‘ਵਧਦਾ ਦਿਨ ਪ੍ਰਤਿ ਜਾਇ ਦਾਨ–ਸੁਭਾਵ ਏ।
‘ਗੁਰਮੁਖ ਜਦ ਹੋ ਜਾਇ ਤਾਂ ਇਉਂ ਜਾਣਦਾ:
‘ਮੈਂ ਨਾ ਕਰਦਾ ਦਾਨ, ਮੇਰਾ ਕੁੱਝ ਨਾ;
‘ਸਭ ਕੁਝ ਹੈਵੇ ਦਾਨ ਆਪੇ ਹੋ ਰਿਹਾ
‘ਐਸਾ ਕਰੇ ਜੁ ਦਾਨ ਗੁਰਮੁਖ ਪਜਾਰੂਆ
‘ਸੋ ਸਿੱਖੀ ਦਾ ਚੰਦ ਚਮਕੇ ਸੋਹਿਣਾ।
‘ਦੁਖ ਸੁਖ ਇੱਕ ਸਮਾਨ ਇਸਨੂੰ ਹੋਂਵਦੇ;
‘ਲੈਂਦਾ ਮਮਤਾ ਧਾਰ ਰਹਿ ਨਿਰਵੈਰ ਹੈ।
‘ਖਿਮਾ ਦਾਨ ਹੈ ਨਿੱਤ ਇਸਤੋਂ ਹੋਂਵਦਾ।
‘ਰਹਿੰਦਾ ਸਦਾ ਪ੍ਰਸੰਨ, ਕਦੀ ਨ ਡੋਲਦਾ।
‘ਜੋ ਆਵੇ–ਇਹ ਜਾਣ ਲੈਂਦਾ–ਹੈ ਰਜ਼ਾ।
‘ਜੋ ਜਾਵੇ–ਇਹ ਜਾਣ ਜਾਂਦਾ–ਹੈ ਰਜ਼ਾ।
‘ਆਪਾ ਵੰਡੇ ਏਹ ਸਹਿਜ ਸੁਭਾਵ ਹੀ।


www.sikhbookclub.com

‘ਅਣਹੋਂਦਾ ਵੰਡ ਦੇਇ ਜੀਕੂੰ ਆਖਿਆ
‘ਹੈ ਵਿਚ ਸ੍ਰੀ ਗੁਰ ਗ੍ਰੰਥ ਭਗਤ ਫਰੀਦ ਨੇ।
‘ ‘ਜੀਅਦਾਨ’ ਦੀ ਕਾਰ ਕਰਦਾ ਅੰਤ ਨੂੰ;
‘ਏਸ ਦਾਨ ਦੇ ਨਾਲ ਵਿਛੁੜੀ ਸ੍ਰਿਸ਼ਟਿ ਨੂੰ
‘ਲੈਂਦਾ ਸਦਾ ਮਿਲਾਇ ਨਾਲ ਅਕਾਲ ਦੇ।

ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥
{ਸੋਰਠਿ ਮ:੫-੨}

ਪੁਨਾ-ਗੁਰਮੁਖਿ ਤਾਰੇ ਪਾਰਿ ਉਤਾਰੇ॥{ਸਿਧ ਗੋਸਟਿ-੩੧}

‘ਰਹਿਣਾਂ ਸਹਿਜ ਸੁਭਾਵ ਆਤਮ ਰੱਤਿਆਂ;
‘ਦੇਣਾ ਸਹਿਜ ਸੁਭਾਵ ਉੱਚੇ ਵਸਦਿਆਂ;
‘ਦਿੱਤਾ ਦੇਇ ਨ ਫੇਰ ਦਿੱਤਾ ਜਾਨਣਾ।
‘ਸ੍ਰਿਸ਼ਟੀ ਨਾਲ ਵਿਹਾਰ ਐਸਾ ਦਾਨ ਦਾ
‘ ‘ਅਣਹੋਂਦਾ ਵੰਡ ਦੇਣ’ ਦਾਨ ਅਖਾਂਵਦਾ;
‘ਗੁਰਮੁਖ ‘ਆਤਮ ਦਾਨ’ ਕਰਦਾ ਐਕੁਰਾਂ।

ਨਾਮ-

‘ਤੀਜਾ ਹੈਵੇ ਨਾਮ, ਰਾਣੀ ਰਾਜ ਜੀ !
‘ ‘ਗ੍ਯਾਨ’ ‘ਦਾਨ’ ਦਾ ਤਾਜ ਜਾਣੋਂ ਨਾਮ ਨੂੰ;
‘ਨਾਮ ਦੁਹਾਂ ਸਫਲਾਇ ਮਜਲ ਪੁਚਾਂਵਦਾ।
‘ਨਾਮ ਰੱਬ ਦਾ ਜਾਣ ਉਸਦਾ ਰੂਪ ਹੈ
‘ਜੀਕੂੰ ਹੁੰਦੀ ਧੁੱਪ ਸੂਰਜ ਰੂਪ ਹੈ।
‘ਧੁਪ ਨੂੰ ਪ੍ਰਾਪਤ ਹੋਇ ਏਦਾਂ ਜਾਣੀਏ,
‘ਸੂਰਜ ਪ੍ਰਾਪਤ ਹੋਇ ਮਾਨੋ ਹੈ ਗਿਆ।
‘ਹੋਇਆਂ ਪ੍ਰਾਪਤ ਨਾਮ ਐਦਾਂ ਜਾਣੀਏ,
‘ਨਾਮੀ ਪ੍ਰਾਪਤ ਹੋਇ ਮਾਨੋ ਹੈ ਗਿਆ
‘ਤਾਂਤੇ ਉਸਦਾ ਨਾਮ ਗੁਰਮੁਖ ਧਾਰਦੇ।
‘ਨਾਮ ਗੁਰਮੁਖਾਂ ਪਾਸ ਤੀਜੀ ਧਾਰਨਾ
‘ਹੁੰਦੀ ਹੈਵੇ ਰਾਜ ! ਸਮਝੋ ਓਸਨੂੰ:-
‘ਰੂਪ ਨ ਰੇਖ ਨ ਰੰਗ ਹੈ ਉਸ ਰੱਬ ਦਾ,
‘ਤ੍ਰੈ ਗੁਣ ਤੇ ਓ ਭਿੰਨ ਸੱਚੋ ਸੱਚ ਹੈ;
‘ਨਜ਼ਰ ਗੋਚਰਾ ਓਹ ਤਾਂਤੇ ਹੈ ਨਹੀਂ;
‘ਪਰ ਹੈ ਦੇਖਣਹਾਰ ਦੀਸਣਹਾਰ ਨਾਂ:
‘ਅਸੀਂ ਓਸਨੂੰ ਦੇਖ ਸਕਦੇ ਹਾਂ ਨਹੀਂ।
‘ਡਿੱਠੀ ਸ਼ੈ ਦੇ ਨਾਲ ਲਗਦਾ ਪਜਾਰ ਹੈ
‘ਉਸ ਅਣਡਿੱਠੇ ਨਾਲ ਕੀਕੂੰ ਪ੍ਰੇਮ ਹੋ ?
‘ਬਿਨਾਂ ਪ੍ਰੇਮ ਉਸ ਨਾਲ ਮੇਲ ਨ ਹੋ ਸਕੇ।
‘ਕੀਕੁਰ ਲੱਗੇ ਪ੍ਰੇਮ ਉਸਦੇ ਨਾਲ ਆ ?
‘ਇਸਦਾ ਹੈ ਕੁਛ ਹਾਲ ਮੈਂ ਹੁਣ ਦੱਸਣਾ,
‘ਪਰ ਪਹਿਲੋਂ ਇਕ ਗੱਲ ਸੋਚੋ ਰਾਜ ਜੀ !
‘ਕਿਸੇ ਨਾਲ ਜੋ ਪਜਾਰ ਸਾਡਾ ਪੈ ਗਿਆ
‘ਉਹ ਉਹਲੇ ਗਜਾ ਹੋਇ ਗਿਆ ਬਿਦੇਸ਼ ਹੈ,
‘ਉਸਦਾ ਦੱਸੋ ਪ੍ਰੇਮ ਸਾਡੇ ਅੰਦਰੇ
‘ਕੀ ਧਾਰੇਗਾ ਰੂਪ ਵਿੱਚ ਵਿਛੋੜਿਆਂ ?’

ਸੁਣ ਮੁਸਕਾਈ ਰਾਜ ਕਹਿੰਦੀ: ‘ਗੁਰਮੁਖੋ !
‘ ‘ਯਾਦ’ ਵਿੱਚ ਉਸ ਵਾਸ ਹਰਦਮ ਹੋਵਸੀ,
‘ਕਦੇ ਨ ਭੁੱਲਸੀ ਓਹ ਸਾਨੂੰ ਅੰਦਰੋਂ।’

ਤਦ ਗੁਰਮੁਖ ਖੁਸ਼ ਹੋਇ ਕਹਿੰਦਾ ‘ਰਾਜ ਜੀ !
‘ ‘ਯਾਦ’ ਤਦੇ ਤਾਂ ਪ੍ਰੇਮ ਦਾ ਇਕ ਰੂਪ ਹੈ।
‘ਜਦ ਪ੍ਰੀਤਮ ਹੈ ਪਾਸ ਦਿਲ ਏ ਚਾਹੁੰਦਾ,
‘ਅੱਖੋਂ ਉਹਲੇ ਹੋਇ ਜਾਵੇ ਨਾ ਰਤੀ,
‘ਜਦ ਉਹਲੇ ਹੋ ਜਾਇ ਦਿਲ ਫਿਰ ਓਸਨੂੰ
‘ਰਖਦਾ ਹਰਦਮ ਯਾਦ ਸਕੇ ਭੁਲਾਇ ਨਾ:
‘ਤਾਂਤੇ ਹੈ ਇਹ ‘ਯਾਦ’ ਰੂਪ ਇਕ ਪ੍ਰੇਮ ਦਾ,
‘ਜਦੋਂ ਕਿ ਪ੍ਰੀਤਮ ਦੂਰ ਜਾਂ ਹੈ ਓਲ੍ਹੜੇ।

‘ਸਾਈਂ ਰੱਬ ਕ੍ਰਿਪਾਲ ਓਹਲੇ ਹੋ ਰਿਹਾ,
‘ਅਸੀਂ ਓਸਨੂੰ ਦੇਖ ਨਾਂ ਹਾਂ ਸੱਕਦੇ।
‘ਪਰ ਜੇ ਉਸਨੂੰ ‘ਯਾਦ’ ਸਦਾ ਰਹਾਈਏ,
‘ਉਸ ਵਲ ਦਿਲਦੀ ਲੋਇ ਸਾਰੀ ਲਾਇਕੇ
‘ਚਾ, ਨਿਸਚੇ ਦੇ ਨਾਲ ਹਰਦਮ ਰੱਖੀਏ,
‘ਦਿਲ ਵਿਚ ਏਹੋ ਭਾਵ:- ਹੈ ਉਹ ਪ੍ਰੀਤਮੰ,
‘ਈਹੋ ਹੀ ਜੋ ‘ਯਾਦ’ ਹੋਊ ‘ਪ੍ਰੇਮ’ ਜੀ।’

ਤ੍ਰਬ੍ਰਕ ਉਠੀ ਚਾ ਨਾਲ, ਸੁਣਕੇ ਰਾਜ ਸੀ:
‘ਸੱਚ ਕਿਹਾ ਨੇ ਸੱਚ ਸੌਖਾ ਸੱਚ ਜੀ।’

ਗੁਰਮੁਖ ਸਹਿਜੇ ਨਾਲ ਏ ਸੁਣ ਆਖਦਾ:-
‘ਏਸ ਯਾਦ ਨੂੰ ‘ਨਾਮ’ ਸਤਿਗੁਰ ਆਖਿਆ।
‘ਨਾਮ ਜਪਣ ਤੋਂ ਲਾਗ ਤੀਕ ਪਰਾਪਤੀ,




www.sikhbookclub.com

'ਸਾਰੇ ਨੂੰ ਹੀ ਨਾਮ ਰਾਣੀ ! ਆਖੀਏ।
' 'ਸਿਮਰਣ ਹੈ ਵੇ ਪ੍ਰੇਮ' ਇਹ ਗਲ ਰਾਜ ਜੀ !
'ਮੈਂ ਚੁੱਕਾ ਹਾਂ ਦੱਸ ਸਮਝੀ ਹੈ ਤੁਸਾਂ[1];
'ਜੇ ਤਾਂ ਹਿਰਦੇ ਯਾਦ ਪਜਾਰੇ ਰੱਬ ਦੀ
'ਇਕਦਮ ਲੱਗੇ ਆਣ ਬਨ ਦੇ ਡੌਂ ਤਰ੍ਹਾਂ
'ਤਦ ਤਾਂ ਸਫਲਾ ਕਾਜ ਛੇਤੀ ਹੋਂਵਦਾ।
'ਪਰ ਜੇ ਛੇਤੀ ਨਾਲ ਉਸਦੀ ਯਾਦ ਏ
'ਆ ਨ ਬਹੇ ਮਨ ਵਿੱਚ ਤਦ ਫਿਰ ਡੌਲ ਏ

੧. ਨਾਮ ਜਪ-

'ਪ੍ਰਭੁ ਦਾ ਅਸਾਂ 'ਸਰੂਪ' ਹੈ ਨਹਿੰ ਦੇਖਿਆ
'ਐਪਰ ਉਸਦਾ ਨਾਮ ਹੈਵਾਂ ਜਾਣਦੇ।
'ਏਸ ਨਾਮ ਨੂੰ ਚਿਤ ਅਸਾਂ ਵਸਾਵਣਾ,
'ਜਿਸਦਾ ਹੈ ਹੁਣ ਮੁੱਢ ਕਰਨਾ ਦੇਹ ਤੋਂ
'ਦੇਹ ਤੋਂ ਨਾਮ-ਅਰੰਭ ਹੁੰਦਾ ਐਕੁਰਾਂ:
'ਰਸਨਾਂ ਤੇ ਉਸ ਨਾਮ ਲਓ ਬਹਾਲ ਜੀ।
'ਜਿਹਬਾ ਜਪਦੀ ਨਾਮ ਹੈ ਜਦ ਓਸਦਾ
'ਭਾਵ ਰਿਦੇ ਦਾ ਓਸ ਪ੍ਰਭੁ ਵਲ ਰੱਖਕੇ,
'ਸਹਿਜੇ ਸਹਿਜੇ ਏਹ ਅੰਤਰ-ਰੁਖ਼ ਕਰੇ,
'ਰਸਨਾਂ ਤੋਂ ਤਦ ਨਾਮ ਮਨ ਵਿਚ ਜਾਂਵਦਾ।

੨. ਨਾਮ ਸਿਮਰਨ-

'ਹਿਰਦੇ ਵਿੱਚ ਨਿਵਾਸ ਜਦ ਹੋ ਨਾਮ ਦਾ
'ਸਿਮਰਣ ਇਸ ਨੂੰ ਰਾਜ ! ਤਦ ਫਿਰ ਆਖੀਏ।
'ਫੁਰਣੇ ਮਨ ਦੇ ਆਣ ਇਸਨੂੰ ਰੋਕਦੇ
'ਪਰ ਏਹ ਸਿਮਰਣ ਨਾਲ ਹੌਲੇ ਹੋਂਵਦੇ;
'ਸਿਮਰਣ ਕਰਕੇ ਜ਼ੋਰ ਫੁਰਨਜਾਂ ਉੱਪਰੇ
'ਹਾਵੀ ਜਾਵੇ ਹੋਇ ਤਰਲੇ ਲੈਂਦਿਆਂ
'ਮਨ ਵਿਚ ਇਦ੍ਹਾ ਨਿਵਾਸ ਪੱਕਾ ਹੋਂਵਦਾ।
'ਇਹ ਹੈ 'ਮਨ ਦਾ ਨਾਮ' ਰਾਣੀ ਰਾਜ ਜੀ !

੩. ਨਾਮ ਨਿਵਾਸ-

'ਜਿਉਂ ਜਿਉਂ ਧਰਕੇ ਭਾਵ ਪਜਾਰੇ ਰੱਬ ਦਾ

[1] ਪੰਥਾ ਪ੍ਰੇਮ ਨ ਜਾਣਈ ਭੂਲੀ ਫਿਰੈ ਗਵਾਰਿ ॥
ਨਾਨਕ ਹਰਿ ਬਿਸਰਾਇ ਕੈ ਪਉਦੇ ਨਰਕਿ ਅੰਧ੍ਯਾਰ ॥
{ਸਲੋਕ ਵਾਰਾਂ ਤੇ ਵ: ਮ: ੫-੧੮}

'ਨਾਮ ਸਿਮਰਦੇ ਜਾਉ ਰਾਣੀ ਰਾਜ ਜੀ !
'ਫੁਰਨਾ ਹੁੰਦਾ ਜਾਇ ਹੇਠਾਂ ਨਾਮ ਦੇ,
'ਨਾਮ ਸਿੰਜਰਦਾ ਜਾਇ ਡੂੰਘਾ ਅੰਦਰੇ;
'ਸੰਸਕਾਰ ਜਿਸ ਥਾਂਉਂ ਰਹਿੰਦੇ ਅੰਦਰੇ
'ਡੂੰਘਾ ਮਨ ਜਿਸ ਥਾਂਉਂ ਵਸਦਾ ਦੱਸਿਆ[1]
'ਓਥੇ ਇਦ੍ਹਾ ਨਿਵਾਸ ਹੈ ਹੋ ਜਾਂਵਦਾ।
'ਪਤਾ ਨ ਲੱਗੇ ਏਹ ਕੀਕੂੰ ਹੋਂਵਦਾ,
'ਬੁਧਿ ਨਿਰਮਲ ਹੋ ਜਾਇ ਛਾਏ ਸ੍ਵੱਛਤਾ,-
'ਅੰਦਰ ਰਹੇ ਪ੍ਰਭਾਵ ਐਸਾ ਛਾਇਆ
'ਮਾਨੋ ਅਪਣਾ ਆਪ ਸੁਥਰਾ ਹੋ ਗਿਆ
'ਹੌਲਾ ਤੇ ਨਿਰਮੈਲ ਸੁੰਦਰ ਸੋਹਿਣਾ।
'ਨਾਮ ਨਾਲ ਫਿਰ ਬੁੱਧਿ ਉੱਚੀ ਉੱਠਦੀ
'ਮਨ ਤੋਂ ਉੱਚੀ ਹੋਇ ਹੈ ਏ ਜਾਂਵਦੀ।
'ਉਚਤਾ ਦਾ ਇਕ ਭਾਵ ਅੰਦਰ ਛਾਉਂਦਾ,
'ਜਾਪੇ ਅਪਣਾ ਆਪ ਉੱਚਾ ਹੋ ਗਿਆ।
'ਇਹ ਹੈ ਨਹੀਂ ਹੰਕਾਰ, ਏ ਸੁਧ ਉੱਚਤਾ,
'ਉਨਮਨ ਇਸਦਾ ਨਾਮ, ਚਾਹੇ ਆਖ ਲੌ।
'ਆਤਮ ਅਨੁਭਵ ਵੱਲ ਇਸ ਸੁਖ ਆਇਆਂ
'ਰੁਖ਼ ਅੰਦਰ ਦਾ, ਰਾਜ ! ਵਧਦਾ ਜਾਂਵਦਾ।

੪. ਸਤਿ-

'ਚਿਤ ਹੁਣ ਹੋਇ ਅਡੋਲ ਨਿਰਮਲ ਛੰਭ ਜਜੋਂ।
'ਉਸ ਵਿਚ 'ਹੈ' ਦਾ ਭਾਵ ਹੋਕੇ ਨਾਮ ਏ
'ਨਿਰਮਲ ਲੈ ਪ੍ਰਤਿਬਿੰਬ ਡਲ੍ਹਕਾਂ ਮਾਰਦਾ।
'ਜਿਉਂ ਚੰਦ ਦਾ ਪ੍ਰਤਿਬਿੰਬ ਸੁੱਛੇ ਛੰਭ ਤੇ
'ਪੈਂਦਾ ਦਿੱਸੇ ਸਾਫ਼ ਜਲ ਵਿਚ ਛਾਇਆ;
'ਨਾਲੇ ਜਲ ਚਮਕਾਰ ਸੁਥਰੇ ਮਾਰਦਾ।
'ਏਸ ਸ੍ਵੱਛਤਾ ਵਿੱਚ 'ਹੈ' ਟਿਕ ਜੀਵਦੀ।
'ਸੱਤ ਸਰੂਪ ਅਕਾਲ ਦਾ ਏ 'ਸੱਤ ਹੈ'
'ਜਿਸਦਾ ਪੈ ਪ੍ਰਤਿਬਿੰਬ ਹੈ ਪਰਕਾਸ਼ਦਾ।
'ਲਗਾਤਾਰ ਹੋ ਜਾਇ 'ਹੈ' ਦਾ ਭਾਵ ਏ।

੫. ਨਾਮ-ਹਉਂ ਦੂਰ-

'ਹੁਣ ਹੁੰਦੀ ਹੈ ਦੂਰ ਹਉਮੈਂ ਸਾਰੜੀ:

[1] ਗੁਰੂ ਜੀ ਨੇ ਉਸ ਮਨ ਨੂੰ 'ਤਲ ਹੀਅਲ' ਆਖਿਆ ਹੈ।

'  'ਹੈ' ਦਾ ਜਦ ਹੈ ਭਾਵ  ਅੰਦਰ ਬੱਝਦਾ।
'  'ਹਉਂ' ਤਦ ਹੁੰਦੀ ਦੂਰ;  ਸਤਿਗੁਰ ਆਖਦੇ:
'ਨਾਲ 'ਨਾਮ' ਦੇ ਵੱਸ  'ਹਉ' ਨਾ ਸੱਕਦੀ–

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ। {ਵਡ: ਮ: ੩-੯}

੬. ਮੇਲ-

'ਫਿਰ ਜਦ ਨਾਮ ਨਿਵਾਸ  ਆਤਮ ਵਿੱਚ ਹੋ
'ਨਾਮੀ ਦਏ ਮਿਲਾਇ  ਨਾਮ ਪਲਟਕੇ।

ਨਾਨਕ ਗੁਰਮੁਖਿ ਨਾਮੁ ਧਿਆਏ ਨਾਮੇ ਨਾਮਿ ਸਮਾਵਣਿਆ॥੮॥੧੨॥੧੩॥ {ਮਾਝ ਮ: ੩-੧੩}

'ਅਰਥ ਏਸ ਦਾ ਏਹ  ਰਾਣੀ ! ਜਾਣਨਾ
'  'ਨਾਮ' ਧਿਆਵਣ ਨਾਲ  ਜੋ ਹੈ ਧਜਾਉਂਦਾ
'  'ਨਾਮੀ' ਨਾਲ ਮਿਲਾਪ  ਉਸ ਦਾ ਹੋਂਵਦਾ।
'ਇਹ ਆਤਮ ਦਾ ਮੇਲ  ਨਾਲ ਪ੍ਰਮਾਤਮਾ,–

ਹਰਿਨਾਮਾ ਜਸੁ ਜਾਚਉ ਨਾਉ ॥
ਗੁਰਪਰਸਾਦੀ ਬ੍ਰਹਮਿ ਸਮਾਉ ॥ {ਆਸਾ ਮ: ੧-੨●}

'ਜਦਤਕ ਦੇਹ ਵਿਚ ਵਾਸ  ਆਤਮ ਦਾ ਰਹੇ
'ਹਰਦਮ ਸਾਈਂ ਮੇਲ  ਹੋਯਾ ਹੀ ਰਹੁ
'ਜਿੱਕੁਰ ਟਾਹਣੀ ਨਾਲ  ਲੱਗੀ ਬ੍ਰਿੱਛ ਦੇ
'ਹੁੰਦੀ ਬ੍ਰਿੱਛ ਸਰੂਪ  ਵੱਖ ਨ ਹੋਂਵਦੀ[1]।
'ਪਰ ਏ ਇਕ ਦ੍ਰਿਸ਼ਟਾਂਤ  ਮਾਤਰ ਜਾਣਨਾ;
'ਅਸਲ ਮੇਲ ਦਾ ਰੂਪ  ਆਖ ਨ ਸੱਕੀਏ।
'ਜਦ ਦੇਹੀ ਦਾ ਅੰਤ  ਗੁਰਮੁਖ ਦੀ ਹੁਵੇ
'ਉਸ ਦਾ ਪਹਿਲੇ ਮੇਲ  ਜੋ ਸੀ ਹੋ ਰਿਹਾ
'ਰਹੇ ਮੇਲ ਉਹ ਮੇਲ  ਫਿਰ ਨ ਅਮੇਲ ਹੋ।
'ਨਾਮ ਜਿਦ੍ਹਾ ਪਰਕਾਰ  ਮੈਂ ਕਹਿ ਹਾਂ ਚੁਕਾ
'ਕਰੇ ਚਾਰ ਹੈ ਕੰਮ:–  ਇਕ ਮਨ–ਮੈਲ ਨੂੰ
'ਧੋ ਧੋ ਕਰਦਾ ਸਾਫ਼  ਨਿਰਮਲ ਸੋਹਿਣਾ[2]।
'ਦੂਜਾ ਮਨ ਨੂੰ ਜੋੜ  ਦੇਇ ਇਕਾਗ੍ਰਤਾ[3]।

[1] ਤੂੰ ਪੇਡੁ ਸਾਖ ਤੇਰੀ ਫੂਲੀ ॥ {ਮਾਝ ਮ: ੫-੨੮}
[2] ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥{ਸੁਖਮਨੀ-੧}
[3] ਸੋ ਜੋਗੀ ਗੁਰ ਸਬਦੁ ਪਛਾਣੈ ॥ {ਸਿਧ ਗੋਸਟਿ -੨੪}
ਜੋਗੀ ਜੁਗਤਿ ਨਾਮੁ ਨਿਰਮਾਇਲੁ॥ {ਮਾਰੂ ਮ:੧-੧੧}=ਨਾਮ (ਜਪ) ਦੀ ਨਿਰਮਲ ਜੁਗਤਿ (ਨਾਲ) ਜੋਗੀ (ਹੋਈਦਾ ਹੈ)।

'ਤੀਜੇ ਅੰਮ੍ਰਿਤ ਸ੍ਵਾਦ  ਹੈ ਏ ਦੇਂਵਦਾ[1]।
'ਚੌਥੇ ਨਾਮੀ ਨਾਲ  ਮੇਲ ਕਰਾਂਵਦਾ[2]।
'ਨਾਮੀ ਨਾਲ ਮਿਲਾਪ  ਹੈ ਕੰਮ 'ਨਾਮ' ਦਾ

ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵਲੀਣੁ ਪਾਇਆ ॥ {ਮਾਰੂ ਜੈਦੇਉ ਜੀ}

'ਭਾਵ ਏਸਦਾ ਏਹ:  'ਮੈਂ ਜੈਦੇਵ ਨੇ:–
'  'ਨਾਮ ਧਿਆਵਣ ਨਾਲ  ਹੋ ਲਿਵਲੀਨ ਜੀ,
'  'ਜਿਸ ਨੂੰ ਕਹਿੰਦੇ ਬ੍ਰਹਮ  ਉਹ ਹੈ ਪਾ ਲਿਆ:
'  'ਇਸਨੂੰ ਹੀ ਨਿਰਬਾਣ  ਪਦ ਮੈਂ ਆਖਿਆ।'
'ਰਸਨਾ ਜਪੇ ਜੁ ਨਾਮ  ਉਸ ਤੋਂ ਆਦਿ ਲੈ
'  'ਕਾਲ ਪੁਰਖ ਸੰਗ ਮੇਲ  ਹੋਣੇ ਤੱਕ ਨੂੰ
'ਕਹੀਏ ਰਾਣੀ ! ਨਾਮ  ਗੁਰਮਤਿ ਦੇ ਵਿਖੇ।
'ਮਿਲਵਾਂ ਹੁਣ ਸੰਖੇਪ  ਤਿੰਨਾਂ ਦਾ ਕਹਾਂ,–
'ਸਮਝ ਤੁਸਾਂ ਦੀ ਵਿੱਚ  ਸਾਰਾ ਆ ਜਏ:–
'ਨਾਮ, ਦਾਨ, ਇਸ਼ਨਾਨ  ਤਿੰਨੇ ਹੀ ਜਦੋਂ
'ਜਾਣ ਪਰਾਪਤ ਹੋਇ,  ਕੀ ਹੈ ਹੋਂਵਦਾ
'ਉਸ ਗੁਰਮੁਖ ਦਾ ਹਾਲ  ਜਿਸ ਤ੍ਰੈ ਪਾ ਲਏ ?
'ਸ਼ੁੱਧ ਕਰੇ ਇਸ਼ਨਾਨ  ਤਨ ਤੋਂ ਆਦਿ ਲੈ
'ਅੰਤਹਕਰਣਾਂ ਨਾਲ  ਆਤਮ ਤੀਕੁਰਾਂ।
'ਜਾਣੇ ਅਪਣਾ ਆਪ  ਦੇਖਣਹਾਰ ਮੈਂ,
'ਦ੍ਰਿਸ਼ਟਮਾਨ ਤੋਂ ਅੱਡ  ਮੈਂ ਹਾਂ ਵੱਖਰਾ,
'ਹੈ ਜੁ ਅਨਾਤਮ ਸੱਭ  ਮੈਂ ਤੋਂ ਅੱਡ ਹੈ,
'ਜਿੰਦ, ਆਤਮਾਂ, ਰੂਹ,  ਚੇਤਨ ਮੈਂ ਅਹਾਂ।
'ਫਿਰ ਜਾਣੇ ਇਹ ਐਉਂ  ਅੰਦਰ ਆਪਣੇ:
'ਮੇਰਾ ਸਭ ਕੁਛ ਦਾਨ  ਹੋਇਆ ਹੈ ਪਿਆ।
'  'ਮੇਰਾ ਮੇਰਾ' ਆਖ  ਜਿਸ ਨੂੰ ਸੱਕੀਏ–
'ਚਾਹੋ ਦੇਹੀ ਹੋਇ,  ਚਹਿ ਤਨ–ਪਜਾਰੜੈ
'ਦੇਹੀ ਨਾਲ ਸਬੰਧ  ਜੋ ਹਨ ਰੱਖਦੇ;
'ਚਾਹੋ ਦੌਲਤ ਮਾਲ,  ਚਾਹੋ ਜੋ ਹੁਵੇ,
'ਤਨ ਇੰਦ੍ਰੇ, ਮਨ ਨਾਲ  ਜੋ ਕੁਛ ਆਪਣਾ
'ਸੱਭੋ ਹੈਵੇ ਦਾਨ  ਆਪੇ ਹੋ ਰਿਹਾ;

[1] ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥ ॥ {ਸੁਖਮਨੀ -੧}
[2] ਨਾਨਕ ਗੁਰਮੁਖਿ ਨਾਮੁ ਧਿਆਏ ਨਾਮੇ ਨਾਮਿ ਸਮਾਵਣਿਆ ॥੮॥੧੨॥੧੩ {ਮਾਝ ਮ: ੩-੧੩}

' 'ਮੈਂ' ਜਿਸ ਵਿਚ 'ਹੰਕਾਰ' 'ਹਉਮੈਂ ਆਖੀਏ
'ਇਹ ਬੀ ਮਾਨੋ ਦਾਨ ਹੈਵੇ ਹੋ ਰਹੀ।
'ਮੇਰਾ ਅਪਣਾ ਆਪ ਨਿਰਮਲ ਸ਼ੁੱਧ ਹੈ,
'ਸ਼ੁਧ ਜੁ ਅਪਣਾ ਆਪ ਸਾਈਂ ਨਾਲ ਹੈ
'ਮਿਲ ਰਹਿਆ, ਹੁਣ ਵੱਖ ਹੈ ਨਾ ਓਸ ਤੋਂ।'

ਸੁਣ ਸਾਰਾ ਉਪਦੇਸ਼ ਰਾਣੀ ਨੇ ਲਿਆ
ਠੰਢਾ ਲੰਮਾਂ ਸਾਹ ਪਰ ਸੁਖ ਵਾਲੜਾ।
ਕਹਿੰਦੀ: 'ਹੇ ਕਿਰਪਾਲ ਬਖ਼ਸ਼ਾਂ ਵਾਲੜੇ !
'ਸਮਝਜਾ ਹੈ ਮਨ ਲਾਇ ਨਾਮ-ਪ੍ਰਕਾਰ ਮੈਂ;
'ਗੁਰਮੁਖ ਪਦ ਦਾ ਹਾਲ ਸੁਣਿਐ ਮੈਂ ਸਹੀ:
'ਪਰ ਮੋਟੀ ਮੈਂ ਬੁੱਧਿ ਸਮਝ ਨ ਸੱਕਦੀ
'ਸੂਖਮ ਡਾਢੇ ਭਾਵ ਜੋ ਹੋ ਖੋਲ੍ਹਦੇ।
'ਪੁੱਛਾਂ ਜੇ ਇਕ ਗੱਲ ਮੂਰਖ ਵਾਕਰੇ
'ਬਖ਼ਸ਼ ਮੈਂਡੜੀ ਭੁੱਲ ਰਸਤੇ ਪਾਵਣਾਂ।
'ਜਦ 'ਮੈਂ' ਹੋ ਗਈ ਦਾਨ ਆਪਾ ਨਾ ਰਿਹਾ
'ਸ਼ਾਂਤਿ ਜਾਇ ਤਦ ਹੋਇ ਆਪਾ ਸ਼ੂਨ ਹੀ ?
'ਨਾਂ ਸੋਚੇ, ਨਾ ਜਾਣ, ਨਾਂ ਪਰਤੀਤ ਹੀ
'ਕਰਸੀ ਕੁਝ ਏ ਜੀਵ ਹੋ ਜੜ੍ਹ ਵਾਕਰੇ ?
'ਹੋਇ ਜਾਇ ਗੁੰਮ ਸੁੰਮ ਮੂਲੋਂ ਨਾ ਰਹੇ?'

ਤਦ ਗੁਰਮੁਖ ਮੁਸਕਾਇ ਐਦਾਂ ਆਖਿਆ:-
'ਡਿੱਠੀ ਜੋ ਨਾਂ ਹੋਇ ਉਹ ਕਿਵ ਆਖੀਏ;
'ਜਿਨ੍ਹ ਦੇਖੀ ਉਹ ਵਾਕ ਐਦਾਂ ਆਖਦੇ:
'ਵਰਣਨ ਸਕੇ ਨ ਹੋਇ, ਦੇਖਣ ਜੋਗ ਹੈ।'
'ਪਰ ਦ੍ਰਿਸ਼ਟਾਂਤਾਂ ਨਾਲ ਮੈਂ ਕੁਝ ਆਖਸਾਂ
'-ਅਤੇ ਪਤੇ ਦੇ ਨਾਲ- ਪੜ੍ਹੇ ਜੁ ਮੈਂ ਸੁਣੇ:-
'ਲਾਟੂ ਛਡੀਏ ਤੇਜ਼ ਜਾਲੀ ਚਾੜ੍ਹਕੇ,
'ਉਹ ਜਾਪੇਗਾ ਐਉਂ ਜੀਕੁਰ ਹੈ ਖੜਾ:
'ਪਰ ਉਹ ਖੜਾ ਨ ਜਾਣ ਉਹ ਤਾਂ ਭੌਂ ਰਿਹਾ
'ਇੱਡਾ ਤਿੱਖਾ ਤੇਜ਼ ਉਸਦੀ ਚਾਲ ਨੂੰ
'ਫੜ ਨਾ ਸਕੇ ਨਜ਼ੀਰ ਨੀਝਾਂ ਬੰਨ੍ਹਕੇ।
'ਜਿੱਕੁਰ ਚਾਨਣ ਅੱਤਿ ਦੇਖਣ ਦੇਇ ਨਾ;
'ਨਜ਼ਰ ਜਾਇ ਚੁੰਧਜਾਇ ਚਾਨਣ ਨਾਲ ਹੈ,-
'ਐਪਰ 'ਚਾਨਣ ਤੇਜ' ਨਹੀਂ 'ਹਨੇਰੜਾ';
'ਤਿਉਂ ਸਮਝੋਂ ਏ ਬਾਤ 'ਵਸਥਾ ਨਾਮ ਦੀ।
'ਪ੍ਰਾਪਤ ਜਾਵੇ ਹੋਇ ਜਦ ਜੀ ਰੱਬ ਨੂੰ
'ਤਦੋਂ ਚੇਤਨਾਂ ਸ਼ੁੱਧ, ਸ਼ਕਤੀ ਅੱਤਿ ਦੀ,
'ਪੈਦਾ ਹੋਵੇ ਆਨ; ਪਰਗਟ ਹੋਇ ਜਾਂ,
'ਜਿਸਨੂੰ ਸਾਡੀ ਬੁੱਧਿ ਲਖ ਨਾ ਸੱਕਦੀ।
'ਜੜ੍ਹਤਾ ਵਿੱਚ ਨ ਹੋਇ ਮੂਲੋਂ ਚੇਤਨਾ,
'ਪਰ ਉਸ ਹਾਲਤ ਵਿੱਚ ਹੋਵੇ ਚੇਤਨਾ
'ਐਸੀ ਉੱਚੀ ਤੇਜ ਸਾਫ਼ ਸੁਹਾਵਣੀ
'ਕੇ ਇਹ ਸੁੰਦਰ ਜੀਵ ਬਲੀਆ ਹੋਇਕੇ
'-ਮਾਨੋ ਹੋਇ ਸਪੁੱਤ੍ਰ ਸੱਚੇ ਰੱਬ ਦਾ-
'ਇਕ ਸੁਰ ਹੋ ਉਸ ਨਾਲ ਇਕ ਧੁਨ ਬੋਲਦਾ।
'ਜਿਉਂ ਚਿੰਗਾਰੀ ਅੱਗ ਸੁਾਹ ਵਿਚ ਦੱਬੜੀ
'ਕੱਢ ਅੱਗ ਦੇ ਢੇਰ ਦੇ ਵਿਚ ਰੱਖੀਏ
'ਦਿੱਸੇ ਅੱਗ ਸਰੂਪ ਦਮਕਾਂ ਮਾਰਦੀ,
'ਉਹ ਜਾਂਦੀ ਨਹੀਂ ਬੁੱਝ ਸੋਚੋ ਰਾਜ ਜੀ !
'ਜਿਉਂ ਪਾਣੀ ਦੀ ਬੂੰਦ ਮੈਲੋਂ ਸੁੱਛ ਹੋ
'ਨਿਰਮਲ ਜਾਂਦੀ ਹੋਇ, ਗੁੰਮ ਨ ਹੋਂਵਦੀ।
'ਤਜੋਂ ਏ ਅੰਸ਼ ਕ੍ਰਿਪਾਲ ਸ਼ੁੱਧ ਸੁ ਹੋਇਕੇ
'ਪ੍ਰਭੁ ਦੇ ਨਾਲ ਸਬੰਧ ਹਰਦਮ ਮੇਲਦਾ
'ਕਰਕੇ, ਬਲ ਨੂੰ ਪਾਇ ਸ਼ਕਤੀਮਾਨ ਹੋ,
'ਇਕਸੁਰ ਨਾਲ 'ਅਨੰਤ' ਹੋਕੇ ਬੋਲਦੀ;
'ਪਰ ਏ ਸਭ ਦ੍ਰਿਸ਼ਟਾਂਤ ਮਾਤਰ ਜਾਣਨੇ।
'ਸੱਚਖੰਡ ਹੈ ਦੇਸ, ਕਹਿਣਾਂ ਨਾ ਬਣੇ,
'ਅਹੇ ਅਵਸਥਾ ਇਕ; ਕਿਹਾ ਨਾ ਜਾਂਵਦਾ।
'ਅਸੀਂ ਓਸ ਵਿਚ ਜਾਇ ਹੈਵੇ ਵੱਸਣਾ,
'ਉਸਨੇ ਸਾਡੇ ਵਿੱਚ ਹੈ ਆ ਵੱਸਣਾ,
'ਦੋਇ, ਕਿ ਦੁਹਾਂ ਚੋਂ ਇਕ ? ਆਖ ਨ ਸੱਕੀਏ।
' 'ਦੇਖਾ ਹੀ ਪਰਵਾਨ' ਕਹਿਣਾ ਨਾ ਬਣੇ।
'ਪੂਰਨ ਹੋਏ ਲੋਕ ਪੂਰਨ ਦੇ ਵਿਖੇ
'ਪੂਰਨ ਲੈਂਦੇ ਮੌਜ ਹੁੰਦੇ ਵੱਖ ਨਾ।
'ਓਸ ਸਮੁੰਦਰ ਵਿੱਚ ਰਸੀਏ ਹੋਇਕੇ
'ਹੋਇ ਸਮੁੰਦਰ ਰੂਪ ਉਸ ਵਿਚ ਵੱਸਦੇ।

'ਸਤਿਗੁਰ ਜੀ ਨੇ ਆਪ ਹੈ ਇਉਂ ਆਖਿਆ:-
ਥਿਰ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ।{ਮਾਰੂ ਵਾਰ ਮ:੫}
'ਜੋ ਕੁਛ ਮੇਰੀ ਸੂਝ ਵਿਚ ਹੈ ਆਇਆ
'ਗੁਰਬਾਣੀ ਨੂੰ ਵਾਚ ਸਮਝ ਖਿਆਲ ਦੇ,
'ਉਹ ਕੁਛ ਕਹਿਆ ਰਾਜ! ਹੈ ਮੈਂ ਆਪ ਨੂੰ।
'ਸਤਿਗੁਰ ਅਪਣੇ ਭਾਵ ਜਾਣੇ ਆਪ ਹੈ,
'ਮੇਰੀ ਬੁੱਧੀ ਤੁੱਛ ਪਾਰ ਨਾ ਪਾ ਸਕੇ।'
ਫਿਰ ਗੁਰਮੁਖ ਨੇ ਇੱਕ ਪੱਤ੍ਰ ਮੰਗਾਇਆ,
ਜਿਸ ਨੂੰ ਰਾਣੇ ਆਪ ਲਿਖਿਆ ਸੀ ਕਦੇ;
ਦਿੱਤਾ ਆਪ ਸੁਣਾਇ ਪੜ੍ਹਕੇ ਰਾਜ ਨੂੰ-
ਪ੍ਰਸ਼ਨ-
'ਮਨ ਬੁੱਧੀ ਵਿਗਜਾਨ ਅਰ ਆਨੰਦ ਤੋਂ
'ਲੰਘ, ਅਵਸਥਾ ਸੱਭ ਆਖੋ ਮੁੱਕੀਆਂ,
'ਬਾਕੀ ਤਦ ਫਿਰ ਕੀਹ ਹੈ ਰਹਿ ਜਾਂਵਦਾ ?
'ਮੈਥੋਂ ਪੁੱਛੋ ਏਹ ਹੋ ਹੁਣ ਆਪ ਜੀ,-
'ਗਜਾਨੀ ਤੋਂ ਇਹ ਪੁੱਛ ਪੁੱਛੀ ਲੋੜੀਏ।
'ਮੇਰੀ ਬੁੱਧੀ ਤੁੱਛ ਵਿੱਚ ਜੁ ਆਂਵਦਾ,
'ਰਸਤੇ ਟੁਰਕੇ ਪ੍ਰੇਮ ਜੋ ਕੁਛ ਪਾਈਏ
'-ਧਜਾਇ ਧਜਾਇਕੇ ਨਾਮ- ਸੋ ਕੁਛ ਆਖਸਾਂ:
ਉੱਤਰ-
'ਕਰ ਕਰ ਕੇ ਜਦ ਪ੍ਰੇਮ ਪ੍ਰੀਤਮ ਪਾਈਏ,
'ਯਾ ਜਦ ਨਾਮ ਅਰਾਧ ਨਾਮੀ ਪ੍ਰਾਪਤੰ,
'ਅਪਣਾ 'ਜੀਵਨ ਤੱਤ' ਸੂੱਛਾ ਹੋਇਕੇ
'ਪਰਮ ਤੱਤ ਦੇ ਨਾਲ ਪਾਵੇ ਮੇਲ ਹੈ[੧]।
'ਆਪਾ ਨਸ਼ਟ ਨ ਹੋਇ ਮਿਲਕੇ ਐਕੁਰਾਂ,
'ਜਜੋਂ ਵਿਚ ਕੀੜੀ ਖੰਡ ਪਿਸ ਮਿਲ ਜਾਂਵਦੀ;
'ਇਉਂ ਜਾਣੋਂ ਨਾ ਮੂਲ, ਏਹ ਤਾਂ ਭੁੱਲ ਹੈ:
'ਉਸ ਦੀ ਬੁੱਧੀ ਆਦਿ -ਜਿਸਨੂੰ ਟੱਪਿਆਂ-
'ਨਾਸ ਨ ਹੋਏ ਮੂਲ ਅਸਲੀ ਹੋ ਗਏ।

---

[੧] ਤੰਤੇ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ॥ {ਸੋਰਠਿ ਮ: ੧-੬}
ਤੰਤ ਕਉ ਪਰਮ ਤੰਤੁ ਮਿਲਿਆ ਨਾਨਕਾ ਬੁਧਿ ਪਾਈ ॥ {ਪ੍ਰਭਾਤੀ ਮ: ੧-੪}

'ਗੁਰੂ ਗ੍ਰੰਥ ਵਿਚ ਵਾਕ ਹੈ ਇਉਂ ਲਿੱਖਿਆ:-
ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ
ਬਦਲੀ ਸਿਧਿ ਪਾਈ ॥ {ਗਉੜੀ ਕਬੀਰ ਜੀ -੭੨}
'ਠੀਕ ਹਾਲ ਹੈ ਓਹ ਆਖ ਨ ਸੱਕੀਏ,
'ਪਰ ਦ੍ਰਿਸ਼ਟਾਂਤਾਂ ਨਾਲ ਕੁਝ ਕਹਿ ਸੱਕੀਏ;
'ਪੂਰੇ ਘਟਣ ਨ ਏਹ ਪਰ ਕੁਛ ਦੇਂਵਦੇ
'ਥੋੜਾ ਜੇਹਾ ਖਯਾਲ ਓਸ ਸੁ ਹਾਲ ਦਾ।
'ਰਾਤ ਚਮਕਦੇ ਠੀਕ ਸੁੰਦਰ ਤਾਰੜੇ,
'ਹੁੰਦਾ ਉਨ੍ਹਾਂ ਪ੍ਰਕਾਸ਼ ਕੈਸਾ ਸੋਹਿਣਾ।
'ਪਰ ਜਦ ਬੀਤੇ ਰਾਤ, ਤਾਂ ਏ ਚਾਨਣਾ
'ਸੂਰਜ ਚਾਨਣ ਵਿੱਚ ਹੀ ਰਲ ਜਾਇਗਾ
'ਕੀ ਆਖੋਗੇ ਆਪ ਚਾਨਣ ਨਾ ਰਿਹਾ ?
'ਤਾਰਿਆਂ ਦਾ ਪਰਕਾਸ਼ ਹੋਇਆ ਨਾਸ਼ ਹੈ!
'ਪਰ ਜੇ ਕਰੋ ਵਿਚਾਰ ਤਾਂ ਓ ਚਾਨਣਾ
'ਸੂਰਜ ਚਾਨਣ ਵਿੱਚ ਹੁਣ ਮੌਜੂਦ ਹੈ।
'ਨਾਸ਼ ਨ ਹੋਇਆ ਮੂਲ ਨਸ਼ਟਜਾ ਨਾ ਕਿਤੇ:
'ਸੂਰਜ ਕਿਰਨਾ ਨਾਲ ਕਰਦਾ ਕਾਰ ਹੈ।
'ਦੀਵਾ ਬਾਲ ਬਣਾਇ ਧੁੱਪੇ ਰੱਖੀਏ
'ਕੀ ਉਸ ਦਾ ਪਰਕਾਸ਼ ਹੁਣ ਮਿਟ ਜਾਇਗਾ ?
'ਉਸ ਦਾ ਸਗੋਂ ਪ੍ਰਕਾਸ਼ ਉੱਕਰ ਹੀ ਰਹੂ
'ਰਲ ਸੂਰਜ ਦੇ ਨਾਲ ਕਰਸੀ ਕਾਰ ਓ।
'ਸੁਰ ਕੋਈ ਜੇ ਸਾਜ਼ ਕਰਦਾ ਤੰਤਰੀ
'ਜਦੋਂ ਵਜਾਵੇ ਸਾਜ਼, ਦੱਸੋ ਖੋਲ੍ਹਕੇ
'ਤਰਬਾਂ ਮਰ ਹੀ ਜਾਣ ਬੋਲਣ ਮੂਲ ਨਾ ?
'ਯਾ ਸੁਰ ਵਿਚ ਸੁਰ ਮੇਲ ਕੇ ਹਨ ਜੀਂਦੀਆਂ।
'ਚੁੰਭਕ ਦੇ ਜਦ ਨਾਲ ਲਾਉ ਫੁਲਾਦ ਨੂੰ
'ਵਸਲ ਓਸਦਾ ਪਾਇ ਕੀ ਮਰ ਜਾਵਸੀ।
'ਯਾ ਚੁੰਬਕ ਹੋ ਜਾਇ, ਖਿੱਚੇ ਹੋਰਨਾਂ ?
'ਤਿਉਂ ਸਾਈਂ ਦੇ ਨਾਲ ਵਸਲ ਜੁ ਪਾਂਵਦੇ
'ਸਭ ਬਿਧਿ ਪੂਰਨ ਹੋਇ ਪੂਰਨ ਵਿੱਚ ਓ
'ਇਕ ਹੋਏ ਸੁਰ ਇੱਕ ਤਰਬਾਂ ਵਾਕਰੇ
'ਮਿਲੇ ਪ੍ਰਭੂ ਦੇ ਨਾਲ ਇਕ ਸੁਰ ਬੋਲਦੇ।
'ਇੱਕ ਅੰਗ ਦ੍ਰਿਸ਼ਟਾਂਤ ਦਾ ਪਰ ਲੇਵਣਾ।

'ਰੰਗੇ ਦੇਸ਼ ਤੇ ਕਾਲ ਵਿਚ ਦ੍ਰਿਸ਼ਟਾਂਤ ਨੇ,
'ਮਨ ਬੀ ਇਹਨਾਂ ਨਾਲ ਹੈਵੇ ਰੰਗਿਆ,
'ਦੇਸ਼ ਕਾਲ ਦੇ ਨਾਲ ਰੱਬ ਨ ਰੰਗਿਆ;
'ਇਸ ਕਰਕੇ ਦ੍ਰਿਸ਼ਟਾਂਤ ਘਟਨ ਨ ਪੂਰਿਆਂ।'
ਇਹ ਧਰ ਕੇ ਫਿਰ ਪੱਤ੍ਰ ਗੁਰਮੁਖ ਬੋਲਿਆ:-
'ਹੋਰ ਇਕ ਹੈ ਗੱਲ ਕਹਿਣੀ ਰਾਜ ਜੀ !
'ਪ੍ਰਭੁ ਹੈ ਦਯਾ ਸਰੂਪ, ਪ੍ਰੇਮੀ ਬੀ ਤਿਹੇ,
'ਮਿਲੇ ਓਸ ਨੂੰ ਏਹ ਵਿਛੁੜਨ ਨਾ ਕਦੇ,
'ਜਲਤੀ ਪ੍ਰਿਥਵੀ ਦੇਖ ਪਰਉਪਕਾਰ ਨੂੰ
'ਉਥੋਂ ਕਈ ਇਕ ਵਾਰ ਇੱਥੇ ਆਂਵਦੇ;
'ਕਰਦੇ ਹਨ ਉਪਕਾਰ ਫਿਰ ਚਲਿ ਜਾਂਵਦੇ।
'ਕਾਰਨ ਕੁਈ ਨ ਹੋਰ ਆਣੇ ਦਾ ਉਨ੍ਹਾਂ
'ਹੋ ਉਪਕਾਰ ਸਰੂਪ ਹਨ ਏ ਆਂਵਦੇ;
'ਕਰਕੇ ਅਤਿ ਉਪਕਾਰ ਫਿਰ ਟੁਰ ਜਾਂਵਦੇ।
'ਫਿਰ ਆ ਸਕਨ ਕਿ ਨਾਂਹ, ਵੱਖ ਕਿ ਓ ਮਿਲੇ?
'ਕੁਝ ਕਹਿਆ ਨਾ ਜਾਇ ਦੇਵੀ ਰਾਣੀਏਂ !
'ਜਿੱਥੇ ਰਹੇ ਅਨੰਤ ਵਜਾਪਕ ਰੱਬ ਹੈ,
'ਤਿੱਥੇ ਰਹਿਣ ਕ੍ਰਿਪਾਲ ਸਾਡੇ ਸਤਿਗੁਰੂ;
'ਚਰਨ ਕਮਲ ਵਿਚਕਾਰ ਗੁਰਮੁਖ ਸਿੰਘ ਜੋ
'ਸੂਰਤ ਸਿੰਘ ਤੇ ਹੋਰ ਵਸਦੇ ਓਸ ਥਾਂ।

ਜਹ ਅਬਿਗਤੁ [1] ਭਗਤੁ ਤਹ ਆਪਿ ॥ ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥ ਦੁਹੂ ਪਾਖ ਕਾ ਆਪਹਿ ਧਨੀ॥ ਉਨ ਕੀ ਸੋਭਾ ਉਨਹੂ ਬਨੀ ॥ ਆਪਹਿ ਕਉਤਕ ਕਰੈ ਅਨਦ ਚੋਜ ॥ ਆਪਹਿ ਰਸ ਭੋਗਨ ਨਿਰਜੋਗ ॥ ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥ ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥ ਬੇਸੁਮਾਰ ਅਥਾਹ ਅਗਨਤ ਅਤੋਲੈ॥ ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ॥੮॥੨੧॥ {ਸੁਖਮਨੀ}

'ਮੇਰੀ ਹੈ ਇਹ ਚਾਹ ਕੇ ਹੋ ਜਾਉ ਜੀ
'ਗੁਰਮੁਖ ਪਦ ਤੇ ਆਪ ਇਸਥਿਤ ਰਾਜ ਜੀ !
'ਦੇਖਾ ਹੀ ਪਰਵਾਨ ਹੋਵੇ ਓਹ ਜੀ;
'ਕਿਹਾਂ ਬਣੇ ਕੁਝ ਹੋਰ, ਆਖਣ ਨਾਂ ਬਣੇ;'

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥
{ਸਲੋਕ ਕਬੀਰ ਜੀ}

ਧਜਾਨ ਬਾਤ ਵਿਚ ਲੀਨ ਹੋਕੇ ਰਾਜ ਦਾ
ਗਿਆ ਪੀਉ ਸਭ ਭਾਵ ਉੱਕਜਾ ਨਾ ਕਿਤੋਂ
ਪਰਮਦਭੁਤ ਗਜੀ ਹੋਇ ਹੁਣ ਓ ਅੰਦਰੋਂ,
ਸਭ ਕੁਝ ਲੀਤਾ ਜਜ਼ੂਰ ਅਪਣੇ ਆਤਮਾਂ,
ਜੀਕੁਰ ਥਲ ਦੀ ਰੇਤ ਪਾਣੀ ਜਜ਼ੂਰਦੀ।
ਪਰ ਹੈਰਾਨੀ ਵੱਧ ਵਧਦੀ ਸੀ ਗਈ,
ਝਲਕਾ ਸੀ ਵਿਸਮਾਦ ਡੂੰਘਾ ਵੱਜਿਆ,
ਪਰਮਦਭੁਤ ਰਸ ਲੀਨ ਬਉਰੀ ਹੋਇਕੇ
ਡਿੱਗੀ ਹੋਇ ਚੁਫਾਲ ਧਰਤੀ ਉੱਪਰੇ
ਅੱਗੇ ਸ੍ਰੀ ਗੁਰ ਗ੍ਰੰਥ ਉਸ ਰੰਗ ਰੱਤੜੀ।
ਘੜੀ ਰਹੀ ਇਸ ਡੌਲ ਲਹਿਰੇ ਵਿੱਚ ਸੀ,
ਫਿਰ ਸੁਰਤੀ ਪਰਤਾਇ ਇਹ ਕੁਝ ਆਖਿਆ;-
'ਆਹਾ ਕੇਹਾ ਸ੍ਵਾਦ ਸੀ ਏ ਗੁੰਮਵਾਂ।'
ਫਿਰ ਆਏ ਸਭ ਯਾਦ ਸੁਪਨੇ ਪੈਲੁੜੇ
ਨਾਲੇ ਗੁਰਮੁਖ ਵਾਕ ਹੁਣ ਜੋ ਸੇ ਸੁਣੇ
ਨਿੱਕੇ ਮੀਂਹ ਦੇ ਵਾਂਙ ਜੋ ਸੇ ਸਿੰਜਰੇ,
ਭਰੀ ਸ਼ੁਕਰ ਦੇ ਨਾਲ ਰਾਣੀ ਸੀ ਗਈ।
ਹੁਣ ਉਠ, ਨਿੰਮ੍ਰਤਾ ਨਾਲ ਸਹਿਜੇ ਬੋਲਦੀ:-
'ਸੁਣਿਆਂ ਸਬ ਉਪਦੇਸ਼ ਜਿਦ੍ਹੇ ਨ ਜੋਗ ਸਾਂ;
'ਤੁਸਾਂ ਸੁਣਾਏ ਹਾਲ ਫੁੱਲ ਗੁਲਾਬ ਦੇ
'ਕੀਟ ਨਿਕਾਰੇ ਜੋਗ, ਮੈਂ ਬਉਰਾਨੀਆਂ।
'ਲਗੇ ਅਸੰਭਵ ਬਾਤ ਮੇਰਾ ਪੌਂਚੁਣਾ
'ਐਸੇ ਸੁਹਣੇ ਥਾਉਂ, ਮੈਂ ਨਾ ਜੋਗ ਹਾਂ।
'ਜਗਿਆਸੂ ਬੀ ਨਾਹਿ ਹੋਈ ਹਾਂ ਅਜੇ,
'ਕੀਕੁਰ ਸਿੱਖੀ ਭਾਵ ਸਿੱਖਾਂ ? ਔਖ ਹੈ;
'ਫਿਰ ਗੁਰਮੁਖ ਦੀ ਕਾਰ ਧਾਰਾਂ ਕਿੱਕੁਰਾਂ ?
'ਐਸਾ ਮੈਂ ਇਸ਼ਨਾਨ ਕਰਸਾਂ ਕੀਕੁਰਾਂ ?
'ਦਾਨ ਕਰਾਂ ਕਿਸ ਰਾਹ ਐਸਾ ਸੋਹਿਣਾ?
'ਨਾਮ ਜਪਾਂ ਕਿਸ ਹਾਲ ਐਸਾ ਪ੍ਰੇਮ ਮੈ?
'ਕਿਵ ਅਨੁਭਵ ਵਿਚ ਆਣ ਡੂੰਘੇ ਭੇਤ ਮੈਂ:
'ਰਚੀ ਰਹੀ ਪਿਯ- ਮੋਹ, ਭੇਤ ਨ ਪਾਇਆ

[1] ਅਵਿਗਤਿ=ਗਤੀ ਤੋਂ ਪਰੇ। ਅਗੰਮ । ਨਾ ਚਲਾਇਮਾਨ, ਅਵਿਨਾਸ਼। ਅਵਜਕਤ=ਪਾਰਬ੍ਰਹਮ।


www.sikhbookclub.com

'ਉਸਦਾ ਜਿਸਦੇ ਨਾਲ ਰੱਤੀ ਸਾਂ ਰਹੀ।

ਸੇਜੈ ਰਮਤੁ ਨੈਨ ਨਹੀਂ ਪੇਖਉ ਇਹੁ ਦੁਖੁ
ਕਾ ਸਉ ਕਹਉ ਰੇ॥ {ਆਸਾ ਕਬੀਰ ਜੀ -੨੫}

'ਰਹੀ ਪਤੀ ਦੇ ਨਾਲ ਛਾਯਾ ਵਾਕਰੇ :
'ਪਰ ਪਰਛਾਵੇਂ ਵਾਂਙ ਛਾਯਾ ਹੀ ਰਹੀ,
' 'ਛਾਯਾ' ਚਾਨਣ ਨਾਹਿੰ ਚਾਹੋ ਨਾਲ ਹੈ।
'ਸੂਰਜ ਦਿਲ ਵਿਚਕਾਰ ਹੈਸੀ ਕੰਤ ਦੇ,
'ਸਾਰਾ ਸੂਰਜ ਆਪ ਹੈਸੀ ਓ ਸਗੋਂ,
'ਸੂਰਜ ਨਾਲੋਂ ਤੇਜ ਦਮਕਾਂ ਮਾਰਦਾ।
'ਮੈਂ ਉਸ ਚਾਨਣ ਜੋਗ ਦਿੱਤੀ ਪਿੱਠ ਸੀ;
'ਮੇਰਾ ਛਾਯਾ ਛਾਇ ਮੇਰੇ ਅੱਗੜੇ
'ਰਿਹਾ ਮਹਿੰਡੇ ਨਾਲ ਅੱਗੇ ਦੌੜਦਾ।
'ਮੈਂ ਛਾਯਾ ਨੂੰ ਚਾਹੁੰ ਫੜਨਾ ਦੌੜਕੇ,
'ਗਿਆ ਦੌੜਦਾ ਓਹ, ਆਯਾ ਹੱਥ ਨਾ;
'ਜਦੋਂ ਤੇਜ ਉਹ ਦੂਰ ਪੌਂਚੋਂ ਪੌਂਚਿਆ,
'ਕਰਕੇ ਤਦ ਮੂੰਹ ਵੱਲ ਉਸਦੇ ਹਾਰੀਆਂ।
'ਹੁਣ ਛਾਯਾ ਪਿਛਵਾੜ ਸੂਰਜ ਸਾਮ੍ਹਣੇ,
'ਪਰ ਉਹ ਪੌਂਚੋਂ ਦੂਰ ਮੇਰੀ ਹੈ ਗਿਆ,
'ਹਾਇ ਨ ਆਵੇ ਹੱਥ ਮੈਂ ਬਉਰਾਨੀਆਂ !

ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ ॥ ਕਿਨਿ ਬਿਧਿ
ਰਹਨਿ ਰਹਉ ਰੇ ॥ {ਆਸਾ ਕਬੀਰ ਜੀ -੨੫}

'ਹੇ ਗੁਰਮੁਖ, ਹੇ ਸੰਤ ! ਮੈਨੂੰ ਆਪ ਹੀ
'ਲਾ ਦੇਵੋ ਕੁਈ ਖੰਭ,- ਪੌਂਚਾਂ ਉੱਡ ਕੇ,
'ਖੰਭਾਂ ਮੇਰੇ ਤਾਣ ਬੀ ਲਾ ਦੇਵਣਾ।
'ਹਾਂ, ਸੁਹਣੇ ਸਤਿਸੰਗ ! ਬੇੜੇ ਆਪਣੇ
'ਆਪੇ ਲੇਵੋ ਚਾੜ੍ਹ ਪਾਰ ਲੰਘਾ ਦਿਓ,
'ਮੈਨੂੰ ਦਿਓ ਪੁਚਾਇ ਦੇਸ਼ ਸੁ ਕੰਤ ਦੇ।
'ਮੈਂ ਵਿਚ ਨਾਂ ਸਮਰੱਥ ਕੋਈ ਪਜਾਰਿਓ !
'ਜਿਸਦੇ ਹੋਕੇ ਤਾਣ ਮੈਂ ਜਾ ਪੌਂਚ੍ਹਸਾਂ।'

ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥
ਕਰੁ ਗਹਿ ਲੇਹੁ ਓੜਿ ਨਿਬਹਾਵੈ ॥ {ਸੁਖਮਨੀ ੪-੬}

# ੩੩. ਸਤਿਸੰਗ-ਸਰਬੱਤ ਦਾ ਭਲਾ

ਏ ਅਤਿ ਨਿੰਮ੍ਰਤ ਵਾਕ ਸੁਣਕੇ ਸਿੰਘ ਜੀ
ਬੋਲੇ, ਕਿਰਪਾ ਧਾਰਿ ਹੋਰ ਪਸੀਜ ਕੇ:-
'ਸੁਣ ਰਾਣੀ ਸਿਰਤਾਜ ਸਾਡੇ ਦੇਸ ਦੀ !
'ਸਿੱਖੀ ਦੀ ਤੂੰ ਕਾਰ ਸਿੱਖੀ ਸੋਹਿਣੀ,-
'ਗੁਣ ਜੋ ਸਿਖ ਦੇ ਵਿੱਚ ਹੋਣੇ ਚਾਹਿਯੇ
'ਹੈਵਨ ਤੁਸਾਂ ਨਸੀਬ, -ਊਣੇ ਹੋ ਨਹੀਂ:
'ਸਮਝ ਤੁਸਾਨੂੰ ਸੱਭ ਦੀ ਬੀ ਆ ਗਈ।
'ਹੁਣ ਹੈ ਕ੍ਰਮ ਦੀ ਲੋੜ, ਜੁਗਤੀ ਲੋੜ ਹੈ,
'ਘਾਬਰ ਨੂੰ ਕਰ ਦੂਰ ਵਿਚ ਹੈ ਨਾਮ ਦੇ
'ਲਗ ਜਾਣੇ ਦੀ ਲੋੜ ਟਿਕ ਕੇ, ਰਾਜ ਜੀ !
'ਸਹਜੇ ਗੁਰਮੁਖ ਆਪ ਹੋ ਜੀ ਜਾਵਸੋ।
'ਸੁਣਨਾ ਕਰਕੇ ਧਯਾਨ ਮੈਂ ਜੋ ਆਖਸਾਂ:-
'ਸਿਫ਼ਤ ਸਲਾਹਾਂ ਨਾਲ ਰਿਦਾ ਜਿਵਾਇਕੇ;
'ਕੀਰਤਨ ਬਾਣੀ ਨਾਲ ਨਾਮ ਚਿਤਾਰਿਕੇ,-
'ਕਰਦਜਾਂ ਸਦਾ ਸੰਮ੍ਹਾਲ ਦਮ ਦਮ ਓਸਦੀ
'ਸਾਈਂ ਕਿਰਪਾ ਨਾਲ ਸੁਣ ਹੇ ਰਾਜ ਜੀ !
'ਆਪਾ ਰਸ ਇਕ ਵਿੱਚ ਹੈਵੇ ਆਂਵਦਾ;
' 'ਹਰਿ-ਰਸਿ' ਜਿਸ ਦਾ ਨਾਮ ਸਤਿਗੁਰ ਆਖਿਆ[1]
'ਇਸੇ ਨੂੰ 'ਰਸ-ਨਾਮ' ਬੀ ਹੈ ਲਿੱਖਿਆ।
' 'ਇੰਦ੍ਰੇ-ਰਸ ਇਕ ਹੋਰ ਪਰ ਉਹ ਦੇਹ ਦਾ
'ਰਸ ਹੈ; ਜਿਸਦਾ ਸ੍ਵਾਦ ਇੰਦ੍ਰੇ ਮਾਣਦੇ।
' 'ਇੰਦ੍ਰੇ-ਰਸ' ਅਤਿ ਤੇਜ ਤ੍ਰਿੱਖੇ ਹੋਂਵਦੇ,
'ਪਰ ਛਿਨ ਭੰਗਰ ਓਹ ਆਏ ਤੇ ਗਏ,
'ਦੇਹ ਤੇ ਮਨ ਨੂੰ ਟੋਟ ਹਨ ਦੇ ਜਾਂਵਦੇ।
'ਸ੍ਵਾਦ ਰਾਮ-ਰਸ ਹੋਰ ਹੀ ਹੈ ਵੰਨ ਦਾ[2]।
'ਇਸਦੀ ਨੀਂਹ ਹੈ ਪ੍ਰੇਮ -ਪ੍ਰੇਮ ਪਵਿੱਤਰਾ[3]।

[1] ਹਰਿ ਰਸੁ ਕਾ ਤੂੰ ਚਾਖਹਿ ਸਾਦੁ ॥
ਚਾਖਤ ਹੋਇ ਰਹਹਿ ਬਿਸਮਾਦੁ ॥{ਗਉੜੀ ਮ: ੫-੮੪}
[2] ਜਿਸੁ ਰਸੁ ਆਇਆ ਸੋਈ ਜਾਨੈ ॥
ਪੇਖਿ ਪੇਖਿ ਮਨ ਮਹਿ ਹੈਰਾਨੈ ॥ {ਪ੍ਰਭਾਤੀ ਮ: ੫-੨}
[3] ਪ੍ਰਭ ਮਿਲਨ ਕਾ ਮਾਰਗੁ ਜਾਨਾਂ ॥
ਭਾਇ ਭਗਤਿ ਹਰਿ ਸਿਉ ਮਨੁ ਮਾਨਾਂ॥{ਪ੍ਰਭਾਤੀ ਮ: ੫-੬}




www.sikhbookclub.com

'ਵਾਹਿਗੁਰੂ ਜੀ ਨਾਲ ਲਿਵ ਨੂੰ ਲਾਇਆਂ
'ਆਵੇ ਹੈ ਏ ਸ੍ਵਾਦ ਜਦ ਹੋ ਜਾਂਵਦੇ
'ਅੰਤਰ ਮੁਖੀਏ ਸੱਭ ਮਨ ਤੇ ਇੰਦਰੇ:
'ਆਪੇ ਨੂੰ ਰਸ ਰੂਪ ਕਰ ਏ ਦੱਸਦਾ:
'ਮਨ ਤਨ ਰਹਿਣ ਅਰੋਗ ਇਸਦੇ ਆਇਆਂ,
'ਆਇਆਂ ਏਸ ਸੁਆਦ ਉਹ ਨਹੀਂ ਭਾਉਂਦਾ।[1]
'ਜਿਸ ਵੇਲੇ ਇਹ ਸ੍ਵਾਦ ਆਵੇ, ਰਾਜ ਜੀ !
'ਕਹਿਣ ਸੁਣਨ ਦੀ ਗੱਲ ਨਾ ਰਹਿ ਜਾਂਵਦੀ;
'ਹੌਲਾ ਫੁੱਲ ਸਰੀਰ ਹੈ ਹੋ ਜਾਂਵਦਾ;
'ਆਪੇ ਵਿੱਚ ਉਚਜਾਨ ਹੈ ਇਕ ਆਂਵਦੀ
'ਜੋ ਹਉਮੈ ਦੀ ਗੰਧ ਤੋਂ ਹੋ ਸੱਖਣੀ:
'ਆਪਾ ਆਪੇ ਵਿੱਚ ਰਸਮਯ ਹੋਂਵਦਾ
'ਰਸ ਆਸ੍ਵਾਦਾਨ ਵਿੱਚ ਗੁਮਦਾ ਜਾਂਵਦਾ।
'ਦੇਹੀ ਵਿਚ ਬੀ ਸ੍ਵਾਦ ਹੈ ਏ ਧਾਂਵਦਾ[2]।

'ਏਸ ਸ੍ਵਾਦ ਵਿਚ ਆਇ ਰੰਗ ਇਸ ਰੱਤਿਆਂ
'ਦਿਲ ਚਾਹੇ ਇਸ ਸ੍ਵਾਦ ਰਤਾ ਮੈਂ ਰਹਾਂ।
'ਕਈ ਇਕ ਰਸੀਏ ਲੋਕ ਫਿਰ ਏ ਚਾਹੁੰਦੇ
'ਹੁਇ ਅਟੰਕ ਵਿਚ ਵੇਲੁ ਇਹ ਰਸ ਮਾਣੀਏ।
'ਪਰ ਸਤਿਗੁਰ ਦੀ ਚਾਹ ਹੈਵੇ ਹੋਰਵੇਂ,
'ਓ ਚਾਹੁਣ: ਏ ਲੋਕ ਛੋੜਨ ਜੱਗ ਨਾ,
'ਮਿਲੇ ਰਹਿਣ ਰਬ ਨਾਲ -ਵਿਛੁੜਨ ਨਾ ਕਦੇ;
'ਰਹਿਣ ਰਾਮ-ਰਸ ਵਿੱਚ; ਭਲਾ ਕਰਾਣ ਬੀ;
'ਵਾਂਙੂ ਫੁੱਲ ਗੁਲਾਬ ਬਾਗ਼ੇ ਵੱਸਦੇ
'ਮਹਿਕੇ ਮੁਸ਼ਕੇ ਆਪ ਖਿੜੇ ਸੁਆਦ ਮੈ,
'ਸੁਤੇਦਾਨ ਮਹਿਕਾਰ ਕਰਦੇ ਰੈਣੁ ਪੈ।
'ਇਸ ਦੀ ਫਿਰ ਇਹ ਡੌਲ ਹੈਵੇ ਰਾਜ ਜੀ !
'ਅੰਦਰ ਸਾਈਂ ਨਾਲ ਸੁਰਤੀ ਆਪਣੀ
'ਪ੍ਰੇਮ ਭਾਵ ਦੇ ਨਾਲ ਪ੍ਰੋਈ ਰੱਖਣੀ;

[1] ਰਾਮ ਰਸੁ ਪੀਆ ਰੇ ॥
ਜਿਹ ਰਸ ਬਿਸਰਿ ਗਏ ਰਸ ਅਉਰ॥ {ਗਉੜੀ ਕਬੀਰ -੬੪}
ਪੁਨਾ: ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥੩੫॥
{ਗਉੜੀ ਕਬੀਰ ਜੀ ਬਾ: ਅ:}
[2] ਦੇਹ ਸਰੀਰ ਸੁਖੁ ਹੋਵੈ ਸਬਦਿ ਹਰਿ ਨਾਇ ॥
ਨਾਮੁ, ਪਰਮਲੁ ਹਿਰਦੈ ਰਹਿਆ ਸਮਾਇ॥ {ਵਡਹੰਸ ਮ: ੩-੭}

'ਚੜ੍ਹਦੀ ਕਲਾ ਦਾ ਦੇਇ ਰੁਖ਼ ਇਕ ਏਸ ਨੂੰ
'ਇਕ ਤੁਲਨਾਂ ਵਿਚ ਏਸ ਨੂੰ ਨਿਤ ਰੱਖੀਏ।
'ਨਾਮ ਅਰਾਧਣ ਨਾਲ ਰੁਖ਼ ਏ ਰਾਜ ਜੀ !
'ਅੰਦਰਲੇ ਦਾ ਆਪ ਪ੍ਰਾਪਤ ਹੋਂਵਦਾ,
'ਪਰ ਇਸਦੀ ਸੰਭਾਲ ਹੈ ਇਉਂ ਰੱਖਣੀ
'ਸਾਵਧਾਨ ਰਹਿ ਨਿੱਤ, ਖਾਣੀਂ ਢਿੱਲ ਨਾ।
'ਦ੍ਰਿਸ਼ਟਮਾਨ ਸੰਸਾਰ ਯਾ ਜੋ ਜੱਗ ਏ,
'ਇਸ ਵਲ ਅੰਦੋਂ ਰਾਜ ! ਰੁੱਖ਼ ਇਉਂ ਰੱਖਣਾ-
' 'ਹਾਂ ਮੈਂ ਦੇਖਣਹਾਰ ਦੀਸਣਹਾਰ ਦਾ;'
'ਮਨ ਦੇ ਇਸ ਰੁਖ਼ ਨਾਲ ਆਪਾ ਆਂਵਦਾ
'ਤਾਕਤ ਤੇ ਬਲ ਵਿੱਚ, ਟਿਕ ਇਕ ਤੋਲਵਾਂ।
'ਇਹ ਰੁਖ਼ ਪ੍ਰਾਪਤ ਹੋਇ ਆਪਾ ਭਾਸਦਾ
'ਦ੍ਰਿਸ਼ਟਮਾਨ ਤੋਂ ਵੱਖ, ਉੱਚਾ ਓਸਤੋਂ;
'ਏ ਉਚਤਾ ਹੰਕਾਰ ਹੈ ਨਹਿੰ ਹੋਂਵਦੀ
'ਦ੍ਰਸ਼ਟਾ ਪਾਸੇ ਮੇਲ ਸਾਂਈਂ ਨਾਲ ਰ੍ਹੈ,
'ਦ੍ਰਿਸ਼ਟਮਾਨ ਦੇ ਨਾਲ ਰਲਾ ਨ ਖਾਂਵਦਾ,
'ਜਿਉਂ ਪਾਣੀ ਪਜਾਂ ਖੰਭ ਭਿੱਜੇ ਨਾ ਰਤੀ।
' 'ਚੜ੍ਹਦੀ ਕਲਾ' ਸੁ ਏਹ ਕਿੱਥੋਂ ਪਾਈਏ ?
'ਨਾਮ ਅਰਾਧਣ ਨਾਲ ਇਹ ਹੱਥ ਆਉਂਦੀ;[1]
'ਨਾਲੇ ਕਰ ਅਰਦਾਸ ਰਬ ਤੋਂ ਮੰਗਿਆਂ।
'ਪ੍ਰਥਮ ਮੰਗੀਏ ਨਾਮ ਜਿਸ ਆਰਾਧਿਆਂ
'ਪ੍ਰੀਤਮ ਸਾਈਂ ਨਾਲ ਮੇਲਾ ਪਾਈਏ,
' 'ਚੜ੍ਹਦੀ ਕਲ' ਦਾ ਦਾਨ ਨਾਲੇ ਮੰਗੀਏ,
'ਜਿੱਕੁਰ ਵਿਚ ਅਰਦਾਸ ਹੈਵੇ ਦੱਸਿਆ:-
ਨਾਨਕ ਨਾਮ ਚੜ੍ਹਦੀ ਕਲਾ
'ਜਗ ਵਸਦਜਾਂ ਹੇ ਰਾਜ ! ਦੁਖ ਸੁਖ ਆਂਵਦੇ,
'ਉਸ ਵੇਲੇ ਘਬਰਾਇ ਪੈਂਦੇ ਐਕੁਰਾਂ
'ਮਨੋ ਰਾਮ-ਰਸ ਵਿੱਚ ਪਾਸਣ ਭੰਗ ਏ:
'ਚੜ੍ਹਦੀ ਕਲ ਵਿਚ ਸਿੱਖ ਜੋ ਹੈ ਵੱਸਦਾ
'ਉਹ ਇਹਨਾਂ ਨੂੰ ਝੱਲ ਹੈ ਇਉਂ ਜਾਂਵਦਾ
'ਜਿਉਂ ਅੰਧਜਾਰੀ ਪੱਬ[2]। ਸਕੇ ਹਿਲਾਇ ਨਾ[3]।

[1] ਬਾਰੰ ਬਾਰ ਬਾਰ ਪ੍ਰਭੁ ਜਪੀਐ ॥
ਪੀ ਅੰਮ੍ਰਿਤ ਇਹੁ ਮਨੁ ਤਨੁ ਧ੍ਰਪੀਐ ॥{ਸੁਖਮਨੀ ੧੭-੬}
[2] ਪਰਬਤ।
[3] ਜੋ ਹੋਆ ਹੋਵਤ ਸੋ ਜਾਨੈ ॥ {ਸੁਖਮਨੀ ੧੭-੭}

'ਪਰ ਜੇ ਕੁਝ ਹਿਲਾਉ ਆਕੇ ਵਾਪਰੇ
'ਤਦ ਸਤਿਗੁਰ ਦੀ ਢਾਲ 'ਭਾਣਾ' ਵਰਤੀਏ[1]।
'ਇਉਂ ਅੰਮ੍ਰਿਤ ਹੈ ਸ੍ਵਾਦ ਜੋ ਵਿਚ ਨਾਮ ਦੇ
'ਆਂਦਾ ਰਹਿੰਦਾ, ਜਾਇ ਤਾਂ ਮੁੜ ਆਂਵਦਾ।
'ਭਾਣਾ ਮਿੱਠਾ ਨਿੱਤ ਲੱਗੇ ਜੀ ਅਸਾਂ
'ਏਸ ਲਈ ਅਰਦਾਸ ਕਰਦੇ ਸੱਬ ਹਾਂ–

ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ {ਆਸਾ: ਮ: ੫-੯੩}

' 'ਭਾਣਾ ਸਾਈਂ ਜਾਣ ਭਾਣਾ ਮੰਨਣਾ
'–ਰਬ–ਰਜ਼ਾ ਵਿਚ ਮੇਲ ਮਰਜ਼ੀ ਰੱਖਣੀ–
'ਨਹੀਂ 'ਰਾਮਰਸ–ਤਾਰ' ਟੁੱਟਣ ਦੇਂਵਦਾ;
'ਟੁੱਟੇ ਤਾਂ ਉਸ ਜੋਗ ਫਿਰ ਹੈ ਜੋੜਦਾ।
'ਅਪਣੇ ਦੁਖ ਤੋਂ ਛੁੱਟ ਦੇਖੋ ਰਾਜ ਜੀ !
'ਦੁਨੀਆਂ ਦੇ ਵਿਚ ਦੁੱਖ ਬੀ ਹੈ ਫੈਲਿਆ,
'ਘਰ ਘਰ ਵਿਚ ਹੈ ਪੀੜ ਪਈ ਰੁਆਂਵਦੀ;
'ਧ੍ਰੋਹ ਬਖ਼ੀਲੀ ਨਾਲ ਗੁੱਸੇ ਵੈਰ ਦੇ
'ਹੋਇ ਰਹੇ ਸੰਗ੍ਰਾਮ ਦਾੜ੍ਹੀ ਵਾਢਵੇਂ।
'ਨਰਮ ਰਿਦਾ ਹੋ ਜਾਇ ਨਾਮੀ ਸੰਤ ਦਾ,
'ਉਸ ਵਿਚ ਦਯਾ ਸੁਭਾਵ ਵਧ ਹੈ ਜਾਂਵਦਾ।
'ਦੂਏ ਦਾ ਦੁਖ ਦੇਖ ਦਿਲ ਦੁਖ ਉੱਠਦਾ।
' 'ਕਿਵੇਂ ਘਟਣ ਏ ਦੁੱਖ' ਦਿਲ ਉਸਦਾ ਕਰੇ।
'ਪਰ ਸੋਚੇ ਓ ਨਾਲ ਹੈ ਏ ਗੱਲ ਬੀ:
' 'ਭਲਾ ਕਰਾਂ ਫਿਰ ਚੋਟ ਖਾਵਾਂ ਨਾ ਕਿਵੇਂ।
' 'ਤਾਂ ਜੁ ਰਾਮ–ਰਸ ਸੰਗ ਟੁੱਟੇ ਨਾ ਕਦੇ।'
'ਇਸ ਟੁੱਟਜਾਂ ਤੇ ਓਹ ਹੈ ਘਬਰਾਉਂਦਾ,
'ਮਣੀ ਬਿਨਾ ਜਿਉਂ ਸੱਪ ਵਜਾਕੁਲ ਹੋਵੰਦਾ।
'ਸਤਿਗੁਰ ਦਾ ਫੁਰਮਾਨ: 'ਨੇਕੀ ਬੀ ਕਰੋ
' 'ਨਾਮ ਜਪਣ ਦੇ ਨਾਲ' ਕਰਦਾ ਯਾਦ ਓ
'ਤਦ 'ਚੜ੍ਹਦੀਕਲ' ਵਿੱਚ ਹੋ ਸਾਵਧਾਨ ਓ
'ਗੁਰ ਮੁਹਰੇ ਅਰਦਾਸ ਐਦਾਂ ਦੀ ਕਰੇ;–

ਤੇਰੇ ਭਾਣੈ ਸਰਬਤ ਕਾ ਭਲਾ

'ਫਿਰ ਹਿਰਦਾ ਨਿਰਖੋਭ ਉਸਦਾ ਰੈਂਦ੍ਹਿਆਂ

[1] ਪ੍ਰਭ ਅਪਨੇ ਕਾ ਹੁਕਮੁ ਪਛਾਨੈ॥ {ਸੁਖਮਨੀ, ੧੨-੨}

'ਮਨ ਬਚ ਕਰਮਾਂ ਨਾਲ ਨੇਕੀ ਹੋ ਸਕੇ।
' 'ਭਲਾ ਸਰਬ ਦਾ' ਓਹ ਰਿਦੇ ਵਸਾਂਵਦਾ,
'ਪਰ ਇਸਦੇ ਹੈ ਨਾਲ 'ਭਾਣਾ' ਦੇਖਦਾ
' 'ਭਾਣਾ' ਉਸਨੂੰ ਰਾਜ ! ਡੋਲਨ ਦੇਇ ਨਾ।
'ਡੋਲੇ, ਭਾਣਾ ਫੇਰ ਕਰੇ ਅਡੋਲ ਹੈ।

' 'ਭਲਾ ਸੱਬ ਦਾ ਰਾਜ ਰਿਦੇ ਵਸਾਵਣਾ'
'ਜਗਤ ਨਾਲ ਨਿਰਵੈਰ ਬੀ ਕਰ ਸਿੱਟਦਾ।
'ਅੰਦਰ 'ਨੇਕੀ–ਚਾਹ' ਗੁਰਮੁਖ ਧਾਰਦਾ
'ਏ 'ਨੇਕੀ ਦਾ ਮੇਘ' ਉਨ੍ਹ ਬਨਾਂਵਦੀ,
'ਉਸਤੋਂ ਪਰਉਪਕਾਰ ਪਵੇ ਫੁਹਾਰ ਹੈ।

'ਪਰ ਜਦ ਨੈਣ ਉਘਾੜ ਦੇਖੇ ਜੱਗ ਨੂੰ
'ਘਰ ਘਰ ਹੈਵੇ ਦੁੱਖ ਸਾਰੇ ਫੈਲਿਆ[1]
' 'ਦੂਰ ਕਰਨ ਦੀ ਦੁੱਖ ਆਸਾ' ਓਸਦੀ
'ਵਿੱਚ ਨਿਰਾਸਾ ਇੱਕ ਟੱਪਾ ਖਾਂਵਦੀ:–
' 'ਕੀਕੂੰ ਮੈਂ ਇਕ ਜੀਵ ਦੁੱਖ ਜੁ ਐਤਨਾ
' 'ਕਰ ਸੱਕਾਂਗਾ ਦੂਰ ? ਖੇਡ ਅਸੰਭਵੀਂ।'
'ਪਰ ਬਾਣੀ ਦਾ ਪਾਠ ਕਰ ਜਦ ਦੇਖਦਾ
'ਸਤਿਗੁਰ ਸੱਚੇ ਆਪ ਹੈਵੇ ਲਿੱਖਿਆ;
'ਕੀਤੀ ਹੈ ਅਰਦਾਸ ਜਗ ਦੇ ਵਾਸਤੇ:–

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ
{ਬਿਲਾਵਲ ਵਾਰ ਮ: ੩-੧●}

'ਪੂਰਨ ਪੁਰਖਾਂ ਵਿੱਚ ਨੇਕੀ ਵਾਸ ਹੋ,
'ਇਸ ਪਰ ਸਤਿਗੁਰ ਵਾਕ ਇਉਂ ਹੈ ਆਖਦਾ:–

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ {ਸੁਖਮਨੀ}

'ਤਦ ਟੱਪਾ ਨਾ ਖਾਇ ਤਕੜਾ ਹੋਂਵਦਾ;
'ਦੁਨੀਆਂ ਤੋਂ ਹੋ ਵੱਖ ਅਡਰੇ ਜਾਣ ਦੀ
'ਇੱਛਾ ਉਸਦੀ ਰੁੱਕ, ਹੈ ਏ ਸੋਚਦੀ–
' 'ਸਰਬ ਭਲੇ' ਦੀ ਚਾਹ ਦੂਰ ਨ ਕੱਢੀਏ।
' 'ਚੜ੍ਹਦੀ ਕਲਾ' 'ਰਜ਼ਾਇ' ਦੇ ਵਿਚ ਰੈਂਦ੍ਹਿਆਂ
'ਨਾਮ ਜਪਦਿਆਂ, ਪ੍ਰੇਮ ਸਾਈਂ ਬੱਝਿਆਂ
'ਨੇਕੀ ਦੀ ਜੋ ਕਾਰ –ਰਹਿ ਨਿਰਵਾਸ ਕੇ–

[1] ਨਾਨਕ ਦੁਖੀਆ ਸਭੁ ਸੰਸਾਰੁ॥ {ਰਾਮ; ਵਾਰ ਮ: ੧-੧੪}


www.sikhbookclub.com

'ਸਿਰੇ ਚੜ੍ਹਦੀ ਜਾਇ ਜਿੰਨੀ ਹੋ ਸਕੇ।
'ਤਾਂਤੇ ਰਾਣੀ ਰਾਜ ! ਜਗ ਵਿਚ ਰੈਂਦਿਆਂ
'ਸਾਈਂ ਨਾਲ ਪਰੇਮ ਹਿਰਦੇ ਹੁੰਦਿਆਂ
'ਭਲਾ ਜਗਤ ਦਾ ਨਾਲ ਗੁਰਮੁਖ ਹੈ ਕਰੇ।

'ਦੁੱਖ ਜਗਤ ਦਾ ਦੇਖ ਗੁਰਮੁਖ ਸੋਚਦਾ:
'ਕਿਥੋਂ ਬਹੁਤਾ ਏਹ ਹੈਵੇ ਹੋ ਗਿਆ ?
'ਤਦ ਦੇਖੇ ਕੀ ਓਹ: ਹਉਮੈਂ ਰੋਗ ਨੇ
'ਜਿਵੇਂ ਰਬ ਤੋਂ ਜੀਵ ਸੀਗ ਵਿਛੋੜਿਆ
'ਤਿਵੇਂ ਜਗਤ ਤੋਂ ਵੱਖ ਕੀਤਾ ਏਸ ਨੂੰ।
'ਏਸ ਹਨੇਰੇ ਵਿੱਚ ਸ੍ਵਾਰਥ ਆਂਵਦਾ,
'ਪਾਪਾਂ ਦਾ ਜੋ ਮੂਲ ਹੈਵੇ ਰਾਜ ਜੀ !
'ਦੁਹੁ ਪਾਸੀਂ ਹੈ ਏਸ ਪਰਦਾ ਤਾਣਿਆ–
(੧)'ਹੁਉਮੈਂ ਹੀ ਹੈ ਮੂਲ ਪਰਦਾ ਰਬ ਤੋਂ,
'ਏਹੋ ਹੀ ਹੈ ਰੋਕ ਸਾਂਈਂ ਪਜਾਰ ਦੀ,
'ਜੋ ਉਸਤੋਂ ਹੈ ਨਿੱਤ ਅਸਾਂ ਵਿਛੋੜਦੀ:
'ਅਸਾਂ ਓਸ ਵਿਚਕਾਰ ਉਸਰੀ ਕੰਧ ਏ;
'ਸਾਈਂ ਤੋਂ ਭੁੱਲ ਭੁੱਲ ਪੱਕੀ ਹੋ ਰਹੀ:–

ਵਿਚਿ ਹਉਮੈ ਭੀਤਿ ਕਰਾਰੀ ॥ {ਮਾ: ਮ:੪}

'ਇਸ ਹਉਮੈਂ ਦਾ ਹਾਲ, ਦਾਰੂ ਏਸਦਾ
'ਮੈਂ ਕਹਿ ਚੁੱਕਾਂ ਢੇਰ ਵਾਰੀ ਖੋਲ੍ਹਕੇ:
'ਨਾਮ ਵਿਸਾਰੇ ਨਾਲ ਦੁਖ ਹੈ ਦੇਂਵਦੀ
'ਨਾਮ ਅਰਾਧਣ ਨਾਲ ਹੁੰਦੀ ਦੂਰ ਏ,

ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ
ਵਿਸਰਿਐ ਦੁਖੁ ਪਾਈ ॥ {ਸਿਧ ਗੋਸਟਿ-੬੮}

(੨)'ਦੂਜੇ ਪਾਸੇ ਰਾਜ ! ਹਉਮੈਂ ਹੀ ਇਹੋ
' 'ਜਾਚ-ਵਿਤਕਰਾ' ਠੀਕ -ਵਿਚ ਸੰਸਾਰ ਦੇ
'ਦਿਲ ਬੈਠੀ ਚੁਪ ਚਾਪ ਪਈ ਸਿਖਾਲਦੀ:
'ਘਰ ਘਰ ਦੇ ਵਿਚ ਵਿੱਥ ਪਾਟਕ ਪਾਂਵਦੀ,
'ਇਨਸਾਨੋਂ ਇਨਸਾਨ ਕਰਦੀ ਵੱਖ ਹੈ,
'ਦਿਲ ਦਿਲ ਦੇ ਵਿਚਕਾਰ ਵਿੱਥਾਂ ਪਾਂਵਦੀ।
'ਏਥੇ 'ਸ੍ਵਾਰਥ' ਰੂਪ ਹਉਮੈਂ ਧਾਰਦੀ
'ਖ਼ੁਦਗਰਜ਼ੀ' ਬੀ ਲੋਕ ਇਸਨੂੰ ਆਖਦੇ।

'ਏਹੋ ਹੀ ਹੈ ਕੰਧ: ਜਿਸ ਹੈ ਜੱਗ ਤੋਂ
'ਸਾਨੂੰ ਕੀਤਾ ਅੱਡ, ਪਾਪ ਸਿਖਾਲਿਆ।
'ਹਉਮੈਂ ਦੇ ਇਸ ਪੱਖ ਦਾ ਕੁਝ ਹਾਲ ਮੈਂ
'ਹੁਣ ਕਹਿਣਾ ਹੈ ਰਾਜ ! ਸੁਣਨਾ ਧਜਾਨ ਦੇ।

'ਖ਼ੁਦਗ਼ਰਜ਼ੀ ਦਾ ਜ਼ੋਰ ਹੈ ਸੰਸਾਰ ਤੇ
'ਪੈਂਦੀ ਹੈ ਇਹ ਐਉਂ:- ਇਸ ਤਨ ਵਾਸਤੇ
'ਰੋਟੀ, ਰਾਖੀ ਹੋਰ ਚੀਜ਼ਾਂ ਚਾਹਿਯੇ।
'ਦੇਹ ਪਾਲਣ ਦੀ ਲੋੜ ਰੱਖਜਾ ਆਦਿ ਦੀ,
'ਗਰਮਜੋਂ ਸਰਦਜੋਂ ਨਾਲ ਬਚਣ ਬਚਾਣ ਦੀ,
'ਕਈ ਭਾਂਤਿ ਦੀ ਲੋੜ ਸਾਨੂੰ ਵਾਪਰੇ;
'ਬਿਨ ਪੂਰਜਾਂ ਏ ਲੋੜ ਸਾਡੀ ਨਾ ਸਰੇ।
'ਸ੍ਰੀਰ 'ਪਾਲ' ਤੇ 'ਰੱਖ' ਧਰਮ ਸੁ ਜਾਣ ਲੌਂ।

ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥
{ਬਿਹਾ: ਵਾਰ ਮ:੫-੧੪}

'ਤਨ ਲੋੜਾਂ ਦੇ ਪੂਰ ਕਰਨੇ ਵਾਸਤੇ
'ਕਰੀਏ ਜਤਨ ਅਨੇਕ, ਇਹ ਤਾਂ ਠੀਕ ਹੈ:
'ਪਰ ਲੋੜਾਂ ਨੂੰ ਆਪ ਬਹੁਤ ਵਧਾਉਣਾ,
'ਹੈ ਇਸਦੇ ਫਿਰ ਵਿੱਚ ਵਧਦੀ ਲਾਲਸਾ।
'ਬਹੁਤ ਮਿਲੇ ਤਾਂ ਫੇਰ ਵਧੇ ਹੰਕਾਰ ਹੈ।
'ਜੋ ਮਤ ਨੂੰ ਬਉਰਾਇ ਦੇਂਦਾ, ਰਾਜ ਜੀ[1] !
'ਇਉਂ ਵਧ ਵਧਕੇ ਅੰਤ ਸ੍ਵਾਰਥ ਰੂਪ ਲੈ
'ਹਉਮੈਂ ਕਈ ਉਪੱਦ੍ਰ ਹੈ ਕਰਵਾਂਵਦੀ;
'ਖ਼ੁਦਗ਼ਾਰਜ਼ੀ ਦਾ ਐਉਂ ਜਨਮ ਸੁ ਹੋਂਵਦਾ।
'ਬਾਣ ਚਿਰਾਂ ਦੀ ਏਹ ਮਾਨੁਖ ਦੇ ਰਿਦੇ
'ਹੋ ਹੋ ਕੇ ਅਭਜਾਸ ਪੱਕੀ ਹੋ ਗਈ,
'ਪੱਕੀ ਬਣੇ ਸੁਭਾਵ ਲਗੇ ਨ ਓਪਰੀ।
' 'ਮੈਂ' 'ਮੈਂ' ਕਰਦੇ ਸੱਭ 'ਮੈਂ' ਨੂੰ ਪਾਲਦੇ;
'ਮਾੜਿਆਂ ਹੋਰਾਂ ਜਾਣ ਚੰਗਜਾਂ ਆਪ ਨੂੰ
'ਅਪਣੇ ਤੋਂ ਸਭ ਜੋਗ ਜਾਣਨ ਵੱਖਰਾ;

[1] ਜਬ ਇਹੁ ਮਨ ਮਹਿ ਕਰਤ ਗੁਮਾਨਾ ॥
ਤਬ ਇਹੁ ਬਾਵਰੁ ਫਿਰਤ ਬਿਗਾਨਾ ॥
ਜਬ ਇਹੁ ਹੂਆ ਸਗਲ ਕੀ ਰੀਨਾ ॥
ਤਾ ਤੇ ਰਮਈਆ ਘਟਿ ਘਟਿ ਚੀਨਾ ॥ {ਗਉੜੀ ਮ: ੫ ਅ:੧}

'ਟੋਲਣ ਸੁੱਖ ਅਰਾਮ ਕੇਵਲ ਆਪਣਾ।
'ਜੋ ਤੀਵੀਂ ਮਾਨੁੱਖ ਦਿੱਸਣ ਜੀਂਵਦੇ
'ਏਸ ਸਮਝ ਵਿਚ ਰਾਜ ! ਸਾਰੇ ਖੇਡਦੇ:
' 'ਮੈਂ ਹੋਵਾਂ, ਮੈਂ ਸੁੱਖ ਸਾਰੇ ਲੈ ਲਵਾਂ,
' 'ਹੋਰ ਕਿਸੇ ਦੀ ਕੁੱਝ ਮੈਂ ਪਰਵਾਹਿ ਨਾ।'
'ਖਿਚਾ-ਖਿਚੀ ਨਿਜ ਵੱਲ ਸਭ ਨੂੰ ਹੈ ਲਗੀ;
'ਜੀਉ ਜੀਉ ਵਿਚ ਵਿੱਥ ਹੈ ਏ ਪੈ ਰਹੀ;
'ਥੋੜ੍ਹੀ ਕਿਧਰੇ ਬੌਤ੍ਹ ਭਾਂਤਿ ਅਨੇਕ ਦੀ।
'ਖ਼ੁਦਗ਼ਰਜ਼ੀ ਵਿਚ ਲੋਕ ਵਧਦੇ ਜਾਣ ਜੇ
'ਮਨ ਬੁਧਿ ਉਨ੍ਹਾਂ ਮਲੀਨ ਜਾਂਦੇ ਹੋਂਵਦੇ;
'ਐਕੁਰ ਡਿਗਦੇ ਜਾਣ ਸ੍ਵਾਰਥ ਵਿੱਚ ਓ,-
(ੳ)'ਹਉਮੈ' ਅਪਣਾ ਆਪ ਮਿੱਠਾ ਲਾਂਵਦੀ,
(ਅ) 'ਤਨਮਨ ਦੀ ਜੋ ਲੋੜ ਕਰਦੀ ਪੱਕਿਆਂ,
(ੲ) 'ਏਸ ਅਸਰ ਦੇ ਹੇਠ ਬੇ ਮਾਲੂੰਮ ਹੀ
'ਆਪਾ ਲੱਗੇ ਵੱਖ ਦੂਜੇ ਓਪਰੇ।
(ਸ) 'ਨਿਜ ਦਾ ਲੋਚਜੇ ਸੁੱਖ ਕਿਸੇ ਨ ਹੋਰ ਦਾ;
'ਜਗ ਦਾ ਦੁੱਪਰਿਆਰ ਸਹਿਜੇ ਹੈ ਵਧੇ।
(ਹ)' 'ਲਈਏ ਅਪਣਾ ਲਾਭ ਸਬ ਤੋਂ, ਚਹਿ ਕਿਵੇਂ'
'ਇਹ ਫਿਰ ਵਧਦਾ ਖਜਾਲ ਵਰਤੋਂ ਬੀ ਬਣੇ
(ਕ)'ਫਿਰ ਕਰੀਏ ਉਹ ਕਾਰ ਹਾਨੀ ਹੋਰਨਾਂ।
'ਚਾਹੇ ਹੁੰਦੀ ਜਾਇ, ਅਪਣਾ ਸੁਖ ਹੋ।
(ਖ) 'ਫਿਰ ਦੁਖ ਦੇਯੇ ਆਪ ਲੋਕਾਂ ਹੋਰਨਾਂ।
'ਸੁਖ ਅਪਣੇ ਦੇ ਕਾਣ, ਡਰਿਯੇ ਨਾ ਰਤੀ।
'ਇਉਂ 'ਦੁਖ ਦੇਕੇ ਸੁੱਖ ਲੈਣ' ਸੁਭਾਵ ਜੋ
'ਪੱਕਾ ਹੁੰਦਾ ਜਾਇ -ਅੰਦਰ ਢੀਠ ਹੋ।
(ਗ)'ਦੁਖ ਦੇ ਦੇ ਕੇ ਨਿੱਤ ਸਾਰੇ ਜੱਗ ਨੂੰ
'ਦਿਲ ਅਪਣੇ ਦੇ ਦੁਆਲ -ਬੇ ਮਾਲੂਮ ਹੀ-
'ਵਖਰੇਪਨ ਦੀ ਕੰਧ ਮਾਨੋ ਉੱਸਰੇ।
(ਘ) 'ਵਖ ਹੋਏ ਦਿਲ ਵਿੱਚ ਬੇ ਮਾਲੂਮ ਹੀ
'ਵਾਪ੍ਰੇ ਆਇ 'ਇਕੱਲ' ਕਰੇ ਇਕੱਲਿਆਂ:-
'ਮਾਨੋ ਮੈਂ ਦੇ ਦੁਆਲ ਕੰਧ ਉਸਾਰਕੇ
'ਉਸਨੂੰ ਵਿਚ ਇਕ ਬੰਧ ਦੇ ਏ ਸੱਟਦੀ[1]।

'ਜਜੁੰਦਜਾਂ ਇਸ ਦਾ ਦੁੱਖ ਭਾਸੇ ਘੱਟ ਹੈ,
'ਕਿਉਂਕਿ ਮਿਤ ਪਰਵਾਰ ਦੁਆਲੇ ਦਿੱਸਦੇ।
'ਮਰਿਆਂ, ਵਿੱਚ ਇਕੱਲ ਪਾਸ ਨ ਹੋਣ ਏ[1]
'ਤਦੋਂ ਇਕੱਲ ਦਾ ਦੁੱਖ ਡਾਢਾ ਖਾਂਵਦਾ,
'ਨਰਕੋਂ ਔਖਾ ਓਹ ਹੈਵੇ ਝੱਲਣਾ।
(ਙ)'ਫੇਰ ਸੋਚ ਲੌ ਬਾਤ ਇਹ ਦਿਲ ਦੇਇਕੇ
'ਖ਼ੁਦਗ਼ਰਜ਼ੀ ਦੇ ਏਸ ਜੀਵਨ ਨਾਲ, ਜੀ !
'ਭਾਂਤ ਭਾਂਤ ਦੇ ਪਾਪ ਉਸਤੋਂ ਹੋਂਵਦੇ,
'ਗੁਣ ਦੀ ਸਾਰੀ ਰਾਸ ਉਸਦੀ ਉੱਡਦੀ;
'ਗੁਣ ਦਾ ਪਰਦਾ ਦੂਰ ਮਾਨੋ ਹੋ ਗਿਆ,
'ਉੱਘੜ ਔਗੁਣ ਜਾਣ, ਕੱਜਣ ਨਾ ਰਿਹਾ:
'ਜਦ ਜਾਂਦਾ ਪਰਲੋਕ ਨੰਗਾ ਜਾਂਵਦਾ।
'ਸਤਿਗੁਰਂ ਜੀ ਨੇ ਵਾਕ ਇਸ ਪਰ ਆਖਿਆ:-

ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥
ਕਰਿ ਅਉਗੁਣ ਪਛੋਤਾਵਣਾ ॥ {ਵਾਰ ਆਸਾ ਮ: ੧-੧੪}

'ਜਦ ਵਿਚ ਇਸ ਸੰਸਾਰ ਸੀ ਓ ਜੀਉਂਦਾ,
'ਲੋਕਾਂ ਨਾਲ ਵਪਾਰ ਸੀ ਜੋ ਓਸਦਾ,
'ਔਗੁਣ ਉਸਦੇ ਨਾਲ ਰਿਹਾ ਵਿਹਾਝਦਾ:
'ਖ਼ੁਦਗ਼ਰਜ਼ੀ ਦਾ ਓਹ ਹੋਣੇ ਕਾਰਣੇ
'ਅਪਣੇ ਅੰਦਰ ਜੀਵ 'ਕੱਲਾ ਹੋ ਗਿਆ।
'ਸਾਈਂ ਨਾਲ ਸੰਬੰਧ ਜੋ ਸੀ ਅੰਦਰੋਂ
'ਉਹ ਬੀ ਹਉਮੈਂ ਕਾਣ ਟੁੱਟਾ ਹੀ ਰਿਹਾ;
'ਇਉਂ ਉਸਤੋਂ ਬੀ ਦੂਰ ਰਹਿਆ ਵੱਖਰਾ।
'ਮਰਕੇ ਉਸਦੇ ਨਾਲ ਆਈ 'ਕੱਲ ਹੈ,
'ਕਰਮਾਂ ਸੰਦੀ ਯਾਦ ਆਈ ਨਾਲ ਹੈ;
'ਹੁਣ ਅਪਣਾ ਹੈ ਆਪ ਕਰਮੀਂ ਵੇੜ੍ਹਿਆ
'ਦਿੱਸੇ ਉਸਨੂੰ ਹਾਇ ਪੱਛੋਤਾਉਂਦਾ।
'ਦੁਖਾਂ ਵੇੜ੍ਹੀ ਯਾਦ ਕਰਮਾਂ ਸੰਦੜੀ
'ਖਾਂਦੀ ਹੈ ਵਢ ਵੱਢ ਚੈਨ ਨ ਦੇਂਵਦੀ।
'ਉਸਦਾ ਰਿਹਾ ਸੰਬੰਧ ਨਾਲ ਨ ਸੀ ਕਿਸੇ
'ਹੁਣ ਦਿਸਦਾ ਨਹੀਂ ਕੋਇ ਉਸ ਨੂੰ ਆਪਣਾ।
'ਕੀਤੀ ਸੀਗੀ ਤਯਾਰ ਵਖਰੇ ਹੋਣ ਦੀ

[1] ਆਪਨ ਕਰਮ ਆਪੇ ਹੀ ਬੰਧ ॥ {ਰਾਮਕਲੀ ਮ: ੫}

[1] ਤਿਥੈ ਅਵਰੁ ਨ ਕੋਈ ਜੀਉ ਇਕੇਲਾ। {ਮਾ:ਸੋ:ਮ:੧-੯}

'ਕੂੜੇ ਦੀ ਜੋ ਪਾਲ ਅਪਣੇ ਆਪ ਹੀ,
'ਅਪਣੇ ਦੁਾਲੇ, ਓਹ ਹੁਣ ਦੁਖ ਦੇਂਵਦੀ,
'ਇਸ ਵਿਚ ਨਿਜ ਨੂੰ ਦੇਖ ਪੱਛੋਤਾਉਂਦਾ।

ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨੁ ਦੁਖੁ ਨ ਕਬਹੂ ਉਤਰੈ ਸੇ ਜਮਕੇ ਵਸਿ ਪੜੀਆਹ॥
{ਬਾਰ: ਮਾ: ਮਾਝ ਮ: ੫-੧●}

'ਗੁਰਮੁਖ ਗੁਰਸਿਖ ਹੋਰ ਜਗ ਜਗਿਆਸੂਆ,
'ਜੋ ਉਚ ਜੀਵਨ ਵੱਲ ਝੁਕਿਆ ਹੈ ਕਿਵੇਂ
'ਕਰਦਾ ਉਲਟ ਵਿਚਾਰ ਇਸ ਪਰਕਾਰ ਦੀ:-
'ਦੁਨੀਆਂ ਸਭ ਵਖ ਵੱਖ ਮੈਂ ਬੀ ਵੱਖ ਹਾਂ,
'ਪਰ ਇਹ ਦੇਹ ਦੀ ਲੋੜ ਪਾਈ ਵੱਖਤਾ।
'ਬਿਨ ਪੁਰਜਾਂ ਤਨ-ਲੋੜ ਤਨ ਮਰ ਜਾਂਵਦਾ,
'ਤਾਂਤੇ ਤਨ ਦੀ ਲੋੜ ਬੀ ਹੈ ਪੂਰਨੀ,
'ਪਰ ਇਹ ਅਪਣੀ ਲੋੜ ਪਜਾਰੀਂ ਪੂਰੀਏ;
'ਹੋਵੇ ਨਾ ਫਿਰ ਦੁੱਖ ਸ੍ਵਾਰਥ ਵਾਲੜਾ।
'ਪਿਤਾ ਰੱਬ ਕਿਰਪਾਲ ਸਭ ਉਸ ਅੰਸ਼ ਹਾਂ,
'ਬਣਕੇ ਸੱਭ ਭਿਰਾਉ ਵਾਂਙੂ ਵੱਸੀਏ।
'ਇਕ ਦੂਏ ਦੀ ਲੋੜ ਆਪ 'ਚ ਪੂਰੀਏ।
'ਪਰ ਜੋ ਸੋਚੇ ਐਉਂ ਕਰੇ ਬਿ ਐਉਂ ਹੈ,
'ਕੀ ਦੇਖੇਗਾ ਓਹ ਹੋਰ ਜੁ ਸਾਰੜੇ
'ਸ੍ਵਾਰਥ ਕੁੱਠੇ ਜਾਣ ਤੁਰਦੇ ਓਕਰਾਂ।
'ਉਪਕਾਰੀ ਨੂੰ ਦੁੱਖ ਬੀ ਹਨ ਦੇਂਵਦੇ।
' 'ਮੈਂ ਕਿਉਂ ਕਰਾਂ ਪਿਆਰ' ਤਦ ਇਹ ਸੋਚ ਹੈ
'ਆਣ ਦਿਖਾਵੇ ਰੂਪ ਸ੍ਵਾਰਥ ਵਾਲੜਾ,
'ਪਰ ਮਨ ਹੁਯਾ ਸੁਬੁੱਧ ਐਦਾਂ ਸੋਚਦਾ,
'ਉਨ੍ਹਾਂ ਜੋਗ ਕੀ ਦੋਸ਼ ? ਓ ਹਨ ਜਾਣਦੇ
'ਅਪਣੇ ਤਾਈਂ ਵੱਖ -ਸਭ ਤੋਂ ਵੱਖਰਾ,
'ਓਪ੍ਰਾ ਜਾਣਨ ਹੋਰ ਜੱਗ ਸਬਾਇਆ।
'ਤੈਨੂੰ ਦਿੱਸਣ ਵੀਰ ਸਾਰੇ ਆਪਣੇ[1]
'ਉਹਨਾਂ ਦੀ ਅਖ ਰੋਗ ਸ਼ੁੱਧ ਨ ਵੇਖਦੇ,
'ਤੇਰੀ ਅੱਖ ਅਰੋਗ ਤੂੰ ਸ਼ੁੱਧ ਵੇਖ ਖਾਂ

[1] ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥
{ਸੋਰਠਿ ਮ: ੫-੧੨}

'ਐਕੁਰ ਸੋਚ ਵਿਚਾਰ ਕਰਦਾ ਫੇਰ ਓ:-
' 'ਏ ਹਨ ਸਾਰੇ ਵੀਰ ਮੇਰੇ ਆਪਣੇ
' 'ਜੇ ਏ ਗੁੱਸੇ ਹੋਣ ਤਾਂ ਭਿ ਸਹਾਰਨਾਂ,
' 'ਜੁ ਏ ਦੇਵਣ ਗਾਲ ਤਪਣਾ ਮੈਂ ਨਹੀਂ
' 'ਬੁਰਾ ਕਰੇ ਜੇ ਕੋਇ ਬੁਰਾ ਨ ਮੈਂ ਕਰਾਂ।
' 'ਜੇ ਅਪਣਜਾਂ ਦੇ ਨਾਲ ਬਦੀ ਕਮਾਵਸਾਂ
' 'ਉਹ ਅਪਣੇ ਹੀ ਨਾਲ ਕਰਨੇ ਤੁੱਲ ਹੈ।'

'ਹੁਣ ਜੋ ਕਹੀ ਵਿਚਾਰ ਹੈ ਮੈਂ, ਰਾਜ ਜੀ !
'ਓਸ ਨਾਲ ਇਹ ਟੁੱਟ ਹਉਮੈਂ ਜਾਂਵਦੀ,
'ਉਹ ਵਰਤੇ ਸ਼ੁਭ ਮੱਤਿ ਫਿਰ ਹੈ ਐਕੁਰਾਂ:-
(ੳ)'ਬੁਰਾ ਕਿਸੇ ਦਾ ਨਾਂਹਿ ਮੈਥੋਂ ਹੋਇ ਜੀ[1]।
(ਅ)'ਭਲਾ ਸਰਬਦਾ ਫੇਰ ਰਿਦੇ ਵਸਾਂਵਦਾ[2],
(ੲ)'ਫਿਰ ਕਰਦਾ ਹੈ ਕੰਮ ਨੇਕੀ ਵਾਲੜੇ[3]।
(ਸ)'ਨੇਕੀ ਕਰਕੇ ਓਹ ਫਿਰ ਹੈ ਸੋਚਦਾ
'ਇਸ ਵਿਚ ਹਉਂ ਹੰਕਾਰ ਨਾਹੀ ਚਾਹੀਏ[4]।
(ਹ)'ਜਦੋਂ ਅਵਸਥਾ ਨਾਮ ਉੱਚੀ ਹੋਂਵਦੀ
'ਤਦ ਉਸ ਭਾਸੇ ਐਉਂ ਮੈਂ ਕੁਛ ਨਾ ਕਰਾਂ,
'ਸਾਈਂ ਕਰਨੇ ਹਾਰ ਆਪੇ ਪ੍ਰੇਰਦਾ,
'ਕਰਵਾਂਦਾ ਹੈ ਆਪ ਸਭ ਕੁਛ ਮੁੱਝ ਤੇ[5]
(ਕ)'ਫਿਰ ਜਦ ਉੱਚੀ ਹੋਰ 'ਵਸਥਾ ਨਾਮ ਦੀ
'ਅੰਦਰ ਜਾਵੇ ਆਇ ਤਾਂ ਇਹ ਜਾਣਦਾ
'ਸਭ ਕੁਛ ਆਪੇ ਆਪ ਸਾਂਈਂ ਹੈ ਕਰੇ;
'ਮੈਂ ਉਸ ਸ਼ਰਨ ਮਝਾਰ ਉਸਦਾ ਹੋ ਰਿਹਾਂ।

[1] ਪਰ ਕਾ ਬੁਰਾ ਨ ਰਾਖਹੁ ਚੀਤ ॥
ਤੁਮ ਕਉ ਦੁਖੁ ਨਹੀ ਭਾਈ ਮੀਤ {ਆਸਾ ਮ: ੫-੬੨}
ਤਥਾ-ਦੂਖੁ ਨ ਦੇਈ ਕਿਸੈ ਜੀਅ
ਪਤਿ ਸਿਉ ਘਰਿ ਜਾਵਉ। {ਗਉੜੀ ਵਾਰ ਮ: ੫-੧੭}
[2] ਤੇਰੈ ਭਾਣੇ ਸਰਬੱਤ ਕਾ ਭਲਾ ॥ {ਅਰਦਾਸ}
[3] ਓਨੀ ਮੰਦੈ ਪੈਰੁ ਨ ਰੀਖਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥ {ਵਾਰ ਆਸਾ ਮ: ੧-੭}
[4] ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥
{ਵਾਰ ਆਸਾ ਮ: ੧-੫}
[5] ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਇਦਾ।
{ਆਸਾ ਵਾਰ ਮ: ੧-੧੬}

(ਖ)'ਫਿਰ ਜਦ ਆਵੇ ਏਹ ਅਨੁਭਵ; ਰਾਜ ਜੀ !
'ਮੈਂ ਨਾਹੀਂ ਮੈਂ ਨਾਹਿੰ ਸਭ ਕੁਛ ਤੂੰ ਪ੍ਰਭੂ[1];
'ਜੀਅਦਾਨ ਦਾ ਦਾਨ ਉਸਤੋਂ ਸਹਿਜ ਹੀ
'ਮੇਘੁਪਕਾਰੀ ਵਾਂਙ ਆਪੇ ਹੋਂਵਦਾ।
'ਚਰਨ ਕਮਲ ਦੀ ਮੌਜ ਵਿਚ ਓ ਵੱਸਦਾ,
'ਜੋ ਦੇਖੀ ਪਰਵਾਨ ਗੁਰ ਜੀ ਆਖਦੇ।
'ਪਰ ਦੇਣੇ ਦੀ ਬਾਣ ਸਹਜ ਸੁਭਾਵ ਦੀ
'ਭੁੱਲੇ ਕਿਉਂ ਏ ਰੂਪ ਹੈਵੇ ਆਤਮਾ:
'ਜੀਅਦਾਨ ਸੰਸਾਰ ਨੂੰ ਹੁਣ ਦੇਂਵਦਾ।
(ਗ)'ਜਦ ਹਉਂ ਹੋਈ ਦੂਰ ਆਪਾ ਨਾ ਰਿਹਾ
'ਕੋਈ ਵਿੱਥ ਨ ਮੂਲ ਬਾਕੀ ਹੈ ਰਹੀ।
' 'ਮੈਂ ਨਾਂਹੀਂ ਹਾਂ ਮੂਲ' ਸੱਚੇ ਸਾਂਈਆਂ !
' 'ਸਭ ਕਿਛ ਤੂਹੀਓਂ ਤੂੰਹ ਸਾਂਈਂ ਇਕ ਤੂੰ।'
' 'ਤੂੰਹੀਓਂ' ਕਹਿੰਦਾ ਤੂੰਹ ਮੈਂ ਤੋਂ ਛੁੱਟਦਾ
'ਰੱਬ ਰੂਪ ਵਿਚਕਾਰ ਪਾਵੇ ਵਾਸ ਹੈ।
'ਇਉਂ ਹਉਂਮੈ ਦੋ ਕੰਮ ਕਰ ਜੋ ਸੀ ਰਹੀ:
'ਭੁੱਲ ਪ੍ਰਭੂ ਦੇ ਨਾਲ ਸੀ ਇਕ ਪਾ ਰਹੀ,
'ਦੂਜੇ ਪਾਸੇ ਏਹ ਸ੍ਵਾਰਥ ਵਿੱਚ ਪਾ
'ਕਰਵਾਂਦੀ ਸੀ ਪਾਪ, ਕਰਕੇ ਵੱਖਰਾ
'ਉਹ ਹੋ ਜਾਂਦੀ ਦੂਰ ਹੈ ਦੋ ਪਾਸਿਓਂ।
'ਸੋ ਰਾਣੀ ਗੁਣਵਾਨ ! ਸੋਚ ਵਿਚਾਰ ਕੇ
' 'ਭੁਲ' 'ਸ੍ਵਾਰਥ' ਦੇ ਰੂਪ ਹਉਂਮੈ ਦੇ ਹਤੋਂ।
'ਪ੍ਰਭੁ ਨੂੰ ਹੈ ਭੁਲ ਜਾਣ ਵਿਛੁੜਨ ਓਸਤੋਂ
'ਸੋਮਾਂ ਸਾਡਾ ਓਹ ਉਸਤੋਂ ਟੁੱਟੀਏ।
' 'ਸ੍ਵਾਰਥ' ਦਾ ਹੈ ਅੰਤ 'ਕੱਲ ਡਰਾਵਣੀ,
'ਸਾਂਈਂ ਨੂੰ ਭੁਲ ਭੁੱਲ ਜਗ ਵਿਚ ਸਾਂ ਰਚੇ
'ਸ੍ਵਾਰਥ ਕਰ ਕਰ ਓਸ ਤੋਂ ਬੀ ਵਿੱਛੁੜੇ।
'ਰਸਤਾ ਹੈਸੀ ਪ੍ਰੇਮ 'ਹਉਂਮੈ' ਕੱਟਦਾ;
' 'ਹਉਂ' ਤੋਂ ਉਲਟਾ ਜਾਇ ਰਸਤਾ ਪ੍ਰੇਮ ਏ;
' 'ਭੁੱਲ' 'ਸ੍ਵਾਰਥ' ਨੂੰ ਏਹ ਹੀ ਹੈ ਕੱਟਦਾ।
'ਪ੍ਰੇਮ ਪ੍ਰਭੂ ਦੇ ਨਾਲ ਰੱਖੇ ਮੇਲਕੇ,
'ਦੇਂਦਾ ਹੈ ਇਹ ਜੋੜ ਸਾਂਈਂ ਨਾਲ ਜੀ;
'ਜਗ ਵਿਚ ਵਰਤਨ-ਪਜਾਰ ਇਹ ਸਿਖਲਾਂਵਦਾ।
'ਦੂਈ ਦ੍ਵੈਤ ਵਖੇਂਵੇ ਸਾਰੇ ਮੇਟਣੇ;
'ਪਾਪ ਕਰਨ ਤੋਂ ਏਹ ਅਹੇ ਬਚਾਂਵਦਾ;
'ਤਾਂਤੇ ਪ੍ਰਾਪਤ ਜੋਗ ਪ੍ਰੇਮ ਕਰਾਂਵਦਾ।
'ਜੋਗ ਨ ਆਖਾਂ ਓਹ ਮੁੰਦਰਾਂ ਕੰਨ ਪਾ
'ਘਰ ਘਰ ਅਲਖ ਜਗਾਇ ਫਿਰਨਾ ਜੋਗ ਲੈ;
'ਨਾਂ ਮੈਂ ਹਾਂ ਹਠਜੋਗ ਏਥੇ ਦੱਸਦਾ-
'ਕਸ਼ਟ ਸਾਧਨਾਂ ਨਾਲ ਦੇਹੀ ਸਾਧਣੀ।
'ਨਾਂ ਅਪਣੇ ਹੀ ਵਿੱਚ ਜੁੜ ਜੁੜਜ ਜਾਣ ਦਾ
'ਰਾਜ ਯੋਗ, ਨਾਂ ਯੋਗ ਆਖਾਂ ਸਾਂਖ ਦਾ।
'ਪਰ ਜੁੜ ਸਾਈਂ ਨਾਲ ਨਾਲ ਪਰੇਮ ਦੇ
'ਵਸਨ ਕਿ ਹੁੰਦਾ ਮੇਲ ਉਹ ਹਾਂ ਆਖਦਾ।
'ਨਾਮ ਧਿਆਵਣ ਨਾਲ ਪ੍ਰਾਪਤ ਹੋਇ ਏ[1]।
'ਅਰਥ ਜੋਗ ਦਾ, ਰਾਜ ! ਜੁੜਨਾ ਜਾਣਨਾ,
'ਜੋੜਨ ਵਾਲਾ ਪ੍ਰੇਮ ਹੈ ਵਿਚ ਸੋਹਿਣਾ।
'ਸਾਈਂ ਸੱਚੇ ਨਾਲ ਭਗਤਿ ਕਮਾਇਕੇ
'ਜੁੜ ਜਾਣਾ ਹੈ ਜੋਗ 'ਜੋਗ ਪਰੇਮ' ਦਾ[2]:
' 'ਹਰਿ-ਰਸ ਜੀਵਨ' ਵਿਚ ਜੋਗੀ ਜੀਂਵਦਾ।
'ਇਉਂ ਜੁ ਰਾਮ-ਰਸ ਵਿੱਚ ਬਖਸ਼ਜਾ ਆ ਗਿਆ।
'ਓੱਤੋਂ ਉਸਨੂੰ ਖਿੱਚ ਖਿੱਚੀ ਰੱਖਦੀ,-
' 'ਸਾਂਈਂ-ਪਜਾਰ' ਸਹਾਇ ਉਸਦਾ ਹੋਂਵਦਾ,
'ਉੱਚਾ ਉਨਮਨ ਹੋਇ ਰਹਿੰਦਾ ਓ ਸਦਾ।
'ਉਨਮਨ ਤੋਂ 'ਮਨ ਉੱਚ ਵਾਲੀ' ਹੀ ਦਸ਼ਾ।
'ਮੈਂ ਕਹਿ ਰਹਿਆਂ, ਰਾਜ ! ਸਮਝੋ ਠੀਕ ਦੇ।
'ਏਸ ਦਸ਼ਾ ਵਿਚਕਾਰ ਹੈ ਪਰਵਾਣ ਓ
'ਗ੍ਰਿਹਸਤੀ ਚਹੇ ਅਤੀਤ ਗੁਰਮੁਖ ਹੋਇ ਓ।
'ਇਹ ਸਮਝੋ ਪਕ ਬਾਤ ਐਸਾ ਹੋਇ ਜੋ

[1] ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ {ਬਿਲਾ: ਮ: ੫-੧੧੭}

[1] ਨਿਰਭਉ ਜੋਗੀ ਨਿਰੰਜਨੁ ਧਿਆਵੈ ॥
ਅਨਦਿਨੁ ਜਾਗੈ ਸਚਿ ਲਿਵਲਾਵੈ ॥
ਸੋ ਜੋਗੀ ਮੇਰੈ ਮਨਿ ਭਾਵੈ ॥ {ਗਉੜੀ ਮ: ੧ ਅਸ: -੭}
[2] ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥
ਅਹਿਨਿਸਿ ਰਾਵੇ ਭਗਤਿ ਜੋਗੁ ॥
ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥
ਜਨ ਨਾਨਕ ਹਰਿਵਰੁ ਸਹਜ ਜੋਗੁ ॥ {ਬਸੰਤ ਮ: ੧-੬}

'ਰਹਿੰਦਾ ਨਹੀਂ ਉਦਾਸ ਢੱਠੇ ਚਿੱਤ ਓ।
'ਮਨ ਇਕ ਤੁਲਨਾ ਵਿੱਚ ਉਸਦਾ ਆਂਵਦਾ,
'ਟਿਕਿਆ ਤੇ ਪਰਸਿੰਨ ਹੈ ਓ ਹੋਂਵਦਾ,
'ਸਾਂਈ ਨਾਲ ਸੰਜੋਗ ਅੰਦਰੋਂ ਰੱਖਦਾ,
' 'ਜੀਵਨ ਮੁਕਤਿ' ਸੁ ਓਹ ਹੈ 'ਰਸ' ਮਾਣਦਾ:-

ਜੀਵਨ ਮੁਕਤਿ ਹਰਿਨਾਮੁ ਧਿਆਇਆ
ਰਰਿ ਰਾਖਿਆ ਉਰਿ ਧਾਰਿ ॥ {ਮਲਾ: ਮ: ੩-੫}

'ਪ੍ਰਭੁ ਨੂੰ ਪ੍ਰੇਮ ਸਰੂਪ ਉਨ੍ਹੇ ਪਛਾਣਿਆ,
'ਲਹਿ ਲਹਿ ਪ੍ਰੇਮ ਸਮੁੰਦ ਕਰਦਾ ਵੇਖਦਾ,
'ਕਰਕੇ ਪ੍ਰੇਮ ਅਨਿੰਨ[1] ਉਹ ਜੁੜ ਹੈ ਰਿਹਾ,
'ਅਪਣੇ ਪ੍ਰੀਤਮ ਨਾਲ ਜੋਗੀ ਹੋਇਆ।
'ਸਭ ਨੂੰ ਉਸਦੇ ਨਾਲ ਜੁੜਿਆ ਜਾਣਦਾ,
'ਉਸਨੂੰ ਸਭ ਦੇ ਨਾਲ ਅਹੇ ਪਛਾਣਦਾ
'ਵਿੱਚ ਪ੍ਰਭੂ ਦੇ ਸਭ ਨੂੰ ਹੈ ਵੇਖਦਾ।,
'ਮੇਲ ਪ੍ਰਭੂ ਦਾ ਪਾਇ ਉਹ ਹੈ ਜਾਣਦਾ,
'ਵਿਚ ਪੂਰਨ ਪਰਕਾਸ਼ ਮੈਂ ਹਾਂ ਪੌਂਚ੍ਹਿਆ,
'ਸਫ਼ਲ ਗਜਾਨ[2] ਹੈ ਪਾਸ ਉਸਦੇ ਹੋਂਵਦਾ;
'ਇਸ ਗਜਾਨੀ ਤੋਂ ਮੀਂਹ ਵਸਦਾ ਮੇਰੁ ਦਾ।
'ਇਹ ਹੁੰਦਾ ਹੈ ਮੇਘ ਬਰਕਤ ਵਾਲੜਾ,
'ਜਿਸਤੋਂ ਸਦਾ ਫੁਹਾਰ ਨੇਕੀ ਵਾਲੜੀ,
'ਮੀਂਹ ਵਸਦੇ ਦੇ ਵਾਂਗ ਆਪੇ ਵੱਸਦੀ[3]
'ਜਿਉਂ ਜਦ ਖਿੜੇ ਗੁਲਾਬ ਮੁਸ਼ਕੇ ਸੋਹਿਣਾ,
'ਮੁਸ਼ਕ ਓਸਤੋਂ ਦਾਨ ਆਪੇ ਹੋਂਵਦੀ;
'ਜਿਉਂ ਜਦ ਹੋ ਭਰਪੂਰ ਚਸ਼ਮਾ 'ਗੰਮ ਤੋਂ,
'ਉਸਤੋਂ ਉਛਲੇ ਨੀਰ ਵਹੇ ਉਮਾਹੂਆ।
'ਸੋ ਰਾਣੀ ! ਜੋ ਜੋਗ ਮੈਂ ਹਾਂ ਆਖਦਾ
'ਪ੍ਰੇਮ ਨਾਲ ਹੈ ਓਹ ਪ੍ਰਾਪਤ ਹੋਂਵਦਾ।
'ਜੁੜ ਜਾਣਾ ਉਸ ਵਿੱਚ ਪੂਰਨ ਹੋਣ ਹੈ।
'ਜੋ ਜੁੜਿਆ ਇਸ ਜੋਗ ਜੋਗੀ ਸੱਚ ਦਾ।
'ਜਦ ਤਕ ਦੇਹੀ ਵਿੱਚ ਮਾਣੇ ਓ ਸਦਾ
'ਏਸ ਜੋਗ ਦੀ ਮੌਜ ਜੁੜਿਆ ਨਿੱਤ ਹੀ:
'ਸੱਚਖੰਡ ਦਾ ਵਾਸ ਹਿਰਦੇ ਓਸਦੇ
'ਰਹੇ ਨਿਰੰਤਰ ਬੱਝ ਹਿੱਲੇ ਨਾਂ ਕਦੀ।
'ਜਦ ਦੇਹੀ ਨੂੰ ਤਜਾਗੇ ਵੇਲੇ ਆਪਣੇ
'ਜਾਂਦਾ ਸੱਚੇ ਖੰਡ -ਸ਼ਰਨੀ ਰੱਬ ਦੀ-
'ਤਦ ਫਿਰ ਪਾ ਸਦ ਮੇਲ ਓਥੇ ਵੱਸਦਾ;
'ਜੋ ਹੈ ਵਤਨ ਸੁਹੇਲ ਤੇਰੇ ਕੰਤ ਦਾ।
'ਜਿੱਥੋਂ ਦਾ ਕੁਛ ਹਾਲ ਕਿਹਾ ਨ ਜਾ ਸਕੇ,
'ਦੇਖਾ ਹੀ ਪਰਵਾਨ, ਸਤਿਗੁਰ ਆਖਿਆ।
'ਪਰ ਔਖੀ ਹੈ ਖੇਡ ਦੂਹਰੀ ਖੇਡਣੀ,-
'ਪ੍ਰਭੁ ਚਰਨਾਂ ਵਿਚਕਾਰ ਪ੍ਰੋਈ ਰੱਖਣੀ
'ਸੁਰਤ ਆਪਣੀ ਨਿੱਤ ਜਿਕੁਰ ਹੈ ਕਿਹਾ
'ਦਸਵੇਂ ਗੁਰ ਪਤਿਸ਼ਾਹ ਬਾਬਤ ਆਪਣੀ:-

ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹਿੰ ॥ {ਪਾ:੧●}

'ਫਿਰ ਕਰਨੇ ਸਭ ਕੰਮ ਧਰਮ ਪਛਾਣਕੇ
' 'ਮੈਂ ਮੇਰੀ' ਦੀ ਗੰਢਿ ਵਿੱਚੋਂ ਕੱਢਕੇ;
'ਰੱਬ ਰਜ਼ਾ ਵਿਚ ਲੀਨ ਮਰਜ਼ੀ ਆਪਣੀ
'ਕਰਨੀ ਸਾਰੀ ਰਾਜ ! ਇਕ ਸੂਰ ਹੋਵਣਾ;
'ਚੜ੍ਹਦੀ-ਕਲਾ ਵਿਚਾਲ ਰਖਕੇ ਆਪ ਨੂੰ
'ਅਰਥ ਪ੍ਰਮਾਰਥ ਦੋਇ ਖੂਬ ਨਿਬਾਹੁਣੇ।
' 'ਗ੍ਰਿਹਸਤ ਮਾਂਹਿ ਨਿਰਬਾਣ' ਸਤਿਗੁਰ ਆਖਿਆ।
'ਨਾਮ ਪਦਾਰਥ ਰਾਜ ! ਜੇ ਕਰ ਪਾਈਏ
'ਤਦ ਸੌਖੀ ਹੋ ਜਾਇ ਦੂਹਰੀ ਖੇਡ ਏ,-
'ਸੌਖੀ ਫਿਰ ਹੋ ਜਾਇ ਹਉਮੈਂ ਜਿੱਤਣੀ,-
'ਮੈਂ ਮੇਰੀ ਦੀ ਕੰਧ ਭੰਨ ਸਿਟਾਵਣੀ।
'ਨਾਮ ਅਰਾਧਣ ਨਾਲ ਧਰਕੇ ਭਾਵਨਾ
'ਪ੍ਰੇਮ-ਪ੍ਰਭੂ ਦੇ ਵਿੱਚ ਨਿਹਚਾ ਧਾਰਕੇ
'ਸੌਖਾ ਹੁੰਦਾ ਜਾਇ ਰਸਤਾ ਰੱਬ ਦਾ।
'ਪ੍ਰੇਮ ਸੁਗੰਧਿ ਵਿਕਾਸ ਸਹਜ ਸੁਭਾਵ ਹੀ

[1] ਰਾਮ ਰਸਾਇਣਿ ਜੋ ਜਨ ਗੀਧੇ ॥
ਚਰਨ ਕਮਲ ਪ੍ਰੇਮ ਭਗਤੀ ਬੀਧੇ ॥ {ਗਉ: ਮ: ੫-੧੬੩}

[2] ਗਿਆਨੀਆ ਅੰਦਰਿ ਗੁਰ ਸਬਦੁ ਹੈ ਨਿਤ ਹਰਿ ਲਿਵ ਸਦਾ ਵਿਗਾਸੁ ॥ {ਸ: ਵਾ: ਤੇ ਵ: ਮ: ੩-੨੧}
ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥
{ਗਉ: ਬਾ: ਅ: ਮ: ੫-੧੬}

[3] ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥ {ਸੁਖਮਨੀ}

'ਜੋਗੀ ਤੋਂ ਫਿਰ ਹੋਇ ਅਪਣੇ ਆਪ ਹੀ।
'ਤਾਂਤੇ ਪੂਰਨ ਪ੍ਰੇਮ ਪੂਰਨ ਰਾਹ ਹੈ,
'ਇਹ ਹੈ ਮੁੰਢ ਮਝਾਲ ਏਹੋ ਅੰਤ ਹੈ:
'ਬੋਹਿਥ ਖੇਵਟ ਪ੍ਰੇਮ, ਚੱਪੇ ਹੈ ਇਹੋ,
'ਤਾਰਾ ਮੰਡਲ ਪ੍ਰੇਮ, ਜਿਸਨੂੰ ਦੇਖਕੇ
'ਖੇਵਟ ਬੋਹਿਥ ਜੋਗ ਹਨਗੇ ਖੇਉਂਦੇ:
'ਪ੍ਰੇਮ ਕਿਨਾਰਾ ਠੀਕ ਲੈ ਜਹਿਂ ਜਾਂਵਦੇ।
'ਤੁਹਾਨੂੰ ਪ੍ਰਾਪਤ ਪ੍ਰੇਮ ਹੈਵੇ ਬੌੜ੍ਹ ਹੀ,
'ਜਿਸ ਵਿਚ ਸੀ ਘਬਰਾਇ ਮਿਲਿਆ ਰਾਜ ਜੀ!
' 'ਸੋਧ' ਜਿਦ੍ਹੀ ਸੀ ਠੀਕ ਕਰਨੇ ਜੋਗੜੀ।
'ਹੁਣ ਮਿਲਿਆ ਹੈ ਰਾਹ ਸੁੱਛੇ ਪ੍ਰੇਮ ਦਾ,-
'ਮਿੱਠਾ ਸੀਤਲ ਪ੍ਰੇਮ ਸਿੱਧੀ ਸੋਧ ਦਾ,
'ਸਮਝਾਂ ਵਾਲਾ ਪ੍ਰੇਮ, ਜੋੜਨ ਵਾਲੜਾ,
'ਨੂਰੋ ਨੂਰੀ ਪ੍ਰੇਮ ਚਾਨਣ ਦੇਵਣਾ।
'ਜਜੋਂ ਕਹਿਆ ਸਤਿਸੰਗ ਤੁਹਾਨੂੰ ਅੱਜ ਹੈ,
'ਤਿਉਂ ਉਸਦਾ ਵਰਤਾਉ ਕਰਨਾ ਚਾਹਿਯੇ।
'ਸਤਿਗੁਰ ਨੇ ਵਰਤਾਉ ਹੈ ਇਉਂ ਦੱਸਿਆ:-

ਗੁਣੀਆ ਗੁਣ ਲੇ ਪ੍ਰਭ ਮਿਲੇ ਕਿਉ ਤਿਨ ਮਿਲਉ ਪਿਆਰਿ ॥
ਤਿਨ ਹੀ ਜੈਸੀ ਥੀ ਰਹਾਂ ਜਪਿ ਜਪਿ ਰਿਦੈ ਮੁਰਾਰਿ ॥
{ਦ: ਓਅੰਕਾਰ ਮ: ੧-੪੪}

'ਇਸ ਦਾ ਹੈ ਇਹ ਭਾਵ ਸੁਣਨਾ ਧਜਾਨ ਦੇ:-
ਪ੍ਰਸ਼ਨ-
' 'ਪ੍ਰਭੁ ਮਿਲਿਆਂ' ਨੂੰ ਕਿੰਵ ਦੱਸੋ ਜਾ ਮਿਲਾਂ ?
ਉੱਤਰ-
'ਓਹ ਗੁਣ ਲਈਏ ਧਾਰ ਧਾਰੇ ਜੋ ਉਨ੍ਹਾਂ,
'ਧਾਰ ਜਿਨ੍ਹਾਂ ਨੂੰ ਓਹ ਪ੍ਰਭੁ ਨੂੰ ਜਾ ਮਿਲੇ।
'ਗੁਣ ਸੀਗਾ ਉਹ 'ਪਜਾਰ' ਕੀਕੂੰ ਪਾਈਏ?
'ਜਪ ਜਪ ਰਿਦੇ ਮੁਰਾਰ ਪਾਈਏ ਪ੍ਰੇਮ ਓ,
'ਓਸ ਪ੍ਰੇਮ ਦੇ ਨਾਲ ਉਨ੍ਹ ਤੁਲ ਥੀਵੀਏ;
'ਉਨ੍ਹ ਹੀ ਜੈਸੀ ਹੋਇ ਮਿਲੀਏ ਜਾ ਉਨ੍ਹਾਂ।
'ਹੁੰਦਾ ਪ੍ਰਾਪਤ ਪ੍ਰੇਮ ਨਾਮ ਅਰਾਧਿਆਂ;
'ਜਿਸ ਬਿਧਿ, ਮੈਂ ਹਾਂ ਦੱਸ ਚੁੱਕਾ ਆਪ ਨੂੰ।
' 'ਨਿਸਚੇ' ਸੰਦੀ ਓਟ ਹੇਠਾਂ ਚਾਹੀਏ
'ਜੈਸੇ ਸਤਿਗੁਰ ਵਾਕ ਆਪ ਅਲਾਇਆ:-

ਜਾਕੈ ਰਿਦੈ ਬਿਸ੍ਵਾਸ ਪ੍ਰਭ ਆਇਆ ॥
ਤਤੁ ਗਿਆਨ ਤਿਸੁ ਮਨਿ ਪ੍ਰਗਟਾਇਆ ॥ {ਸੁਖਮਨੀ}

'ਰਿਦੇ ਵਿਖੇ ਵਿਸ਼ਵਾਸ ਪੂਰਾ ਚਾਹੀਏ;
'ਕੇ ਸਾਈਂ ਹੈ ਸੱਤਿ ਮਾਲਕ ਸਾਡੜਾ;
'ਹੈ ਉਹ ਗੁਣਾਂ ਭੰਡਾਰ ਸਿਫਤ ਸਲਾਹਿਆ,
'ਸੰਸੇ ਵਾਲੀ ਪੌਣ ਹਿਰਦੇ ਆਪਣੇ
'ਕਦੀ ਨ ਝੋਲਾ ਦੇਇ, ਪਰਬਤ ਵਾਂਗਰੇ
'ਨਿਸਚਾ ਰਹੇ ਅਡੋਲ ਸੱਚੇ ਰੱਬ ਦਾ।
'ਏਸ ਪ੍ਰੇਮ ਦੇ ਰਾਹ ਜੋ ਹੈ ਜਾਂਵਦਾ,
'ਉਸਨੂੰ 'ਪੂਰਨ ਸਿੱਖ', 'ਗੁਰਮੁਖ' ਆਖੀਏ:-

ਪ੍ਰੇਮਿ ਬੁਲਾਈ ਰਲੀ ਸਿਉ ਮਨਿ ਮਹਿ ਸਬਦੁ ਅਨੰਦ ॥
ਲਾਲਿ ਰਤੀ ਲਾਲੀ ਭਈ ਗੁਰਮੁਖਿ ਭਈ ਨਿਚਿੰਦੁ॥
{ਦਖਣੀ ਓ: ਮ: ੧-੧੨}

'ਕਦੀ ਨ ਭੁੱਲੋ ਰਾਜ ! ਗਲ ਏ ਭੇਤ ਦੀ:
'ਸਾਈਂ ਵਿਸਰੇ ਨਾਹਿ ਵੇਲੇ ਹੀ ਕਿਸੇ।'

ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ
ਦਾਤਾ ਸੋ ਮੈਂ ਵਿਸਰਿ ਨ ਜਾਈ ॥੬॥ {ਜਪੁਜੀ}

# ੩੪. ਸਤਿਸੰਗ-ਕਰਨੀ

ਸੁਣ ਸਾਈਂ ਦੇ ਭੇਤ ਮਰਮਾਂ ਵਾਲੜੇ
ਰਾਣੀ ਹੋ ਹੈਰਾਨ ਅਚਰਜ ਹੋ ਗਈ,
ਮਨ ਹੋ ਹੋ ਵਿਸਮਾਦ ਵਿਸਮੈ ਹੋ ਗਿਆ,
ਬੁੱਧੀ ਚੱਕਰ ਖਾਇ ਅਦਭੁਤ ਜਾ ਚੜ੍ਹੀ,
ਪਰਮਦਭੁਤ ਬੀ ਲੰਘ ਹੋਈ ਚੁੱਪ ਹੈ।
ਜੋ ਸੀ ਗੁਰਮੁਖ ਹਾਲ ਕਹਿੰਦਾ ਜਾਂਵਦਾ
ਵਾਪ੍ਰਨ ਵਾਂਙੂ ਓਹ ਵਾਪ੍ਰੀ ਸੇ ਗਏ;
ਜਾਪਜਾ ਉਸਨੂੰ ਐਉਂ ਮੈਂ ਹਾਂ ਪੌਂਚ੍ਹੀਆਂ
ਓਸ ਅਵਸਥਾ ਵਿੱਚ ਗੁਰਮੁਖ ਜੋ ਕਹੇ;
ਵਿਸਮਾਦੀ ਛਾ ਰੰਗ ਏਥੇ ਸੀ ਗਿਆ।
ਗੁਰਮੁਖ ਨੇ ਹੁਣ ਚੁੱਪ ਕੀਤੀ, ਰਾਜ ਦਾ

ਮਸਤਕ ਨਿਉਂਦਾ ਜਾਇ ਬੇਵਸ ਹੇਠ ਨੂੰ;
ਅੱਗੇ ਸ੍ਰੀ ਗੁਰ ਗ੍ਰੰਥ ਟਿਕਿਆ ਜਾਇਕੇ।
ਕੁਝ ਚਿਰ ਵਿਚ ਇਸ ਰੰਗ ਢੱਠੀ ਓ ਰਹੀ।
ਹੁਣ ਪਰਤੀ ਫਿਰ ਹੋਸ਼ ਹੋਸ਼ ਸੁਲੱਖਣੀ,
ਸ਼ੁਕਰ ਸ਼ੁਕਰ ਦਾ ਭਾਵ ਜਿਸ ਵਿਚ ਲੱਦਿਆ;
ਗਲ ਪੱਲਾ ਹਥ ਜੋੜ ਸਭ ਸਤਿਸੰਗਿਆਂ
ਚਰਨ ਪਰਸ ਪਰਨਾਮ ਕਰਨੇ ਸੀ ਲਗੀ;
ਪਰ ਉਹ ਹੱਥਾਂ ਠੱਲ੍ਹ ਫਤੇ ਗਜਾਂਵਦੇ:-
ਫਿਰ ਕਹਿੰਦੀ ਹਥ ਜੋੜ: 'ਕਿਰਪਾ ਹੋ ਗਈ
'ਮੈਂ ਪਰ ਅੱਜ ਅਪਾਰ ਮੈਂ ਨਾਂ ਜੋਗ ਸਾਂ।'
ਫਿਰ ਸੁੰਦਰ ਗੁਰਵਾਕ ਰਾਣੀ ਗਾਂਵਿਆ:-

> ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥ ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰ ਸਜਣੁ ਮਿਲਿਆ ॥ ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥ {ਸਲੋਕ ਮ: ੫}

ਸਭ ਤੇ ਇਸਦਾ ਭਾਵ ਡੂੰਘਾ ਛਾ ਗਿਆ।
ਸ਼ੁਕਰ ਗਾਇਕੇ ਰਾਜ ਜਦ ਚੁਪ ਹੋ ਗਈ
ਗੁਰਮੁਖ ਨੇ ਫਿਰ ਵਾਕ ਕੀਤੇ ਐਕੁਰਾਂ-
'ਗੁਰੂ ! ਧਰੇ ਸਿਰ ਹੱਥ ਫਿਰ ਨਾ ਡੋਲੀਏ।'
ਫਿਰ ਰਾਣੀ ਵਲ ਤੱਕ ਗੁਰਮੁਖ ਬੋਲਿਆ:-
'ਅਧਮ ਅਸੀਂ ਹਾਂ ਜੀਵ ਭੁਲਦੇ ਹਾਂ ਸਦਾ,
'ਅਭੁਲ 'ਗੁਰੂ' 'ਕਰਤਾਰ' ਕੇਵਲ ਹੈਨ ਦੋ:
'ਭੁੱਲਣ ਦੇਣ ਨ ਸਿੱਖ ਅੰਦਰ ਬੈਠਕੇ,
'ਜੇ ਭੁਲ ਜਾਵੇ ਸਿੱਖ ਰਸਤੇ ਪਾਉਂਦੇ।
'ਸਾਰਾ ਹਾਲ ਹਵਾਲ ਸੁਣਿਆਂ ਹੈ ਤੁਸਾਂ,-
'ਆਸੁਰਿ-ਸੰਪਤ ਨਾਲ ਜੰਗ ਰਚਾਣ ਦਾ,
'ਜੰਗ ਕਰਨ ਦੀ ਡੌਲ ਜਿੱਤਣ ਜਾਚ ਬੀ,
'ਬਿਨ ਆਏ ਇਸ ਜਾਚ ਜਿੱਤਣ ਔਖ ਹੈ।
'ਸੁਣਨਾ ਸਹਿਲਾ, ਆਖ ਦੇਣਾ ਸੌਖ ਹੈ,
'ਕਰਨ ਕਮਾਈ ਔਖ, ਮਿਹਨਤ ਮੰਗਦੀ।
'ਕਰਨੀ ਵਾਲੇ ਕੰਮ ਕਰ ਸੰਖੇਪਵੇਂ।
'ਮੈ ਹੁਣ ਚਾਹਾਂ ਫੇਰ ਓ ਦੁਹਰਾਵਣੇਂ,
'ਤਾਂ ਜੋ ਸਮਝ ਨਿਖੇੜ ਚੇਤੇ ਧਾਰ ਲੌਂ।

'ਘਾਲ ਕਰਨ ਹੈ ਕੰਮ ਪ੍ਰੇਮੀ ਜੀਵ ਦਾ,
'ਚਾਹੇ ਰੱਬ ਕ੍ਰਿਪਾਲ ਗੋਦੀ ਲੈ ਲਏ
'ਫਿਰ ਬੀ ਰਾਣੀ ! ਘਾਲ ਘਾਲੀ ਚੱਲੀਏ।
(੧)'ਪਹਿਲਾਂ ਹੈ ਸਤਿਸੰਗ ਰਾਣੀ ਰਾਜ ਜੀ,
(ੳ)
'ਸਤਿਗੁਰ ਦਾ ਸਤਿਸੰਗ ਮੁਖ ਸਤਿਸੰਗ ਹੈ,-
'ਬਾਣੀ ਗੁਰੁ ਸਰੂਪ; ਬਾਣੀ ਹੈ ਗੁਰੂ[੧]
' 'ਗੁਰੂ ਗ੍ਰੰਥ-ਸਤਿਸੰਗ' ਗੁਰ ਦਾ ਸੰਗ ਹੈ।[੨]
'ਸ੍ਰੀ ਗੁਰੁ ਗ੍ਰੰਥ ਪ੍ਰਕਾਸ਼ ਦਰਸ਼ਨ ਹੈ ਗੁਰੂ[੩];
'ਪਾਠ ਕਰਨ ਗੁਰੁ ਗ੍ਰੰਥ ਸਤਿਗੁਰ ਨਾਲ ਹੈ
'ਕਰਨ ਵਾਰਤਾਲਾਪ; ਲੈਣੀ ਸਿੱਖਿਆ।[੪]
'ਬਾਣੀ ਪੜ੍ਹਿ ਸੁਣਿ ਮੈਲ ਦਿਲ ਦੀ ਕਟੀਏ[੫]
'ਬਾਣੀ ਪੜ੍ਹਦਜਾਂ ਸ੍ਵਾਦ ਅੰਦਰ ਆਂਵਦਾ[੬]
'ਬਾਣੀ ਪੜ੍ਹਦਜਾਂ ਚਿੱਤ ਸਾਂਈਂ ਵਲ ਨੂੰ
'ਉੱਮਲ ਖਾਵੇ ਨਾਲ ਸਿਫ਼ਤ ਸਲਾਹੁਦੇ[੭]।
'ਬਾਣੀ-ਕੀਰਤਨ ਨਾਲ ਸੁਣਿਆਂ ਰਾਜ ਜੀ !
'ਦਿਲ ਪੰਘਾਰਾ ਖਾਇ ਉਸ ਵਿਚ ਸਿੱਖਿਆ
'ਗੁਰ ਦੀ ਡੂੰਘੀ ਜਾਇ, ਹੈ ਬਹਿ ਜਾਂਵਦੀ;
'ਦੂਵਿਆਂ ਨਿਜ ਘਰ ਵੱਲ ਮਨ ਹੈ ਆਂਵਦਾ[੮]।
'ਕੀਰਤਨ -ਬਾਣੀ ਨਾਲ ਅੰਮ੍ਰਿਤ ਸ੍ਵਾਦ ਆ[੯]
'ਪ੍ਰੇਮ ਭਾਵ ਉਪਜਾਇ ਆਪਾ ਜਾਗਦਾ
'ਸਾਈਂ ਚਰਨਾਂ ਵੱਲ ਖਾਇ ਹੁਲਾਰੜੇ;

---

[੧] ਬਾਣੀ ਗੁਰੂ ਗੁਰੂ ਹੈ ਬਾਣੀ ॥ {ਨਟ: ਅ: ਮ: ੪-੪}
[੨] ਮੇਰਾ ਰੂਪ ਗ੍ਰੰਥ ਜੀ ਜਾਨ ॥ {ਪ੍ਰ: ਨੰ: ਲਾ:}
[੩] ਜੋ ਸਿਖ ਗੁਰ ਦਰਸ਼ਨ ਕੀ ਚਾਹੀ ॥ ਦਰਸ਼ਨ ਕਰੇ ਗ੍ਰੰਥ ਜੁ ਆਹੀ ॥ {ਪ੍ਰ: ਨੰ: ਲਾ:}
[੪] ਜੋ ਮੁਝ ਸਾਥ ਚਹੇ ਕਰ ਬਾਤਾ ॥
ਗ੍ਰੰਥ ਜੀ ਪੜਹਿ ਬਿਚਾਰਹਿ ਸਾਥਾ ॥ {ਪ੍ਰ: ਨੰ: ਲਾ:}
[੫] ਗੁਰਬਾਣੀ ਸੁਣਿ ਮੈਲੁ ਗਵਾਏ। {ਧਨਾ: ਮ: ੩-੫}
[੬] ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ। {ਆਸਾ ਛੰਤ ਮ: ੪-੯}
[੭] ਸਚੀ ਬਾਣੀ ਹਰਿ ਗੁਣ ਗਾਵੈ ॥ {ਸੋਰ ਮ: ੩-੨}
[੮] ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥ {ਕਾਨੜਾ ਅ: ਮ: ੪-੧}
[੯] ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ॥{ਸੂਹੀ ਮ: ੫-੫੫}

'ਚਰਨਾਂ ਵਿਚ ਜੁੜ ਜਾਇ –ਮੇਲਾ ਪਾਂਵਦਾ[1]।
'ਬਾਣੀ ਅਰਥ ਵਿਚਾਰ ਕਰੀਏ ਹੈ ਜਦੋਂ
'ਦੂਰ ਅਵਿੱਦਯਾ ਹੋਇ ਚਾਨਣ ਆਂਵਦਾ,
'ਪਾਪਾਂ ਵੱਲੋਂ ਸੁਗ ਤਯਾਗਣ ਜਾਚ ਬੀ,
'ਪਰਮਾਰਥ ਦਾ ਗ੍ਯਾਨ, ਸਮਝੇ ਆਂਵਦੇ[2]
'ਬਾਣੀ ਪੜ੍ਹਦਯਾਂ ਖ੍ਯਾਲ ਜੇ ਚਿਤ ਰੱਖੀਏ
'ਕੇ ਗੁਰ ਸੱਚਾ ਆਪ ਸੁਣਦਾ ਹੈ ਪਿਆ,
'ਵਿੱਚ ਹਜ਼ੂਰੀ ਵਾਸ ਐਦਾਂ ਪਾਵੀਏ।
'ਬਾਣੀ ਆਖਯਾ ਮੰਨ ਤੁਰਦੇ ਹਾਂ ਜਦੋਂ
'ਅਮਲ ਵਿੱਚ ਫਿਰ ਓਹ ਹੈਵੇ ਆਂਵਦਾ,
'ਅਮਲ ਕਰਨ ਦੇ ਨਾਲ ਬਣਦੇ ਹਾਂ ਅਸੀਂ
'ਜੋ ਬਾਣੀ ਵਿਚ ਆਖ ਸਤਿਗੁਰ ਦੱਸਿਆ,–
'ਬਣ ਜਾਈਏ ਇਨਸਾਨ ਤੇ ਫਿਰ ਦੇਵਤੇ।
'ਬਾਣੀ ਪੜ੍ਹਦਯਾਂ ਨਾਮ ਮਹਿੰਮਾ ਖੁੱਲ੍ਹਦੀ
'ਹਿਰਦੇ ਨਾਮ ਨਿਵਾਸ ਹੈ ਹੋ ਜਾਂਵਦਾ[3]
'ਬਾਣੀ ਦਾ ਹੈ ਦੇਸ ਸਤਿਗੁਰ ਦਾ ਰਿਦਾ
'ਲੈ ਜਾਵੇ ਏ ਦੇਸ ਅਪਣੇ ਅੰਤ ਨੂੰ[4]।

ਜਿਸਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥ {ਜਪੁਜੀ}

'ਇਹ ਹੈ ਇਕ ਗੁਰਵਾਕ ਸੁਣਿਆ ਹੈ ਤੁਸਾਂ।
'ਸੱਚੀ ਸਿਫਤ ਸਲਾਹ ਕਰਦਾ ਹੈ ਗੁਰੂ
'ਅਪਣੀ ਬਾਣੀ ਵਿੱਚ, ਪੱਕੀ ਹੈ ਉਹੋ,

'ਗੁਰ ਬਿਨ ਕੱਚੀ ਹੋਰ ਬਾਣੀ ਜਾਣਨੀ[1],
'ਬਾਣੀ ਗਾ, ਸੁਣ ਵਾਚ ਦਿਲ ਨੂੰ ਜੋੜਕੇ
'ਸੱਚੀ ਸਿਫਤ ਸਲਾਹ ਵਿਚ ਹੈ ਜਾਵਣਾ,
'ਪਤਿਸਾਹੀ ਪਤਿਸਾਹ ਦੇ ਜੋ ਤੁੱਲ ਹੈ।
'ਆਹ ਹੈਵੇ ਇਕ ਚਿੱਤ੍ਰ ਬਾਣੀ ਵੇਰਵਾ,
'ਇਸ ਵਿਚ ਹੈਵੇ ਸਾਫ਼ ਸਾਰਾ ਦੱਸਿਆ;
'ਰਖਣਾ ਇਸਨੂੰ ਸਾਂਭ ਘਰ ਜਾ ਵਾਚਣਾ[2]।

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥
{ਮਾਝ ਵਾਰ ਮ: ੨}

'ਸਤਿਗੁਰ ਸੱਚੇ ਆਪ ਹੈ ਇਉਂ ਆਖਿਆ–
'ਦੋ ਕਾਰਾਂ ਇਸ ਵਿੱਚ ਹਨ ਜੀ ਦੱਸੀਆਂ
'ਸਿਫਤ ਸਲਾਹਾਂ ਨਾਲ ਸੱਚ ਸਮਾਵਣਾ
'ਦੂਜੀ ਦੀਖ੍ਯਾ ਨਾਲ ਗ੍ਯਾਨ ਸੁ ਬੁੱਝਣਾ।
'ਸੱਚੀ ਸਿਫਤ ਸਲਾਹ ਬਾਣੀ ਵਿਚ ਹੈ।
'ਸਚੇ ਸਾਈਂ ਵਿੱਚ ਬਾਣੀ ਲੈ ਜਏ।
'ਸੋ ਬਾਣੀ ਪਰਕਾਰ ਚਿਤ੍ਰ[2] 'ਚਿ ਏਸਦੇ
ਹੈਵੇ ਰਾਣੀ ਰਾਜ ! ਪੜ੍ਹ ਗੁਣ ਬੁੱਝਣਾ,
'ਦੀਖ੍ਯਾ ਬਾਬਤ ਹਾਲ ਬੀ ਮੈਂ ਦੱਸਸਾਂ
'ਪਹਿਲਾਂ ਸਤਿਸੰਗ ਹਾਲ ਸਾਰਾ ਦੱਸ ਲਾਂ।

(ਅ)

(੧)'ਗੁਰਮੁਖ ਦਾ ਸਤਿਸੰਗ ਫਿਰ ਸਤਿਸੰਗ ਹੈ,
'ਨਾਮ ਲਗਾ ਜਿਸ ਰੰਗ, ਸਾਂਈਂ ਪੌਂਹ੍ਚਿਆ
'ਉਸਤੋਂ ਰਸਤੇ ਏਸ ਮਿਲੇ ਸਹਾਯਤਾ,
'ਤਾਹੀਓਂ ਵਿਚ ਅਰਦਾਸ ਨਿਤ ਨਿਤ ਮੰਗੀਏ
' 'ਗੁਰਮੁਖ ਵਾਲਾ ਮੇਲ ਸਾਂਈਆਂ ! ਦਾਨ ਦੇ'।
' 'ਗੁਰਮੁਖ ਦਾ ਸਤਿਸੰਗ ਕਰੀਓ ਰਾਜ ਜੀ !'
'ਨਾਮੀ ਗੁਰਸਿਖ ਮੇਲ ਬੀ ਸਤਿਸੰਗ ਹੈ
'ਸਾਈਂ ਤੋਂ ਏ ਮੇਲ ਐਦਾਂ ਮੰਗੀਏ:–
' 'ਸੇਈ ਪਯਾਰੇ ਮੇਲ ਮਿਲਿਆਂ ਹੈ ਜਿਨ੍ਹਾਂ
' 'ਨਾਮ ਆਂਵਦਾ ਚਿੱਤ ਤੇਰਾ ਰੱਬ ਜੀ !'
'ਫਿਰ ਸਿਖ ਸੰਗਤ ਮੇਲ ਬੀ ਸਤਿਸੰਗ ਹੈ,
'ਜਿੱਥੇ ਇੱਕੋ ਨਾਮ ਮਹਿਮਾ ਗਾਵੀਏ।

---

[1] ਜੋਗੁ ਬਨਿਆ ਤੇਰਾ ਕੀਰਤਨੁ ਗਾਈ॥ {ਆਸਾ ਮ:੫–੫੭}
[2] ਗੁਰਬਾਣੀ ਇਸੁ ਜਗ ਮਹਿ ਚਾਨਣੁ॥ {ਸਿਰੀ ਮ: ੩–੨੨}
[3] ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥ {ਮਾਰੂ ਸੋ: ਮ: ੩–੨੨}
ਤਥਾ–ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥
ਜਿਨਿ ਪੀਤੀ ਤਿਸੁ ਮੋਖ ਦੁਆਰ ॥੫॥
ਨਾਮੁ ਭੈ ਭਾਇ ਰਿਦੈ ਵਸਾਹੀ ਗੁਰ ਕਰਣੀ ਸਚੁ ਬਾਣੀ ॥ {ਮਲਾਰ ਅ: ਮ: ੧–੪}
[4] ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥ {ਦਖ: ਓ: ਮ: ੧–੪●}
ਤਥਾ–ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥ {ਸੂਹੀ ਅ: ਮ: ੩–੨}

[1] ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ {ਰਾਮ:ਮ:੩ ਅਨੰਦ ੧੪}
[2] ਦੇਖੋ ਅੰਤਕਾ ਪਹਿਲੀ–ਪੰਨਾ–੨੩੪–੨੩੫

'ਗੁਰਬਾਣੀ ਦਾ ਜਾਪ ਕੀਰਤਨ ਹੋਂਵਦਾ;
'ਵਿਚ ਸਤਿਸੰਗ ਦੀਵਾਨ ਚਲਕੇ ਜਾਵੀਏ।
'(੨)'ਪਰਮਾਰਥ ਦੇ ਰਾਹ ਫਿਰ ਅਰਦਾਸ ਹੈ[1]
'ਬਹੁਤ ਸਹਾਈ ਏਸ ਰਸਤੇ ਜੋ ਅਹੇ,
'ਲੈ ਜਾਂਦੀ ਰਬ ਪਾਸ ਏਹ ਅਰਦਾਸ ਹੈ।
'ਦਿਲ ਨੂੰ ਸਾਰਾ ਜੋੜ ਜਿੰਨਾਂ ਹੋ ਸਕੇ
'ਕਰੀਏ ਇਹ ਅਰਦਾਸ, ਰਾਣੀ ਰਾਜ ਜੀ!
'ਮੰਗਦਜਾਂ ਕਰੋ ਨ ਸੰਗ ਸੱਚੇ ਰੱਬ ਤੋਂ,
'ਹੋਰ ਕਿਸੇ ਤੋਂ ਮੰਗ ਸਦਾ ਘਟਾਵੀਏ;
'ਐਪਰ ਸੁਹਣੇ ਦਾਨ ਮੰਗੀਏ ਓਸਤੋਂ। ੧੨੦
' 'ਪਾਪਾਂ ਤੋਂ ਰੱਬ ਰੱਖ' ਇਹ ਨਿਤ ਮੰਗੀਏ।
'ਜਜੋਂ ਜਜੋਂ ਮਨ ਦ੍ਰਿੜ੍ਹ ਹੋਇ ਮੰਗ ਇਕ ਨਾਮ ਦੀ
'ਸਾਈਂ ਪਾਸੋਂ ਮੰਗ, ਹੋਰ ਨ ਮੰਗੀਏ।

(੩)'ਸ਼ੁਕਰ ਕਰਨ ਦੇ ਨਾਲ ਵਧੇ ਉਮਾਹ ਹੈ,
'ਸ਼ੁਕਰ ਭਾਵ ਰਬ ਨਾਲ ਪ੍ਰੇਮ ਵਧਾਂਵਦਾ,
'ਸਿਦਕ ਕਰੇਂਦਾ ਦਾਨ ਸਾਈਂ ਵਿੱਚ ਹੈ।
'ਇਹ ਹੈ ਇਕ ਉਹ ਭੇਟ ਜਿਨੂੰ ਕਬੂਲਦਾ
'ਸਾਈਂ ਸੱਚਾ ਆਪ ਸਾਡੀ ਵੱਲ ਤੋਂ।
'ਰਾਣੀ ! ਸ਼ੁਕਰ ਗੁਜ਼ਾਰ ਸਾਂਈਂ ਦੀ ਰਹੋ[2]।

(੪)'ਤੁਸਾਂ ਲਿਆ ਸੀ ਧਾਰ ਅੰਮ੍ਰਿਤ ਸੋਹਿਣਾ ੧੩੦
'ਅੰਮ੍ਰਿਤ ਦਾ ਉਪਦੇਸ਼ ਤੁਸਾਂ ਕਮਾਵਣਾ।
'ਪੰਜ ਕਹੇ ਸਨ ਵਾਕ ਦਾਤੇ ਏਸਦੇ;-
'ਨਾਮ ਜਪਣ,ਫਿਰ 'ਮੂਲ- ਮੰਤ੍ਰ' ਉਚਾਰਣਾ;
'ਬਾਣੀ ਦਾ ਅੱਭਜਾਸ, ਰਹਿਣੀ ਰੈਤ ਤੇ
'ਪੰਥ ਆਪਣੇ ਨਾਲ ਕਰਣਾ ਪ੍ਰੇਮ ਹੈ।
'ਏ ਸਭ ਰਾਣੀ ਰਾਜ ਕਦੇ ਨ ਭੁੱਲਣੇ।

(ੳ)'ਸਤਿਗੁਰੂ ਨੇ ਹੈ ਨਾਮ ਨੂੰ ਧਨ ਆਖਿਆ
'ਅੰਮ੍ਰਿਤ ਹੈ ਇਕ ਰਾਸ ਇਸ ਧਨ ਵਾਲੜੀ
'ਜੋ ਗੁਰਮੁਖ ਨੇ ਪਾਇ ਦਿੱਤੀ ਹੈ ਅਸਾਂ,
'ਜਦ ਅੰਮ੍ਰਿਤ ਦਾ ਦਾਨ ਸੀਗਾ ਹੋਇਆ। ੧੪੦

[1] ਦੇਖੋ ਪੰਨਾ ੧੯੫ ਇਸੇ ਗ੍ਰੰਥ ਦਾ।
[2] ਦੇਖੋ ਪੰਨਾ ੧੪੨ ਇਸੇ ਗ੍ਰੰਥ ਦਾ।

'ਉਸਦਾ ਕਰਨ ਵਪਾਰ ਉਨ੍ਹੂੰ ਵਧਾਵਣਾ।
'ਇਹ ਹੈ ਸਾਡਾ ਕੰਮ ਛਕਣੇ ਬਾਦ ਜੀ।
'ਏਸ ਕਮਾਈ ਨਾਲ ਸਾਂਈਂ ਨਾਲ ਹੈ
'ਪੱਕਾ ਹੋਇ ਸਬੰਧ ਆਤਮ ਵਜਾਹ ਜਜੋਂ।
'ਨਾਮ ਅੰਮ੍ਰਿਤ ਦੀ ਦਾਤ ਤੁਹਾਡੇ ਆਤਮਾ
'ਅੰਮ੍ਰਿਤ ਦਾਤੇ ਆਪ ਦਿੱਤੀ ਸਿੰਜ ਸੀ।
'ਅੰਮ੍ਰਿਤ ਛਕਣਾ ਮੁੰਢ, ਉਸ ਤੋਂ ਫੁੱਟਦੀ
'ਨਾਮਾਂਮ੍ਰਿਤ ਦੀ ਸੋਤ ਛਕਣੇਹਾਰ ਤੇ,
'ਸਦਾ ਰਹੇ ਪਰਵਾਹ ਚਲਦਾ ਏਸਦਾ;
'ਜਿਉਂ ਸਤਿਗੁਰ ਹੈ ਆਪ ਹੁਕਮ ਅਲਾਇਆ। ੧੫੦

ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ
ਜੀਐ ਨਾਲੇ ਜਾਇ ॥ {ਗੁਜ: ਵਾ: ਮ: ੩-੭}

'ਰੁਕੇ ਨ ਇਹ ਪਰਵਾਹ ਚਲਣੋਂ ਹੈ ਜਿਵੇਂ
'ਸੋਈ ਕਰ ਉਪਚਾਰ ਰਹੀਏ ਲੱਗਿਆਂ।

ਊਠਤ ਬੈਠਤ ਸੋਵਤ ਧਿਆਈਐ ॥
ਮਾਰਗਿ ਚਲਤ ਹਰੇ ਹਰਿ ਗਾਈਐ ॥੧॥.....
ਕਾਰਜਿ ਕਾਮਿ ਬਾਟ ਘਾਟ ਜਪੀਜੈ ॥
ਗੁਰ ਪ੍ਰਸਾਦਿ ਹਰਿ ਅੰਮ੍ਰਿਤੁ ਪੀਜੈ ॥੨॥.....
{ਆਸਾ ਮ: ੫-੬੧}

ਊਠਤ ਬੈਠਤ ਸੋਵਤ ਨਾਮ ॥
ਕਹੁ ਨਾਨਕ ਜਨ ਕੈ ਸਦ ਕਾਮ ॥ {ਸੁਖਮਨੀ}

'ਬਹੁਤਾ ਹੈ ਵਿਸਥਾਰ ਏਸੁ ਸੁ ਦਾਤ ਦਾ;
'ਲਿਖਿਆ ਵਿਚ ਗੁਰ ਗ੍ਰੰਥ ਸਾਰਾ ਵੇਰਵਾ;
'ਪੜ੍ਹਿਆਂ ਸਮਝੇ ਆਇ ਜਾਂਦਾ ਰਾਜ ਜੀ !
'ਪਰ ਇਕ ਚਿੱਤ੍ਰ ਸੰਖੇਪ ਵਰਨਣ ਨਾਮ ਦਾ,
'ਇਹ ਹੈ ਰਾਣੀ ਰਾਜ ! ਲਓ ਸੰਭਾਲ ਜੀ[1]।
'ਪਿੱਛੇ ਜੀਕੁਰ ਰਾਜ ! ਮੈਂ ਸੀ ਆਖਿਆ,
'ਹਰਦਮ ਰਹੋ ਸਮਾਇ ਸ਼ਰਨੀ ਨਾਮ ਦੀ,-
'ਨਾਮ ਮੌਜ ਤੋਂ ਬਾਰ੍ਹ ਆਵੋ ਨਾ ਕਦੀ ੧੬੦
'ਆਵੋ ਤਦ ਵਿਚਕਾਰ ਬਾਣੀ ਖੇਡਣਾ;
'ਲੈ ਜਾਵੇ ਫਿਰ ਚੱਕ ਬਾਣੀ ਨਾਮ ਦੇ
'ਮੰਡਲ ਦੇ ਵਿਚਕਾਰ ਡਿੱਗਣ ਦੇਇ ਨਾ।
'ਜੀਭ ਰਸਾਇਣ ਰੰਗ ਸੱਚੇ ਰੱਬ ਦੇ

[1] ਦੇਖੋ ਅੰਤਕਾ ਦੂਜੀ-ਪੰਨਾ ੨੩੬ ਤੋਂ ੨੪●

'ਰੱਤੀ ਰਹੇ ਹਮੇਸ਼ ਰਸ ਏ ਮਾਣਦੀ[1]।
'ਹਿਰਦੇ ਸਾਂਈਂ ਨਾਮ ਅਜਪਾ ਹੋਇਕੇ
'ਖਿੜਦਾ ਦੇ ਖ਼ੁਸ਼ਬੋਇ, ਰੱਖੇ ਚਾੜ੍ਹਕੇ
'ਹਰਦਮ ਮਸਤੀ ਸੱਚ, ਹੋਸ਼ਾਂ ਵਾਲੜੀ।
'ਦਮਦਮ ਸਦਾ ਸਮ੍ਹਾਲ, ਸਤਿਗੁਰ ਆਖਿਆ,
'ਦੰਮ ਨ ਬਿਰਥਾ ਜਾਇ[2], ਗੇੜੇ ਨਾਮ ਦੇ
'ਰੱਖਣ ਸਦਾ ਨਿਹਾਲ, ਟਿਕਿਆ ਸੋਹਿਣਾ।
'ਕਰਦਜਾਂ ਇਸਿ ਵਿਧ ਕਾਰ ਏ ਕੁਝ ਹੋਂਵਦਾ:-

ਬਿਸਰਤ ਨਾਹਿ ਮਨ ਤੇ ਹਰੀ ॥ ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ ॥ {ਕੇਦਾਰਾ ਮ: ੫-੯}

'ਇਉਂ ਹੁੰਦੀ ਪਰਪੱਕ 'ਵਸਥਾ ਨਾਮ ਦੀ
'ਰਿਦੇ ਸਮਾਇਆ ਰੱਬ ਫੇਰ ਨ ਭੁੱਲਦਾ;
'ਇਹ ਛੱਡੇ ਜੇ ਨਾਮ, ਨਾਮ ਨ ਏਸ ਨੂੰ
'ਇਕ ਦਮ ਛੱਡੇ, ਰਾਜ ! ਛੁਟਦਾ ਨਾਂ ਕਿਵੇਂ।
' 'ਅੰਦਰ ਪੁੜਿਆ ਨਾਮ' -ਬੁੱਧੀ ਲੰਘਕੇ
'ਸੁਧਿ ਦਾ ਦੇ ਪਲਟਾਇ ਦੇਂਦਾ ਦੱਸ ਹੈ:-
' 'ਹੈਂ ਤੂੰ ਆਤਮ ਰੂਪ ਦੇਹੋਂ ਵੱਖ ਹੈਂ'।
'ਫਿਰ ਨਾਮੀ ਦਾ ਮੇਲ ਨਾਮ ਕਰਾਂਵਦਾ।
'ਸੋ ਹੇ ਰਾਣੀ ਰਾਜ ! ਨਾਮ ਨ ਛੱਡਣਾ।
'ਚਹਿ ਜਿਹਬਾ ਚਹਿ ਵਿੱਚ ਦਿਲ ਦੇ ਰੱਖੀਓ,
'ਚਹਿ ਬੁੱਧੀ, ਚਹਿ ਚਿੱਤ ਮੱਧੇ ਵਾਸ ਦੇ
'ਅੰਦਰ ਨਾਮ ਨਿਵਾਸ ਸਦ ਹੀ ਰੱਖੀਓ,
'ਖਿੱਚ ਪ੍ਰੇਮ ਦੀ ਨਾਲ ਨਾਮ ਧਿਆਈਓ।
'ਤਾਂ ਦੇਖੋਗੇ ਸ੍ਵਾਦ ਇਸ ਪਰਕਾਰ ਦੇ-

ਆਸਾ ਮਹਲਾ ੩

ਆਪੈ ਆਪੁ ਪਛਾਣਿਆ ਸਾਦੁ ਮੀਠਾ ਭਾਈ ॥ ਹਰਿ ਰਸਿ ਚਾਖਿਐ ਮੁਕਤੁ ਭਏ ਜਿਨ੍ਹਾ ਸਾਚੋ ਭਾਈ ॥ ੧॥ ਹਰਿ ਜੀਉ ਨਿਰਮਲ ਨਿਰਮਲਾ ਨਿਰਮਲ ਮਨਿ ਵਾਸਾ॥ ਗੁਰਮਤੀ ਸਾਲਾਹੀਐ ਬਿਖਿਆ ਮਾਹਿ ਉਦਾਸਾ ॥੧॥ ਰਹਾਉ ॥ ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ ॥ ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ ॥੨॥ ਨਾਮੇ ਹੀ ਨਾਮਿ ਵਰਤਦੇ ਨਾਮੇ ਵਰਤਾਰਾ ॥ 'ਅੰਤਰਿ ਨਾਮੁ' ਮੁਖਿ ਨਾਮੁ ਹੈ ਨਾਮੇ ਸਬਦਿ ਵੀਚਾਰਾ ॥੩॥ ਨਾਮੁ ਸੁਣੀਐ ਨਾਮੁ ਮੰਨੀਐ ਨਾਮੇ ਵਡਿਆਈ ॥ ਨਾਮੁ ਸਲਾਹੇ ਸਦਾ ਸਦਾ ਨਾਮੇ ਮਹਲੁ ਪਾਈ ॥੪॥ ਨਾਮੇ ਹੀ ਘਟਿ ਚਾਨਣਾ ਨਾਮੇ ਸੋਭਾ ਪਾਈ ॥ ਨਾਮੇ ਹੀ ਸੁਖੁ ਊਪਜੈ ਨਾਮੇ ਸਰਣਾਈ ॥੫॥ ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ॥ ਜਮ ਪੁਰਿ ਬਾਧੇ ਮਾਰੀਅਹਿ ਬਿਰਥਾ ਜਨਮੁ ਗਵਾਈ ॥੬॥ ਨਾਮੈ ਕੀ ਸਭ ਸੇਵਾ ਕਰੈ ਗੁਰਮੁਖਿ ਨਾਮੁ ਬੁਝਾਈ ॥ ਨਾਮਹੁ ਹੀ ਨਾਮੁ ਮੰਨੀਐ ਨਾਮੇ ਵਡਿਆਈ ॥੭॥ ਜਿਸ ਨੋ ਦੇਵੈ ਤਿਸੁ ਮਿਲੈ ਗੁਰਮਤੀ ਨਾਮੁ ਬੁਝਾਈ ॥ ਨਾਨਕ ਸਭ ਕਿਛੁ ਨਾਵੈ ਕੈ ਵਸਿ ਹੈ ਪੂਰੈ ਭਾਗਿ ਕੋ ਪਾਈ ॥੮॥੭॥੨੯॥

'ਹੁਣੇ ਕਿਹਾ ਉਪਦੇਸ਼ ਫ਼ਿਰ ਦੁਹਰਾਉਂਦਾ:-
'ਇਕ ਸਤਿ ਸੰਗਤਿ ਪਜਾਰ ਕਦੀ ਨ ਛੱਡਣਾ,
'ਸਤਿਸੰਗਤ ਹੈ ਕੋਟ ਪ੍ਰੇਮੀ ਸਿੱਖ ਦਾ;
'ਰੱਖਜਾ ਕਰਨੇਹਾਰ ਸੁਰਤ ਗਿਰਾਉ ਤੋਂ।

'ਦੁਨੀਆ ਦੇ ਮਾਨੁੱਖ ਪਾਕੇ ਮਿੱਤ੍ਰਤਾ
'ਹੈਨ ਬਦੀ ਦੇ ਵੱਲ ਸਾਨੂੰ ਪ੍ਰੇਰਦੇ,-
'ਕਦੀ ਬਚਨ ਦੇ ਨਾਲ ਆ ਉਪਦੇਸ਼ਦੇ;
'ਕਦੀ ਰਿਦੇ ਧਰ ਪਜਾਰ ਸਾਨੂੰ ਖਿੱਚਦੇ,
'ਕਦੇ ਕਰਮ ਤਿਨ ਦੇਖ ਪ੍ਰੇਰੇ ਜਾਈਏ।
'ਫਿਰ ਇਕ ਹੈਵੇ ਸੋਚ ਸੋਚੋ ਰਾਜ ਜੀ!
'ਹਰਦਮ ਖੋਟੀ ਰੌਅ ਖਜਾਲਾਂ ਮਾੜਿਆਂ
'-ਜੋ ਬੁਰਿਆਂ ਤੋਂ ਜਿੰਦ ਹੈਵੇ ਪਾ ਰਹੀ-
'ਵਗੇ ਜਗਤ ਵਿਚਕਾਰ ਲੋਕਾਂ ਠੇਲ੍ਹਦੀ।
'ਪਰ ਜੇ ਹੋ ਸਤਿਸੰਗ ਬਚੀਏ ਏਸ ਤੋਂ,
'ਦਿਲ ਨੂੰ ਤਾਕਤ ਹੋਰ ਹੈ ਮਿਲ ਜਾਂਵਦੀ,
'ਖੋਟਾ ਅਸਰ ਨ ਫੇਰ ਪੈਂਦਾ ਆਣਕੇ।
'ਵਿਚ ਸਤਿਸੰਗਤ ਆਣ ਦਿਲ ਦੇ ਸੰਸੜੇ
'ਦਸ ਕੇ ਇਨ੍ਹਾਂ ਇਲਾਜ ਹੈ ਕਰਵਾਈਏ।
'ਮੁਸ਼ਕਲ ਸੱਭ ਅਸਾਨ ਏਥੋਂ ਹੋਵਂਦੀ,

[1] ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ ॥ {ਮਾਰੂ ਵਾਰ ਮ: ੧-੧੫}

[2] ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨ ਬਿਰਥਾ ਜਾਇ ॥ ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥ ਨਾਨਕ ਇਹੁ ਮਰਤਬਾ ਤਿਸਨੋ ਦੇਇ ਜਿਸ ਨੋ ਕਿਰਪਾ ਕਰੇ ਰਜਾਇ ॥੨॥ {ਬਿਹਾ: ਵਾਰ ਮ: ੩-੧੯}


www.sikhbookclub.com

'ਧੀਰਜ ਮਿਲੇ ਅਮਾਨ ਏਥੇ ਪੌਂਚਿਆਂ।

ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ॥{ਆਸਾ ਫਰੀਦ ਜੀ}

'ਇਹ ਸੁਹਣਾ ਹੈ ਵਾਕ ਵਿਚ ਗੁਰ ਗ੍ਰੰਥ ਦੇ।
' 'ਗੁਰਮੁਖ' ਨੂੰ ਹੈ 'ਛੈਲ' ਇਸ ਵਿਚ ਆਖਿਆ,
' 'ਜਗਿਆਸੂ' ਇਸ ਵਿੱਚ 'ਗੋਰੀ' ਦੱਸਿਆ;
'ਤਰਦਜਾਂ ਗੁਰਮੁਖ ਦੇਖ ਜਗ ਦੀ ਨੈਂ ਤਈਂ
'ਜਗਿਆਸੂ ਦਿਲ ਧਾਰ ਕਰਕੇ ਹੌਸਲਾ
'ਤਰ ਲੈਣੇ ਦੀ ਜਾਚ ਏਥੇ ਸਿੱਖਦੇ।
'ਗੁਰਮੁਖ ਦਾ ਸਤਿਸੰਗ ਰਸਤੇ ਪਾਂਵਦਾ,
'ਉਦ੍ਹਾ ਨਮੂਨਾ ਵੇਖ ਸਿਖਿਆ ਪਾਈਏ।

'ਗੁਰਮੁਖ ਦਾ ਜੋ ਪਜਾਰ ਮਨ ਨੂੰ ਡਾਢ ਦੇ,,
'ਬਝਦਾ ਪੱਕ ਯਕੀਨ ਹੈ ਉਪਦੇਸ਼ ਤੇ,
'ਚੜ੍ਹਦੀ ਕਲਾ ਟਿਕਾਇ ਗੁਰਮੁਖ ਦੇਂਵਦਾ।
'ਸਰ ਡੂਗਰ ਅਸਗਾਹ ਰਾਹ ਭੀਹਾਵਲਾ,
'ਇਸ ਭੀਹਾਵਲ ਰਾਹ ਨੂੰ ਓ ਜਾਣਦਾ,
'ਤਾਂਤੇ ਕਰਨੇ ਜੋਗ ਹੈ ਉ ਸਹਾਯਤਾ।
'ਪਿਛਲੀ ਹੋ ਜਦ ਰਾਤ –ਅੰਮ੍ਰਿਤ ਵੇਲੜੇ
'ਆਕੇ ਵਿਚ ਦੀਵਾਨ ਜਪਣਾ ਨਾਮ ਨੂੰ,
'ਯਾ ਬਹਿਕੇ ਏਕਾਂਤ ਨਾਮ ਧਿਆਵਣਾ।
'ਝਾਲਾਂਘੇ ਆਰਾਧ ਲਓ ਜਿ ਰੱਬ ਨੂੰ
'ਸਾਰਾ ਦਿਨ ਹੋ ਵਾਸ ਸੁਰਤ ਵਿਚ ਨਾਮ ਦਾ,–
'ਰਾਮ–ਰਸਾਯਨ ਮੌਜ ਦਿਨੇ ਨ ਟੁੱਟਦੀ;
'ਗ਼ਮ ਚਿੰਤਾ ਰਹਿ ਦੂਰ, ਮਿਟੇ ਉਪਾਧਿ ਹੈ[੧]।
'ਨੀਂਦਰ ਸੁਲਪ, ਅਹਾਰ ਅਲਪਾ ਚਾਹਿਯੇ,
'ਰਹੀਏ ਜਿਵੇਂ ਅਰੋਗ ਕਰੀਏ ਓਕਰਾਂ।
'ਇੰਨਾ ਘੱਟ ਨ ਖਾਇ, ਸੱਤਜਾ ਹੀ ਹਿਰੇ,
'ਇੰਨਾ ਵੱਧ ਨ ਖਾਇ ਹੋ ਰਹਿ ਆਲਸੀ;

'ਬਹੁਤੇ ਹਠ ਬ੍ਰਤ ਧਾਰ ਤਨ ਨ ਸਤਾਵਣਾ,
'ਹੋ ਜਜੇ ਨਾਮ ਨਿਵਾਸ ਜਦ, ਹੇ ਰਾਜ ਜੀ!

---

੧ ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥
ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥੧॥
{ਗਉ: ਬਾ: ਅ: ਮ: ੫–੨੫}

' 'ਤਿਸ ਦੇਹੀ ਨੂੰ ਪਾਲ' ਸਤਿਗੁਰ ਆਖਿਆ:–

ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥
{ਬਿਹਾ: ਵਾਰ ਮਾ: ੫–੧੪}

' 'ਨਿੰਦਾ ਦਾ ਹੈ ਤਜਾਗ' ਕਰਨਾ ਜੀ ! ਸਦਾ
'ਬੁਰਾ ਕਰਨ ਤੋਂ ਹੋੜ ਨਿਜ ਨੂੰ ਰੱਖਣਾ:
'ਸੁੱਚਾ, ਸੁੱਛਾ ਪਜਾਰ ਬੁੱਧੀ ਵਾਲੜਾ
'ਜੁਗਤ ਗੁਰਾਂ ਦੀ ਨਾਲ ਵਰਤਣ ਸਿੱਖਣਾ;
'ਕਦੀ ਨ ਇਸ ਦਾ ਸੰਗ ਰਾਣੀ ! ਤਜਾਗਣਾ।
' 'ਗਜਾਨ' ਪ੍ਰੇਮ ਦਾ ਦਾਸ ਕਰਦਾ ਚਾਨਣਾ,
'ਪ੍ਰੇਮ ਰਾਹ ਤੇ ਏਹ ਹੈਵੇ ਰੌਸ਼ਨੀ,
'ਦੇਂਦਾ ਸਦਾ ਨਿਵਾਸ ਵਿੱਚ ਪਰੇਮ ਦੇ,
' 'ਪ੍ਰੇਮ' 'ਪ੍ਰਭੂ' ਹਨ ਇਕ ਭੇਦ ਨ ਜਾਣਨਾ।
'ਮੈਂ ਕਹਿਆ ਸੀ ਰਾਜ! ' 'ਕੱਲ ' ਨ ਹੈ ਭਲੀ,
'ਕਿਉਂਕੇ ' 'ਕਲ' ਵਿਚਕਾਰ ਸੰਸੇ ਰੋੜ੍ਹਦੇ;
'ਪਰ ਜਦ ਪਕਦੀ ਲੱਲ ਸੱਚੇ ਨਾਮ ਦੀ
'ਤਦ ਪਜਾਰੀ ਏਕਾਂਤ ਹੈ ਸੁਖ ਦੇਂਵਦੀ।
'ਹੈ ਗੁੱਝਾ ਸਤਿਸੰਗ ਇਕ ਅਣਡਿੱਠਵਾਂ
'ਨਾਮੀ ਦੇ ਸਿਰ ਹੱਥ ਹੈ ਆ ਰੱਖਦਾ,
'ਸੁਰਤ ਰਖੇ ਹਰ ਹਾਲ ਉੱਕੀ, ਰੰਗਲੀ।
'ਬਖਸ਼ਜਾ ਮਿਲੇ ਜਿ ਆਇ ਗੁਰਮੁਖ ਰੱਬ ਦਾ
'ਉਸਦੇ ਵਿਚ ਸਤਿਸੰਗ ਬਖ਼ਸ਼ੇ ਜਾਵੀਏ;
'ਬਖਸ਼ੇ ਦੇ ਸਿਰ ਹੱਥ ਹੁੰਦਾ ਉੱਪਰੋਂ,
'ਬਖਸ਼ੇ ਦਾ ਸਤਿਸੰਗ ਇਸ ਲਜੀ ਲੋੜੀਏ
'ਸੇਵ, ਸਹੋਦਰ ਭਾਵ, ਜੋ ਸੀ ਮੈਂ ਕਹੇ,
' 'ਮੋਹ' ਨ ਹੈਸੀ ਭਾਵ ਉਹਨਾਂ ਦਾ ਕਦੇ।[੧]
'ਸੁਰਤ ਫਸਾਣੀ ਰਾਜ ! ਬਿਨ ਭਗਵੰਤ ਦੇ
'ਕਿਧਰੇ ਹੈ ਨਹੀਂ ਜੋਗ, ਏ ਨਾ ਭੁੱਲਣਾ।
'ਸੁਤੇ ਸਿੱਧ ਪਰਕਾਸ਼ ਨੇਕੀ ਹੋ ਰਹੀ।
'ਨਾਮੀ ਤੋਂ ਹੈ ਨਿੱਤ –ਆਪੇ ਮੈਕ੍ਹਦੀ,
'ਨਾਹੀਂ ਜ਼ੋਰ ਦੀ ਲੋੜ 'ਸਹਜੇ' ਪੌਂਚ੍ਹਿਆਂ।
'ਅੰਦ੍ਰੋਂ ਹੋਕੇ ਵੱਖ ਦੂਸ਼੍ਹਾ ਹੋਇਕੇ

---

੧ ਮੋਹ ਤੇ ਪ੍ਰੇਮ ਦੇ ਫਰਕ ਲਈ ਦੇਖੋ ਪੰਨਾ ੧੩੨।


www.sikhbookclub.com

'ਰਹਿਣਾ ਸਦਾ ਅਟੰਕ, ਨੇਕੀ ਰੂਪ ਹੋ।
'ਸੁਰਤ ਨ ਥੱਲੇ ਲਾਇ ਦੇਣੀ ਹੈ ਕਿਸੇ,
'ਕਿਸੇ ਮਨੁਖ ਦੇ ਹੇਠ ਯਾ ਕੇ ਆਪਣੇ
'ਨੀਵੇਂ ਭਾਵਾਂ ਹੇਠ ਕਦੇ ਨਾ ਲਾਵਣੀ।
'ਮਿਲਿਆਂ ਰਬ ਦੇ ਨਾਲ ਉਚਿਆਂ ਹੋਇਕੇ,
'ਜਗ- ਯਾਤ੍ਰਾ ਹੈ ਰਾਜ! ਅਸਾਂ ਨਿਬਾਹੁਣੀ।'

ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ॥
ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ॥
ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ॥
ਜੀਭ ਰਸਾਇਣ ਚੂਨੜੀ ਰਤੀ ਲਾਲ ਲਵਾਇ॥
ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ॥
{ਮਾਰੂ ਵਾਰ ਮ: ੧-੧੫}

## ੩੫. ਸ਼ੁਕਰ

ਏ ਸੁਣ, ਸਮਝ ਸੁ ਵਾਕ ਗੁਰਮੁਖ ਸੰਤ ਦੇ
ਭਰੇ ਭੇਤ ਸੁਖ ਨਾਲ ਰਾਣੀ ਤੱਕਿਆ
ਉੱਪਰ ਵੱਲ ਅਕਾਸ਼ ਤੇ ਇਉਂ ਬੋਲਦੀ:-
'ਵਾਹ ਸ੍ਵਾਮੀ ਵਾ ਕੰਤ ਮਾਲਕ ਸੀਸ ਦੇ!
'ਸਫਲਯਾ ਆਵਣ ਜੱਗ ਧੰਨ ਜਨੰਮ ਹੈ।
'ਸਫਲਾਜਾ ਮੈਂ ਨਾਲ ਨੈਹੁੰ ਲਗਾਵਣਾ,
'ਦੇਹ ਵਿਚ ਹੁੰਦਜਾਂ ਪ੍ਰੇਮ ਖ਼ੂਬ ਨਿਬਾਹਿਆ,
'ਦੇਹੀਓਂ ਬੀ ਜਾ ਪਾਰ ਸਾਥ ਨ ਛਡਿਆ:
'ਓੜਕ ਤੋਂ ਬੀ ਲੰਘ ਪਾਲਜਾ ਪ੍ਰੇਮ ਨੂੰ।
'ਪੂਰੀ ਕੀਤੀ ਆਪ, ਪੂਰੇ ਸੰਤ ਹੋ।
'ਔਗੁਣ ਮੇਰੇ ਮਾਫ ਕੀਤੇ ਜੋ ਸਦਾ,
'ਕੀਤੀ ਸਦਾ ਸੰਭਾਲ ਮੇਰੀ ਆਪ ਨੇ।
'ਲੜ ਲਾਈ ਦੀ ਲਾਜ ਪਾਲੀ ਹੈ ਤੁਸਾਂ,-
'ਲੜ ਲਾਕੇ ਲੜ ਖਿੱਚ ਲੀਤਾ ਨਾ ਕਦੀ
'ਖਿਸਕਣ ਦਿੱਤਾ ਨਾਹਿਂ ਲੜ ਮੈਂ ਹੱਥ ਤੋਂ,
'ਮੈਂ ਲੜ ਲੱਗੀ ਮੂੜ੍ਹ ਮੂਰਖ ਹੀ ਰਹੀ,
'ਲੜ ਵਾਂਙੂ ਹੀ ਨਿੱਤ ਲਟਕਾਂ ਖਾਂਵਦੀ;
'ਪਾ ਇਕ ਪੀਡੀ ਗੰਢ ਤੁਸਾਂ ਨਿਭਾ ਲਿਆ।
'ਲੋਕੀ ਆਖਣ ਨਾਰ ਦਾ ਹੈ ਸਾਕ ਜੋ
'ਨਿਭੇ ਮੌਤ ਦੇ ਤੀਕ, ਪਾਰ ਨਾ ਜਾ ਸਕੇ,
'ਤੁਸਾਂ ਲੰਘਾਯਾ ਪਾਰ ਇਸਨੂੰ ਮੌਤ ਤੋਂ।
'ਅਮਰ ਸਦਾ ਸੇ ਆਪ ਕਰਤਬ ਆਪਦੇ
'ਆਪ ਵਾਂਙ ਬੇਮੌਤ ਸਦ ਹੀ ਜੀਂਵਦੇ;
'ਸੱਚਖੰਡ ਦੇ ਤੀਕ ਲੜ ਦੀ ਲਾਜ ਨੂੰ
'ਤੁਸਾਂ ਨਿਬਾਹਜਾ ਠੀਕ, ਮੈਂ ਬਲਿਹਾਰੀਆਂ।
'ਅਜ ਆਈ ਮੈਂ ਸੂਝ -ਨਿਰਮਲ ਹੋਇਕੇ-
' 'ਲਾਵਾਂ' ਦਾ ਉਪਦੇਸ਼ ਕੀ ਸੀ ਆਖਦਾ,
'ਕੀ ਸੀ ਇਸ ਵਿਚ ਭਾਵ ਸਤਿਗੁਰ ਰੱਖਿਆ:-
'ਧਨ ਪਿਰ ਵੱਖੋ ਵਖ ਦੋ ਹਨ ਮੂਰਤਾਂ,
'ਇਕ ਜੋਤ ਹੋ ਜਾਣ ਨਾਲ ਪਰੇਮ ਦੇ[1]।
'ਜਾਂ ਦੋ ਇਕ ਹੋ ਜਾਣ ਤਾਂ ਬਣ ਜਾਂਵਦੀ
'ਰੂਹਾਨੀ ਹੈ ਨਾਰ -ਆਤਮ ਰੂਪ ਓ,
'ਉਸਦਾ ਫਿਰ ਸੰਜੋਗ ਸਾਈਂ ਨਾਲ ਹੋ।
'ਇੱਕੋ ਪੁਰਖ ਅਕਾਲ ਹੈ ਪਰਮਾਤਮਾ,
'ਹੋਰ ਆਤਮਾ ਸੱਭ ਜਾਣੋ ਨਾਰੀਆਂ[2]।
' 'ਆਤਮ' ਜਾਂ ਕਹੁ 'ਰੂਹ' ਨਾਲ ਪਰੇਮ ਏ
'ਪਰਮਾਤਮ ਦੇ ਨਾਲ ਮਿਲਦੀਆਂ ਆ ਸਭੇ।
'ਨਾਲ ਪ੍ਰੇਮ ਦੇ ਮੇਲ ਹੁੰਦਾ ਮੇਲ ਏ।
'ਰੱਬ ਆਪ ਹੈ ਕੰਤ ਨਾਰੀ ਓਸਦੀ
'ਤੁਸੀਂ ਬਣੇ ਹੋ ਠੀਕ ਪ੍ਰੇਮ ਕਮਾਇਕੇ।
'ਮੈਨੂੰ ਆਪਣੇ ਨਾਲ ਕਰ ਰਹੇ ਇਕ ਹੋ,
'ਦੁਹੁੰ ਦੀ ਦੂਈ ਮੇਟ ਇਕੋ ਹੋ ਜਏ,
'ਤਾਂ ਜੋ ਪੁਰਖ ਅਕਾਲ ਸਾਂਈਂ ਰੱਬ ਨੂੰ
'ਮਿਲੇ ਰਹੋ ਹਰ ਹਾਲ ਇੱਕੋ ਹੋਇਕੇ।
'ਲਾਵਾਂ ਦਾ ਉਪਦੇਸ਼ ਮਿਲਿਆ ਸੀ ਜਿਵੇਂ
'ਸੁੱਚਾ ਸਾਫ਼ ਸੁਅੱਛ ਗੂੜ੍ਹੇ ਭਾਵ ਦਾ,
'ਤੁਸਾਂ ਨਿਬਾਹਜਾ ਵਾਹ! ਪੂਰੇ ਆਪ ਹੋ[3]।

---

[1] ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥ {ਸੂ: ਵਾ: ਮਾ: ੩-੯}
[2] ਠਾਕੁਰੁ ਏਕੁ ਸਬਾਈ ਨਾਰਿ॥ {ਦਖ: ਓ: ਮ: ੧-੨੯}
[3] ਦੇਖੋ ਲਾਵਾਂ ਸਟੀਕ ਖਾ: ਟ੍ਰੈ: ਸੁ:।


www.sikhbookclub.com

'ਧੰਨ ਪਤੀ ਜੀ ਧੰਨ ! ਧੰਨ ਸੁਜਾਨ ਹੋ;
'ਰਹੋ ਸਦਾ ਪ੍ਰਭੁ ਨਾਲ ਵਿਚ ਸਚਖੰਡ ਦੇ।
'ਮੈਨੂੰ ਕਿਰਪਾ ਧਾਰ ਭੇਜੀ ਆਪ ਨੇ
'ਆਸਾ ਡੋਰੀ ਅੱਜ ਅਪਣੇ ਲੋਕ ਤੋਂ,
'ਦਿੱਤੀ ਹੈ ਜੁ ਫੜਾਇ ਇਸ ਸਤਿਸੰਗ ਨੇ
'ਮੇਰੇ ਹੱਥ ਸੰਭਾਲ, ਤਾਂ ਜੋ ਨੱਪ ਕੇ
'ਪਹੁੰਚਾਂ ਚਰਨਾਂ ਪਾਸ ਕਦੀ ਤੁਸਾਡੜੇ,
'ਚਰਣਾਂ ਵਿੱਚ ਸਮਾਇ ਜਾਵਾਂ ਪੌਂਚੁਕੇ।
'ਡੋਰੀ ਇਨ੍ਹਾਂ ਫੜਾਇ ਮੈਨੂੰ ਆਖਿਆ:-
' 'ਰੱਖੀਂ ਡਾਢੇ ਜ਼ੋਰ ਪਕੜੀਂ, ਨਾ ਤਜੀਂ।'
'ਪਰ ਹੇ ਪਤੀ ਸੁਜਾਨ ! ਸੁਣਿਓ ਬੇਨਤੀ
'ਬਖਸ਼ਿਸ਼ ਕਰਿਓ ਆਪ ਗਿਣੋ ਨ ਢੀਠਤਾ।
'ਹੇ ਸ੍ਵਾਮੀ ਬਲਵਾਨ ਸ਼ਕਤੀ ਵਾਲੜੇ!
'ਮੈਂ ਉਸ ਤਾਰੂ ਵਾਂਙ ਹਾਂ ਵਿਚ ਨੀਰ ਦੇ
'ਹੈ ਜੋ ਕਿਸੇ ਜਹਾਜ਼ ਤੋਂ ਤਲ ਡਿੱਗਿਆ,
'ਤਰ ਤਰ ਦਿਨ ਤੇ ਰਾਤ ਬਾਹਾਂ ਮਾਰਕੇ
'ਹਫ ਟੁਟ ਹੋਇ ਨਿਤਾਣ ਹੈ ਹੁਣ ਰੈ ਚੁਕਾ,
'ਬਾਂਹ ਮਾਰਨ ਦਾ ਤਾਣ ਬੀ ਉਸ ਮੁੱਕਿਆ।
'ਬੇੜੇ ਪੌਂਚੁਣ ਤੀਕ ਜੋਗੀ ਤਾਬ ਨਾ,
'ਬਾਹਾਂ ਦੇ ਵਿਚ ਜ਼ੋਰ ਬਾਕੀ ਹੈ ਨਹੀਂ।
'ਜੇ ਚਾਹੋ ਉਸ ਵੱਲ ਰੱਸਾ ਸਿੱਟਕੇ
'ਆਖੋ: 'ਫੜ ਲੈ ਇਹ ਰੱਖੀਂ ਨੱਪਕੇ
' 'ਤੈਨੂੰ ਲਾਂਗੇ ਖਿੱਚ ਬੇੜੇ ਉੱਪਰੇ',
'ਤਾਂ ਬੀ ਸਕੇ ਨ ਫੱਧ ਰੱਸਾ ਓ ਕਿਵੇਂ,
'ਹੱਥਾਂ ਵਿੱਚ ਨ ਤਾਣ ਫੜਨੇ ਦਾ ਰਿਹਾ।
'ਉਸਨੂੰ ਚਹੇ ਬਚਾਣ ਜੇ ਹੁਣ ਹੈ ਕੁਈ;
'ਬੰਨ੍ਹੇ ਵੀਣੀ ਨਾਲ ਡੋਰੀ ਜਾਇਕੇ
'ਖਿੱਚੇ ਬੇੜੇ ਵੱਲ, ਖਿੱਚ ਬਚਾ ਲਏ।
'ਤਿਉਂ ਮੈਂ ਵਿੱਚ ਨ ਤਾਬ ਕੋਈ ਹੈ ਰਹੀ।
'ਨਿਰਬਲ ਹਾਂ ਇਤਨੀਕ ਪਕੜ ਨ ਸੱਕਦੀ
'ਘੁਟ ਡੋਰੀ ਮੈਂ ਆਪ ਅਪਣੇ ਤਾਣ ਤੇ।
'ਮੈਂ ਵਿਚ ਹੁਣ ਏ ਜ਼ੋਰ ਸਾਂਈਆਂ! ਹੈ ਨਹੀਂ।
'ਤਾਣ ਨ ਰੱਖਾਂ ਮਾਣ, ਆਸ ਨ ਮਾਣ ਤੇ
'ਤੇਰਾ ਜੋ ਹੈ ਜ਼ੋਰ ਤੇਰਾ ਤਾਣ ਹੈ,
'ਉਸਤੇ ਆਸਾ ਧਾਰ ਮੈਂ ਤਰ ਸੱਕਦੀ।
'ਕਿਰਪਾ ਕਰੋ ਸੁਜਾਨ! ਦਰ ਤੋਂ ਆਪਣੇ
'ਜਿੱਕੁਰ ਹੋਇ ਕ੍ਰਿਪਾਲ ਭੇਜੀ ਡੋਰ ਜੇ
'ਮੇਰੀ ਵੀਣੀ ਨਾਲ ਬੰਨ੍ਹੋਂ ਏਸ ਨੂੰ;
'ਪੀਡੀ ਪਾਵੋ ਗੰਢ ਖੁੱਲ੍ਹੇ ਨਾ ਕਦੀ।
'ਐਨਾਂ ਨਾ ਇਤਬਾਰ ਕਰੀਓ ਮੁੱਝ ਤੇ,
'ਪਕੜ ਰੱਖਸੀ ਏਹ ਡੋਰੀ ਘੁੱਟ ਕੇ।
'ਆਪ ਬਨ੍ਹਾਵੋ ਡੋਰ ਬੱਝੀ ਰੱਖਣੀ;
'ਆਪੇ ਲੈਣਾ ਖਿੱਚ ਬੇੜੇ ਆਪਣੇ,
'ਆਪ ਮੇਲਣਾ ਆਪ ਅਪਣੇ ਨਾਲ, ਹਾਂ
'ਤੁਸਾਂ ਜਿਨ੍ਹੂੰ ਨਿਜ ਨਾਲ ਸੀ ਅਪਨਾਇਆ।
'ਅਜੇ ਚਹੋ ਹੈ ਵਿੱਥ ਪਰ ਏ ਧੰਨ ਹੈ
'ਸਮਾ ਨਿਯਤ ਗਜਾ ਹੋਇ ਪਈ ਤਰੀਕ ਹੈ।
'ਮੁਕ ਜਾਊ ਏ ਕਾਲ, ਅਪਣਾ ਆਪ ਜੋ
'ਆਪ ਖਾਂਵਦਾ ਨਿੱਤ ਮੁਕਦਾ ਜਾਂਵਦਾ,
'ਮੁਕਦਾ ਮੁਕਦਾ ਕਾਲ ਇਕ ਦਿਨ ਮੁੱਕਸੀ;
'ਕਾਲ ਮੁਕਣ ਦੇ ਨਾਲ ਮੁਕਸੀ ਵਿੱਥ ਬੀ,
'ਤਦ ਚਰਨਾਂ ਦਾ ਵਾਸ ਟਹਿਲਣ ਆ ਲਵੇ।

'ਸ਼ੁਕਰ ਕੰਤ! ਲਖ ਵਾਰ ਸ਼ੁਕਰ ਕਰੇਂਦੜਹਾ।
'ਜਿਤਨੀ ਵਿਚ ਬ੍ਰਹਮੰਡ ਅਹੇ ਬਨਸਪਤੀ
'ਜਿਤਨੇ ਉਸਤੇ ਰੋਮ ਜੀਭਾਂ ਹੋਣ ਜੇ
'ਸ਼ੁਕਰ ਉਨ੍ਹਾਂ ਦੇ ਨਾਲ ਜੇਕਰ ਮੈਂ ਕਰਾ
'ਤਦ ਬੀ ਸਕੇ ਨ ਹੋਇ ਸ਼ੁਕਰ ਤੁਸਾਡੜਾ।
'ਕਰ ਮਿਹਰਾਮਤ ਏਹ ਸਾਈਂ ਸੋਹਿਣੇ-
'ਭਰ ਦੇਵੋ ਹੁਣ ਤਾਣ ਮੈਂ ਵਿਚ ਆਪਣਾ
'ਆਗਜਾ ਪਾਲੀ ਜਾਇ ਮੈਥੋਂ, ਜੋ ਮਿਲੀ
'ਹੈ, ਅਜ ਵਿਚ ਸਤਿਸੰਗ -ਸਿਖਯਾ ਆਪਦੀ।'

ਫਿਰ ਕੁਛ ਚਿਰ ਦੇ ਬਾਦ ਬੋਲੇ ਸਿੰਘ ਜੀ:-
'ਤੁਸਾਂ ਸੁਣੀ ਇਹ ਗੱਲ ਹੋਊ ਆਪ ਬੀ:-
' 'ਮਰ ਗਇਆਂ ਨੂੰ ਯਾਦ ਕਰਨਾ ਹੈ ਬੁਰਾ'
'ਕੋਈ ਕਰਕੇ ਖਿੱਚ ਬਿਹਬਲ ਹੋਇਕੇ

'ਯਾ ਦ੍ਰਵ ਕੇ ਜੇ ਯਾਦ ਮੋਯਾਂ ਪਜਾਰਿਆਂ
'ਕਰੋ ਤਾਂ ਲੋਕੀਂ ਓਸ ਤਾਈਂ ਹੋੜਦੇ।
'ਇਸ ਵਿਚ ਬੀ ਹੈ ਭੇਤ ਕੁਛ ਸੁਖਦਾਇਕਾ।।
'ਜੇ ਹੈ ਕੋਈ ਸੰਤ ਰਚਿਆ ਨਾਮ ਹੈ
'ਲਿਵ ਲਾਕੇ ਹਿਤ ਨਾਲ ਟੁਰਿਆ ਜੱਗ ਤੋਂ,
'ਘਾਲ ਪਈ ਜਿਸ ਥਾਉਂ, ਸਾਈਂ ਨਾਲ ਹੈ;
'ਬੀਤਰਾਗ ਸੰਸਾਰ ਤੋਂ ਜਾਂ ਹੋ ਗਿਆ,
'ਉਸਦੀ ਕਰਨੀ ਯਾਦ ਕਿਵੇਂ ਨ ਹੈ ਬੁਰੀ
'ਪਰ ਹੋਰਾਂ ਦੀ ਯਾਦ ਖਿੱਚਾਂ ਵਾਲੜੀ
'ਸੁਖ ਨ ਦੇਂਦੀ, ਰਾਜ! ਖ਼ਤਰੇ ਵਾਲੜੀ।
'ਹਾਂ ਜੇ ਕੋਈ ਯਾਦ ਕਰਨੇ ਵਾਲੜਾ
'ਚੜ੍ਹਦੀ ਕਲਾ ਵਿਚਾਲ ਉੱਚਾ ਹੋ ਗਿਆ,
'ਬੀਤੇ ਨੂੰ ਕਰ ਯਾਦ ਉੱਚਾ ਹ੍ਵੈ ਸਕੇ,
'ਨੀਵੀਂ ਉਸਦੇ ਹੇਠ ਸੁਰਤ ਨ ਲਾਂਵਦਾ,
'ਉੱਚਾ ਅੰਦ੍ਰੋਂ ਹੋਇ ਕਲ ਚੜ੍ਹਦੀ ਵਿਖੇ
'ਦੇਵੇ ਉਨ੍ਹੂੰ ਅਸੀਸ, ਸੁਣ ਹੇ ਰਾਜ ਜੀ!
'ਉਸਨੂੰ ਕਰਨਾਂ ਯਾਦ ਬਣਦਾ ਸੋਹਿਣਾ।
'ਸੁਰਤ ਨਹੀਂ ਬਲਵਾਨ ਜਿਸਦੀ ਆਪਣੀ,
'ਤਕੜੇ ਨਰ ਦੇ ਹੇਠ ਲਗਦੀ ਹੈ ਜਿਦ੍ਹੀ,
'ਮੋਇਆਂ ਨੂੰ ਕਰ ਯਾਦ ਸੁਖੀ ਨ ਹੋਇ ਓ।
' 'ਸੁਰਤ ਕਰਨ ਬਲਵਾਨ' ਸਿੱਖੀ ਮੂਲ ਹੈ,
' 'ਚੜ੍ਹਦੀ ਕਲਾ ਨਿਵਾਸ ਅੰਦਰ ਰੱਖਣਾ;
' 'ਕਿਸੇ ਭਾਵ ਦੇ ਹੇਠ ਸੁਰਤ ਨ ਲਾਵਣੀ,
' 'ਕਿਸੇ ਦੂਏ ਦੇ ਹੇਠ ਸੁਰਤ ਨ ਦੇਵਣੀ,
' 'ਦ੍ਰਿਸ਼ਾ ਰੁਖ਼ ਵਿਚ ਉੱਠ ਉੱਚੇ ਵੱਸਣਾ:'
'ਏਸ ਦਸ਼ਾ ਵਿਚ ਯਾਦ ਕਰਨਾ ਸੋਹਿਣਾ,
'ਬਿਨ ਇਸ ਹਾਲਤ ਯਾਦ ਕਰਨਾ ਠੀਕ ਨਾ।

' 'ਕੱਚੜਿਆ ਸੰਗ ਤੋੜ' ਸਤਿਗੁਰ ਆਖਿਆ,
'ਚਹਿ ਜਜੁੰਦੇ ਚਹਿ ਮੋਇ, ਕੱਚੇ ਨਾ ਫੜੋ।
'ਤੁਹਾਡਾ ਸੀ ਜੋ ਪ੍ਰੇਮ ਪੱਕੇ ਨਾਲ ਸੀ
'ਪੂਰਨ ਪਦ ਤੇ ਪੌਂਚੁ ਪਾਈ ਸੀ ਜਿਨ੍ਹੇ,
'ਜਿਸਨੂੰ ਕਰਨਾ ਯਾਦ ਹੈਸੀ ਆਪ ਨੂੰ
'ਉੱਚੇ ਦੇ ਹੱਥ ਸੌਂਪ ਉੱਚਾ ਉੱਠਣਾ।

'ਇਹ ਰਾਣੀ ਵੀਚਾਰ ਆਤਮ ਦੇਸ਼ ਦੀ
'ਸਦਾ ਰੱਖਣੀ ਯਾਦ ਕਦੇ ਨ ਭੁੱਲਣੀ।'

ਸੁਣਕੇ ਇਹ ਉਪਦੇਸ਼ ਰਾਣੀ ਆਖਦੀ:
'ਹੇ ਸਤਿਸੰਗ ਮਹਾਨ ! ਮੈਨੂੰ ਤੋਰਨਾ
'ਆਪਣੀ ਆਗਜਾ ਵਿੱਚ ਬਾਲੀ ਜਾਣਕੇ;
'ਰਹਾਂ ਸਦਾ 'ਸਤਿਸੰਗ- ਆਗਜਾ' ਪਾਲਦੀ।
'ਇਕ ਕਰਨੀ ਬਖਸ਼ੀਸ਼ -ਖ਼ੈਰ ਸੁ ਪਾਵਣੀ,
'ਦਰਸ਼ਨ ਸੰਦੀ ਸਿੱਕ ਮੇਰੇ ਹਿਰਦਿਓਂ
'ਅਜੇ ਜਿ ਨਿਕਲੇ ਫੁੱਟ, ਮਾਫੀ ਦੇਵਣੀ !
'ਅੰਦਰਲਾ ਬੇਵੱਸ ਹੋਕੇ ਮੰਗਦਾ
'ਦਰਸ਼ਨ ਪਜਾਰੇ ਕੰਤ ਪਜਾਰੇ ਸੰਤ ਦਾ।
'ਸੱਬ ਮਨਾਈਓ ਈਨ ਮੈਨੂੰ ਆਪਣੀ,
'ਤਰਸਨ ਆਗਜਾ ਠੀਕ ਤਦ ਤਕ ਦੇਵਣੀ
'ਜਦ ਤਕ ਦਰਸ਼ਨ ਕੰਤ ਤਈਂ ਉਡੀਕਣਾ।'

ਏ ਕਹਿ ਜਲ ਭਰ ਨੈਣ ਸ਼ਬਦ ਉਚਾਰਦੀ
ਦਿਲ ਦੇ ਨਾਲ ਪਿਆਰ ਸੁੰਦਰ ਸੋਹਿਣਾ,
ਜਿਉਂ ਕੋਇਲ ਬਰਸਾਤ ਕਿਧਰੇ ਗਾਂਵਦੀ:

ਮਾਝ ਮਹਲਾ ੫ ਚਉਪਦੇ ਘਰੁ ੧ ॥

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥ ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥ ਚਿਰੁ ਹੋਆ ਦੇਖੇ ਸਾਰਿੰਗਪਾਣੀ ॥ ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥ ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥ ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥ ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥

ਜਦ ਏਹ ਤਿੰਨੇ ਅੰਕ ਚੁੱਕੀ ਗਾਉਂ ਸੀ
ਭਈ ਲੀਨ ਨਿਜ ਵਿੱਚ, ਹੋਈ ਚੁੱਪ ਸੀ,


www.sikhbookclub.com

ਚੁੱਪ ਰਹੀ ਕੁਝ ਕਾਲ ਵਰਤੀ ਸੱਭ ਨੂੰ
ਸਾਰੇ ਦੇਖ ਵਿਰਾਗ ਸੁੱਛੇ ਪ੍ਰੇਮ ਦਾ
ਵਿੱਝ ਗਏ ਸੇ ਨਾਲ, ਵਿੰਨੇ ਪੰਘਰੇ।
ਪਰ ਹੁਣ ਛਿੜ ਪਏ ਸਾਜ਼, ਸਾਜ਼ ਸੁਰੀਲੜੇ,
ਰਾਗੀ ਲੱਗੇ ਗਾਣ ਚੌਥੇ ਪਾਦ ਨੂੰ,
ਨਾਲ ਸਗਲ ਸਤਿਸੰਗ ਸ਼ਾਮਲ ਹੋ ਗਿਆ–

ਭਾਗ ਹੋਆ ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥ ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ॥੪॥ ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥

ਗੁਰਮੁਖ ਨੇ ਫਿਰ ਹੱਥ ਸਿਰ ਤੇ ਰਾਜ ਦੇ
ਧਰਕੇ ਕਹਿਆ, 'ਰਾਜ ! ਹੋ ਜਉ ਤੱਕੜੇ;
'ਹੁਣ ਧੁਖ ਮਿਟੀਆ ਨਿੱਤ ਜੋ ਸੀ ਖਾਂਵਦੀ।
'ਸਿੱਧਾ ਸਾਈਂ ਰਾਹ – ਨਿਸਚੇ ਜਾਣਿਆਂ–
'ਤ੍ਰਾਨੂੰ ਹੈ ਪਜਾ ਲੱਭ, ਮਿਟਿਆ ਤੌਖਲਾ।
'ਬਾਕੀ ਸਿਦਕ ਪਰੇਮ ਰਹਿਸੀ ਓਕਰਾਂ;
'ਪਰ ਹੁਣ ਧੋਤਾ ਪ੍ਰੇਮ ਨਿਰਮਲ ਸੋਹਿਣਾ
'ਚਮਕ ਦਮਕ ਲਿਸ਼ਕਾਰ ਚਾਨਣ ਵਾਲੜਾ,
'ਗੁਰਮੁਖ ਗਾਡੀ ਰਾਹ ਸਿੱਧੇ ਤੋਰਕੇ
'ਮੰਜ਼ਲ ਉੱਤੇ ਜਾਇ ਠੀਕ ਪੁਚਾਵਸੀ।
'ਹੈਸੀ ਜਿਹੜਾ ਪ੍ਰੇਮ ਦੂਜੇ ਸਤਿਗੁਰੂ
'ਨੂੰ ਗੁਰ ਨਾਨਕ ਨਾਲ ਡੂੰਘਾ ਅੱਤਿ ਦਾ,
'ਪਾਵਨ ਪਰਮ ਪਵਿੱਤ੍ਰ ਜਿਸਨੂੰ ਆਖਦੇ,
'ਪਾਵਨ ਪਰਮ ਪੁਨੀਤ ਓਸ ਪਰੇਮ ਦੇ
'ਭੰਡਾਰੇ 'ਚੋਂ ਇੱਕ ਕਿਣਕਾ ਪ੍ਰੇਮ ਦਾ
'ਮਿਲਿਆ ਹੈ ਹੁਣ, ਰਾਜ ! ਗੁਰੂ ਕ੍ਰਿਪਾਲ ਹੈ !
'ਏ ਹੈ ਪ੍ਰੇਮ ਸੁਜਾਨ ਦਾਨਾ ਸੋਹਿਣਾ;
'ਇਹ 'ਅਧਜਾਤਮ ਪ੍ਰੇਮ', 'ਆਤਮ ਪ੍ਰੇਮ' ਏ,–
'ਇਹ ਰੂਹਾਨੀ ਪ੍ਰੇਮ, ਜਿਸਨੂੰ ਏ ਮਿਲੇ
'ਸਾਈਂ, ਦੇ ਵਿਚ ਧਜਾਨ ਰਹਿੰਦਾ ਓਸਦਾ,
'ਸਾਈਂ ਦਾ ਰਖ ਧਜਾਨ ਓ ਖੁਸ਼ ਹੋਂਵਦਾ,
'ਸਾਈਂ ਦਾ ਲੈ ਨਾਉਂ ਚੜ੍ਹਦਾ ਚਾਉ ਹੈ।
'ਸਿਖ ਦਾ ਗੁਰ ਦੇ ਨਾਲ ਏਹੋ ਪ੍ਰੇਮ ਹੈ,
'ਸਿਖ ਦਾ ਸਾਈਂ ਨਾਲ ਏਹੋ ਪ੍ਰੇਮ ਹੈ,
'ਗੁਰ ਦਾ ਸਾਈਂ ਨਾਲ ਏਹੋ ਪ੍ਰੇਮ ਹੈ,
'ਗੁਰ ਸਿੱਖੀ ਵਿਚ ਵਾਸ ਇੱਸੇ ਪ੍ਰੇਮ ਦਾ;
'ਗੁਰਮੁਖ ਨਾਲ ਪ੍ਰੇਮ ਏਸੇ ਵੰਨ ਦਾ।
'ਮਿਲੇ ਜਿਨ੍ਹ ਪ੍ਰਭੁ ਨਾਲ ਹੈ ਓ ਵੱਸਦਾ,
'ਵਸੇ ਪ੍ਰਭੂ ਉਸ ਨਾਲ ਅੰਤਰ ਆਤਮੇ।
'ਇਹ ਸਾਈਂ ਦੀ ਦਾਤ ਸਾਈਂ ਹੈ ਜਿਹੀ
'ਉਸ ਜੇਡੀ ਹੈ ਦਾਤ ਜੇਡਾ ਆਪ ਹੈ;
'ਸਤਿਗੁਰ ਸਚੇ ਆਪ ਹੈ ਏ ਆਖਿਆ;–

ਜੇਵਡੁ ਆਪਿ ਤੇਵਡ ਤੇਰੀ ਦਾਤਿ ॥ {ਆਸਾ ਮ: ੧}

'ਦਾਤ ਪ੍ਰਭੂ ਦੇ ਜੇਡ ਕਿੱਕੁਰ ਹੋ ਸਕੇ?
'ਦਾਤ ਸਦਾ ਹੈ ਘੱਟ ਦਾਤੇ ਨਾਲੜੋਂ;
'ਪਰ ਏ ਦਾਤ ਜੁ 'ਪ੍ਰੇਮ' ਉਸ ਹੈ ਜੇਡੜੀ।
'ਹਾਂ, 'ਅਧਜਾਤਮ ਪ੍ਰੇਮ' ਇਤਨਾ ਅਮੁਲਜ ਹੈ
'ਕੇ ਦਾਤੇ ਦੇ ਤੁੱਲ ਇਸਦਾ ਮੁੱਲ ਹੈ।
'ਆਪ ਪ੍ਰਭੂ ਕਿਰਪਾਲ ਅਪਣੇ ਆਪ ਤੋਂ
'ਕਾਰਣ ਹੋਣ ਪਰੇਮ ਅੰਸਾ ਆਪਣੀ
'ਦਾਤ ਕਰੇ ਤੇ ਭੇਜ ਦੇਂਦਾ ਏਸ ਥਾਂ,
'ਅੰਸ ਕਰੇ ਹੈ ਵਾਸ ਦੇਹੀ ਵਿਚ ਆ;
'–ਪ੍ਰੇਮ–ਪੁੰਜ ਦੀ ਅੰਸ ਪ੍ਰੇਮ ਸੁਭਾਉ ਹੈ–,
'ਸਾਂਈਂ ਨਾਲ ਪਰੇਮ ਕਰਦੀ ਅੰਸ ਏ;
'ਜਿਉਂ ਜਿਉਂ ਕਰਦੀ ਵੱਧ ਵਧਦੀ ਜਾਂਵਦੀ;
'ਪੂਰਨ ਹੁੰਦੀ ਜਾਇ, ਧਾਈ ਜਾਂਵਦੀ;
'ਹੋ ਪੂਰਨ ਬਲਵਾਨ ਇਕ ਦਿਨ ਪੌਂਚ੍ਹਦੀ
'ਅਪਣੇ 'ਕਾਰਣ' ਵਿੱਚ, ਜਾ ਸੁਖ ਮਾਣਦੀ।
'ਇਉਂ ਏ ਦਾਤੇ ਤੁੱਲ ਜਾਣੋ ਦਾਤ ਹੈ।
'ਏਸ ਪ੍ਰੇਮ ਦੀ ਦਾਤ ਪਾਈ ਆਪ ਨੇ।
'ਹੁਣ ਆਸਾ ਚਿਤ ਧਾਰ ਪੈਂਡਾ ਪ੍ਰੇਮ ਦਾ,
'ਸਿਦਕ ਸਵਾਰੀ ਹੇਠ ਲੈਕੇ ਕੱਟ ਲੌ।
'ਰੱਖੋ ਦ੍ਰਿੜ ਵਿਸ਼ਵਾਸ਼ ਸੱਚੇ ਰੱਬ ਤੇ
'ਜਿਸਨੇ ਹੋਇ ਕ੍ਰਿਪਾਲ ਬਖ਼ਸ਼ੀ ਦਾਤ ਹੈ,
'ਬਖ਼ਸ਼ੂ ਸਮਰਥ ਆਪ, ਆਪ ਨਿਬਾਹਿਸੀ।
'ਸੰਸਾ ਫੁਰੇ ਨ ਮੂਲ ਸਾਨੂੰ ਆ ਕਦੇ।

'ਬਿਨਾ ਕਹੇ ਜਗ ਵਿੱਚ ਨਾਨਕ ਸਤਿਗੁਰੂ
'ਜਿਸਨੇ ਭੇਜਜਾ ਆਪ ਸਾਡੇ ਵਾਸਤੇ,
'ਬਿਨਾ ਕਹੇ ਜਿਨ ਜੱਗ ਪਜਾਰੇ ਦਸ ਗੁਰੂ
'ਭੇਜੇ ਕਰਨ ਉਪਕਾਰ ਸਾਡੇ ਵਾਸਤੇ,
'ਬਿਨਾ ਕਹੇ ਕਰ ਮੇਰੁ ਸਾਨੂੰ ਰੱਖਿਆ;
'ਰਖੀਏ ਸਦਾ ਯਕੀਨ ਆਪੇ ਆਪ ਹੀ
'ਸਾਨੂੰ ਬਖ਼ਸ਼ ਕ੍ਰਿਪਾਲ ਚਰਨੀਂ ਆਪਣੀਂ
'ਆਪੇ ਲਊ ਪੁਚਾਇ ਕਰ ਮਿਹਰਾਮਤਾਂ।
'ਇਹੀ ਸਿਦਕ ਵਿਸ਼ਵਾਸ਼ ਪ੍ਰਭੁ ਤੋਂ ਮੰਗੀਏ:
'ਏਸ ਯਕੀਨੋਂ ਮੂਲ ਅਸੀਂ ਨ ਹਿੱਲੀਏ।
'ਸੋ ਰਾਣੀ ! ਕਿਰਪਾਲ ਬਖ਼ਸ਼ਜਾ ਹੈ ਗੁਰੂ
'ਸਭ ਕੁਝ ਤੁਹਾਡੇ ਜੋਗ, ਹੋਏ ਧੰਨ ਹੋ।'

ਹੁਣ ਗੁਰਮੁਖ ਸਤਿਸੰਗ ਵੰਨੇ ਤੱਕਿਆ,
ਲੀਤੀ ਨਜ਼ਰ ਟਿਕਾਇ ਫਿਰ ਗੁਰ ਗ੍ਰੰਥ ਤੇ
ਭਰਕੇ ਵਿੱਚ ਪਰੇਮ ਐਦਾਂ ਬੋਲਿਆ:-

'ਹੁਣ ਬਖਸ਼ੋਂ ਏ ਦਾਨ ਸਾਰੇ ਮੁੱਝ ਨੂੰ,
'ਚਰਨਾਂ ਸਤਿਗੁਰ ਵਿੱਚ ਵਿਚ ਸਤਿਸੰਗ ਦੇ
'ਸਨਮੁਖ ਉਮਰ ਬਿਤਾਇ ਮੈਂ ਬੀ ਲੰਘ ਜਾਂ
'ਏਸ ਭੈਜਲੋਂ ਪਾਰ ਸਾਈਂ ਨੂੰ ਮਿਲਾਂ
'-ਮਿਲਾਂ ਪ੍ਰੇਮ ਦੇ ਪੁੰਜ ਰੱਬ ਸੁ ਆਪਣੇ-।'
ਫਿਰ ਸਤਿਸੰਗਤ ਵੱਲ ਨਜ਼ਰ ਫਿਰਾਇਕੇ
ਕਹਿਣ ਲਗਾ ਉਹ ਸੰਤ ਤਕਕੇ ਰਾਜ ਨੂੰ:-
'ਧੰਨ ਤੁਸੀਂ ਹੋ ਆਪ ਸਾਰੇ ਧੰਨ ਹੋ!
'ਜਿਨ੍ਹਾਂ ਕਾਰਣੇ ਏਹ ਸੁਹਣੇ ਜੀ ਸਮੇਂ'
'ਮੈਨੂੰ ਮਿਲਦੇ ਆਣ ਕਰਨ ਉਪਦੇਸ਼ ਦੇ।
'ਅਪਣਾ ਆਪ ਸਮੋਧ ਐਕੁਰ ਮੈਂ ਕਰਾਂ।
'ਨਾਲੇ ਅੱਜ ਪ੍ਰਭਾਵ ਸਤਿਗੁਰ ਵਾਲੜਾ
'ਛਾਇਆ ਸੀ ਸਤਿਸੰਗ, ਉਹ ਮੈਂ ਮਾਣਿਆਂ;
'ਤੁਸਾਂ ਤਾਰਨੇ ਹੇਤ ਸਤਿਗੁਰ ਭੇਜਿਆ
'ਅਧੰਜਾਤਮ ਪਰਭਾਵ ਜਿਸਨੂੰ ਆਖੀਏ।
'ਤੁਸੀਂ ਸਿੱਖ, ਗੁਰ ਓਹ, ਨਾਤਾ ਪ੍ਰੇਮ ਦਾ;
'ਮੈਨੂੰ ਹੈ ਵਿਚਕਾਰ -ਦੂਤੀ ਵਾਕਰੇ,-
'ਲਾਹਾ ਸੱਚਾ ਏਹ ਮਿਲਿਆ ਆ ਸੁਤੇ।
'ਤੁਹਾਨੂੰ ਹੈਵੇ ਪ੍ਰੇਮ ਚਰਨੀਂ ਓਸਦੇ,
'ਕਾਰਣ ਤੁਹਾਡੇ ਪ੍ਰੇਮ ਤੁਹਾਡੇ ਉੱਪਰੇ
'ਉਸਦੀ ਕ੍ਰਿਪਾ ਅਪਾਰ ਹੋਈ, ਰਾਜ ਜੀ !
'ਉਸ ਤੋਂ ਲੈ ਸੰਦੇਸ਼ ਤੂਾਨੂੰ ਦੇਂਦਿਆਂ
'ਮਿਲਿਆ ਮੈਂ ਪਰਭਾਵ ਸਤਿਗੁਰ ਵਾਲੜਾ।
'ਉੱਧਰ ਸਤਿਗੁਰ ਮੇਰੁ ਇਧਰ ਪ੍ਰੇਮ ਹੈ,
'ਦੋਹਾਂ ਦੇ ਵਿਚਕਾਰ ਮੈਂ ਕਿਰਤਾਰਥੰ।
'ਸੋ ਹੋ ਧੰਨਤਾ ਜੋਗ 'ਗੁਰ' ਤੇ ਜੀ 'ਤੁਸੀਂ';
'ਧੰਨ ਹੋ ਗਿਆਂ ਨਾਲ ਸੇਵਕ ਰੱਬ ਦਾ।'

ਏ ਸਿੱਖੀ ਦੇ ਵਾਕ ਹਉਮੈ ਸੱਖਣੇ,
ਭਰੇ ਨਿੰਮ੍ਰਤਾ ਨਾਲ ਧੋਤੇ ਚਿੱਤ ਦੇ
ਸੁਣ ਰਾਣੀ ਕੰਪਾਇ ਖਾਧਾ ਡੋਬ ਸੀ,
ਬੋਲਣ ਸੰਦੀ ਤਾਬ ਮੂਲੋਂ ਨਾ ਰਹੀ;
ਕੁਝ ਚਿਰ ਤਈਂ ਬਿਹੋਸ਼ ਵਾਂਙੂ ਸੀ ਰਹੀ।
ਸਤਿਸੰਗਤ ਨੇ ਸੋਚ ਸੋਚੀ ਏ ਤਦੋਂ,-
ਦਿਲ ਹੈ ਕੋਮਲ ਅਤਿ ਪ੍ਰੇਮ ਸੰਵਾਰਿਆ
ਅਦਬ ਨਾਲ ਹੈ ਹੋਰ ਕੂਲਾ ਹੋ ਗਿਆ,
ਏ ਨਾ ਸਕੀ ਸਹਾਰ ਗੁਰਮੁਖ ਰੰਗ ਏ।
ਗੁਰਮੁਖ ਦਾ ਏ ਨੇਮ ਗੁਰਮੁਖ ਨੀਉਂਦਾ,
ਗੁਰਮੁਖ ਮਨ ਏ ਖੇਮ ਹਉਮੈਂ ਰੈਤ ਓ,
ਗੁਰਮੁਖ ਦਾ ਏ ਪ੍ਰੇਮ ਗੁਰੂ ਸਲਾਹੁੰਦਾ;
ਪਰ ਏ ਨਾਰਿ ਸੁਜਾਨ ਕੋਮਲ ਹੈ ਰਿਦਾ
ਹੈਵੇ ਸ਼ੁਕਰ ਸਰੂਪ ਪੁਤਲੀ ਧੰਨਜਤਾ,
ਸੱਕੀ ਨਹੀਂ ਸਹਾਰ ਗੁਰਮੁਖ-ਨੰਮ੍ਰਤਾ,
ਫਿਰ ਸੰਗਤ ਨੇ ਪਜਾਰ ਦੇਕੇ ਰਾਜ ਨੂੰ
ਕੀਤਾ ਸੀ ਸੁਰਜੀਤ, ਉਸਨੇ ਉੱਠ ਕੇ
ਦਈ ਦੁਹਾਈ ਰੋਇ:- 'ਬਖ਼ਸ਼ੋ ਮੁੱਝ ਨੂੰ
'ਜਿਸਦੇ ਸਿਰ ਅਪਰਾਧ ਚੜ੍ਹਜਾ ਨਿਊਣ ਦਾ,-
'ਮੇਰੇ ਅੱਗੇ ਹਾਇ ਗੁਰਮੁਖ ਕਜੋਂ ਨਿਵੇਂ !
'ਮੈਂ ਨੀਵੀਂ ਮਤਿਹੀਨ ਬਾਲ ਨਿਮਾਣੀਆਂ,
'ਸਭ ਤੋਂ ਛੋਟੀ ਦਾਸ, ਵਿਚ ਸਤਿਸੰਗ ਦੇ।

'ਮੈਨੂੰ ਲਓ ਬਣਾਇ ਪੱਥਰ ਜੇ ਕਦੀ,
'ਉੱਥੇ ਦਿਓ ਲਵਾਇ ਜਿੱਥੇ ਲਾਹੁੰਦੇ
'ਸਭ ਸਤਿਸੰਗੀ ਆਇ ਜੋੜੇ ਆਪਣੇ,

'ਜਾਣਾ ਮੈਂ ਹਾਂ ਧੰਨ ਮੈਂ ਵਡਭਾਗਿਣੀ।
'ਕੂਕਰ ਤੁਹਾਡੇ ਦ੍ਵਾਰ ਮੈਥੋਂ ਹੈ ਭਲਾ,
'ਉਸ ਜੀ ਸ੍ਵਾਮੀ ਪਜਾਰ ਹੈ ਬੇ ਓੜਕਾ,
'ਮੇਰਾ ਦੇਖੋ ਪਜਾਰ, ਸ੍ਵਾਮੀ ਨਾਲ ਮੈਂ
'ਗਈ ਨਹੀਂ ਜੇ ਹਾਇ, ਰਹੀਆਂ ਜੀਉਂਦੀ।
'ਧੂੜ ਜੁ ਤੁਹਾਡੇ ਦ੍ਵਾਰ ਮੈਥੋਂ ਹੈ ਭਲੀ,
'ਉਸਨੂੰ ਮਸਤਕਿ ਲਾਇ ਲੋਕ ਖੁਸ਼ੋਂਵਦੇ,
'ਮੈਂ ਜਿਸ ਮੱਥੇ ਜਾਇ ਲੱਗਾਂ ਰੋਂਵਦੇ।
'ਮੈਂ ਅਤਿ ਨੀਵੀਂ ਹਾਇ ਮੈਂ ਅਤਿ ਮਾੜੀਆਂ,
'ਬਖਸ਼ੋ ਹੋਇ ਕ੍ਰਿਪਾਲ ਮੈਂ ਨਾਚੀਜ਼ ਨੂੰ।'

ਇਹ ਕਹਿ ਪਾਵਾ ਫੱਧ ਮੰਜੀ ਸਾਬ੍ਹ ਦਾ
ਸਿਰ ਉਸ ਨਾਲ ਲਗਾਇ ਛੰਮ ਛੰਮ ਰੋ ਪਈ;
ਰੋ ਰੋ ਭਈ ਨਿਢਾਲ ਆਪਾ ਭੁੱਲਦੀ।
ਤਦ ਇਕ ਬ੍ਰਿਧ ਸੁਜਾਨ ਉੱਠੀ ਸਿੰਘਣੀ,
ਝੋਲੀ ਲੀਤਾ ਪਾਇ ਬਜਾਕੁਲ ਰਾਜ ਨੂੰ,
ਸਿਰ ਤੇ ਦਿੱਤਾ ਪਜਾਰ, ਨਾਲ ਦਿਲਾਸੜਾ,
ਘੁਟ ਘੁਟ ਛਾਤੀ ਨਾਲ ਲਾ ਲਾ ਪਜਾਰਦੀ।
ਕੋਮਲ ਨਾਲ ਅਵਾਜ਼ ਇਸ ਸਮਝਾਇਆ:-
'ਵਡਿਆਈ ਨਹਿੰ ਧਾਰ ਹਉਂ ਨਹਿੰ ਵਰਤਦਾ
'ਗੁਰਮੁਖ ਰਿਦਾ ਅਤੀਤ ਹੁੰਦਾ ਮਾਨ ਤੋਂ;
'ਗੁਰਮੁਖ ਹਉਮੈ ਬਾਣ ਰਖਦਾ ਹੈ ਨਹੀਂ[1];
'ਗੁਰਮੁਖ ਨੇ ਹੈ ਆਪ ਖਸਮ ਪਛਾਣਿਆ[2],
'ਕਿਸੇ ਨ ਭੁੱਲਾ ਜਾਣ ਓ ਸਮਜਾਉਂਦਾ[3],
'ਧਾਰੇ ਕਦੀਂ ਨ ਓਹ ਦਸ ਗੁਰ ਤੁੱਲਤਾ,
'ਗੁਰਮੁਖ ਤਾਰੇ ਤਾਰ ਪਾਰ ਉਤਾਰਦਾ
'ਪਰ ਤਾਰਨ ਦਾ ਮਾਣ ਕਦੇ ਨ ਧਾਰਦਾ।

[1] ਗੁਰਮੁਖਿ ਹਉਮੈ ਸਬਦਿ ਜਲਾਏ ॥ {ਸਿ: ਗੋ: -੪੨}
[2] ਨਾਨਕ ਗੁਰਮੁਖਿ ਖਸਮੁ ਪਛਾਤਾ ॥ {ਸਿ: ਗੋ:- ੩੭}
[3] ਤਿਸੁ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ {ਸੋਰਠ ਮ: ੫-੬}

'ਧਰਮ ਸਿੱਖ ਦਾ ਆਪ ਜਪਣਾ ਨਾਮ ਹੈ,
'ਫੇਰ ਜਪਾਣਾ ਨਾਮ ਹੋਰਾਂ ਸੱਜਣਾਂ:
'ਏ ਕੁਝ ਹਿਰਦੇ ਧਾਰ ਨਾਮ ਜਪਾਂਵਦਾ[1]।
'ਭਰਿਆ ਹੈ ਓ ਆਪ ਡੁਲ੍ਹ ਡੁਲ੍ਹ ਪੈ ਰਿਹਾ,
'ਜਿਸਤੋਂ ਪਾਵਣ ਰੱਜ ਪਯਾਸੇ ਨਾਮ ਦੇ
'ਸਾਈਂ ਚਰਨਾਂ ਤੀਕ ਹੈ ਲੈ ਜਾਂਵਦਾ[2]।
'ਬਣੀ ਬਨਾਵਟ ਕੁੱਝ ਕਦੀ ਨ ਧਾਰਦਾ,
'ਪਰ ਉਹ ਗੌਰਾ ਹੋਇ ਰੱਤਾ ਪ੍ਰੇਮ ਦਾ:-


ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥
{ਵਾਰ ਆਸਾ ਮ: ੧-੧੪

'ਤਰਿਆ ਗੁਰਮੁਖ ਆਪ ਹੋਰਾਂ ਤਾਰਦਾ;
'ਜੁੜਿਆ ਗੁਰਮੁਖ ਆਪ, ਜੋੜੇ ਹੋਰਨਾਂ।
'ਪਰ ਨਹੀਂ ਰਖਦਾ ਮਾਣ ਤਾਰਨ ਦਾ ਕਿਸੇ,
'ਸਹਜ ਸੁਭਾ ਉਪਕਾਰ ਉਸਤੋਂ ਹੋਂਵਦਾ
' 'ਰਹਿਣਾ ਨਿੰਮ੍ਰਤ ਹੋਇ, ਤਾਣ ਨਿਤਾਣਿਆਂ'
'ਏ ਹੁੰਦਾ ਵਰਤਾਉ ਗੁਰਮੁਖ ਦਾ, ਸਖੀ !'
ਇਸ ਬਿਧਿ ਕਰ ਉਪਦੇਸ਼ ਉਸ ਸਮਝਾਇਆ।

ਰਾਣੀ ਨੂੰ ਹੁਣ ਸੁਝ ਸਾਰੀ ਆ ਗਈ,-
'ਗੁਰਮੁਖ ਹੈ ਗੰਭੀਰ ਸਾਗਰ ਸੁੱਭਰਾ,
'ਇਹ ਹੈ ਸਦਾ ਬਿਲੋੜ ਬੇ ਪਰਵਾਹਿੜਾ
'ਬੇੜੇ ਕਰਦਾ ਪਾਰ ਹੈ ਜਗਿਆਸੂਆਂ[3]।'

ਰਾਧਾਂ ਨੂੰ ਬੀ ਅੱਜ ਗੱਫਾ ਨਾਮ ਦਾ
ਏਸ ਦੁਆਰਯੋਂ ਲੱਭ ਪਿਆ ਅਮੁਲਵਾਂ।
ਤਰ ਗਈ ਰਾਧਾਂ ਨਾਲ ਸ੍ਵਾਣੀ ਆਪਣੀ,
ਕਰਦੀ ਉਸਨੂੰ ਪਜਾਰ ਸਾਈਂ ਪਾ ਲਿਆ।
ਹੁਣ ਫਿਰ ਸਭ ਸਵਧਾਨ ਹੋਏ ਪਜਾਰੁਏ
ਕੀਤੀ ਉਠ ਅਰਦਾਸ ਅੱਗੇ ਸਤਿਗੁਰਾਂ;

[1] ਗੁਰਮੁਖਿ ਤਾਰੇ ਪਾਰਿ ਉਤਾਰੇ ॥ ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥ {ਸਿ: ਗੋ: -੩੧}
[2] ਗੁਰਮੁਖਿ ਕਰਣੀ ਕਾਰ ਕਰਾਏ ॥ ਨਾਨਕ ਗੁਰਮੁਖਿ ਮੇਲਿ ਮਿਲਾਏ ॥ {ਸਿ: ਗੋ:-੩੬}
[3] ਗੁਰਮੁਖਿ ਤਾਰੇ ਪਾਰਿ ਉਤਾਰੇ ॥ {ਸਿ: ਗੋ: ੩੧}



ਅਨੰਤ ਪ੍ਰਵੇਸ਼

 www.sikhbookclub.com

ਕੀਤਾ ਲੱਖਾਂ ਵਾਰ ਸ਼ੁਕਰ ਅਕਾਲ ਦਾ;
ਬਖਸ਼ਿਸ਼ ਮੰਗ ਅਪਾਰ ਮੱਥਾ ਟੇਕਦੇ।
ਫਿਰ ਓਥੋਂ ਸਭ ਉੱਠ ਸਹਿਜੇ ਆ ਗਏ
ਬਾਹਰ ਖੁੱਲ੍ਹੀ ਥਾਂਉਂ ਆਕੇ ਬੈਠ ਗਜੇ।
ਹੋਈ ਸੀ ਪਰਭਾਤ, ਪੂਰਬ ਲਾਂਭ ਤੇ
ਲਾਲੀ ਅੰਬਰ ਛਾਇ ਸੁਹਣੀ ਸੀ ਰਹੀ
ਠੰਢੀ ਚੱਲੇ ਪੌਣ ਹਿਰਦਾ ਠਾਰਦੀ,
ਘੁਟ ਘੁਟ ਜਫੀਆਂ ਪਾਇ ਪਜਾਰੀ ਮਾਂ ਜਿਵੇਂ।
ਹੁਣ ਦਿਨ ਚੜ੍ਹਦਾ ਦੇਖ ਸੱਭੇ ਭੇਟਕੇ
ਇਕ ਦੂਜੇ ਨੂੰ, ਪ੍ਰੇਮ ਫਤਹ ਗਜਾਇਕੇ
ਅਪਣੇ ਅਪਣੇ ਥਾਨ ਵਿਦਿਆ ਹੋ ਗਏ।
ਰਾਣੀ ਅਪਣੇ ਮੈਲ੍ਹ ਰਾਧਾਂ ਦੇ ਸਣੇ
ਪਹੁੰਚੀ ਸਹਜੇ ਜਾਇ ਪਿਛਲੇ ਰਾਹ ਤੋਂ।

ਜੀਵਨ ਪਲਟਾ ਖਾਇ ਗਇਆ ਰਾਜ ਦਾ।
ਹੁਕਮੁ ਜੁ ਵਿਚ ਸਤਿਸੰਗ ਰਾਣੀ ਪਾਇਆ
ਸਾਰਾ ਲਿਆ ਕਮਾਇ, ਉੱਕੀ ਨਾ ਕਿਤੋਂ;
ਲੀਤਾ ਰਾਜ ਸੰਭਾਲ ਜੋ ਸੀ ਜਾਂਵਦਾ
ਵਿਗੜ ਵਿਗੜਦਾ ਰੋਜ ਢਿੱਲਾ ਹੋਂਵਦਾ
ਰਾਜ-ਪ੍ਰਬੰਧ ਨੂੰ ਓਹ ਜਾਣੇ ਬੰਦਗੀ
'ਧਰਮ ਅਧਜਾਤਮ ਜਾਣ' ਉਸਨੂੰ ਪਾਲਦੀ,
ਪਰ ਅਦ੍ਰੂੰ: ਵਿਚ ਨਾਮ ਰੱਤੀ ਓਹ ਰਹੇ।
ਸਤਿਸੰਗਤ ਦੀਦਾਰ ਅੰਮ੍ਰਿਤ ਵੇਲੜੇ
ਨਿਤਪ੍ਰਤਿ ਕਰਦੀ ਜਾਇ, ਨਾਗਾ ਨਾ ਪਵੇ।
ਰਾਤ ਦਿਨੇ ਵਿਚਕਾਰ ਖਾਲੀ ਜਾਇ ਨਾ
ਕੋਈ ਬੀ ਉਸ ਸ੍ਵਾਸ ਬਿਨ ਰਸ ਨਾਮ ਦੇ,-
ਕਰਦੀ ਸਫਲ ਸੁਆਸ, ਗੇੜੇ ਦੇਂਵਦੀ।
ਦਮ ਦਮ ਸਦਾ ਸਮ੍ਹਾਲ ਕਰਦੇ ਹੋ ਗਿਆ
ਹਿਰਦੇ ਪ੍ਰਾਣਾਂ ਵਿੱਚ ਵਾਸਾ ਨਾਮ ਦਾ,
ਰੋਮ ਰੋਮ ਵਿਚ ਨਾਮ ਉਸ ਦੇ ਵੱਸਿਆ,
ਰੋਮ ਰੋਮ 'ਰਬ-ਪ੍ਰੇਮ' ਹੋਇ ਸਮਾਇਆ;
ਇਵੇਂ ਸਮਾਇਆ ਓਹ ਜਿਵੇਂ ਬਨਸਪਤੀ
ਧੋਤੀ ਮੀਂਹ ਦੇ ਵਿੱਚ ਵਸੇ ਸੁਹਾਉ ਹੈ।
ਲਿਵ ਵਿਚ ਰਹਿੰਦੀ ਰਾਜ ਸਚੇ ਰੱਬ ਦੀ।
ਰਾਣੇ ਵਾਂਙੂ ਓਹ ਹੁਣ ਤਾਂ ਹੋ ਗਈ
ਹਰਿ ਰਸ ਵਿਚ ਰਸਲੀਨ ਗੁਰਮੁਖ ਸੋਹਿਣੀ।
ਕਰਦਜਾਂ ਰਾਜ ਪ੍ਰਬੰਧ ਨਾਮ ਜਪੰਦਿਆਂ
ਸਾਈਂ ਨਾਲ ਸੰਜੋਗ ਉਸਦਾ ਹੋਗਿਆ
ਪੂਰਨ ਪਦ ਤੇ ਆਪ ਇਸਥਿਤ ਹੋ ਗਈ[1]।
ਇਉਂ ਜੋ ਕੁਝ ਗਈ ਹੋਇ ਓਹੋ ਜਾਣਦੀ,
ਯਾ ਜਾਣੇ ਹੈ ਆਪ ਜੋ ਹੋ ਜਾਂਵਦਾ।
ਰਾਜਜੋਗ ਪਰਬੀਨ -ਕਹਿ ਲੌ-ਹੋ ਗਈ।
'ਰਾਜਜੋਗ' ਉਹ ਜੋਗ ਜੋ ਸੰਜੋਗ ਦੇ
ਸਾਈਂ ਨਾਲ ਹਮੇਸ਼ ਲਿਵ ਨੂੰ ਲਾਇਕੇ[2]
ਰੰਗ ਰਤੀ ਹੁਣ ਰੰਗ ਵਿਚ ਓ ਵੱਸਦੀ
'ਸਹਜ ਜੋਗ' ਸੰਜੋਗ ਉਸਨੇ ਪਾ ਲਿਆ[3]।
ਗੁਰਮੁਖ ਪਦਵੀ ਪਾਇ ਭਾਗ ਸੁਲੱਖਣੀ
ਗੁਰਮੁਖ ਕਰਦੀ ਕਾਰ ਪੂਰੀ ਹੋ ਗਈ।

-ਇਤੀ-

---

[1] ਕਹੈ ਨਾਨਕੁ ਗੁਰਪਰਸਾਦੀ ਜਿਨਾ ਲਿਵਲਾਗੀ ਤਿਨੀ ਵਿਚੇ ਮਾਇਆ ਪਾਇਆ॥ {ਅਨੰਦ-੨੯}

[2] ਥਿਰ ਥਿਰ ਚਿਤ ਥਿਰ ਹਾਂ ॥ ਬਨੁ ਗ੍ਰਿਹੁ ਸਮਸਰਿ ਹਾਂ॥ ਅੰਤਰਿ ਏਕ ਪਿਰ ਹਾਂ ॥ ਬਾਹਰਿ ਅਨੇਕ ਧਰਿ ਹਾਂ॥ ਰਾਜਨ ਜੋਗੁ ਕਰਿ ਹਾਂ ॥ ਕਹੁ ਨਾਨਕ ਲੋਗ ਅਲੋਗੀ ਰੀ ਸਖੀ ॥੨॥ {ਆਸਾ: ਮ: ੫}

[3] ਗੁਰਮੁਖਿ ਲਾਗੈ ਸਹਜ ਧਿਆਨੁ ॥ {ਸਿਧ ਗੋ:-੪੧} ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥ ਅਹਿਨਿਸਿ ਰਾਵੇ ਭਗਤਿ ਜੋਗੁ ॥ ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥ ਜਨ ਨਾਨਕ ਹਰਿ ਵਰੁ ਸਹਜ ਜੋਗੁ ॥੪॥੬॥ {ਬਸੰਤ ਮ: ੧}


www.sikhbookclub.com

# ਅੰਤਕਾ ਪਹਿਲੀ

{ਦੇਖੋ ਪੰਨਾ ੨੨੩, ਕਾਲਮ-੨}

## ਗੁਰਬਾਣੀ[1] ਦਾ ਚਿਤ੍ਰ {ਸਿਫਤੀ ਸਚ ਸਮੇਉ}

ਸਿਫਤ ਬਾਣੀ ਦੁਆਰਾ ਹੁੰਦੀ ਹੈ, ਗੁਰੂ ਕੀ ਬਾਣੀ ਸੱਚੀ ਹੈ ਤੇ ਸ਼ਿਰੋਮਣੀ ਹੈ, ਹੋਰ ਬਾਣੀ ਕੱਚੀ ਹੈ।[2]

੧. ਨਿੱਤ ਬਾਣੀ[3]-ਜਪੁਜੀ, ਰਹਿਰਾਸ, ਕੀਰਤਨ ਸੋਹਿਲਾ[4]। {ਚਿੱਤ ਇਕਾਗ੍ਰ ਕਰਕੇ ਗੁਰੂ ਨੂੰ ਹਾਜ਼ਰ ਜਾਣ ਹਜ਼ੂਰੀ ਵਿਚ ਪੜ੍ਹਨੀ, ਵਿਚਾਰਨੀ} ਜਾਪ, ਸਵੱਯੇ

੨. ਨਮਿੱਤ ਬਾਣੀ[5]

- ਪਰਮਾਰਥਕ ਸਮੇਂ
  - ੧. ਏਕਾਗ੍ਰਤਾ ਲਈ[7]
    - ਸਾਧਨ- ਇਕ ਯਾ ਵਧੀਕ ਪਾਠ ਰੋਜ਼ ਕਰਨੇ ਜਪੁ ਸਾਹਿਬ ਦੇ
      - ੧. ਜਿੰਨੇ ਸਰੀਰ ਸਹਾਰੇ ਤੇ ਕਰਕੇ ਸੁਖੀ ਹੋਵੇ, ਥਕਾਨ ਤਕ ਨਹੀਂ ਜਾਣਾ।
      - ੨. ਹਜ਼ੂਰੀ ਵਿਚ ਪਾਠ ਕਰਨਾ।
      - ੩. ਇਕ ਪਾਠ ਐਸਾ ਕਰਨਾ ਕਿ ਪਾਠ ਹੋ ਜਾਏ ਤੇ ਰਸਨਾ ਨਾ ਕਰੇ।
      - ਫੁਰਨੇ ਰੋਕਣੇ ਤੇ ਸਾਵਧਾਨ ਰਹਿਣਾ।
    - ਫਲ-ਸੁਰਤ ਵਿਚ ਗੁਰਸ਼ਬਦ (ਨਾਮ) ਨੂੰ ਗ੍ਰਹਨ ਕਰ ਲੈਣਾ ਤੇ ਗਯਾਨ ਵਧਣਾ[8]।
  - ੨. ਵਿਵੇਕ ਲਈ — ਆਸਾ ਦੀ ਵਾਰ ਆਦਿ-
    - ਸਾਧਨ-ਵੀਚਾਰਕੇ ਪੜ੍ਹਨੀ[9] ਯਾ ਕੀਰਤਨ ਵਿਚ ਸੁਣਨੀ ਸਵੇਰ ਸਾਰ।
    - ਫਲ-ਸ਼ੁਭ ਆਚਰਣ ਤੇ ਪਰਮਾਰਥ ਦਾ ਵਿਵੇਕ ਹੋ ਜਾਣਾ।
  - ੩. ਵੈਰਾਗ ਲਈ[10] — ਬਾਣੀ ਨਾਵਾਂ ਮਹਲ ਆਦਿ
    - ਸਾਧਨ-ਗਾਉਣੀ, ਗਾਵੀਂਦੀ ਸੁਣਨੀ, ਰਹਾ ਨਾਲ ਪੜ੍ਹਨੀ।
    - ਫਲ- ਵੈਰਾਗ ਨੇ ਡੇਰੇ ਜਮਾ ਲੈਣੇ।
  - ੪. ਪ੍ਰੇਮ ਲਈ[11] — {ਸਾਧਨ- ਛੱਕੇ ਤੇ ਹੋਰ ਚੋਣਵੇਂ ਪ੍ਰੇਮ ਮਈ ਸ਼ਬਦ ਪੜ੍ਹਨੇ, ਗਾਵਣੇ, ਗਾਂਵੀਂਦੇ ਸੁਣਨੇ। {ਫਲ- ਪ੍ਰੇਮ ਪ੍ਰਾਪਤੀ ।}
  - ੫. ਆਤਮ ਰਸ ਲਈ[12] — ਅਨੰਦ, ਸੁਖਮਨੀ ਆਦਿ-
    - ਸਾਧਨ-ਗਾਉਣਾ, ਗਾਵੀਂਦਾ ਸੁਣਨਾ, ਰਹਾ ਨਾਲ ਪੜ੍ਹਨਾ।
    - ਫਲ-ਰਸ ਦੀ ਖੁਸ਼ਬੂ ਦਾ ਲਹਿਰਾ ਆਉਣ ਲਗ ਜਾਣਾ।
- ਆਰਥਕ ਸਮੇਂ
  - ੧. ਮੰਗਲ ਸਮੇਂ
    - ਸਾਧਨ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਯਾ ਸੁਣਨਾ।
    - ਫਲ-ਦਿਲ ਨੇ ਸੰਸਾਰਕ ਖੁਸ਼ੀ ਹੇਠ ਦਬਕੇ ਬੇਮੁਖ ਨਾ ਹੋ ਜਾਣਾ। ਨਿਰਵਿਘਨਤਾ।
  - ੨. ਕਸ਼ਟ ਸਮੇਂ
    - ਸਾਧਨ-ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਰਨਾ ਯਾ ਸੁਣਨਾ।
    - ਫਲ-ਭਾਣਾ ਮੰਨਣ ਦੀ ਤਾਕਤ ਵਧਣੀ, ਕਸ਼ਟ ਘਟਣਾ।
  - ੩. ਚਲਾਣੇ ਪਰ
    - ਸਾਧਨ- ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਰਨਾ ਯਾ ਸੁਣਨਾ। ਜੈਤਸਿਰੀ ਦੀ ਵਾਰ, ਸਲੋਕ ਸਹਸਕ੍ਰਿਤੀ ਦੀ ਕਥਾ।
    - ਫਲ- ਰਜ਼ਾ ਤੇ ਕਾਇਮ ਰਹਿਣਾ। ਗ਼ਮ ਚਿੰਤਾ ਰੋੜ੍ਹ ਤੋਂ ਬਚਕੇ ਬੇਮੁਖ ਨਾ ਹੋਣਾ। ਪ੍ਰਾਣੀ ਸਹਾਇਤਾ[13]
  - ਜਦ ਮਨ ਸੰਸਾਰੀ ਹੋਵੇ, ਤਦ ਕਸ਼ਟ ਨਿਵਿਰਤ ਤੇ ਮੰਗਲ ਲਈ ਬੀ ਪਾਠ ਕਰਦੇ ਹਨ 'ਮਾਂਗਉ ਰਾਮ ਤੇ ਸਭ ਥੋਕ' ਪਰ ਜਦ ਭਰੋਸਾ ਬੱਝ ਜਾਂਦਾ ਹੈ ਤਦ ਨਾਮ ਅਭਯਾਸੀ ਇਹ ਮੰਗਦੇ ਹਨ:- 'ਮਾਂਗਉ ਦਾਨੁ ਠਾਕੁਰ ਨਾਮ'।

੩. ਸੁਹਿੱਤ ਬਾਣੀ[6] — ਸੁਖਮਨੀ, ਅਨੰਦ, ਬਾਵਨ ਅਖਰੀ, ਛੱਕੇ ਆਦਿ ਕੋਈ ਬਾਣੀ ਜੋ ਜਦ ਪਯਾਰੀ ਲੱਗੇ।

- ੧. ਨਿਤ ਪਾਠ ਸਹਾਇਕ[14]-ਕੋਈ ਬਾਣੀ ਖੁਸ਼ੀ ਨਾਲ ਪੜ੍ਹਨੀ ਜਦੋਂ ਅਜੇ ਨਾਮ ਦਾ ਪਰਚਾ ਨਹੀਂ ਪਿਆ।
- ੨. ਨਾਮ ਸਹਾਇਕ- ਨਾਮ ਦਾ ਪਰਚਾ ਪੈ ਰਿਹਾ ਹੈ, ਪਰ ਜੀ ਕਦੇ ਉਟਕ ਜਾਂਦਾ ਹੈ, ਤਦ ਕੋਈ ਬਾਣੀ ਪੜ੍ਹਨੀ ਜੋ ਉਸ ਵੇਲੇ ਪਿਆਰੀ ਲਗੇ ਜੋ ਫੇਰ ਨਾਮ ਵਲ ਲੈ ਜਾਵੈ।
- ੩. ਮੌਦ ਮਈ-ਨਾਮ ਵਿਚ ਖੇਡਦਾ ਆਤਮਰਸੀਆ ਹੈ,ਇਸੇ ਮੌਜ ਵਿਚ ਬਾਣੀ ਬੀ ਕਈ ਵੇਰ ਪੜ੍ਹਦਾ ਹੈ, ਕਦੇ ਇਕ ਤੁਕ ਦਾ ਹੀ ਸ੍ਵਾਦ ਬੱਝ ਜਾਂਦਾ ਹੈ।

ਨੋਟ- [1, 2, 3] ਆਦਿ ਨਿਸ਼ਾਨਾਂ ਦੇ ਵੇਰਵਿਆਂ ਲਈ ਦੇਖੋ ਅਗਲਾ ਪੰਨਾ-੨੩੫।





www.sikhbookclub.com

1. ਤੈਸੇ ਗੁਰਬਾਣੀ ਵਿਖੈ ਸਕਲ ਪਦਾਰਥ ਹੈਂ, ਜੋਈ ਜੋਈ ਖੋਜੈ ਸੋਈ ਸੋਈ ਨਿਪਾਜਾਵਈ ॥

{ਕ: ਸ: ਭਾ: ਗੁ: ੫੪੬}

2. ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ {ਅਨੰਦ-੨੩}

ਗੁਰਬਾਣੀ ਗਾਵਹੁ ਭਾਈ ॥ {ਸੋਰਠਿ ਮ: ੫-੮੧}

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥

{ਅਨੰਦ-੨੪}

3. ਜੋ ਜ਼ਰੂਰੀ ਪੜ੍ਹੀ ਜਾਵੇ, ਸਿੱਖ ਦਾ ਫਰਜ਼ ਹੈ ਕਿ ਪੜ੍ਹੇ:-

ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ॥ {ਧਨਾਸਰੀ ਮ: ੧-੫}

4. ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ। {ਭਾ: ਗੁ: ਵਾਰ ੧-੩੮}

ਅੰਮ੍ਰਿਤ ਵੇਲੈ ਨਾਵਣਾ ਗੁਰਮੁਖਿ ਜਪੁ ਗੁਰ ਮੰਤੁ ਜਪਾਇਆ। ਰਾਤਿ ਆਰਤੀ ਸੋਹਿਲਾ ਮਾਇਆ ਵਿਚਿ ਉਦਾਸੁ ਰਹਾਇਆ। {ਭਾ: ਗੁ: ਵਾਰ ੨੬-੪}

...ਸੰਧਜਾ ਨੂੰ ਰਹਰਾਸ...ਪਹਰ ਰਾਤ ਗਈ ਸੋਹਿਲਾ...ਪਿਛਲੀ ਰਾਤ ਜਪੁ...{ਗਜਾਨ ਰਤਨਾਵਲੀ}

5. ਜੋ ਅਰਥ ਜਾਂ ਪਰਮਾਰਥ ਦੀ ਸਿੱਧੀ ਦੇ ਮਨੋਰਥ ਨਾਲ ਪੜ੍ਹੀ ਜਾਵੇ।

6. ਜੋ ਪ੍ਰੇਮ ਤੇ ਵੈਰਾਗ ਵਿਚ ਯਾ ਅੰਨਦ ਦੇ ਹੁਲਾਰਿਆਂ ਵਿਚ ਪੜ੍ਹੀ ਯਾ ਗਾਂਵੀਂ ਜਾਵੇ।

7. ਗੁਰਬਾਣੀ ਮਨ ਧ੍ਰਾਪਿ ਨਿਜ ਘਰਿ ਆਵਈ

{ਭਾ: ਗੁ: ਵਾਰ ੩-੭}

8. ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿਨਾਮੁ ਪਾਇਦਾ ॥ {ਮਾਰੂ ਸੋ: ਮ: ੩}

ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਿਆਰਾ। {ਭਾ:ਗੁ: ਵਾਰ ੧-੩੮}

9. ਗੁਰਬਾਣੀ ਪੜ੍ਹਿ ਸਮਝਿ ਸੁਣੇਹੀ॥ {ਭਾ:ਗੁ:ਵਾ:੧-੩}

10. ਬਿਨੁ ਬੈਰਾਗ ਨ ਛੂਟਸਿ ਮਾਇਆ ॥

{ਗਉ: ਕਬੀ:-੩੪}

ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥ {ਕਾਨ: ਮ: ੪ ਅ:੧}

11. ਭਗਤਿ ਭੰਡਾਰ ਗੁਰਬਾਣੀ ਲਾਲ॥ {ਆਸਾ ਮ: ੫-੨੩}

12. ਸੁਖਮਨੀ ਦੀ ਅੰਤਲੀ ਅਸਟਪਦੀ ਵਿਚ ਆਤਮ ਰਸ ਦੀ ਮਹਿਮਾ ਹੈ।

13. ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ॥ ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥

{ਗਉ: ਬਾ: ਅ: ਮ: ੫-੩੧}

14. ਗੁਣ ਗੋਬਿੰਦ ਨਾਮ ਧੁਨਿ ਬਾਣੀ ॥ {ਗਉ: ਸੁਖ:}



 www.sikhbookclub.com

# ਅੰਤਕਾ ਦੂਜੀ

{ਦੇਖੋ ਪੰਨਾ ੨੨੪-ਕਾਲਮ ੨}

## ਨਾਮ ਦਾ ਚਿਤ੍ਰ

### (ਦੀਖਿਆ ਆਖਿ ਬੁਝਾਇਆ)*

{੧ ਤੋਂ ੩੫ ਤਕ ਅੰਗ ਵੇਰਵਿਆਂ ਲੱਭਣ ਲਈ ਨਿਸ਼ਾਨ ਮਾਤ੍ਰ ਹਨ।}

**ਬੀਜ ਮੰਤ੍ਰ[੧]-** ੧ਓ

**ਮੂਲ ਮੰਤ੍ਰ[੨]-** { ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ[£]॥

**ਮੰਤ੍ਰ[੩]-** { ਅਕਾਲ ਪੁਰਖ ਦੇ ਨਾਮ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਹਨ। { ਜਿਨ੍ਹਾਂ ਵਿਚੋਂ ੧ ਮਹਾ ਮੰਤ੍ਰ ਯਾ ਗੁਰਮੰਤ੍ਰ ਹੈ}

**ਗੁਰਮੰਤ੍ਰ[੪]-** ਵਾਹਿਗੁਰੂ ।

ਗੁਰ ਸ਼ਬਦ[੬]-{ਪਦ ਵਾਹਿਗੁਰੂ- ਵਾਹਗੁਰੂ[੮]।} { ਵਿਤਪਤੀ-ਵਾਹਿ+ਗੁਰੂ। ਵਾਹ+ਗੁਰੂ।}

- **ਨਾਮ[੫]**
  - **ਕਮਾਈ[੭]**
    - **ਸਾਧਨ**
      - **ਵਿਧਿ**
        - ਅੰਮ੍ਰਿਤ ਵੇਲੇ[੯]
          - ੳ. ਜਪ[੧੧] { ਰਸਨਾ ਨਾਲ ਜਪਣਾ। ਸ੍ਵਾਸ ਸ੍ਵਾਸ ਜਪਣਾ[੧੨]}
          - ਅ. ਅਜੱਪਾ[੧੩] { ੳ. ਹਿਰਦੇ ਵਿਚ ਅਜੱਪਾ[੧੪]। ਅ. ਰੋਮ ਰੋਮ ਅਜੱਪਾ[੧੫] ੲ. ਵਣਤ੍ਰਿਣ ਅਜੱਪਾ[੧੬]।
        - ਊਠਤ, ਬੈਠਤ ਸੋਵਤ, ਚਲਤ[੧੦] { ਪ੍ਰਵਾਹ ਜਾਰੀ ਰਖਣਾ[੧੭] { ਉੱਪਰ ਕਹੀਆਂ ਪੰਜਾਂ ਭਾਂਤਾਂ ਵਿਚੋਂ ਕਿਸੇ ਵਿਚ ਰਹਿਣਾ, ਪਰ ਨਿਰੰਤਰ ਜਾਰੀ ਰੱਖਣਾ।
      - **ਨਸ਼ੇਧ**
        - ੳ. ਫੁਰਨੇ ਨਾ ਫੁਰਨ ਦੇਣਾ[੧੮]
        - ਅ. ਜੋ ਫੁਰੇ ਸੋ ਬਾਹਰ ਕਢਣਾ[੧੯] (ਫੁਰਨੇ ਤੇ ਵਸੀਕਾਰ।)
        - ੲ. ਮਨ ਦੌੜੇ ਤਾਂ ਵਰਜਣਾ[੨੦]
      - **ਸਾਵਧਾਨਤਾ**
        - ੳ. ਜਪਦਿਆਂ ਬੇਸੁਰਤ ਨਾ ਹੋਣਾ[੨੧] ।ਅ.ਤੰਦ੍ਰਾ, ਇਕ ਪ੍ਰਕਾਰ ਦੀ ਨੀਂਦ ਹੈ, ਆਲਸ ਵਾਲੀ, ਇਸ ਤੋਂ ਬਚਣਾ[੨੨] । ੲ. ਨੀਂਦ ਬਹੁਤੀ ਨਹੀਂ ਚਾਹਜੇ[੨੩]। ਨੀਂਦ ਕੁਦਰਤੀ ਮਾਨਕੇ ਲਗਣਾ, ਨਹੀਂ ਤਾਂ ਨੀਂਦ ਸਾਵਧਾਨਤਾ ਤੋੜੇਗੀ[੨੪]।
    - **ਸਿੱਧਿ**
      - ਵਰਤਣ { ਪ੍ਰੇਮ[੨੫], ਖਿਮਾ[੨੬], ਨਿਆਉ[੨੭], ਵੈਰਾਗ[੨੮],ਤੇ ਵਿਵੇਕ ਪੂਰਤ[੨੯] { ਸੰਸਾਰ ਨਾਲ ਵਰਤਣ ਐਸੀ ਹੋਵੇ।
      - ਧਾਰਨਾ { ਮਾਲਕ ਯਾਦ[੩੦], ਉਸ ਦੇ ਗੁਣਾਂ, ਸਿਫਤਾਂ ਤੇ ਸਲਾਹਾਂ ਸਮੇਤ[੩੧]। ਭਗਤੀ ਦੇ ਪ੍ਰੇਮ ਭਰੇ ਰੰਗ ਨਾਲ ਵਾਹਿਗੁਰੂ ਸਰੂਪ ਦੀ ਲੱਖਤਾ[੩੨]। { ਵਾਹਿਗੁਰੂ ਨਾਲ ਸੰਬੰਧ ਐਸਾ ਹੋਵੇ।
      - ਦਸ਼ਾ {ਅਨੰਦ,ਪੂਰਨ ਗਜਾਨ। {ਆਪਣੇ ਆਪ ਨਾਲ ਸੰਬੰਧ ਐਸਾ ਹੋਵੇ[੩੩]।
      - ਵਾਸ { ਨਾਮੀ ਦੀ ਸ਼ਰਨ ਮਝਾਰ[੩੪] { ੳ. ਜੀਂਵਦਿਆਂ ਪਿੰਡ ਤੇ ਬ੍ਰਹਮੰਡ ਵਿਖੇ ਸੱਚਖੰਡ ਨਿਵਾਸ। ਅ. ਮ੍ਰਿਤ ਹੋਕੇ ਬ੍ਰਹਮੰਡ ਵਿਖੇ ਸਚਖੰਡ ਨਿਵਾਸ { ਵਾਹਿਗੁਰੂ ਮਿਲਾਪ[੩੫]

ਨੋਟ-੧ ਤੋਂ ੩੫ ਦੇ ਵੇਰਵੇ (ਪਰਮਾਣਾਂ) ਲਈ ਦੇਖੋ ਪੰਨਾ ੨੩੭ ਤੋਂ ੨੪●॥

---

*ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ॥ {ਮਾਝ ਵਾਰ ਮ:੨} [£]ਦੇਖੋ ਪੰਨੇ ੨੩੮ ਟੂਕ ਨਿਸ਼ਾਨੀ 3. ਦੀ॥

(੧ ਤੋਂ ੩੫ ਅੰਗਾਂ ਦਾ ਵੇਰਵਾ)

੧. ਮੰਤ੍ਰ[1] ਪੁਰਾਤਨ ਸੰਸਕ੍ਰਿਤ ਦਾ ਪਦ
੨. ਹੈ। ਵੇਦ ਦੇ ਦੋ ਭਾਗ ਹਨ, ਇਸ ਦੇ
੩. ਮੁੱਖ ਭਾਗ ਦੇ ਵਾਕਾਂ ਤੇ ਛੰਤਾਂ ਨੂੰ ਮੰਤ੍ਰ
੪. ਕਹਿੰਦੇ ਹਨ; ਦੂਏ ਨੂੰ ਬ੍ਰਾਹਮਨ। ਮੰਤ੍ਰ ਵਿਚ ਬੇਨਤੀ, ਉਸਤੁਤੀ ਆਦਿ ਦੇ ਭਾਵ ਹੁੰਦੇ ਹਨ। ਫਿਰ ਇਸ ਪਦ ਨੂੰ ਤੰਤ੍ਰ ਵਿਦਜਾ ਵਾਲਿਆਂ ਵਰਤਿਆ ਹੈ। ਉਹ ਮੰਤ੍ਰ ਉਸ ਸ਼ਬਦ ਨੂੰ ਕਹਿੰਦੇ ਹਨ ਜਿਸ ਦਾ ਜਪ ਅਡ ਅਡ ਦੇਵਤਿਆਂ ਦੀ ਪ੍ਰਸੰਨਤਾ ਤੇ ਅਪਣੀਆਂ ਕਾਮਨਾ ਦੀ ਸਿੱਧੀ ਲਈ ਕਰੀਦਾ ਹੈ।

ਗੁਰਬਾਣੀ ਵਿਚ ਮੰਤ੍ਰ[2] ਪਦ ਤਾਂਤ੍ਰਿਕ ਅਰਥਾਂ ਵਿਚ ਬੀ ਆਯਾ ਹੈ ਤੇ ਓਥੇ ਇਸ ਦੀ ਨਖੇਧੀ ਹੈ: ਯਥਾ:– 'ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥' {ਸੂਹੀ ਛੰਤ ਮ: ੧}

ਪਰੰਤੂ ਵਿਧੀ ਪੱਖ ਵਿਚ ਜਦ ਆਯਾ ਹੈ ਤਦ ਇਸ ਦਾ ਮਤਲਬ ਐਸੇ ਪਦ ਯਾ ਵਾਕ ਤੋਂ ਹੁੰਦਾ ਹੈ ਜੋ ਪਰਮੇਸ਼ਰ[3] ਦੀ ਉਸਤੁਤੀ, ਮਹਿੰਮਾ, ਯਾ ਉਸ ਅੱਗੇ ਅਰਦਾਸ ਦੇ ਭਾਵ ਵਾਲਾ ਹੁੰਦਾ ਹੈ[4]। ਪ੍ਰਯੋਜਨ ਇਸ ਦਾ ਅਕਾਲ ਪੁਰਖ ਦੀ ਪ੍ਰਾਪਤੀ ਹੈ ਤੇ ਹਉਮੈਂ ਮੈਲ ਬੀ ਇਸੇ ਨਾਲ ਕਟੀਦੀ ਹੈ[5]।

1. ਮੰਤ੍ਰ ਦੀਆਂ ਵਿਤਪਤੀਆਂ: –ਮਤ੍ਰਿ=ਗੁਪਤ ਵੀਚਾਰ ਕਰਨੀ। ੨.ਮਨ੍=ਗਜਾਨੇ। ੩. ਮਨਨਾਤ੍ ਤ੍ਰਾਯਤੇ ਯਸਮਾਤ੍ ਤਸਮਾਨ੍ਮੰਤ੍ਰ: ਪ੍ਰਕੀਰ੍ਤ੍ਤਿਤ:। ਅਰਥਾਤ ਮਨਨ ਸੇ ਤ੍ਰਾਣ ਹੋਤਾ ਹੈ ਤਾਂਤੇ 'ਮੰਤ੍ਰ'।

2. ਮੰਤ੍ਰ ਦੀ ਥਾਂ ਪਦ 'ਮੰਤ' ਬੀ ਗੁਰਬਾਣੀ ਵਿਚ ਆਯਾ ਹੈ।

3. ਗੁਰਮਤ ਵਿਚ ਸਿਵਾ ਅਕਾਲ ਪੁਰਖ ਦੇ ਹੋਰ ਦੀ ਪੂਜਾ ਵਿਧਾਨ ਨਹੀਂ, ਇਸ ਕਰਕੇ ਮੰਤ੍ਰ ਦਾ ਵਿਧਾਨ ਜਿੱਥੇ ਆਵੇ ਇਸ ਦੇ ਅਰਥਾਂ ਵਿਚ ਦੇਵਤਾ ਸਿੱਧੀ ਪ੍ਰਯੋਜਨ ਨਹੀਂ ਹੁੰਦੀ, ਪਰ ਅਕਾਲ ਪੁਰਖ ਦੀ ਪ੍ਰਾਪਤੀ।

4. ਪਰਮੇਸ਼ੁਰ ਪ੍ਰੀਤਮ ਹੈ ਤੇ ਉਸ ਨੂੰ ਸਦਾ ਯਾਦ ਰੱਖਣ ਨਾਲ ਉਸ ਦਾ ਨਿਵਾਸ ਸਾਡੀ ਸੁਰਤ (ਗਜਾਤ ਮੰਡਲ) ਵਿਚ ਹੋ ਜਾਂਦਾ ਹੈ। ਯਾਦ ਪ੍ਰੇਮ ਦਾ ਇਕ ਸਰੂਪ ਹੈ। ਪਰਮੇਸ਼ਰ ਪ੍ਰੀਤਮ ਨੂੰ ਪਜਾਰਾ ਜਾਣ ਕੇ ਨਾਮ ਧਜਾਈਦਾ ਹੈ।

5. ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ॥
{ਭਾ: ਗੁ: ਵਾ: ੧੩–੨}

ਨਾਮੁ ਜਪੇ ਜਪਿ ਜੀਵਣਾ ਗੁਰਮੰਤ੍ਰ ਦ੍ਰਿੜਾਇਆ॥
{ਆਸਾ ਮ: ੫}

ਕਲ ਮੈ ਮੁਕਤਿ ਨਾਮ ਤੇ ਪਾਵਤ ॥ {ਬਿਲਾ: ਮ: ੯}

ਨਾਨਕ ਗੁਰਮੁਖਿ ਨਾਮੁ ਧਿਆਏ ਨਾਮੇ ਨਾਮਿ ਸਮਾਵਣਿਆ ॥ {ਮਾਝ ਮ: ੩ ਅਸ:–੧੩}

ਸੋ ਗੁਰਮਤਿ ਵਿਚ ਪਰਮੇਸ਼ੁਰ ਦੇ ਜਿਸ ਨਾਮ ਦਾ ਜਪੁ, ਸਿਮਰਣ, ਯਾ ਆਰਾਧਨ ਕੀਤਾ ਜਾਵੇ ਉਸ ਨੂੰ 'ਮੰਤ੍ਰ' ਆਖਿਆ ਹੈ। ਯਥਾ–

'ਸੁਖ ਨਿਧਾਨ ਨਾਮੁ ਪ੍ਰਭ ਤੁਮਰਾ ਏਹੁ ਅਬਿਨਾਸੀ ਮੰਤ੍ਰ ਲੀਓ।' {ਆਸਾ ਮ: ੫–੪੭}

ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰ ਦ੍ਰਿੜਾਇਆ॥
{ਆਸਾ ਮ: ੫–੪}

ਮੰਤ੍ਰ ਪਦ ਗੁਰਮਤਿ ਵਿਚ ਬੀਜ ਮੰਤ੍ਰ[1], ਮੂਲ ਮੰਤ੍ਰ, ਮਹਾਂ ਮੰਤ੍ਰ, ਗੁਰ ਮੰਤ੍ਰ ਆਦਿ ਜੋੜਾਂ ਵਿਚ ਬੀ ਆਯਾ ਹੈ।

ਜਪੁਜੀ ਸਾਹਿਬ ਜੀ ਦਾ ਪਹਿਲਾ ਪਾਠ ('੧ਓ' ਤੋਂ 'ਪ੍ਰਸਾਦਿ' ਤਕ) ਮੂਲ ਮੰਤ੍ਰ ਹੈ ਜੈਸੇ ਭਾਈ ਗੁਰਦਾਸ ਜੀ ਨੇ ਦੱਸਿਆ ਹੈ:–

'ਸਤਿਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣ ਪਰਵਾਣੈ।' {ਭਾ: ਗੁ: ਵਾਰ ੬–੧੯}

ਇਸ ਮੂਲ ਮੰਤ੍ਰ ਦੇ ਦੋ ਭਾਗ ਹਨ, 'ਬੀਜ' ਤੇ 'ਮੂਲ'।

ਬੀਜ ਤੋਂ ਉਤਪਤੀ ਹੁੰਦੀ ਹੈ। ਸੰਸਾਰ ਦੀ ਉਤਪਤੀ 'ਓਂ' ਤੋਂ ਹੈ ਇਸ ਕਰਕੇ ਇਹ 'ਬੀਜ' ਰੂਪ ਹੈ, ਯਥਾ–'ਓਅੰਕਾਰਿ ਬ੍ਰਹਮਾ ਉਤਪਤਿ॥.. ਓਅੰਕਾਰਿ ਸੈਲ ਜੁਗ ਭਏ॥ ਓਅੰਕਾਰਿ ਬੇਦ ਨਿਰਮਏ॥' {ਰਾਮ:ਦ:ਓਅੰ:ਮ:੧–੧} ਪਿਛਲਿਆਂ ਨੇ ਬੀ ਓਂ ਨੂੰ ਬੀਜ ਮੰਤ੍ਰ ਮੰਨਿਆ ਹੈ। ਗੁਰਮਤ ਵਿਚ 'ਓਂ' ਨੂੰ '੧' ਦੇਕੇ ਸੰਪੂਰਨ ਕੀਤਾ ਹੈ ਤਾਂਤੇ ਗੁਰਮਤ ਵਿਚ '੧ਓ' ਬੀਜ ਮੰਤ੍ਰ ਹੈ।

ਬੀਜ ਦੇ ਵਿਕਾਸ਼ ਤੋਂ ਮੂਲ (ਜੜ੍ਹ) ਬਣਦੀ ਹੈ ਤੇ ਬ੍ਰਿਛ ਟੁਰਦਾ ਹੈ। ਸੋ '੧ਓ' ਬੀਜ ਮੰਤ੍ਰ ਹੈ (ਤੇ ਇਸ ਸਮੇਤ) ਅਗਲਾ ਹਿੱਸਾ (ਗੁਰਪ੍ਰਸਾਦਿ ਤਕ) ਮੂਲ ਮੰਤ੍ਰ ਹੈ, ਇਸ ਤੋਂ ਫੇਰ ਸਾਰੀ ਗੁਰਬਾਣੀ ਤੇ ਉਸ ਵਿਚ ਵਾਹਿਗੁਰੂ ਗਜਾਨ ਦਾ ਪ੍ਰਕਾਸ਼ ਹੁੰਦਾ ਹੈ।

ਭਾਈ ਗੁਰਦਾਸ ਨੇ ਨਿਰੰਕਾਰ ਤੋਂ 'ਬੀਜ ਮੰਤ੍ਰ ਸਮੇਤ ਮੂਲ ਮੰਤ੍ਰ' ਦੇ ਹੋਣ ਦਾ ਪ੍ਰਕਾਰ ਐਉਂ ਦੱਸਿਆ ਹੈ:–

1 ਮੰਤ੍ਰ ਦਾ ਉਹ ਇਕ ਅਖਰੀ ਬੀਜ ਰੂਪ ਹਿੱਸਾ ਜੋ ਮੰਤ੍ਰ ਦਾ ਮੁੱਖ ਹਿੱਸਾ ਹੋਵੇ, ਜੈਸੇ 'ਓਂ', 'ਹ੍ਰੀਂ' 'ਸ਼੍ਰੀਂ' ਆਦਿ।

ਨਿਰੰਕਾਰ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ। ਏਕੰਕਾਰਹੁ ਸਬਦ ਧੁਨਿ ਓਅੰਕਾਰਿ ਅਕਾਰੁ ਬਣਾਇਆ। {ਵਾਰ ੨੬-੨}

ਏਕਾ ਏਕੰਕਾਰੁ ਲਿਖਿ ਦੇਖਾਲਿਆ।
ਊੜਾ ਓਅੰਕਾਰੁ ਪਾਸ ਬਹਾਲਿਆ।
ਸਤਿਨਾਮੁ ਕਰਤਾਰ ਨਿਰਭਉ ਭਾਲਿਆ।
ਨਿਰਵੈਰਹੁ ਜੈਕਾਰ ਅਜੂਨਿ ਅਕਾਲਿਆ।[1]
ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ।[2]
{ਵਾਰ ੩-੧੫}

ਸਤਿਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣ ਪਰਵਾਣੈ॥ {ਵਾਰ ੬-੧੯}

ਸੋ ੧ਓ ਬੀਜ ਮੰਤ੍ਰ ਹੈ। ੧ਓ ਤੋਂ ਗੁਰਪ੍ਰਸਾਦਿ ਤਕ ਮੂਲ ਮੰਤ੍ਰ ਹੈ।[3]

ਗੁਰਮਤਿ ਵਿਚ 'ਮਹਾਂ ਮੰਤ੍ਰ' ਯਾ 'ਗੁਰ ਮੰਤ੍ਰ' ਉਹ ਹੈ ਜੋ ਸਾਰੇ ਦੱਸੇ ਨਾਵਾਂ ਵਿੱਚੋਂ ਜਪਣ ਵਾਸਤੇ ਸ੍ਰੇਸ਼ਟ ਤੇ ਸਭ ਤੋਂ ਵੱਡਾ ਹੈ।

ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ ॥
{ਵਾਰ ੧੩-੨}

ਇਹ 'ਵਾਹਿਗੁਰੂ' ਮੰਤ੍ਰ ਗੁਰ ਨਾਨਕ ਦੇਵ ਜੀ ਨੇ ਬਖਸ਼ਿਆ ਹੈ:-

ਵਾਹਿਗੁਰੂ ਗੁਰ ਸਬਦੁ ਸੁਣਾਇਆ। {ਵਾਰ ੨੪-੧}

ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ। {ਵਾਰ ੧੨-੧੭}

ਫਿਰ ਗੁਰਬਾਣੀ ਵਿਚ ਆਯਾ ਹੈ, 'ਮਹਾ ਮੰਤ੍ਰ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ।' ਕਿ ਇਕ ਅਚਰਜ (ਅਲੌਕਿਕ) ਨਾਮ ਸੁਣਿਆ ਹੈ ਜੋ ਮਹਾਂ ਮੰਤ੍ਰ ਹੋਕੇ ਹਿਰਦੇ ਵਿਚ ਬਸਿਆ ਹੈ, ਜੈਸੇ ਭਾਈ ਗੁਰਦਾਸ ਜੀ ਨੇ ਕਿਹਾ ਹੈ:- ਬੇਦ ਕਤੇਬ ਅਗੋਚਰਾ (=ਅਲੌਕਿਕ), ਇਹ ਬੀ 'ਵਾਹਿਗੁਰੂ' ਗੁਰਮੰਤ੍ਰ ਹੋਣ ਵਲ ਇਸ਼ਾਰਾ ਹੈ। ਇਉਂ ਬੀ ਇਸ ਤੁਕ ਦਾ ਅਰਥ ਲਾਉਂਦੇ ਹਨ:-

ਅਚਰਜ+ ਗੁਰ=ਵਾਹਿ-ਗੁਰੂ।

ਬੀਜ ਮੰਤ੍ਰ ਦਾ ਗਜਾਨ ਯਾ ਨਿਵਾਸ ਹਿਰਦੇ ਵਿਚ ਰੱਖਣਾ ਲਿਖਿਆ ਹੈ, 'ਬੀਜ ਮੰਤ੍ਰ ਲੈ ਹਿਰਦੈ ਰਹੈ'
{ਰਾਮ: ਬੇਣੀ}

ਗੁਰਮਤ ਵਿਚ ਬੀਜ ਮੰਤ੍ਰ ਦਾ ਅਧਿਕਾਰ ਕੇਵਲ ਬ੍ਰਹਮਨਾਂ ਲਈ ਯਾ ਤ੍ਰੈ ਜਾਤੀਆਂ ਲਈ ਹੀ ਨਹੀਂ, ਸਗੋਂ ਸਭ ਲਈ ਹੈ। 'ਬੀਜ ਮੰਤ੍ਰ ਸਰਬ ਕੋ ਗਿਆਨੁ'=ਬੀਜ ਮੰਤ੍ਰ ਦਾ ਗਜਾਨ ਸਭ ਕਿਸੇ ਨੂੰ ਦਿਓ! ਇਹ ਤੁਕ ਸੁਖਮਨੀ ਸਾਹਿਬ ਦੀ ਹੈ, ਜਿਸ ਵਿਚ ਗੁਰੂ ਜੀ ਅਸਲੀ ਪੰਡਤ ਦੇ ਲੱਛਣ ਦੱਸਦੇ ਕਹਿ ਰਹੇ ਹਨ ਕਿ ਉਹ ਉਪਦੇਸ਼ (ਤ੍ਰੈ ਵਰਣਾਂ ਤੇ ਬੰਦ ਨਾ ਰੱਖੇ) ਚਹੁੰਵਾਂ ਨੂੰ ਦੇਵੇ[1], ਇਹ ਕਹਿਕੇ ਫੁਰਮਾਉਂਦੇ ਹਨ 'ਬੀਜ ਮੰਤ੍ਰ ਸਰਬ ਕੋ ਗਿਆਨੁ' ਕਿ ਬੀਜ ਮੰਤ੍ਰ ਦਾ ਗਜਾਨ ਸਭ ਨੂੰ ਦਿਓ[2]। 'ਚਹੁ ਵਰਨਾ ਮਹਿ ਜਪੈ ਕੋਊ ਨਾਮੁ' ਚਹੁ ਵਰਨਾਂ ਵਿਚੋਂ ਕੋਈ ਨਾਮ ਜਪੇ ਜੋ ਜਪੇਗਾ ਗਤੀ ਪਾਵੇਗਾ। ਸਰਬ ਕਹਿਣ ਤੋਂ ਵਰਣ ਅਵਰਣ ਸਭ ਅਧਿਕਾਰੀ ਕਰ ਦਿਤੇ।

੫. ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ {ਜਪੁਜੀ}

ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ॥ {ਸਿਧ ਗੋ: ੮}

ਕਲ ਮੈ ਮੁਕਤਿ ਨਾਮ ਤੇ ਪਾਵਤ॥
{ਬਿਲਾ: ਮ: ੯}

ਨਾਮੁ ਜਪੇ ਜਪਿ ਜੀਵਣਾ ਗੁਰਿਮੰਤ੍ਰ ਦ੍ਰਿੜਾਇਆ॥ {ਆਸਾ ਮ: ੫}

੬. ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ॥ {ਰਾਮ: ਮ:੩ ਅਨੰਦ-੧੬}

ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ॥ {ਸਿਧ ਗੋਸਟਿ-੨੪}

---

[1] ਭਾਵ ਹੈ:-...ਨਿਰਵੈਰ ਅਕਾਲ ਮੂਰਤਿ ਅਜੂਨੀ॥

[2] ਇਸ ਤੁਕ ਦਾ ਭਾਵ ਹੈ:-ਸੈਭੰ।

[3] ਅੰਮ੍ਰਿਤ ਸੰਸਕਾਰ ਦੀ ਪ੍ਰਚਲਤ ਮ੍ਰਿਯਾਦਾ ਵਿਚ ਮੂਲ ਮੰਤ੍ਰ 'ਗੁਰਪ੍ਰਸਾਦਿ' ਤਕ ਉਚਾਰਿਆ ਜਾਂਦਾ ਹੈ, ਗੁਰ ਬਿਲਾਸ ਪਾ: ੧● ਅਧਜਾ: ੧੨ ਵਿਚ 'ਪੜ ਸ਼ਲੋਕ ਮੁਖ ਅਮੀਂ ਪਿਆਵੈਂ" ਤੋਂ ਕਈ ਸਿਆਣੇ ਮੂਲ ਮੰਤ੍ਰ 'ਹੋਸੀ ਭੀ ਸਚ' ਤੱਕ ਸਮਝਦੇ ਹਨ।

[1] ਚਹੁ ਵਰਨਾ ਕਉ ਦੇ ਉਪਦੇਸੁ ॥ {ਸੁਖਮਨੀ}

[2] ਹਿੰਦੂ ਮਤ ਵਿਚ ਸ਼ੂਦ੍ਰ ਨੂੰ ਪ੍ਰਣਵ 'ਓਂ' ਦਾ ਮੰਤ੍ਰ ਦੇਣਾ ਮਨ੍ਹਾ ਹੈ, ਪਰ ਗੁਰੂ ਜੀ ਅਪਣੇ ਬੀਜ-ਮੰਤ੍ਰ '੧ਓ' ਦਾ ਅਧਿਕਾਰੀ ਸਭ ਨੂੰ ਦੱਸਦੇ ਹਨ।

ਸੋ ਬੂਝੈ ਜਿਸੁ ਆਪਿ ਬੁਝਾਏ ਗੁਰ ਕੈ ਸਬਦਿ ਸੁ ਮੁਕਤੁ ਭਇਆ॥ {ਸਿਧ ਗੋ: -੨੫}
ਮਨਸਾ ਆਸਾ ਸਬਦਿ ਜਲਾਈ ॥{ਸਿਧ ਗੋ:੨੦}
ਟੂਕ-ਨਾਮ, ਗੁਰ ਸ਼ਬਦ, ਗੁਰ ਮੰਤ੍ਰ ਤ੍ਰੈਏ ਇਕੋ ਗਲ ਦੇ ਲਖਾਜਕ ਹਨ।

੭. ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ॥ {ਤੁਖਾਰੀ ਮ: ੧}
ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ ਹਰਿ ਕੀਰਤਿ ਹਰ ਸਾਂਤਿ ਪਾਇ ਜੀਉ॥ {ਆਸਾ ਛੰਤ: ਮ: ੪-੧੧}

੮. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋਇ ਰੂਪ ਹਨ। ਵਾਹਿਗੁਰੂ, ਵਾਹਗੁਰੂ। ਯਥਾ-
੧. ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥੧॥੬॥ {ਸ: ਮ: ੪ ਕੇ}
ਤਥਾ- ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ॥ {ਸ: ਮ: ੪ ਕੇ-੧੩}
੨. ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥ {ਸ: ਮ: ੪ ਕੇ-੧੧}
ਤਥਾ- ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ॥ {ਸ: ਮ: ੪ ਕੇ-੧੩}
ਪਹਿਲੀ ਤੁਕ ਵਿਚ ਪਦ 'ਵਾਹਿ' ਵਖਰਾ ਬੀ ਆਇਆ ਹੈ।
ਪੁਰਾਤਨ ਲਿਖਤਾਂ ਵਿਚ ਬੀ ਵਾਹਗੁਰੂ ਤੇ ਵਾਹਿਗੁਰੂ ਦੋਇ ਰੂਪ ਵੇਖਣ ਵਿਚ ਆਉਂਦੇ ਹਨ।

੯. ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ {ਜਪੁਜੀ}

੧੦. ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ॥ {ਆਸਾ ਮ: ੫}

੧੧. ਬਰਨ ਸਹਿਤ ਜੋ ਜਾਪੈ ਨਾਮੁ॥ ਸੋ ਜੋਗੀ ਕੇਵਲ ਨਿਹਕਾਮੁ ॥ {ਭੈਰਉ ਰਵਿ:}
ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥ {ਫੁਨ: ਮ:੫}
ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ॥ {ਮਾਰੂ ਵਾਰ ਮ: ੧}

੧੨. ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ॥ ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ॥ ਨਾਨਕ ਇਹੁ ਮਰਤਬਾ ਤਿਸਨੋ ਦੇਇ ਜਿਸਨੋ ਕਿਰਪ ਕਰੇ ਰਜਾਇ॥ {ਬਿਹਾ ਵਾਰ ਮ: ੩}
ਤਿਉ ਹਰਿ ਬਿਨੁ ਮਰੀਐ ਰੇ ਮਨਾ ਜੋ ਬਿਰਥਾ ਜਾਵੈ ਸਾਸੁ॥ {ਸੋਰਠਿ ਮ: ੧}

੧੩. ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥ {ਵਾਰ ਮਲਾ: ਮ: ੧-੨੭}

੧੪. ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ॥ {ਮਲਾਰ ਮ: ੧}

੧੫. ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ {ਸਿਧ ਗੋਸਟਿ-੨੭}
ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥ {ਜਪੁਜੀ}

੧੬. ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥ {ਸੁਖ:}
ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥ {ਸ: ਵ: ਤੇ ਵ: ਮ: ੩}
ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥ {ਮਲਾਰ ਮ: ੪}

੧੭. ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥ {ਗੂਜਰੀ ਮ: ੫}
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥ {ਸੁਖਮਨੀ}
ਅਰਥਾਤ- ਜਿਸ ਦਿਨ ਸ਼ੁਰੂ ਕਰੀਏ ਪ੍ਰਾਣਾਂਤ ਤਕ ਜਾਰੀ ਰਹੇ। ਮਾਨੋ ਦੂਜੀ ਵਾਰ ਸ਼ੁਰੂ ਕਰਨ ਦਾ ਮੌਕਾ ਨਾ ਆਵੇ।

੧੮. ਠਾਕਹੁ ਮਨੂਆ ਰਾਖਹੁ ਠਾਇ॥ {ਦਖ: ਓਅੰ.੨੯}
ਸੁੰਨ ਨਿਰੰਤਰਿ ਦੀਜੈ ਬੰਧੁ॥ {ਸਿਧ ਗੋਸਟਿ-੧੬}

੧੯. ਵਸਿ ਆਣਿਹੁ ਵੇ ਜਨ ਇਸੁ ਮਨ ਕਉ ਮਨੁ ਬਾਸੇ ਜਿਉ ਨਿਤ ਭਉਦਿਆ॥ {ਸੂਹੀ ਮਹਲਾ ੪}
ਮਨਸਾ ਆਸਾ ਸਬਦਿ ਜਲਾਈ॥ {ਸਿਧ ਗੋ:-੨੦}

੨੦. ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ॥ {ਸਿਧ ਗੋ:-੬੪}
ਗੁਰਮੁਖਿ ਹਉਮੈ ਸਬਦਿ ਜਲਾਏ॥ {ਸਿਧ ਗੋ:-੪੨}

੨੧. ਸਾਰੋ ਦਿਨਸੁ ਮਜੂਰੀ ਕਰੈ॥ ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ॥ {ਭੈਰਉ ਮ: ੫}

੨੨. ਗੁਰਮੁਖਿ ਜਾਗੈ ਨੀਦ ਨ ਸੋਵੈ॥ {ਸਿ:ਗਪ:੫੪}


www.sikhbookclub.com

ਇਹ ਤੰਦ੍ਰਾ ਤੋਂ ਭਾਵ ਹੈ। ਕੁਦਰਤੀ ਨੀਂਦ ਦੀ ਮਨਾਹੀ ਗੁਰੂ ਘਰ ਵਿਚ ਨਹੀਂ ਹੈ।

੨੩. ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ॥ {ਸਿਧ ਗੋਸਿਟਿ-੮}

ਅਲਪ ਅਹਾਰ ਸੁਲਪ ਸੀ ਨਿੰਦ੍ਰਾ ॥ {ਪਾ:੧੦}

੨੪. ਜਾਗਤ ਸੋਵਤ ਬਹੁ ਪ੍ਰਕਾਰ॥ ਗੁਰਮੁਖਿ ਜਾਗੈ ਸੋਈ ਸਾਰੁ॥ {ਬਸੰਤ ਕਬੀਰ}

੨੫. ਗੁਰਮੁਖਿ ਵੈਰ ਵਿਰੋਧ ਗਵਾਵੈ॥ ਗੁਰਮੁਖਿ ਸਗਲੀ ਗਣਤ ਮਿਟਾਵੈ॥ {ਸਿਧ ਗੋਸਟਿ-੩੭}

ਏਕ ਰਤੀ ਬਿਨ ਏਕ ਰਤੀ ਕੇ॥ {ਸ੍ਰ: ਪਾ: ੧੦}

੨੬. ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥ {ਦਖਣੀ ਓਅੰ : ੪੯}

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ॥
ਰੋਗੁ ਨ ਬਿਆਪੈ ਨਾ ਜਮ ਦੋਖੰ॥ {ਗਉੜੀ ਮ: ੧}

੨੭. ਗੁਰਮੁਖਿ ਖੋਟੇ ਖਰੇ ਪਛਾਣੁ ॥ {ਸਿਧ ਗੋ:-੪੧}

੨੮. ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥ {ਸੋਰਠ ਮ: ੯}

੨੯. ਗੁਰਮੁਖਿ ਸਰ ਅਪਸਰ ਬਿਧਿ ਜਾਣੈ॥ ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ॥ {ਸਿਧ ਗੋਸਟਿ-੩੧}

ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ॥ {ਸਿਧ ਗੋਸਟਿ-੬੮}

੩੦. ਬਿਸਰਤ ਨਾਹਿ ਮਨ ਤੇ ਹਰੀ॥ {ਕੇਦਾਰਾ ਮ: ੫}

੩੧. ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥ {ਜਪੁਜੀ}

ਸਿਮਰਿ ਸਿਮਰਿ ਨਾਨਕ ਭਏ ਨਿਹਾਲ॥ {ਸੁਖਮਨੀ}

੩੨. ਜਿਨਿ ਜਾਤਾ ਸੋ ਤਿਸਹੀ ਜੇਹਾ॥ {ਦਖ:ਓਅੰ:-੧੦}

ਪ੍ਰਭ ਕੈ ਰੰਗਿ ਰਾਚਿ ਜਨ ਰਹੇ॥ {ਸੁਖਮਨੀ}

ਉਰਿਧਾਰੈ ਜੋ ਅੰਤਰਿ ਨਾਮੁ॥ ਸਰਬ ਮੈ ਪੇਖੈ ਭਗਵਾਨੁ॥ {ਸੁਖਮਨੀ}

੩੩. ਨਾਮੇ ਰਾਤੇ ਹਉਮੈ ਜਾਇ॥ ਨਾਮਿ ਰਤੇ ਸਾਚਿ ਰਹੇ ਸਮਾਇ॥ ਨਾਮਿ ਰਤੇ ਜੋਗ ਜੁਗਤਿ ਬੀਚਾਰੁ॥ ਨਾਮਿ ਰਤੇ ਪਾਵਹਿ ਮੋਖ ਦੁਆਰੁ॥ ਨਾਮਿ ਰਤੇ ਤ੍ਰਿਭਵਣ ਸੋਝੀ ਹੋਇ। ਨਾਨਕ ਨਾਮਿ ਰਤੇ ਸਦਾ ਸੁਖੁ ਹੋਇ॥ {ਸਿਧ ਗੋਸਰਿ-੩੨}

ਨਾਮਿ ਰਤੇ ਗੁਣ ਗਿਆਨ ਬੀਚਾਰੁ ॥...
ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ॥ {ਸਿਧ ਗੋਸਟਿ ੩੩}

੩੪. ਜਿਨ੍ਹਾਂ ਨ ਵਿਸਰੈ ਨਾਮੁ ਸੇ ਕਿਨੇਹਿਆ॥ ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ {ਆਸਾ ਮ:੫}

ਜੋ ਜਾਨੈ ਤਿਸੁ ਸਦਾ ਸੁਖੁ ਹੋਇ॥ ਆਪਿ ਮਿਲਾਇ ਲਏ ਪ੍ਰਭੁ ਸੋਇ॥ ਓਹੁ ਧਨਵੰਤੁ ਕੁਲਵੰਤੁ ਪਤਿਵੰਤੁ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥ ਧੰਨੁ ਧੰਨੁ ਧੰਨੁ ਜਨੁ ਆਇਆ ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥ ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ॥ ਆਪਿ ਮੁਕਤੁ ਮੁਕਤੁ ਕਰੈ ਸੰਸਾਰ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥ {ਸੁਖਮਨੀ-੨੩}

੩੫. ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ {ਧਨਾਸਰੀ ਪੀਪਾ}

ਮਿਲਿ ਸਖੀਆ ਪੁਛਹਿ ਕਹੁ ਕੰਤ ਨੀਸਾਣੀ॥ ਰਸਿ ਪ੍ਰੇਮ ਭਰੀ ਕਛੁ ਬੋਲਿ ਨਾ ਜਾਣੀ॥ {ਆਸਾ ਮ: ੫ ਛੰਤ}


www.sikhbookclub.com

# ਰਾਣਾ ਸੂਰਤ ਸਿੰਘ (੨੦੦੪-ਕੰਪਿਊਟਰਾਈਜ਼ਡ)

## ਸੋਧ-ਸੂਚੀ

| ਪੰਨਾ | ਕਾਲਮ | ਸਤਰ ਨ: | ਅਸ਼ੁਧ ਪਾਠ | ਸ਼ੁਧ ਪਾਠ |
|---|---|---|---|---|
| ੭ | ੨ | ੧੧੫ | ਪ੍ਰਮ ਸਰੂਪ ਹੈ | ਪ੍ਰੇਮ ਸਰੂਪ ਹੈ |
| ੬੧ | ੨ | ੧੯੧ | ਪਲ ਭਰ ਸੌ ਰਹੋ, | ਪਲ ਭਰ ਸੌਂ ਰਹੋ, |
| ੭੩ | ੧ | ੧੮੦ | ਅਪਨ ਆਪ ਨੂੰ | ਅਪਨੇ ਆਪ ਨੂੰ |
| ੯੦ | ੧ | ੨੯੦ | ਅਸਲ ਸਨਯਾਸ ਸੀ | ਅਸਲ ਸੰਨਜਾਸ ਸੀ |
| ੯੭ | ੨ | ੪੪੫ | ਸਕੇ ਨ ਪੌਚੂ | ਸਕੇ ਨ ਪੌਂਚੂ |
| ੧੦੬ | ੨ | ੪੩੫ | ਅਮੀਂ! ਓਸਨੂੰ | ਅਮੀਂ! ਉਸ ਨੂੰ |
| ੧੨੧ | ੨ | ੪੨੩ | ਫੰਡਿਆ ਜਾਵਸੇਂ | ਛੁੰਡਿਆ ਜਾਵਸੇਂ |
| ੧੩੩ | ੨ | ੧੧੭੮-ੳ | (ਪੂਰੀ ਸਤਰ ਨਹੀਂ ਛਪੀ) | (ਕਿਣਕੇ ਕਿਣਕੇ ਵਿਚ ਵਸਦੀ ਖਿਚ ਹੈ) |
| ੧੭੯ | ੧ | ੫੪੧ | ਬਿਰਦ ਪੁਰਖ | ਬਿਰਧ ਪੁਰਖ |
| ੧੯੯ | ੧ | ੯੭ | ਜਿਤਨਾ ਜਗ ਹੋ | ਜਿਤਨਾ ਜੋਗ ਹੋ |
| ੨੪੦ | ੨ | ੩ | ਸਾਚਿ ਰਹੇ ਸਮਾਏ॥ | ਸਚਿ ਰਹੇ ਸਮਾਏ॥ |

-:-



www.sikhbookclub.com